# ਮਾਣਕ ਪਰਬਤ

ਸੋਵੀਅਤ ਦੇਸ ਦੀਆਂ ਕੌਮਾਂ ਦੀਆਂ ਪਰੀ-ਕਹਾਣੀਆਂ



ਪ੍ਰਗੱਤੀ ਪ੍ਰਕਾਸ਼ਨ
ਮਾਸਕੋ

# ਮਾਣਕ ਪਰਬਤ

ਸੋਵੀਅਤ
ਦੇਸ
ਦੀਆਂ
ਕੌਮਾਂ
ਦੀਆਂ
ਪਰੀ-ਕਹਾਣੀਆਂ

ਮਾਣਕ ਪਰਬਤ
ਸੋਵੀਅਤ ਦੇਸ ਦੀਆਂ ਕੌਮਾਂ
ਦੀਆਂ ਪਰੀ - ਕਹਾਣੀਆਂ

**Гора самоцветов**

СКАЗКИ НАРОДОВ СССР

*на языке панджаби*

## ਤਤਕਰਾ


ਸਫ਼ਾ

ਪ੍ਰਕਾਸ਼ਕ ਵਲੋਂ . . . . . . . . . . . . . . . . . . . . . . . . ੮
ਡੱਡੂ ਜ਼ਾਹਜ਼ਾਦੀ (ਰੂਸੀ ਪਰੀ-ਕਹਾਣੀ) . . . . . . . . . . . . . . . . ੯
ਕੁਹਾੜੇ ਦਾ ਦਲੀਆ (ਰੂਸੀ ਪਰੀ-ਕਹਾਣੀ) . . . . . . . . . . . . . . ੧੭
ਸੁਰੰਗ-ਸਲੇਟੀ (ਰੂਸੀ ਪਰੀ-ਕਹਾਣੀ) . . . . . . . . . . . . . . . ੧੯
ਕਿਸਾਨ-ਜਾਇਆ ਈਵਾਨ ਤੇ ਤਿੰਨ ਚੁਦੋ-ਯੁਦੋ (ਰੂਸੀ ਪਰੀ-ਕਹਾਣੀ) . . . . . . . ੨੫
ਅਨੋਖਾ ਮੁਕੱਦਮਾ (ਰੂਸੀ ਪਰੀ-ਕਹਾਣੀ) . . . . . . . . . . . . . . ੩੫
ਪੋਕਾਤੀ-ਰੋਰੋਸ਼ੇਕ (ਯੂਕਰੇਨੀ ਪਰੀ-ਕਹਾਣੀ) . . . . . . . . . . . . . ੩੯
ਭਲਾ ਤੇ ਬੁਰਾ (ਯੂਕਰੇਨੀ ਪਰੀ-ਕਹਾਣੀ) . . . . . . . . . . . . . . ੫੨
ਬਘਿਆੜ, ਕੁੱਤਾ ਤੇ ਬਿੱਲਾ (ਯੂਕਰੇਨੀ ਪਰੀ-ਕਹਾਣੀ) . . . . . . . . . . ੬੦
ਜਟ ਨੇ ਆਖ਼ਰਖਾਨ ਜਾਗੀਰਦਾਰ ਨਾਲ ਰੋਟੀ ਕਿਵੇਂ ਖਾਧੀ (ਯੂਕਰੇਨੀ ਪਰੀ-ਕਹਾਣੀ) . . ੬੪
ਜਾਦੂ ਦਾ ਵਿਤਾਰਾ (ਬੇਲੋਰੂਸੀ ਪਰੀ-ਕਹਾਣੀ) . . . . . . . . . . . . ੬੭
ਬਿੱਜੂ ਤੇ ਲੂੰਮੜੀ ਘੁਰਨਿਆਂ ਵਿਚ ਕਿਉਂ ਰਹਿੰਦੇ ਹਨ (ਬੇਲੋਰੂਸੀ ਪਰੀ-ਕਹਾਣੀ) . . . ੭੧
ਵਾਸੀਲ ਨੇ ਅਜਗਰ ਨੂੰ ਕਿਵੇਂ ਹਰਾਇਆ (ਬੇਲੋਰੂਸੀ ਪਰੀ-ਕਹਾਣੀ) . . . . . . . ੭੫
ਪਿਲੀਪਕਾ (ਬੇਲੋਰੂਸੀ ਪਰੀ-ਕਹਾਣੀ) . . . . . . . . . . . . . . . ੭੯
ਬੁੱਢਾ ਕੱਕਰ ਤੇ ਜਵਾਨ ਕੱਕਰ (ਲਿਥੂਆਨੀ ਪਰੀ-ਕਹਾਣੀ) . . . . . . . . . ੮੪
ਜਾਗੀਰਦਾਰ ਘੋੜਾ ਕਿਵੇਂ ਬਣਾ ਦਿਤਾ ਗਿਆ (ਲਤਵੀਅਨ ਪਰੀ-ਕਹਾਣੀ) . . . . . . ੮੮
ਕਰਨੀ ਦਾ ਫਲ (ਏਸਤੋਨੀਅਨ ਪਰੀ-ਕਹਾਣੀ) . . . . . . . . . . . . . ੯੧
ਹੀਸੀ ਦਾ ਪੁਤ੍ਰ (ਕਰੇਲੀ ਪਰੀ-ਕਹਾਣੀ) . . . . . . . . . . . . . . . ੯੪
ਤਿੰਨ ਭਰਾਵਾਂ ਅਪਣੇ ਪਿਉ ਦਾ ਖ਼ਜ਼ਾਨਾ ਕਿਵੇਂ ਲਭਿਆ (ਮੋਲਦਾਵੀ ਪਰੀ-ਕਹਾਣੀ) . . ੯੯
ਨਿਆਜ਼-ਬੋ ਫ਼ੇਤ-ਫ਼ਰੂਮੋਸ ਤੇ ਸੂਰਜ ਦੀ ਭੈਣ, ਇਲਾਨਾ ਕੋਸਿਨਜ਼ਾਨਾ (ਮੋਲਦਾਵੀ ਪਰੀ-ਕਹਾਣੀ) ੧੦੨
ਕਹਾਣੀ ਜ਼ਰਨਿਆਰ ਦੀ ਜਿਹੜੀ ਬੜੀ ਸਿਆਣੀ ਸੀ (ਆਜ਼ਰਬਾਈਜਾਨੀ ਪਰੀ-ਕਹਾਣੀ) ੧੧੮
ਭੋਂਦੂ ਸ਼ੈਦੁੱਲਾ (ਅਜ਼ਰਬਾਈਜਾਨੀ ਪਰੀ-ਕਹਾਣੀ) . . . . . . . . . . . . ੧੨੩
ਜ਼ਾਰ ਤੇ ਜੁਲਾਹਾ (ਅਰਮੇਨੀ ਪਰੀ-ਕਹਾਣੀ) . . . . . . . . . . . . . ੧੨੭

ਅਨਾਇਤ (ਆਰਮੇਨੀ ਪਰੀ - ਕਹਾਣੀ) . . . . . . . . . . . . . . . . . . ੧੩੧

ਹਰਨੋਟਾ ਤੇ ਸੁੰਦਰੀ ਯੇਲੇਨਾ (ਜਾਰਜੀਅਨ ਪਰੀ - ਕਹਾਣੀ) . . . . . . . . . ੧੪੪

ਸ਼ੇਰ ਤੇ ਖ਼ਰਗੋਸ਼ (ਜਾਰਜੀਅਨ ਪਰੀ - ਕਹਾਣੀ) . . . . . . . . . . . . . . ੧੫੯

ਸਿਆਣਪ ਦਾ ਸਬਕ (ਜਾਰਜੀਅਨ ਪਰੀ - ਕਹਾਣੀ) . . . . . . . . . . . . ੧੬੧

ਅਲਤੀਨ - ਸਕਾ, ਸੁਨਹਿਰੀ ਸੰਖੀ (ਬਸ਼ਕੀਰ ਪਰੀ - ਕਹਾਣੀ) . . . . . . . . ੧੬੩

ਜ਼ਾਰਕਿਨ ਖਾਨ ਤੇ ਤੀਰਅੰਦਾਜ਼ (ਕਲਮੀਕ ਪਰੀ - ਕਹਾਣੀ) . . . . . . . . . ੧੭੨

ਹੀਰਿਆਂ ਦਾ ਪਹਾੜ (ਤੁਰਕਮੇਨੀ ਪਰੀ - ਕਹਾਣੀ) . . . . . . . . . . . . ੧੯੭

ਲਾਲਚੀ ਕਾਜ਼ੀ (ਤਾਜਿਕ ਪਰੀ - ਕਹਾਣੀ) . . . . . . . . . . . . . . . ੨੦੧

ਸਿਆਣੇ ਭਰਾ (ਉਜ਼ਬੇਕ ਪਰੀ - ਕਹਾਣੀ) . . . . . . . . . . . . . . . ੨੦੭

ਸਭ ਤੋਂ ਵਡਾ ਕੌਣ ਸੀ ? (ਕਿਰਗੀਜ਼ ਪਰੀ - ਕਹਾਣੀ) . . . . . . . . . . ੨੧੨

ਅਲਦਾਰ - ਕੋਸੇ ਤੇ ਸ਼ਿਗਾਏ - ਬੇ (ਕਜ਼ਾਖ਼ ਪਰੀ - ਕਹਾਣੀ) . . . . . . . . ੨੧੬

ਬੋਰੋਲਦੋਈ - ਮੇਰਗੇਨ ਤੇ ਉਹਦਾ ਬਹਾਦਰ ਪੁੱਤਰ (ਅਲਤਾਈ ਪਰੀ - ਕਹਾਣੀ) . . . . . ੨੨੪

ਫ਼ਰਨ - ਮੁਟਿਆਰ (ਯਾਕੂਤ ਪਰੀ - ਕਹਾਣੀ) . . . . . . . . . . . . . . ੨੨੮

ਸੋਨੇ ਦਾ ਪਿਆਲਾ (ਬੁਰਯਾਤ ਪਰੀ-ਕਹਾਣੀ) . . . . . . . . . . . . . . ੨੩੬

ਪੌਣਾਂ ਦਾ ਸਾਈਂ, ਕੋਤੂਰਾ (ਨੇਤੇਤਸ ਪਰੀ-ਕਹਾਣੀ) . . . . . . . . . . . ੨੪੧

ਮੁਟਿਆਰ ਤੇ ਚੰਨ-ਮਨੁਖ (ਚੁਕਚੀ ਪਰੀ-ਕਹਾਣੀ) . . . . . . . . . . . . ੨੫੦

## ਪ੍ਰਕਾਸ਼ਕ ਵਲੋਂ

ਪਿਆਰੇ ਪਾਠਕੋ!

ਸਾਨੂੰ ਵਿਸ਼ਵਾਸ ਹੈ, ਤੁਹਾਨੂੰ ਸਭ ਨੂੰ ਪਤਾ ਹੋਵੇਗਾ ਕਿ ਸੋਵੀਅਤ ਯੂਨੀਅਨ ਇਕ ਬਹੁਤ ਹੀ ਵਡਾ ਦੇਸ ਹੈ, ਦੁਨੀਆਂ ਵਿਚ ਸਭ ਨਾਲੋਂ ਵਡਾ। ਇਹਦੇ ਗਵਾਂਢੀ ਪੂਰਬ ਵੱਲੇ ਅਲਾਸਕਾ ਤੇ ਪੱਛਮ ਵੱਲੇ ਸਕੰਡੇਨੇਵੀਆ ਹਨ। ਦੱਖਣ ਵੱਲੇ ਇਹ ਕਾਕੇਸ਼ੀਆ ਤੇ ਪਾਮੀਰ ਦੇ ਪਹਾੜੀ ਸਿਲਸਿਲਿਆਂ ਤਕ ਪਸਰਿਆ ਹੋਇਆ ਹੈ, ਤੇ ਉਤੱਰ ਵੱਲੇ ਇਹ ਉਤਰੀ ਹਿੰਮ ਮਹਾਂਸਾਗਰ ਨਾਲ ਜਾ ਲਗਦਾ ਹੈ। ਤੇ ਇਸ ਮਹਾਨ ਦੇਸ ਦਾ ਦਿਲ, ਧੜਕਦਾ ਦਿਲ, ਮਾਸਕੋ ਹੈ।

ਜਦੋਂ ਵੱਡੇ ਵੇਲੇ ਦੀਆਂ ਰਿਸ਼ਮਾਂ ਧੁਰ ਪੂਰਬ ਵਿਚ ਖਬਾਰੋਵਸਕ ਦੇ ਅਸਮਾਨੀਂ ਲੋ ਕਰ ਰਹੀਆਂ ਹੁੰਦੀਆਂ ਹਨ, ਮਿੰਸਕ, ਕੀਵ ਤੇ ਪੱਛਮ ਵਲ ਦੇ ਹੋਰਨਾਂ ਸ਼ਹਿਰਾਂ ਵਿਚ ਸੂਰਜ ਡੁੱਬਣ ਵਾਲਾ ਹੁੰਦਾ ਹੈ। ਜਦੋਂ ਯਾਕੂਤੀਆ ਵਿਚ ਬਰਫ਼ੀਲੀਆਂ ਹਵਾਵਾਂ ਝੁਲ ਰਹੀਆਂ ਹੁੰਦੀਆਂ ਹਨ ਤੇ ਲੋਕ ਪਸ਼ਮ ਦੇ ਕਪੜੇ ਪਾਈ ਫਿਰਦੇ ਹਨ, ਤਾਸ਼ਕੰਦ ਵਿਚ ਗੁਲਾਬ ਖਿੜ ਰਹੇ ਹੁੰਦੇ ਹਨ ਤੇ ਛੁੱਟੀਆਂ ਮਨਾਉਣ ਆਏ ਲੋਕੀ ਕਾਲੇ ਸਾਗਰ ਦੇ ਪੱਥਰ-ਗੀਟਿਆਂ ਵਾਲੇ ਤਟਾਂ ਉਤੇ ਧੁੱਪਾਂ ਮਾਣ ਰਹੇ ਹੁੰਦੇ ਹਨ।

ਇਸ ਬਹੁਤ ਵਡੇ ਦੇਸ ਵਿਚ ਬਹੁਤ ਸਾਰੀਆਂ ਵਖ-ਵਖ ਕੌਮਾਂ ਵਸਦੀਆਂ ਹਨ; ਉਹਨਾਂ ਦੀਆਂ ਆਪੋ ਆਪਣੀਆਂ ਰੀਤਾਂ ਤੇ ਰਵਾਇਤਾਂ ਹਨ, ਆਪੋ ਆਪਣੀਆਂ ਬੋਲੀਆਂ ਹਨ। ਮਿਸਾਲ ਵਜੋਂ, ਉਜ਼ਬੇਕ ਬੋਲੀ ਰੂਸੀ ਬੋਲੀ ਨਾਲ, ਜਾਂ ਫੇਰ ਮੋਲਦਾਵੀ ਬੋਲੀ ਨਾਲ, ਓਨੀ ਕੁ ਹੀ ਮਿਲਦੀ ਹੈ, ਜਿੰਨੀ ਕੁ ਅਰਬੀ ਅੰਗਰੇਜ਼ੀ ਜਾਂ ਚੀਨੀ ਬੋਲੀ ਨਾਲ।

ਤੇ ਸੋਵੀਅਤ ਯੂਨੀਅਨ ਦੀ ਹਰ ਕੌਮ ਦੀਆਂ ਆਪੋ ਆਪਣੀਆਂ ਪਰੀ-ਕਹਾਣੀਆਂ ਹਨ। ਚੁਕਚੀ, ਨੇਨੇਤਸ ਤੇ ਯਾਕੂਤ ਕਹਾਣੀਆਂ ਤੇ ਰੂਸੀ ਉਤਰ ਦੇ ਹੋਰਨਾਂ ਲੋਕਾਂ ਦੀਆਂ ਕਹਾਣੀਆਂ ਸਾਨੂੰ ਬਰਫ਼-ਗਲੇਫੇ ਟੁੰਡਰਾ ਵਿਚ ਪਹੁੰਚਾ ਦੇਂਦੀਆਂ ਹਨ, ਇਕ ਅਜਿਹੀ ਦੁਨੀਆਂ ਵਿਚ, ਕੱਕਰ-ਚਿੱਟੀਆਂ ਰਾਤਾਂ ਦੀ ਦੁਨੀਆਂ ਵਿਚ, ਜਿਥੇ ਲੋਹੜੇ ਦੇ ਕੱਕਰ ਤੇ ਚਾਂਗਰਦੇ ਝੱਖੜ ਝੁਲਦੇ ਹਨ, ਜਿਥੇ ਕੁੱਤਾ ਤੇ ਰੇਂਡੀਅਰ ਮਨੁਖ ਦੇ ਸਭ ਤੋਂ ਚੰਗੇ ਯਾਰ ਹਨ। ਕੇਂਦਰੀ ਏਸ਼ੀਆ ਦੇ ਲੋਕਾਂ ਦੀਆਂ ਕਹਾਣੀਆਂ ਵਿਚ ਊਠ ਲੂੰਹਦੇ ਰੇਤੇ ਉਤੇ ਹੌਲੀ-ਹੌਲੀ ਪੈਰ ਪੁਟਦੇ ਹਨ, ਦਖਣੀ ਸੂਰਜ ਦੀ ਤੇਜ਼ ਧੁਪ ਵਿਚ ਅਨਾਰ ਪੱਕ ਰਹੇ ਹੁੰਦੇ ਹਨ, ਹਦਵਾਣੇ ਰਸੀਲੇ ਹੋ ਰਹੇ ਹੁੰਦੇ ਹਨ ਤੇ ਸਦਾ-ਤਿਹਾਈਆਂ ਪੈਲੀਆਂ ਨੂੰ ਵੱਤਰ ਪਹੁੰਚਾਣ ਵਾਲੀਆਂ ਬੇ-ਸ਼ੁਮਾਰ ਨਹਿਰਾਂ ਦੇ ਪਾਣੀਆਂ ਦੀ ਅਰੁੱਕ ਕੁਲਕੁਲ ਸੁਣੀਂਦੀ ਹੈ। ਰੂਸੀ ਪਰੀ-ਕਹਾਣੀਆਂ ਪੜ੍ਹਦਿਆਂ ਸਾਡੇ ਮਨੀਂ ਹੋਰ ਤਰ੍ਹਾਂ ਦੇ ਦ੍ਰਿਸ਼ ਤੇ ਚਿਤਰ

ਉਘੜ ਆਉਂਦੇ ਹਨ। ਇਹਨਾਂ ਕਹਾਣੀਆਂ ਦੇ ਦੂਲੇ ਗਭਰੂ ਪਹਾੜੀਆਂ ਤੇ ਵਾਦੀਆਂ ਵਿਚ, ਜਿਹੜੀਆਂ ਹੁਨਾਲੇ ਸਾਵੀਆਂ ਤੇ ਸਿਆਲੇ ਬਰਫ਼ ਦੇ ਗ਼ਲੀਚੇ ਨਾਲ ਕੱਜੀਆਂ ਹੁੰਦੀਆਂ ਹਨ, ਸਿਰਪਟ ਘੋੜੇ ਦੌੜਾਂਦੇ ਹਨ, ਜਦੋਂ ਕਿ ਉਹਨਾਂ ਦੀਆਂ ਸੁਹਣੀਆਂ ਜ਼ਾਰਜ਼ਾਦੀਆਂ ਅਬਰਕ ਦੀਆਂ ਬਾਰੀਆਂ ਵਾਲੇ ਲਕੜੀ ਦੇ ਮਹਿਲਾਂ ਵਿਚ ਬਹਿ ਉਹਨਾਂ ਦੀ ਸਬਰ ਨਾਲ ਉਡੀਕ ਕਰ ਰਹੀਆਂ ਹੁੰਦੀਆਂ ਹਨ।

ਕਿਤਾਬ ਨੂੰ ਖੋਲ੍ਹੋ, ਤੇ ਵੇਖੋਗੇ ਕਿ ਤੁਸੀਂ ਕਿਸੇ ਜਾਦੂ ਦੀ ਦੁਨੀਆਂ ਵਿਚ ਪਹੁੰਚ ਗਏ ਹੋ। ਉਸ ਦੁਨੀਆਂ ਵਿਚ ਤੁਸੀਂ ਕਿਸਾਨ ਦੇ ਪੁੱਤਰ ਈਵਾਨ ਨਾਲ ਰਲ ਲਾਟਾਂ-ਛਡਦੇ ਬਾਰ੍ਹਾਂ-ਸਿਰੇ ਦੈਂਤ ਚੁਦੋ-ਯੁਦੋ ਨਾਲ ਤੇਗ਼ ਅਜ਼ਮਾਓਗੇ; ਰਿੜ੍ਹਦੇ ਮਟਰ, ਪੋਕਾਤੀ ਗੋਰੋਸ਼ੇਕ, ਦੇ ਪਿਛੇ-ਪਿਛੇ ਪਾਤਾਲ ਦੀ ਦੁਨੀਆਂ ਵਿਚ ਪਹੁੰਚੋਗੇ ਤੇ ਉਥੋਂ ਉਕਾਬ ਉਤੇ ਬਹਿ ਪਿਛੇ ਪਰਤੋਗੇ; ਜ਼ਰਨੀਯਾਰ ਦੀ ਚਤਰਾਈ ਵੇਖ ਦੰਗ ਰਹਿ ਜਾਵੋਗੇ, ਜਿਨ੍ਹੇ ਖਚਰੇ ਤੇ ਨਿਰਦਈ ਬਾਦਸ਼ਾਹ ਨੂੰ ਹਰਾ ਦਿਤਾ; ਸੂਰਮੇ ਸ਼ਿਕਾਰੀ, ਬੋਰੋਲਦੋਈ-ਮੇਰਗੇਨ, ਨੂੰ ਰਜ-ਰਜ ਸਲਾਹੋਗੇ, ਜਿਨ੍ਹੇ ਆਪਣੇ ਲੋਕਾਂ ਨੂੰ ਬਚਾਣ ਦੀ ਖ਼ਾਤਰ ਆਪਣੇ ਪੁੱਤਰ ਦੀ ਜਾਨ ਖ਼ਤਰੇ ਵਿਚ ਪਾ ਦਿਤੀ; ਇਕ ਆਮ ਜੁਲਾਹੇ ਦੀ ਜੁਗਤਕਾਰੀ ਉਤੇ ਅਸ਼-ਅਸ਼ ਕਰ ਉਠੋਗੇ, ਜਿਨ੍ਹੇ ਸਿਆਣਪ ਵਿਚ ਜ਼ਾਰ ਦੇ ਸਿਆਣੇ ਤੋਂ ਸਿਆਣੇ ਸਲਾਹਕਾਰਾਂ ਨੂੰ ਹਰਾ ਕੇ ਰਖ ਦਿਤਾ।

ਤੇ ਮੈਨੂੰ ਪਤਾ ਹੈ, ਜਦੋਂ ਤੁਸੀਂ ਉਹਨਾਂ ਨੂੰ, ਇਹਨਾਂ ਤੇ ਇਸ ਕਿਤਾਬ ਦੇ ਹੋਰਨਾਂ ਨਾਇਕਾਂ ਨੂੰ, ਮਿਲ ਲਵੋਗੇ, ਉਹਨਾਂ ਨਾਲ ਤੁਹਾਨੂੰ ਪਿਆਰ ਹੋ ਜਾਵੇਗਾ ਤੇ ਉਹ ਤੁਹਾਡੇ ਪੱਕੇ ਤੇ ਵਫ਼ਾਦਰ ਦੋਸਤ ਬਣ ਜਾਣਗੇ।

## ਡੱਡੂ ਜ਼ਾਰ-ਜ਼ਾਦੀ

**ਰੂਸੀ ਪਰੀ-ਕਹਾਣੀ**





ਬੜੇ ਚਿਰਾਂ ਦੀ ਗਲ ਏ, ਇਕ ਜ਼ਾਰ ਹੁੰਦਾ ਸੀ, ਜਿਸਦੇ ਤਿੰਨ ਪੁੱਤਰ ਸਨ। ਜ਼ਾਰ ਨੇ, ਜਦੋਂ ਉਹਦੇ ਪੁੱਤਰ ਵਡੇ ਹੋ ਗਏ, ਇਕ ਦਿਨ ਉਹਨਾਂ ਨੂੰ ਆਪਣੇ ਕੋਲ ਬੁਲਾਇਆ ਤੇ ਆਖਿਆ:

"ਮੇਰੇ ਪਿਆਰੇ ਬਚਿਓ, ਅਜੇ ਜਦੋਂ ਮੈਂ ਬੁੱਢਾ ਨਹੀਂ ਹੋਇਆ, ਮੈਂ ਚਾਹੁੰਨਾਂ, ਤੁਸੀਂ ਵਿਆਹੇ ਜਾਵੋ, ਤੇ ਮੈਂ ਤੁਹਾਡੇ ਬੱਚੇ ਤੇ ਆਪਣੇ ਪੋਤਰੇ-ਪੋਤਰੀਆਂ ਵੇਖ ਖ਼ੁਸ਼ੀ ਮਨਾ ਸਕਾਂ।"

ਤੇ ਉਹਦੇ ਪੁੱਤਰਾਂ ਨੇ ਜਵਾਬ ਦਿਤਾ:

"ਜੇ ਤੁਹਾਡੀ ਇਹ ਇੱਛਾ ਏ, ਪਿਤਾ ਜੀ, ਤਾਂ ਸਾਨੂੰ ਅਸੀਸ ਦਿਓ। ਦੱਸੋ ਅਸੀਂ ਕਿਦ੍ਹੇ ਨਾਲ ਵਿਆਹ ਕਰੀਏ?"

"ਤਾਂ ਫੇਰ, ਮੇਰੇ ਬਚਿਓ, ਤੁਸੀਂ ਤਿੰਨੇ ਇਕ-ਇਕ ਤੀਰ ਫੜ ਲਵੋ ਤੇ ਬਾਹਰ ਖੁਲ੍ਹੇ ਮੈਦਾਨ 'ਚ ਚਲੇ ਜਾਵੋ। ਤੀਰਾਂ ਨੂੰ ਚਲਾ ਦੇਵੋ, ਤੇ ਜਿੱਥੇ-ਜਿੱਥੇ ਵੀ ਉਹ ਡਿੱਗਣਗੇ, ਓਥੇ-ਓਥੇ ਹੀ ਤੁਹਾਨੂੰ ਤੁਹਾਡੇ ਭਾਗੀਂ ਲਿਖੀਆਂ ਵਹੁਟੀਆਂ ਮਿਲ ਜਾਣਗੀਆਂ।"

ਪੁੱਤਰਾਂ ਨੇ ਪਿਉ ਸਾਹਮਣੇ ਸੀਸ ਨਿਵਾਇਆ, ਤੇ ਤਿੰਨਾਂ ਨੇ ਹੀ ਇਕ-ਇਕ ਤੀਰ ਫੜ ਲਿਆ ਤੇ ਬਾਹਰ ਖੁਲ੍ਹੇ ਮੈਦਾਨ ਵਿਚ ਨਿਕਲ ਆਏ। ਉਥੇ ਉਹਨਾਂ ਆਪੋ ਆਪਣੀਆਂ ਕਮਾਣਾਂ ਖਿੱਚੀਆਂ ਤੇ ਤੀਰ ਛਡ ਦਿਤੇ।

ਸਭ ਤੋਂ ਵਡੇ ਪੁੱਤਰ ਦਾ ਤੀਰ ਇਕ ਜਾਗੀਰਦਾਰ ਦੇ ਵਿਹੜੇ ਵਿਚ ਡਿੱਗਾ ਤੇ ਉਹਨੂੰ ਜਾਗੀਰਦਾਰ ਦੀ ਧੀ ਨੇ ਚੁੱਕ ਲਿਆ। ਵਿਚਲੇ ਪੁੱਤਰ ਦਾ ਤੀਰ ਇਕ ਬਖ਼ਤਾਵਰ ਵਪਾਰੀ ਦੇ ਵਿਹੜੇ ਵਿਚ ਡਿੱਗਾ ਤੇ ਉਹਨੂੰ ਵਪਾਰੀ ਦੀ ਧੀ ਨੇ ਚੁੱਕ ਲਿਆ। ਤੇ ਸਭ ਤੋਂ ਛੋਟੇ ਪੁੱਤਰ ਜ਼ਾਰਜ਼ਾਦੇ ਈਵਾਨ ਨਾਲ ਇਹ ਹੋਇਆ ਕਿ ਉਹਦਾ

ਤੀਰ ਉਪਰ ਵਲ ਨੂੰ ਚਲਾ ਗਿਆ ਤੇ ਉਹਨੂੰ ਪਤਾ ਨਾ ਲਗਾ, ਉਹ ਕਿੱਧਰ ਉਡ ਗਿਆ। ਉਹ ਉਹਦੀ ਭਾਲ ਵਿਚ ਨਿਕਲ ਪਿਆ ਤੇ ਟੁਰਦਾ ਗਿਆ, ਟੁਰਦਾ ਗਿਆ, ਤੇ ਇਕ ਦਲਦਲ ਕੋਲ ਜਾ ਅੱਪੜਿਆ ਤੇ ਓਥੇ ਉਹਨੇ ਵੇਖਿਆ, ਇਕ ਡੱਡੀ ਉਹਦਾ ਤੀਰ ਮੂੰਹ ਵਿਚ ਪਾਈ ਬੈਠੀ ਸੀ।

ਜ਼ਾਰਜ਼ਾਦੇ ਈਵਾਨ ਨੇ ਡੱਡੀ ਨੂੰ ਆਖਿਆ:

"ਡੱਡੀਏ, ਡੱਡੀਏ, ਮੇਰਾ ਤੀਰ ਮੈਨੂੰ ਵਾਪਸ ਦੇ ਦੇ।"

ਪਰ ਡੱਡੀ ਨੇ ਜਵਾਬ ਦਿਤਾ:

"ਦੇਵਾਂ ਤਾਂ ਜੇ ਤੂੰ ਮੇਰੇ ਨਾਲ ਵਿਆਹ ਕਰਾਏਂ!"

"ਕੀ ਕਹਿ ਰਹੀ ਏਂ, ਡੱਡੀ ਨਾਲ ਵਿਆਹ ਕਿਵੇਂ ਕਰਾ ਲਾਂ!"

"ਤੈਨੂੰ ਕਰਾਣਾ ਪਏਗਾ, ਮੈਂ ਤੇਰੀ ਭਾਗੀਂ ਲਿਖੀ ਵਹੁਟੀ ਜੁ ਹੋਈ।"

ਈਵਾਨ ਉਦਾਸ ਤੇ ਨਿਮੋਝੂਣਾ ਹੋ ਗਿਆ। ਪਰ ਉਹ ਕਰਦਾ ਤਾਂ ਕੀ ਕਰਦਾ। ਉਹਨੇ ਡੱਡੀ ਨੂੰ ਚੁੱਕ ਲਿਆ ਤੇ ਘਰ ਲੈ ਆਇਆ। ਤੇ ਜ਼ਾਰ ਨੇ ਤਿੰਨ ਵਿਆਹਾਂ ਦੇ ਜਸ਼ਨ ਕੀਤੇ: ਉਹਦਾ ਸਭ ਤੋਂ ਵਡਾ ਪੁੱਤਰ ਜਾਗੀਰਦਾਰ ਦੀ ਧੀ ਨਾਲ ਵਿਆਹਿਆ ਗਿਆ, ਉਹਦਾ ਵਿਚਲਾ ਪੁੱਤਰ — ਵਪਾਰੀ ਦੀ ਧੀ ਨਾਲ, ਤੇ ਵਿਚਾਰਾ ਈਵਾਨ — ਡੱਡੀ ਨਾਲ।

ਕੁਝ ਚਿਰ ਲੰਘ ਗਿਆ ਤੇ ਜ਼ਾਰ ਨੇ ਆਪਣੇ ਪੁੱਤਰਾਂ ਨੂੰ ਆਪਣੇ ਕੋਲ ਬੁਲਾਇਆ।

"ਮੈਂ ਵੇਖਣਾ ਚਾਹੁਨਾਂ, ਤੁਹਾਡੇ 'ਚੋਂ ਕਿਹਦੀ ਵਹੁਟੀ ਨੂੰ ਸਿਲਾਈ ਸਭ ਤੋਂ ਚੰਗੀ ਆਉਂਦੀ ਏ," ਉਹਨੇ ਆਖਿਆ। "ਸਾਰੀਆਂ ਕਲ ਸਵੇਰ ਹੋਣ ਤਕ ਮੇਰੇ ਲਈ ਇਕ-ਇਕ ਕਮੀਜ਼ ਬਣਾਣ।"

ਪੁਤਰਾਂ ਨੇ ਪਿਓ ਸਾਹਮਣੇ ਸੀਸ ਨਿਵਾਇਆ ਤੇ ਚਲੇ ਗਏ।

ਈਵਾਨ ਘਰ ਆਇਆ, ਬਹਿ ਗਿਆ ਤੇ ਉਹਨੇ ਸਿਰ ਨੀਵਾਂ ਪਾ ਲਿਆ। ਤੇ ਡੱਡੀ ਟਪੋਸੀ ਮਾਰ ਫਰਸ਼ ਉਤੇ ਤੇ ਫੇਰ ਉਹਦੇ ਕੋਲ ਆ ਪੁੱਜੀ ਤੇ ਪੁੱਛਣ ਲਗੀ:

"ਈਵਾਨ, ਸੋਚੀਂ ਕਿਉਂ ਡੁੱਬਾ ਹੋਇਐਂ? ਕਾਹਦੀ ਚਿੰਤਾ ਲਗੀ ਹੋਈ ਆ?"

"ਪਿਤਾ ਜੀ ਦਾ ਹੁਕਮ ਏ, ਤੂੰ ਕਲ ਸਵੇਰ ਤਕ ਉਹਨਾਂ ਲਈ ਇਕ ਕਮੀਜ਼ ਬਣਾਵੇਂ।"

ਡੱਡੀ ਨੇ ਕਿਹਾ:

"ਈਵਾਨ, ਦਿਲ ਨਾ ਦੁਖਾ, ਸਗੋਂ ਜਾ ਤੇ ਸੌਂ ਜਾ, ਏਸ ਲਈ ਕਿ ਸਵੇਰ ਸ਼ਾਮ ਨਾਲੋਂ ਸਿਆਣੀ ਹੁੰਦੀ ਏ।"

ਈਵਾਨ ਸੌਂ ਗਿਆ ਤੇ ਡੱਡੀ ਟਪੋਸੀਆਂ ਮਾਰਦੀ ਬਾਹਰ ਡਿਉਢੀ ਵਿਚ ਆ ਗਈ, ਉਹਨੇ ਆਪਣੀ ਡੱਡੂਆਂ ਵਾਲੀ ਖਲ ਲਾਹ ਸੁੱਟੀ ਤੇ ਚਤਰ-ਸੁਜਾਨ ਵਸਿਲੀਸਾ ਬਣ ਗਈ, ਮੁਟਿਆਰ, ਨਾ ਸੁਹਣੀ ਹੋਰ ਕੋਈ ਜਿਹਦੇ ਹਾਰ।

ਉਹਨੇ ਤਾੜੀ ਮਾਰੀ ਤੇ ਬੋਲੀ:

"ਆਓ, ਮੇਰੀਓ ਗੋਲੀਓ ਤੇ ਬਾਂਦੀਓ, ਛੇਤੀ ਕਰੋ ਤੇ ਕੰਮੀਂ ਲਗ ਜਾਓ। ਕਲ੍ਹ ਸਵੇਰ ਤਕ ਮੈਨੂੰ ਇਕ ਕਮੀਜ਼ ਬਣਾ ਦਿਓ, ਓਹੋ ਜਿਹੀ ਜਿਹੋ ਜਿਹੀ ਮੇਰੇ ਪਿਤਾ ਜੀ ਪਾਂਦੇ ਹੁੰਦੇ ਸਨ।"

ਸਵੇਰੇ ਈਵਾਨ ਜਾਗਿਆ, ਤੇ ਡੱਡੀ ਫੇਰ ਫ਼ਰਸ਼ ਉਤੇ ਟਪੋਸੀਆਂ ਮਾਰ ਰਹੀ ਸੀ, ਪਰ ਕਮੀਜ਼ ਪੂਰੀ ਦੀ ਪੂਰੀ ਤਿਆਰ ਸੀ ਤੇ ਇਕ ਤੌਲੀਏ ਵਿਚ ਲਪੇਟੀ ਮੇਜ਼ ਉਤੇ ਰਖੀ ਪਈ ਸੀ। ਈਵਾਨ ਦੀ ਖੁਸ਼ੀ ਦਾ

ਹਦ ਨਾ ਰਹੀ। ਉਹਨੇ ਕਮੀਜ਼ ਚੁਕ ਲਈ ਤੇ ਉਹਨੂੰ ਲੈ ਆਪਣੇ ਪਿਓ ਕੋਲ ਪਹੁੰਚਿਆ ਜਿਹੜਾ ਆਪਣੇ ਦੋਵਾਂ ਵਡੇ ਪੁੱਤਰਾਂ ਦੀਆਂ ਸੁਗਾਤਾਂ ਲੈਣ ਵਿਚ ਰੁੱਝਾ ਹੋਇਆ ਸੀ। ਸਭ ਤੋਂ ਵਡੇ ਪੁੱਤਰ ਨੇ ਆਪਣੀ ਕਮੀਜ਼ ਪੇਸ਼ ਕੀਤੀ; ਤੇ ਜ਼ਾਰ ਨੇ ਫੜੀ ਤੇ ਆਖਿਆ:

"ਇਹ ਕਮੀਜ਼ ਤਾਂ ਕਿਸੇ ਗਰੀਬ ਕਿਸਾਨ ਦੀ ਧੁਆਂਖੀ ਝੁੱਗੀ 'ਚ ਪਾਣ ਲਈ ਠੀਕ ਰਹੇਗੀ।"

ਵਿਚਲੇ ਪੁੱਤਰ ਨੇ ਆਪਣੀ ਕਮੀਜ਼ ਪੇਸ਼ ਕੀਤੀ, ਤੇ ਜ਼ਾਰ ਨੇ ਕਿਹਾ:

"ਇਹ ਕਮੀਜ਼ ਤਾਂ ਗ਼ੁਸਲਖਾਨੇ ਜਾਣ ਵੇਲੇ ਲਈ ਠੀਕ ਰਹੇਗੀ।"

ਫੇਰ ਈਵਾਨ ਨੇ ਆਪਣੀ ਕਮੀਜ਼ ਪੇਸ਼ ਕੀਤੀ। ਸਾਰੀ ਦੀ ਸਾਰੀ ਉਤੇ ਤਿੱਲੇ ਨਾਲ ਬੜੀ ਸੁਹਣੀ, ਰੰਗ-ਸੁਰੰਗੀ ਕਢਾਈ ਹੋਈ ਪਈ ਸੀ, ਤੇ ਜ਼ਾਰ ਨੇ ਨਜ਼ਰ ਭਰ ਉਹਦੇ ਵਲ ਵੇਖਿਆ ਤੇ ਕਿਹਾ:

"ਇਹ ਹੋਈ ਨਾ ਕਮੀਜ਼ ਦਿਨ-ਦਿਹਾਰ ਨੂੰ ਪਾਣ ਲਈ!"

ਦੋਵੇਂ ਵਡੇ ਭਰਾ ਘਰ ਚਲੇ ਗਏ ਤੇ ਆਪੋ ਵਿਚ ਗੱਲਾਂ ਕਰਨ ਲਗੇ ਤੇ ਕਹਿਣ ਲਗੇ:

"ਲਗਦੈ, ਅਸੀਂ ਈਵਾਨ ਦੀ ਵਹੁਟੀ ਦਾ ਮਖ਼ੌਲ ਐਵੇਂ ਹੀ ਉਡਾਂਦੇ ਰਹੇ ਹਾਂ। ਉਹ ਡੱਡੀ ਨਹੀਂ, ਕੋਈ ਜਾਦੂਗਰਨੀ ਏ।"

ਤੇ ਜ਼ਾਰ ਨੇ ਇਕ ਵਾਰੀ ਫੇਰ ਆਪਣੇ ਪੁੱਤਰਾਂ ਨੂੰ ਬੁਲਾਇਆ।

"ਤੁਹਾਡੀਆਂ ਵਹੁਟੀਆਂ ਕਲ੍ਹ ਸਵੇਰੇ ਤਕ ਮੇਰੇ ਲਈ ਕੁਝ ਰੋਟੀ ਪਕਾਣ," ਉਹਨੇ ਆਖਿਆ। "ਮੈਂ ਵੇਖਣਾ ਚਾਹੁਨਾਂ, ਉਹਨਾਂ 'ਚੋਂ ਰਸੋਈ ਦਾ ਕੰਮ ਸਭ ਤੋਂ ਚੰਗਾ ਕਿਹਨੂੰ ਆਉਂਦੈ।"

ਈਵਾਨ ਸੋਚੀਂ ਡੁਬ ਗਿਆ ਤੇ ਘਰ ਜਾ ਪਹੁੰਚਿਆ। ਤੇ ਡੱਡੀ ਨੇ ਉਹਨੂੰ ਪੁਛਿਆ:

"ਈਵਾਨ, ਏਨਾ ਉਦਾਸ ਕਿਉਂ ਏਂ?"

ਈਵਾਨ ਨੇ ਕਿਹਾ:

"ਤੂੰ ਕਲ੍ਹ ਸਵੇਰੇ ਤਕ ਪਿਤਾ ਜੀ ਲਈ ਕੁਝ ਰੋਟੀ ਪਕਾਣੀ ਏਂ।"

"ਈਵਾਨ, ਦਿਲ ਨਾ ਦੁਖਾ, ਸਗੋਂ ਜਾ ਤੇ ਸੌਂ ਜਾ। ਸਵੇਰ ਸ਼ਾਮ ਨਾਲੋਂ ਸਿਆਣੀ ਹੁੰਦੀ ਏ।"

ਤੇ ਉਹਦੀਆਂ ਦੋ ਜੇਠਾਣੀਆਂ ਨੇ, ਜਿਹੜੀਆਂ ਪਹਿਲੋਂ ਡੱਡੀ ਦਾ ਮਖ਼ੌਲ ਉਡਾਂਦੀਆਂ ਹੁੰਦੀਆਂ ਸਨ, ਹੁਣ ਪਿਛਵਾੜੇ ਰਹਿਣ ਵਾਲੀ ਇਕ ਬੁੱਢੀ ਨੂੰ ਇਹ ਵੇਖਣ ਲਈ ਘਲਿਆ ਕਿ ਡੱਡੀ ਆਪਣੀ ਰੋਟੀ ਕਿਵੇਂ ਪਕਾਂਦੀ ਏ।

ਪਰ ਡੱਡੀ ਹੁਸ਼ਿਆਰ ਸੀ ਤੇ ਉਹਨੇ ਬੁਝ ਲਿਆ, ਉਹਦੀਆਂ ਜੇਠਾਣੀਆਂ ਨੂੰ ਕੀ ਸੁੱਝੀ ਸੀ। ਉਹਨੇ ਕੁਝ ਆਟਾ ਗੁੰਨਿਆ, ਚੁੱਲ੍ਹੇ ਨੂੰ ਉਤੋਂ ਭੰਨਿਆ ਤੇ ਆਟੇ ਨੂੰ ਮੋਰੀ ਵਿਚੋਂ ਹੇਠਾਂ ਸੁਟ ਦਿਤਾ। ਬੁੱਢੀ ਭੱਜੀ-ਭੱਜੀ ਉਹਦੀਆਂ ਦੋਵਾਂ ਜੇਠਾਣੀਆਂ ਕੋਲ ਗਈ ਤੇ ਉਹਨੇ ਉਹਨਾਂ ਨੂੰ ਸਾਰਾ ਕੁਝ ਦਸਿਆ, ਤੇ ਉਹਨਾਂ ਵੀ ਓਸੇ ਤਰ੍ਹਾਂ ਹੀ ਕੀਤਾ, ਜਿਵੇਂ ਡੱਡੀ ਨੇ ਕੀਤਾ ਸੀ।

ਤੇ ਡੱਡੀ ਟਪੋਸੀਆਂ ਮਾਰਦੀ ਬਾਹਰ ਡਿਉੜੀ ਵਿਚ ਆ ਗਈ, ਚਤਰ-ਸੁਜਾਨ ਵਸਿਲੀਸਾ ਬਣ ਗਈ ਤੇ ਉਹਨੇ ਤਾੜੀ ਵਜਾਈ।

"ਆਓ ਮੇਰੀਓ ਗੋਲੀਉ ਤੇ ਬਾਂਦੀਉ, ਛੇਤੀ ਕਰੋ ਤੇ ਕੰਮੀਂ ਲਗ ਜਾਓ!" ਉਹ ਉਚੀ ਸਾਰੀ ਬੋਲੀ। ਕਲ੍ਹ ਸਵੇਰ ਤਕ ਮੈਨੂੰ ਕੁਝ ਪੋਲੀ-ਪੋਲੀ ਚਿੱਟੀ ਰੋਟੀ ਪਕਾ ਦਿਓ, ਓਹੋ ਜਿਹੀ, ਜਿਹੋ ਜਿਹੀ ਮੈਂ ਆਪਣੇ [illegible] ਜੀ ਦੇ ਘਰ ਖਾਂਦੀ ਹੁੰਦੀ ਸਾਂ।"

ਸਵੇਰੇ ਈਵਾਨ ਜਾਗਿਆ, ਤੇ ਰੋਟੀ ਪੂਰੀ ਤਿਆਰ ਪਈ ਹੋਈ ਸੀ, ਮੇਜ਼ ਉਤੇ ਰਖੀ ਤੇ ਬਹੁਤ ਹੀ ਸੁਹਣੀ ਤਰ੍ਹਾਂ ਸਜਾਈ ਹੋਈ, ਤਰ੍ਹਾਂ-ਤਰ੍ਹਾਂ ਦੀਆਂ ਚੀਜ਼ਾਂ ਨਾਲ। ਉਹਦੇ ਪਾਸਿਆਂ ਉਤੇ ਛਾਪਿਆਂ ਵਾਲੇ ਬੁਤ ਤੇ ਉਪਰ ਕੰਧਾਂ ਤੇ ਫਾਟਕਾਂ ਵਾਲੇ ਸ਼ਹਿਰ ਬਣੇ ਹੋਏ ਸਨ।

ਈਵਾਨ ਦੀ ਖ਼ੁਸ਼ੀ ਦੀ ਹਦ ਨਾ ਰਹੀ। ਉਹਨੇ ਰੋਟੀ ਨੂੰ ਇਕ ਤੌਲੀਏ ਵਿਚ ਲਪੇਟ ਲਿਆ ਤੇ ਉਹਨੂੰ ਆਪਣੇ ਪਿਉ ਕੋਲ ਲੈ ਗਿਆ। ਉਹ ਉਸ ਵੇਲੇ ਉਹ ਰੋਟੀਆਂ ਲੈ ਹੀ ਰਿਹਾ ਸੀ, ਜਿਹੜੀਆਂ ਉਹਦੇ ਵਡੇ ਪੁੱਤਰ ਲਿਆਏ ਸਨ। ਉਹਨਾਂ ਦੀਆਂ ਵਹੁਟੀਆਂ ਨੇ ਆਟੇ ਨੂੰ ਤੰਦੂਰ ਵਿਚ ਉਵੇਂ ਹੀ ਸੁਟ ਦਿਤਾ ਸੀ, ਜਿਵੇਂ ਬੁੱਢੀ ਨੇ ਸੁੱਟਣ ਲਈ ਉਹਨਾਂ ਨੂੰ ਦਸਿਆ ਸੀ, ਤੇ ਜਦੋਂ ਰੋਟੀਆਂ ਨਿਕਲੀਆਂ ਸਨ, ਉਹ ਸੜੀਆਂ ਹੋਈਆਂ ਸਨ ਤੇ ਗੰਦੀਆਂ-ਮੰਦੀਆਂ।

ਜ਼ਾਰ ਨੇ ਆਪਣੇ ਸਭ ਤੋਂ ਵਡੇ ਪੁੱਤਰ ਤੋਂ ਰੋਟੀ ਲਈ, ਉਹਨੇ ਉਹਦੇ ਵਲ ਵੇਖਿਆ ਤੇ ਉਹਨੂੰ ਨੌਕਰਾਂ ਦੇ ਕਮਰੇ ਨੂੰ ਘਲ ਦਿਤਾ। ਉਹਨੇ ਆਪਣੇ ਵਿਚਲੇ ਪੁੱਤਰ ਕੋਲੋਂ ਰੋਟੀ ਲਈ, ਤੇ ਉਹਨੂੰ ਵੀ ਓਥੇ ਹੀ ਘਲ ਦਿਤਾ। ਪਰ ਜਦੋਂ ਈਵਾਨ ਨੇ ਉਹਨੂੰ ਆਪਣੀ ਰੋਟੀ ਫੜਾਈ, ਜ਼ਾਰ ਨੇ ਆਖਿਆ:

"ਇਹ ਹੋਈ ਨਾ ਰੋਟੀ ਸਿਰਫ਼ ਦਿਨ-ਦਿਹਾਰ ਨੂੰ ਖਾਣ ਵਾਲੀ!"

ਤੇ ਜ਼ਾਰ ਨੇ ਆਪਣੇ ਤਿੰਨਾਂ ਪੁੱਤਰਾਂ ਨੂੰ ਹੁਕਮ ਦਿਤਾ ਕਿ ਉਹ ਕਲ੍ਹ ਆਪਣੀਆਂ ਵਹੁਟੀਆਂ ਸਮੇਤ ਆਉਣ ਤੇ ਉਹਦੇ ਨਾਲ ਜ਼ਿਆਫ਼ਤ ਖਾਣ।

ਇਕ ਵਾਰੀ ਫੇਰ ਈਵਾਨ ਉਦਾਸ ਤੇ ਦਿਲਗੀਰ ਹੋ ਘਰ ਪਹੁੰਚਿਆ ਤੇ ਉਹਨੇ ਆਪਣਾ ਸਿਰ ਬਹੁਤ ਹੀ ਨੀਵਾਂ ਪਾ ਲਿਆ।

"ਟਰ-ਟਰ, ਟਰ-ਟਰ, ਈਵਾਨ, ਏਨਾ ਉਦਾਸ ਕਿਉਂ ਏ? ਪਿਤਾ ਜੀ ਨੇ ਕੋਈ ਮਾੜੀ ਗਲ ਕਹਿ ਦੁਖਾ ਦਿਤੈ ਤੈਨੂੰ?"

"ਹਾਇ, ਡੱਡੀਏ, ਨੀ ਡੱਡੀਏ," ਈਵਾਨ ਕੂਕਿਆ। "ਮੈਂ ਉਦਾਸ ਨਾ ਹੋਵਾਂ ਤਾਂ ਕੀ ਹੋਵਾਂ? ਜ਼ਾਰ ਨੇ ਮੈਨੂੰ ਹੁਕਮ ਦਿਤੈ, ਉਹਦੀ ਜ਼ਿਆਫ਼ਤ 'ਚ ਤੈਨੂੰ ਨਾਲ ਲਿਆਵਾਂ ਤੇ ਤੈਨੂੰ ਮੈਂ ਲੋਕਾਂ ਸਾਹਮਣੇ ਕਿਵੇਂ ਲਿਜਾ ਸਕਨਾਂ!"

ਜਵਾਬ ਵਿਚ ਡੱਡੀ ਨੇ ਕਿਹਾ: "ਈਵਾਨ, ਦਿਲ ਨਾ ਦੁਖਾ, ਪਰ ਤੂੰ ਜ਼ਿਆਫ਼ਤ 'ਤੇ 'ਕੱਲਾ ਜਾਵੀਂ ਤੇ ਮੈਂ ਤੇਰੇ ਪਿਛੋਂ ਆਵਾਂਗੀ। ਜਦੋਂ ਤੈਨੂੰ ਦਗੜ-ਦਗੜ ਤੇ ਗੜਕ ਸੁਣੀਵੇ, ਡਰੀਂ ਨਾ, ਪਰ ਜੇ ਤੈਨੂੰ ਪੁੱਛਣ ਇਹ ਕੀ ਏ, ਤਾਂ ਕਹੀਂ: 'ਇਹ ਮੇਰੀ ਡੱਡੀ ਆਪਣੀ ਸੰਦੂਕੜੀ 'ਚ ਆ ਰਹੀ ਏ।'"

ਤੇ ਈਵਾਨ ਜ਼ਿਆਫ਼ਤ ਵਿਚ ਇਕੱਲਾ ਗਿਆ ਤੇ ਉਹਦੇ ਵਡੇ ਭਰਾ ਆਪਣੀਆਂ ਵਹੁਟੀਆਂ ਨਾਲ ਆਏ। ਉਹਨਾਂ ਦੀਆਂ ਵਹੁਟੀਆਂ ਨੇ ਆਪਣੇ ਸਭ ਤੋਂ ਸੁਹਣੇ ਕਪੜੇ ਪਾਏ ਹੋਏ ਸਨ, ਅੱਖਾਂ ਵਿਚ ਸੁਰਮਾ ਤੇ ਗਲ੍ਹਾਂ ਉਤੇ ਸੁਰਖ਼ੀ ਲਾਈ ਹੋਈ ਸੀ। ਉਹ ਉਥੇ ਖੜੇ ਸਨ, ਤੇ ਈਵਾਨ ਦਾ ਮਖ਼ੌਲ ਉਡਾ ਰਹੇ ਸਨ!

"ਆਪਣੀ ਵਹੁਟੀ ਨੂੰ ਕਿਉਂ ਨਹੀਂ ਲੈ ਕੇ ਆਇਆ?" ਉਹਨਾਂ ਪੁਛਿਆ। "ਉਹਨੂੰ ਤਾਂ ਤੂੰ ਰੁਮਾਲ 'ਚ ਵੀ ਪਾ ਕੇ ਲਿਆ ਸਕਦਾ ਸੈਂ। ਏਡੀ ਰੂਪਮੱਤੀ ਕਿਥੋਂ ਲੱਭੀ ਆ? ਉਹਦੇ ਲਈ ਸਾਰੀਆਂ ਦਲਦਲਾਂ ਫੋਲ ਮਾਰੀਆਂ ਹੋਣਗੀਆਂ ਨੀ।"

ਤੇ ਫੇਰ ਜ਼ਾਰ, ਉਹਦੇ ਪੁੱਤਰ ਤੇ ਉਹਦੀਆਂ ਨੂੰਹਾਂ ਤੇ ਸਾਰੇ ਹੀ ਮਹਿਮਾਨ ਸ਼ਾਹ ਬਲੂਤ ਦੀ ਲੱਕੜ ਦੇ ਮੇਜ਼ਾਂ ਦੁਆਲੇ ਜਿਨ੍ਹਾਂ ਉਤੇ ਕੱਢੇ ਹੋਏ ਮੇਜ਼ਪੋਸ਼ ਵਿਛੇ ਹੋਏ ਸਨ, ਜ਼ਿਆਫ਼ਤ ਖਾਣ ਬੈਠ ਗਏ। ਚਾਣ...



-ਪਾੜਵੀਂ ਦਗੜ-ਦਗੜ ਤੇ ਗੜਕ ਸੁਣੀਤੀ, ਤੇ ਸਾਰਾ ਮਹਿਲ ਹਿਲ ਗਿਆ ਤੇ ਕੰਬ ਉਠਿਆ। ਮਹਿਮਾਨ ਡਰ ਗਏ ਤੇ ਆਪਣੀਆਂ ਥਾਵਾਂ ਤੋਂ ਕੁਦ ਖਲੋਤੇ। ਪਰ ਈਵਾਨ ਨੇ ਕਿਹਾ:

"ਡਰੋ ਨਾ, ਭਲੇ ਲੋਕੋ। ਇਹ ਤਾਂ ਮੇਰੀ ਡੱਡੀ ਆ ਰਹੀ ਏ, ਆਪਣੀ ਸੁੰਦੂਕੜੀ 'ਚ ਬੈਠੀ।"

ਤੇ ਜ਼ਾਰ ਦੇ ਮਹਿਲ ਦੀ ਡਿਉੜੀ ਸਾਹਮਣੇ ਉਡਦੀ ਆਉਂਦੀ ਇਕ ਸੁਨਹਿਰੀ ਬੱਘੀ ਆਣ ਖਲੋਤੀ। ਉਹਦੇ ਅਗੇ ਛੇ ਚਿੱਟੇ ਘੋੜੇ ਜੁਪੇ ਹੋਏ ਸਨ। ਤੇ ਉਹਦੇ ਵਿਚੋਂ ਚਤਰ-ਸੁਜਾਨ ਵਸਿਲੀਸਾ ਉਤਰੀ। ਉਹਦੇ ਅਸਮਾਨੀ ਰੇਸ਼ਮ ਦੇ ਗਾਉਨ ਉਤੇ ਤਾਰੇ ਜੜੇ ਹੋਏ ਸਨ ਤੇ ਉਹਨੇ ਸਿਰ ਉਤੇ ਏਕਮ ਦਾ ਡਲ੍ਹਕਦਾ ਚੰਨ ਰਖਿਆ ਹੋਇਆ ਸੀ, ਤੇ ਉਹ ਏਨੀ ਸੁਹਣੀ ਲਗਦੀ ਸੀ ਕਿ ਕੀ ਕਿਸੇ ਸੋਚੀ, ਕੀ ਕਿਸੇ ਜਾਣੀ, ਪਵੇ ਸਿਰਫ਼ ਕਹਾਣੀ। ਉਹਨੇ ਈਵਾਨ ਦਾ ਹਥ ਫੜ ਲਿਆ ਤੇ ਉਹਨੂੰ ਸ਼ਾਹ ਬਲੂਤ ਦੇ ਮੇਜ਼ਾਂ ਵਲ ਲੈ ਗਈ, ਜਿਨ੍ਹਾਂ ਉਤੇ ਕੱਢੇ ਹੋਏ ਮੇਜ਼ਪੋਸ਼ ਵਿਛੇ ਹੋਏ ਸਨ।

ਮਹਿਮਾਨ ਖਾਣ ਪੀਣ ਤੇ ਮੌਜ ਉਡਾਣ ਲਗ ਪਏ। ਚਤਰ-ਸੁਜਾਨ ਵਸਿਲੀਸਾ ਨੇ ਆਪਣੇ ਗਲਾਸ ਪੀਤੇ ਤੇ ਥੱਲੇ ਰਹਿ ਗਿਆ ਫੋਕ ਆਪਣੀ ਖੱਬੀ ਬਾਂਹ ਵਿਚ ਪਾ ਦਿਤਾ। ਉਹਨੇ ਰਾਜ ਹੰਸ ਦਾ ਕੁਝ ਮਾਸ ਖਾਧਾ ਤੇ ਹੱਡੀਆਂ ਆਪਣੀ ਸੱਜੀ ਬਾਂਹ ਵਿਚ ਸੁਟ ਲਈਆਂ।

ਤੇ ਵਡੇ ਭਰਾਵਾਂ ਦੀਆਂ ਵਹੁਟੀਆਂ ਤਕਦੀਆਂ ਰਹੀਆਂ ਤੇ ਜੁ ਕੁਝ ਉਹ ਕਰਦੀ ਗਈ, ਉਹੋ ਕੁਝ ਉਹ ਵੀ ਕਰਦੀਆਂ ਗਈਆਂ।

ਉਹਨਾਂ ਨੇ ਖਾਧਾ ਤੇ ਪੀਤਾ ਤੇ ਫੇਰ ਨੱਚਣ ਦਾ ਵਕਤ ਆ ਗਿਆ। ਚਤਰ-ਸੁਜਾਨ ਵਸਿਲੀਸਾ ਨੇ ਈਵਾਨ ਦਾ ਹਥ ਫੜ ਲਿਆ ਤੇ ਨੱਚਣ ਲਗ ਪਈ। ਉਹ ਨੱਚਣ ਲਗੀ ਤੇ ਵਲ ਖਾਂਦੀ ਤੇ ਘੁਮੇਟਣੀ ਉਤੇ ਘੁਮੇਟਣੀ ਖਾਈ ਜਾਂਦੀ, ਤੇ ਹਰ ਕੋਈ ਵੇਖਦਾ ਤੇ ਦੰਗ ਰਹੀ ਜਾਂਦਾ। ਉਹਨੇ ਆਪਣੀ ਖੱਬੀ ਬਾਂਹ ਲਹਿਰਾਈ ਤੇ ਇਕ ਝੀਲ ਬਣ ਗਈ; ਉਹਨੇ ਆਪਣੀ ਸੱਜੀ ਬਾਂਹ ਲਹਿਰਾਈ ਤੇ ਚਿੱਟੇ-ਚਿੱਟੇ ਰਾਜ ਹੰਸ ਝੀਲ ਵਿਚ ਤਰਨ ਲਗ ਪਏ। ਜ਼ਾਰ ਤੇ ਉਹਦੇ ਮਹਿਮਾਨ ਅਸ਼-ਅਸ਼ ਕਰ ਉਠੇ।

ਫੇਰ ਦੋ ਵਡੇ ਭਰਾਵਾਂ ਦੀਆਂ ਵਹੁਟੀਆਂ ਨੱਚਣ ਲਗੀਆਂ। ਉਹਨਾਂ ਆਪਣੀਆਂ ਖੱਬੀਆਂ ਬਾਹਵਾਂ ਲਹਿਰਾਈਆਂ, ਤੇ ਮਹਿਮਾਨਾਂ ਉਤੇ ਸ਼ਰਾਬ ਦੀਆਂ ਛਿੱਟਾਂ ਪਾ ਦਿਤੀਆਂ; ਉਹਨਾਂ ਆਪਣੀਆਂ ਸੱਜੀਆਂ ਬਾਹਵਾਂ ਲਹਿਰਾਈਆਂ, ਤੇ ਸਭਨਾਂ ਪਾਸੇ ਹੱਡੀਆਂ ਉਡ ਪਈਆਂ। ਤੇ ਇਕ ਹੱਡੀ ਜਾ ਕੇ ਜ਼ਾਰ ਦੀ ਅਖ ਵਿਚ ਲਗੀ। ਤੇ ਜ਼ਾਰ ਨੂੰ ਬਹੁਤ ਹੀ ਗੁੱਸਾ ਚੜ੍ਹ ਗਿਆ ਤੇ ਉਹਨੇ ਆਪਣੀਆਂ ਦੋਵਾਂ ਨੂੰਹਾਂ ਨੂੰ ਉਥੋਂ ਕਢ ਦਿਤਾ।

ਏਨੇ ਵਿਚ, ਈਵਾਨ ਅਛੋਪਲੇ ਹੀ ਬਾਹਰ ਨਿਕਲ ਆਇਆ, ਘਰ ਨੂੰ ਭਜਿਆ ਤੇ ਜਦੋਂ ਉਹਨੂੰ ਡੱਡੂ ਵਾਲੀ ਖਲ ਲੱਭੀ, ਉਹਨੇ ਚੁਕ ਕੇ ਤੰਦੂਰ ਵਿਚ ਸੁਟ ਦਿਤੀ ਤੇ ਸਾੜ ਛੱਡੀ।

ਤੇ ਫੇਰ ਚਤਰ-ਸੁਜਾਨ ਵਸਿਲੀਸਾ ਘਰ ਪਰਤੀ, ਤੇ ਉਹਨੂੰ ਇਕਦਮ ਹੀ ਦਿਸ ਪਿਆ ਕਿ ਉਹਦੀ ਡੱਡੂ ਵਾਲੀ ਖਲ ਨਹੀਂ ਸੀ ਰਹੀ। ਉਹ ਉਦਾਸ ਤੇ ਨਿਮੋਝੂਣੀ ਹੋ ਇਕ ਬੈਂਚ ਉਤੇ ਬਹਿ ਗਈ ਤੇ ਉਹਨੇ ਈਵਾਨ ਨੂੰ ਕਿਹਾ:

"ਹਾਇ, ਈਵਾਨ, ਕੀ ਕਰ ਛਡਿਆ ਈ! ਜੇ ਤੂੰ ਤਿੰਨ ਦਿਨ ਹੋਰ ਉਡੀਕ ਲਿਆ ਹੁੰਦਾ ਤੇ ਮੈਂ ਹਮੇਸ਼ਾਂ-ਹਮੇਸ਼ਾਂ ਲਈ ਤੇਰੀ ਹੋ ਜਾਂਦੀ। ਪਰ ਹੁਣ ਅਲਵਿਦਾ। ਮੈਨੂੰ ਤਿੰਨ-ਦਸਵੀਂ ਜ਼ਾਰਸ਼ਾਹੀ ਦੇ ਤਿੰਨ-ਨਾਵੇਂ ਦੇਸ ਤੋਂ ਪਾਰ ਲੱਭੀਂ, ਜਿਥੇ ਅਮਰ ਕੋਸ਼ਚੇਈ ਰਹਿੰਦਾ ਏ।"

ਉਹਦੀ ਬੋਟੀ-ਬੋਟੀ ਕਰ ਛੱਡੀ। ਖ਼ਰਗੋਸ਼ ਦੇ ਢਿਡ ਵਿਚੋਂ ਇਕ ਮੁਰਗ਼ਾਬੀ ਉਡ ਨਿਕਲੀ ਤੇ ਉਹ ਉਡਦੀ-ਉਡਦੀ ਤੋੜ ਅਸਮਾਨ ਤਕ ਜਾ ਪੁੱਜੀ। ਪਰ ਇਕੋ ਪਲ ਵਿਚ ਹੀ ਇਕ ਹੋਰ ਮੁਰਗ਼ਾਬੀ ਉਹਦੇ ਉਤੇ ਟੁਟ ਪਈ ਤੇ ਉਹਨੇ ਉਹਦੇ ਉਤੇ ਏਡੇ ਜ਼ੋਰ ਦਾ ਵਾਰ ਕੀਤਾ ਕਿ ਪਹਿਲੀ ਮੁਰਗ਼ਾਬੀ ਨੇ ਆਂਡਾ ਸੁਟ ਦਿਤਾ, ਤੇ ਆਂਡਾ ਹੇਠਾਂ ਨੀਲੇ ਸਮੁੰਦਰ ਵਿਚ ਜਾ ਪਿਆ।

ਇਹ ਵੇਖ ਈਵਾਨ ਦੇ ਅਥਰੂ ਵਗਣ ਲਗ ਪਏ, ਏਸ ਲਈ ਕਿ ਉਹ ਨੀਲੇ ਸਮੁੰਦਰ ਵਿਚੋਂ ਆਂਡਾ ਕਿਵੇਂ ਲਭ ਸਕਦਾ ਸੀ! ਪਰ ਇਕਦਮ ਹੀ ਪਾਈਕ-ਮੱਛੀ ਤਰਦੀ-ਤਰਦੀ ਕੰਢੇ ਵਲ ਆਈ ਤੇ ਉਹਦੇ ਮੂੰਹ ਵਿਚ ਆਂਡਾ ਸੀ। ਈਵਾਨ ਨੇ ਆਂਡਾ ਤੋੜ ਦਿਤਾ, ਸੂਈ ਕਢ ਲਈ ਤੇ ਉਹਦੀ ਨੋਕ ਤੋੜਨ ਲਗਾ। ਜਿਨਾ ਜ਼ਿਆਦਾ ਉਹ ਸੂਈ ਦੀ ਨੋਕ ਨੂੰ ਲਿਫ਼ਾਂਦਾ, ਅਮਰ ਕੋਸ਼ਚੇਈ ਓਨੇ ਜ਼ਿਆਦਾ ਹੀ ਪਾਸੇ ਮਾਰਦਾ ਤੇ ਕੜੱਲ ਖਾਂਦਾ। ਪਰ ਉਹ ਕੁਝ ਕਰ ਨਾ ਸਕਿਆ। ਇਸ ਲਈ ਕਿ ਈਵਾਨ ਨੇ ਸੂਈ ਦਾ ਸਿਰਾ ਤੋੜ ਦਿਤਾ ਸੀ ਤੇ ਕੋਸ਼ਚੇਈ ਮਰ ਕੇ ਡਿਗ ਪਿਆ।

ਫੇਰ ਈਵਾਨ ਕੋਸ਼ਚੇਈ ਦੇ ਚਿੱਟੇ ਪੱਥਰ ਵਾਲੇ ਮਹਿਲੀਂ ਗਿਆ। ਤੇ ਚਤਰ-ਸੁਜਾਨ ਵਸਿਲੀਸਾ ਭੱਜੀ-ਭੱਜੀ ਉਹਨੂੰ ਅਗੋਂ ਲੈਣ ਆਈ ਤੇ ਉਹਨੇ ਉਹਦੇ ਸ਼ਹਿਦ-ਮਿਠੇ ਬੁਲ੍ਹਾਂ ਨੂੰ ਚੁੰਮ ਲਿਆ। ਤੇ ਈਵਾਨ ਤੇ ਚਤਰ-ਸੁਜਾਨ ਵਸਿਲੀਸਾ ਵਾਪਸ ਆਪਣੇ ਘਰ ਆ ਗਏ, ਤੇ ਉਹਨਾਂ ਰਲ ਕੇ, ਖੁਸ਼ੀ-ਖੁਸ਼ਾਈਂ, ਲੰਮੀ ਉਮਰ ਭੋਗੀ, ਓਦੋਂ ਤਕ ਜਦੋਂ ਤਕ ਉਹ ਅਸਲੋਂ ਹੀ ਬੁੱਢੇ ਨਾ ਹੋ ਗਏ।

# ਕੁਹਾੜੇ ਦਾ ਦਲੀਆ

ਰੂਸੀ ਪਰੀ-ਕਹਾਣੀ



ਇਕ ਵਾਰ ਦੀ ਗਲ ਏ, ਇਕ ਬੁੱਢਾ ਫ਼ੌਜੀ ਛੁੱਟੀ ਮਨਾਣ ਲਈ ਘਰ ਜਾ ਰਿਹਾ ਸੀ, ਤੇ ਥਕਿਆ ਉਹ ਬਹੁਤ ਹੋਇਆ ਸੀ ਤੇ ਭੁਖ ਉਹਨੂੰ ਡਾਢੀ ਲਗੀ ਹੋਈ ਸੀ। ਉਹ ਇਕ ਪਿੰਡ ਅਪੜਿਆ ਤੇ ਉਹਨੇ ਪਹਿਲੀ ਹੀ ਝੁੱਗੀ ਦਾ ਬੂਹਾ ਜਾ ਖੜਕਾਇਆ।

"ਰਾਹੀ ਨੇ ਰਾਤ ਕਟਣੀ ਏ," ਉਹਨੇ ਆਖਿਆ।

ਬੂਹਾ ਇਕ ਬੁੱਢੀ ਤੀਵੀਂ ਨੇ ਖੋਲ੍ਹਿਆ।

"ਅੰਦਰ ਲੰਘ ਆ, ਫ਼ੌਜੀਆ," ਉਹਨੇ ਸੱਦਾ ਦਿਤਾ।

"ਮਾਲਕਨੇਂ, ਭੁੱਖੇ ਲਈ ਗਰਾਹੀ ਰੋਟੀ ਹੈ ਈ?" ਫ਼ੌਜੀ ਨੇ ਪੁਛਿਆ।

ਏਧਰ ਬੁੱਢੀ ਕੋਲ ਹੈ ਸਾਰਾ ਕੁਝ ਚੰਗਾ-ਚੋਖਾ ਸੀ, ਪਰ ਉਹ ਸੀ ਕੰਜੂਸ ਤੇ ਬਹੁਤ ਹੀ ਗਰੀਬੜੀ ਬਣ-ਬਣ ਬਹਿੰਦੀ ਸੀ।

"ਭਲਿਆ ਲੋਕਾ, ਅਜ ਤਾਂ ਮੈਂ ਆਪ ਵੀ ਕੁਝ ਨਹੀਂ ਖਾਧਾ, ਵਿਚਾਰੀ ਮੈਂ, ਘਰ 'ਚ ਹੈ ਈ ਕੁਝ ਨਹੀਂ," ਉਹ ਕੁਰਲਾਣ ਲਗੀ।

"ਠੀਕ ਏ, ਜੇ ਤੇਰੇ ਕੋਲ ਕੁਝ ਨਹੀਂ, ਤਾਂ ਕੁਝ ਨਹੀਂ," ਫ਼ੌਜੀ ਨੇ ਆਖਿਆ। ਫੇਰ ਬੈਂਚ ਥੱਲੇ ਪਿਆ ਹੱਥੀਉਂ ਬਿਨਾਂ ਇਕ ਕੁਹਾੜਾ ਵੇਖ ਉਹ ਕਹਿਣ ਲਗਾ: "ਜੇ ਕੋਈ ਹੋਰ ਚੀਜ਼ ਨਹੀਂ ਹੈਗੀ, ਤਾਂ ਅਸੀਂ ਓਸ ਕੁਹਾੜੇ ਦਾ ਦਲੀਆ ਬਣਾ ਲੈਨੇ ਆਂ।"

ਬੁੱਢੀ ਨੇ ਹੈਰਾਨੀ ਨਾਲ ਦੋਵੇਂ ਹਥ ਉਲਾਰ ਲਏ।

"ਕੁਹਾੜੇ ਦਾ ਦਲੀਆ? ਕਦੀ ਸੁਣਿਆ ਨਹੀਂ ਕਿਸੇ!"

"ਮੈਂ ਤੈਨੂੰ ਬਣਾ ਕੇ ਵਿਖਾਨਾਂ। ਬਸ ਮੈਨੂੰ ਇਕ ਤਾਂਬੀਆ ਦੇ ਦੇ।"

ਬੁੱਢੀ ਤਾਂਬੀਆ ਲੈ ਆਈ, ਤੇ ਫ਼ੌਜੀ ਨੇ ਕੁਹਾੜੇ ਨੂੰ ਧੋਤਾ, ਉਹਨੂੰ ਤਾਂਬੀਏ ਵਿਚ ਰਖਿਆ, ਤੇ ਤਾਂਬੀਏ ਨੂੰ ਪਾਣੀ ਨਾਲ ਭਰ ਕੇ ਚੁਲ੍ਹੇ ਉਤੇ ਚੜ੍ਹਾ ਦਿਤਾ।

ਬੁੱਢੀ ਨੇ ਫ਼ੌਜੀ ਉਤੇ ਟਕ ਲਾਈ ਰਖੀ, ਆਪਣੀ ਨਜ਼ਰ ਉਹਦੇ ਉਤੋਂ ਏਧਰ-ਓਧਰ ਨਾ ਹੋਣ ਦਿਤੀ।

ਫ਼ੌਜੀ ਨੇ ਇਕ ਕੜਛੀ ਕੱਢੀ ਤੇ ਪਾਣੀ ਨੂੰ ਹਿਲਾਇਆ ਤੇ ਫੇਰ ਉਹਨੂੰ ਚਖਿਆ।

'ਤਿਆਰ ਹੋ ਚਲਿਐ ਬਸ," ਉਹਨੇ ਆਖਿਆ। "ਜੇ ਰਤਾ ਕੁ ਲੂਣ ਲਭ ਪਏ ਨਾ।"

"ਹਾਂ, ਲੂਣ ਮੇਰੇ ਕੋਲ ਹੈਗਾ। ਔਹ ਵੇ ਖਾਂ, ਪਾ ਲੈ।"

ਫ਼ੌਜੀ ਨੇ ਪਾਣੀ ਵਿਚ ਕੁਝ ਲੂਣ ਪਇਆ ਤੇ ਇਕ ਵਾਰੀ ਫੇਰ ਚਖਿਆ।

"ਜੇ ਕਦੀ ਮੁਠ ਕੇ ਦਾਣੇ ਪਾ ਸਕਦੇ ਨਾ," ਉਹਨੇ ਆਖਿਆ।

ਬੁੱਢੀ ਰਸਦ ਵਾਲੀ ਥਾਂ ਤੋਂ ਦਾਣਿਆਂ ਦੀ ਇਕ ਗੁੱਥੀ ਚੁਕ ਲਿਆਈ।

"ਔਹ ਲੈ, ਜਿੰਨੀ ਮਰਜ਼ੀ ਆ ਪਾ ਲੈ," ਬੁੱਢੀ ਨੇ ਕਿਹਾ।

ਫ਼ੌਜੀ ਨੇ ਚਾੜ੍ਹਨ ਤੇ ਚਾੜ੍ਹੇ ਨੂੰ ਹਿਲਾਣ ਤੇ ਕਦੀ-ਕਦੀ ਚੱਖਣ ਦਾ ਕੰਮ ਜਾਰੀ ਰਖਿਆ। ਤੇ ਬੁੱਢੀ ਵੇਖਦੀ ਰਹੀ ਤੇ ਉਹਦੇ ਕੋਲੋਂ ਧਿਆਨ ਹੋਰ ਪਾਸੇ ਕੀਤਾ ਹੀ ਨਹੀਂ ਸੀ ਜਾ ਰਿਹਾ।

"ਵਾਹ, ਕਿੰਨਾ ਸੁਆਦਲਾ ਦਲੀਆ ਬਣਿਐ," ਦਲੀਏ ਦੀਆਂ ਸਿਫ਼ਤਾਂ ਕਰਦਿਆਂ, ਫ਼ੌਜੀ ਨੇ ਕਿਹਾ। "ਜੇ ਰਤਾ ਜਿਹਾ ਮੱਖਣ ਪੈ ਜਾਏ, ਤਾਂ ਏਸ ਤੋਂ ਸੁਆਦੀ ਚੀਜ਼ ਕਦੀ ਕੋਈ ਬਣੀ ਨਹੀਂ ਹੋਣੀ।"

ਬੁੱਢੀ ਨੇ ਕੁਝ ਮੱਖਣ ਵੀ ਲਭ ਲਿਆਂਦਾ, ਤੇ ਉਹਨਾਂ ਦਲੀਏ ਵਿਚ ਪਾ ਦਿਤਾ।

"ਤੇ ਹੁਣ, ਮਾਲਕਣੇਂ, ਚਮਚਾ ਲੈ ਆ, ਤੇ ਆ ਜਾ ਖਾਈਏ!" ਫ਼ੌਜੀ ਨੇ ਆਖਿਆ।

ਉਹ ਦਲੀਆ ਖਾਂਦੇ ਜਾਣ ਤੇ ਉਹਦੀਆਂ ਸਿਫ਼ਤਾਂ ਕਰਦੇ ਜਾਣ।

"ਮੈਨੂੰ ਨਹੀਂ ਸੀ ਖ਼ਿਆਲ, ਕੁਹਾੜੇ ਦਾ ਦਲੀਆ ਵੀ ਏਨਾ ਸੁਆਦੀ ਬਣਦੈ।" ਬੁੱਢੀ ਨੇ ਦੰਗ ਹੁੰਦਿਆਂ ਆਖਿਆ।

ਤੇ ਫ਼ੌਜੀ ਖਾਂਦਾ ਰਿਹਾ ਤੇ ਅੰਦਰ ਹੀ ਅੰਦਰ ਹਸਦਾ ਰਿਹਾ।

# ਸੁਰੰਗ-ਸਲੇਟੀ

**ਰੂਸੀ ਪਰੀ-ਕਹਾਣੀ**



ਇਕ ਵਾਰੀ ਦੀ ਗਲ ਏ, ਇਕ ਬੁੱਢਾ ਆਦਮੀ ਹੁੰਦਾ ਸੀ, ਜਿਹਦੇ ਤਿੰਨ ਪੁਤਰ ਸਨ। ਦੋਵੇਂ ਵੱਡੇ ਪੁਤਰ ਚੰਗੇ ਨਿਵਾਜੇ ਹੋਏ ਨੌਜਵਾਨ ਸਨ, ਉਹਨਾਂ ਨੂੰ ਸੁਹਣੇ ਕਪੜੇ ਪਾਣ ਦਾ ਸ਼ੌਕ ਸੀ ਤੇ ਵਾਹੀ ਦਾ ਕੰਮ ਸੰਜਮ ਨਾਲ ਕਰ ਸਕਣ ਦੀ ਜਾਚ ਸੀ, ਪਰ ਸਭ ਤੋਂ ਛੋਟੇ ਪੁੱਤਰ, ਮੂਰਖ ਈਵਾਨ, ਵਿਚ ਇਹੋ ਜਿਹੀ ਕੋਈ ਗਲ ਨਹੀਂ ਸੀ। ਉਹ ਬਹੁਤਾ ਵਕਤ ਘਰ ਹੀ ਚੁਲ੍ਹੇ ਦੇ ਉਤੇ ਬੈਠ ਬਿਤਾਂਦਾ ਤੇ ਜੇ ਬਾਹਰ ਨਿਕਲਦਾ ਤਾਂ ਜੰਗਲ ਵਿਚੋਂ ਖੁੰਬਾਂ ਇਕੱਠੀਆਂ ਕਰਦਾ ਰਹਿੰਦਾ।

ਜਦੋਂ ਬੁਢੇ ਆਦਮੀ ਦੇ ਪੂਰੇ ਹੋਣ ਦਾ ਵੇਲਾ ਆਇਆ, ਉਹਨੇ ਆਪਣੇ ਪੁੱਤਰਾਂ ਨੂੰ ਕੋਲ ਸਦਿਆ ਤੇ ਕਿਹਾ :

''ਜਦੋਂ ਮੈਂ ਮਰ ਜਾਵਾਂ, ਤਿੰਨ ਦਿਨ ਰੋਜ਼ ਰਾਤੀਂ ਮੇਰੀ ਕਬਰ 'ਤੇ ਆਣਾ ਤੇ ਮੇਰੇ ਖਾਣ ਲਈ ਕੁਝ ਰੋਟੀ ਲਿਆਣਾ।''

ਬੁੱਢਾ ਪੂਰਾ ਹੋ ਗਿਆ ਤੇ ਉਹਨੂੰ ਦਬ ਦਿਤਾ ਗਿਆ, ਤੇ ਉਸ ਰਾਤੀਂ ਸਭ ਤੋਂ ਵਡੇ ਭਰਾ ਦੀ ਉਹਦੀ ਕਬਰ ਤੇ ਜਾਣ ਦੀਂ ਵਾਰੀ ਆ ਗਈ। ਪਰ ਉਹਨੂੰ ਬਹੁਤ ਹੀ ਸੁਸਤੀ ਚੜ੍ਹੀ ਹੋਈ ਸੀ ਜਾਂ ਸ਼ਾਇਦ ਉਹਨੂੰ ਏਨਾ ਡਰ ਲਗਦਾ ਸੀ ਕਿ ਉਹਦੇ ਤੋਂ ਜਾਇਆ ਹੀ ਨਹੀਂ ਸੀ ਜਾ ਸਕਦਾ, ਤੇ ਉਹ ਮੂਰਖ ਈਵਾਨ ਨੂੰ ਕਹਿਣ ਲਗਾ :

"ਈਵਾਨ, ਜੇਂ ਅਜ ਰਾਤੀਂ ਬਾਪੂ ਦੀ ਕਬਰ 'ਤੇ ਮੇਰੀ ਥਾਂ ਤੂੰ ਚਲਾ ਜਾਏਂ, ਤਾਂ ਮੈਂ ਤੈਨੂੰ ਸ਼ਹਿਦ ਵਾਲਾ ਕੇਕ ਲੈ ਦਿਆਂਗਾ।"

ਈਵਾਨ ਫਟਾਫਟ ਮੰਨ ਗਿਆ, ਉਹਨੇ ਕੁਝ ਰੋਟੀ ਫੜੀ ਤੇ ਆਪਣੇ ਬਾਪੂ ਦੀ ਕਬਰ 'ਤੇ ਜਾ ਪਹੁੰਚਿਆ। ਉਹ ਕਬਰ ਕੋਲ ਬਹਿ ਗਿਆ ਤੇ ਇਹ ਵੇਖਣ ਲਈ ਉਡੀਕਣ ਲਗਾ ਕਿ ਕੀ ਹੁੰਦਾ ਏ। ਜਦੋਂ ਅੱਧੀ ਰਾਤ ਹੋਈ, ਮਿਟੀ ਦੋਫਾੜ ਹੋ ਗਈ ਤੇ ਬੁੱਢਾ ਬਾਪੂ ਕਬਰ ਵਿਚੋਂ ਉਠ ਖਲੋਤਾ ਤੇ ਕਹਿਣ ਲਗਾ:

"ਕੌਣ ਏਂ? ਤੂੰ ਏਂ, ਮੇਰੇ ਪਲੇਠੀ ਦਿਆ ਪੁਤਰਾ? ਦਸ ਰੂਸ ਦਾ ਕੀ ਹਾਲ ਏ: ਕੁੱਤੇ ਭੌਂਕ ਰਹੇ ਨੇ, ਬਘਿਆੜ ਚਾਂਗਰ ਰਹੇ ਨੇ ਜਾਂ ਮੇਰਾ ਬੱਚਾ ਰੋ ਰਿਹੈ?"

ਤੇ ਈਵਾਨ ਨੇ ਜਵਾਬ ਦਿਤਾ:

"ਮੈਂ ਵਾਂ, ਤੁਹਾਡਾ ਪੁੱਤਰ, ਬਾਪੂ ਜੀ। ਰੂਸ 'ਚ ਅਮਨ-ਅਮਾਣ ਏ।"

ਤਾਂ ਬਾਪੂ ਨੇ ਈਵਾਨ ਦੀ ਲਿਆਂਦੀ ਰੋਟੀ ਢਿਡ ਭਰ ਕੇ ਖਾਧੀ ਤੇ ਫੇਰ ਆਪਣੀ ਕਬਰ ਵਿਚ ਲੇਟ ਗਿਆ। ਤੇ ਈਵਾਨ, ਰਾਹ ਵਿਚ ਖੁੰਬਾਂ ਇੱਕਠੀਆਂ ਕਰਨ ਲਈ ਅਟਕਦਾ-ਅਟਕਾਂਦਾ, ਘਰ ਨੂੰ ਹੋ ਪਿਆ।

ਜਦੋਂ ਉਹ ਘਰ ਪਹੁੰਚਿਆ, ਉਹਦੇ ਸਭ ਤੋਂ ਵਡੇ ਭਰਾ ਨੇ ਪੁਛਿਆ:

"ਬਾਪੂ ਮਿਲਿਆ ਸਾਈ?"

"ਆਹਖੋ, ਮਿਲੇ ਸਨ," ਈਵਾਨ ਨੇ ਜਵਾਬ ਦਿਤਾ।

"ਜਿਹੜੀ ਰੋਟੀ ਲੈ ਗਿਆ ਸੈਂ, ਖਾਧੀ ਸੀ ਉਹਨੇ?"

"ਆਹਖੋ, ਢਿਡ ਭਰ ਕੇ ਖਾਧੀ ਸਾਨੇਂ।"

ਇਕ ਦਿਨ ਹੋਰ ਲੰਘ ਗਿਆ, ਤੇ ਹੁਣ ਦੂਜੇ ਭਰਾ ਦੀ ਕਬਰ 'ਤੇ ਜਾਣ ਦੀ ਵਾਰੀ ਸੀ। ਪਰ ਉਹਨੂੰ ਬਹੁਤ ਹੀ ਸੁਸਤੀ ਚੜ੍ਹੀ ਹੋਈ ਸੀ ਜਾਂ ਸ਼ਾਇਦ ਉਹਨੂੰ ਏਨਾ ਡਰ ਲਗਦਾ ਸੀ ਕਿ ਉਹਦੇ ਤੋਂ ਜਾਇਆ ਹੀ ਨਹੀਂ ਸੀ ਜਾ ਸਕਦਾ, ਤੇ ਉਹ ਈਵਾਨ ਨੂੰ ਕਹਿਣ ਲਗਾ:

"ਈਵਾਨ, ਜੇ ਤੂੰ ਕਦੀ ਮੇਰੀ ਥਾਂ ਚਲਾ ਜਾਏਂ, ਤਾਂ ਮੈਂ ਤੈਨੂੰ ਦਰਖ਼ਤ ਦੀ ਛਿਲ ਦੇ ਬੂਟ ਬਣਾ ਦਿਆਂਗਾ।"

"ਠੀਕ ਏ," ਈਵਾਨ ਨੇ ਕਿਹਾ, "ਮੈਂ ਚਲਾ ਜਾਵਾਂਗਾ।"

ਉਹਨੇ ਕੁਝ ਰੋਟੀ ਫੜੀ, ਬਾਪੂ ਦੀ ਕਬਰ 'ਤੇ ਜਾ ਪਹੁੰਚਿਆ ਤੇ ਬਹਿ ਕੇ ਉਡੀਕਣ ਲਗਾ। ਜਦੋਂ ਅੱਧੀ ਰਾਤ ਹੋਈ, ਮਿੱਟੀ ਦੋਫਾੜ ਹੋ ਗਈ, ਬੁਢਾ ਬਾਪੂ ਕਬਰ ਵਿਚੋਂ ਉਠ ਖਲੋਤਾ ਤੇ ਬੋਲਿਆ:

"ਕੌਣ ਏਂ? ਤੂੰ ਏਂ, ਮੇਰੇ ਦੂਜੇ ਪੁਤਰਾ? ਦਸ ਰੂਸ ਦਾ ਕੀ ਹਾਲ ਏ: ਕੁੱਤੇ ਭੌਂਕ ਰਹੇ ਨੇ, ਬਘਿਆੜ ਚਾਂਗਰ ਰਹੇ ਨੇ ਜਾਂ ਮੇਰਾ ਬੱਚਾ ਰੋ ਰਿਹੈ?"

ਤੇ ਈਵਾਨ ਨੇ ਜਵਾਬ ਦਿਤਾ:

"ਮੈਂ ਵਾਂ, ਤੁਹਾਡਾ ਪੁੱਤਰ, ਬਾਪੂ ਜੀ। ਰੂਸ 'ਚ ਅਮਨ-ਅਮਾਣ ਏ।"

ਤਾਂ ਬਾਪੂ ਨੇ ਈਵਾਨ ਦੀ ਲਿਆਂਦੀ ਰੋਟੀ ਢਿਡ ਭਰ ਕੇ ਖਾਧੀ ਤੇ ਫੇਰ ਆਪਣੀ ਕਬਰ ਵਿਚ ਲੇਟ ਗਿਆ। ਤੇ ਈਵਾਨ ਰਾਹ ਵਿਚ ਖੁੰਬਾਂ ਇਕੱਠੀਆਂ ਕਰਨ ਲਈ ਅਟਕਦਾ-ਅਟਕਾਂਦਾ, ਘਰ ਨੂੰ ਹੋ ਪਿਆ। ਉਹ ਘਰ ਪਹੁੰਚਿਆ ਤੇ ਉਹਦਾ ਦੂਜਾ ਭਰਾ ਉਹਨੂੰ ਪੁੱਛਣ ਲਗਾ:

"ਜਿਹੜੀ ਰੋਟੀ ਲੈ ਗਿਆ ਸੈਂ, ਬਾਪੂ ਨੇ ਖਾਧੀ ਸੀ ਉਹ?"

"ਆਹਖੋ," ਈਵਾਨ ਨੇ ਜਵਾਬ ਦਿਤਾ। "ਢਿਡ ਭਰ ਕੇ ਖਾਧੀ ਸਾਨੇਂ।"

ਤੀਜੀ ਰਾਤ ਨੂੰ ਕਬਰ 'ਤੇ ਜਾਣ ਦੀ ਈਵਾਨ ਦੀ ਵਾਰੀ ਸੀ ਤੇ ਉਹਨੇ ਆਪਣੇ ਭਰਾਵਾਂ ਨੂੰ ਆਖਿਆ :

"ਦੋ ਰਾਤਾਂ ਬਾਪੂ ਦੀ ਕਬਰ 'ਤੇ ਮੈਂ ਜਾਂਦਾ ਰਿਹਾਂ। ਹੁਣ ਜਾਣ ਦੀ ਵਾਰੀ ਤੁਹਾਡੀ ਏ ਤੇ ਮੈਂ ਘਰ ਰਹਾਂਗਾ ਤੇ ਆਰਾਮ ਕਰਾਂਗਾ।"

"ਨਹੀਂ, ਨਹੀਂ," ਭਰਾਵਾਂ ਨੇ ਜਵਾਬ ਦਿਤਾ। "ਤੈਨੂੰ ਈ ਜਾਣਾ ਚਾਹੀਦੈ, ਈਵਾਨ, ਏਸ ਲਈ ਕਿ ਤੈਨੂੰ ਜਾਚ ਆ ਗਈ ਏ।"

"ਬਹੁਤ ਹੱਛਾ," ਈਵਾਨ ਮੰਨ ਗਿਆ, "ਮੈਂ ਚਲਾ ਜਵਾਂਗਾ।"

ਉਹਨੇ ਕੁਝ ਰੋਟੀ ਫੜੀ ਤੇ ਕਬਰ 'ਤੇ ਜਾ ਪਹੁੰਚਿਆ ਤੇ ਜਦੋਂ ਅੱਧੀ ਰਾਤ ਹੋਈ, ਮਿੱਟੀ ਦੋਫਾੜ ਹੋ ਗਈ ਤੇ ਬੁੱਢਾ ਬਾਪੂ ਕਬਰ ਵਿਚੋਂ ਉਠ ਖਲੋਤਾ।

"ਕੌਣ ਏ?" ਉਹਨੇ ਆਖਿਆ। "ਤੂੰ ਏਂ, ਈਵਾਨ, ਮੇਰੇ ਤੀਜੇ ਪੁਤਰਾ? ਦਸ ਰੂਸ ਦਾ ਕੀ ਹਾਲ ਏ : ਕੁੱਤੇ ਭੌਂਕ ਰਹੇ ਨੇ, ਬਘਿਆੜ ਚਾਂਗਰ ਰਹੇ ਨੇ ਜਾਂ ਮੇਰਾ ਬੱਚਾ ਰੋ ਰਿਹੈ?"

ਤੇ ਈਵਾਨ ਨੇ ਜਵਾਬ ਦਿਤਾ :

"ਮੈਂ ਵਾਂ, ਬਾਪੂ ਜੀ, ਤੁਹਾਡਾ ਪੁੱਤਰ ਈਵਾਨ। ਰੂਸ 'ਚ ਅਮਨ-ਅਮਾਨ ਏ।"

"ਈਵਾਨ, ਤੂੰ ਈ ਏਂ, ਜਿਨ੍ਹੇ ਮੇਰਾ ਹੁਕਮ ਮੰਨਿਐਂ। ਤੂੰ ਨਹੀਂ ਡਰਿਆ, ਤਿੰਨ ਰਾਤਾਂ ਮੇਰੀ ਕਬਰ ਤੇ ਆਉਣ ਤੋਂ। ਹੁਣ ਤੂੰ ਖੁਲ੍ਹੇ ਮੈਦਾਨ 'ਚ ਜਾ ਖਲੋ ਤੇ ਉਚੀ ਸਾਰੀ ਬੋਲ : 'ਸੁਰੰਗ-ਸਲੇਟੀ, ਸੁਣ, ਕਰ ਛੇਤੀ! ਤੈਨੂੰ ਸੱਦਾਂ ਇਤ, ਮੰਨ ਜਾਂ ਮਿਟ!' ਜਦੋਂ ਘੋੜਾ ਤੇਰੇ ਸਾਹਮਣੇ ਆਵੇ, ਚੜ੍ਹ ਕੇ ਉਹਦੇ ਸੱਜੇ ਕੰਨ 'ਚ ਵੜ ਜਾਈਂ ਤੇ ਖੱਬੇ 'ਚੋਂ ਨਿਕਲ ਆਈਂ, ਤੇ ਤੂੰ ਏਨਾ ਸੁਹਣਾ ਗਭਰੂ ਬਣ ਕੇ ਨਿਕਲੇਂਗਾ, ਜਿੰਨਾ ਸੁਹਣਾ ਕਦੀ ਕਿਸੇ ਵੇਖਿਆ ਹੋਣੈਂ। ਫੇਰ ਘੋੜੇ ਤੇ ਬਹਿ ਜਾਈਂ ਤੇ ਜਿਥੇ ਦਿਲ ਕਰਦਾ ਈ, ਚਲਾ ਜਾਈਂ।"

ਈਵਾਨ ਨੇ ਬਾਪੂ ਦੀ ਦਿਤੀ ਲਗਾਮ ਫੜ ਲਈ, ਉਹਦਾ ਸ਼ੁਕਰੀਆ ਅਦਾ ਕੀਤਾ, ਤੇ ਰਾਹ ਵਿਚ ਖੁੰਬਾਂ ਇਕੱਠੀਆਂ ਕਰਨ ਲਈ ਅਟਕਦਾ-ਅਟਕਾਂਦਾ ਘਰ ਵਲ ਨੂੰ ਹੋ ਪਿਆ। ਉਹ ਘਰ ਪਹੁੰਚਿਆ ਤੇ ਉਹਦੇ ਭਰਾਵਾਂ ਨੇ ਉਹਨੂੰ ਪੁਛਿਆ :

"ਬਾਪੂ ਮਿਲਿਆ ਸਾਈ?"

"ਆਹਖੋ, ਮਿਲੇ ਸਨ," ਈਵਾਨ ਨੇ ਜਵਾਬ ਦਿਤਾ।

"ਜਿਹੜੀ ਰੋਟੀ ਲੈ ਗਿਆ ਸੈਂ, ਖਾਧੀ ਸੀ ਉਹਨੇ?"

"ਆਹਖੋ, ਢਿਡ ਭਰ ਕੇ ਖਾਧੀ ਸਾਨੇਂ ਤੇ ਮੈਨੂੰ ਆਖਿਆ ਸਾਨੇਂ, ਹੁਣ ਫੇਰ ਉਹਨਾਂ ਦੀ ਕਬਰ 'ਤੇ ਨਾ ਆਵਾਂ।"

ਤੇ, ਐਨ ਉਹਨੀਂ ਹੀ ਦਿਨੀਂ ਜ਼ਾਰ ਨੇ ਢੰਡੋਰਾ ਫਿਰਵਾਇਆ ਕਿ ਸਾਰੇ ਭਲੇ, ਅਣ-ਵਿਆਹੇ ਨੌਜਵਾਨ ਉਹਦੇ ਦਰਬਾਰ ਵਿਚ ਇਕੱਠੇ ਹੋਣ। ਜ਼ਾਰ ਦੀ ਧੀ, ਜ਼ਾਰਜ਼ਾਦੀ ਸੁੰਦਰੀ, ਨੇ ਆਪਣੇ ਲਈ ਬਾਰਾਂ ਥੰਮਿਆਂ ਤੇ ਸ਼ਾਹਬਲੂਤ ਦੀਆਂ ਬਾਰਾਂ ਗੋਲੀਆਂ ਵਾਲਾ ਇਕ ਮਹਿਲ ਬਣਵਾਇਆ ਸੀ। ਤੇ ਉਹਦੇ ਵਿਚ ਉਹਨੇ ਸਭ ਤੋਂ ਉਪਰ ਵਾਲੇ ਕਮਰੇ ਦੀ ਬਾਰੀ ਵਿਚ ਬਹਿਣਾ ਸੀ ਤੇ ਓਸ ਜਣੇ ਨੂੰ ਉਡੀਕਣਾ ਸੀ ਜਿਹੜਾ ਘੋੜੇ ਦੀ ਅਸਵਾਰੀ ਕਰਦਾ ਉਹਦੀ ਬਾਰੀ ਜਿੰਨੀ ਉਚੀ ਛਾਲ ਮਾਰ ਲਵੇ ਤੇ ਉਹਦੇ ਬੁਲ੍ਹਾਂ ਨੂੰ ਚੁੰਮ ਲਵੇ। ਉਹਨੂੰ, ਜਿਹੜਾ ਇਹ ਕੁਝ ਕਰਨ ਵਿਚ ਕਾਮਯਾਬ ਹੋ ਜਾਂਦਾ, ਭਾਵੇਂ ਉਹ ਉਚੇ ਘਰਾਣੇ ਦਾ ਜੰਮਪਲ ਹੁੰਦਾ ਜਾਂ ਨੀਵੇਂ ਘਰਾਣੇ ਦਾ, ਜ਼ਾਰ ਨੇ ਆਪਣੀ ਧੀ, ਜ਼ਾਰਜ਼ਾਦੀ ਸੁੰਦਰੀ, ਦਾ ਡੋਲਾ ਦੇ ਦੇਣਾ ਸੀ ਤੇ ਨਾਲੇ ਆਪਣਾ ਅੱਧਾ ਰਾਜ।

ਇਹਦੀ ਖਬਰ ਈਵਾਨ ਦੇ ਭਰਾਵਾਂ ਦੇ ਕੰਨੀਂ ਵੀ ਪਈ, ਤੇ ਉਹਨਾਂ ਆਪੋ ਵਿਚ ਕਿਸਮਤ ਅਜ਼ਮਾਣ ਦਾ ਮਤਾ ਪਕਾ ਲਿਆ।

ਉਹਨਾਂ ਆਪਣੇ ਸੁਹਣੇ ਘੋੜਿਆਂ ਨੂੰ ਜਵੀ ਚਰਾਈ ਤੇ ਉਹਨਾਂ ਨੂੰ ਤਬੇਲਿਆਂ ਤੋਂ ਕਢ ਲਿਆ, ਤੇ ਉਹਨਾਂ ਆਪ ਆਪਣੇ ਸਭ ਤੋਂ ਸੁਹਣੇ ਕਪੜੇ ਪਾ ਲਏ ਤੇ ਆਪਣੇ ਕੁੰਡਲਾਂ ਵਾਲੇ ਛਤਿਆਂ ਨੂੰ ਕੰਘੀ ਕਰ ਲਈ। ਤੇ ਈਵਾਨ ਨੇ, ਜਿਹੜਾ ਚਿਮਨੀ ਦੇ ਪਿਛੇ ਵਲ ਚੁਲ੍ਹੇ ਦੇ ਉਤੇ ਬੈਠਾ ਸੀ, ਉਹਨਾਂ ਨੂੰ ਆਖਿਆ:

"ਭਰਾਵੋ, ਭਰਾਵੋ, ਮੈਨੂੰ ਵੀ ਨਾਲ ਲੈ ਜਾਵੋ, ਤੇ ਮੈਨੂੰ ਵੀ ਕਿਸਮਤ ਅਜ਼ਮਾ ਕੇ ਵੇਖ ਲੈਣ ਦਿਓ।"

"ਵਾਹ ਓਏ ਚੁਲ੍ਹੇ ਦੇ ਲੜ-ਲਗਿਆ ਮੂਰਖਾ!" ਉਹਦੇ ਭਰਾ ਹੱਸੇ। "ਜੇ ਸਾਡੇ ਨਾਲ ਗਿਆ ਤਾਂ ਲੋਕ ਖਿੱਲੀ ਹੀ ਉਡਾਣਗੇ ਨੀ। ਜਾ, ਜਾ ਕੇ ਜੰਗਲ 'ਚੋਂ ਖੁੰਬਾਂ ਲਭ।"

ਭਰਾ ਆਪਣੇ ਘੋੜਿਆਂ ਉਤੇ ਬਹਿ ਗਏ, ਉਹਨਾਂ ਆਪਣੇ ਟੋਪ ਫਬਾ ਲਏ, ਸੀਟੀ ਮਾਰੀ ਤੇ ਜੈਕਾਰਾ ਲਾਇਆ ਤੇ ਧੂੜ ਦਾ ਬੱਦਲ ਉਡਾਂਦਿਆਂ ਘੋੜਿਆਂ ਨੂੰ ਸੜਕ ਵਲ ਦੁੜਕੀਏ ਪਾ ਦਿਤਾ। ਈਵਾਨ ਨੇ ਬਾਪੂ ਦੀ ਦਿਤੀ ਲਗਾਮ ਫੜੀ, ਬਾਹਰ ਖੁਲ੍ਹੇ ਮੈਦਾਨ ਵਿਚ ਨਿਕਲ ਆਇਆ ਤੇ, ਜਿਵੇਂ ਉਹਦੇ ਬਾਪੂ ਨੇ ਉਹਨੂੰ ਸਿਖਾਇਆ ਸੀ, ਉੱਚੀ ਸਾਰੀ ਬੋਲਿਆ:

"ਸੁਰੰਗ-ਸਲੇਟੀ, ਸੁਣ, ਕਰ ਛੇਤੀ! ਤੈਨੂੰ ਸੱਦਾਂ ਇਤ, ਮੰਨ ਜਾਂ ਮਿਟ!"

ਤੇ ਉਹ ਕੀ ਵੇਖਦਾ ਏ! ਇਕ ਘੋੜੇ ਕੀਤੀ ਧਾਈ, ਧਰਤ ਕੰਬਾਈ। ਉਹਦੀਆਂ ਨਾਸਾਂ ਵਿਚੋਂ ਲਾਟਾਂ ਨਿਕਲ ਰਹੀਆਂ ਸਨ ਤੇ ਉਹਦੇ ਕੰਨਾਂ ਵਿਚੋਂ ਧੂੰਏ ਦੇ ਬੱਦਲ ਵਗ ਰਹੇ ਸਨ। ਘੋੜਾ ਦੌੜਦਾ-ਦੌੜਦਾ ਈਵਾਨ ਕੋਲ ਪਹੁੰਚਿਆ, ਅਸਲੋਂ ਅਹਿਲ ਹੋ ਕੇ ਖਲੋ ਗਿਆ ਤੇ ਬੋਲਿਆ:

"ਈਵਾਨ, ਤੁਹਾਡੀ ਕੀ ਇੱਛਾ ਏ?"

ਈਵਾਨ ਨੇ ਘੋੜੇ ਦੀ ਧੌਣ ਉਤੇ ਥਾਪੜਾ ਦਿਤਾ, ਉਹਨੂੰ ਲਗਾਮ ਪਾਈ, ਉਹ ਉਹਦੇ ਸੱਜੇ ਕੰਨ ਵਿਚ ਚੜ੍ਹ ਗਿਆ ਤੇ ਉਹਦੇ ਖੱਬੇ ਕੰਨ ਵਿਚੋਂ ਨਿਕਲ ਆਇਆ। ਤਾਂ ਵੇਖੋ ਕੀ ਹੋਇਆ! ਉਹ ਏਨਾ ਸੁਹਣਾ ਗਭਰੂ ਬਣ ਨਿਕਲਿਆ, ਜਿੰਨਾ ਜਾਵੇ ਨਾ ਬੁਝਿਆ, ਜਾਵੇ ਨਾ ਮੰਨਿਆ, ਜਾਵੇ ਨਾ ਲਿਖਿਆ। ਉਹ ਸੁਰੰਗ-ਸਲੇਟੀ ਉਤੇ ਬਹਿ ਗਿਆ ਤੇ ਜ਼ਾਰ ਦੇ ਮਹਿਲ ਵਲ ਹੋ ਪਿਆ। ਸੁਰੰਗ-ਸਲੇਟੀ ਪੂਛ ਝੁਲਾਰ, ਹੋਇਆ ਪਹਾੜ, ਵਾਦੀਆਂ ਤੋਂ ਪਾਰ, ਉਸ ਘਰ, ਰੁਖ ਟੱਪੇ ਵਾਂਗ ਹਵਾ, ਹਫ਼ਤਾ ਜਾਂ ਦਿਨ ਭਜਦਾ ਗਿਆ।

ਜਦੋਂ ਅਖ਼ੀਰ ਈਵਾਨ ਦਰਬਾਰ ਵਿਚ ਪਹੁੰਚਿਆ, ਮਹਿਲ ਦਾ ਮੈਦਾਨ ਲੋਕਾਂ ਨਾਲ ਤੂੜਿਆ ਪਿਆ ਸੀ। ਬਾਰਾਂ ਥੰਮਿਆਂ ਤੇ ਗੋਲੀਆਂ ਦੀਆਂ ਬਾਰਾਂ ਪਾਲਾਂ ਵਾਲਾ ਮਹਿਲ ਖੜਾ ਸੀ, ਤੇ ਉਹਦੇ ਸਭ ਤੋਂ ਉਚੇ ਚੁਬਾਰੇ ਵਿਚ, ਆਪਣੇ ਕਮਰੇ ਦੀ ਬਾਰੀ ਵਿਚ, ਜ਼ਾਰਜ਼ਾਦੀ ਸੁੰਦਰੀ ਬੈਠੀ ਸੀ।

ਜ਼ਾਰ ਬਾਹਰ ਡਿਉਢੀ ਵਿਚ ਨਿਕਲਿਆ ਤੇ ਬੋਲਿਆ:

"ਭਲੇ ਨੌਜਵਾਨੋ, ਤੁਹਾਡੇ ਵਿਚੋਂ ਜਿਹੜਾ ਘੋੜੇ 'ਤੇ ਅਸਵਾਰੀ ਕਰਦਾ ਉਸ ਬਾਰੀ ਜਿੰਨੀ ਉਚੀ ਛਾਲ ਮਾਰ ਲਏਗਾ ਤੇ ਮੇਰੀ ਧੀ ਦੇ ਬੁਲ੍ਹਾਂ 'ਤੇ ਚੁੰਮਣ ਦੇ ਲਏਗਾ, ਉਹਨੂੰ ਮੇਰੀ ਧੀ ਦਾ ਡੋਲਾ ਦੇ ਦਿਤਾ ਜਾਵੇਗਾ ਤੇ ਨਾਲ ਮੇਰਾ ਅੱਧਾ ਰਾਜ।"

ਜ਼ਾਰਜ਼ਾਦੀ ਸੁੰਦਰੀ ਦੇ ਚਾਹਵਾਨ ਅੱਗੜ-ਪਿਛੱੜ ਘੋੜੇ ਦੁੜਾਂਦੇ ਆਏ ਤੇ ਉਹਨਾਂ ਕੁਦਾੜੇ ਤੇ ਛਾਲਾਂ ਮਾਰੀਆਂ, ਪਰ ਬਾਰੀ ਸੀ ਕਿ ਉਹਨਾਂ ਦੀ ਪਹੁੰਚ ਤੋਂ ਉਪਰ ਹੀ ਰਹੀ। ਬਾਕੀਆਂ ਦੇ ਨਾਲ-ਨਾਲ ਈਵਾਨ ਦੇ ਦੋਵਾਂ ਭਰਾਵਾਂ ਨੇ ਵੀ ਕੋਸ਼ਿਸ਼ ਕੀਤੀ, ਪਰ ਉਹ ਅਧ ਤਕ ਵੀ ਨਾ ਪਹੁੰਚ ਸਕੇ।

ਜਦੋਂ ਈਵਾਨ ਦੀ ਵਾਰੀ ਆਈ, ਉਹਨੇ ਸੁਰੰਗ-ਸਲੇਟੀ ਨੂੰ ਦੁੜਕੀਏ ਪਾ ਦਿਤਾ ਤੇ ਜੈਕਾਰਾ ਗਜਾਂਦਾ ਤੇ ਨਾਅਰਾ ਲਾਂਦਾ ਉਹ ਛਾਲ ਮਾਰ ਗੇਲੀਆਂ ਦੀ ਦੋ ਛਡ ਸਭ ਤੋਂ ਉਚੀ ਪਾਲ ਤਕ ਪਹੁੰਚ ਗਿਆ। ਉਹ ਫੇਰ ਆਇਆ ਤੇ ਛਾਲ ਮਾਰ ਗੇਲੀਆਂ ਦੀ ਇਕ ਛਡ ਸਭ ਤੋਂ ਉਚੀ ਪਾਲ ਤਕ ਪਹੁੰਚ ਗਿਆ। ਉਹਦੇ ਹਥ ਇਕ ਹੋਰ ਮੌਕਾ ਰਹਿ ਗਿਆ ਸੀ ਤੇ ਉਹ ਸੁਰੰਗ-ਸਲੇਟੀ ਨੂੰ ਓਦੋਂ ਤਕ ਕੁਦਾਂਦਾ ਤੇ ਘੁਮੇਟਣੀਆਂ ਦੇਂਦਾ ਰਿਹਾ, ਜਦੋਂ ਤਕ ਘੋੜਾ ਭੜਕ ਤੇ ਸ਼ੂਕਣ ਨਾ ਲਗ ਪਿਆ। ਫੇਰ, ਬਾਰੀ ਅਗੋਂ ਅਗ ਵਾਂਗ ਲੰਘਦਿਆਂ, ਉਹਨੇ ਬਹੁਤ ਉਚੀ ਛਾਲ ਮਾਰੀ ਤੇ ਜ਼ਾਰਜ਼ਾਦੀ ਸੁੰਦਰੀ ਦੇ ਸ਼ਹਿਦ-ਮਿੱਠੇ ਬੁਲ੍ਹ ਚੁੰਮ ਲਏ। ਤੇ ਜ਼ਾਰਜ਼ਾਦੀ ਨੇ ਆਪਣੀ ਮਹੁਰ ਵਾਲੀ ਮੁੰਦਰੀ ਉਹਦੇ ਮੱਥੇ ਉਤੇ ਮਾਰੀ ਤੇ ਉਹਦੇ ਉਤੇ ਆਪਣੀ ਮਹੁਰ ਲਾ ਦਿਤੀ।

ਲੋਕੀ ਕੂਕਾਂ ਮਾਰਨ ਲਗ ਪਏ:

"ਰੋਕਣਾ ਸੂ! ਫੜਨਾ ਸੂ!" ਪਰ ਈਵਾਨ ਤੇ ਉਹਦਾ ਘੋੜਾ ਧੂੜ ਦੇ ਬੱਦਲ ਵਿਚ ਅਲੋਪ ਹੋ ਗਏ।

ਛਾਲਾਂ ਮਾਰਦੇ ਉਹ ਖੁਲ੍ਹੇ ਮੈਦਾਨ ਵਿਚ ਆ ਗਏ, ਤੇ ਈਵਾਨ ਸੁਰੰਗ-ਸਲੇਟੀ ਦੇ ਖੱਬੇ ਕੰਨ ਵਿਚ ਚੜ੍ਹ ਗਿਆ ਤੇ ਉਹਦੇ ਸੱਜੇ ਕੰਨ ਵਿਚੋਂ ਨਿਕਲ ਆਇਆ, ਤੇ ਵੇਖੋ ਹੋਇਆ ਕੀ! ਉਹਦੀ ਫੇਰ ਆਪਣੀ ਅਸਲ ਸ਼ਕਲ ਹੋ ਗਈ। ਉਹਨੇ ਸੁਰੰਗ-ਸਲੇਟੀ ਨੂੰ ਖੁਲ੍ਹਾ ਛਡ ਦਿਤਾ, ਤੇ ਆਪ ਰਾਹ ਵਿਚ ਕੁਝ ਖੁੰਬਾਂ ਇੱਕਠੀਆਂ ਕਰਨ ਲਈ ਅਟਕਦਾ-ਅਟਕਾਂਦਾ, ਘਰ ਵਲ ਨੂੰ ਹੋ ਪਿਆ। ਉਹ ਘਰ ਵਿਚ ਵੜਿਆ, ਉਹਨੇ ਆਪਣੇ ਮੱਥੇ ਉਤੇ ਲੀਰ ਬੰਨ੍ਹ ਲਈ ਤੇ ਚੁਲ੍ਹੇ ਦੇ ਉਤੇ ਚੜ੍ਹ ਗਿਆ ਤੇ ਓਥੇ ਉਵੇਂ ਹੀ ਲੰਮਾ ਪੈ ਗਿਆ, ਜਿਵੇਂ ਉਹ ਪਹਿਲੋਂ ਪਿਆ ਹੋਇਆ ਸੀ।

ਹੌਲੀ-ਹੌਲੀ ਉਹਦੇ ਭਰਾ ਆਣ ਪੁੱਜੇ, ਤੇ ਉਹਨੂੰ ਦੱਸਣ ਲਗ ਪਏ, ਉਹ ਕਿਥੇ-ਕਿਥੇ ਗਏ ਸਨ ਤੇ ਉਹਨਾਂ ਕੀ-ਕੀ ਵੇਖਿਆ ਸੀ।

"ਜ਼ਾਰਜ਼ਾਦੀ ਦੇ ਚਾਹਵਾਨਾਂ ਦਾ ਸ਼ੁਮਾਰ ਨਹੀਂ ਸੀ, ਤੇ ਸੁਹਣੇ ਵੀ ਸਨ," ਉਹਨਾਂ ਦਸਿਆ।" ਪਰ ਇਕ ਸੀ, ਜਿਦ੍ਹੇ ਸਾਹਮਣੇ ਉਹ ਕੁਝ ਨਹੀਂ ਸਨ ਲਗਦੇ। ਉਹਨੇ ਆਪਣੇ ਸ਼ੂਕਰਦੇ ਘੋੜੇ 'ਤੇ ਜ਼ਾਰਜ਼ਾਦੀ ਦੀ ਬਾਰੀ ਜਿੰਨੀ ਉੱਚੀ ਛਾਲ ਮਾਰੀ ਤੇ ਉਹਦੇ ਬੁਲ੍ਹ ਚੁੰਮ ਲਏ। ਅਸੀਂ ਉਹਨੂੰ ਆਉਂਦਿਆਂ ਤਾਂ ਵੇਖਿਆ ਸੀ, ਪਰ ਜਾਂਦਿਆਂ ਨਹੀਂ ਵੇਖਿਆ।"

ਚਿਮਨੀ ਪਿਛੋਂ ਆਪਣੀ ਥਾਂ ਤੋਂ ਈਵਾਨ ਨੇ ਕਿਹਾ:

"ਤੁਸੀਂ ਸ਼ਾਇਦ ਮੈਨੂੰ ਵੇਖਿਆ ਹੋਵੇ।"

ਉਹਦੇ ਭਰਾਵਾਂ ਨੂੰ ਗੁੱਸਾ ਚੜ੍ਹ ਗਿਆ ਤੇ ਉਹ ਬੋਲ ਪਏ:

"ਬੇਵਕੂਫ਼! ਝੱਲੀਆਂ ਮਾਰ ਰਿਹੈ। ਬੈਠਾ ਰਹੁ ਚੁਲ੍ਹੇ ਉਤੇ ਤੇ ਖਾ ਆਪਣੀਆਂ ਖੁੰਬਾਂ।"

ਫੇਰ ਈਵਾਨ ਨੇ ਲੀਰ ਖੋਲ੍ਹੀ ਜਿਨ੍ਹੇ ਜ਼ਾਰਜ਼ਾਦੀ ਦੀ ਮਹੁਰ ਵਾਲੀ ਮੁੰਦਰੀ ਦਾ ਨਿਸ਼ਾਨ ਕਜਿਆ ਹੋਇਆ ਸੀ ਤੇ ਇਕਦਮ ਹੀ ਇਕ ਰੋਸ਼ਨ ਲੋ ਨਾਲ ਝੁੱਗੀ ਡਲਕ ਪਈ।

"ਓਏ ਬੇਵਕੂਫ਼ਾ, ਕੀ ਪਿਆ ਕਰਨੈਂ? ਘਰ ਨੂੰ ਅਗ ਲਾ ਕੇ ਰਹੇਂਗਾ!"

ਅਗਲੇ ਦਿਨ ਜ਼ਾਰ ਨੇ ਜ਼ਿਆਫ਼ਤ ਕੀਤੀ ਤੇ ਉਹਦੇ ਵਿਚ ਉਹਨੇ ਆਪਣੀ ਸਾਰੀ ਰਿਆਇਆ ਨੂੰ ਸਦਿਆ, ਕੀ ਜਾਗੀਰਦਾਰ ਤੇ ਨਵਾਬ ਤੇ ਕੀ ਆਮ ਲੋਕੀ, ਕੀ ਰਿਜ਼ਕਵਾਨ ਤੇ ਕੀ ਗਰੀਬ, ਕੀ ਜਵਾਨ ਤੇ ਕੀ ਬੁਢੇ। ਈਵਾਨ ਦੇ ਭਰਾ ਵੀ ਜ਼ਿਆਫ਼ਤ ਵਿਚ ਜਾਣ ਲਈ ਤਿਆਰ ਹੋਣ ਲਗੇ।

"ਭਰਾਵੋ, ਭਰਾਵੋ, ਮੈਨੂੰ ਨਾਲ ਲੈ ਜਾਵੋ," ਈਵਾਨ ਨੇ ਅਰਜ਼ੋਈ ਕੀਤੀ।

"ਕੀ ਕਿਹਾ ਈ?" ਉਹ ਹੱਸੇ। "ਸਾਰੇ ਖਿੱਲੀ ਈ ਉਡਾਣਗੇ ਨੀ। ਏਥੇ ਚੁਲ੍ਹੇ 'ਤੇ ਬੈਠਾ ਰਹੁ ਤੇ ਆਪਣੀਆਂ ਖੁੰਬਾਂ ਖਾ।"

ਫੇਰ ਭਰਾ ਆਪਣੇ ਸੁਹਣੇ ਘੋੜਿਆਂ ਉਤੇ ਬਹਿ ਗਏ ਤੇ ਦੂਰ ਨਿਕਲ ਗਏ, ਤੇ ਈਵਾਨ ਉਹਨਾਂ ਦੇ ਪਿਛੇ-ਪਿਛੇ ਪੈਦਲ ਟੁਰ ਪਿਆ। ਉਹ ਜ਼ਾਰ ਦੇ ਮਹਿਲ ਪਹੁੰਚ ਪਿਆ ਤੇ ਇਕ ਦੁਰਾਡੀ ਨੁਕਰੇ ਬੈਠ ਗਿਆ। ਤਾਂ ਜ਼ਾਰਜ਼ਾਦੀ ਸੁੰਦਰੀ ਨੇ ਸਭਨਾਂ ਮਹਿਮਾਨਾਂ ਦਾ ਚੱਕਰ ਕਢਣਾ ਸ਼ੁਰੂ ਕੀਤਾ। ਉਹ ਹਰ ਇਕ ਨੂੰ ਸ਼ਰਾਬ ਦੀ ਸੁਰਾਹੀ ਵਿਚੋਂ ਇਕ ਜਾਮ ਪਿਆਂਦੀ ਤੇ ਇਹ ਤੱਕਣ ਲਈ ਉਹਨਾਂ ਦੇ ਮੱਥੇ ਵੇਖਦੀ ਕਿ ਉਥੇ ਉਹਦੀ ਮੁਹਰ ਦਾ ਨਿਸ਼ਾਨ ਸੀ ਕਿ ਨਹੀਂ।

ਉਹਨੇ ਈਵਾਨ ਤੋਂ ਛੁਟ ਸਾਰਿਆਂ ਮਹਿਮਾਨਾਂ ਦਾ ਚੱਕਰ ਲਾ ਲਿਆ, ਤੇ ਜਦੋਂ ਉਹ ਉਹਦੇ ਕੋਲ ਅਪੜੀ, ਉਹਦਾ ਦਿਲ ਡੁੱਬਣ ਲਗਾ। ਉਹਨੇ ਈਵਾਨ ਵਲ ਤਕਿਆ। ਉਹ ਸਾਰੇ ਦਾ ਸਾਰੇ ਕਾਲਖ ਨਾਲ ਪੋਚਿਆ ਪਿਆ ਸੀ ਤੇ ਉਹਦੇ ਲੂ-ਕੰਢੇ ਖੜੇ ਸਨ।

ਜ਼ਾਰਜ਼ਾਦੀ ਸੁੰਦਰੀ ਨੇ ਕਿਹਾ:

"ਕੌਣ ਏ ਤੂੰ? ਕਿਥੋਂ ਆਇਆ ਏਂ? ਤੇ ਮੱਥਾ ਲੀਰ ਨਾਲ ਕਿਉਂ ਬੰਨ੍ਹਿਆ ਹੋਇਆ ਈ?"

"ਡਿੱਗਣ, 'ਤੇ ਸਟ ਲਗ ਗਈ ਸੀ," ਈਵਾਨ ਨੇ ਜਵਾਬ ਦਿਤਾ।

ਜ਼ਾਰਜ਼ਾਦੀ ਨੇ ਲੀਰ ਖੋਲ੍ਹੀ ਤੇ ਇਕਦਮ ਹੀ ਮਹਿਲ ਇਕ ਚਿਲਕਵੀਂ ਲਾਲੀ ਨਾਲ ਲਿਸ਼ਕ ਪਿਆ।

"ਇਹ ਵੇ ਮੇਰੀ ਮੁਹਰ!" ਉਹ ਕੂਕ ਉਠੀ। "ਇਹ ਜੇ ਮੇਰਾ ਮੰਗ।"

ਜ਼ਾਰ ਈਵਾਨ ਕੋਲ ਆਇਆ, ਉਹਨੇ ਉਹਦੇ ਵਲ ਵੇਖਿਆ ਤੇ ਕਹਿਣ ਲਗਾ:

"ਨਹੀਂ, ਨਹੀਂ, ਜ਼ਾਰਜ਼ਾਦੀਏ! ਇਹ ਨਹੀਂ ਹੋ ਸਕਦਾ ਤੇਰਾ ਮੰਗ! ਸਾਰਾ ਧੁਆਖਿਆ ਹੋਇਐ ਤੇ ਅਸਲੋਂ ਹੀ ਸਿੱਧਾ-ਸਾਦੈ।"

ਈਵਾਨ ਨੇ ਜ਼ਾਰ ਨੂੰ ਆਖਿਆ:

"ਜ਼ਾਰ, ਜ਼ਾਰ, ਮੈਨੂੰ ਮੂੰਹ ਧੋਣ ਦੀ ਆਗਿਆ ਦਿਓ।"

ਜ਼ਾਰ ਨੇ ਉਹਨੂੰ ਇੰਜ ਕਰਨ ਦੀ ਆਗਿਆ ਦੇ ਦਿਤੀ, ਤੇ ਈਵਾਨ ਇਹਾਤੇ ਵਿਚ ਆਇਆ ਤੇ ਉਚੀ ਸਾਰੀ ਬੋਲਿਆ, ਜਿਵੇਂ ਬੋਲਣਾ ਉਹਨੂੰ ਉਹਦੇ ਬਾਪੂ ਨੇ ਸਿਖਾਇਆ ਸੀ:

"ਸੁਰੰਗ-ਸਲੇਟੀ, ਸੁਣ, ਕਰ ਛੇਤੀ! ਤੈਨੂੰ ਸੱਦਾਂ ਇਤ, ਮੰਨ ਜਾਂ ਮਿਟ!"

ਤੇ ਉਹ ਕੀ ਵੇਖਦਾ ਏ! ਸੁਰੰਗ-ਸਲੇਟੀ ਉਹਦੇ ਵਲ ਛਾਲਾਂ ਮਾਰਦਾ ਆਇਆ। ਉਹਦੀਆਂ ਟਾਪਾਂ ਹੇਠ ਧਰਤ ਕੰਬ ਉਠੀ, ਉਹਦੀਆਂ ਨਾਸਾਂ ਵਿਚੋਂ ਲਾਟਾਂ ਨਿਕਲ ਰਹੀਆਂ ਸਨ ਤੇ ਉਹਦੇ ਕੰਨਾਂ ਵਿਚੋਂ ਧੂੰਏ ਦੇ ਬੱਦਲ ਵਗ ਰਹੇ ਸਨ। ਈਵਾਨ ਉਹਦੇ ਸੱਜੇ ਕੰਨ ਵਿਚ ਚੜ੍ਹ ਗਿਆ ਤੇ ਉਹਦੇ ਖੱਬੇ ਕੰਨ ਵਿਚੋਂ ਨਿਕਲ ਆਇਆ ਤੇ ਉਹ ਏਨਾ ਸੁਹਣਾ ਗਭਰੂ ਬਣ ਨਿਕਲਿਆ, ਜਿੰਨਾ ਜਾਵੇ ਨਾ ਬੁਝਿਆ, ਜਾਵੇ ਨਾ ਮੰਨਿਆ, ਜਾਵੇ ਨਾ ਲਿਖਿਆ। ਮਹਿਲ ਅੰਦਰਲੇ ਸਭ ਲੋਕਾਂ ਨੇ ਜਦੋਂ ਉਹਨੂੰ ਵੇਖਿਆ, ਉਹ ਵਾਹ-ਵਾਹ ਕਰ ਉਠੇ।

ਇਸ ਪਿਛੋਂ ਕੋਈ ਹੋਰ ਗਲ ਨਾ ਹੋਈ।

ਈਵਾਨ ਜ਼ਾਰਜ਼ਾਦੀ ਸੁੰਦਰੀ ਨਾਲ ਵਿਆਹਿਆ ਗਿਆ, ਤੇ ਵਿਆਹ ਦੀ ਖੁਸ਼ੀ ਮਨਾਉਣ ਲਈ ਰੰਗ-ਰਲੀਆਂ ਵਾਲੀ ਜ਼ਿਆਫ਼ਤ ਹੋਈ।

# ਕਿਸਾਨ-ਜਾਇਆ ਈਵਾਨ ਤੇ ਤਿੰਨ ਚੁਦੋ-ਯੁਦੋ

**ਰਸੀ ਪਰੀ-ਕਹਾਣੀ**





ਬੜੇ ਚਿਰਾਂ ਦੀ ਗਲ ਏ, ਕਿਸੇ ਜ਼ਾਰਸ਼ਾਹੀ ਵਿਚ ਜਾਂ ਕਿਸੇ ਬਾਦਸ਼ਾਹੀ ਵਿਚ, ਇਕ ਬੁੱਢਾ ਬੁੱਢੀ ਰਿਹਾ ਕਰਦੇ ਸਨ। ਉਹਨਾਂ ਦੇ ਤਿੰਨ ਪੁੱਤਰ ਸਨ, ਜਿਨ੍ਹਾਂ ਵਿਚੋਂ ਸਭ ਤੋਂ ਛੋਟੇ ਦਾ ਨਾਂ ਈਵਾਨ ਹੁੰਦਾ ਸੀ। ਉਹ ਵਿਹਲੇ ਨਾ ਬਹਿੰਦੇ, ਕਿਰਤ ਕਰਦੇ ਰਹਿੰਦੇ, ਸਵੇਰ ਤੋਂ ਸ਼ਾਮ ਤਕ ਵਾਹੀ ਕਰਦੇ, ਅਨਾਜ ਨਾਲ ਘਰ ਭਰਦੇ।

ਇਕ ਦਿਨ ਜ਼ਾਰਸ਼ਾਹੀ-ਬਾਦਸ਼ਾਹੀ ਵਿਚ ਇਹ ਚੰਦਰੀ ਖ਼ਬਰ ਧੁੰਮ ਗਈ ਕਿ ਦੈਂਤਾਂ ਦਾ ਦੈਂਤ, ਚੁਦੋ-ਯੁਦੋ, ਦੇਸ ਉਤੇ ਨਾਜ਼ਲ ਹੋਣ, ਸਭਨਾਂ ਲੋਕਾਂ ਨੂੰ ਮਾਰ ਮੁਕਾਣ ਤੇ ਸਭੋ ਸ਼ਹਿਰਾਂ ਤੇ ਪਿੰਡਾਂ ਨੂੰ ਫੂਕ ਛੱਡਣ ਦੀਆਂ ਗੋਂਦਾਂ ਗੁੰਦ ਰਿਹਾ ਸੀ। ਬੁੱਢੇ ਬੁੱਢੀ ਨੂੰ ਇਹਦਾ ਝੋਰਾ ਲਗ ਗਿਆ, ਤੇ ਉਹਨਾਂ ਨੂੰ ਧਰਵਾਸ ਦੇਣ ਦਾ ਜਤਨ ਕਰਦਿਆਂ, ਉਹਨਾਂ ਦੇ ਦੋ ਵਡੇ ਪੁੱਤਰ ਉਹਨਾਂ ਨੂੰ ਕਹਿਣ ਲਗੇ:

"ਬੇਬੇ, ਐਵੇਂ ਨਾ ਪਈ ਝੁਰ. ਬਾਪੂ, ਐਵੇਂ ਨਾ ਪਿਆ ਝੁਰ! ਅਸੀਂ ਦੈਂਤਾਂ ਦੇ ਦੈਂਤ, ਚੁਦੋ-ਯੁਦੋ, ਦਾ ਟਾਕਰਾ ਕਰਨ ਜਾਵਾਂਗੇ, ਤੇ ਲੜਾਈ 'ਚ ਉਹਨੂੰ ਪਾਰ ਬੁਲਾਵਾਂਗੇ! ਤੇ ਏਸ ਲਈ ਕਿ ਤੁਸੀਂ ਇਕਲਾਪੇ ਨਾ ਮਹਿਸੂਸ ਕਰੋ, ਈਵਾਨ ਤੁਹਾਡੇ ਕੋਲ ਰਹੇਗਾ। ਉਹ ਅਜੇ ਏਨਾ ਛੋਟਾ ਏ ਕਿ ਲੜਾਈ 'ਚ ਸਾਡੇ ਨਾਲ ਨਹੀਂ ਜਾ ਸਕਦਾ।"

"ਨਹੀਂ," ਈਵਾਨ ਨੇ ਆਖਿਆ। "ਮੈਂ ਨਹੀਂ ਚਾਹੁੰਦਾ, ਘਰ ਬੈਠਾ ਰਿਹਾਂ ਤੇ ਤੁਹਾਨੂੰ ਉਡੀਕਦਾ ਰਿਹਾਂ। ਮੈਂ ਵੀ ਚੁਦੋ-ਯੁਦੋ ਨਾਲ ਲੜਨ ਜਾਵਾਂਗਾ!"

ਤੇ ਬੁੱਢੇ ਬੁੱਢੀ ਨੇ ਉਹਨੂੰ ਜਾਣ ਤੋਂ ਹੋੜਨ ਦਾ ਜਤਨ ਨਾ ਕੀਤਾ, ਤੇ ਨਾ ਹੀ ਉਹਨਾਂ ਉਹਦੀ ਸਲਾ ਦੇ ਵਿਰੋਧ ਵਿਚ ਕੁਝ ਕਿਹਾ। ਉਹਨਾਂ ਆਪਣੇ ਤਿੰਨਾਂ ਪੁੱਤਰਾਂ ਨੂੰ ਸਫ਼ਰ ਲਈ ਤਿਆਰ ਕੀਤਾ, ਤੇ ਭਰਾਵਾਂ ਨੇ ਆਪਣੇ ਭਾਰੇ ਲਠ ਚੁਕ ਲਏ ਤੇ ਆਪਣੀਆਂ ਗੁੱਥੀਆਂ ਰੋਟੀ ਤੇ ਲੂਣ-ਸੂਣ ਨਾਲ ਭਰ ਲਈਆਂ, ਤੇ ਆਪਣੇ ਸੁਹਣੇ ਘੋੜਿਆਂ ਉਤੇ ਪਲਾਕੀ ਮਾਰ, ਚਲ ਪਏ।

ਉਹਨਾਂ ਨੂੰ ਰਾਹ ਵਿਚ ਬਹੁਤਾ ਚਿਰ ਲਗਾ ਜਾਂ ਥੋੜਾ, ਇਹਦੀ ਕਿਸੇ ਨੂੰ ਖਬਰ ਨਹੀਂ, ਪਰ ਅ ਜਾਂਦਿਆਂ-ਜਾਂਦਿਆਂ ਉਹਨਾਂ ਦਾ ਮੇਲ ਇਕ ਬੁੱਢੇ ਨਾਲ ਹੋਇਆ।

"ਸਾਹਬ ਸਲਾਮਤ, ਭਲੇ ਨੌਜਵਾਨੋ!" ਬੁੱਢੇ ਨੇ ਆਖਿਆ।

"ਸਾਹਬ ਸਲਾਮਤ, ਬਾਬਾ ਜੀ!"

"ਕਿੱਧਰ ਨੂੰ ਚੜ੍ਹਾਈਆਂ ਨੇ?"

"ਅਸੀਂ ਦੈਂਤਾਂ ਦੇ ਦੈਂਤ, ਚੁਦੋ-ਯੁਦੋ, ਨਾਲ ਲੜਨ, ਤੇ ਆਪਣੇ ਵਤਨ ਦੀ ਰਾਖੀ ਕਰਨ ਜਾ ਰਹੇ ਹਾਂ।"

"ਬੜੇ ਚੰਗੇ ਕੰਮ ਜਾ ਰਹੇ ਤੁਸੀਂ! ਗਲ ਸਿਰਫ਼ ਇਹ ਏ ਕਿ ਚੁਦੋ-ਯੁਦੋ ਨਾਲ ਲੜਾਈ 'ਚ ਲਠ ਨਹੀਂ ਕੰਮ ਆਉਣ ਲਗੇ, ਦਮਸ਼ਕ ਦੇ ਫ਼ੌਲਾਦ ਦੀਆਂ ਬਣੀਆਂ ਤੇਗ਼ਾਂ ਕੰਮ ਆਉਣਗੀਆਂ।"

"ਇਹ ਲਈਏ ਕਿਥੋਂ, ਬਾਬਾ ਜੀ?"

"ਇਹ ਤੁਹਾਨੂੰ ਮੈਂ ਦਸਨਾਂ। ਭਲੇ ਨੌਜਵਾਨੋ, ਘੋੜੇ ਸਿੱਧੇ ਲਈ ਜਾਓ, ਜਦੋਂ ਤਕ ਇਕ ਉਚੇ ਪਹਾੜ ਤਕ ਨਹੀਂ ਪਹੁੰਚ ਜਾਂਦੇ। ਤੇ ਓਸ ਪਹਾੜ 'ਚ ਇਕ ਬੜੀ ਡੂੰਘੀ ਗੁਫ਼ਾ ਏ, ਜਿਹਦੇ ਅੰਦਰ ਜਾਣ ਦਾ ਰਾਹ ਇਕ ਵਡੀ ਸਾਰੀ ਚਟਾਨ ਨੇ ਬੰਦ ਕੀਤਾ ਹੋਇਆ ਏ। ਚਟਾਨ ਨੂੰ ਇਕ ਪਾਸੇ ਸਿਰਕਾ ਦਿਓ, ਗੁਫ਼ਾ ਅੰਦਰ ਚਲੇ ਜਾਓ ਤੇ ਓਥੋਂ ਤੁਹਾਨੂੰ ਤੇਗ਼ਾਂ ਲਭ ਪੈਣਗੀਆਂ।"

ਭਰਾਵਾਂ ਨੇ ਬੁੱਢੇ ਦਾ ਸ਼ੁਕਰੀਆ ਅਦਾ ਕੀਤਾ, ਤੇ ਜਿਵੇਂ ਉਹਨਾਂ ਨੂੰ ਦਸਿਆ ਗਿਆ ਸੀ, ਆਪਣੇ ਘੋੜੇ ਉਹ ਸਿੱਧੇ ਲੈ ਗਏ। ਉਹਨਾਂ ਵੇਖਿਆ, ਤੇ ਉਹਨਾਂ ਨੂੰ ਇਕ ਉਚਾ ਸਾਰਾ ਪਹਾੜ ਦਿਸਿਆ, ਜਿਹਦੇ ਇਕ ਪਾਸੇ ਨਾਲ ਇਕ ਵਡੀ ਸਾਰੀ ਸਲੇਟੀ ਚਟਾਨ ਲਗੀ ਹੋਈ ਸੀ। ਭਰਾਵਾਂ ਨੇ ਚਟਾਨ ਨੂੰ ਪਰ੍ਹਾਂ ਧਕ ਦਿਤਾ, ਤੇ ਉਹਨਾਂ ਵੇਖਿਆ ਕਿ ਅੰਦਰ ਤਰ੍ਹਾਂ-ਤਰ੍ਹਾਂ ਦੇ ਏਨੇ ਹਥਿਆਰ ਪਏ ਸਨ ਕਿ ਉਹਨਾਂ ਦਾ ਕੋਈ ਅੰਤ-ਸ਼ੁਮਾਰ ਹੀ ਨਹੀਂ ਸੀ। ਉਹਨਾਂ ਨੇ ਇਕ-ਇਕ ਤਲਵਾਰ ਫੜ ਲਈ ਤੇ ਫੇਰ ਅਗੇ ਨੂੰ ਹੋ ਪਏ।

"ਬੁੱਢੇ ਬਾਬੇ ਨੇ ਸਾਡੇ ਤੇ ਬੜੀ ਮਿਹਰ ਕੀਤੀ ਏ, ਉਹਦਾ ਲਖ-ਲਖ ਸ਼ੁਕਰੀਆ," ਉਹਨਾਂ ਆਖਿਆ। "ਇਹਨਾਂ ਤੇਗ਼ਾਂ ਦਾ ਸਦਕਾ ਲੜਨਾ ਸਾਡੇ ਲਈ ਕਿਤੇ ਸੌਖਾ ਹੋ ਜਾਵੇਗਾ!"

ਉਹ ਆਪਣੇ ਘੋੜੇ ਅਗੇ ਲਈ ਗਏ ਤੇ ਅਖ਼ੀਰ ਇਕ ਪਿੰਡ ਵਿਚ ਅਪੜੇ। ਉਹਨਾਂ ਤਕਿਆ, ਉਥੇ ਨ ਬੰਦਾ ਸੀ ਨਾ ਬੰਦੇ ਦੀ ਜ਼ਾਤ। ਇਕ ਛੋਟੀ ਜਿਹੀ ਝੁੱਗੀ ਤੋਂ ਛੁਟ ਸਾਰਾ ਕੁਝ ਸਵਾਹ ਤੇ ਥੇਹ ਹੋਇਆ ਪਿ ਸੀ। ਭਰਾ ਝੁੱਗੀ ਵਿਚ ਵੜ ਗਏ ਤੇ ਉਹਨਾਂ ਵੇਖਿਆ, ਇਕ ਬੁਢੜੀ ਚੁਲ੍ਹੇ ਦੇ ਉਤੇ ਲੇਟੀ ਹੋਈ ਸੀ ਤੇ ਕੱਰਾ ਰਹੀ ਸੀ।

"ਬੰਦਗੀ ਕਰਨੇ ਆਂ, ਬੇਬੇ।"

"ਆਓ, ਭਲੇ ਨੌਜਵਾਨੋ! ਕਿੱਧਰ ਨੂੰ ਚੜ੍ਹਾਈਆਂ ਜੇ?"

"ਅਸੀਂ ਬੇਰੀਆਂ ਵਾਲੇ ਪੁਲ ਨੂੰ ਜਾ ਰਹੇ ਹਾਂ, ਉਹ ਜਿਹੜਾ ਪੀਲੂਆਂ ਵਾਲੇ ਦਰਿਆ 'ਤੇ ਏ। ਅਸੀਂ ਦੈਂ

ਦੇ ਦੈਂਤ, ਚੁਦੋ-ਯੁਦੋ, ਨਾਲ ਲੜਾਈ ਲੜਨ ਆਏ ਹਾਂ, ਏਸ ਲਈ ਕਿ ਉਹ ਸਾਡੇ ਦੇਸ 'ਤੇ ਹੱਲਾ ਨਾ ਬੋਲ ਸਕੇ।''

''ਵਾਹ-ਵਾਹ, ਮੇਰੇ ਭਲੇ ਨੌਜਵਾਨੋ, ਚੰਗਾ ਕੰਮ ਕਰਨ ਚੱਲੇ ਹੋ! ਉਹ ਕਾਲੇ ਦਿਲ ਵਾਲਾ ਦੈਂਤ, ਜਿਥੇ ਕਿਤੇ ਵੀ ਨਾਜ਼ਲ ਹੁੰਦਾ ਏ, ਲੁਟਦਾ ਤੇ ਮਾਰਦਾ ਏ ਤੇ ਉਜਾੜ ਕੇ ਰਖ ਜਾਂਦਾ ਏ। ਤੇ ਇਹੋ ਕੁਝ ਉਹਨੇ ਸਾਡੇ ਪਾਸੇ ਵੀ ਕੀਤਾ ਏ। ਮੈਂ 'ਕੱਲੀ ਜਿਊਂਦੀ ਰਹਿ ਗਈ ਹਾਂ ...''

ਭਰਾਵਾਂ ਨੇ ਰਾਤ ਬੁੱਢੀ ਦੇ ਘਰ ਬਿਤਾਈ, ਤੇ ਸਵੇਰ-ਸਾਰ ਹੀ ਉਠ ਖਲੋਤੇ ਤੇ ਫੇਰ ਆਪਣੇ ਸਫ਼ਰ 'ਤੇ ਚਲ ਪਏ।

ਉਹ ਪੀਲੂਆਂ ਵਾਲੇ ਦਰਿਆ ਤੇ ਬੇਰੀਆਂ ਵਾਲੇ ਪੁਲ ਤਕ ਆਏ, ਤੇ ਉਹਨਾਂ ਵੇਖਿਆ ਕਿ ਦਰਿਆ ਦਾ ਕੰਢਾ ਟੁੱਟੀਆਂ ਤਲਵਾਰਾਂ, ਟੁੱਟੇ ਕਮਾਣਾਂ ਤੇ ਆਦਮੀ ਦੀਆਂ ਹੱਡੀਆਂ ਨਾਲ ਪਰੁਚਿਆ ਪਿਆ ਸੀ। ਨੇੜੇ ਹੀ ਇਕ ਸਖਣੀ ਝੁੱਗੀ ਸੀ ਤੇ ਉਹਨਾਂ ਓਥੇ ਹੀ ਅਟਕਣ ਦਾ ਮਤਾ ਪਕਾਇਆ।

''ਮੇਰਿਓ ਭਰਾਵੋ, ਮੇਰੀ ਗਲ ਸੁਣੋ,'' ਈਵਾਨ ਨੇ ਆਖਿਆ। ''ਅਸੀਂ ਦੁਰਾਡੇ ਤੇ ਓਪਰੇ ਇਲਾਕੇ 'ਚ ਆਏ ਹੋਏ ਹਾਂ, ਤੇ ਸਾਨੂੰ ਹੁਸ਼ਿਆਰ ਰਹਿਣਾ ਚਾਹੀਦੈ ਤੇ ਹਰ ਆਵਾਜ਼ 'ਤੇ ਕੰਨ ਧਰਨਾ ਚਾਹੀਦੈ। ਆਓ ਵਾਰੀ-ਵਾਰੀ ਪਹਿਰਾ ਦਈਏ, ਤਾਂ ਜੁ ਦੈਂਤਾਂ ਦਾ ਦੈਂਤ, ਚੁਦੋ-ਯੁਦੋ ਬੇਰੀਆਂ ਵਾਲਾ ਪੁਲ ਪਾਰ ਨਾ ਕਰ ਸਕੇ।''

ਪਹਿਲੀ ਰਾਤ ਸਭ ਤੋਂ ਵਡਾ ਭਰਾ ਪਹਿਰਾ ਦੇਣ ਗਿਆ। ਉਹ ਕੰਢੇ ਦੇ ਨਾਲ-ਨਾਲ ਟੁਰਦਾ ਤੇ ਦਾਖ਼ਾਂ ਵਾਲੇ ਦਰਿਆ ਦੇ ਪਾਰ ਤਕਦਾ ਰਿਹਾ। ਹਰ ਪਾਸੇ ਚੁਪ-ਚਾਂ ਸੀ, ਕੋਈ ਦਿਸ ਨਹੀਂ ਸੀ ਰਿਹਾ, ਕੁਝ ਸੁਣੀ ਨਹੀਂ ਸੀ ਰਿਹਾ। ਇਸ ਲਈ, ਉਹ ਇਕ ਝਾੜੀ ਹੇਠ ਲੰਮਾ ਪੈ ਗਿਆ ਤੇ ਇਕਦਮ ਸੌਂ ਗਿਆ ਤੇ ਉਚੀ-ਉਚੀ ਘੁਰਾੜੇ ਮਾਰਨ ਲਗ ਪਿਆ।

ਤੇ ਏਧਰ ਈਵਾਨ ਝੁੱਗੀ ਵਿਚ ਲੇਟਿਆ ਹੋਇਆ ਸੀ ਤੇ ਉਹਨੂੰ ਨੀਂਦਰ ਨਹੀਂ ਸੀ ਪੈ ਰਹੀ, ਊਂਘ ਤਕ ਵੀ ਨਹੀਂ ਸੀ ਆ ਰਹੀ। ਤੇ ਜਦੋਂ ਅੱਧੀ ਰਾਤ ਲੰਘ ਗਈ, ਉਹਨੇ ਦਮਸ਼ਕ ਦੇ ਫ਼ੌਲਾਦ ਦੀ ਬਣੀ ਆਪਣੀ ਤੇਗ਼ ਚੁਕੀ ਤੇ ਦਾਖ਼ਾਂ ਵਾਲੇ ਦਰਿਆ ਵਲ ਹੋ ਪਿਆ। ਉਹਨੇ ਵੇਖਿਆ, ਤੇ ਓਥੇ ਝਾੜੀ ਹੇਠ ਉਹਦਾ ਵਡਾ ਭਰਾ ਗੂਹੜੀ ਨੀਂਦਰੇ ਸੁੱਤਾ ਪਿਆ ਸੀ ਤੇ ਜ਼ੋਰ-ਜ਼ੋਰ ਦੀ ਘੁਰਾੜੇ ਮਾਰ ਰਿਹਾ ਸੀ। ਪਰ ਈਵਾਨ ਨੇ ਉਹਨੂੰ ਨਾ ਜਗਾਇਆ। ਸਗੋਂ ਉਹ ਬੇਰੀਆਂ ਵਾਲੇ ਪੁਲ ਹੇਠਾਂ ਲੁਕ ਗਿਆ ਤੇ ਓਥੇ ਖੜਾ ਲਾਂਘੇ ਉਤੇ ਪਹਿਰਾ ਦੇਣ ਲਗ ਪਿਆ।

ਚਾਣਚਕ ਹੀ ਦਰਿਆ ਦਾ ਪਾਣੀ ਖੌਲਣ ਤੇ ਉਬਾਲੇ ਖਾਣ ਲਗ ਪਿਆ ਤੇ ਸ਼ਾਹ ਬਲੂਤ ਦੇ ਦਰਖ਼ਤਾਂ ਵਿਚੋਂ ਉਕਾਬ ਚੀਕਣ ਲਗ ਪਏ, ਤੇ ਦੈਂਤਾਂ ਦਾ ਦੈਂਤ, ਚੁਦੋ-ਯੁਦੋ, ਉਹ ਜਿਹਦੇ ਛੇ ਸਿਰ ਸਨ, ਘੋੜੇ ਉਤੇ ਅਸਵਾਰ ਆ ਪਹੁੰਚਿਆ। ਉਹ ਬੇਰੀਆਂ ਵਾਲੇ ਪੁਲ ਦੇ ਅਧ ਤਕ ਆਇਆ ਤੇ ਉਹਦੇ ਹੇਠਲਾ ਘੋੜਾ ਥਿੜਕ ਪਿਆ, ਉਹਦੇ ਮੋਢੇ ਉਤੇ ਬੈਠੇ ਕਾਲੇ ਕੋਗੜ-ਕਾਂ ਨੇ ਖੰਭ ਫੜਕਾਏ ਤੇ ਉਹਦੇ ਪਿਛੇ ਟੁਰੇ ਆਂਦੇ ਕਾਲੇ ਕੁੱਤੇ ਨੇ ਕੰਨ ਖੜੇ ਕਰ ਲਏ।

ਚੁਦੋ-ਯੁਦੋ ਨੇ, ਉਹ ਜਿਹਦੇ ਛੇ ਸਿਰ ਸਨ ਕਿਹਾ:

''ਮੇਰੇ ਘੋੜਿਆ, ਥਿੜਕ ਕਿਉਂ ਰਿਹੈਂ? ਕਾਲੇ ਕੋਗੜ-ਕਾਵਾਂ, ਖੰਭ ਕਿਉਂ ਫੜਕਾ ਰਿਹੈਂ? ਕਾਲੇ ਕੁਤਿਆ, ਕੰਨ ਕਿਉਂ ਖੜੇ ਕਰ ਲਏ ਨੀ? ਕਿਸਾਨਾਂ ਦੇ ਮੁੰਡੇ ਈਵਾਨ ਦੀ ਬੋ ਆਈ ਜੇ? ਪਰ ਉਹ ਤੇ ਅਜੇ ਜੰਮਿਆ ਈ ਨਹੀਂ, ਤੇ ਜੇ ਉਹ ਜੰਮਿਆ ਵੀ ਹੋਇਐ, ਤਾਂ ਮੇਰੇ ਸਾਹਮਣੇ ਉਹ ਕੀ ਚੀਜ਼ ਏ। ਮੈਂ ਉਹਨੂੰ ਇਕ ਹਥ ਨਾਲ ਫੜ ਲਵਾਂਗਾ ਤੇ ਦੂਜੇ ਨਾਲ ਫੇਹ ਦਿਆਂਗਾ।''

ਇਹ ਸੁਣ ਕਿਸਾਨ-ਜਾਇਆ ਈਵਾਨ ਪੁਲ ਹੇਠੋਂ ਬਾਹਰ ਨਿਕਲ ਆਇਆ।

"ਚੁਦੋ-ਯੁਦੋ, ਕਾਲੇ ਦਿਲ ਵਾਲੇ ਦੈਂਤਾ, ਐਵੇਂ ਫੜਾਂ ਨਾ ਮਾਰਦਾ ਜਾ!" ਉਹਨੇ ਲਲਕਾਰਾ ਮਾਰਿਆ। "ਅਜੇ ਬਾਜ਼ ਤੇਥੋਂ ਫੁੰਡਿਆ ਨਹੀਂ ਗਿਆ, ਪਹਿਲੋਂ ਹੀ ਓਹਦੇ ਖੰਭ ਨਾ ਖੋਹਣ ਲਗ ਪਓ! ਤੈਨੂੰ ਖਬਰ ਨਹੀਂ ਅਜੇ, ਕਿੱਡਾ ਬਾਂਕਾ ਜਵਾਨ ਹਾਂ ਮੈਂ, ਏਸ ਲਈ ਟਿਚਰਾਂ ਨਾ ਕਰ ਪਿਆ! ਸਗੋਂ ਆ, ਮੇਰੇ ਨਾਲ ਜ਼ੋਰ ਅਜ਼ਮਾ, ਤੇ ਜਿਹੜਾ ਦੂਜੇ ਨੂੰ ਢਾਹ ਲਏ, ਪਿਆ ਮਾਰੇ ਜੀ ਭਰ ਕੇ ਫੜਾਂ।"

ਉਹ ਇਕ ਦੂਜੇ ਦੇ ਨੇੜੇ ਹੋ ਗਏ, ਉਹਨਾਂ ਦੀਆਂ ਤਲਵਾਰਾਂ ਟਕਰਾਈਆਂ, ਏਸ ਤਰ੍ਹਾਂ ਕਿ ਦੁਆਲੇ ਦੀ ਜ਼ਮੀਨ ਕੰਬ ਉਠੀ ਤੇ ਸਾਂ-ਸਾਂ ਕਰਨ ਲਗ ਪਈ, ਪਰ ਹਾਲ ਮੰਦਾ ਚੁਦੋ-ਯੁਦੋ ਦਾ ਹੋਇਆ, ਕਿਉਂ ਜੁ ਕਿਸਾਨਾਂ ਦੇ ਮੁੰਡੇ ਈਵਾਨ ਨੇ ਇਕੋ ਵਾਰ ਨਾਲ ਉਹਦੇ ਤਿੰਨ ਸਿਰ ਕਟ ਦਿਤੇ।

"ਈਵਾਨ, ਕਿਸਾਨ ਦਿਆ ਪੁਤਰਾ, ਠਹਿਰ ਜਾ!" ਚੁਦੋ-ਯੁਦੋ ਕੂਕਿਆ। "ਮੈਨੂੰ ਸਾਹ ਲੈ ਲੈਣ ਦੇ!"

"ਨਹੀਂ, ਹੁਣ ਸਾਹ ਲੈਣ ਦੀ ਕੋਈ ਗਲ ਨਹੀਂ ਹੋ ਸਕਦੀ। ਤੇਰੇ, ਚੁਦੋ-ਯੁਦੋ ਦੇ, ਤਿੰਨ ਸਿਰ ਨੇ, ਤੇ ਮੇਰਾ ਇਕੋ ਏ। ਜਦੋਂ ਤੇਰਾ ਇਕੋ ਸਿਰ ਰਹਿ ਗਿਆ, ਫੇਰ ਅਸੀਂ ਸਾਹ ਲਵਾਂਗੇ।"

ਤੇ ਫੇਰ ਉਹ ਇਕ ਦੂਜੇ ਦੇ ਨੇੜੇ ਆਏ ਤੇ ਉਹਨਾਂ ਤਲਵਾਰਾਂ ਟਕਰਾਈਆਂ, ਤੇ ਕਿਸਾਨ-ਜਾਏ ਈਵਾਨ ਨੇ ਚੁਦੋ-ਯੁਦੋ ਦੇ ਬਾਕੀ ਦੇ ਤਿੰਨੇ ਸਿਰ ਵਢ ਕੇ ਰਖ ਦਿਤੇ। ਫੇਰ ਉਹਨੇ ਉਹਦੀ ਲੋਥ ਦੇ ਛੋਟੇ-ਛੋਟੇ ਡਕਰੇ ਕਰ ਦਿਤੇ, ਉਹਨਾਂ ਨੂੰ ਦਾਖ਼ਾਂ ਵਾਲੇ ਦਰਿਆ ਵਿਚ ਸੁਟ ਦਿਤਾ, ਛੇ ਸਿਰਾਂ ਨੂੰ ਬੇਰੀਆਂ ਵਾਲੇ ਪੁਲ ਹੇਠਾਂ ਰਖ ਦਿਤਾ ਤੇ ਆਪ ਝੁੱਗੀ ਨੂੰ ਪਰਤ ਆਇਆ ਤੇ ਸੌਂ ਗਿਆ।

ਸਵੇਰੇ, ਉਹਦਾ ਸਭ ਤੋਂ ਵਡਾ ਭਰਾ ਆਇਆ, ਤੇ ਈਵਾਨ ਨੇ ਉਹਨੂੰ ਵੇਖਿਆ ਤੇ ਉਸ ਤੋਂ ਪੁਛਿਆ:

"ਕਿਉਂ, ਕੁਝ ਦਿਸਿਆ ਸਾਈ?"

"ਨਹੀਂ," ਦੂਜੇ ਨੇ ਜਵਾਬ ਦਿਤਾ, "ਮੇਰੇ ਕੋਲੋਂ ਮੱਖੀ ਵੀ ਨਹੀਂ ਲੰਘੀ।"

ਤੇ ਇਹ ਸੁਣ ਈਵਾਨ ਨੇ ਅਗੋਂ ਕੁਝ ਨਾ ਆਖਿਆ।

ਦੂਜੀ ਰਾਤ ਨੂੰ ਵਿਚਲਾ ਭਰਾ ਪਹਿਰਾ ਦੇਣ ਗਿਆ। ਉਹ ਏਧਰ ਘੁੰਮਦਾ ਰਿਹਾ, ਤੇ ਓਧਰ ਘੁੰਮਦਾ ਰਿਹਾ, ਉਹਨੇ ਆਪਣੇ ਚੌਹਾਂ ਪਾਸੇ ਵੇਖਿਆ ਤੇ ਨਤੀਜਾ ਕਢਿਆ ਕਿ ਹਰ ਪਾਸੇ ਚੁਪ-ਚਾਂ ਸੀ। ਏਸ ਲਈ ਉਹ ਰਿੜ ਕੇ ਝਾੜੀਆਂ ਦੀ ਇਕ ਝੰਗੀ ਵਿਚ ਜਾ ਵੜਿਆ, ਤੇ ਸੌਂ ਗਿਆ।

ਪਰ ਈਵਾਨ ਨੇ ਉਹਦਾ ਵੀ ਓਨਾ ਹੀ ਵਸਾਹ ਕੀਤਾ, ਜਿੰਨਾ ਸਭ ਤੋਂ ਵਡੇ ਭਰਾ ਦਾ ਕੀਤਾ ਸੀ। ਜਦੋਂ ਅੱਧੀ ਰਾਤ ਲੰਘ ਗਈ, ਉਹ ਇਕਦਮ ਤਿਆਰ ਹੋ ਗਿਆ, ਤੇ ਤੇਜ਼ ਤਲਵਾਰ ਚੁਕ ਦਾਖ਼ਾਂ ਵਾਲੇ ਦਰਿਆ ਵਲ ਹੋ ਪਿਆ। ਉਹ ਬੇਰੀਆਂ ਵਾਲੇ ਪੁਲ ਹੇਠਾਂ ਲੁਕ ਗਿਆ ਤੇ ਉਡੀਕਣ ਲਗਾ।

ਚਾਣਚਕ ਹੀ ਦਰਿਆ ਦਾ ਪਾਣੀ ਖੌਲਣ ਤੇ ਉਬਾਲੇ ਖਾਣ ਲਗ ਪਿਆ, ਤੇ ਸ਼ਾਹ ਬਲੂਤ ਦੇ ਦਰਖ਼ਤਾਂ ਵਿਚ ਉਕਾਬ ਚੀਕਣ ਲਗ ਪਏ, ਤੇ ਦੈਂਤਾਂ ਦਾ ਦੈਂਤ, ਚੁਦੋ-ਯੁਦੋ, ਉਹ ਜਿਹਦੇ ਨੌਂ ਸਿਰ ਸਨ, ਘੋੜੇ ਉਤੇ ਅਸਵਾਰ ਆ ਪਹੁੰਚਿਆ। ਉਹ ਬੇਰੀਆਂ ਵਾਲੇ ਪੁਲ ਤਕ ਅਗੇ ਵਧਿਆ, ਤੇ ਉਹਦੇ ਹੇਠਲਾ ਘੋੜਾ ਥਿੜਕ ਪਿਆ, ਉਹਦੇ ਮੋਢੇ ਉਤੇ ਬੈਠੇ ਕਾਲੇ ਕੋਗੜ-ਕਾਂ ਨੇ ਖੰਭ ਫੜਕਾਏ ਤੇ ਉਹਦੇ ਪਿਛੇ ਟੁਰੇ ਆਂਦੇ ਕਾਲੇ ਕੁੱਤੇ ਨੇ ਕੰਨ ਖੜੇ ਕਰ ਲਏ। ਚੁਦੋ-ਯੁਦੋ ਨੇ ਛਾਂਟਾ ਉਗਰਿਆ ਤੇ ਘੋੜੇ ਦੇ ਪਾਸਿਆਂ, ਕੋਗੜ-ਕਾਂ ਦੇ ਖੰਭਾਂ ਤੇ ਕੁੱਤੇ ਦੇ ਕੰਨਾਂ ਉਤੇ ਦੇ ਮਾਰਿਆ।

"ਖਿੜਕ ਕਿਉਂ ਰਿਹੈਂ, ਮੇਰੇ ਘੋੜਿਆ ?" ਉਹ ਚਿਲਕਿਆ। "ਖੰਭ ਕਿਉਂ ਫੜਕਾ ਰਿਹੈਂ, ਕਾਲੇ ਕੋਗੜ-ਕਾਂਵਾ ? ਕੰਨ ਕਿਉਂ ਖੜੇ ਕਰ ਲਏ ਨੀ, ਕਾਲੇ ਕੁਤਿਆ ? ਕਿਸਾਨਾਂ ਦੇ ਮੁੰਡੇ ਈਵਾਨ ਦੀ ਬੋ ਆਈ ਜੇ ? ਪਰ ਉਹ ਤਾਂ ਅਜੇ ਜੰਮਿਆ ਈ ਨਹੀਂ, ਪਰ ਜੇ ਜੰਮਿਆ ਵੀ ਹੋਇਐ, ਤਾਂ ਮੇਰੇ ਨਾਲ ਉਹ ਟੱਕਰ ਨਹੀਂ ਲੈ ਸਕਦਾ, ਏਸ ਲਈ ਕਿ ਮੈਂ ਉਹਨੂੰ ਚੀਚੀ ਨਾਲ ਫੇਹ ਕੇ ਰਖ ਦਿਆਂਗਾ।"

ਇਹ ਸੁਣ ਕਿਸਾਨ-ਜਾਇਆ ਈਵਾਨ ਛਾਲ ਮਾਰ ਪੁਲ ਹੇਠੋਂ ਨਿਕਲ ਆਇਆ।

"ਠਹਿਰ ਜਾ, ਚੁਦੋ-ਯੁਦੋ!" ਉਹਨੇ ਲਲਕਾਰਾ ਮਾਰਿਆ। "ਪਹਿਲੋਂ ਆ ਤਲਵਾਰ ਟਕਰਾ, ਫੇਰ ਫੜਾਂ ਮਾਰਦਾ ਜਾ। ਵੇਖਣੇ ਹਾਂ, ਕੌਣ ਕਿਹਨੂੰ, ਮਿਟਾਂਦੈ!"

ਤੇ ਈਵਾਨ ਚੁਦੋ-ਯੁਦੋ ਉਤੇ ਟੁਟ ਪਿਆ, ਤੇ ਉਹਨੇ ਆਪਣੀ ਦਮਸ਼ਕ ਦੇ ਫ਼ੌਲਾਦ ਦੀ ਬਣੀ ਹੋਈ ਤਲਵਾਰ ਨਾਲ, ਇਕ ਤੇ ਫੇਰ ਇਕ ਹੋਰ, ਵਾਰ ਕੀਤਾ, ਤੇ ਦੈਂਤ ਦੇ ਛੇ ਸਿਰ ਵਢ ਦਿਤੇ। ਫੇਰ ਚੁਦੋ-ਯੁਦੋ ਨੇ ਈਵਾਨ ਉਤੇ ਵਾਰ ਕੀਤਾ ਤੇ ਉਹਨੂੰ ਗਿੱਲੀ ਮਿੱਟੀ ਵਿਚ ਗੋਡਿਆਂ ਤਕ ਧਕ ਦਿਤਾ। ਪਰ ਕਿਸਾਨ-ਜਾਏ ਈਵਾਨ ਨੇ ਮੁਠ ਮਿੱਟੀ ਦੇ ਭਰੀ ਤੇ ਵੈਰੀ ਦੀਆਂ ਲਾਲ-ਅੰਗਿਆਰ ਅੱਖਾਂ ਵਿਚ ਦੇ ਮਾਰੀ, ਤੇ ਜਦੋਂ ਅੰਨ੍ਹਾ ਹੋਇਆ ਦੈਂਤ ਅੱਖਾਂ ਮਲ ਮਿੱਟੀ ਕਢ ਰਿਹਾ ਸੀ, ਈਵਾਨ ਨੇ ਉਹਦੇ ਬਾਕੀ ਦੇ ਤਿੰਨ ਸਿਰ ਵੀ ਵਢ ਦਿਤੇ। ਫੇਰ ਉਹਨੇ ਉਹਦੀ ਲੋਥ ਦੇ ਛੋਟੇ-ਛੋਟੇ ਡਕਰੇ ਕਰ ਲਏ, ਉਹਨਾਂ ਨੂੰ ਦਾਖ਼ਾਂ ਵਾਲੇ ਦਰਿਆ ਵਿਚ ਸੁਟ ਦਿਤਾ, ਤੇ ਦੈਂਤ ਦੇ ਨੌਂ ਸਿਰਾਂ ਨੂੰ ਬੇਰੀਆਂ ਵਾਲੇ ਪੁਲ ਹੇਠ ਰਖ, ਝੁੱਗੀ ਨੂੰ ਪਰਤ ਆਇਆ, ਲੰਮਾ ਪੈ ਗਿਆ ਤੇ ਇੰਜ ਸੌਂ ਗਿਆ, ਜਿਵੇਂ ਹੋਇਆ ਹੀ ਕੁਝ ਨਾ ਹੋਵੇ।

ਸਵੇਰੇ ਉਹਦਾ ਵਿਚਲਾ ਭਰਾ ਵਾਪਸ ਆਇਆ।

"ਕਿਉਂ, ਰਾਤੀਂ ਕੁਝ ਦਿਸਿਆ ਸਾਈ ?" ਈਵਾਨ ਨੇ ਉਸ ਤੋਂ ਪੁਛਿਆ।

"ਨਹੀਂ," ਉਹਨੇ ਜਵਾਬ ਦਿਤਾ। "ਮੇਰੇ ਕੋਲੋਂ ਨਾ ਕੋਈ ਮੱਖੀ ਲੰਘੀ ਏ, ਨਾ ਕੋਈ ਮੱਛਰ।"

"ਹੱਛਾ, ਜੇ ਇਹ ਗਲ ਏ, ਤਾਂ, ਮੇਰੇ ਪਿਆਰੇ ਭਰਾਵੋ, ਮੇਰੇ ਨਾਲ ਆਵੋ," ਈਵਾਨ ਨੇ ਕਿਹਾ, "ਤੇ ਮੈਂ ਤੁਹਾਨੂੰ ਮੱਛਰ ਵੀ ਵਿਖਾਨਾਂ ਤੇ ਮੱਖੀ ਵੀ।"

ਤੇ ਈਵਾਨ ਆਪਣੇ ਭਰਾਵਾਂ ਨੂੰ ਬੇਰੀਆਂ ਵਾਲੇ ਪੁਲ ਹੇਠਾਂ ਲੈ ਗਿਆ ਤੇ ਉਹਨਾਂ ਨੂੰ ਉਹਨੇ ਦੋਵਾਂ ਦੈਂਤਾਂ ਦੇ ਸਿਰ ਵਿਖਾਏ।

"ਇਹ ਜੇ," ਉਹਨੇ ਆਖਿਆ, "ਮੱਖੀਆਂ ਤੇ ਮੱਛਰ ਜਿਹੜੇ ਏਥੇ ਰਾਤੀਂ ਉਡਦੇ ਫਿਰਦੇ ਨੇ। ਤੇ ਤੁਸੀਂ, ਭਰਾਵੋ, ਲੜਾਈਆਂ ਲੜਨ ਲਈ ਨਹੀਂ, ਚੁਲ੍ਹੇ ਦੇ ਉਤੇ ਹੱਡ ਨਿਘਿਆਂ ਕਰਨ ਲਈ ਬਣੇ ਹੋ।"

ਦੋਵਾਂ ਭਰਾਵਾਂ ਨੇ ਸ਼ਰਮ ਨਾਲ ਸਿਰ ਨੀਵੇਂ ਪਾ ਲਏ।

"ਸਾਨੂੰ ਨੀਂਦਰ ਨੇ ਵਸ ਕਰ ਲਿਆ," ਉਹਨਾਂ ਆਖਿਆ।

ਤੀਜੀ ਰਾਤੀਂ ਈਵਾਨ ਆਪ ਪਹਿਰੇ 'ਤੇ ਜਾਣ ਲਈ ਤਿਆਰ ਹੋਇਆ।

"ਅਜ ਬੜੀ ਡਰਾਉਣੀ ਲੜਾਈ ਲੜਨੀ ਪੈਣੀ ਏ ਮੈਨੂੰ," ਉਹਨੇ ਆਖਿਆ। "ਤੁਸੀਂ, ਮੇਰੇ ਭਰਾਵੋ, ਉਕਾ ਨਹੀਂ ਸੌਣਾ, ਸਗੋਂ ਮੇਰੀ ਸੀਟੀ ਦੀ ਆਵਾਜ਼ ਸੁਣਨਾ। ਜਦੋਂ ਈ ਤੁਹਾਨੂੰ ਸੁਣੀਵੇ, ਮੇਰੇ ਘੋੜਾ ਮੇਰੇ ਵਲ ਘਲ ਦੇਣਾ ਤੇ ਛੇਤੀ ਨਾਲ ਮੇਰੀ ਮਦਦ 'ਤੇ ਪਹੁੰਚਣਾ।"

ਇਹ ਕਹਿ, ਕਿਸਾਨ-ਜਾਇਆ ਈਵਾਨ ਦਾਖ਼ਾਂ ਵਾਲੇ ਦਰਿਆ ਨੂੰ ਹੋ ਪਿਆ, ਬੇਰੀਆਂ ਵਾਲੇ ਪੁਲ ਹੇਠ ਖਲੋ ਗਿਆ ਤੇ ਉਡੀਕਣ ਲਗਾ।

ਅਜੇ ਅੱਧੀ ਰਾਤ ਹੋਈ ਹੀ ਸੀ ਕਿ ਜ਼ਮੀਨ ਕੰਬਣ ਤੇ ਹਿੱਲਣ ਲਗ ਪਈ, ਦਰਿਆ ਦਾ ਪਾਣੀ ਖੌਲਣ ਤੇ ਉਬਾਲੇ ਖਾਣ ਲਗ ਪਿਆ, ਜੰਗਲੀ ਹਵਾਵਾਂ ਚਾਂਗਰਨ ਲਗ ਪਈਆਂ ਤੇ ਸ਼ਾਹ ਬਲੂਤ ਵਿਚੋਂ ਉਕਾਬ ਚੀਕਣ ਲਗ ਪਏ। ਦੈਂਤਾਂ ਦਾ ਦੈਂਤ, ਚੁਦੋ-ਯੁਦੋ, ਉਹ ਜਿਹਦੇ ਬਾਰ੍ਹਾਂ ਸਿਰ ਸਨ, ਘੋੜੇ ਉਤੇ ਅਸਵਾਰ ਦਾਖ਼ਾਂ ਵਾਲੇ ਦਰਿਆ ਵਲ ਆਇਆ। ਚੁਦੋ-ਯੁਦੋ ਦੇ ਬਾਰ੍ਹਾਂ ਦੇ ਬਾਰ੍ਹਾਂ ਸਿਰ ਸ਼ੂਕਰਾਂ ਛਡ ਰਹੇ ਸਨ ਤੇ ਬਾਰ੍ਹਾਂ ਦੇ ਬਾਰ੍ਹਾਂ ਵਿਚੋਂ ਹੀ ਅਗ ਤੇ ਲਾਟਾਂ ਨਿਕਲ ਰਹੀਆਂ ਸਨ। ਚੁਦੋ-ਯੁਦੋ ਦੇ ਘੋੜੇ ਦੇ ਬਾਰ੍ਹਾਂ ਖੰਭ ਸਨ ਤੇ ਉਹਦੇ ਵਾਲ ਤਾਂਬੇ ਦੇ ਸਨ ਤੇ ਉਹਦੀ ਅੱਯਾਲ ਤੇ ਪੂਛਲ ਲੋਹੇ ਦੀ। ਚੁਦੋ-ਯੁਦੋ ਬੇਰੀਆਂ ਵਲ ਪੁਲ ਉਤੇ ਵਧ ਆਇਆ ਤੇ ਇਕਦਮ ਹੀ ਉਹਦੇ ਹੇਠੋਂ ਘੋੜਾ ਥਿੜਕ ਪਿਆ, ਤੇ ਉਹਦੇ ਮੋਢੇ ਉਤੇ ਬੈਠੇ ਕਾਲੇ ਕੋਗੜ-ਕਾਂ ਨੇ ਖੰਭ ਫੜਕਾਏ ਤੇ ਉਹਦੇ ਪਿਛੇ ਆ ਰਹੇ ਕਾਲੇ ਕੁੱਤੇ ਨੇ ਕੰਨ ਖੜੇ ਕਰ ਲਏ। ਤੇ ਚੁਦੋ-ਯੁਦੋ ਨੇ ਛਾਂਟਾ ਘੋੜਿਆਂ ਦੇ ਪਾਸਿਆਂ, ਕੋਗੜ-ਕਾਂ ਦੇ ਖੰਭਾਂ ਤੇ ਕੁੱਤੇ ਦੇ ਕੰਨਾਂ ਉਤੇ ਦੇ ਮਾਰਿਆ।

"ਥਿੜਕ ਕਿਉਂ ਰਿਹੈਂ, ਮੇਰੇ ਘੋੜਿਆ ?" ਉਹ ਚਿਲਕਿਆ। "ਖੰਭ ਕਿਉਂ ਫੜਕਾ ਰਿਹੈਂ, ਕਾਲੇ ਕੋਗੜ-ਕਾਂਵਾ ? ਕੰਨ ਕਿਉਂ ਖੜੇ ਕਰ ਲਏ ਨੀ, ਕਾਲੇ ਕੁਤਿਆ ? ਕਿਸਾਨਾਂ ਦੇ ਮੁੰਡੇ ਈਵਾਨ ਦੀ ਬੋ ਆਈ ਜੇ ? ਪਰ ਉਹ ਤਾਂ ਅਜੇ ਜੰਮਿਆ ਵੀ ਨਹੀਂ, ਤੇ ਜੇ ਜੰਮਿਆ ਵੀ ਹੋਇਐ, ਤਾਂ ਵੀ ਮੇਰੇ ਨਾਲ ਟੱਕਰ ਨਹੀਂ ਲੈ ਸਕਦਾ। ਮੈਂ ਬਸ ਇਕ ਫੂਕ ਈ ਮਾਰਨੀ ਏਂ, ਤੇ ਉਹ ਮਿੱਟੀ ਦੀ ਮੁਠ ਵੀ ਨਹੀਂ ਰਹਿਣ ਲਗਾ।"

ਇਹ ਸੁਣ ਕਿਸਾਨ-ਜਾਇਆ ਈਵਾਨ ਬੇਰੀਆਂ ਵਾਲੇ ਪੁਲ ਹੇਠੋਂ ਨਿਕਲ ਆਇਆ।

"ਠਹਿਰ, ਐਵੇਂ ਫੜਾਂ ਨਾ ਮਾਰੀ ਜਾ, ਚੁਦੋ-ਯੁਦੋ," ਉਹਨੇ ਲਲਕਾਰਾ ਮਾਰਿਆ, "ਨਹੀਂ ਤਾਂ ਸ਼ਰਮ ਨਾਲ ਬੁਰਾ ਹਾਲ ਹੋ ਜਾਏਗਾ ਈ।"

"ਹੱਛਾ, ਤੂੰ ਏਂ, ਕਿਸਾਨਾਂ ਦਾ ਮੁੰਡਾ ਈਵਾਨ! ਕੀ ਕਰਨ ਆਇਐਂ ਏਥੇ ?"

"ਮੈਂ, ਬਦਮਾਸ਼ ਦੈਂਤਾਂ, ਤੈਨੂੰ ਜੀ ਭਰ ਕੇ ਵੇਖਣ ਤੇ ਤੇਰੀ ਹਿੰਮਤ ਦੀ ਅਜ਼ਮਾਇਸ਼ ਕਰਨ ਆਇਆ!"

"ਮੇਰੀ ਹਿੰਮਤ ਦੀ ਅਜ਼ਮਾਇਸ਼ ਜ਼ਰੂਰ ਕਰ! ਮੱਖੀ ਬਰਾਬਰ ਏਂ ਤੂੰ ਮੇਰੇ ਸਾਹਮਣੇ!"

ਕਿਸਾਨ-ਜਾਏ ਈਵਾਨ ਨੇ ਆਖਿਆ:

"ਮੈਂ ਤੈਨੂੰ ਏਥੇ ਕਹਾਣੀਆਂ ਪਾ ਭਰਮਾਣ ਨਹੀਂ ਆਇਆਂ, ਤੇ ਨਾ ਤੇਰੀਆਂ ਕਹਾਣੀਆਂ ਸੁਣਨ ਈ ਆਇਆਂ। ਮੈਂ ਕੁਲਹਿਣੇ ਦੈਂਤਾਂ, ਤੈਨੂੰ ਲੜ ਕੇ ਮਾਰਨ ਤੇ ਭਲੇ ਲੋਕਾਂ ਦੀ ਤੇਰੀ ਹਸਤੀ ਤੋਂ ਖਲਾਸੀ ਕਰਾਣ ਆਇਆਂ!"

ਤੇ ਕਿਸਾਨ-ਜਾਏ ਈਵਾਨ ਨੇ ਆਪਣੀ ਤੇਜ਼ ਤਲਵਾਰ ਉਗਰੀ ਤੇ ਚੁਦੋ-ਯੁਦੋ ਦੇ ਤਿੰਨ ਸਿਰ ਵਢ ਦਿਤੇ। ਪਰ ਚੁਦੋ-ਯੁਦੋ ਨੇ ਉਹਨਾਂ ਨੂੰ ਚੁਕ ਲਿਆ ਤੇ ਉਹਨਾਂ ਉਤੇ ਆਪਣੀ ਲਾਟੋ-ਲਾਟ ਉਂਗਲੀ ਫੇਰ ਉਹਨਾਂ ਨੂੰ ਫੇਰ ਉਹਨਾਂ ਵਾਲੀਆਂ ਧੌਣਾਂ ਉਤੇ ਜੜ ਲਿਆ, ਤੇ ਉਹ ਇਕਦਮ ਹੀ ਉਹਨਾਂ ਨਾਲ ਜੁੜ ਗਏ, ਇੰਜ ਜਿਵੇਂ ਉਹ ਕਦੀ ਕੱਟੇ ਹੀ ਨਾ ਗਏ ਹੋਣ।

ਓਦੋਂ ਤਕ ਈਵਾਨ ਦੀ ਹਾਲਤ ਮੰਦੀ ਹੋ ਚੁਕੀ ਸੀ, ਕਿਉਂਕਿ ਚੁਦੋ-ਯੁਦੋ ਸ਼ੂਕਰਾਂ ਨਾਲ ਉਹਦੇ ਕੰਨ ਬੋਲੇ ਕਰ ਰਿਹਾ ਸੀ, ਆਪਣੀਆਂ ਲਾਟੋ-ਲਾਟ ਜੀਭਾਂ ਨਾਲ ਉਹਨੂੰ ਲਾਸਾਂ ਪਾ ਰਿਹਾ ਸੀ, ਉਹਦੇ ਉਤੇ ਚੰਗਿਆੜੇ ਵਰ੍ਹਾ ਰਿਹਾ ਸੀ ਤੇ ਉਹਨੂੰ ਉਹਨੇ ਗਿੱਲੀ ਮਿੱਟੀ ਵਿਚ ਗੋਡਿਆਂ ਤਕ ਧਕ ਦਿਤਾ ਸੀ।

"ਕਿਉਂ, ਕਿਸਾਨਾਂ ਦੇ ਮੁੰਡਿਆ, ਈਵਾਨ, ਰਤਾ ਸਾਹ ਲੈਣਾ ਈ ?" ਚੁਦੋ-ਯੁਦੋ ਨੇ ਟਿਚਕਰ ਕੀਤੀ।

"ਸਾਹ ਲੈਣ ਦੀ ਗਲ ਨਾ ਕਰ," ਈਵਾਨ ਨੇ ਜਵਾਬ ਦਿਤਾ। "ਮਾਰੋ, ਵੱਢੋ, ਸਭ ਕੁਝ ਛੱਡੋ, ਮੈਂ ਤਾਂ ਇੰਜ ਕਰਨਾ!"

ਫੇਰ ਉਹਨੇ ਉਚੀ ਸਾਰੀ ਸੀਟੀ ਮਾਰੀ ਤੇ ਆਪਣਾ ਸੱਜਾ ਦਸਤਾਨਾ ਝੁੱਗੀ ਨੂੰ ਮਾਰਿਆ, ਜਿਥੇ ਉਹਦੇ ਭਰਾ ਸਨ। ਤੇ ਦਸਤਾਨੇ ਨੇ ਸਾਰੀਆਂ ਬਾਰਿਆਂ ਤੋੜ ਦਿਤੀਆਂ, ਪਰ ਭਰਾ ਸੁੱਤੇ ਰਹੇ ਤੇ ਉਹਨਾਂ ਕੁਝ ਨਾ ਸੁਣਿਆ।

ਫੇਰ, ਕਿਸਾਨ-ਜਾਏ ਈਵਾਨ ਨੇ ਆਪਣਾ ਪੂਰਾ ਜ਼ੋਰ ਲਾਇਆ, ਏਨੀ ਤੁੰਦੀ ਨਾਲ ਤਲਵਾਰ ਚਲਾਈ, ਜਿੰਨੀ ਤੁੰਦੀ ਨਾਲ ਉਹਨੇ ਕਦੀ ਨਹੀਂ ਸੀ ਚਲਾਈ ਤੇ ਉਹਨੇ ਚੁਦੋ-ਯੁਦੋ ਦੇ ਛੇ ਸਿਰ ਵਢ ਕੇ ਰਖ ਦਿਤੇ। ਪਰ ਚੁਦੋ-ਯੁਦੋ ਨੇ ਉਹਨਾਂ ਨੂੰ ਚੁਕ ਲਿਆ ਤੇ ਉਹਨਾਂ ਉਤੇ ਆਪਣੀ ਲਾਟੋ-ਲਾਟ ਉਂਗਲੀ ਫੇਰ ਉਹਨਾਂ ਨੂੰ ਉਹਨਾਂ ਵਾਲੀਆਂ ਧੌਣਾਂ ਉਤੇ ਜੜ ਲਿਆ ਤੇ ਉਹ ਇਕਦਮ ਹੀ ਉਹਨਾਂ ਨਾਲ ਇੰਜ ਜੁੜ ਗਏ, ਜਿਵੇਂ ਉਹ ਹਮੇਸ਼ਾ ਓਥੇ ਹੀ ਰਹੇ ਹੋਣ। ਫੇਰ ਉਹ ਕਿਸਾਨ-ਜਾਏ ਈਵਾਨ ਉਤੇ ਟੁਟ ਪਿਆ ਤੇ ਉਹਨੂੰ ਗਿੱਲੀ ਮਿੱਟੀ ਵਿਚ ਲਕ ਤਕ ਧਕ ਦਿਤਾ।

ਈਵਾਨ ਨੂੰ ਸੁਝ ਪਿਆ ਕਿ ਹਾਲਤ ਡਾਢੀ ਮੰਦੀ ਸੀ। ਉਹਨੇ ਆਪਣਾ ਖੱਬਾ ਦਸਤਾਨਾ ਲਾਹਿਆ ਤੇ ਝੁੱਗੀ ਉਤੇ ਦੇ ਮਾਰਿਆ, ਤੇ ਦਸਤਾਨੇ ਛਤ ਵਿਚ ਮਘੋਰਾ ਕਰ ਦਿਤਾ, ਪਰ ਦੋਵੇਂ ਭਰਾ ਸੁੱਤੇ ਰਹੇ ਤੇ ਉਹਨਾਂ ਕੁਝ ਨਾ ਸੁਣਿਆ।

ਫੇਰ ਕਿਸਾਨ-ਜਾਏ ਈਵਾਨ ਨੇ ਆਪਣੀ ਤਲਵਾਰ ਨਾਲ ਤੀਜੀ ਵਾਰੀ ਵਾਰ ਕੀਤਾ ਤੇ ਚੁਦੋ-ਯੁਦੋ ਦੇ ਨੌਂ ਸਿਰ ਵਢ ਕੇ ਰਖ ਦਿਤੇ। ਪਰ ਚੁਦੋ-ਯੁਦੋ ਨੇ ਉਹਨਾਂ ਨੂੰ ਚੁਕ ਲਿਆ ਤੇ ਉਹਨਾਂ ਉਤੇ ਆਪਣੀ ਲਾਟੋ-ਲਾਟ ਉਂਗਲੀ ਫੇਰ ਉਹਨਾਂ ਨੂੰ ਉਹਨਾਂ ਵਾਲੀਆਂ ਧੌਣਾਂ ਉਤੇ ਫੇਰ ਜੜ ਲਿਆ ਤੇ ਉਹ ਇਕਦਮ ਹੀ ਉਹਨਾਂ ਨਾਲ ਜੁੜ ਗਏ। ਫੇਰ ਉਹ ਕਿਸਾਨ-ਜਾਏ ਈਵਾਨ ਉਤੇ ਟੁਟ ਪਿਆ ਤੇ ਉਹਨੂੰ ਗਿੱਲੀ ਮਿੱਟੀ ਵਿਚ ਮੋਢਿਆਂ ਤਕ ਧਕ ਦਿਤਾ।

ਪਰ ਈਵਾਨ ਨੇ ਆਪਣਾ ਟੋਪ ਲਾਹ ਲਿਆ ਤੇ ਝੁੱਗੀ ਨੂੰ ਦੇ ਮਾਰਿਆ ਤੇ ਝੁੱਗੀ ਸਟ ਖਾ ਹਿਲ ਪਈ ਤੇ ਝੂਲਣ ਲਗੀ ਤੇ ਢਹਿੰਦੀ-ਢਹਿੰਦੀ ਬਚੀ। ਸਿਰਫ਼ ਤਾਂ ਹੀ ਭਰਾਵਾਂ ਦੀ ਜਾਗ ਖੁਲ੍ਹੀ ਤੇ ਉਹਨਾਂ ਸੁਣਿਆ, ਈਵਾਨ ਦਾ ਘੋੜਾ ਉਚੀ-ਉਚੀ ਹਿਣਹਿਣਾ ਰਿਹਾ ਸੀ ਤੇ ਉਹ ਸੰਗਲੀ ਤੋੜਨ ਦੀ ਕੋਸ਼ਿਸ਼ ਕਰ ਰਿਹਾ ਸੀ ਜਿਹਦੇ ਨਾਲ ਉਹ ਬੱਝਾ ਪਿਆ ਸੀ।

ਉਹ ਤਬੇਲੇ ਵਲ ਭੱਜੇ ਤੇ ਉਹਨਾਂ ਘੋੜੇ ਨੂੰ ਖੋਲ੍ਹ ਦਿਤਾ ਤੇ ਆਪ ਉਹਦੇ ਮਗਰ ਨਠ ਪਏ।

ਈਵਾਨ ਦਾ ਘੋੜਾ ਸਿਰਪਟ ਦੌੜਦਾ ਆਪਣੇ ਮਾਲਕ ਕੋਲ ਪਹੁੰਚ ਗਿਆ ਤੇ ਚੁਦੋ-ਯੁਦੋ ਨੂੰ ਦੁਲੱਤੀਆਂ ਮਾਰਨ ਲਗ ਪਿਆ। ਤੇ ਚੁਦੋ-ਯੁਦੋ ਨੇ ਸ਼ੂਕਰ ਛੱਡੀ ਤੇ ਘੋੜੇ ਉਤੇ ਚੰਗਿਆੜਿਆਂ ਦੀ ਵਾਛੜ ਕਰ ਦਿਤੀ।

ਤੇ ਕਿਸਾਨ-ਜਾਏ ਈਵਾਨ ਨੇ ਆਪਣੇ ਆਪ ਨੂੰ ਮਿੱਟੀ ਵਿਚੋਂ ਕਢਿਆ ਤੇ ਛੇਤੀ ਨਾਲ ਚੁਦੋ-ਯੁਦੋ ਦੀ ਲਾਟੋ-ਲਾਟ ਉਂਗਲੀ ਵਢ ਦਿਤੀ ਤੇ ਫੇਰ ਉਹ ਉਹਦੇ ਸਿਰ ਲਾਹੁਣ ਲਗ ਪਿਆ ਤੇ ਲਾਹੁੰਦਾ ਗਿਆ, ਜਦੋਂ ਤਕ ਕੋਈ ਵੀ ਬਾਕੀ ਨਾ ਰਹਿ ਗਿਆ! ਇਸ ਪਿਛੋਂ ਉਹਨੇ ਉਹਦੀ ਲੋਥ ਦੇ ਛੋਟੇ-ਛੋਟੇ ਡਕਰੇ ਕਰ ਦਿਤੇ ਤੇ ਉਹਨਾਂ ਨੂੰ ਦਾਖਾਂ ਵਾਲੇ ਦਰਿਆ ਵਿਚ ਸੁਟ ਦਿਤਾ।

ਐਨ ਓਸੇ ਵੇਲੇ ਦੋਵੇਂ ਵਡੇ ਭਰਾ ਨੱਠੇ-ਨੱਠੇ ਪੁੱਜੇ।

"ਤੁਹਾਡਾ ਜੋੜਾ ਵੀ ਕਮਾਲ ਦਾ ਏ!" ਈਵਾਨ ਨੇ ਕਿਹਾ। "ਤੁਹਾਡੇ ਨੀਂਦਰ ਨਾਲ ਏਡੇ ਪਿਆਰ ਕਰਕੇ ਮੈਨੂੰ ਜਾਨ ਦੇਣੀ ਪੈ ਚੱਲੀ ਸੀ।"

ਤੇ ਦੋਵੇਂ ਭਰਾ ਉਹਨੂੰ ਝੁੱਗੀ ਨੂੰ ਲੈ ਗਏ, ਤੇ ਉਹਨੂੰ ਨੁਹਾਇਆ, ਖੁਆਇਆ-ਪਿਆਇਆ ਤੇ ਸੁਆ ਦਿਤਾ।

ਸਵੇਰੇ ਈਵਾਨ ਸਵੱਖਤੇ ਹੀ ਉਠ ਖਲੋਤਾ ਤੇ ਕਪੜੇ ਪਾਣ ਲਗ ਪਿਆ।

"ਏਨੀ ਛੇਤੀ ਕਿਉਂ ਉਠ ਪਿਐਂ?" ਉਹਦੇ ਭਰਾਵਾਂ ਨੇ ਪੁਛਿਆ। "ਏਡੀ ਸਖ਼ਤ ਲੜਾਈ ਪਿਛੋਂ ਆਰਾਮ ਦੀ ਲੋੜ ਏ ਤੈਨੂੰ।"

"ਨਾ, ਮੈਂ ਆਰਾਮ ਨਹੀਂ ਕਰ ਸਕਦਾ," ਈਵਾਨ ਨੇ ਆਖਿਆ। "ਦਾਖ਼ਾਂ ਵਾਲੇ ਦਰਿਆ ਕੋਲ ਮੇਰੀ ਪੇਟੀ ਗੁਆਚ ਗਈ ਏ, ਤੇ ਮੈਂ ਲੱਭਣ ਜਾਣੈਂ ਉਹਨੂੰ।"

"ਲੋੜ ਕੀ ਏ!" ਭਰਾਵਾਂ ਨੇ ਜਵਾਬ ਦਿਤਾ। "ਸ਼ਹਿਰ ਨੂੰ ਜਾਵਾਂਗੇ ਤੇ ਓਥੋਂ ਨਵੀਂ ਪੇਟੀ ਖਰੀਦ ਲਵੀਂ।"

"ਨਹੀਂ, ਮੈਨੂੰ ਆਪਣੀ ਪੁਰਾਣੀ ਪੇਟੀ ਈ ਚਾਹੀਦੀ ਏ!"

ਤੇ ਈਵਾਨ ਇਕੱਲਾ ਹੀ ਦਾਖ਼ਾਂ ਵਾਲੇ ਦਰਿਆ ਵਲ ਹੋ ਪਿਆ। ਪਰ ਉਹ ਆਪਣੀ ਪੇਟੀ ਲੱਭਣ ਲਈ ਨਾ ਅਟਕਿਆ। ਉਹ ਬੇਰੀਆਂ ਵਾਲੇ ਪੁਲ ਤੋਂ ਹੁੰਦਾ ਹੋਇਆ ਦਰਿਆ ਦੇ ਪਾਰਲੇ ਕੰਢੇ ਚਲਾ ਗਿਆ ਤੇ ਇੰਜ ਅਛੋਪਲੇ ਹੀ ਕਿ ਉਹ ਕਿਸੇ ਦੀ ਨਜ਼ਰੀਂ ਨਾ ਪਿਆ, ਚੁਦੋ-ਯੁਦੋਆਂ ਦੇ ਪੱਥਰ ਵਾਲੇ ਮਹਿਲ ਕੋਲ ਜਾ ਪਹੁੰਚਿਆ। ਉਹ ਰੀਂਗਦਾ-ਰੀਂਗਦਾ ਇਕ ਖੁਲ੍ਹੀ ਬਾਰੀ ਕੋਲ ਜਾ ਅਪੜਿਆ ਤੇ ਉਥੇ, ਕੰਨ ਲਾ, ਸੁੰਗੜ ਕੇ ਬਹਿ ਗਿਆ, ਏਸ ਲਈ ਕਿ ਉਹ ਸੁਣਨਾ ਚਾਹੁੰਦਾ ਸੀ, ਓਥੇ ਕੋਈ ਗੋਂਦ ਤਾਂ ਨਹੀਂ ਸੀ ਗੁੰਦੀ ਜਾ ਰਹੀ।

ਉਹਨੇ ਵੇਖਿਆ, ਤੇ ਉਹਨੂੰ ਦਿਸਿਆ, ਅੰਦਰ ਚੁਦੋ-ਯੁਦੋਆਂ ਦੀਆਂ ਤਿੰਨ ਵਹੁਟੀਆਂ ਤੇ ਉਹਨਾਂ ਦੀ ਮਾਂ, ਬੁੱਢੀ ਅਜਗਰਨੀ, ਬੈਠੀ ਸੀ। ਉਹ ਉਥੇ ਬੈਠੀਆਂ ਸਨ ਤੇ ਆਪੋ ਵਿਚ ਗੱਲਾਂ ਕਰ ਰਹੀਆਂ ਸਨ।

ਪਹਿਲੀ ਵਹੁਟੀ ਨੇ ਆਖਿਆ:

"ਮੈਂ ਕਿਸਾਨਾਂ ਦੇ ਮੁੰਡੇ ਈਵਾਨ ਤੋਂ ਆਪਣੇ ਘਰ ਵਾਲੇ ਦਾ ਬਦਲਾ ਲਵਾਂਗੀ। ਜਦੋਂ ਉਹ ਤੇ ਉਹਦੇ ਭਰਾ ਘਰ ਪਰਤ ਰਹੇ ਹੋਣਗੇ, ਮੈਂ ਉਹਨਾਂ ਦੇ ਅਗੇ ਭੱਜਾਂਗੀ, ਦਿਨ ਦੀ ਗਰਮੀ ਅਸਹਿ ਬਣਾ ਦਿਆਂਗੀ ਤੇ ਆਪ ਖੂਹ ਬਣ ਜਾਵਾਂਗੀ। ਉਹ ਪਾਣੀ ਪੀਣ ਲਈ ਤਰਸਣਗੇ ਤੇ ਪਹਿਲਾ ਘੁਟ ਭਰਦਿਆਂ ਈ ਡਿਗ ਮਰਨਗੇ।"

"ਠੀਕ ਆਖਿਆ ਈ," ਬੁੱਢੀ ਅਜਗਰਨੀ ਬੋਲੀ।

ਦੂਜੀ ਵਹੁਟੀ ਨੇ ਆਖਿਆ:

"ਮੈਂ ਉਹਨਾਂ ਦੇ ਅਗੇ ਭੁੱਜਾਂਗੀ ਤੇ ਸੇਆਂ ਦਾ ਦਰਖ਼ਤ ਬਣ ਜਾਵਾਂਗੀ। ਉਹ ਤਿੰਨੇ ਜਿਵੇਂ ਈ ਉਹਨਾਂ ਕਿਸੇ ਵੀ ਸੇਅ ਨੂੰ ਮੂੰਹ ਲਾਇਆ, ਇਕਦਮ ਈ ਤੁੰਬੇ ਜਾਣਗੇ।"

"ਠੀਕ ਆਖਿਐ ਤੂੰ ਵੀ," ਬੁੱਢੀ ਅਜਗਰਨੀ ਫੇਰ ਬੋਲੀ।

ਤੀਜੀ ਵਹੁਟੀ ਨੇ ਆਖਿਆ:

"ਤੇ ਮੈਂ, ਉਹਨਾਂ 'ਤੇ ਨੀਂਦਰ ਦਾ ਟੂਣਾ ਕਰਾਂਗੀ; ਮੈਂ ਉਹਨਾਂ ਦੇ ਅਗੇ ਭੱਜਾਂਗੀ ਤੇ ਰੇਸ਼ਮੀ ਗੱਦੀਆਂ ਵਾਲਾ ਨਰਮ ਗ਼ਲੀਚਾ ਬਣ ਜਾਵਾਂਗੀ। ਭਰਾ ਲੇਟਣਾ ਤੇ ਆਰਾਮ ਕਰਨਾ ਚਾਹੁਣਗੇ, ਪਰ ਸੜ ਕੇ ਕੋਲੇ ਹੋ ਜਾਣਗੇ!"

"ਤੇ ਤੂੰ ਵੀ ਕੋਈ ਘਟ ਠੀਕ ਨਹੀਂ ਆਖਿਆ," ਬੁੱਢੀ ਅਜਗਰਨੀ ਬੋਲੀ। "ਪਰ ਜੇ ਤੁਸੀਂ ਤਿੰਨੇ ਉਹਨਾਂ ਨੂੰ ਨਾ ਮਾਰ ਸਕੀਆਂ, ਤਾਂ ਮੈਂ ਬਹੁਤ ਵਡੀ ਸੂਰਨੀ ਬਣ ਜਾਵਾਂਗੀ, ਤੇ ਪਿਛੋਂ ਜਾ ਮਿਲ, ਤਿੰਨਾਂ ਦੇ ਤਿੰਨਾਂ ਨੂੰ ਨਿਘਾਰ ਜਾਵਾਂਗੀ।"

ਕਿਸਾਨ-ਜਾਏ ਈਵਾਨ ਨੇ ਉਹਨਾਂ ਦੀਆਂ ਗੱਲਾਂ ਸੁਣੀਆਂ ਤੇ ਛੇਤੀ-ਛੇਤੀ ਆਪਣੇ ਭਰਾਵਾਂ ਕੋਲ ਪਰਤ ਆਇਆ।

"ਕਿਉਂ, ਲਭ ਪਈ ਆ ਪੇਟੀ?" ਉਹਨਾਂ ਉਹਨੂੰ ਪੁਛਿਆ।

"ਲਭ ਪਈ ਏ।"

"ਤੇ ਏਨਾ ਵਕਤ ਗੁਆਣ ਜੋਗੀ ਹੈ ਸੀ।"

"ਹੈ ਸੀ, ਭਰਾਵੋ, ਹੈ ਸੀ।"

ਤੇ ਫੇਰ ਤਿੰਨ ਭਰਾ ਤਿਆਰ ਹੋਏ ਤੇ ਘਰ ਵਲ ਨੂੰ ਚਲ ਪਏ। ਉਹ ਮੈਦਾਨਾਂ ਵਿਚੋਂ ਲੰਘੇ ਤੇ ਚਰਾਂਦਾਂ ਵਿਚੋਂ, ਤੇ ਦਿਨ ਇੰਜ ਤਪ ਰਿਹਾ ਸੀ ਕਿ ਉਹਨਾਂ ਨੂੰ ਲਗਿਆ ਕਿ ਜੇ ਉਹਨਾਂ ਪਾਣੀ ਨਾ ਪੀਤਾ ਤੇ ਉਹ ਮਰ ਜਾਣਗੇ। ਉਹਨਾਂ ਆਪਣੇ ਚੁਗਿਰਦੇ ਨਜ਼ਰ ਮਾਰੀ ਤੇ ਨੇੜੇ ਹੀ ਇਕ ਖੂਹ ਦਿਸਿਆ, ਜਿਹਦੇ ਉਪਰ ਚਾਂਦੀ ਦੀ ਇਕ ਡੋਈ ਤਰ ਰਹੀ ਸੀ। ਦੋਵਾਂ ਵਡੇ ਭਰਾਵਾਂ ਨੇ ਈਵਾਨ ਨੂੰ ਕਿਹਾ:

"ਈਵਾਨ, ਠਹਿਰ ਜਾਈਏ, ਤੇ ਕੁਝ ਠੰਡਾ ਪਾਣੀ ਪੀ ਲਈਏ ਤੇ ਆਪਣੇ ਘੋੜਿਆਂ ਨੂੰ ਵੀ ਪਿਆ ਲਈਏ।"

"ਕੀ ਪਤੈ, ਏਸ ਖੂਹ ਦਾ ਪਾਣੀ ਗੰਦਾ ਹੋਵੇ," ਈਵਾਨ ਨੇ ਜਵਾਬ ਦਿਤਾ।

ਤੇ ਘੋੜੇ ਤੋਂ ਪਲਾਕੀ ਮਾਰ, ਉਹ ਤਲਵਾਰ ਫੜ ਖੂਹ ਨੂੰ ਵੱਢਣ ਲਗ ਪਿਆ। ਉਹਦੇ ਇੰਜ ਕਰਦਿਆਂ ਹੀ ਖੂਹ ਵਿਚੋਂ ਕਹਿਰਾਂ ਦੀਆਂ ਚੀਕਾਂ ਤੇ ਚਾਂਗਰਾਂ ਸੁਣੀਣ ਲਗ ਪਈਆਂ, ਚਾਣਚਕ ਹੀ ਧੁੰਦ ਛਾ ਗਈ, ਤਪਸ਼ ਘਟ ਗਈ ਤੇ ਉਹਨਾਂ ਨੂੰ ਤਿਹ ਲਗਣੀ ਹਟ ਗਈ।

"ਵੇਖ ਲਿਆ ਜੇ ਨਾ, ਭਰਾਵੋ, ਖੂਹ 'ਚ ਕਿਹੋ ਜਿਹਾ ਪਾਣੀ ਸੀ," ਈਵਾਨ ਨੇ ਕਿਹਾ।

ਉਹ ਅਗੇ ਚਲਦੇ ਗਏ, ਬਹੁਤ ਵਕਤ ਲੰਘ ਗਿਆ ਕਿ ਥੋੜਾ, ਇਹਦਾ ਕਿਸੇ ਨੂੰ ਪਤਾ ਨਹੀਂ, ਪਰ ਜਾਂਦਿਆਂ-ਜਾਂਦਿਆਂ ਉਹਨਾਂ ਨੂੰ ਸੇਆਂ ਦਾ ਇਕ ਦਰਖ਼ਤ ਦਿਸਿਆ, ਜਿਹੜਾ ਵਡੇ-ਵਡੇ, ਗੁਲਾਬੀ ਸੇਆਂ ਨਾਲ ਲਦਿਆ ਹੋਇਆ ਸੀ। ਦੋਵੇਂ ਵਡੇ ਭਰਾ ਘੋੜਿਆਂ ਤੋਂ ਕੁਦ ਖਲੋਤੇ ਤੇ ਸੇਆਂ ਨੂੰ ਹਥ ਪਾਣ ਲਗੇ। ਪਰ ਈਵਾਨ ਉਹਨਾਂ ਨਾਲੋਂ ਸ਼ੁਹਲਾ ਸੀ ਤੇ ਉਹਨੇ ਤਲਵਾਰ ਫੜ ਲਈ ਤੇ ਸੇਆਂ ਦੇ ਦਰਖ਼ਤ ਦੀਆਂ ਜੜ੍ਹਾਂ ਵੱਢਣ ਲਗ ਪਿਆ; ਤੇ ਸੇਆਂ ਦਾ ਦਰਖ਼ਤ ਚੀਕਣ ਤੇ ਚਾਂਗਰਨ ਲਗ ਪਿਆ।

"ਵੇਖ ਲਿਆ ਜੇ ਨਾ, ਭਰਾਵੋ, ਕਿਸ ਤਰ੍ਹਾਂ ਦਾ ਸੇਆਂ ਦਾ ਦਰਖ਼ਤ ਜੇ? ਇਹਦੇ 'ਤੇ ਲਗੇ ਸੇਅ ਸੁਆਦਲੇ ਨਹੀਂ।" ਈਵਾਨ ਨੇ ਕਿਹਾ।

ਤੇ ਤਿੰਨੇ ਦੇ ਤਿੰਨੇ ਫੇਰ ਆਪਣੇ ਘੋੜਿਆਂ ਉਤੇ ਚੜ੍ਹ ਬੈਠੇ ਤੇ ਅਗੇ ਚਲ ਪਏ।

ਉਹ ਕਿੰਨਾ ਹੀ ਚਿਰ ਚਲਦੇ ਗਏ, ਤੇ ਉਹਨਾਂ ਨੂੰ ਬਹੁਤ ਥਕੇਵਾਂ ਮਹਿਸੂਸ ਹੋਣ ਲਗ ਪਿਆ। ਉਹਨਾਂ ਚੁਗਿਰਦੇ ਨਜ਼ਰ ਮਾਰੀ, ਤੇ ਉਥੇ ਪੈਲੀ ਵਿਚ ਇਕ ਨਰਮ, ਡਲਕਦਾ ਗ਼ਲੀਚਾ ਵਿਛਿਆ ਹੋਇਆ ਸੀ ਤੇ ਉਹਦੇ ਉਤੇ ਰੇਸ਼ਮੀ ਗੱਦੀਆਂ ਪਈਆਂ ਸਨ।

"ਚਲੋ, ਗ਼ਲੀਚੇ 'ਤੇ ਲੇਟ ਲਈਏ ਤੇ ਆਪਣੇ ਥੱਕੇ ਹੱਡਾਂ ਨੂੰ ਆਰਾਮ ਕਰ ਲੈਣ ਦਈਏ, ਘੰਟਾ ਕੁ ਠੌਕਾ ਲਾ ਲਈਏ," ਦੋਵਾਂ ਵਡੇ ਭਰਾਵਾਂ ਨੇ ਆਖਿਆ।

"ਨਹੀਂ, ਭਰਾਵੋ, ਗ਼ਲੀਚਾ ਨਰਮ ਨਹੀਂ ਜੇ ਲੱਗਣ ਲਗਾ," ਈਵਾਨ ਨੂੰ ਉਹਨਾਂ ਨੂੰ ਆਖਿਆ।

ਇਹ ਗਲ ਸੁਣ ਦੋਵੇਂ ਵਡੇ ਭਰਾ ਗੁੱਸੇ ਹੋ ਗਏ।

"ਸਾਨੂੰ ਮੱਤਾਂ ਕਿਉਂ ਦੇਂਦਾ ਰਹਿਨੈਂ?" ਉਹ ਪੁੱਛਣ ਲਗੇ। "ਅਸੀਂ ਇਹ ਨਾ ਕਰੀਏ ਤੇ ਉਹ ਨਾ ਕਰੀਏ।"

ਪਰ ਈਵਾਨ ਨੇ ਜਵਾਬ ਵਿਚ ਇਕ ਲਫ਼ਜ਼ ਵੀ ਨਾ ਕਿਹਾ। ਉਹਨੇ ਆਪਣੀ ਪੇਟੀ ਲਾਹੀ ਤੇ ਗ਼ਲੀਚੇ ਉਤੇ ਸੁਟ ਦਿਤੀ। ਤੇ ਪੇਟੀ ਬਲ ਉਠੀ ਤੇ ਸੜ ਕੇ ਕੋਲਾ ਹੋ ਗਈ।

"ਤੁਹਾਡੇ ਨਾਲ ਵੀ ਇਹੋ ਕੁਝ ਈ ਹੋਣਾ ਸੀ," ਈਵਾਨ ਨੇ ਆਪਣੇ ਭਰਾਵਾਂ ਨੂੰ ਕਿਹਾ। ਉਹ ਨੇੜੇ

ਗਿਆ ਤੇ ਆਪਣੀ ਤਲਵਾਰ ਨਾਲ ਗ਼ਲੀਚੇ ਤੇ ਗੱਦੀਆਂ ਦੇ ਟੋਟੇ ਕਰਨ ਲਗਾ। ਉਹਨੇ ਉਹਨਾਂ ਦੀਆਂ ਫੀਤੀਆਂ ਕਰ ਦਿਤੀਆਂ ਤੇ ਪਰ੍ਹਾਂ ਸੁਟ ਵਗਾਈਆਂ ਤੇ ਆਖਿਆ:

"ਭਰਾਵੋ, ਤੁਹਾਨੂੰ ਮੇਰੇ 'ਤੇ ਗਿਲਾ ਨਹੀਂ ਕਰਨਾ ਚਾਹੀਦਾ। ਏਸ ਲਈ ਕਿ ਖੂਹੀ, ਸੇਆਂ ਦਾ ਦਰਖ਼ਤ ਤੇ ਗ਼ਲੀਚਾ ਉਹ ਨਹੀਂ ਸਨ, ਜੁ ਉਹ ਲਗਦੇ ਸਨ, ਸਗੋਂ ਤਿੰਨਾਂ ਚੁਦੋ-ਯੁਦੋਆਂ ਦੀਆਂ ਵਹੁਟੀਆਂ ਸਨ। ਉਹ ਸਾਨੂੰ ਮਾਰਨਾ ਚਾਹੁੰਦੀਆਂ ਸਨ, ਪਰ ਮਾਰ ਨਹੀਂ ਸਕੀਆਂ, ਸਗੋਂ ਆਪ ਮਰ-ਮੁਕ ਗਈਆਂ ਨੇ।"

ਭਰਾ ਅਗੇ ਚਲਦੇ ਗਏ ਤੇ ਉਹ ਬਹੁਤ ਅਗੇ ਨਿਕਲ ਗਏ ਜਾਂ ਘਟ ਅਗੇ ਨਿਕਲ ਗਏ, ਇਹਦੀ ਕਿਸੇ ਨੂੰ ਖ਼ਬਰ ਨਹੀਂ, ਪਰ ਚਾਣਚਕ ਹੀ ਅਸਮਾਨ ਕਾਲਾ ਸ਼ਾਹ ਹੋ ਗਿਆ, ਹਵਾ ਚਾਂਗਰਨ ਲਗ ਪਈ, ਤੇ ਜ਼ਮੀਨ ਕੰਬਣ ਤੇ ਸਾਂ-ਸਾਂ ਕਰਨ ਲਗ ਪਈ, ਤੇ ਉਹਨਾਂ ਵੇਖਿਆ, ਇਕ ਬਹੁਤ ਵਡੀ ਸੂਰਨੀ ਉਹਨਾਂ ਦੇ ਪਿਛੇ ਭੱਜੀ ਆ ਰਹੀ ਸੀ। ਉਹਨੇ ਆਪਣੇ ਜਬਾੜੇ ਚੁਪਾਟ ਖੋਲ੍ਹ ਲਏ ਤੇ ਈਵਾਨ ਤੇ ਉਹਦੇ ਭਰਾਵਾਂ ਨੂੰ ਨਿਘਾਰ ਹੀ ਚੱਲੀ ਸੀ। ਪਰ ਉਹ ਤਿੰਨੇ ਏਨੇ ਸਿਧੇ-ਸਾਦੇ ਨਹੀਂ ਸਨ। ਉਹਨਾਂ ਆਪਣੀਆਂ ਗੁੱਥੀਆਂ ਵਿਚੋਂ ਇਕ-ਇਕ ਪੂੜ ਲੂਣ ਧਰੂਹ ਕਢਿਆ ਤੇ ਸੂਰਨੀ ਦੇ ਖੁਲ੍ਹੀ ਥੂੰਨੀ ਵਿਚ ਦੇ ਮਾਰਿਆ।

ਸੂਰਨੀ ਦੀ ਖੁਸ਼ੀ ਦੀ ਹਦ ਨਾ ਰਹੀ। ਉਹਨੇ ਇਹ ਸੋਚ ਲਿਆ ਕਿ ਕਿਸਾਨਾਂ ਦੇ ਮੁੰਡੇ ਈਵਾਨ ਤੇ ਉਹਦੇ ਦੋਵਾਂ ਭਰਾਵਾਂ ਨੂੰ ਉਹਨੇ ਫੜ ਲਿਆ ਸੀ, ਤੇ ਉਹ ਖਲੋ ਗਈ ਤੇ ਲੂਣ ਨੂੰ ਚਿੱਥਣ ਲਗ ਪਈ। ਪਰ ਸੁਆਦ ਤੋਂ ਇਹ ਮਹਿਸੂਸ ਕਰਦੀ ਕਿ ਇਹ ਲੂਣ ਸੀ, ਉਹ ਫੇਰ ਉਹਨਾਂ ਦੇ ਪਿਛੇ ਭਜ ਪਈ।

ਉਹ ਭਜਦੀ ਗਈ, ਉਹਦੇ ਲੂੰ ਕੰਢੇ ਖੜੇ ਸਨ, ਉਹ ਦੰਦ ਕਰੀਚ ਰਹੀ ਸੀ, ਤੇ ਉਹ ਛੇਤੀ ਹੀ ਉਹਨਾਂ ਨੂੰ ਆ ਰਲੀ ਤੇ ਉਹਨਾਂ ਦੇ ਕੋਲ ਪਹੁੰਚਣ ਵਾਲੀ ਹੋ ਗਈ।

ਉਹਨੂੰ ਵੇਖ, ਈਵਾਨ ਨੇ ਆਪਣੇ ਭਰਾਵਾਂ ਨੂੰ ਕਿਹਾ ਕਿ ਉਹ ਵਾਗਾਂ ਵਖ-ਵਖ ਪਾਸਿਆਂ ਨੂੰ ਮੋੜ ਲੈਣ, ਤੇ ਉਹਨਾਂ ਵਿਚੋਂ ਇਕ ਸੱਜੇ ਹਥ ਨਿਕਲ ਗਿਆ ਤੇ ਦੂਜਾ ਖੱਬੇ ਹਥ ਤੇ ਈਵਾਨ ਆਪ—ਸਿੱਧਾ ਅਗੇ ਵਲ।

ਸੂਰਨੀ ਭੱਜੀ ਆਈ ਤੇ ਫੇਰ ਅਟਕ ਗਈ, ਏਸ ਲਈ ਕਿ ਉਹਨੂੰ ਸੁਝ ਨਹੀਂ ਸੀ ਰਿਹਾ ਕਿ ਪਹਿਲੋਂ ਕਿਹਦੇ ਪਿਛੇ ਜਾਏ।

ਜਦੋਂ ਉਹ ਜਕੋ-ਤਕੇ ਵਿਚ ਪਈ ਖੜੀ ਸੀ ਤੇ ਆਪਣੀ ਥੂੰਨੀ ਏਧਰ-ਓਧਰ ਮਾਰ ਰਹੀ ਸੀ, ਈਵਾਨ ਉਹਦੇ ਉਤੇ ਟੁਟ ਪਿਆ, ਉਹਨੇ ਉਹਨੂੰ ਚੁਕ ਲਿਆ ਤੇ ਆਪਣੇ ਪੂਰੇ ਜ਼ੋਰ ਨਾਲ ਜ਼ਮੀਨ ਉਤੇ ਦੇ ਮਾਰਿਆ। ਸੂਰਨੀ ਚੂਰਾ-ਚੂਰਾ ਹੋ ਮਿਟੀ ਹੋ ਗਈ, ਤੇ ਮਿੱਟੀ ਹਵਾ ਨੇ ਖਿੰਡਾ ਦਿਤੀ।

ਉਸ ਵੇਲੇ ਤੋਂ ਪਿਛੋਂ ਉਹਨਾਂ ਇਲਾਕਿਆਂ ਵਿਚ ਕਦੀ ਕੋਈ ਦੈਂਤ, ਅਜਗਰ ਜਾਂ ਸਪ ਨਹੀਂ ਨਿਕਲਿਆ, ਤੇ ਲੋਕਾਂ ਨੂੰ ਕਿਸੇ ਗਲ ਦਾ ਡਰ-ਭਓ ਨਹੀਂ।

ਜਿਥੋਂ ਤਕ ਕਿਸਾਨ-ਜਾਏ ਈਵਾਨ ਤੇ ਉਹਦੇ ਦੋ ਭਰਾਵਾਂ ਦਾ ਸਵਾਲ ਏ, ਉਹ ਵਾਪਸ ਆਪਣੇ ਮਾਪਿਆਂ ਕੋਲ ਪਹੁੰਚ ਗਏ, ਤੇ ਫੇਰ ਉਹ ਸਾਰੇ ਖੁਸ਼ੀ-ਖੁਸ਼ਾਈਂ ਰਹਿੰਦੇ ਰਹੇ, ਆਪਣੀਆਂ ਪੈਲੀਆਂ ਵਾਂਹਦੇ, ਆਪਣੀ ਕਣਕ ਬੀਜਦੇ।

# ਅਨੋਖਾ ਮੁਕੱਦਮਾ

ਰੂਸੀ ਪਰੀ – ਕਹਾਣੀ



ਇਕ ਵਾਰੀ ਦੀ ਗਲ ਏ, ਦੋ ਭਰਾ ਹੁੰਦੇ ਸਨ। ਉਹਨਾਂ ਵਿਚੋਂ ਇਕ ਗ਼ਰੀਬ ਸੀ ਤੇ ਦੂਜਾ ਰਿਜ਼ਕਵਾਨ।

ਹੋਇਆ ਕੀ ਕਿ ਇਕ ਦਿਨ ਗ਼ਰੀਬ ਦੀ ਲੱਕੜ ਮੁਕ ਗਈ, ਤੇ ਉਹਦੇ ਕੋਲ ਆਪਣਾ ਚੁਲ੍ਹਾ ਬਾਲਣ ਲਈ ਕੁਝ ਨਾ ਰਿਹਾ। ਉਹਦੀ ਝੁੱਗੀ ਵਿਚ ਡਾਢੀ ਠੰਡ ਲਗਦੀ ਸੀ।

ਉਹ ਜੰਗਲ ਨੂੰ ਗਿਆ ਤੇ ਉਹਨੇ ਕੁਝ ਲੱਕੜ ਵੱਢੀ, ਪਰ ਲੱਕੜ ਘਰ ਲਿਆਉਣ ਲਈ ਉਹਦੇ ਕੋਲ ਘੋੜਾ ਕੋਈ ਨਹੀਂ ਸੀ।

"ਭਰਾ ਕੋਲ ਜਾਨਾਂ ਤੇ ਘੋੜਾ ਮੰਗਨਾਂ ਉਹਦੇ ਤੋਂ," ਉਹਨੇ ਦਿਲ ਵਿਚ ਸੋਚਿਆ।

ਉਹ ਭਰਾ ਕੋਲ ਗਿਆ, ਪਰ ਭਰਾ ਉਹਨੂੰ ਅਗੋਂ ਬਹੁਤ ਹੀ ਨਿਮੋਹਿਆ ਹੋ ਕੇ ਮਿਲਿਆ।

"ਇਕ ਵਾਰੀ ਘੋੜਾ ਤੈਨੂੰ ਮੈਂ ਦੇ ਦੇਨਾਂ, ਪਰ ਵੇਖੀਂ, ਬਹੁਤਾ ਬੋਝ ਨਾ ਲਦ ਦਈਂ ਸੂ," ਉਹਨੇ ਆਖਿਆ। "ਤੇ ਇਹ ਨਾ ਸੋਚੀਂ, ਤੂੰ ਮੇਰੇ ਕੋਲ ਇਹੋ ਜਿਹੀ ਚੀਜ਼ ਮੰਗਣ ਫੇਰ ਵੀ ਆ ਸਕਣੈਂ। ਅਜ ਦੇਵਾਂ, ਤੇ ਕਲ੍ਹ ਦੇਵਾਂ, ਤੇ ਫੇਰ ਆਪ ਤਲੀ ਟੱਡਦਾ ਫਿਰਾਂ।"

ਗ਼ਰੀਬ ਭਰਾ ਘੋੜਾ ਘਰ ਲੈ ਗਿਆ, ਤੇ ਸਿਰਫ਼ ਓਥੇ ਜਾ ਕੇ ਉਹਨੂੰ ਚੇਤੇ ਆਇਆ ਕਿ ਉਹਨੂੰ ਘੋੜੇ ਦਾ ਸਾਜ਼ ਮੰਗਣਾ ਯਾਦ ਨਹੀਂ ਸੀ ਰਿਹਾ।

"ਤੇ ਹੁਣ ਵਾਪਸ ਜਾਣ ਦਾ ਵੀ ਕੀ ਫ਼ਾਇਦੈ, ਭਰਾ ਮੇਰਾ ਮੈਨੂੰ ਦੇਣ ਤਾਂ ਲਗਾ ਨਹੀਂ," ਉਹਨੇ ਦਿਲ ਵਿਚ ਸੋਚਿਆ।

ਇਸ ਲਈ ਉਹਨੇ ਸਲੇਜ ਨੂੰ ਘੋੜੇ ਦੇ ਪੂਛਲ ਨਾਲ ਜਿੰਨਾ ਵੀ ਘੁਟ ਕੇ ਬੰਨ੍ਹਿਆ ਜਾ ਸਕਦਾ ਸੀ, ਬੰਨ੍ਹ ਦਿਤਾ, ਤੇ ਜੰਗਲ ਵਲ ਹੋ ਪਿਆ।

ਵਾਪਸ ਆਉਂਦਿਆਂ ਸਲੇਜ ਇਕ ਦਰੱਖ਼ਤ ਦੇ ਮੁੱਢ ਵਿਚ ਫਸ ਗਈ, ਪਰ ਉਸ ਵਿਚਾਰੇ ਦਾ ਧਿਆਨ ਨਾ ਪਿਆ, ਤੇ ਉਹਨੇ ਘੋੜੇ ਨੂੰ ਛਾਂਟਾ ਛੁਹਾ ਦਿਤਾ।

ਘੋੜਾ ਤੇਜ਼-ਤੱਰਾਰ ਸੀ; ਉਹਨੇ ਅਗੇ ਨੂੰ ਛਾਲ ਮਾਰੀ ਤੇ ਹੋਇਆ ਕੀ: ਉਹਦੀ ਪੂਛਲ ਲਥ ਗਈ।

ਜਦੋਂ ਰਿਜ਼ਕਵਾਨ ਭਰਾ ਨੇ ਵੇਖਿਆ, ਉਹਦੇ ਘੋੜੇ ਦੀ ਪੂਛਲ ਨਹੀਂ ਸੀ ਰਹੀ, ਉਹ ਗ਼ਰੀਬ ਭਰਾ ਨਾਲ ਉੱਚਾ-ਨੀਵਾਂ ਹੋਣ ਲਗਾ।

"ਮੇਰਾ ਘੋੜਾ ਤਬਾਹ ਕਰ ਕੇ ਰਖ ਦਿਤਾ ਈ!" ਉਹ ਕੁਰਲਾਇਆ। "ਇਹ ਨਾ ਸਮਝੀਂ, ਮੈਂ ਏਥੇ ਬਸ ਕਰ ਦਿਆਂਗਾ!"

ਤੇ ਉਹਨੇ ਉਹਦੇ ਉਤੇ ਮੁਕੱਦਮਾ ਕਰ ਦਿਤਾ।

ਥੋੜਾ ਵਕਤ ਲੰਘਿਆ ਤੇ ਬਹੁਤਾ ਵਕਤ ਲੰਘਿਆ, ਤੇ ਭਰਾਵਾਂ ਨੂੰ ਕਚਹਿਰੀ ਤੋਂ ਹੁਕਮਨਾਮਾ ਆ ਗਿਆ।

ਉਹ ਸ਼ਹਿਰ ਵਲ ਨੂੰ ਚਲ ਪਏ, ਟੁਰਦੇ ਗਏ ਤੇ ਟੁਰਦੇ ਗਏ, ਤੇ ਗ਼ਰੀਬ ਭਰਾ ਦਿਲ ਹੀ ਦਿਲ ਵਿਚ ਸੋਚਣ ਲਗਾ:

"ਕਚਹਿਰੀਏ ਨਹੀਂ ਮੈਂ ਕਦੀ ਗਿਆ। ਪਰ ਕੰਨੀਂ ਮੇਰੇ ਜ਼ਰੂਰ ਪਿਆ। ਲੜੇ ਨਾ ਮਾੜਾ ਤਗੜੇ ਨਾਲ। ਕਰੇ ਨਾ ਨਾਲਿਸ਼ ਕਦੀ ਕੰਗਾਲ। ਮੈਨੂੰ ਜ਼ਰੂਰ ਕਸੂਰਵਾਰ ਠਹਿਰਾਣਗੇ।"

ਐਨ ਉਸ ਵੇਲੇ ਉਹ ਇਕ ਪੁਲ ਪਾਰ ਕਰ ਰਹੇ ਸਨ, ਤੇ ਏਸ ਕਰਕੇ ਕਿ ਪੁਲ ਦਾ ਜੰਗਲਾ ਕੋਈ ਨਹੀਂ ਸੀ, ਗ਼ਰੀਬ ਭਰਾ ਦਾ ਪੈਰ ਤਿਲਕ ਗਿਆ ਤੇ ਉਹ ਡਿਗ ਪਿਆ। ਹੋਇਆ ਇਹ ਕਿ ਐਨ ਉਸੇ ਹੀ ਪੁਲ ਹੇਠਾਂ ਇਕ ਵਪਾਰੀ ਆਪਣੇ ਬੁੱਢੇ ਪਿਓ ਨੂੰ ਡਾਕਟਰ ਕੋਲ ਲਿਜਾਣ ਲਈ ਜੰਮੇ ਹੋਏ ਦਰਿਆ ਉਤੋਂ ਸਲੇਜ ਲੰਘਾ ਰਿਹਾ ਸੀ, ਤੇ ਗ਼ਰੀਬ ਭਰਾ ਵਾਪਰੀ ਦੀ ਸਲੇਜ ਵਿਚ ਐਨ ਬੁੱਢੇ ਦੇ ਉਤੇ ਆ ਪਿਆ, ਬੁੱਢਾ ਥਾਏਂ ਹੀ ਮਰ ਗਿਆ ਤੇ ਗ਼ਰੀਬ ਭਰਾ ਨੂੰ ਝਰੀਟ ਤਕ ਨਾ ਪਈ।

ਵਪਾਰੀ ਨੇ ਗ਼ਰੀਬ ਭਰਾ ਨੂੰ ਫੜ ਲਿਆ ਤੇ ਪਕੜੀ ਰਖਿਆ।

"ਚਲ ਮੇਰੇ ਨਾਲ ਮੁਨਸਫ਼ ਕੋਲ!" ਉਹ ਚਿਲਕਿਆ।

ਤੇ ਇਸ ਤਰ੍ਹਾਂ ਉਹ ਤਿੰਨੇ, ਦੋ ਭਰਾ ਤੇ ਇਕ ਵਪਾਰੀ, ਸ਼ਹਿਰ ਵਲ ਨੂੰ ਹੋ ਪਏ।

ਗ਼ਰੀਬ ਭਰਾ ਹੋਰ ਵੀ ਉਦਾਸ ਹੋ ਗਿਆ ਤੇ ਉਹਦਾ ਇੰਜ ਮੂੰਹ ਲਹਿ ਗਿਆ, ਜਿਵੇਂ ਅਗੇ ਕਦੀ ਨਹੀਂ ਸੀ ਲੱਥਾ।

"ਹੁਣ ਤਾਂ ਮੈਨੂੰ ਜ਼ਰੂਰ ਈ ਕਸੂਰਵਾਰ ਠਹਿਰਾਣਗੇ," ਉਹਨੇ ਦਿਲ ਹੀ ਦਿਲ ਵਿਚ ਸੋਚਿਆ।

ਅੱਚਣਚੇਤ ਹੀ ਉਹਦੀ ਨਜ਼ਰ ਸੜਕ ਉਤੇ ਪਏ ਇਕ ਭਾਰੇ ਪੱਥਰ ਵਲ ਪਈ। ਉਹਨੇ ਪੱਥਰ ਚੁਕ ਲਿਆ, ਇਕ ਲੀਰ ਵਿਚ ਵਲ੍ਹੇਟ ਲਿਆ ਤੇ ਕਛ ਵਿਚ ਵਾੜ ਲਿਆ।

"ਸਤ ਸੱਲ, ਇਕੋ ਗਲ," ਉਹਨੇ ਦਿਲ ਵਿਚ ਸੋਚਿਆ। "ਜੇ ਮੁਨਸਫ਼ ਨੇ ਇਨਸਾਫ਼ ਨਾ ਕੀਤਾ, ਤੇ ਮੈਨੂੰ ਕਸੂਰਵਾਰ ਠਹਿਰਾਇਆ ਗਿਆ, ਤਾਂ ਮੈਂ ਉਹਨੂੰ ਵੀ ਮਾਰ ਦੇਣੈਂ।"

ਉਹ ਮੁਨਸਫ਼ ਸਾਹਮਣੇ ਪੇਸ਼ ਹੋਏ, ਤੇ ਹੁਣ ਗ਼ਰੀਬ ਭਰਾ ਦੇ ਖ਼ਿਲਾਫ਼ ਇਕ ਦੀ ਥਾਂ ਦੋ ਮੁਕੱਦਮੇ ਸਨ, ਤੇ ਮੁਨਸਫ਼ ਨੇ ਇਨਸਾਫ਼ ਕਰਨ ਤੇ ਸਵਾਲ ਪੁੱਛਣ ਦਾ ਸਿਲਸਲਾ ਸ਼ੁਰੂ ਕੀਤਾ।

ਗ਼ਰੀਬ ਭਰਾ ਘੜੀ-ਮੁੜੀ ਮੁਨਸਫ਼ ਵਲ ਵੇਖਦਾ, ਲੀਰ ਵਿਚ ਵਲ੍ਹੇਟਿਆ ਪੱਥਰ ਕਢਦਾ ਤੇ ਖੁਸਰ-ਫੁਸਰ ਕਰਦਾ:

"ਕਰ ਮੁਨਸਫ਼ੀ, ਕਰ ਮੁਨਸਫ਼ੀ, ਕਰ ਮੁਨਸਫ਼ੀ, ਪਰ ਵੇਖ ਕਚਹਿਰੀਏ ਮੈਂ, ਨਾਲ ਅਜ ਆਂਦਾ ਏ ਕੀ!"

ਉਹਨੇ ਇਹ ਇਕ ਵਾਰੀ ਕਿਹਾ, ਤੇ ਉਹਨੇ ਇਹ ਫੇਰ ਕਿਹਾ ਤੇ ਉਹਨੇ ਇਹ ਤੀਜੀ ਵਾਰੀ ਕਿਹਾ, ਤੇ ਮੁਨਸਫ਼ ਨੇ ਉਹਨੂੰ ਤਕਿਆ ਤੇ ਦਿਲ ਹੀ ਦਿਲ ਵਿਚ ਸੋਚਿਆ:

"ਜਟ ਮੈਨੂੰ ਸੋਨੇ ਦੀ ਰੈਣੀ ਤਾਂ ਨਹੀਂ ਵਿਖਾ ਰਿਹਾ?"

ਤੇ ਉਹਨੇ ਇਕ ਵਾਰੀ ਫੇਰ ਵੇਖਿਆ ਤੇ ਉਹਨੂੰ ਚੋਖਾ ਮਾਲ ਝੱਲ ਜਾਣ ਦੀ ਆਸ ਹੋ ਗਈ।

"ਪਰ ਜੇ ਇਹ ਸਿਰਫ਼ ਚਾਂਦੀ ਈ ਹੋਈ ਤਾਂ," ਉਹਨੇ ਸੋਚਿਆ, "ਫੇਰ ਵੀ ਚੰਗੀ-ਚੋਖੀ ਰਕਮ ਜੁੜ ਜਾਏਗੀ ਇਹਦੇ ਨਾਲ।"

ਤੇ ਉਹਨੇ ਸਜ਼ਾ ਸੁਣਾ ਦਿਤੀ ਤੇ ਫ਼ੈਸਲਾ ਦਿਤਾ ਕਿ ਬੇ-ਪੂਛ ਘੋੜਾ ਉਸ ਸਮੇਂ ਤਕ ਗ਼ਰੀਬ ਭਰਾ ਨੂੰ ਰੱਖਣ ਲਈ ਦਿਤਾ ਜਾਵੇ, ਜਦੋਂ ਤਕ ਉਹਦੀ ਪੂਛਲ ਨਵੇਂ ਸਿਰੋਂ ਨਹੀਂ ਉਗ ਆਉਂਦੀ।"

ਤੇ ਵਪਾਰੀ ਨੂੰ ਉਹਨੇ ਆਖਿਆ:

"ਤੇਰੇ ਪਿਉ ਨੂੰ ਮਾਰਨ ਲਈ ਸਜ਼ਾ ਦੇ ਤੌਰ ਤੇ ਇਹ ਆਦਮੀ ਐਨ ਓਸੇ ਹੀ ਪੁਲ ਥੱਲੇ ਬਰਫ਼ ਉਤੇ ਖੜਾ ਕੀਤੇ ਜਾਵੇ, ਤੇ ਤੂੰ ਪੁਲ ਤੋਂ ਇਹਦੇ ਉਤੇ ਛਾਲ ਮਾਰੇਂ ਤੇ ਇਹਨੂੰ ਉਸੇ ਤਰ੍ਹਾਂ ਹੀ ਮਾਰ ਦੇਵੇਂ, ਜਿਵੇ ਇਹਨੇ ਤੇਰੇ ਪਿਓ ਨੂੰ ਮਾਰਿਆ ਸੀ।"

ਤੇ ਇਹਦੇ ਨਾਲ ਮੁਕੱਦਮਾ ਖ਼ਤਮ ਹੋ ਗਿਆ।

ਰਿਜ਼ਕਵਾਨ ਭਰਾ ਨੇ ਗ਼ਰੀਬ ਭਰਾ ਨੂੰ ਆਖਿਆ:

"ਚਲ, ਕੋਈ ਗਲ ਨਹੀਂ, ਮੈਂ ਤੇਰੇ ਤੋਂ ਬੇ-ਪੂਛ ਘੋੜਾ ਈ ਲੈ ਲਵਾਂਗਾ।"

"ਨਹੀਂ, ਨਹੀਂ, ਭਰਾਵਾ," ਗ਼ਰੀਬ ਆਦਮੀ ਨੇ ਜਵਾਬ ਦਿਤਾ। "ਉਵੇਂ ਈ ਰਹਿਣ ਦੇ, ਜਿਵੇ ਮੁਨਸਫ਼ ਨੇ ਫ਼ੈਸਲਾ ਸੁਣਾਇਐ। ਮੈਂ ਤੇਰੇ ਘੋੜੇ ਨੂੰ ਰਖ ਲਾਂਗਾ, ਜਦੋਂ ਤਕ ਉਹਦੀ ਪੂਛਲ ਫੇਰ ਨਹੀਂ ਉਗ ਆਉਂਦੀ।"

"ਮੈਂ ਤੈਨੂੰ ਤੀਹ ਰੂਬਲ ਦੇਨਾਂ, ਤੂੰ ਬਸ ਮੈਨੂੰ ਮੇਰਾ ਘੋੜਾ ਵਾਪਸ ਕਰ ਦੇ," ਉਹਨੇ ਆਖਿਆ।

"ਸਤ ਬਚਨ, ਜਿਵੇਂ ਚਾਹੁਨੈਂ, ਉਵੇਂ ਈ ਕਰ ਲੈਨੇ ਆਂ," ਗ਼ਰੀਬ ਭਰਾ ਮੰਨ ਗਿਆ।

ਰਿਜ਼ਕਵਾਨ ਭਰਾ ਨੇ ਪੈਸੇ ਗਿਣ ਦਿਤੇ ਤੇ ਉਹਨਾਂ ਵਿਚਾਲੇ ਮਾਮਲਾ ਨਜਿਠਿਆ ਗਿਆ।

ਤਾਂ ਫੇਰ, ਵਪਾਰੀ ਵੀ ਤਰਲੇ-ਮਿੰਨਤ ਦੇ ਲਹਿਜੇ ਵਿਚ ਗਲ ਕਰਨ ਲਗਾ।

"ਚਲ ਭਲੇ ਲੋਕਾ, ਭੁਲਾ ਦਈਏ ਏਸ ਸਾਰੇ ਮਾਮਲੇ ਨੂੰ," ਉਹਨੇ ਆਖਿਆ। "ਮੈਂ ਤੈਨੂੰ ਮੁਆਫ਼ ਕਰਨਾ। ਜੇ ਮੈਂ ਨਾ ਵੀ ਕਰਾਂ, ਤਾਂ ਵੀ ਮੇਰਾ ਪਿਓ ਫੇਰ ਨਹੀਂ ਜਿਊਂ ਪੈਣ ਲਗਾ।"

"ਨਹੀਂ, ਨਹੀਂ, ਚਲਿਆ ਆ ਤੇ ਉਵੇਂ ਕਰ, ਜਿਵੇਂ ਮੁਨਸਫ਼ ਨੇ ਕਿਹਾ ਸੀ। ਪੁਲ ਤੋਂ ਮੇਰੇ ਉਤੇ ਡਿਗ।"

"ਮੈਂ ਤੈਨੂੰ ਮਾਰਨਾ ਨਹੀਂ ਚਾਹੁੰਦਾ। ਚਲ ਸਲਾਹ ਕਰ ਲਈਏ। ਮੈਂ ਤੈਨੂੰ ਸੌ ਰੂਬਲ ਦੇ ਦਿਆਂਗਾ।"

ਗ਼ਰੀਬ ਆਦਮੀ ਨੇ ਸੌ ਰੂਬਲ ਲੈ ਲਏ ਤੇ ਚੱਲਣ ਹੀ ਲਗਾ ਸੀ ਕਿ ਮੁਨਸਫ਼ ਨੇ ਉਹਨੂੰ ਆਪਣੇ ਕੋਲ ਸਦਿਆ।

"ਤੇ ਦੇ ਮੈਨੂੰ ਜੁ ਵਾਇਦਾ ਕੀਤਾ ਸਾਈ," ਉਹਨੇ ਆਖਿਆ।

ਤੇ ਗ਼ਰੀਬ ਆਦਮੀ ਨੇ ਆਪਣੀ ਕਛ ਵਿਚੋਂ ਬੁਗਚੀ ਕੱਢੀ, ਲੀਰ ਲਾਹੀ ਤੇ ਮੁਨਸਫ਼ ਨੂੰ ਪੱਥਰ ਵਿਖਾ ਦਿਤਾ।


"ਇਹ ਸੀ ਜੁ ਤੁਹਾਨੂੰ ਮੈਂ ਵਿਖਾਇਆ ਸੀ, ਜਦੋਂ ਮੈਂ ਕਿਹਾ ਸੀ: 'ਕਰ ਮੁਨਸਫ਼ੀ, ਕਰ ਮੁਨਸਫ਼ੀ, ਕਰ ਮੁਨਸਫ਼ੀ, ਪਰ ਵੇਖ ਕਚਹਿਰੀਏ ਮੈਂ, ਨਾਲ ਅਜ ਆਂਦਾ ਏ ਕੀ!' ਜੇ ਤੁਸੀਂ ਕੋਈ ਹੋਰ ਫ਼ੈਸਲਾ ਸੁਣਾਇਆ ਹੁੰਦਾ, ਮੈਂ ਤੁਹਾਨੂੰ ਏਸ ਪੱਥਰ ਨਾਲ ਮਾਰ ਦੇਣਾ ਸੀ।"

"ਚੰਗਾ ਕੀਤੈ ਮੈਂ ਏਸ ਤਰ੍ਹਾਂ ਦਾ ਫ਼ੈਸਲਾ ਸੁਣਾ ਕੇ," ਮੁਨਸਫ਼ ਨੇ ਦਿਲ ਹੀ ਦਿਲ ਵਿਚ ਸੋਚਿਆ, "ਨਹੀਂ ਤਾਂ ਮੈਂ ਹੁਣ ਜਿਊਂਦਾ ਨਹੀਂ ਸੀ ਹੋਣਾ।"

ਤੇ ਗ਼ਰੀਬ ਆਦਮੀ ਦਾ ਕੀ ਹੋਇਆ, ਉਹ, ਪੂਰੇ ਜ਼ੋਰ ਨਾਲ ਗੌਣ ਗਾਉਂਦਾ, ਚੜ੍ਹਦੀ ਕਲਾ ਵਿਚ ਘਰ ਨੂੰ ਹੋ ਪਿਆ।

# ਪੋਕਾਤੀ-ਗੋਰੋਸ਼ੇਕ

## ਯੂਕਰੇਨੀ ਪਰੀ - ਕਹਾਣੀ



ਇਕ ਵਾਰੀ ਇਕ ਆਦਮੀ ਹੁੰਦਾ ਸੀ, ਜਿਹਦੇ ਛੇ ਪੁੱਤਰ ਸਨ ਤੇ ਅਲਯੋਨਕਾ ਨਾਂ ਦੀ ਇਕ ਧੀ ਸੀ। ਇਕ ਦਿਨ ਪੁੱਤਰ ਪੈਲੀ ਵਾਹੁਣ ਗਏ ਤੇ ਉਹਨਾਂ ਆਪਣੀ ਭੈਣ ਨੂੰ ਕਿਹਾ, ਉਹਨਾਂ ਦੀ ਰੋਟੀ ਓਥੇ ਆਵੇ।

"ਮੈਨੂੰ ਦੱਸੋ, ਹੋਵੋਗੇ ਕਿੱਥੇ, ਮੈਨੂੰ ਪਤਾ ਲਗੇ ਨਾ, ਮੈਂ ਆਣਾ ਕਿਹੜੀ ਥਾਂ ਏ," ਅਲਯੋਨਕਾ ਨੇ ਕਿਹਾ।

ਭਰਾਵਾਂ ਨੇ ਆਖਿਆ:

"ਅਸੀਂ ਝੁੱਗੀ ਤੋਂ ਓਸ ਟੋਟੇ ਤਕ, ਜਿਹੜਾ ਅਸੀਂ ਵਾਹ ਰਹੇ ਹੋਵਾਂਗੇ, ਇਕ ਸਿਆੜ ਕੱਢੀ ਜਾਵਾਂਗੇ। ਜੇ ਤੂੰ ਸਿਆੜ ਦੇ ਨਾਲ-ਨਾਲ ਟੁਰਦੀ ਆਵੇਂ, ਸਾਨੂੰ ਲਭ ਲਵੇਂਗੀ।" ਤੇ ਇਹ ਕਹਿ ਉਹ ਚਲੇ ਗਏ।

ਤੇ ਓਧਰ ਜੰਗਲ ਵਿਚ ਓਸ ਪੈਲੀ ਕੋਲ ਇਕ ਅਜਗਰ ਰਹਿੰਦਾ ਸੀ, ਤੇ ਉਹ ਆਇਆ ਤੇ ਉਹਨੇ ਭਰਾਵਾਂ ਦੀ ਪੁੱਟੀ ਸਿਆੜ ਭਰ ਦਿਤੀ, ਤੇ ਆਪਣੀ ਕਢ ਲਈ, ਜਿਹੜੀ ਸਿੱਧੀ ਉਹਦੇ ਘਰ ਦੇ ਬੂਹੇ ਤਕ ਜਾਂਦੀ ਸੀ। ਤੇ ਜਦੋਂ ਅਲਯੋਨਕਾ ਆਪਣੇ ਭਰਾਵਾਂ ਦੀ ਰੋਟੀ ਲੈ ਉਹਨਾਂ ਵਲ ਚੱਲੀ, ਉਹ ਨਕਲੀ ਸਿਆੜ ਦੇ ਨਾਲ-ਨਾਲ ਟੁਰਦੀ ਗਈ ਤੇ ਸਿੱਧੀ ਅਜਗਰ ਦੇ ਵਿਹੜੇ ਵਿਚ ਜਾ ਵੜੀ, ਜਿਥੇ ਉਹਨੂੰ ਅਜਗਰ ਨੇ ਇਕਦਮ ਫੜ ਲਿਆ।

ਸ਼ਾਮਾਂ ਨੂੰ ਮੁੰਡੇ ਘਰ ਆਏ, ਤੇ ਆਪਣੀ ਮਾਂ ਨੂੰ ਕਹਿਣ ਲਗੇ:

"ਸਾਰਾ ਦਿਨ ਅਸੀਂ ਹਲ ਚਲਾਂਦੇ ਰਹੇ ਹਾਂ। ਸਾਨੂੰ ਕੁਝ ਖਾਣ ਨੂੰ ਕਿਉਂ ਨਹੀਂ ਜੇ ਭੇਜਿਆ?"

"ਪਰ ਮੈਂ ਤਾਂ ਭੇਜਿਆ ਸੀ," ਮਾਂ ਨੇ ਜਵਾਬ ਦਿਤਾ। "ਮੈਂ ਤੁਹਾਡੀ ਰੋਟੀ ਦੇ ਅਲਯੋਨਕਾ ਨੂੰ ਪੈਲੀ ਵਲ ਘਲਿਆ ਸੀ, ਤੇ ਮੇਰਾ ਖਿਆਲ ਸੀ, ਉਹ ਤੁਹਾਡੇ ਨਾਲ ਆ ਰਹੀ ਹੋਵੇਗੀ। ਰਾਹ ਤਾਂ ਨਹੀਂ ਭੁਲ ਗਈ ਹੋਵੇਗੀ?"

"ਅਸੀਂ ਜਾਣੇ ਹਾਂ ਤੇ ਉਹਨੂੰ ਲਭਦੇ ਹਾਂ," ਭਰਾਵਾਂ ਨੇ ਕਿਹਾ।

ਤੇ ਛੋਏ ਦੇ ਛੋਏ ਅਜਗਰ ਦੀ ਸਿਆੜ ਦੇ ਨਾਲ-ਨਾਲ ਟੁਰਦੇ ਗਏ ਤੇ ਅਖ਼ੀਰ ਉਹਦੇ ਵਿਹੜੇ ਵਿਚ ਆ ਪੁੱਜੇ, ਤੇ ਉਹਨਾਂ ਕੀ ਵੇਖਿਆ, ਉਹਨਾਂ ਸਾਹਮਣੇ ਉਹਨਾਂ ਦੀ ਭੈਣ ਖਲੋਤੀ ਸੀ!

"ਮੇਰੇ ਵੀਰਨਿਉਂ, ਅਜਗਰ ਆ ਗਿਆ ਤਾਂ ਮੈਂ ਤੁਹਾਨੂੰ ਕਿਥੇ ਲੁਕਾਵਾਂਗੀ? ਤੁਹਾਨੂੰ ਖਾ ਜਾਏਗਾ ਉਹ!" ਅਲਯੋਨਕਾ ਕੁਰਲਾਈ।

ਤੇ ਵੇਖੋ!—ਅਜਗਰ ਉਹਨਾਂ ਵਲ ਉਡਦਾ ਆ ਰਿਹਾ ਸੀ ਤੇ ਸਪ ਵਾਂਗ, ਜੁ ਉਹ ਸੀ, ਸ਼ੂਕਰਾਂ ਛਡ ਰਿਹਾ ਸੀ।

"ਆਦਮ ਬੋ! ਆਦਮ ਬੋ!" ਉਹ ਕੂਕਿਆ। "ਹੱਛਾ ਵਾਈ ਜਵਾਨੋ, ਅਸੀਂ ਲੜਾਈ ਲੜਨੀ ਏ ਕਿ ਸੁਲਾਹ ਕਰਨੀ ਏ?"

"ਅਸੀਂ ਲੜਾਈ ਲੜਨੀ ਏ!" ਉਹ ਲਲਕਾਰੇ।

"ਤਾਂ ਆਓ ਫੇਰ ਲੋਹੇ ਦੇ ਫ਼ਰਸ਼ ਵਾਲੇ ਗਹਾਈ-ਪਿੜ ਨੂੰ ਚਲੀਏ।"

ਤੇ ਉਹ ਲੋਹੇ ਦੇ ਫ਼ਰਸ਼ ਵਾਲੇ ਗਹਾਈ-ਪਿੜ ਵਲ ਗਏ, ਪਰ ਉਹ ਬਹੁਤਾ ਚਿਰ ਨਾ ਲੜੇ। ਇਸ ਲਈ ਕਿ ਅਜਗਰ ਨੇ ਉਹਨਾਂ ਉਤੇ ਇਕੋ ਵਾਰ ਹੀ ਕੀਤਾ ਤੇ ਉਹਨਾਂ ਨੂੰ ਫ਼ਰਸ਼ ਦੇ ਵਿਚ ਧਕ ਦਿਤਾ। ਫੇਰ ਉਹਨੇ ਅਧ-ਮੋਇਆਂ ਨੂੰ ਬਾਹਰ ਧਰੂਹਿਆ ਤੇ ਡੂੰਘੀ ਕਾਲ-ਕੋਠੜੀ ਵਿਚ ਸੁਟ ਦਿਤਾ।

ਮਾਪੇ ਆਪਣੇ ਪੁਤਰਾਂ ਦੇ ਪਰਤਣ ਦੀ ਉਡੀਕ ਕਰਦੇ ਰਹੇ, ਪਰ, ਅਫ਼ਸੋਸ! ਉਹ ਐਵੇਂ ਹੀ ਉਡੀਕਦੇ ਰਹੇ।

ਇਕ ਦਿਨ ਮਾਂ ਕੁਝ ਕਪੜੇ ਧੋਣ ਦਰਿਆ 'ਤੇ ਗਈ; ਉਹਨੇ ਵੇਖਿਆ ਤੇ ਓਥੇ ਸੜਕ ਉਤੇ ਉਹਦੇ ਵਲ ਰਿੜਦਾ ਆਉਂਦਾ ਇਕ ਨਿਕ-ਮੁਨਿੱਕਾ ਮਟਰ ਉਹਦੀ ਨਜ਼ਰੇ ਪਿਆ। ਉਹਨੇ ਮਟਰ ਚੁਕ ਲਿਆ ਤੇ ਖਾ ਲਿਆ, ਤੇ ਵਕਤ ਪਾ ਕੇ, ਉਹਦੇ ਘਰ ਇਕ ਮੁੰਡਾ ਹੋਇਆ ਤੇ ਉਹਦਾ ਨਾਂ ਉਹਨਾਂ ਪੋਕਾਤੀ-ਗੋਰੋਸ਼ੇਕ ਜਾਂ ਰਿੜਦਾ ਮਟਰ ਰਖ ਦਿਤਾ।

ਪੋਕਾਤੀ-ਗੋਰੋਸ਼ੇਕ ਵਡਾ ਹੋਣ ਲਗਾ, ਉਹ ਵਡਾ ਹੁੰਦਾ ਗਿਆ ਤੇ ਵਡਾ ਹੁੰਦਾ ਗਿਆ, ਤੇ ਭਾਵੇਂ ਉਹਦੀ ਉਮਰ ਬਹੁਤੀ ਨਹੀਂ ਸੀ, ਉਹ ਉਚਾ-ਲੰਮਾ ਤੇ ਤਕੜਾ ਨਿਕਲ ਆਇਆ।

ਇਕ ਦਿਨ ਉਹਦਾ ਬਾਪੂ ਤੇ ਉਹ ਇਕ ਖੂਹ ਪੁੱਟਣ ਲਗੇ, ਤੇ ਉਹ ਪੁਟਦੇ ਗਏ ਜਦੋਂ ਤਕ ਉਹਨਾਂ ਦੇ ਬੇਲਚੇ ਇਕ ਬਹੁਤ ਵਡੀ ਚਟਾਨ ਨਾਲ ਨਾ ਆ ਵੱਜੇ। ਪਿਓ ਚਟਾਨ ਨੂੰ ਚੁੱਕਣ ਵਿਚ ਮਦਦ ਲਈ ਲੋਕਾਂ ਨੂੰ ਬੁਲਾਣ ਗਿਆ, ਪਰ ਉਹਦੇ ਪਰਤਣ ਤੋਂ ਪਹਿਲਾਂ ਹੀ ਪੋਕਾਤੀ-ਗੋਰੋਸ਼ੇਕ ਨੇ ਚਟਾਨ ਨੂੰ ਆਪਣੇ ਆਪ ਹੀ ਚੁਕ ਤੇ ਪਰ੍ਹਾਂ ਸੁਟ ਲਿਆ ਹੋਇਆ ਸੀ। ਲੋਕ ਆਏ ਤੇ ਉਹਨਾਂ ਵੇਖਿਆ ਤੇ ਉਹ ਹੈਰਾਨ ਰਹਿ ਗਏ ਤੇ ਡਰ ਵੀ ਗਏ, ਕਿਉਂ ਕਿ ਪੋਕਾਤੀ-ਗੋਰੋਸ਼ੇਕ ਉਹਨਾਂ ਵਿਚੋਂ ਹਰ ਕਿਸੇ ਨਾਲੋਂ ਬਹੁਤ ਹੀ ਤਕੜਾ ਸੀ। ਸਚੀ ਮੁਚੀ ਹੀ, ਉਹ ਏਨਾ ਡਰ ਗਏ ਸਨ ਕਿ ਉਹਨਾਂ ਪੋਕਾਤੀ-ਗੋਰੋਸ਼ੇਕ ਨੂੰ ਮਾਰ-ਮੁਕਾਣ ਦਾ ਮਤਾ ਪਕਾ ਲਿਆ। ਪਰ ਪੋਕਾਤੀ-ਗੋਰੋਸ਼ੇਕ ਨੇ ਚਟਾਨ ਉਤਾਂਹ ਹਵਾ ਵਿਚ ਸੁਟ ਵਗਾਈ ਤੇ ਫੇਰ ਝੋਪ ਲਈ, ਤੇ ਤਾਕਤ ਦਾ ਇਹ ਕਰਤਬ ਵੇਖ ਲੋਕ ਓਥੋਂ ਤਿੱਤਰ ਹੋ ਗਏ।

ਪਿਓ ਤੇ ਪੁੱਤਰ ਪੁਟਦੇ ਗਏ। ਉਹ ਪੁਟਦੇ ਗਏ, ਜਦੋਂ ਤਕ ਉਹਨਾਂ ਨੂੰ ਲੋਹੇ ਦਾ ਇਕ ਬਹੁਤ ਵਡਾ ਟੋਟਾ ਨਾ ਲਭ ਪਿਆ, ਤੇ ਉਹ ਟੋਟਾ ਪੋਕਾਤੀ-ਗੋਰੋਸ਼ੇਕ ਨੇ ਬਾਹਰ ਕਢ ਲਿਆ ਤੇ ਲੁਕਾ ਦਿਤਾ।

ਇਕ ਦਿਨ ਪੋਕਾਤੀ-ਗੋਰੋਸ਼ੇਕ ਨੇ ਆਪਣੇ ਮਾਂ-ਪਿਉ ਨੂੰ ਪੁਛਿਆ:

"ਮੇਰੇ ਕੋਈ ਭੈਣ-ਭਰਾ ਨਹੀਂ ਸਨ ਹੁੰਦੇ?"

"ਹੁੰਦੇ ਕਿਉਂ ਨਹੀਂ ਸਨ, ਬਚਿਆ," ਉਹਨਾਂ ਜਵਾਬ ਦਿਤਾ। "ਤੇਰੀ ਇਕ ਭੈਣ ਸੀ ਤੇ ਛੇ ਭਰਾ, ਪਰ ..." ਤੇ ਉਹਨਾਂ ਉਹਨੂੰ ਸਾਰੀ ਕਹਾਣੀ ਸੁਣਾ ਦਿਤੀ।

"ਮੈਂ ਉਹਨਾਂ ਨੂੰ ਲੱਭਣ ਜਾਂਗਾ," ਪੋਕਾਤੀ-ਗੋਰੋਸ਼ੇਕ ਨੇ ਕਿਹਾ।

ਮਾਂ-ਪਿਉ ਨੇ ਉਹਨੂੰ ਬੜਾ ਕਿਹਾ, ਉਹ ਨਾ ਜਾਵੇ।

"ਨਾ ਜਾ, ਬਚਿਆ," ਉਹਨਾਂ ਆਖਿਆ। "ਤੇਰੇ ਭਰਾ ਗਏ ਸਨ, ਤੇ ਛਇਏਂ ਦੇ ਛਇਏਂ ਕੰਮ ਆ ਗਏ ਸਨ, ਤੇ ਤੂੰ, ਹੈ ਵੀ ਇਕੱਲਾ, ਬਚਣ ਨਹੀਂ ਲਗਾ।"

"ਨਹੀਂ, ਜਾਣਾ ਮੈਂ ਹਰ ਹਾਲੇ ਏ," ਪੋਕਾਤੀ-ਗੋਰੋਸ਼ੇਕ ਨੇ ਕਿਹਾ। "ਏਸ ਲਈ ਕਿ ਮੈਂ ਆਪਣੇ ਸੱਕੇ ਛੁਡਾਣੇ ਜ਼ਰੂਰ ਨੇ।"

ਤੇ ਉਹਨੇ ਲੋਹੇ ਦੇ ਉਹ ਟੋਟਾ ਲਿਆ, ਜਿਹੜਾ ਉਹਨੂੰ ਲੱਭਾ ਸੀ, ਤੇ ਲੈ ਕੇ ਲੁਹਾਰ ਕੋਲ ਗਿਆ।

"ਮੈਨੂੰ ਇਕ ਤਲਵਾਰ ਬਣਾ ਦੇ, ਜਿੰਨੀ ਵਡੀ ਬਣੇ, ਓਨਾ ਈ ਚੰਗੈ!" ਉਹਨੇ ਲੁਹਾਰ ਨੂੰ ਆਖਿਆ।

ਤੇ ਲੁਹਾਰ ਨੇ ਉਹਨੂੰ ਏਡੀ ਵਡੀ ਤੇ ਭਾਰੀ ਤਲਵਾਰ ਬਣਾ ਕੇ ਦਿਤੀ ਕਿ ਉਹਨੂੰ ਕੋਈ ਲੁਹਾਰਖਾਨੇ ਵਿਚੋਂ ਬਾਹਰ ਹੀ ਕਢ ਲਿਆਵੇ, ਤਾਂ ਬੜੀ ਗਲ ਸੀ। ਪਰ ਪੋਕਾਤੀ-ਗੋਰੋਸ਼ੇਕ ਨੇ ਤਲਵਾਰ ਫੜ ਲਈ, ਘੁਮਾਈ ਤੇ ਉਪਰ ਅਸਮਾਨ ਵਿਚ ਉਛਾਲ ਦਿਤੀ।

"ਹੁਣ ਮੈਂ ਲੰਮੀ ਨੀਂਦਰੇ ਸੌਣ ਲਗਾਂ," ਉਹਨੇ ਆਪਣੇ ਪਿਉ ਨੂੰ ਆਖਿਆ। "ਮੈਨੂੰ ਬਾਰ੍ਹਾਂ ਦਿਨਾਂ ਬਾਅਦ ਜਗਾ ਦੇਣਾ, ਜਦੋਂ ਤਲਵਾਰ ਉਡਦੀ ਵਾਪਸ ਆਵੇ।"

ਉਹ ਲੇਟ ਗਿਆ ਤੇ ਬਾਰ੍ਹਾਂ ਦਿਨ ਸੁੱਤਾ ਰਿਹਾ, ਤੇ ਤੇਰ੍ਹਵੇਂ ਦਿਨ ਤਲਵਾਰ ਉਡਦੀ ਵਾਪਸ ਆਈ, ਉਹਦੇ ਉੱਡਣ ਨਾਲ ਸਾਂ-ਸਾਂ ਦੀ ਆਵਾਜ਼ ਆਉਂਦੀ ਸੀ। ਪਿਉ ਨੇ ਪੋਕਾਤੀ-ਗੋਰੋਸ਼ੇਕ ਨੂੰ ਜਗਾ ਦਿਤਾ ਤੇ ਪੋਕਾਤੀ-ਗੋਰੋਸ਼ੇਕ ਕੁਦ ਖਲੋਤਾ ਤੇ ਉਹਨੇ ਆਪਣੀ ਮੁਠ ਉਪਰ ਕੀਤੀ; ਤਲਵਾਰ ਉਹਦੇ ਨਾਲ ਆ ਵੱਜੀ, ਭੁੰਜੇ ਜਾ ਪਈ ਤੇ ਦੋ ਟੋਟੇ ਹੋ ਗਈ।

"ਮੈਂ ਏਸ ਤਲਵਾਰ ਨਾਲ ਆਪਣੀ ਭੈਣ ਤੇ ਭਰਾਵਾਂ ਨੂੰ ਲੱਭਣ ਨਹੀਂ ਜਾ ਸਕਦਾ," ਪੋਕਾਤੀ-ਗੋਰੋਸ਼ੇਕ ਨੇ ਆਖਿਆ। "ਮੈਨੂੰ ਹੋਰ ਲੈਣੀ ਪਵੇਗੀ।"

ਤੇ ਟੁੱਟੀ ਹੋਈ ਤਲਵਾਰ ਲੈ, ਉਹ ਫੇਰ ਲੁਹਾਰ ਕੋਲ ਗਿਆ।

"ਏਸ ਨਾਲ ਮੈਨੂੰ ਇਕ ਨਵੀਂ ਤਲਵਾਰ ਬਣਾ ਦੇ," ਉਹਨੇ ਆਖਿਆ। "ਇਹੋ ਜਿਹੀ ਬਣਾ ਦੇ, ਜਿਹੜੀ ਮੇਰੇ ਜ਼ੋਰ ਦੇ ਮੇਚ ਆਵੇ।"

ਲੁਹਾਰ ਨੇ ਉਹਨੂੰ ਤਲਵਾਰ ਬਣਾ ਦਿਤੀ, ਜਿਹੜੀ ਪਹਿਲਾਂ ਨਾਲੋਂ ਵੀ ਵਡੀ ਸੀ, ਤੇ ਪੋਕਾਤੀ-ਗੋਰੋਸ਼ੇਕ ਨੇ ਉਹਨੂੰ ਉਪਰ ਅਸਮਾਨ ਵਿਚ ਉਛਾਲ ਘਤਿਆ ਤੇ ਲੰਮਾ ਪੈ ਗਿਆ ਤੇ ਬਾਰ੍ਹਾਂ ਦਿਨ ਹੋਰ ਸੁੱਤਾ ਰਿਹਾ। ਤੇਰ੍ਹਵੇਂ ਦਿਨ ਤਲਵਾਰ ਉਡਦੀ ਵਾਪਸ ਆਈ, ਇੰਜ ਭੀਂ-ਭੀਂ ਤੇ ਸਾਂ-ਸਾਂ ਕਰਦੀ ਕਿ ਜ਼ਮੀਨ ਕੰਬ ਉਠੀ। ਮਾਂ-ਪਿਉ ਨੇ ਪੋਕਾਤੀ-ਗੋਰੋਸ਼ੇਕ ਨੂੰ ਜਗਾ ਦਿਤਾ ਤੇ ਉਹ ਇਕਦਮ ਹੀ ਕੁਦ ਖਲੋਤਾ। ਉਹਨੇ ਮੁਠ ਅਗੇ ਕੀਤੀ, ਤੇ ਤਲਵਾਰ ਉਹਨੂੰ ਆ ਵੱਜੀ, ਪਰ ਟੁੱਟੀ ਨਾ, ਸਿਰਫ਼ ਥੋੜੀ ਜਿਹੀ ਲਿਫ਼ ਹੀ ਗਈ।

"ਇਹ ਸਚੀ-ਮੁਚੀ ਈ ਚੰਗੀ ਤਲਵਾਰ ਏ," ਪੋਕਾਤੀ-ਗੋਰੋਸ਼ੇਕ ਨੇ ਆਖਿਆ। "ਹੁਣ ਮੈਂ ਆਪਣੀ ਭੈਣ ਤੇ ਭਰਾਵਾਂ ਨੂੰ ਲਭ ਸਕਨਾਂ। ਬੇਬੇ, ਮੈਨੂੰ ਕੁਝ ਰੋਟੀ ਪਕਾ ਦੇ, ਤੇ ਕੁਝ ਰਸ ਸੁਕਾ ਦੇ, ਤੇ ਮੈਂ ਆਪਣੇ ਰਾਹੇ ਪੈ ਜਾਵਾਂਗਾ।"

ਤੇ ਉਹਨੇ ਆਪਣੀ ਤਲਵਾਰ, ਰਸਾਂ ਦੀ ਬੁਗਚੀ ਫੜੀ, ਤੇ ਮਾਂ-ਪਿਓ ਤੋਂ ਵਿਦਿਆ ਹੋ, ਚਲ ਪਿਆ।

ਉਹ ਅਜਗਰ ਦੀ ਪੁਰਾਣੀ ਸਿਆੜ ਦੇ ਨਾਲ-ਨਾਲ ਟੁਰਦਾ ਗਿਆ, ਜਿਹੜੀ ਹੁਣ ਮਸਾਂ-ਮਸਾਂ ਹੀ ਦਿਸਦੀ ਸੀ, ਤੇ ਜੰਗਲ ਵਿਚ ਜਾ ਵੜਿਆ। ਜੰਗਲ ਵਿਚ ਉਹ ਟੁਰਦਾ ਗਿਆ, ਟੁਰਦਾ ਗਿਆ ਤੇ ਅਖ਼ੀਰ ਇਕ ਵਡੇ ਸਾਰੇ, ਵਾੜ ਵਾਲੇ ਵਿਹੜੇ ਕੋਲ ਪਹੁੰਚਿਆ। ਉਹ ਵਿਹੜੇ ਵਿਚ ਜਾ ਵੜਿਆ ਤੇ ਅਗੇ ਉਸ ਸੁਹਣੇ ਮਹਿਲ ਵਿਚ, ਜਿਹੜਾ ਓਥੇ ਖੜਾ ਸੀ, ਉਹਨੂੰ ਆਪਣੀ ਭੈਣ, ਅਲਯੋਨਕਾ ਮਿਲ ਪਈ, ਪਰ ਅਜਗਰ ਦਾ ਨਾ ਤੇ ਕੋਈ ਨਾਂ-ਨਿਸ਼ਾਨ ਸੀ ਤੇ ਨਾ ਹੀ ਕੋਈ ਆਵਾਜ਼।

"ਭਲਾ ਹੋਈ ਸੁਹਣੀਏ ਮੁਟਿਆਰੇ!" ਪੋਕਾਤੀ-ਗੋਰੋਸ਼ੇਕ ਨੇ ਕਿਹਾ।

"ਭਲਾ ਹੋਈ, ਬਾਂਕੇ ਗਭਰੂਆ! ਏਥੇ ਕਿਉਂ ਆਇਐਂ? ਅਜਗਰ ਆਉਣ ਈ ਵਾਲੈ ਤੇ ਉਹ ਤੈਨੂੰ ਖਾ ਜਾਏਗਾ।"

"ਵੇਖਾਂਗੇ! ਸ਼ਾਇਦ ਉਹ ਨਾ ਖਾਏ। ਪਰ ਤੂੰ ਕੌਣ ਏਂ, ਸੁਹਣੀਏ ਮੁਟਿਆਰੇ?"

"ਮੈਂ ਆਪਣੇ ਮਾਂ-ਪਿਓ ਨਾਲ ਰਹਿੰਦੀ ਹੁੰਦੀ ਸਾਂ, ਤੇ ਮੈਂ ਉਹਨਾਂ ਦੀ ਇਕੋ-ਇਕ ਧੀ ਸਾਂ, ਪਰ ਅਜਗਰ ਮੈਨੂੰ ਚੁਕ ਲਿਆਇਆ, ਤੇ ਭਾਵੇਂ ਮੇਰੇ ਛੇ ਭਰਾਵਾਂ ਨੇ ਮੈਨੂੰ ਛੁਡਾਣ ਦੀ ਕੋਸ਼ਿਸ਼ ਕੀਤੀ, ਉਹ ਛੁਡਾ ਨਾ ਸਕੇ।"

"ਭਰਾ ਕਿਥੇ ਨੇ?"

"ਅਜਗਰ ਨੇ ਕਾਲ-ਕੋਠੜੀ 'ਚ ਪਾ ਦਿਤੇ ਸਨ। ਪਤਾ ਨਹੀਂ ਜਿਉਂਦੇ ਨੇ ਕਿ ਮਰ ਗਏ ਨੇ।"

"ਸ਼ਾਇਦ ਤੈਨੂੰ ਮੈਂ ਛੁਡਾ ਸਕਾਂ," ਪੋਕਾਤੀ-ਗੋਰੋਸ਼ੇਕ ਨੇ ਕਿਹਾ।

"ਤੂੰ ਕਿਵੇਂ ਛੁਡਾ ਸਕਣੈਂ! ਮੇਰੇ ਭਰਾ ਨਾ ਛੁਡਾ ਸਕੇ, ਤੇ ਉਹ ਛੇ ਜਣੇ ਸਨ, ਤੇ ਤੂੰ ਤਾਂ 'ਕੱਲਾ ਏਂ!"

"ਇਹ ਕੋਈ ਗਲ ਨਹੀਂ," ਪੋਕਾਤੀ-ਗੋਰੋਸ਼ੇਕ ਨੇ ਆਖਿਆ।

ਤੇ ਉਹ ਇਕ ਬਾਰੀ ਕੋਲ ਬਹਿ ਉਡੀਕਣ ਲਗਾ।

ਐਨ ਓਸੇ ਵੇਲੇ ਅਜਗਰ ਉਡਦਾ ਵਾਪਸ ਆਇਆ। ਉਹ ਉਡਦਾ ਘਰ ਅੰਦਰ ਆ ਵੜਿਆ ਤੇ ਨਾਸਾਂ ਸੜੂੰ-ਸੜੂੰ ਕਰਨ ਲਗਾ।

"ਆਦਮ ਬੋ!" ਉਹ ਕੂਕਿਆ।

"ਬੋ ਤੈਨੂੰ ਆਦਮੀ ਦੀ ਈ ਆ ਰਹੀ ਏ," ਪੋਕਾਤੀ-ਗੋਰੋਸ਼ੇਕ ਨੇ ਜਵਾਬ ਦਿਤਾ। "ਉਹ ਏਥੇ ਜੁ ਹੋਇਆ!"

"ਨਹੀਂ ਰੀਸਾਂ, ਮੇਰੇ ਨੌਜਵਾਨ ਦੀਆਂ! ਕੀ ਚਾਹੁੰਨੈਂ—ਲੜਾਈ ਲੜਨਾ ਕਿ ਸੁਲਾਹ ਕਰਨਾ?"

"ਲੜਾਈ ਲੜਨਾ, ਹੋਰ ਕੀ!" ਪੋਕਾਤੀ-ਗੋਰੋਸ਼ੇਕ ਨੇ ਜਵਾਬ ਦਿਤਾ।

"ਤਾਂ ਆ ਫੇਰ ਲੋਹੇ ਦੇ ਫ਼ਰਸ਼ ਵਾਲੇ ਗਹਾਈ-ਪਿੜ ਨੂੰ ਚਲੀਏ।"

"ਚਲ।"

ਉਹ ਲੋਹੇ ਦੇ ਫ਼ਰਸ਼ ਵਾਲੇ ਗਹਾਈ-ਪਿੜ ਨੂੰ ਗਏ, ਤੇ ਅਜਗਰ ਨੇ ਕਿਹਾ:

"ਪਹਿਲੋਂ ਤੂੰ ਵਾਰ ਕਰ।"

"ਨਹੀਂ, ਤੂੰ ਕਰ!" ਪੋਕਾਤੀ-ਗੋਰੋਸ਼ੇਕ ਨੇ ਜਵਾਬ ਦਿਤਾ।

ਉਹਨਾਂ ਤਲਵਾਰਾਂ ਟਕਰਾਈਆਂ ਤੇ ਅਜਗਰ ਨੇ ਪੋਕਾਤੀ-ਗੋਰੋਸ਼ੇਕ ਉਤੇ ਡਾਢਾ ਸ਼ਖਤ ਵਾਰ ਕੀਤਾ ਤੇ ਉਹਨੂੰ ਗਿਟਿਆਂ ਤੀਕ ਲੋਹੇ ਦੇ ਫ਼ਰਸ਼ ਵਾਲੇ ਗਹਾਈ-ਪਿੜ ਵਿਚ ਧਕ ਦਿਤਾ। ਪਰ ਪੋਕਾਤੀ-ਗੋਰੋਸ਼ੇਕ ਨੇ ਆਪਣੇ ਆਪ ਨੂੰ ਕਢ ਲਿਆ ਤੇ ਆਪਣੀ ਤਲਵਾਰ ਘੁਮਾਈ ਤੇ ਅਜਗਰ ਉਤੇ ਜਵਾਬੀ ਵਾਰ ਕੀਤਾ ਤੇ ਉਹਨੂੰ ਗੋਡਿਆਂ

ਤਕ ਲੋਹੇ ਦੇ ਫ਼ਰਸ਼ ਵਾਲੇ ਗਹਾਈ-ਪਿੜ ਵਿਚ ਧਕ ਦਿਤਾ। ਪਰ ਅਜਗਰ ਨੇ ਆਪਣੇ ਆਪ ਨੂੰ ਕਢ ਲਿਆ ਤੇ ਪੋਕਾਤੀ-ਗੋਰੋਸ਼ੇਕ ਉਤੇ ਇਕ ਹੋਰ ਵਾਰ ਕੀਤਾ ਤੇ ਉਹਨੂੰ ਗੋਡਿਆਂ ਤੀਕ ਫ਼ਰਸ਼ ਵਿਚ ਧਕ ਦਿਤਾ। ਫੇਰ ਪੋਕਾਤੀ-ਗੋਰੋਸ਼ੇਕ ਨੇ ਦੂਜਾ ਵਾਰ ਕੀਤਾ, ਜਿਹਦੇ ਨਾਲ ਅਜਗਰ ਫ਼ਰਸ਼ ਵਿਚ ਲਕ ਤਕ ਧਕਿਆ ਗਿਆ, ਤੇ ਉਹਨੇ ਫੇਰ ਤੀਜਾ ਵਾਰ ਕੀਤਾ, ਜਿਹਦੇ ਨਾਲ ਅਜਗਰ ਥਾਏਂ ਹੀ ਮਾਰਿਆ ਗਿਆ।

ਫੇਰ ਉਹ ਕਾਲ-ਕੋਠੜੀ ਵਲ ਗਿਆ; ਉਹ ਡੂੰਘੀ ਤੇ ਹਨੇਰੀ ਸੀ; ਉਹਨੇ ਆਪਣੇ ਭਰਾਵਾਂ ਨੂੰ ਛੁਡਾ ਲਿਆ, ਜਿਹੜੇ ਏਨੇ ਜਿਊਂਦੇ ਨਹੀਂ ਸਨ, ਜਿੰਨੇ ਮੋਏ ਹੋਏ, ਤੇ ਉਹਨਾਂ ਨੂੰ ਤੇ ਅਲਯੋਨਕਾ ਨੂੰ, ਤੇ ਅਜਗਰ ਦੇ ਘਰ ਦਾ ਸਾਰੇ ਸੋਨਾ ਤੇ ਚਾਂਦੀ ਲੈ, ਘਰ ਵਲ ਹੋ ਪਿਆ। ਪਰ ਉਹਨੇ ਇਕ ਵਾਰੀ ਵੀ ਨਾ ਦਸਿਆ ਕਿ ਉਹ ਉਹਨਾਂ ਦਾ ਭਰਾ ਸੀ।

ਉਹਨਾਂ ਨੂੰ ਰਾਹ ਵਿਚ ਬਹੁਤਾ ਵਕਤ ਲਗਿਆ ਜਾਂ ਥੋੜਾ ਵਕਤ ਲਗਿਆ, ਇਹਦੀ ਖ਼ਬਰ ਕਿਸੇ ਨੂੰ ਨਹੀਂ, ਪਰ ਅਖ਼ੀਰ ਉਹ ਸ਼ਾਹ ਬਲੂਤ ਦੇ ਇਕ ਲਵੇ ਰੁਖ ਥੱਲੇ ਸਾਹ ਲੈਣ ਲਈ ਬਹਿ ਗਏ। ਤੇ ਲੜਾਈ ਪਿਛੋਂ ਪੋਕਾਤੀ-ਗੋਰੋਸ਼ੇਕ ਏਨਾ ਥਕਿਆ ਹੋਇਆ ਸੀ ਕਿ ਉਹਨੂੰ ਗੂਹੜੀ ਨੀਂਦਰ ਆ ਗਈ। ਤੇ ਉਹਦੇ ਛੇ ਭਰਾ ਆਪੋ ਵਿਚ ਸਲਾਹ ਕਰਨ ਲਗ ਪਏ ਤੇ ਕਹਿਣ ਲਗੇ:

"ਜਦੋਂ ਲੋਕਾਂ ਨੂੰ ਪਤਾ ਲਗਾ ਕਿ ਅਸੀਂ ਛੇ ਜਣੇ ਰਲ ਕੇ ਅਜਗਰ ਨੂੰ ਨਾ ਮਾਰ ਸਕੇ ਤੇ ਏਸ ਮੁੰਡੇ-ਖੁੰਡੇ ਨੇ ਉਹਨੂੰ 'ਕਲਿਆਂ ਈ ਮਾਰ ਲਿਆ, ਉਹ ਸਾਡੇ 'ਤੇ ਹੱਸਣਗੇ। ਨਾਲੇ, ਹੁਣ ਅਜਗਰ ਦੀ ਸਾਰੀ ਦੌਲਤ ਉਹਦੀ ਹੋ ਜਾਏਗੀ।"

ਜਦੋਂ ਪੋਕਾਤੀ-ਗੋਰੋਸ਼ੇਕ ਸੁੱਤਾ ਪਿਆ ਸੀ ਤੇ ਕੁਝ ਮਹਿਸੂਸ ਨਹੀਂ ਸੀ ਕਰ ਸਕਦਾ, ਉਹ ਇਸ ਤਰ੍ਹਾਂ ਗੱਲਾਂ ਕਰਦੇ ਰਹੇ ਤੇ ਉਹਨਾਂ ਮਤਾ ਪਕਾਇਆ ਕਿ ਪੋਕਾਤੀ-ਗੋਰੋਸ਼ੇਕ ਨੂੰ ਸਕ ਦੀਆਂ ਰੱਸੀਆਂ ਨਾਲ ਸ਼ਾਹ ਬਲੂਤ ਦੇ ਦਰਖ਼ਤ ਨਾਲ ਬੰਨ੍ਹ ਦਿਤਾ ਜਾਏ, ਤੇ ਜੰਗਲੀ ਜਨੌਰਾਂ ਦੇ ਨਿਗਾਰੇ ਜਾਣ ਲਈ ਓਥੇ ਹੀ ਛਡ ਦਿਤਾ ਜਾਵੇ। ਕਹਿੰਦਿਆਂ ਸਾਰ ਹੀ ਉਹਨਾਂ ਕਰਨ ਦੀ ਕੀਤੀ। ਉਹਨਾਂ ਉਹਨੂੰ ਦਰਖ਼ਤ ਨਾਲ ਬੰਨ੍ਹ ਦਿਤਾ ਤੇ ਓਥੇ ਹੀ ਛਡ ਦਿਤਾ ਤੇ ਆਪ ਚਲੇ ਗਏ।

ਏਧਰ ਪੋਕਾਤੀ-ਗੋਰੋਸ਼ੇਕ ਸੁੱਤਾ ਰਿਹਾ ਤੇ ਉਹਨੂੰ ਕੁਝ ਵੀ ਮਹਿਸੂਸ ਨਾ ਹੋਇਆ; ਉਹ ਇਕ ਦਿਨ ਸੁੱਤਾ ਰਿਹਾ ਤੇ ਇਕ ਰਾਤ ਸੁੱਤਾ ਰਿਹਾ ਤੇ ਫੇਰ ਜਾਗਿਆ ਤੇ ਵੇਖਿਆ ਉਹ ਦਰਖ਼ਤ ਨਾਲ ਬੱਝਾ ਪਿਆ ਸੀ। ਉਹਨੇ ਇਕਦਮ ਝਟਕਾ ਮਾਰਿਆ ਤੇ ਸ਼ਾਹ ਬਲੂਤ ਨੂੰ ਜੜ੍ਹਾਂ ਤੋਂ ਪੁਟ ਲਿਆ, ਤੇ ਉਹਨੂੰ ਚੁਕ ਕੇ ਮੋਢੇ ਉਤੇ ਰਖ ਘਰ ਚਲਾ ਗਿਆ। ਉਹ ਝੁੱਗੀ ਕੋਲ ਆਇਆ ਤੇ ਉਹਨੇ ਸੁਣਿਆ, ਉਹਦੇ ਭਰਾ ਆਪਣੀ ਮਾਂ ਨਾਲ ਗੱਲਾਂ ਕਰ ਰਹੇ ਸਨ।

"ਬੇਬੇ, ਕੋਈ ਹੋਰ ਬਾਲ ਵੀ ਹੋਇਆ ਸਾਈ?" ਉਹਨਾਂ ਉਹਨੂੰ ਪੁਛਿਆ।

ਤੇ ਮਾਂ ਨੇ ਜਵਾਬ ਦਿਤਾ:

"ਹਾਂ, ਹੋਇਆ ਕਿਉਂ ਨਹੀਂ ਸੀ! ਇਕ ਹੋਰ ਮੁੰਡਾ ਹੋਇਆ ਸੀ, ਪੋਕਾਤੀ-ਗੋਰੋਸ਼ੇਕ ਨਾਂ ਸੀ ਉਹਦਾ, ਉਹ ਤੁਹਾਨੂੰ ਛੁਡਾਣ ਚਲਾ ਗਿਆ ਸੀ।"

ਭਰਾਵਾਂ ਨੇ ਆਖਿਆ:

"ਤਾਂ ਜਿਹਨੂੰ ਅਸੀਂ ਸ਼ਾਹ ਬਲੂਤ ਦੇ ਦਰਖ਼ਤ ਨਾਲ ਬੰਨ੍ਹਿਆ ਸੀ, ਉਹ ਪੋਕਾਤੀ-ਗੋਰੋਸ਼ੇਕ ਹੀ ਹੋਣੈਂ! ਚਲੀਏ, ਉਹਨੂੰ ਖੋਲ੍ਹੀਏ ਜਾ ਕੇ।"

ਪਰ ਪੋਕਾਤੀ-ਗੋਰੋਸ਼ੇਕ ਨੇ ਮੋਢੇ ਚੁਕੇ ਹੋਏ ਸ਼ਾਹ ਬਲੂਤ ਨੂੰ ਘੁਮਾਇਆ ਤੇ ਝੁੱਗੀ ਦੀ ਛਤ ਉਤੇ ਏਨੀ ਜ਼ੋਰ ਨਾਲ ਦੇ ਮਾਰਿਆ ਕਿ ਝੁੱਗੀ ਖੇਰੂੰ-ਖੇਰੂੰ ਹੁੰਦੀ ਬਚੀ।

''ਜਿਥੇ ਹੋ, ਓਥੇ ਈ ਰਹੋ, ਏਸ ਲਈ ਕਿ ਤੁਸੀਂ ਜੁ ਹੈ ਹੋ, ਉਹੀਓ ਈ ਹੋ!'' ਉਹ ਚਿਲਕਿਆ। ''ਤੇ ਮੈਂ ਜਾਨਾਂ ਤੇ ਖੁਲ੍ਹੀ ਦੁਨੀਆਂ 'ਚ ਘੁੰਮਣਾਂ।''

ਤੇ ਤਲਵਾਰ ਨੂੰ ਮੋਢੇ ਉਤੇ ਰਖ ਉਹ ਟੁਰ ਪਿਆ।

ਉਹ ਟੁਰਦਾ ਗਿਆ, ਟੁਰਦਾ ਗਿਆ ਤੇ ਅਖ਼ੀਰ ਉਹਨੂੰ ਦੋ ਪਹਾੜ ਦਿੱਸੇ, ਇਕ ਖੱਬੇ ਪਾਸੇ ਤੇ ਇਕ ਸੱਜੇ ਪਾਸੇ; ਤੇ ਉਹਨਾਂ ਵਿਚਕਾਰ ਇਕ ਬੰਦਾ ਖਲੋਤਾ ਹੋਇਆ ਸੀ, ਜਿਹੜੇ ਹੱਥਾਂ ਤੇ ਪੈਰਾਂ ਨਾਲ ਉਹਨਾਂ ਨੂੰ ਧਕ ਰਿਹਾ ਸੀ ਤੇ ਇਕ ਦੂਜੇ ਤੋਂ ਪਰ੍ਹਾਂ ਕਰ ਰਿਹਾ ਸੀ।

''ਖ਼ੈਰ ਹੋਈ, ਦੋਸਤਾ!'' ਪੋਕਾਤੀ-ਗੋਰੋਸ਼ੇਕ ਨੇ ਕਿਹਾ।

''ਤੇਰੀ ਵੀ ਖ਼ੈਰ ਹੋਵੇ!''

''ਕੀ ਪਿਆ ਕਰਨੈਂ?''

''ਰਾਹ ਬਣਾਣ ਲਈ ਪਹਾੜ ਪਰ੍ਹਾਂ ਕਰ ਰਿਹਾਂ।''

''ਕਿੱਧਰ ਨੂੰ ਚੜ੍ਹਾਈਆਂ ਨੇ?''

''ਜਿਥੇ ਕਿਤੇ ਆਪਣੀ ਕਿਸਮਤ ਬਣਾ ਸਕਾਂ।''

''ਮੈਂ ਵੀ ਤਾਂ ਓਥੇ ਈ ਜਾ ਰਿਹਾਂ! ਨਾਂ ਕੀ ਆ?''

''ਸਵੇਰਨੀ-ਗੋਰਾ, ਪਹਾੜ ਹਿਲਾਣ ਵਾਲਾ। ਤੇਰਾ ਕੀ ਨਾਂ ਏ?''

''ਪੋਕਾਤੀ-ਗੋਰੋਸ਼ੇਕ, ਰਿੜ੍ਹਦਾ ਮਟਰ। ਚਲ 'ਕੱਠੇ ਚਲੀਏ!''

''ਚਲ!''

ਤੇ ਉਹ ਇਕੱਠੇ ਚਲ ਪਏ; ਉਹ ਟੁਰਦੇ ਗਏ, ਟੁਰਦੇ ਗਏ ਤੇ ਅਖ਼ੀਰ ਜੰਗਲ 'ਚ ਉਹਨਾਂ ਨੂੰ ਇਕ ਬੰਦਾ ਮਿਲਿਆ। ਸ਼ਾਹ ਬਲੂਤ ਦੇ ਦਰਖ਼ਤ ਨੂੰ ਜੜ੍ਹੋਂ ਪੁਟਣ ਲਈ ਉਹਨੂੰ ਸਿਰਫ਼ ਆਪਣਾ ਹਥ ਹੀ ਹਿਲਾਣਾ ਪੈਂਦਾ ਸੀ।

''ਖ਼ੈਰ ਹੋਈ, ਦੋਸਤਾ!'' ਪੋਕਾਤੀ-ਗੋਰੋਸ਼ੇਕ ਤੇ ਸਵੇਰਨੀ-ਗੋਰਾ ਨੇ ਬੁਲਾਇਆ।

''ਤੁਹਾਡੀ ਵੀ ਖੈਰ ਹੋਏ!''

''ਕੀ ਪਿਆ ਕਰਨੈਂ?''

''ਟੁਰਨ ਲਈ ਥਾਂ ਬਣਾਣ ਵਾਸਤੇ ਦਰਖ਼ਤ ਪੁਟ ਰਿਹਾਂ।''

''ਕਿੱਧਰ ਨੂੰ ਚੜ੍ਹਾਈਆਂ ਨੇ?''

''ਜਿਥੇ ਕਿਤੇ ਆਪਣੀ ਕਿਸਮਤ ਬਣਾ ਸਕਾਂ।''

''ਅਸੀਂ ਵੀ ਤਾਂ ਓਥੇ ਈ ਜਾ ਰਹੇ ਹਾਂ। ਨਾਂ ਕੀ ਆ?''

''ਵੇਰਤੀ-ਦੂਬ, ਸ਼ਾਹ-ਬਲੂਤ ਪੁੱਟਣ ਵਾਲਾ। ਤੁਹਾਡੇ ਕੀ ਨਾਂ ਨੇ?''

''ਪੋਕਾਤੀ-ਗੋਰੋਸ਼ੇਕ, ਰਿੜ੍ਹਦਾ ਮਟਰ ਤੇ ਸਵੇਰਨੀ-ਗੋਰਾ, ਪਹਾੜ ਹਿਲਾਣ ਵਾਲਾ। ਚਲ 'ਕੱਠੇ ਚਲੀਏ।''

''ਚੱਲੋ!''

ਤੇ ਉਹ ਤਿੰਨੇ ਇਕੱਠੇ ਚਲ ਪਏ। ਉਹ ਟੁਰਦੇ ਗਏ ਤੇ ਟੁਰਦੇ ਗਏ, ਤੇ ਅਖ਼ੀਰ ਉਹਨਾਂ ਨੂੰ ਇਕ ਬੰਦਾ

ਦਿਸਿਆ, ਜਿਹਦੀਆਂ ਮੁੱਛਾਂ ਲੰਮੀਆਂ ਤੋਂ ਲੰਮੀਆਂ ਸਨ। ਉਹ ਦਰਿਆ ਉਤੇ ਖਲੋਤਾ ਸੀ, ਤੇ ਉਹਦੇ ਇੱਕ ਮੁਛ ਨੂੰ ਵੱਟ ਦੇਣ ਨਾਲ ਪਾਣੀ ਚੀਰਿਆ ਜਾਂਦਾ ਸੀ ਤੇ ਪਰ੍ਹਾਂ ਵਹਿ ਜਾਂਦਾ ਸੀ ਤੇ ਦਰਿਆ ਦੀ ਸੁੱਕੀ ਤਹਿ ਉਤੇ ਟੁਰ ਕੇ ਲੰਘਣ ਲਈ ਰਾਹ ਬਣ ਜਾਂਦਾ ਸੀ।

"ਖ਼ੈਰ ਹੋਈ, ਦੋਸਤਾ!" ਉਹਨਾਂ ਉਹਨੂੰ ਬੁਲਾਇਆ।

"ਤੁਹਾਡੀ ਵੀ ਖ਼ੈਰ ਹੋਵੇ!"

"ਕੀ ਪਿਆ ਕਰਨੈਂ?"

"ਦਰਿਆ ਪਾਰ ਕਰਨ ਲਈ ਪਾਣੀ ਚੀਰ ਰਿਹਾਂ।"

"ਕਿੱਧਰ ਨੂੰ ਚੜ੍ਹਾਈਆਂ ਨੇ?"

"ਜਿਥੇ ਕਿਤੇ ਆਪਣੀ ਕਿਸਮਤ ਬਣਾ ਸਕਾਂ।"

"ਅਸੀਂ ਵੀ ਤਾਂ ਓਥੇ ਈ ਜਾ ਰਹੇ ਹਾਂ। ਨਾਂ ਕੀ ਆ?"

"ਕਰੂਤੀ-ਉਸ, ਮੁੱਛਾਂ ਨੂੰ ਵੱਟ ਦੇਣ ਵਾਲਾ। ਤੇ ਤੁਹਾਡੇ ਕੀ ਨਾਂ ਨੇ?"

"ਪੋਕਾਤੀ-ਗੋਰੋਸ਼ੇਕ, ਰਿੜ੍ਹਦਾ ਮਟਰ, ਸਵੇਰਨੀ-ਗੋਰਾ, ਪਹਾੜ ਹਿਲਾਣ ਵਾਲਾ ਤੇ ਵੇਰਤੀ-ਦੂਬ, ਸ਼ਾਹ ਬਲੂਤ ਪੁੱਟਣ ਵਾਲਾ। ਆ 'ਕੱਠੇ ਚਲੀਏ!"

"ਚੱਲੋ!"

ਤੇ ਉਹ ਇਕੱਠੇ ਚਲ ਪਏ ਤੇ ਇਕੱਠੇ ਜਾਣਾ ਉਹਨਾਂ ਨੂੰ ਬੜਾ ਹੀ ਸੌਖਾ ਲਗਾ, ਕਿਉਂ ਜੁ ਸਵੇਰਨੀ-ਗੋਰਾ ਹਰ ਪਹਾੜ ਨੂੰ ਪਰ੍ਹਾਂ ਕਰ ਦੇਂਦਾ, ਵੇਰਤੀ-ਦੂਬ ਹਰ ਜੰਗਲ ਜੜ੍ਹੋਂ ਪੁਟ ਧਰਦਾ, ਤੇ ਕਰੂਤੀ-ਉਸ ਰਾਹ ਵਿਚ ਪੈਂਦੇ ਹਰ ਦਰਿਆ ਦਾ ਪਾਣੀ ਚੀਰ ਦੇਂਦਾ।

ਟੁਰਦਿਆਂ-ਟੁਰਦਿਆਂ ਉਹ ਇਕ ਬਹੁਤ ਵਡੇ ਜੰਗਲ ਵਿਚ ਆ ਵੜੇ ਤੇ ਓਥੇ ਉਹਨਾਂ ਨੂੰ ਇਕ ਨਿੱਕੀ ਜਿਹੀ ਝੁੱਗੀ ਦਿੱਸੀ। ਉਹ ਅੰਦਰ ਗਏ ਤੇ ਉਹਨਾਂ ਤਕਿਆ ਕਿ ਝੁੱਗੀ ਖਾਲੀ ਸੀ।

"ਅਸੀਂ ਰਾਤ ਇਸ ਝੁੱਗੀ 'ਚ ਕੱਟ ਸਕਣੇ ਹਾਂ," ਪੋਕਾਤੀ-ਗੋਰੋਸ਼ੇਕ ਨੇ ਕਿਹਾ।

ਤੇ ਉਹਨਾਂ ਰਾਤ ਝੁੱਗੀ ਵਿਚ ਗੁਜ਼ਾਰੀ, ਤੇ ਅਗਲੀ ਸਵੇਰੇ ਪੋਕਾਤੀ-ਗੋਰੋਸ਼ੇਕ ਨੇ ਆਖਿਆ:

"ਸਵੇਰਨੀ-ਗੋਰਾ, ਤੂੰ ਘਰ ਰਹੋ, ਤੇ ਸਾਡੀ ਰੋਟੀ ਬਣਾ, ਤੇ ਅਸੀਂ ਤਿੰਨੇ ਸ਼ਿਕਾਰ ਲਈ ਜਾਣੇ ਆਂ।"

ਤੇ ਉਹ ਚਲੇ ਗਏ, ਤੇ ਸਵੇਰਨੀ-ਗੋਰਾ ਨੇ ਕਿੰਨੀਆਂ ਸਾਰੀਆਂ ਚੀਜ਼ਾਂ ਉਬਾਲੀਆਂ, ਭੁੰਨੀਆਂ ਤੇ ਚਾੜ੍ਹੀਆਂ ਤੇ ਫੇਰ ਸੌਣ ਲਈ ਲੰਮਾ ਪੈ ਗਿਆ। ਚਾਣਚਕ ਹੀ ਬੂਹੇ 'ਤੇ ਖੜਾਕ ਹੋਇਆ।

"ਬੂਹਾ ਖੋਲ੍ਹ!" ਕਿਸੇ ਆਵਾਜ਼ ਦਿਤੀ।

"ਕਿਥੋਂ ਆਇਐਂ ਬੋਲ, ਆਪੇ ਪਿਆ ਖੋਲ੍ਹ!" ਸਵੇਰਨੀ-ਗੋਰਾ ਨੇ ਪਰਤਵਾਂ ਜਵਾਬ ਦਿਤਾ।

ਬੂਹਾ ਖੁਲ੍ਹ ਗਿਆ, ਤੇ ਓਹੀਓ ਆਵਾਜ਼ ਫੇਰ ਚਿਲਕੀ:

"ਮੈਨੂੰ ਦਹਿਲੀਜ਼ ਪਾਰ ਕਰਾ!"

"ਤੈਨੂੰ ਪਤਾ ਨਾ ਸਾਰ, ਆਪੇ ਕਰ ਪਿਆ ਪਾਰ!" ਸਵੇਰਨੀ-ਗੋਰਾ ਨੇ ਜਵਾਬ ਦਿਤਾ।

ਤੇ ਚਾਣਚਕ ਹੀ ਇਕ ਕੱਦੋਂ ਏਡੇ ਛੋਟੇ ਬੁੱਢੇ ਆਦਮੀ ਨੇ ਦਹਿਲੀਜ਼ ਪਾਰ ਕੀਤੀ, ਜਿੱਡਾ ਛੋਟਾ ਆਦਮੀ ਕਦੀ ਕਿਸੇ ਨਹੀਂ ਸੀ ਵੇਖਿਆ; ਉਹਦੀ ਦਾੜ੍ਹੀ ਏਨੀ ਲੰਮੀ ਸੀ ਕਿ ਉਹਨੇ ਜ਼ਮੀਨ ਉਤੇ ਪੂਰੇ ਪੰਜ ਫੁਟ ਮੱਲੇ ਹੋਏ ਸਨ। ਛੋਟੇ ਕਦ ਵਾਲੇ ਬੁੱਢੇ ਨੇ ਸਵੇਰਨੀ-ਗੋਰਾ ਨੂੰ ਛਤਿਆਂ ਤੋਂ ਫੜ ਲਿਆ ਤੇ ਉਹਨੂੰ ਕੰਧ ਉਤੇ ਠੁਕੇ ਇਕ

ਕਿਲ ਨਾਲ ਟੰਗ ਦਿਤਾ। ਤੇ ਫੇਰ ਉਹਨੇ ਸਾਰਾ ਜੁ ਕੁਝ ਖਾਣ ਵਾਲਾ ਸੀ, ਖਾ ਲਿਆ, ਤੇ ਸਾਰਾ ਜੁ ਕੁਝ ਪੀਣ ਵਾਲਾ ਸੀ, ਪੀ ਲਿਆ, ਤੇ ਸਵੇਰਨੀ-ਗੋਰਾ ਦੀ ਪਿਠ ਤੋਂ ਮਾਸ ਦੀ ਇਕ ਲੰਮੀ ਸਾਰੀ ਲੜਫ ਲਾਹ, ਚਲਾ ਗਿਆ।

ਸਵੇਰਨੀ-ਗੋਰਾ ਕਿਲ ਨਾਲ ਵੱਟ ਤੇ ਮਰੋੜੇ ਖਾਂਦਾ ਗਿਆ, ਜਿੰਨਾ ਚਿਰ ਉਹਨੇ ਆਪਣੇ ਆਪ ਨੂੰ ਛੁਡਾ ਨਾ ਲਿਆ, ਭਾਵੇਂ ਇਸ ਤਰ੍ਹਾਂ ਕਰਦਿਆਂ ਉਹਦੀ ਇਕ ਲਿੱਟ ਪੁੱਟੀ ਗਈ; ਫੇਰ ਉਹ ਨਵੇਂ ਸਿਰੋਂ ਰੋਟੀ ਪਕਾਣ ਵਿਚ ਜੁਟ ਗਿਆ। ਜਦੋਂ ਉਹਦੇ ਦੋਸਤ ਪਰਤੇ, ਉਹ ਅਜੇ ਵੀ ਉਹਦੇ ਵਿਚ ਰੁੱਝਾ ਹੋਇਆ ਸੀ।

"ਰੋਟੀ ਪਕਾਂਦਿਆਂ ਚਿਰਕ ਕਿਉਂ ਹੋ ਗਈ ਆ?" ਉਹਨਾਂ ਹੈਰਾਨ ਹੋ ਪੁਛਿਆ।

"ਮੈਨੂੰ ਊਂਘ ਆ ਗਈ ਸੀ ਤੇ ਚਿਤ-ਚੇਤਾ ਈ ਨਹੀਂ ਸੀ ਰਿਹਾ," ਸਵੇਰਨੀ-ਗੋਰਾ ਨੇ ਜਵਾਬ ਦਿਤਾ।

ਉਹਨਾਂ ਢਿਡ ਭਰ ਕੇ ਖਾਧਾ-ਪੀਤਾ ਤੇ ਸੌਂ ਗਏ, ਤੇ ਅਗਲੀ ਸਵੇਰੇ ਪੋਕਾਤੀ-ਗੋਰੋਸ਼ੇਕ ਨੇ ਆਖਿਆ:

"ਵੇਰਤੀ-ਦੂਬ, ਹੁਣ ਤੂੰ ਘਰ ਰਹੋ, ਤੇ ਬਾਕੀ ਦੇ ਅਸੀਂ ਸ਼ਿਕਾਰ ਖੇਡਣ ਜਾਨੇਂ ਹਾਂ।"

ਉਹ ਚਲੇ ਗਏ, ਤੇ ਵੇਰਤੀ-ਦੂਬ ਨੇ ਕਿੰਨੀਆਂ ਸਾਰੀਆਂ ਚੀਜ਼ਾਂ ਉਬਾਲੀਆਂ, ਭੁੰਨੀਆਂ ਤੇ ਚਾੜ੍ਹੀਆਂ ਤੇ ਫੇਰ ਸੌਣ ਲਈ ਲੰਮਾ ਪੈ ਗਿਆ। ਚਾਣਚਕ ਹੀ ਬੂਹੇ 'ਤੇ ਖੜਾਕ ਹੋਇਆ।

"ਬੂਹਾ ਖੋਲ੍ਹ!" ਕਿਸੇ ਆਵਾਜ਼ ਦਿਤੀ।

"ਕਿਥੋਂ ਆਇਐਂ ਬੋਲ, ਆਪੇ ਪਿਆ ਖੋਲ!" ਵੇਰਤੀ-ਦੂਬ ਨੇ ਪਰਤਵਾਂ ਜਵਾਬ ਦਿਤਾ।

"ਮੈਨੂੰ ਦਹਿਲੀਜ਼ ਪਾਰ ਕਰਾ!" ਉਹੀਓ ਆਵਾਜ਼ ਫੇਰ ਚਿਲਕੀ।

"ਤੈਨੂੰ ਪਤਾ ਨਾ ਸਾਰ, ਆਪੇ ਕਰ ਪਿਆ ਪਾਰ!" ਵੇਰਤੀ-ਦੂਬ ਨੇ ਜਵਾਬ ਦਿਤਾ।

ਤੇ ਵੇਖੋ!—ਝੁੱਗੀ ਵਿਚ ਇਕ ਕੱਦੋਂ ਏਡਾ ਛੋਟਾ ਬੁੱਢਾ ਆਦਮੀ ਚੜ੍ਹ ਆਇਆ, ਜਿੱਡਾ ਛੋਟਾ ਆਦਮੀ ਕਦੀ ਕਿਸੇ ਨਹੀਂ ਸੀ ਵੇਖਿਆ; ਉਹਦੀ ਦਾੜ੍ਹੀ ਏਨੀ ਲੰਮੀ ਸੀ ਕਿ ਉਹਨੇ ਜ਼ਮੀਨ ਉਤੇ ਪੂਰੇ ਪੰਜ ਫੁਟ ਮੱਲੇ ਹੋਏ ਸਨ। ਉਹਨੇ ਵੇਰਤੀ-ਦੂਬ ਨੂੰ ਛਤਿਆਂ ਤੋਂ ਫੜ ਲਿਆ ਤੇ ਉਹਨੂੰ ਕੰਧ ਉਤੇ ਠੁੱਕੇ ਇਕ ਕਿਲ ਨਾਲ ਟੰਗ ਦਿਤਾ, ਤੇ ਫੇਰ ਉਹਨੇ ਸਾਰਾ ਜੁ ਕੁਝ ਖਾਣ ਵਾਲਾ ਸੀ, ਖਾ ਲਿਆ, ਤੇ ਸਾਰੇ ਜੁ ਕੁਝ ਪੀਣ ਵਾਲਾ ਸੀ, ਪੀ ਲਿਆ, ਤੇ ਵੇਰਤੀ-ਦੂਬ ਦੀ ਪਿਠ ਤੋਂ ਮਾਸ ਦੀ ਇਕ ਲੰਮੀ ਸਾਰੀ ਲੜਫ ਲਾਹ, ਚਲਾ ਗਿਆ।

ਵੇਰਤੀ-ਦੂਬ ਨੇ ਏਧਰ ਓਧਰ ਵਟ ਤੇ ਮਰੋੜੇ ਖਾਧੇ, ਤੇ ਉਹ ਇੰਜ ਤੜਫਦਾ ਰਿਹਾ, ਜਿਵੇਂ ਪਾਣੀ ਬਿਨ ਮੱਛੀ ਤੜਫਦੀ ਏ, ਤੇ ਅਖ਼ੀਰ ਉਹ ਆਪਣੇ ਆਪ ਨੂੰ ਛੁਡਾਣ ਤੇ ਭੁੰਜੇ ਆ ਪੈਣ ਵਿਚ ਸਫਲ ਹੋ ਗਿਆ। ਇਕਦਮ ਹੀ ਉਹ ਰੋਟੀ ਨਵੇਂ ਸਿਰੋਂ ਪਕਾਣ ਵਿਚ ਜੁਟ ਗਿਆ।

ਉਹਦੇ ਦੋਸਤ ਆਏ ਤੇ ਹੈਰਾਨ ਰਹਿ ਗਏ।

"ਰੋਟੀ ਪਕਾਂਦਿਆਂ ਏਨੀ ਚਿਰਕ ਕਿਉਂ ਹੋ ਗਈ ਆ?"

"ਮੈਨੂੰ ਜ਼ਰੂਰ ਊਂਘ ਆ ਗਈ ਹੋਵੇਗੀ," ਉਹਨੇ ਆਖਿਆ।

ਪਰ ਸਵੇਰਨੀ-ਗੋਰਾ ਕੁਝ ਵੀ ਨਾ ਬੋਲਿਆ, ਕਿਉਂ ਜੁ ਉਹਨੂੰ ਸੱਚੀ ਗਲ ਦਾ ਪਤਾ ਸੀ।

ਤੀਜੇ ਦਿਨ ਘਰ ਰਹਿਣ ਵਾਲਾ ਕਰੂਤੀ-ਉਸ ਸੀ ਤੇ ਉਹਦੇ ਨਾਲ ਵੀ ਉਹੀਓ ਕੁਝ ਹੀ ਬੀਤਿਆ।

ਪੋਕਾਤੀ-ਗੋਰੋਸ਼ੇਕ ਨੇ ਆਖਿਆ:

"ਤੁਸੀਂ ਸਾਰੇ ਦੇ ਸਾਰੇ ਰੋਟੀ ਪਕਾਣ 'ਚ ਬੜੇ ਜਿੱਲ੍ਹੇ ਹੋ! ਪਰ ਕੋਈ ਗਲ ਨਹੀਂ। ਕਲ੍ਹ ਤੁਸੀਂ ਸ਼ਿਕਾਰ 'ਤੇ ਜਾਣਾ, ਤੇ ਮੈਂ ਘਰ ਰਹਾਂਗਾ।"

ਤੇ ਉਹਨਾਂ ਐਨ ਇਹੀਓ ਹੀ ਕੀਤਾ। ਅਗਲੀ ਸਵੇਰੇ ਉਹਦੇ ਤਿੰਨ ਦੋਸਤ ਸ਼ਿਕਾਰ ਖੇਡਣ ਚਲੇ ਗਏ, ਤੇ ਪੋਕਾਤੀ-ਗੋਰੋਸ਼ੇਕ ਘਰ ਰਿਹਾ। ਉਹਨੇ ਕਿੰਨੀਆਂ ਹੀ ਚੀਜ਼ਾਂ ਉਬਾਲੀਆਂ ਤੇ ਭੁੰਨੀਆਂ ਤੇ ਪਕਾਈਆਂ, ਤੇ ਫੇਰ ਉਹ ਸੌਣ ਲਈ ਲੰਮਾ ਪੈ ਗਿਆ।

"ਬੂਹਾ ਖੋਲ੍ਹ!" ਕਿਸੇ ਨੇ ਆਵਾਜ਼ ਦਿਤੀ।

"ਠਹਿਰ ਜਾ, ਆਉਣਾ ਪਿਆਂ!" ਪੋਕਾਤੀ-ਗੋਰੋਸ਼ੇਕ ਨੇ ਜਵਾਬ ਦਿਤਾ।

ਉਹਨੇ ਬੂਹਾ ਖੋਲ੍ਹਿਆ ਤੇ ਉਹਦੇ ਸਾਹਮਣੇ ਕੱਦੋਂ ਏਡਾ ਛੋਟਾ ਇਕ ਬੁੱਢਾ ਆਦਮੀ ਖੜਾ ਸੀ, ਜਿੱਡਾ ਛੋਟਾ ਕਦੀ ਕੋਈ ਹੋਇਆ ਹੋਣਾ ਏ; ਉਹਦੀ ਦਾੜ੍ਹੀ ਏਨੀ ਲੰਮੀ ਸੀ ਕਿ ਉਹਨੇ ਜ਼ਮੀਨ ਉਤੇ ਪੂਰੇ ਪੰਜ ਫੁਟ ਮੱਲੇ ਹੋਏ ਸਨ।

"ਮੈਨੂੰ ਦਹਿਲੀਜ਼ ਪਾਰ ਕਰਾ!" ਛੋਟੇ ਕਦ ਵਾਲੇ ਬੁਢੜੇ ਨੇ ਕਿਹਾ।

ਪੋਕਾਤੀ-ਗੋਰੋਸ਼ੇਕ ਨੇ ਬੁਢੜੇ ਨੂੰ ਚੁਕ ਲਿਆ ਤੇ ਉਹਨੂੰ ਝੁੱਗੀ ਵਿਚ ਲੈ ਆਇਆ, ਬੁੱਢਾ ਉਹਨੂੰ ਉਡ-ਉਡ ਪੈਂਦਾ ਰਿਹਾ।

"ਚਾਹੀਦਾ ਕੀ ਈ?" ਪੋਕਾਤੀ-ਗੋਰੋਸ਼ੇਕ ਨੇ ਪੁਛਿਆ।

"ਛੇਤੀ ਪਤਾ ਲਗ ਜਾਏਗਾ ਈ, ਮੈਨੂੰ ਕੀ ਚਾਹੀਦੈ," ਛੋਟੇ ਕਦ ਵਾਲੇ ਬੁਢੜੇ ਨੇ ਕਿਹਾ, ਤੇ ਉਹ ਪੋਕਾਤੀ-ਗੋਰੋਸ਼ੇਕ ਦੇ ਛੱਤਿਆਂ ਵਲ ਹਥ ਵਧਾਂਦਿਆਂ, ਉਹਨਾਂ ਨੂੰ ਪਕੜਨ ਹੀ ਲਗਾ ਸੀ ਕਿ ਪੋਕਾਤੀ-ਗੋਰੋਸ਼ੇਕ ਕੜਕ ਪਿਆ:

"ਹੱਛਾ, ਏਸ ਕਿਸਮ ਦਾ ਏਂ ਤੂੰ!" ਤੇ ਉਹਨੇ ਉਹਨੂੰ ਉਹਦੀ ਦਾੜ੍ਹੀਉਂ ਫੜ ਲਿਆ!

ਫੇਰ, ਕੁਹਾੜਾ ਫੜ, ਉਹ ਛੋਟਾ ਕਦ ਵਾਲੇ ਬੁੱਢੇ ਨੂੰ ਸ਼ਾਹ ਬਲੂਤ ਦੇ ਇਕ ਦਰਖ਼ਤ ਕੋਲ ਧੂਹ ਲਿਆਇਆ, ਉਹਨੇ ਸ਼ਾਹ ਬਲੂਤ ਦੇ ਦਰਖ਼ਤ ਨੂੰ ਦੁਫਾੜ ਕੀਤਾ ਤੇ ਛੋਟੇ ਕਦ ਵਾਲੇ ਬੁੱਢੇ ਦੀ ਦਾੜ੍ਹੀ ਨੂੰ ਚੀਰ ਵਿਚ ਇਸ ਤਰ੍ਹਾਂ ਘਸੋੜ ਦਿਤਾ ਕਿ ਉਹ ਉਹਦੇ ਵਿਚ ਚੰਗੀ ਤਰ੍ਹਾਂ ਫਸ ਗਈ।

"ਕਿਉਂਕਿ ਤੂੰ ਏਨਾ ਕਮੀਨਾ ਨਿਕਲਿਐਂ ਕਿ ਤੂੰ ਮੈਨੂੰ ਵਾਲਾਂ ਤੋਂ ਫੜਨ ਦੀ ਕੋਸ਼ਿਸ਼ ਕੀਤੀ," ਉਹਨੇ ਛੋਟੇ ਕਦ ਵਾਲੇ ਬੁਢੜੇ ਨੂੰ ਆਖਿਆ, "ਇਸ ਲਈ ਜਿੰਨਾ ਚਿਰ ਮੈਂ ਵਾਪਸ ਨਹੀਂ ਆਉਂਦਾ, ਤੂੰ ਏਥੇ ਈ ਬੈਠੇਂਗਾ।"

ਉਹ ਝੁੱਗੀ ਨੂੰ ਪਰਤ ਆਇਆ, ਤੇ ਓਥੇ ਉਹਦੇ ਦੋਸਤ ਸ਼ਿਕਾਰ ਤੋਂ ਵਾਪਸ ਪਹੁੰਚੇ ਹੋਏ ਸਨ।

"ਰੋਟੀ ਤਿਆਰ ਏ?" ਉਹਨਾਂ ਪੁਛਿਆ।

"ਆਹਖੋ, ਕਿੰਨੇ ਚਿਰ ਤੋਂ ਤਿਆਰ ਪਈ ਏ," ਪੋਕਾਤੀ-ਗੋਰੋਸ਼ੇਕ ਨੇ ਜਵਾਬ ਦਿਤਾ।

ਉਹਨਾਂ ਰੋਟੀ ਖਾਧੀ, ਤੇ ਪੋਕਾਤੀ-ਗੋਰੋਸ਼ੇਕ ਨੇ ਆਖਿਆ:

"ਮੇਰੇ ਨਾਲ ਆਓ ਤੇ ਮੈਂ ਤੁਹਾਨੂੰ ਏਡੀ ਕਮਾਲ ਦੀ ਝਾਕੀ ਵਿਖਾਨਾਂ, ਜਿੱਡੀ ਕਦੀ ਤੁਸੀਂ ਵੇਖੀ ਨਹੀਂ ਹੋਣੀ!"

ਉਹ ਉਹਨਾਂ ਨੂੰ ਸ਼ਾਹ ਬਲੂਤ ਦੇ ਦਰਖ਼ਤ ਵਲ ਲੈ ਗਿਆ, ਪਰ ਵੇਖੋ! ਓਥੇ ਸ਼ਾਹ ਬਲੂਤ ਦੇ ਦਰਖ਼ਤ ਦਾ ਨਾਂ-ਨਿਸ਼ਾਨ ਹੀ ਨਹੀਂ ਸੀ, ਤੇ ਨਾ ਹੀ ਛੋਟੇ ਕਦ ਵਾਲੇ ਬੁਢੜੇ ਦਾ। ਇਸ ਲਈ ਕਿ ਛੋਟੇ ਕਦ ਵਾਲੇ ਬੁਢੜੇ ਨੇ ਸ਼ਾਹ ਬਲੂਤ ਨੂੰ ਜੜ੍ਹੋਂ ਪੁਟ ਲਿਆ ਹੋਇਆ ਸੀ ਤੇ ਉਹਨੂੰ ਆਪਣੇ ਨਾਲ ਹੀ ਧਰੀਕ ਲੈ ਗਿਆ ਸੀ।

ਫੇਰ ਪੋਕਾਤੀ-ਗੋਰੋਸ਼ੇਕ ਨੇ ਆਪਣੇ ਦੋਸਤਾਂ ਨੂੰ ਸਾਰਾ ਕੁਝ ਦਸਿਆ ਜੁ ਉਹਦੇ ਨਾਲ ਹੋਇਆ ਸੀ, ਤੇ

ਆਪਣੀ ਵਾਰੀ, ਉਹਨਾਂ ਨੇ ਮੰਨਿਆ ਕਿ ਬੁਢੇ ਨੇ ਉਹਨਾਂ ਨੂੰ ਛਤਿਆਂ ਤੋਂ ਟੰਗ ਦਿਤਾ ਸੀ, ਤੇ ਉਹਨਾਂ ਦੀਆਂ ਪਿੱਠਾਂ ਤੋਂ ਮਾਸ ਦੀਆਂ ਲੜਫ਼ਾਂ ਲਾਹੀਆਂ ਸਨ।

"ਜੇ ਏਸ ਕਿਸਮ ਦਾ ਇਹ ਉਹ," ਪੋਕਾਤੀ-ਗੋਰੋਸ਼ੇਕ ਨੇ ਆਖਿਆ," ਤਾਂ ਸਾਨੂੰ ਚਾਹੀਦੈ, ਜਾਈਏ ਤੇ ਲੱਭੀਏ ਉਹਨੂੰ।"

ਤੇ ਛੋਟੇ ਕਦ ਵਾਲਾ ਬੁਢੜਾ ਜ਼ਮੀਨ ਉਤੇ, ਜਿਥੇ ਉਹਨੇ ਸ਼ਾਹ ਬਲੂਤ ਦਾ ਦਰਖ਼ਤ ਧਰੀਕਿਆ ਸੀ, ਨਿਸ਼ਾਨ ਛਡ ਗਿਆ ਹੋਇਆ ਸੀ। ਤੇ ਚਾਰੇ ਦੋਸਤ ਉਸ ਨਿਸ਼ਾਨ ਦੇ ਨਾਲ-ਨਾਲ ਹੋ ਪਏ।

ਉਹ ਟੁਰਦੇ ਗਏ ਤੇ ਅਖ਼ੀਰ ਜ਼ਮੀਨ ਵਿਚ ਹੋਏ ਪਏ ਇਕ ਏਡੇ ਡੂੰਘੇ ਟੋਏ ਕੋਲ ਪੁੱਜੇ ਕਿ ਉਹਦੀ ਤਹਿ ਹੀ ਨਹੀਂ ਸੀ ਦਿਸਦੀ।

"ਸਵੇਰਨੀ-ਗੋਰਾ, ਉਤਰ ਖਾਂ ਮਘੋਰੇ 'ਚ" ਪੋਕਾਤੀ-ਗੋਰੋਸ਼ੇਕ ਨੇ ਕਿਹਾ।

"ਨਹੀਂ, ਮੈਂ ਨਹੀਂ ਉਤਰਨਾ!"

"ਤਾਂ, ਵੇਰਤੀ-ਦੂਬ, ਤੂੰ ਚਾ ਉਤਰ!"

ਪਰ ਨਾ ਵੇਰਤੀ-ਦੂਬ ਹੀ ਮੰਨਿਆ ਤੇ ਨਾ ਕਰੂਤੀ-ਉਸ ਹੀ।

"ਠੀਕ ਏ, ਫੇਰ ਮੈਂ ਆਪ ਉਤਰਨਾਂ," ਪੋਕਾਤੀ-ਗੋਰੋਸ਼ੇਕ ਨੇ ਕਿਹਾ। "ਆਓ, ਇਕ ਰੱਸੀ ਵਟ ਲਈਏ!"

ਉਹਨਾਂ ਇਕ ਰੱਸੀ ਵੱਟੀ ਤੇ ਪੋਕਾਤੀ-ਗੋਰੋਸ਼ੇਕ ਨੇ ਇਕ ਸਿਰਾ ਆਪਣੇ ਹਥ ਦੁਆਲੇ ਵਲ੍ਹੇਟ ਲਿਆ।

"ਮੈਨੂੰ ਲਮਕਾ ਦਿਓ ਹੁਣ!" ਉਹਨੇ ਆਖਿਆ।

ਉਹ ਉਹਨੂੰ ਲਮਕਾਣ ਲਗ ਪਏ, ਤੇ ਉਹਨਾਂ ਨੂੰ ਬੜਾ ਹੀ ਚਿਰ ਲੱਗਾ ਏਸ ਲਈ ਕਿ ਟੋਇਆ ਏਨਾ ਡੂੰਘਾ ਸੀ ਕਿ ਉਹਦੀ ਤਹਿ ਤੇ ਪਹੁੰਚਣਾ ਪਾਤਾਲ ਪਹੁੰਚਣ ਦੇ ਬਰਾਬਰ ਸੀ। ਪਰ ਅਖ਼ੀਰ ਉਹਨਾਂ ਉਹਨੂੰ ਟਿਕਾ ਦਿਤਾ, ਤੇ ਪੋਕਾਤੀ-ਗੋਰੋਸ਼ੇਕ ਏਧਰ-ਓਧਰ ਟੁਰਨ ਤੇ ਆਪਣੇ ਚੌਹਾਂ ਪਾਸੀਂ ਵੇਖਣ ਲਗ ਪਿਆ, ਤੇ ਅਖ਼ੀਰ ਉਹਨੂੰ ਇਕ ਬਹੁਤ ਵਡਾ ਮਹਿਲ ਦਿਸਿਆ। ਉਹਨੇ ਮਹਿਲ ਵਿਚ ਪੈਰ ਧਰਿਆ, ਤੇ ਓਥੋਂ ਦੀ ਹਰ ਚੀਜ਼ ਲਿਸ਼ਕਾਂ ਤੇ ਡਲਕਾਂ ਮਾਰ ਰਹੀ ਸੀ, ਕਿਉਂ ਜੁ ਉਹ ਸਾਰੇ ਦਾ ਸਾਰੇ ਸੋਨੇ ਤੇ ਹੀਰੇ-ਜਵਾਹਰਾਂ ਦਾ ਬਣਿਆ ਹੋਇਆ ਸੀ। ਉਹ ਕਮਰਿਉਂ ਕਮਰੀ ਹੁੰਦਾ ਗਿਆ, ਤੇ ਚਾਣਚਕ ਹੀ ਉਹਦੇ ਵਲ ਇਕ ਸ਼ਹਿਜ਼ਾਦੀ ਭੱਜੀ ਆਈ; ਉਹ ਏਨੀ ਸੁਹਣੀ ਸੀ ਕਿ ਕੋਈ ਕਲਮ ਉਹਦਾ ਬਿਆਨ ਨਹੀਂ ਕਰ ਸਕਦੀ ਤੇ ਕੋਈ ਗਲਾ ਉਹਦੀਆਂ ਸਿਫ਼ਤਾਂ ਨਾ ਗੋ ਸਕਦਾ।

"ਹਾਇ, ਭਲੇ ਨੌਜਵਾਨਾਂ, ਏਥੇ ਕਿਉਂ ਆਇਐਂ?" ਸ਼ਹਿਜ਼ਾਦੀ ਨੇ ਪੁਛਿਆ।

"ਮੈਂ ਲੰਮੀ ਸੰਘਣੀ ਦਾੜ੍ਹੀ ਵਾਲੇ ਇਕ ਨਿਕ-ਮੁਨਿੱਕੇ ਬੁਢੜੇ ਨੂੰ ਲਭ ਰਿਹਾਂ," ਪੋਕਾਤੀ-ਗੋਰੋਸ਼ੇਕ ਨੇ ਜਵਾਬ ਦਿਤਾ।

"ਊਈ," ਉਹ ਬੋਲੀ, "ਛੋਟੇ ਕਦ ਵਾਲਾ ਬੁਢੜਾ ਸ਼ਾਹ ਬਲੂਤ ਦੇ ਦਰਖ਼ਤ 'ਚੋਂ ਆਪਣੀ ਦਾੜ੍ਹੀ ਕੱਢਣ ਲਗਾ ਹੋਇਐ। ਉਹਦੇ ਵਲ ਨਾ ਜਾਈਂ, ਮਾਰ ਦਈਗਾ! ਉਹਨੇ ਬੜੇ ਬੰਦੇ ਮਾਰੇ ਨੇ।"

"ਮੈਨੂੰ ਨਹੀਂ ਮਾਰ ਸਕਣ ਲਗਾ," ਪੋਕਾਤੀ-ਗੋਰੋਸ਼ੇਕ ਨੇ ਕਿਹਾ। "ਮੈਂ ਈ ਸਾਂ, ਜਿਨ੍ਹੇ ਉਹਦੀ ਦਾੜ੍ਹੀ ਫਸਾਈ ਸੀ। ਪਰ ਤੂੰ ਕੌਣ ਏਂ ਤੇ ਏਥੇ ਕੀ ਕਰ ਰਹੀਂ ਏਂ?"

"ਮੈਂ ਸ਼ਹਿਜ਼ਾਦੀ ਹਾਂ, ਤੇ ਇਹ ਛੋਟੇ ਕਦ ਵਾਲਾ ਬੁੱਢਾ ਮੈਨੂੰ ਮੇਰੇ ਘਰੋਂ ਚੁਕ ਲਿਆਇਆ ਹੋਇਐ ਤੇ ਮੈਨੂੰ ਕੈਦੀ ਬਣਾ ਕੇ ਰਖਿਆ ਹੋਇਆ ਸੂ।"



"ਡਰ ਨਾ, ਮੈਂ ਤੈਨੂੰ ਛੁਡਾ ਦਿਆਂਗਾ। ਤੇ ਮੈਨੂੰ ਹੁਣ ਉਹਦੇ ਵਲ ਲੈ ਜਾ!"

ਉਹ ਉਹਨੂੰ ਛੋਟੇ ਕਦ ਵਾਲੇ ਬੁੱਢੇ ਆਦਮੀ ਵਲ ਲੈ ਗਈ ਤੇ ਪੋਕਾਤੀ-ਗੋਰੋਸ਼ੇਕ ਨੇ ਵੇਖਿਆ ਤੇ ਤਕਿਆ ਕਿ ਸ਼ਹਿਜ਼ਾਦੀ ਨੇ ਸਚ ਹੀ ਕਿਹਾ ਸੀ, ਕਿਉਂ ਜੁ ਛੋਟੇ ਕਦ ਵਾਲਾ ਬੁਢੜਾ ਓਥੇ ਬੈਠਾ ਸੀ, ਪਰ ਓਦੋਂ ਤਕ ਉਹਨੇ ਆਪਣੀ ਦਾੜ੍ਹੀ ਸ਼ਾਹ ਬਲੂਤ ਦੇ ਦਰਖ਼ਤ ਵਿਚੋਂ ਕਢ ਲਈ ਹੋਈ ਸੀ। ਪੋਕਾਤੀ-ਗੋਰੋਸ਼ੇਕ ਨੂੰ ਵੇਖ ਗੁੱਸੇ ਨਾਲ ਉਹ ਚਿਲਕਿਆ:

"ਕੀ ਕਰਨ ਆਇਐਂ? ਲੜਾਈ ਕਰਨ ਲਈ ਜਾਂ ਸੁਲਾਹ ਕਰਨ ਲਈ?"

"ਮੈਨੂੰ ਤੇਰੇ ਨਾਲ ਸੁਲਾਹ ਨਹੀਂ ਚਾਹੀਦੀ," ਪੋਕਾਤੀ-ਗੋਰੋਸ਼ੇਕ ਨੇ ਜਵਾਬ ਦਿਤਾ। "ਆ ਲੜਾਈ ਲੜੀਏ।"

ਫੇਰ ਉਹਨਾਂ ਤਲਵਾਰਾਂ ਟਕਰਾਈਆਂ, ਤੇ ਡਾਢੀ ਤੁੰਦੀ ਨਾਲ ਤੇ ਕਿੰਨਾ ਹੀ ਚਿਰ ਲੜਦੇ ਗਏ, ਤੇ ਅਖ਼ੀਰ, ਪੋਕਾਤੀ-ਗੋਰੋਸ਼ੇਕ ਦੇ ਇਕ ਵਾਰ ਨਾਲ ਛੋਟੇ ਕਦ ਵਾਲਾ ਬੁਢੜਾ ਚੀਰਿਆ ਗਿਆ ਤੇ ਮਰ ਕੇ ਡਿਗ ਪਿਆ।

ਪੋਕਾਤੀ-ਗੋਰੋਸ਼ੇਕ ਤੇ ਸ਼ਹਿਜ਼ਾਦੀ ਨੇ ਸਾਰਾ ਸੋਨਾ ਤੇ ਹੀਰੇ-ਜਵਾਹਰ ਚੁਕ ਲਏ, ਤੇ ਇਸ ਖਜ਼ਾਨੇ ਨਾਲ ਤਿੰਨ ਬੋਰੀਆਂ ਭਰ, ਉਸ ਟੋਏ ਵਲ ਹੋ ਪਏ, ਜਿਥੋਂ ਪੋਕਾਤੀ-ਗੋਰੋਸ਼ੇਕ ਉਤਰਿਆ ਸੀ।

ਉਹ ਟੋਏ ਕੋਲ ਆਏ, ਤੇ ਪੋਕਾਤੀ-ਗੋਰੋਸ਼ੇਕ ਨੇ ਉਪਰ ਆਪਣੇ ਦੋਸਤਾਂ ਨੂੰ ਆਵਾਜ਼ ਦਿਤੀ:

"ਓਏ, ਮੇਰੇ ਭਰਾਵੋ, ਓਥੇ ਹੋ?"

"ਹਾਂ!" ਉਹਦੇ ਦੋਸਤਾਂ ਨੇ ਜਵਾਬ ਵਿਚ ਆਵਾਜ਼ ਦਿਤੀ।

ਫੇਰ ਪੋਕਾਤੀ-ਗੋਰੋਸ਼ੇਕ ਨੇ ਇਕ ਬੋਰੀ ਨੂੰ ਰੱਸੀ ਨਾਲ ਬੰਨ੍ਹ ਦਿਤਾ ਤੇ ਆਪਣੇ ਦੋਸਤਾਂ ਨੂੰ ਆਵਾਜ਼ ਦਿਤੀ ਕਿ ਉਪਰ ਖਿਚ ਲੈਣ।

"ਇਹ ਤੁਹਾਡੀ ਜੇ!" ਉਹਨੇ ਹਾਕ ਮਾਰੀ।

ਉਹਨਾਂ ਬੋਰੀ ਖਿਚ ਲਈ ਤੇ ਰੱਸੀ ਫੇਰ ਲਮਕਾ ਦਿਤੀ, ਤੇ ਪੋਕਾਤੀ-ਗੋਰੋਸ਼ੇਕ ਨੇ ਉਹਦੇ ਨਾਲ ਦੂਜੀ ਬੋਰੀ ਬੰਨ੍ਹ ਦਿਤੀ।

"ਇਹ ਵੀ ਤੁਹਾਡੀ ਜੇ!" ਉਹਨੇ ਫੇਰ ਹਾਕ ਮਾਰੀ।

ਤੇ ਤੀਜੀ ਬੋਰੀ ਵੀ ਉਹਨੇ ਉਹਨਾਂ ਨੂੰ ਦੇ ਦਿਤੀ। ਛੋਟੇ ਕਦ ਵਾਲੇ ਬੁੱਢੇ ਤੋਂ ਉਹਨੇ ਜੁ ਕੁਝ ਵੀ ਲਿਆ ਸੀ, ਉਹ ਉਹਨੇ ਉਹਨਾਂ ਨੂੰ ਦੇ ਦਿਤਾ।

ਉਸ ਪਿਛੋਂ ਉਹਨੇ ਸ਼ਹਿਜ਼ਾਦੀ ਨੂੰ ਰੱਸੀ ਨਾਲ ਬੰਨ੍ਹ ਦਿਤਾ।

"ਹੁਣ ਇਹ ਮੇਰੀ ਜੇ!" ਉਹਨੇ ਹਾਕ ਮਾਰੀ।

ਤਿੰਨਾਂ ਦੋਸਤਾਂ ਨੇ ਸ਼ਹਿਜ਼ਾਦੀ ਨੂੰ ਉਪਰ ਖਿਚ ਲਿਆ, ਤੇ ਹੁਣ ਥੱਲੇ ਸਿਰਫ਼ ਪੋਕਾਤੀ-ਗੋਰੋਸ਼ੇਕ ਹੀ ਰਹਿ ਗਿਆ ਸੀ। ਇਸ ਤੇ ਉਹ ਸੋਚਣ ਲਗ ਪਏ।

"ਉਹਨੂੰ ਕਿਉਂ ਉਪਰ ਖਿੱਚੀਏ?" ਉਹਨਾਂ ਆਖਿਆ। "ਜੇ ਉਹਨੂੰ ਓਥੇ ਰਹਿਣ ਦਈਏ, ਤਾਂ ਸ਼ਹਿਜ਼ਾਦੀ ਵੀ ਸਾਡੀ ਹੋ ਜਾਏਗੀ। ਚਲੋ, ਉਹਨੂੰ ਥੋੜਾ ਜਿਹਾ ਖਿਚ ਲੈਣੇ ਹਾਂ ਤੇ ਫੇਰ ਛਡ ਦੇਣੇ ਹਾਂ, ਤੇ ਉਹ ਡਿਗ ਪਏਗਾ ਤੇ ਮਰ ਜਾਏਗਾ।"

ਪੋਕਾਤੀ-ਗੋਰੋਸ਼ੇਕ ਨੂੰ ਸੁਝ ਗਿਆ, ਉਹ ਕੀ ਕਰਨ ਵਾਲੇ ਸਨ, ਤੇ ਉਹਨੇ, ਰੱਸੀ ਨਾਲ ਇਕ ਬਹੁਤ ਵਡੇ ਪੱਥਰ ਨੂੰ ਬੰਨ੍ਹਦਿਆਂ, ਹਾਕ ਮਾਰੀ:

"ਹੁਣ ਮੈਨੂੰ ਖਿਚ ਲਓ!"

ਤੇ ਉਹਨਾਂ ਪੱਥਰ ਨੂੰ ਕੁਝ ਉਪਰ ਖਿਚਿਆ ਤੇ ਫੇਰ ਰੱਸੀ ਛਡ ਦਿਤੀ, ਇਸ ਤਰ੍ਹਾਂ ਕਿ ਪੱਥਰ ਘੜਮ ਕਰਦਾ ਹੇਠ ਆ ਪਿਆ।

"ਤੇ ਇਹੋ ਜਿਹੇ ਨੇ ਮੇਰੇ ਦੋਸਤ!"

ਪੋਕਾਤੀ-ਗੋਰੋਸ਼ੇਕ ਨੇ ਦਿਲ ਵਿਚ ਸੋਚਿਆ, ਤੇ ਉਹ ਟੋਏ ਦੀ ਤਹਿ ਵਾਲੀ ਦੁਨੀਆਂ ਵਿਚ ਘੁੰਮਣ ਲਈ ਨਿਕਲ ਪਿਆ। ਉਹ ਟੁਰਦਾ ਗਿਆ, ਟੁਰਦਾ ਗਿਆ ਤੇ ਵੇਖੋ ਹੋਇਆ ਕੀ! ਅਸਮਾਨ ਉਤੇ ਝਖੱੜ ਵਾਲੇ ਬੱਦਲ ਛਾ ਗਏ ਤੇ ਮੀਂਹ ਵੱਸਣ ਲਗ ਪਿਆ, ਤੇ ਗੜਾ ਵੀ ਪੈਣ ਲਗ ਪਿਆ। ਪੋਕਾਤੀ-ਗੋਰੋਸ਼ੇਕ ਸ਼ਾਹ ਬਲੂਤ ਦੇ ਇਕ ਦਰਖ਼ਤ ਥੱਲੇ ਲੁਕ ਗਿਆ, ਤੇ ਅੱਚਣਚੇਤੀ ਹੀ ਉਹਨੂੰ ਦਰਖ਼ਤ ਦੀ ਟੀਸੀ ਤੋਂ ਆਲ੍ਹਣੇ ਵਿਚੋਂ ਉਕਾਬ ਦੇ ਬਚਿਆਂ ਦੀ ਪੀਂ-ਪੀਂ ਸੁਣੀਤੀ। ਤੇ ਫੇਰ ਉਹ ਸ਼ਾਹ ਬਲੂਤ ਦੇ ਦਰਖ਼ਤ 'ਤੇ ਚੜ੍ਹ ਗਿਆ ਤੇ ਉਹਨੇ ਉਕਾਬ ਦੇ ਬਚਿਆਂ ਨੂੰ ਆਪਣੇ ਗਰਮ ਕੋਟ ਨਾਲ ਢਕ ਦਿਤਾ। ਓਦੋਂ ਤਕ ਮੀਂਹ ਦੇ ਪਰਨਾਲੇ ਛੁਟ ਪਏ ਹੋਏ ਸਨ, ਤੇ ਇਕ ਬਹੁਤ ਵਡਾ ਉਕਾਬ ਉਡਦਾ ਆਇਆ, ਉਹ ਜਿਹਦੇ ਆਲ੍ਹਣੇ ਵਿਚ ਬੱਚੇ ਸਨ। ਉਹਨੇ ਵੇਖਿਆ, ਬੱਚੇ ਢਕੇ ਹੋਏ ਸਨ ਤੇ ਉਹਨੇ ਪੁਛਿਆ:

"ਬਚੜਿਓ, ਕਿੰਨੇ ਢਕਿਐ ਤੁਹਾਨੂੰ?"

ਤੇ ਉਕਾਬ ਦੇ ਬਚਿਆਂ ਨੇ ਜਵਾਬ ਦਿਤਾ:

"ਤੈਨੂੰ ਤਾਂ ਦੱਸੀਏ, ਜੇ ਤੂੰ ਉਹਨੂੰ ਖਾ ਨਾ ਜਾਏਂ।"

"ਉਕਾ ਨਾ ਡਰੋ, ਮੈਂ ਨਹੀਂ ਖਾਵਾਂਗਾ।"

"ਚੰਗਾ, ਉਹ ਦਰਖ਼ਤ ਥੱਲੇ ਬੈਠਾ ਆਦਮੀ ਦਿਸਦਾ ਈ? ਇਹ ਸੀ, ਜਿਨ੍ਹੇ ਢਕਿਆ ਸੀ।"

ਤੇ ਉਕਾਬ ਉਡ ਹੇਠਾਂ ਪੋਕਾਤੀ-ਗੋਰੋਸ਼ੇਕ ਕੋਲ ਆ ਗਿਆ।

"ਜੁ ਚਾਹੇਂ, ਮੈਨੂੰ ਆਖ ਕਰਨ ਲਈ, ਤੇ ਮੈਂ ਕਰਾਂਗਾ," ਉਹਨੇ ਕਿਹਾ। "ਇਹ ਪਹਿਲੀ ਵੇਰ ਏ ਜਦੋਂ ਮੇਰਾ ਕੋਈ ਬੱਚਾ, ਮੇਰੇ ਕੋਲ ਨਾ ਹੋਣ ਵੇਲੇ, ਏਡੇ ਮੀਂਹ 'ਚ ਡੁਬਿਆ ਨਾ ਹੋਵੇ।"

"ਮੈਨੂੰ ਏਥੋਂ ਬਾਹਰ ਮੇਰੀ ਆਪਣੀ ਦੁਨੀਆਂ 'ਚ ਲੈ ਜਾ," ਪੋਕਾਤੀ-ਗੋਰੋਸ਼ੇਕ ਨੇ ਆਖਿਆ।

"ਇਹ ਮੈਨੂੰ ਤੂੰ ਕੋਈ ਸੌਖਾ ਕੰਮ ਨਹੀਉਂ ਪਾਇਆ," ਉਕਾਬ ਨੇ ਜਵਾਬ ਦਿਤਾ। "ਪਰ ਚਾਰਾ ਕੋਈ ਨਹੀਂ। ਜੁ ਤੂੰ ਆਖਿਐ, ਮੈਂ ਵਾਹ ਲਾਵਾਂਗਾ ਕਰਨ ਦੀ। ਅਸੀਂ ਆਪਣੇ ਨਾਲ ਛੇ ਪੀਪੀਆਂ ਮਾਸ ਦੀਆਂ ਤੇ ਛੇ ਪੀਪੀਆਂ ਪਾਣੀ ਦੀਆਂ ਲੈ ਜਾਵਾਂਗੇ। ਜਦੋਂ ਵੀ ਮੈਂ ਸਿਰ ਸੱਜੇ ਪਾਸੇ ਮੋੜਾਂ, ਤੂੰ ਮੇਰੇ ਮੂੰਹ 'ਚ ਮਾਸ ਦੀ ਬੋਟੀ ਪਾਣੀ ਹੋਵੇਗੀ, ਤੇ ਜਦੋਂ ਵੀ ਮੈਂ ਮੂੰਹ ਖੱਬੇ ਪਾਸੇ ਮੋੜਾਂ, ਤਾਂ ਤੂੰ ਮੈਨੂੰ ਘੁਟ ਪਾਣੀ ਦਾ ਪਿਆਣਾ ਹੋਵੇਗਾ। ਜੇ, ਜਿਵੇਂ ਮੈਂ ਕਹਿ ਰਿਹਾਂ, ਤੂੰ ਨਾ ਕੀਤਾ, ਮੈਂ ਓਥੇ ਕਦੀ ਵੀ ਨਹੀਂ ਪਹੁੰਚ ਸਕਾਂਗਾ, ਤੇ ਰਾਹ 'ਚ ਹੇਠਾਂ ਭੁੰਜੇ ਜਾ ਪਾਂਗਾ।"

ਉਹਨੇ ਛੇ ਪੀਪੀਆਂ ਮਾਸ ਦੀਆਂ ਤੇ ਛੇ ਪੀਪੀਆਂ ਪਾਣੀ ਦੀਆਂ ਲੈ ਲਈਆਂ, ਪੋਕਾਤੀ-ਗੋਰੋਸ਼ੇਕ ਉਕਾਬ ਦੀ ਪਿਠ ਉਤੇ ਚੜ੍ਹ ਬੈਠਾ ਤੇ ਉਹ ਉਡੇ ਪਏ! ਉਹ ਉਡਦੇ ਗਏ, ਉਡਦੇ ਗਏ, ਤੇ ਜਦੋਂ ਵੀ ਉਕਾਬ ਸਿਰ ਸੱਜੇ ਪਾਸੇ ਮੋੜਦਾ, ਪੋਕਾਤੀ-ਗੋਰੋਸ਼ੇਕ ਉਹਦੇ ਮੂੰਹ ਵਿਚ ਕੁਝ ਮਾਸ ਪਾ ਦੇਂਦਾ, ਤੇ ਜਦੋਂ ਵੀ ਉਹ ਸਿਰ ਖੱਬੇ ਪਾਸੇ ਮੋੜਦਾ, ਉਹ ਉਹਨੂੰ ਘੁਟ ਪਾਣੀ ਦਾ ਪਿਆ ਦੇਂਦਾ।

ਕਿੰਨਾ ਹੀ ਚਿਰ ਲੰਘ ਗਿਆ ਤੇ ਉਹ ਅਜੇ ਵੀ ਉਡਦੇ ਜਾ ਰਹੇ ਸਨ, ਪਰ ਹਣ ਮਨੁਖਾਂ ਦੀ ਦੁਨੀਆਂ

ਵਿਚ ਪਹੁੰਚਣ ਲਈ ਵਾਟ ਥੋੜੀ ਜਿਹੀ ਰਹਿ ਗਈ ਸੀ। ਉਕਾਬ ਨੇ ਮਾਸ ਲਈ ਸਿਰ ਸੱਜੇ ਪਾਸੇ ਮੋੜਿਆ, ਪਰ ਕੋਈ ਵੀ ਬੋਟੀ ਬਾਕੀ ਨਹੀਂ ਸੀ ਬਚੀ ਹੋਈ। ਤਾਂ ਪੋਕਾਤੀ-ਗੋਰੋਸ਼ੇਕ ਨੇ ਆਪਣੀ ਲਤ ਦਾ ਇਕ ਡਕਰਾ ਲਾਹਿਆ ਤੇ ਉਕਾਬ ਦੇ ਮੂੰਹ ਵਿਚ ਸੁਟ ਦਿਤਾ। ਉਹ ਫੇਰ ਉਪਰ ਉਡ ਪਏ, ਤੇ ਉਕਾਬ ਨੇ ਪੁਛਿਆ:

"ਇਹ ਮੈਨੂੰ ਖਾਣ ਲਈ ਕੀ ਦਿਤਾ ਈ? ਬੜਾ ਸੁਆਦੀ ਏ।"

"ਆਪਣੇ ਮਾਸ ਦੀ ਬੋਟੀ," ਲਤ ਵਲ ਸੈਣਿਤ ਕਰਦਿਆਂ, ਪੋਕਾਤੀ-ਗੋਰੋਸ਼ੇਕ ਨੇ ਜਵਾਬ ਦਿਤਾ।

ਫੇਰ ਉਕਾਬ ਨੇ ਬੋਟੀ ਕਢ ਦਿਤੀ ਤੇ ਇਕ ਪਾਸੇ ਉਡਿਆ ਤੇ ਜਾਦੂ ਦਾ ਪਾਣੀ ਲੈ ਆਇਆ। ਤੇ ਜਿਵੇਂ ਹੀ ਉਹਨਾਂ ਕੱਢੀ ਹੋਈ ਬੋਟੀ ਨੂੰ ਪੋਕਾਤੀ-ਗੋਰੋਸ਼ੇਕ ਦੇ ਫਟ ਉਤੇ ਰਖਿਆ, ਤੇ ਉਹਦੇ ਉਤੇ ਕੁਝ ਪਾਣੀ ਛਿੜਕਿਆ, ਤਿਵੇਂ ਹੀ, ਵੇਖਦਿਆਂ ਵੇਖਦਿਆਂ, ਲਤ ਫੇਰ ਸਬੂਤ ਦੀ ਸਬੂਤ ਹੋ ਗਈ।

ਇਸ ਪਿਛੋਂ ਉਕਾਬ ਵਾਪਸ ਘਰ ਵਲ ਨੂੰ ਉਡ ਗਿਆ, ਤੇ ਪੋਕਾਤੀ-ਗੋਰੋਸ਼ੇਕ ਆਪਣੇ ਤਿੰਨਾਂ ਦੋਸਤਾਂ ਦੀ ਭਾਲ ਵਿਚ ਨਿਕਲ ਪਿਆ।

ਪਰ ਤਿੰਨੇ ਦੋਸਤ ਸ਼ਹਿਜ਼ਾਦੀ ਦੇ ਪਿਓ ਦੇ ਮਹਿਲੀਂ ਪੁੱਜੇ ਹੋਏ ਸਨ ਤੇ ਹੁਣ ਉਥੇ ਰਹਿ ਰਹੇ ਸਨ ਤੇ ਆਪੋ ਵਿਚ ਝਗੜ ਰਹੇ ਸਨ, ਇਸ ਲਈ ਕਿ ਹਰ ਕੋਈ ਚਾਹੁੰਦਾ ਸੀ, ਸ਼ਹਿਜ਼ਾਦੀ ਨਾਲ ਵਿਆਹ ਕਰਾਏ, ਤੇ ਉਹਨੂੰ ਦੂਜੇ ਲਈ ਛਡਣਾ ਨਹੀਂ ਸੀ ਚਾਹੁੰਦਾ।

ਪੋਕਾਤੀ-ਗੋਰੋਸ਼ੇਕ ਨੇ ਉਹਨਾਂ ਨੂੰ ਮਹਿਲੀਂ ਜਾ ਲਭਿਆ, ਤੇ ਉਹਨੂੰ ਵੇਖ ਉਹਨਾਂ ਦਾ ਤਰਾਹ ਨਿਕਲ ਗਿਆ, ਇਸ ਲਈ ਕਿ ਉਹ ਸੋਚ ਸਕਦੇ ਸਨ ਕਿ ਪੋਕਾਤੀ-ਗੋਰੋਸ਼ੇਕ ਉਹਨਾਂ ਨੂੰ ਮਾਰ ਦੇਵੇਗਾ।

ਪੋਕਾਤੀ-ਗੋਰੋਸ਼ੇਕ ਨੇ ਆਖਿਆ:

"ਮੇਰੇ ਨਾਲ ਤਾਂ ਮੇਰੇ ਆਪਣੇ ਭਰਾਵਾਂ ਨੇ ਧਰੋਹ ਕਮਾਇਆ ਸੀ, ਏਸ ਲਈ ਮੈਂ ਤੁਹਾਡੇ ਤੋਂ ਕੀ ਆਸ ਰਖ ਸਕਨਾਂ! ਮੈਂ ਤੁਹਾਨੂੰ ਬਖ਼ਸ਼ ਈ ਸਕਨਾਂ।"

ਤੇ ਉਹਨੇ ਬਖ਼ਸ਼ ਉਹਨਾਂ ਨੂੰ ਦਿਤਾ, ਤੇ ਆਪ ਸ਼ਹਿਜ਼ਾਦੀ ਨਾਲ ਵਿਆਹ ਕਰਾ ਲਿਆ, ਤੇ ਓਦੋਂ ਤੋਂ ਉਹਦੇ ਨਾਲ ਪਿਆਰ ਤੇ ਖੁਸ਼ੀ ਸਹਿਤ ਰਹਿ ਰਿਹਾ ਏ।

## ਭਲਾ ਤੇ ਬੁਰਾ

### ਯੂਕਰੇਨੀ ਪਰੀ – ਕਹਾਣੀ



ਇਕ ਵਾਰੀ ਦੀ ਗਲ ਏ, ਦੋ ਭਰਾ ਹੁੰਦੇ ਸਨ; ਦੋਵਾਂ ਵਿਚੋਂ ਇਕ ਰੱਜਾ-ਪੁੱਜਾ ਸੀ ਤੇ ਇਕ ਕੰਗਾਲ। ਇਕ ਦਿਨ ਉਹਨਾਂ ਦਾ ਮੇਲ ਹੋ ਪਿਆ ਤੇ ਉਹ ਗੱਲਾਂ ਕਰਨ ਲਗ ਪਏ, ਤੇ ਕੰਗਾਲ ਭਰਾ ਨੇ ਕਿਹਾ:

"ਜ਼ਿੰਦਗੀ ਭਾਵੇਂ ਕਹਿਰ ਕਮਾਂਦੀ ਏ, ਫੇਰ ਵੀ ਬੁਰੇ ਨਾਲੋਂ ਭਲਾ ਕਰਨਾ ਚੰਗੈ।"

"ਕਮਾਲ ਦੀ ਗਲ ਆਖੀ ਆ," ਰੱਜੇ-ਪੁੱਜੇ ਭਰਾ ਨੇ ਕਿਹਾ। "ਹੁਣ ਦੁਨੀਆਂ 'ਚ ਭਲੇ ਨਾਂ ਦੀ ਕੋਈ ਚੀਜ਼ ਨਹੀਂ ਰਹਿ ਗਈ, ਸਿਰਫ਼ ਬੁਰਾ ਈ ਬੁਰਾ ਰਹਿ ਗਿਐ। ਭਲਾ ਕਰਨ ਨਾਲ ਕੁਝ ਨਹੀਂ ਬਣਦਾ।"

ਪਰ ਕੰਗਾਲ ਭਰਾ ਆਪਣੀ ਗਲ ਉਤੇ ਅੜਿਆ ਰਿਹਾ।

"ਨਹੀਂ, ਭਰਾਵਾ," ਉਹਨੇ ਆਖਿਆ, "ਮੇਰਾ ਅਜੇ ਵੀ ਖ਼ਿਆਲ ਏ, ਭਲਾ ਕੀਤੇ ਦਾ ਫਲ ਮਿਲਦੈ।"

"ਠੀਕ ਏ ਫੇਰ," ਰੱਜੇ-ਪੁੱਜੇ ਭਰਾ ਨੇ ਕਿਹਾ। "ਚਲ ਸ਼ਰਤ ਲਾਈਏ, ਤੇ ਜਾਈਏ, ਤੇ ਪਹਿਲੇ ਤਿੰਨ ਜਣੇ, ਜੁ ਸਾਨੂੰ ਮਿਲਣ, ਉਹਨਾਂ ਤੋਂ ਪੁਛੀਏ। ਜੇ ਉਹ ਕਹਿਣ, ਤੂੰ ਠੀਕ ਏਂ, ਤਾਂ ਜੁ ਕੁਝ ਵੀ ਮੇਰੇ ਕੋਲ ਏ, ਤੇਰਾ ਹੋ ਜਾਏਗਾ। ਪਰ ਜੇ ਉਹ ਕਹਿਣ, ਮੈਂ ਠੀਕ ਹਾਂ, ਤਾਂ ਜੁ ਕੁਝ ਵੀ ਤੇਰੇ ਕੋਲ ਏ, ਉਹ ਮੇਰਾ ਹੋ ਜਾਏਗਾ।"

"ਚਲ ਇੰਜ ਈ ਸਹੀ!" ਕੰਗਾਲ ਮੰਨ ਗਿਆ।

ਉਹ ਸੜਕੋ-ਸੜਕ ਹੋ ਪਏ, ਟੁਰਦੇ ਗਏ ਤੇ ਟੁਰਦੇ ਗਏ ਤੇ ਉਹਨਾਂ ਨੂੰ ਇਕ ਆਦਮੀ ਮਿਲਿਆ, ਜਿਹੜਾ ਇਕ ਥਾਉਂ ਆ ਰਿਹਾ ਸੀ, ਜਿਥੇ ਉਹ ਸਾਰੀ ਰੁੱਤ ਕੰਮ ਕਰਦਾ ਰਿਹਾ ਸੀ।

''ਸਲਾਮ, ਦੋਸਤਾਂ!'' ਉਹਦੇ ਕੋਲ ਆਉਂਦਿਆਂ, ਉਹਨਾਂ ਨੇ ਕਿਹਾ।

''ਸਲਾਮ ਹੋਵੇ ਜੇ!''

''ਕੁਝ ਪੁਛਣੇ ਏਂ ਤੇਰੇ ਕੋਲੋਂ।''

''ਪੁਛੋ!''

''ਦਸ, ਤੇਰੇ ਖ਼ਿਆਲ 'ਚ ਕਿੰਜ ਰਹਿਣਾ ਚੰਗਾ ਏ: ਭਲਾ ਕਰ ਕੇ ਜਾਂ ਬੁਰਾ ਕਰ ਕੇ?''

''ਭਲਾ ਅਜਕਲ ਕਿਥੋਂ ਲਭਦੇ ਹੋ, ਮਿਹਰਬਾਨੋਂ!'' ਆਦਮੀ ਨੇ ਜਵਾਬ ਦਿਤਾ। ''ਮੇਰਾ ਹਾਲ ਵੇਖੋ। ਮੈਂ ਕਿੰਨਾ ਚਿਰ ਕੰਮ ਕਰਦਾ ਰਿਹਾਂ ਤੇ ਮਿਹਨਤ ਨਾਲ ਕੰਮ ਕਰਦਾ ਰਿਹਾਂ, ਪਰ ਮੇਰੀ ਕਮਾਈ ਨਾ ਹੋਣ ਬਰਾਬਰ ਏ, ਤੇ ਤਾਂ ਵੀ ਮਾਲਕ ਨੇ ਇਕ ਹਿੱਸਾ ਉਹਦਾ ਮੇਰੇ ਤੋਂ ਲੁਟ ਲਿਐ। ਨਹੀਂ, ਈਮਾਨਦਾਰੀ ਨਾਲ ਰਹਿਣ ਦਾ ਕੋਈ ਹਜ ਨਹੀਂ। ਭਲੇ ਨਾਲੋਂ ਬੁਰਾ ਕਰਨਾ ਚੰਗੈ!''

''ਵੇਖਿਆ ਈ, ਭਰਾਵੇ, ਕੀ ਕਿਹਾ ਸੀ ਤੈਨੂੰ!'' ਰੱਜੇ-ਪੁੱਜੇ ਨੇ ਕਿਹਾ। ''ਮੈਂ ਠੀਕ ਹਾਂ ਤੇ ਤੂੰ ਗ਼ਲਤ।''

ਕੰਗਾਲ ਦੀ ਹਿੰਮਤ ਢਹਿ ਗਈ, ਪਰ ਚਾਰਾ ਕੋਈ ਨਹੀਂ ਸੀ, ਤੇ ਉਹ ਦੋਵੇਂ ਟੁਰਦੇ ਗਏ। ਅਖ਼ੀਰ ਉਹਨਾਂ ਨੂੰ ਇਕ ਵਪਾਰੀ ਮਿਲਿਆ।

''ਸਲਾਮ, ਨੇਕ-ਨੀਤ ਵਪਾਰੀਆ!'' ਉਹਨਾਂ ਆਖਿਆ।

''ਸਲਾਮ ਹੋਵੇ ਜੇ!''

''ਕੁਝ ਪੁਛਣਾ ਏਂ ਤੇਰੇ ਕੋਲੋਂ।''

''ਪੁੱਛੋ!''

''ਦਸ, ਤੇਰੇ ਖ਼ਿਆਲ 'ਚ ਕਿੰਜ ਰਹਿਣਾ ਚੰਗਾ ਏ: ਭਲਾ ਕਰ ਕੇ ਜਾਂ ਬੁਰਾ ਕਰ ਕੇ?''

''ਇਹ ਵੀ ਕੋਈ ਪੁੱਛਣ ਵਾਲੀ ਗਲ ਏ, ਮਿਹਰਬਾਨੋ! ਭਲਾ ਕਰਨ ਨਾਲ ਹਥ ਕੁਝ ਨਹੀਂ ਆਉਂਦਾ! ਜੇ ਕੁਝ ਵੇਚਣਾ ਹੋਵੇ, ਤਾਂ ਸੌ ਵਾਰੀ ਝੂਠ ਬੋਲਣਾ ਤੇ ਛਲ ਕਰਨਾ ਪੈਂਦੈ। ਹੋਰ ਕਿਸੇ ਤਰ੍ਹਾਂ ਕੋਈ ਚੀਜ਼ ਵੇਚੀ ਈ ਨਹੀਂ ਜਾ ਸਕਦੀ।''

ਤੇ ਇਹ ਕਹਿ ਉਹਨੇ ਘੋੜਾ ਅਗੇ ਟੋਰ ਦਿਤਾ।

''ਵੇਖਿਆ ਈ, ਮੈਂ ਦੂਜੀ ਵਾਰ ਠੀਕ ਹਾਂ!'' ਰੱਜੇ-ਪੁੱਜੇ ਨੇ ਆਖਿਆ।

ਕੰਗਾਲ ਪਹਿਲਾਂ ਤੋਂ ਵੀ ਉਦਾਸ ਹੋ ਗਿਆ, ਪਰ ਚਾਰਾ ਕੋਈ ਨਹੀਂ ਸੀ, ਤੇ ਇਸ ਲਈ ਉਹ ਫੇਰ ਟੁਰ ਪਏ। ਉਹ ਟੁਰਦੇ ਗਏ, ਟੁਰਦੇ ਗਏ, ਤੇ ਉਹਨਾਂ ਨੂੰ ਇਕ ਜਾਗੀਰਦਾਰ ਮਿਲਿਆ।

''ਸਲਾਮ, ਜਨਾਬ ਆਲੀ!'' ਉਹਨਾਂ ਆਖਿਆ।

''ਸਲਾਮ ਹੋਵੇ ਜੇ!''

''ਕੁਝ ਪੁਛਣਾ ਏਂ ਤੁਹਾਡੇ ਕੋਲੋਂ।''

''ਪੁਛੋ ਫੇਰ!''

''ਦੱਸੋ, ਤੁਹਾਡੇ ਖਿਆਲ 'ਚ ਕਿੰਜ ਰਹਿਣਾ ਚੰਗਾ ਏ: ਭਲਾ ਕਰ ਕੇ ਜਾਂ ਬੁਰਾ ਕਰ ਕੇ?''

''ਇਹ ਵੀ ਕੋਈ ਪੁੱਛਣ ਵਾਲੀ ਗਲ ਏ, ਭਲੇ ਲੋਕੋ! ਅਜਕਲ ਜ਼ਮਾਨੇ 'ਚ ਭਲੇ ਨਾਂ ਦੀ ਕੋਈ ਚੀਜ਼ ਨਹੀਂ ਰਹੀ, ਤੇ ਈਮਾਨਦਾਰੀ ਨਾਲ ਨਹੀਂ ਰਿਹਾ ਜਾ ਸਕਦਾ। ਜੇ ਮੈਂ ਨੇਕੀ ਦਾ ਰਾਹ ਫੜ ਲਵਾਂ, ਤਾਂ ਕਿਉਂ, ਮੈਂ...'' ਤੇ ਜਾਗੀਰਦਾਰ ਨੇ ਘੋੜਾ ਅਗੇ ਟੋਰ ਦਿਤਾ।

"ਠੀਕ ਏ, ਹੁਣ, ਭਰਾਵਾ," ਰੱਜੇ-ਪੁੱਜੇ ਨੇ ਕਿਹਾ।" ਚਲ ਘਰ ਚਲੀਏ। ਜੁ ਕੁਝ ਵੀ ਹੈ ਈ, ਮੈਨੂੰ ਦੇਣਾ ਪਈਗਾ!"

ਕੰਗਾਲ ਘਰ ਗਿਆ, ਤੇ ਉਹਦਾ ਦਿਲ ਬਹੁਤ ਦੁਖਿਆ ਹੋਇਆ ਸੀ। ਤੇ ਰੱਜਾ-ਪੁੱਜਾ ਉਹਦਾ ਸਾਰੇ ਦਾ ਸਰਾ ਮਾੜਾ-ਮੋਟਾ ਮਾਲ-ਅਸਬਾਬ ਚੁਕ ਕੇ ਲੈ ਗਿਆ ਤੇ ਉਹਦੇ ਕੋਲ ਸਿਰਫ਼ ਉਹਦੀ ਝੁੱਗੀ ਛਡ ਗਿਆ।

"ਹਾਲ ਦੀ ਘੜੀ ਤੂੰ ਏਥੇ ਰਹਿ ਸਕਣੈਂ," ਉਹਨੇ ਆਖਿਆ। "ਅਜੇ ਮੈਨੂੰ ਇਹਦੀ ਲੋੜ ਨਹੀਂ। ਪਰ ਛੇਤੀ ਈ ਤੈਨੂੰ ਰਹਿਣ ਲਈ ਹੋਰ ਥਾਂ ਲਭਣੀ ਪਏਗੀ।"

ਕੰਗਾਲ ਆਪਣੇ ਘਰ ਵਾਲਿਆਂ ਨਾਲ ਝੁੱਗੀ ਵਿਚ ਬਹਿ ਗਿਆ, ਤੇ ਉਹਨਾਂ ਲਈ ਖਾਣ ਨੂੰ ਚੱਪਾ ਰੋਟੀ ਵੀ ਨਹੀਂ ਸੀ ਤੇ ਨਾ ਕੋਈ ਹੋਰ ਚੀਜ਼, ਤੇ ਕੋਈ ਥਾਂ ਵੀ ਨਹੀਂ ਸੀ, ਜਿਥੇ ਕੁਝ ਕਮਾਇਆ ਜਾ ਸਕੇ, ਇਸ ਲਈ ਕਿ ਫ਼ਸਲਾਂ ਲਈ ਸਾਲ ਮੰਦਾ ਸੀ। ਕੰਗਾਲ ਨੇ ਸਾਰਾ ਕੁਝ ਜਰਨ ਦਾ ਜਤਨ ਕੀਤਾ, ਤੇ ਕੁਝ ਚਿਰ ਉਹ ਕਰ ਸਕਿਆ, ਪਰ ਉਹਦੇ ਬੱਚੇ ਭੁਖ ਨਾਲ ਕੁਰਲਾਣ ਲਗ ਪਏ, ਤੇ ਉਹਨੇ ਇਕ ਬੋਰੀ ਚੁੱਕੀ ਤੇ ਆਟਾ ਮੰਗਣ ਲਈ ਰੱਜੇ-ਪੁੱਜੇ ਭਰਾ ਕੋਲ ਗਿਆ।

"ਮੈਨੂੰ ਟੋਪਾ ਆਟੇ ਦਾ ਜਾਂ ਦਾਣਿਆਂ ਦਾ ਦੇ, ਜੁ ਵੀ ਦੇ ਸਕਣੈਂ," ਉਹਨੇ ਆਖਿਆ। "ਘਰ 'ਚ ਖਾਣ ਨੂੰ ਕੁਝ ਨਹੀਂ, ਤੇ ਭੁਖ ਨਾਲ ਬਚਿਆਂ ਦੇ ਢਿਡ ਫੂਲ ਗਏ ਨੇ!"

ਰੱਜੇ-ਪੁੱਜੇ ਭਰਾ ਨੇ ਕਿਹਾ:

"ਟੋਪਾ ਆਟੇ ਦਾ ਲੈ ਜਾ, ਜੇ ਮੈਨੂੰ ਆਪਣਾ ਇਕ ਆਨਾ ਕਢ ਲੈਣ ਦੇ ਤਾਂ।"

ਕੰਗਾਲ ਨੇ ਗਲ ਨੂੰ ਸੋਚਿਆ। ਉਹਨੂੰ ਸੋਝੀ ਸੀ ਕਿ ਮੰਨਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ।

"ਇੰਜ ਈ ਸਹੀ," ਉਹਨੇ ਆਖਿਆ। "ਕਢ ਲੈ ਸੂ, ਤੇ ਰਬ ਤੇਰਾ ਭਲਾ ਕਰੇ, ਤੂੰ ਮੈਨੂੰ ਸਿਰਫ਼ ਥੋੜਾ ਜਿਹਾ ਆਟਾ ਦੇ ਦੇ, ਯਸੂ ਮਸੀਹ ਦਾ ਸਦਕਾ!"

ਤੇ ਰੱਜੇ-ਪੁੱਜੇ ਭਰਾ ਨੇ ਕੰਗਾਲ ਭਰਾ ਦਾ ਆਨਾ ਕਢ ਲਿਆ ਤੇ ਉਹਨੂੰ ਉੱਲੀ-ਲੱਗੇ ਆਟੇ ਦਾ ਟੋਪਾ ਦੇ ਦਿਤਾ। ਕੰਗਾਲ ਭਰਾ ਉਹਨੂੰ ਘਰ ਲੈ ਆਇਆ ਤੇ ਉਹਦੀ ਘਰ ਵਾਲੀ ਨੇ ਇਕ ਨਜ਼ਰ ਉਹਦੇ ਵਲ ਵੇਖਿਆ ਤੇ ਉਹਦਾ ਸਾਹ ਅੰਦਰ ਦਾ ਅੰਦਰ ਤੇ ਬਾਹਰ ਦਾ ਬਾਹਰ ਰਹਿ ਗਿਆ।

"ਕੀ ਹੋ ਗਿਆ ਈ, ਅਖ ਕਿੱਥੇ ਈ?" ਘਰ ਵਾਲੀ ਨੇ ਪੁਛਿਆ।

"ਭਰਾ ਨੇ ਕਢ ਲਈ ਏ," ਉਹਨੇ ਦਸਿਆ।

ਤੇ ਉਹਨੇ ਉਹਨੂੰ ਸਾਰੀ ਗਲ ਸੁਣਾਈ। ਉਹ ਕੁਝ ਚਿਰ ਰੋਂਦੇ ਰਹੇ ਤੇ ਸੋਗ ਮਨਾਂਦੇ ਰਹੇ, ਪਰ ਆਟਾ ਉਹਨਾਂ ਨੂੰ ਖਾਣਾ ਹੀ ਪਿਆ, ਇਸ ਲਈ ਕਿ ਖਾਣ ਨੂੰ ਉਹਨਾਂ ਕੋਲ ਹੈ ਹੀ ਉਹੀਉ ਕੁਝ ਸੀ।

ਹਫ਼ਤਾ ਟਪ ਗਿਆ ਜਾਂ, ਸ਼ਾਇਦ, ਹਫ਼ਤੇ ਤੋਂ ਕੁਝ ਬਹੁਤਾ ਵਕਤ, ਤੇ ਸਾਰਾ ਆਟਾ ਮੁਕ ਗਿਆ। ਤੇ ਕੰਗਾਲ ਭਰਾ ਨੇ ਬੋਰੀ ਫੜੀ ਤੇ ਫੇਰ ਆਪਣੇ ਭਰਾ ਕੋਲ ਜਾ ਪਹੁੰਚਿਆ।

"ਮੇਰੇ ਪਿਆਰੇ ਭਰਾਵਾ, ਕੁਝ ਆਟਾ ਦੇ ਦੇ ਮੈਨੂੰ," ਉਹਨੇ ਆਖਿਆ। "ਜਿਹੜਾ ਆਟਾ ਤੂੰ ਮੈਨੂੰ ਪਿਛਲੀ ਵਾਰੀ ਦਿਤਾ ਸੀ, ਸਾਰਾ ਮੁਕ ਗਿਆ ਏ।"

"ਮੈਂ ਤੈਨੂੰ ਇਕ ਟੋਪਾ ਦੇ ਦੇਨਾਂ, ਜੇ ਮੈਨੂੰ ਆਪਣਾ ਆਨਾ ਕਢ ਲੈਣ ਦੇਵੇਂ ਤਾਂ," ਰੱਜੇ-ਪੁੱਜੇ ਭਰਾ ਨੇ ਜਵਾਬ ਦਿਤਾ।

"ਮੈਂ, ਭਰਾਵਾ, ਆਪਣੀਆਂ ਦੋਵਾਂ ਅੱਖਾਂ ਬਿਨਾਂ ਕਿਵੇਂ ਰਹਿ ਸਕਨਾਂ! ਇਕ ਤੂੰ ਪਹਿਲਾਂ ਈ ਕਢ ਦਿਤੀ ਹੋਈ ਏ। ਤਰਸ ਕਰ ਤੇ ਆਟਾ ਮੈਨੂੰ ਅੰਨ੍ਹਿਆਂ ਕੀਤੇ ਬਿਨਾਂ ਦੇ ਦੇ।"

"ਨਹੀਂ, ਵਾਈ ਨਹੀਂ, ਉਨਾ ਚਿਰ ਨਹੀਂ, ਜਿੰਨਾ ਚਿਰ ਮੈਨੂੰ ਆਪਣੀ ਦੂਜੀ ਅਖ ਨਹੀਂ ਕਢ ਲੈਣ ਦੇਂਦਾ।"

ਕੰਗਾਲ ਭਰਾ ਕਰਦਾ ਵੀ ਤਾਂ ਕੀ ਕਰਦਾ।

"ਚਲ, ਕਢ ਲੈ, ਫੇਰ, ਤੇ ਰਬ ਤੇਰਾ ਭਲਾ ਕਰੇ," ਉਹਨੇ ਆਖਿਆ।

ਤੇ ਰੱਜੇ-ਪੁੱਜੇ ਭਰਾ ਨੇ ਛੁਰੀ ਫੜੀ, ਕੰਗਾਲ ਭਰਾ ਦੀ ਦੂਜੀ ਅਖ ਕਢ ਦਿਤੀ ਤੇ ਉਹਦੀ ਬੋਰੀ ਆਟੇ ਨਾਲ ਭਰ ਦਿਤੀ। ਤੇ ਅੰਨ੍ਹੇ ਆਦਮੀ ਨੇ ਬੋਰੀ ਚੁਕ ਲਈ ਤੇ ਘਰ ਨੂੰ ਹੋ ਪਿਆ।

ਉਹ ਠੁੱਡੇ ਖਾਂਦਾ, ਤੇ ਲੱਕੜੀ ਦੀ ਇਕ ਵਾੜ ਤੋਂ ਦੂਜੀ ਵਾੜ ਨੂੰ ਟੋਹਦਾ, ਡਾਢੀ ਮੁਸ਼ਕਲ ਨਾਲ ਟੁਰ ਰਿਹਾ ਸੀ, ਪਰ ਅਖ਼ੀਰ, ਆਟਾ ਲੈ, ਉਹ ਘਰ ਪਹੁੰਚ ਹੀ ਪਿਆ। ਉਹਦੀ ਘਰ ਵਾਲੀ ਨੇ ਉਹਦੇ ਵਲ ਤਕਿਆ ਤੇ ਹੌਲ ਨਾਲ ਉਹਦਾ ਲਹੂ ਜੰਮ ਗਿਆ।

"ਓਏ, ਬਦਨਸੀਬਾ, ਅੱਖਾਂ ਬਿਨਾਂ ਕਿਵੇਂ ਰਹੇਂਗਾ!" ਉਹ ਕੁਰਲਾਈ। "ਖਬਰੇ ਸਾਨੂੰ ਆਟਾ ਕਿਸੇ ਹੋਰ ਥਾਉਂ ਮਿਲ ਜਾਂਦਾ, ਤੇ ਹੁਣ ..."

ਤੇ ਉਹ ਵਿਚਾਰੀ ਰੋਣ ਲਗ ਪਈ ਤੇ ਉਹਦੇ ਤੋਂ ਕੁਝ ਹੋਰ ਨਾ ਆਖਿਆ ਗਿਆ।

ਅੰਨ੍ਹੇ ਆਦਮੀ ਨੇ ਕਿਹਾ:

"ਭਲੀਏ ਲੋਕੇ, ਰੋ ਨਾ! ਦੁਨੀਆਂ 'ਚ ਇਕੋ ਅੰਨ੍ਹਾ ਮੈਂ ਈ ਨਹੀਂ। ਮੇਰੇ ਵਰਗੇ ਹੋਰ ਕਿੰਨੇ ਈ ਨੇ, ਤੇ ਅੱਖਾਂ ਤੋਂ ਬਿਨਾਂ ਝਟ ਲੰਘਾ ਈ ਰਹੇ ਨੇ।"

ਪਰ ਟੋਪਾ ਆਟੇ ਦਾ ਬਾਲਾਂ ਵਾਲੇ ਟੱਬਰ ਲਈ ਕੀ ਹੁੰਦਾ ਏ, ਤੇ ਛੇਤੀ ਹੀ ਉਹਦੀ ਅਖ਼ੀਰੀ ਚੂੰਡੀ ਵੀ ਮੁਕ ਗਈ।

"ਭਲੀਏ ਲੋਕੇ, ਹੁਣ ਫੇਰ ਮੈਂ ਆਪਣੇ ਭਰਾ ਨੂੰ ਖੇਚਲ ਦੇਣ ਨਹੀਂ ਚਲਿਆ," ਅੰਨ੍ਹੇ ਆਦਮੀ ਨੇ ਕਿਹਾ। "ਮੈਨੂੰ ਪਿੰਡ ਤੋਂ ਪਾਰ ਸੰਘਣੇ ਸਫ਼ੈਦੇ ਕੋਲ ਲੈ ਜਾ ਤੇ ਦਿਨ ਭਰ ਲਈ ਮੈਨੂੰ ਓਥੇ ਛਡ ਦੇ, ਤੇ ਸ਼ਾਮੀਂ ਤੂੰ ਆ ਜਾਈਂ ਤੇ ਮੈਨੂੰ ਘਰ ਲੈ ਜਾਈਂ। ਓਸ ਰਾਹੀਂ ਪੈਦਲ ਤੇ ਘੋੜਿਆਂ 'ਤੇ ਬੜੇ ਲੋਕ ਲੰਘਦੇ ਨੇ; ਕੋਈ ਨਾ ਕੋਈ ਤਾਂ ਟੁਕੜਾ ਰੋਟੀ ਦਾ ਦੇ ਈ ਜਾਏਗਾ।"

ਤੇ ਅੰਨ੍ਹੇ ਨੂੰ ਉਹਦੀ ਘਰ ਵਾਲੀ ਉਥੇ ਲੈ ਗਈ, ਜਿਥੇ ਉਹਨੂੰ ਉਹਨੇ ਕਿਹਾ ਸੀ, ਉਹਨੂੰ ਸਫ਼ੈਦੇ ਹੇਠ ਬਿਠਾ ਦਿਤਾ ਤੇ ਘਰ ਪਰਤ ਆਈ।

ਅੰਨ੍ਹਾ ਓਥੇ ਬੈਠਾ ਰਿਹਾ, ਤੇ ਕਿਸੇ ਉਹਨੂੰ ਰਤਾ-ਮਾਸਾ ਖ਼ੈਰ ਪਾ ਦਿਤੀ, ਪਰ ਛੇਤੀ ਹੀ ਸ਼ਾਮਾਂ ਪੈਣ ਦਾ ਵੇਲਾ ਹੁੰਦਾ ਜਾ ਰਿਹਾ ਸੀ, ਤੇ ਅਜੇ ਉਹਦੀ ਘਰ ਵਾਲੀ ਨਹੀਂ ਸੀ ਆਈ। ਅੰਨ੍ਹਾ ਥਕ ਗਿਆ ਤੇ ਉਹਨੇ ਆਪਣੇ ਆਪ ਘਰ ਜਾਣ ਦਾ ਮਤਾ ਪਕਾਇਆ, ਪਰ ਉਹ ਗ਼ਲਤ ਪਾਸੇ ਮੁੜ ਗਿਆ ਤੇ ਘਰ ਪਹੁੰਚਣ ਦੀ ਥਾਂ ਉਹ ਟੁਰਦਾ ਗਿਆ, ਟੁਰਦਾ ਗਿਆ, ਬਿਨਾਂ ਇਸ ਸਾਰ ਦੇ ਕਿ ਉਹ ਕਿੱਧਰ ਜਾ ਰਿਹਾ ਸੀ। ਚਾਣਚਕ ਹੀ ਉਹਦੇ ਕੰਨੀਂ ਆਪਣੇ ਚੌਹਾਂ ਪਾਸੇ ਦਰਖ਼ਤਾਂ ਦੇ ਸਰਸਰਾਣ ਦੀ ਆਵਾਜ਼ ਪਈ, ਤੇ ਉਹਨੂੰ ਪਤਾ ਲਗ ਗਿਆ ਕਿ ਉਹ ਜੰਗਲ ਵਿਚ ਸੀ ਤੇ ਉਹਨੂੰ ਰਾਤ ਓਥੇ ਹੀ ਗੁਜ਼ਾਰਨੀ ਪੈਣੀ ਸੀ। ਪਰ, ਜੰਗਲੀ ਜਨੌਰਾਂ ਦੇ ਡਰ ਮਾਰੇ ਉਹ ਇਕ ਦਰਖ਼ਤ ਉਤੇ ਚੜ੍ਹ ਗਿਆ, ਤੇ ਇਹ ਕਰਤਬ ਉਹ ਔਖਿਆਈ ਨਾਲ ਹੀ ਕਰ ਹੀ ਸਕਿਆ, ਤੇ ਓਥੇ ਅਹਿਲ ਹੋ ਬਹਿ ਗਿਆ।

ਅੱਧੀ ਰਾਤ ਪੈ ਗਈ, ਤੇ ਚਾਣਚਕ ਹੀ, ਅਸਲੋਂ ਓਸੇ ਹੀ ਥਾਂ, ਅਸਲੋਂ ਓਸੇ ਹੀ ਦਰਖ਼ਤ ਥੱਲੇ, ਪ੍ਰੇਤ ਉਡਦੇ ਆ ਪੁੱਜੇ, ਤੇ ਉਹਨਾਂ ਵਿਚੋਂ ਸਭ ਤੋਂ ਵਡਾ ਉਹਨਾਂ ਤੋਂ ਪੁੱਛਣ ਲਗਾ, ਉਹ ਕੀ-ਕੁਝ ਕਰਦੇ ਰਹੇ ਸਨ।

"ਮੈਂ ਦੋ ਟੋਪੇ ਆਟੇ ਲਈ ਇਕ ਭਰਾ ਤੋਂ ਦੂਜੇ ਭਰਾ ਨੂੰ ਅੰਨ੍ਹਿਆਂ ਕਰਵਾ ਦਿਤੈ," ਇਕ ਨੇ ਆਖਿਆ।

"ਚੰਗਾ ਕਰ ਲਿਆ ਈ, ਪਰ ਏਨਾ ਚੰਗਾ ਨਹੀਂ, ਜਿੰਨਾ ਕੀਤਾ ਜਾ ਸਕਦਾ ਸੀ," ਪ੍ਰੇਤਾਂ ਦੇ ਸਰਦਾਰ ਨੇ ਉਹਨੂੰ ਦਸਿਆ।

"ਕਿਉਂ ਭਲਾ?"

"ਏਸ ਲਈ ਕਿ ਅੰਨ੍ਹੇ ਭਰਾ ਨੂੰ ਅੱਖਾਂ 'ਤੇ ਤਰੇਲ ਈ ਮਲਣੀ ਪਏਗੀ, ਜਿਹੜੀ ਏਸ ਦਰਖ਼ਤ ਥੱਲੇ ਏ, ਤੇ ਉਹ ਫੇਰ ਸੁਜਾਖਾ ਹੋ ਜਾਏਗਾ।"

"ਪਰ ਇਹਦੀ ਕਿਸੇ ਨੂੰ ਖਬਰ-ਸਾਰ ਨਹੀਂ, ਤੇ ਨਾ ਈ ਕਿਸੇ ਸੁਣਿਆ ਹੋਇਐ, ਏਸ ਲਈ ਅੰਨ੍ਹਾ ਤੇ ਉਹ ਰਹੇਗਾ ਈ।"

ਇਕ ਹੋਰ ਵਲ ਮੂੰਹ ਕਰਦਿਆਂ, ਪ੍ਰੇਤਾਂ ਦਾ ਸਰਦਾਰ ਬੋਲਿਆ:

"ਹੁਣ ਤੂੰ ਦਸ, ਕੀ ਕੀਤਾ ਈ।"

"ਮੈਂ ਇਕ ਪਿੰਡ ਦਾ ਸਾਰਾ ਪਾਣੀ ਸੁਕਾ ਦਿਤੈ, ਇਕ ਬੂੰਦ ਨਹੀਂ ਰਹਿਣ ਦਿਤੀ, ਤੇ ਹੁਣ ਉਹਨਾਂ ਨੂੰ ਪਾਣੀ ਚਾਲ੍ਹੀ ਵਰਸਤ* ਦੂਰੋਂ ਲਿਆਣਾ ਪੈਂਦੈ, ਤੇ ਕਿੰਨੇ ਈ ਨੇ, ਜੁ ਰਾਹ 'ਚ ਈ ਡਿਗ ਮਰਦੇ ਨੇ।"

"ਚੰਗਾ ਕਰ ਲਿਆ ਈ, ਪਰ ਏਨਾ ਚੰਗਾ ਨਹੀਂ, ਜਿੰਨਾ ਕੀਤਾ ਜਾ ਸਕਦਾ ਸੀ।"

"ਕਿਉਂ ਭਲਾ?"

"ਜੇ ਪਿੰਡ ਤੋਂ ਸਭ ਤੋਂ ਨੇੜੇ ਵਾਲੇ ਸ਼ਹਿਰ 'ਚ ਪਈ ਵਡੀ ਸਾਰੀ ਚਟਾਨ ਸਰਕਾ ਦਿਤੀ ਜਾਏ, ਤਾਂ ਉਹਦੇ ਥਲਿਉਂ ਏਨਾ ਪਾਣੀ ਵਹਿ ਨਿਕਲੇਗਾ ਕਿ ਹਰ ਕਿਸੇ ਦੀ ਤ੍ਰਿਸ਼ਨਾ ਮਿਟ ਜਾਏਗੀ।"

"ਪਰ ਇਹਦੀ ਕਿਸੇ ਨੂੰ ਖਬਰ-ਸਾਰ ਨਹੀਂ ਤੇ ਨਾ ਈ ਕਿਸੇ ਸੁਣਿਆ ਹੋਇਐ, ਏਸ ਲਈ ਪਾਣੀ ਓਥੇ ਈ ਰਹੇਗਾ, ਜਿਥੇ ਹੈ।"

"ਤੇ ਤੂੰ ਸੁਣਾ, ਕੀ ਕੀਤਾ ਈ?" ਪ੍ਰੇਤਾਂ ਦੇ ਸਰਦਾਰ ਨੇ ਇਕ ਹੋਰ ਤੋਂ ਪੁਛਿਆ।

"ਮੈਂ ਇਕ ਜ਼ਾਰਸ਼ਾਹੀ ਦੇ ਜ਼ਾਰ ਦੀ ਇਕੋ-ਇਕ ਧੀ ਨੂੰ ਅੰਨ੍ਹਿਆਂ ਕਰ ਦਿਤੈ, ਤੇ ਡਾਕਟਰ ਤੇ ਹਕੀਮ ਕੁਝ ਨਹੀਂ ਬਣਾ ਸਕਦੇ।"

"ਚੰਗਾ ਕਰ ਲਿਆ ਈ, ਪਰ ਏਨਾ ਚੰਗਾ ਨਹੀਂ, ਜਿੰਨਾ ਕੀਤੇ ਜਾ ਸਕਦਾ ਸੀ।"

"ਕਿਉਂ ਭਲਾ?"

"ਉਹਦੀਆਂ ਅੱਖਾਂ 'ਤੇ ਸਿਰਫ਼ ਤਰੇਲ ਈ ਮਲਣੀ ਪਏਗੀ, ਜਿਹੜੀ ਏਸ ਦਰਖ਼ਤ ਥੱਲੇ ਏ, ਤੇ ਉਹ ਫੇਰ ਸੁਜਾਖੀ ਹੋ ਜਾਏਗੀ।"

"ਪਰ ਇਹਦੀ ਕਿਸੇ ਨੂੰ ਖਬਰ-ਸਾਰ ਨਹੀਂ ਤੇ ਨਾ ਈ ਕਿਸੇ ਸੁਣਿਆ ਹੋਇਐ, ਏਸ ਲਈ ਅੰਨ੍ਹੀ ਤਾਂ ਉਹ ਰਹੇਗੀ ਈ।"

---

*ਵਰਸਤ — ਪੁਰਾਣਾ ਰੂਸੀ ਮਾਪ; ਅੱਟਾ-ਸੱਟਾ ਇਕ ਕਿਲੋਮੀਟਰ — ਸੰ:

ਤੇ ਅੰਨ੍ਹਾ ਦਰਖ਼ਤ ਉਤੇ ਬੈਠਾ ਰਿਹਾ, ਤੇ ਜੁ ਕੁਝ ਵੀ ਕਿਹਾ ਜਾ ਰਿਹਾ ਸੀ, ਸੁਣਦਾ ਰਿਹਾ, ਤੇ ਜਦੋਂ ਪ੍ਰੇਤ ਉਡ-ਪੁਡ ਗਏ, ਉਹ ਦਰਖ਼ਤ ਤੋਂ ਉਤਰਿਆ, ਉਹਨੇ ਤਰੇਲ ਆਪਣੀਆਂ ਅੱਖਾਂ ਉਤੇ ਮਲੀ ਤੇ ਹੋਇਆ ਕੀ! ਉਹਨੂੰ ਫੇਰ ਦਿੱਸਣ ਲਗ ਪਿਆ।

"ਹੁਣ ਮੈਂ ਜਾਨਾਂ ਤੇ ਦੂਜਿਆਂ ਲੋਕਾਂ ਦੀ ਮਦਦ ਕਰਨਾਂ," ਉਹਨੇ ਦਿਲ ਵਿਚ ਸੋਚਿਆ।

ਤੇ ਛੋਟੀ ਜਿਹੀ ਸ਼ੀਸ਼ੀ ਵਿਚ, ਜਿਹੜੀ ਉਹਦੇ ਕੋਲ ਸੀ, ਥੋੜੀ ਜਿਹੀ ਤਰੇਲ ਭਰ, ਉਹ ਆਪਣੇ ਰਾਹੇ ਪੈ ਗਿਆ।

ਉਹ ਓਸ ਪਿੰਡ ਆਇਆ, ਜਿਥੇ ਪਾਣੀ ਨਹੀਂ ਸੀ ਰਿਹਾ, ਤੇ ਉਹਨੇ ਵੇਖਿਆ, ਇਕ ਬੁਢੜੀ ਵਹਿੰਗੀ ਉਤੇ ਦੋ ਬਾਲਟੀਆਂ ਚੁੱਕੀ ਲਿਜਾ ਰਹੀ ਸੀ।

"ਬੇਬੇ, ਥੋੜਾ ਜਿਹਾ ਪਾਣੀ ਪਿਆ ਦੇ," ਨਿਊਂ ਕੇ ਸਲਾਮ ਕਰਦਿਆਂ, ਉਹਨੇ ਆਖਿਆ।

"ਓਏ, ਪੁਤਰਾ," ਬੁੱਢੀ ਨੇ ਜਵਾਬ ਦਿਤਾ," ਮੈਂ ਇਹ ਪਾਣੀ ਚਾਲ੍ਹੀ ਵਰਸਤ ਦੀ ਵਾਟ ਤੋਂ ਲਿਆਈਂ ਹਾਂ, ਤੇ ਹੁਣ ਤਕ ਅੱਧਾ ਕੁ ਤੇ ਮੈਥੋਂ ਡੁਲ ਈ ਗਿਐ। ਤੇ ਮੇਰਾ ਟੱਬਰ ਵਡਾ ਏ, ਤੇ ਉਹ ਪਾਣੀ ਖੁਣੋਂ ਮਰ ਜਾਣਗੇ!"

"ਜਦੋਂ ਮੈਂ ਡੁਹਾਡੇ ਪਿੰਡ ਪੁਜਿਆ, ਹਰ ਕਿਸੇ ਲਈ ਚੋਖਾ ਪਾਣੀ ਹੋ ਜਾਏਗਾ," ਉਹਨੇ ਬੁੱਢੀ ਨੂੰ ਦਸਿਆ।

ਬੁੱਢੀ ਨੇ ਉਹਨੂੰ ਪਾਣੀ ਪਿਆਇਆ ਤੇ ਚੰਗੀ ਖ਼ਬਰ ਸੁਣ ਉਹਨੂੰ ਇੰਜ ਚਾਅ ਚੜ੍ਹ ਗਿਆ ਕਿ ਉਹ ਪਿੰਡ ਵਲ ਨੂੰ ਹੋ ਭੱਜੀ ਤੇ ਉਹਨੇ ਪਿੰਡ ਵਾਲਿਆਂ ਨੂੰ ਉਹਦੇ ਬਾਰੇ ਦਸਿਆ। ਤੇ ਪਿੰਡ ਵਾਲਿਆਂ ਨੂੰ ਸੁਝ ਨਹੀਂ ਸੀ ਰਿਹਾ ਕਿ ਬੁੱਢੀ ਦੇ ਕਹੇ ਦਾ ਅਤਬਾਰ ਕਰਨ ਜਾਂ ਨਾ ਕਰਨ, ਪਰ ਉਹ ਉਹਨੂੰ ਅਗੋਂ ਲੈਣ ਆਏ, ਤੇ ਉਹਨਾਂ ਸਿਰ ਨਿਵਾ ਉਹਨੂੰ ਬੰਦਗੀ ਕੀਤੀ ਤੇ ਕਿਹਾ:

"ਮਿਹਰਵਾਨ ਪ੍ਰਦੇਸੀਆ, ਸਾਨੂੰ ਜ਼ਾਲਮ ਮੌਤ ਤੋਂ ਬਚਾ, ਜੁ ਸਾਨੂੰ ਉਡੀਕ ਰਹੀ ਏ।"

"ਬਚਾਵਾਂਗਾ ਤੁਹਾਨੂੰ," ਉਹਨੇ ਆਖਿਆ। "ਪਰ ਜੇ ਤੁਸੀਂ ਮੇਰੀ ਮਦਦ ਕਰਨਾ ਚਾਹੁੰਦੇ ਹੋ, ਤਾਂ ਮੈਨੂੰ ਓਸ ਸ਼ਹਿਰ ਲੈ ਜਾਓ, ਜਿਹੜਾ ਤੁਹਾਡੇ ਪਿੰਡੋਂ ਸਭ ਤੋਂ ਨੇੜੇ ਏ।"

ਉਹ ਉਹਨੂੰ ਸ਼ਹਿਰ ਲੈ ਗਏ, ਤੇ ਉਹਨੇ ਇਕ ਪਾਸੇ ਲਭਿਆ ਤੇ ਦੂਜੇ ਪਾਸੇ ਲਭਿਆ, ਤੇ ਅਖ਼ੀਰ ਉਹ ਚਟਾਨ ਢੂੰਡ ਲਈ, ਜਿਹਦੀ ਗਲ ਪ੍ਰੇਤਾਂ ਨੇ ਕੀਤੀ ਸੀ।

ਫੇਰ ਲੋਕ ਸਾਰੇ ਰਲ ਕੇ ਲਗ ਪਏ, ਤੇ ਉਹਨਾਂ ਚਟਾਨ ਚੁਕ ਤੇ ਸਰਕਾ ਲਈ। ਤੇ ਓਸੇ ਹੀ ਪਲ ਉਹਦੇ ਥਲਿਉਂ ਪਾਣੀ ਵਹਿ ਨਿਕਲਿਆ। ਉਹ ਇਕ ਚੋੜੀ ਨਹਿਰ ਬਣ ਨਿਕਲਿਆ ਤੇ ਉਹਨੇ ਸਾਰੇ ਚਸ਼ਮੇ ਭਰ ਦਿਤੇ, ਸਾਰਿਆਂ ਤਲਾਵਾਂ ਤੇ ਦਰਿਆਵਾਂ ਨੂੰ ਨਕੋ-ਨਕ ਭਰ ਦਿਤਾ ਤੇ ਡੂੰਘਿਆਂ ਕਰ ਦਿਤਾ।

ਲੋਕਾਂ ਦੀ ਖੁਸ਼ੀ ਦੀ ਹਦ ਨਾ ਰਹੀ, ਤੇ ਉਹਨਾਂ ਓਸ ਆਦਮੀ ਦਾ ਸ਼ੁਕਰੀਆ ਅਦਾ ਕੀਤਾ ਤੇ ਉਹਨੂੰ ਬਹੁਤ ਸਾਰੇ ਪੈਸੇ ਤੇ ਸੁਗਾਤਾਂ ਨਾਲ ਲਦ ਦਿਤਾ।

ਆਦਮੀ ਘੋੜੇ 'ਤੇ ਚੜ੍ਹ ਬੈਠਾ ਤੇ ਚਲ ਪਿਆ, ਤੇ ਜਿਹੜਾ ਕੋਈ ਵੀ ਉਹਨੂੰ ਮਿਲਦਾ, ਉਹ ਉਹਦੇ ਤੋਂ ਉਸ ਜ਼ਾਰਸ਼ਾਹੀ ਦਾ ਰਾਹ ਪੁਛਦਾ, ਜਿਹਦੀ ਗਲ ਪ੍ਰੇਤਾਂ ਨੇ ਕੀਤੀ ਸੀ।

ਉਹਨੂੰ ਰਾਹ ਵਿਚ ਬਹੁਤਾ ਸਮਾਂ ਲਗਾ, ਜਾਂ ਥੋੜਾ, ਇਹਦੀ ਕਿਸੇ ਨੂੰ ਖ਼ਬਰ ਨਹੀਂ; ਪਰ ਅਖ਼ੀਰ ਉਹ ਜਾ ਪਹੁੰਚਿਆ, ਤੇ ਜ਼ਾਰ ਦੇ ਮਹਿਲ ਦੇ ਬੂਹੇ 'ਤੇ ਜਾ, ਨੌਕਰਾਂ-ਚਾਕਰਾਂ ਨੂੰ ਕਹਿਣ ਲਗਾ:

"ਮੈਂ ਸੁਣਿਐ, ਤੁਹਾਡੇ ਜ਼ਾਰ ਦੀ ਧੀ ਬਹੁਤ ਬੀਮਾਰ ਏ। ਸ਼ਾਇਦ ਮੈਂ ਉਹਨੂੰ ਵਲ ਕਰ ਸਕਾਂ।"

"ਤੂੰ ਕਰ ਸਕੇਂ!" ਉਹਨਾਂ ਕਿਹਾ। "ਉਹਦਾ ਚੰਗੇ ਤੋਂ ਚੰਗੇ ਡਾਕਟਰ ਵੀ ਕੁਝ ਨਹੀਂ ਸੰਵਾਰ ਸਕੇ, ਏਸ ਲਈ ਤੈਨੂੰ ਹਥ-ਪੱਲਾ ਮਾਰਨ ਦੀ ਲੋੜ ਨਹੀਂ।"

"ਫੇਰ ਵੀ, ਚੰਗਾ ਹੋਵੇ, ਜੇ ਤੁਸੀਂ ਮੇਰੇ ਬਾਰੇ ਜ਼ਾਰ ਨੂੰ ਦਸ ਛੱਡੋ।"

ਦਸਣਾ ਉਹ ਨਹੀਂ ਸਨ ਚਾਹੁੰਦੇ, ਪਰ ਉਹ ਏਨਾ ਜ਼ੋਰ ਦਈ ਜਾ ਰਿਹਾ ਸੀ ਕਿ ਅਖ਼ੀਰ ਉਹ ਮੰਨ ਹੀ ਗਏ ਤੇ ਜ਼ਾਰ ਕੋਲ ਪਹੁੰਚੇ ਤੇ ਉਹਨੂੰ ਦਸ ਦਿਤਾ। ਜ਼ਾਰ ਨੇ ਇਕਦਮ ਹੀ ਉਹਨੂੰ ਮਹਿਲੀਂ ਬੁਲਵਾ ਲਿਆ।

"ਤੂੰ ਸਚੀ ਮੁਚੀ ਈ ਮੇਰੀ ਧੀ ਨੂੰ ਵਲ ਕਰ ਸਕਣੈਂ?" ਉਹਨੇ ਪੁਛਿਆ।

"ਕਰ ਸਕਨਾਂ," ਆਦਮੀ ਨੇ ਜਵਾਬ ਦਿਤਾ।

"ਜੇ ਤੂੰ ਉਹਨੂੰ ਵਲ ਕਰ ਦੇਵੇਂ, ਤਾਂ ਜੁ ਮੰਗੇਂ ਸੁ ਪਾਵੇਂ।"

ਉਹ ਆਦਮੀ ਨੂੰ ਓਸ ਕਮਰੇ ਵਿਚ ਲੈ ਗਏ, ਜਿਥੇ ਜ਼ਾਰਜ਼ਾਦੀ ਲੇਟੀ ਹੋਈ ਸੀ, ਤੇ ਉਹਨੇ ਉਹ ਤਰੇਲ ਜਿਹੜੀ ਉਹ ਨਾਲ ਲਿਆਇਆ ਸੀ, ਉਹਦੀਆਂ ਅੱਖਾਂ ਉਤੇ ਮਲੀ, ਤੇ ਹੋਇਆ ਕੀ! ਜ਼ਾਰਜ਼ਾਦੀ ਨੂੰ ਫੇਰ ਦਿੱਸਣ ਲਗ ਪਿਆ।

ਜ਼ਾਰ ਨੂੰ ਏਨੀ ਖੁਸ਼ੀ ਚੜ੍ਹ ਗਈ ਕਿ ਲਫ਼ਜ਼ ਬਿਆਨ ਨਹੀਂ ਕਰ ਸਕਦੇ ਤੇ ਉਹਨੇ ਆਦਮੀ ਨੂੰ ਏਨੀ ਦੌਲਤ ਦਿਤੀ ਕਿ ਉਹਨੂੰ ਗਡਿਆਂ ਦਾ ਇਕ ਪੂਰਾ ਕਾਫ਼ਲਾ ਲਿਜਾ ਸਕਿਆ।

ਏਧਰ, ਉਹਦੀ ਘਰ ਵਾਲੀ ਦੁਖ-ਸੋਗ ਮਨਾ ਰਹੀ ਸੀ, ਉਹਨੂੰ ਖਬਰ ਨਹੀਂ ਸੀ, ਉਹਦਾ ਘਰ ਵਾਲੇ ਕਿਥੇ ਸੀ। ਉਹ ਸੋਚਣ ਹੀ ਲਗ ਪਈ ਸੀ ਕਿ ਉਹ ਮਰ ਗਿਆ ਹੋਵੇਗਾ ਕਿ ਏਧਰ। ਉਹ ਆ ਪੁਜਿਆ ਸੀ, ਬਾਰੀ ਖੜਕਾ ਰਿਹਾ ਸੀ ਤੇ ਆਵਾਜ਼ ਦੇ ਰਿਹਾ ਸੀ:

"ਭਾਗਵਾਣੇ, ਬੂਹਾ ਖੋਲ੍ਹ।"

ਘਰ ਵਾਲੀ ਨੇ ਉਹਦੀ ਆਵਾਜ਼ ਪਛਾਣ ਲਈ ਤੇ ਉਹਦੀ ਖੁਸ਼ੀ ਦੀ ਹਦ ਨਾ ਰਹੀ। ਤੇ ਉਹ ਬਾਹਰ ਨੂੰ ਭੱਜੀ ਤੇ ਉਹਦੇ ਲਈ ਬੂਹਾ ਜਾ ਖੋਲ੍ਹਿਆ, ਤੇ ਉਹਨੂੰ ਝੁੱਗੀ ਵਿਚ ਲਿਆਣ ਲਗੀ, ਕਿਉਂ ਜੁ ਉਹਦਾ ਖ਼ਿਆਲ ਸੀ ਕਿ ਉਹ ਅੰਨ੍ਹਾ ਏ।

"ਬਲੀ ਹੋਈ ਫੱਟੀ ਲਿਆ!" ਉਹਨੇ ਆਵਾਜ਼ ਦਿਤੀ।

ਘਰ ਵਾਲੀ ਨੇ ਫੱਟੀ ਲਿਆਂਦੀ, ਉਹਦੇ ਵਲ ਤਕਿਆ ਤੇ ਹੈਰਾਨੀ ਨਾਲ ਬਾਹਾਂ ਉਲਾਰ ਲਈਆਂ, ਕਿਉਂ ਜੁ ਉਹ ਫੇਰ ਸੁਜਾਖਾ ਹੋਇਆ ਓਥੇ ਖੜਾ ਸੀ!

"ਸ਼ੁਕਰ ਏ ਰਬ ਦਾ!" ਉਹ ਕੂਕੀ। "ਦਸ ਮੈਨੂੰ, ਇਹ ਸਾਰਾ ਕੁਝ ਕਿਵੇਂ ਹੋਇਐ?"

"ਰਤਾ ਠਹਿਰ ਜਾ, ਭਾਗਵਾਣੇ, ਪਹਿਲੋਂ ਅੰਦਰ ਤੇ ਲੈ ਜਾਈਏ, ਜੁ ਕੁਝ ਮੈਂ ਨਾਲ ਲਿਆਂਦੈ।"

ਤੇ ਹੁਣ ਉਹਨਾਂ ਦਾ ਘਰ ਭਰ ਗਿਆ ਸੀ ਤੇ ਉਹ ਸ਼ਾਨ-ਸ਼ੌਕਤ ਨਾਲ ਰਹਿਣ ਲਗ ਪਏ, ਤੇ ਰੱਜੇ-ਪੁੱਜੇ ਭਰਾ ਨੇ ਇਹ ਸਭ ਕੁਝ ਸੁਣਿਆ ਤੇ ਭੱਜਾ-ਭੱਜਾ ਉਹਨਾਂ ਕੋਲ ਆਇਆ।

"ਕਿਉਂ, ਭਰਾਵਾ, ਇਹ ਕਿਵੇਂ ਹੋਇਐ ਕਿ ਤੈਨੂੰ ਦਿੱਸਣ ਵੀ ਲਗ ਪਿਐ ਤੇ ਤੂੰ ਅਮੀਰ ਵੀ ਹੋ ਗਿਐਂ?"

ਤੇ ਦੂਜੇ ਨੇ ਲੁਕਾ ਉੱਕਾ ਨਾ ਰਖਿਆ, ਤੇ ਜੁ ਕੁਝ ਵੀ ਦੱਸਣ ਵਾਲਾ ਸੀ, ਉਹਨੂੰ ਦਸ ਦਿਤਾ।

ਤੇ ਹੁਣ ਰੱਜੇ-ਪੁੱਜੇ ਭਰਾ ਨੂੰ ਹੋਰ ਵੀ ਰੱਜੇ-ਪੁੱਜੇ ਹੋਣ ਦੀ ਲਿਲ ਲਗ ਗਈ ਸੀ, ਇਸ ਲਈ ਜਦੋਂ ਰਾਤ ਪਈ, ਉਹ ਚੋਰੀ-ਚੋਰੀ ਜੰਗਲ ਵਿਚ ਜਾ ਪਹੁੰਚਿਆ, ਅਸਲੋਂ ਓਸੇ ਹੀ ਦਰਖ਼ਤ ਉਤੇ ਚੜ੍ਹ ਬੈਠਾ, ਤੇ ਓਥੇ ਉੱਕਾ ਅਡੋਲ ਹੋ ਬਹਿ ਗਿਆ।

ਚਾਣਚਕ ਹੀ, ਅੱਧੀ ਰਾਤ ਦੇ ਪੈਣ 'ਤੇ, ਪ੍ਰੇਤ ਉਡਦੇ ਆ ਪੁੱਜੇ; ਉਹਨਾਂ ਦਾ ਸਰਦਾਰ ਉਹਨਾਂ ਦੇ ਅਗੇ ਸੀ।


ਪ੍ਰੇਤ ਕਹਿਣ ਲਗੇ:

''ਇਹਦਾ ਕੀ ਮਤਲਬ ਹੋਇਆ! ਕਿਸੇ ਨੂੰ ਖ਼ਬਰ-ਸਾਰ ਨਹੀਂ ਸੀ ਤੇ ਕਿਸੇ ਵੀ ਨਹੀਂ ਸੀ ਸੁਣਿਆ ਹੋਇਆ, ਤੇ ਤਾਂ ਵੀ ਅੰਨ੍ਹਾ ਭਰਾ ਫੇਰ ਸੁਜਾਖਾ ਹੋ ਗਿਐ ਤੇ ਪਾਣੀ ਚਟਾਨ ਹੇਠੋਂ ਕਢ ਦਿਤਾ ਗਿਐ ਤੇ ਜ਼ਾਰਜ਼ਾਦੀ ਵਲ ਕਰ ਲਈ ਗਈ ਏ। ਸ਼ਾਇਦ ਕੋਈ ਚੋਰੀ-ਚੋਰੀ ਸਾਡੀਆਂ ਗੱਲਾਂ ਸੁਣਦੈ? ਚਲੋ ਖਾਂ ਵੇਖੀਏ!''

ਉਹ ਕਾਹਲੀ-ਕਾਹਲੀ ਵੇਖਣ ਲਗੇ, ਦਰਖ਼ਤ ਉਤੇ ਚੜ੍ਹ ਗਏ ਤੇ ਉਹਨਾਂ ਨੂੰ ਕੀ ਦਿਸਿਆ! ਰੱਜਾ-ਪੁੱਜਾ ਭਰਾ ਓਥੇ ਬੈਠਾ ਸੀ... ਤੇ ਉਹਦੇ ਉਤੇ ਉਹ ਝਪਟ ਪਏ ਤੇ ਉਹਦੀ ਉਹਨਾਂ ਬੋਟੀ-ਬੋਟੀ ਕਰ ਦਿਤੀ।

# ਬਘਿਆੜ, ਕੁੱਤਾ ਤੇ ਬਿੱਲਾ

**ਯੂਕਰੇਨੀ ਪਰੀ-ਕਹਾਣੀ**



ਇਕ ਵਾਰੀ ਦੀ ਗਲ ਏ, ਇਕ ਕਿਸਾਨ ਹੁੰਦਾ ਸੀ, ਜਿਨ੍ਹੇ ਇਕ ਕੁੱਤਾ ਰਖਿਆ ਹੋਇਆ ਸੀ। ਜਦੋ ਕੁੱਤਾ ਜਵਾਨ ਹੁੰਦਾ ਸੀ, ਉਹ ਮਾਲਕ ਦੇ ਘਰ ਦੀ ਰਖਵਾਲੀ ਕਰਦਾ ਸੀ, ਪਰ ਜਦੋਂ ਉਹ ਬੁੱਢਾ ਹੋ ਗਿਆ, ਉਹਦੇ ਮਾਲਕ ਨੇ ਉਹਨੂੰ ਹਿਕ ਕਢਿਆ। ਕੁੱਤਾ ਸਤੈਪੀ ਦੀ ਗਿਰਦੌਰੀ ਕਰਨ ਲਗਾ, ਉਹ ਚੂਹੇ ਤੇ ਹੋ ਜਿਹੜਾ ਵੀ ਛੋਟਾ ਮੋਟਾ ਜਾਨਵਰ ਉਹਦੇ ਹਥ ਲਗਦਾ ਫੜਦਾ ਤੇ ਖਾ ਲੈਂਦਾ।

ਇਕ ਰਾਤੀਂ ਕੁੱਤੇ ਨੇ ਵੇਖਿਆ, ਇਕ ਬਘਿਆੜ ਉਹਦੇ ਵਲ ਆ ਰਿਹਾ ਸੀ।

"ਸੁਣਾ, ਮੀਆਂ ਕੁੱਤੇ!"

ਕੁੱਤੇ ਨੇ ਸਨਿਮਰ ਜਵਾਬ ਦਿਤਾ, ਤੇ ਬਘਿਆੜ ਪੁੱਛਣ ਲਗਾ:

"ਕਿੱਧਰ ਜਾ ਰਿਹੈਂ, ਮੀਆਂ ਕੁੱਤੇ?"

"ਜਦੋਂ ਮੈਂ ਜਵਾਨ ਹੁੰਦਾ ਸਾਂ," ਕੁੱਤੇ ਨੇ ਦਸਿਆ, "ਮੈਂ ਆਪਣੇ ਮਾਲਕ ਨੂੰ ਬਹੁਤ ਚੰਗਾ ਲਗਦਾ ਸਾਂ, ਘਰ ਉਹਦੇ ਦੀ ਰਖਵਾਲੀ ਜੁ ਕਰਦਾ ਸਾਂ। ਪਰ ਜਦੋਂ ਮੈਂ ਬੁੱਢਾ ਹੋ ਗਿਆ, ਉਹਨੇ ਮੈਨੂੰ ਹਿਕ ਕਢਿਆ।"

"ਭੁਖ ਲਗੀ ਹੋਈਗੀ ਆ, ਮੀਆਂ ਕੁੱਤੇ," ਬਘਿਆੜ ਨੇ ਕਿਹਾ।

"ਲੱਗੀ ਤਾਂ ਹੋਈ ਏ, ਬੜੀ," ਕੁੱਤੇ ਨੇ ਜਵਾਬ ਦਿਤਾ।

"ਤਾਂ ਫੇਰ ਆ ਮੇਰੇ ਨਾਲ, ਤੇ ਮੈਂ ਤੈਨੂੰ ਖੁਆਨਾਂ।"

ਤੇ ਕੁੱਤਾ ਬਘਿਆੜ ਨਾਲ ਟੁਰ ਪਿਆ। ਰਾਹ ਉਹਨਾਂ ਦਾ ਸਤੈਪੀ ਵਿਚੋਂ ਲੰਘਦਾ ਸੀ ਤੇ ਜਾਂਦਿਆਂ ਜਾਂਦਿਆਂ ਬਘਿਆੜ ਨੂੰ ਚਰਾਂਦ ਵਿਚ ਭੇਡਾਂ ਦਾ ਇਕ ਵਗ ਦਿਸਿਆ ਤੇ ਉਹ ਕੁੱਤੇ ਨੂੰ ਕਹਿ ਲਗਾ:

"ਜਾ ਤੇ ਵੇਖ ਉਹ ਕੌਣ ਨੇ ਓਥੇ, ਚਰਦੇ ਪਏ।"

ਕੁੱਤਾ ਗਿਆ ਤੇ ਉਹਨੇ ਵੇਖਿਆ ਤੇ ਫਟਾਫਟ ਵਾਪਸ ਭਜਦਾ ਆਇਆ।

"ਭੇਡਾਂ ਨੇ," ਉਹਨੇ ਕਿਹਾ।

"ਮਾਰ ਵੱਗੇ ਨੇ! ਜੇ ਅਸੀਂ ਉਹਨਾਂ ਨੂੰ ਖਾਧਾ, ਤਾਂ ਸਾਡੇ ਦੰਦਾਂ 'ਚ ਉਨ ਈ ਉਨ ਹੋ ਜਾਏਗੀ, ਤੇ ਢਿਡ ਸਾਡੇ ਖਾਲੀ ਦੇ ਖਾਲੀ ਰਹਿਣਗੇ। ਚਲ ਅਗੇ ਚਲੀਏ, ਮੀਆਂ ਕੁੱਤੇ!"

ਤੇ ਉਹ ਅਗੇ ਟੁਰ ਪਏ, ਤੇ ਜਾਂਦਿਆਂ ਜਾਂਦਿਆਂ ਬਘਿਆੜ ਨੂੰ ਸਤੈਪੀ ਵਿਚ ਮੱਘਾਂ ਦੀ ਇਕ ਡਾਰ ਦਿੱਸੀ।

"ਜਾ ਤੇ ਵੇਖ ਕੌਣ ਨੇ ਓਥੇ, ਮੂੰਹ ਪਏ ਮਾਰਦੇ," ਉਹਨੇ ਕੁੱਤੇ ਨੂੰ ਆਖਿਆ।

ਕੁੱਤਾ ਗਿਆ, ਉਹਨੇ ਵੇਖਿਆ ਤੇ ਫਟਾਫਟ ਵਾਪਸ ਭਜਦਾ ਆਇਆ।

"ਮੱਘ ਨੇ," ਉਹਨੇ ਆਖਿਆ।

"ਮਾਰ ਵੱਗੇ ਨੇ! ਜੇ ਅਸੀਂ ਉਹਨਾਂ ਨੂੰ ਖਾਧਾ, ਤੇ ਸਾਡੇ ਦੰਦਾਂ 'ਚ ਖੰਬ ਈ ਖੰਬ ਹੋ ਜਾਣਗੇ, ਤੇ ਢਿਡ ਸਾਡੇ ਖਾਲੀ ਦੇ ਖਾਲੀ ਰਹਿਣਗੇ। ਚਲ ਅਗੇ ਚਲੀਏ!"

ਤੇ ਉਹ ਅਗੇ ਟੁਰ ਪਏ, ਤੇ ਟੁਰਦਿਆਂ ਟੁਰਦਿਆਂ ਬਘਿਆੜ ਨੂੰ ਚਰਾਂਦ ਵਿਚ ਇਕ ਘੋੜਾ ਦਿਸਿਆ।

"ਜਾ ਤੇ ਵੇਖ ਉਹ ਕੌਣ ਏ ਓਥੇ, ਖਾਂਦਾ ਪਿਆ," ਉਹਨੇ ਕਿਹਾ।

ਕੁੱਤਾ ਗਿਆ, ਉਹਨੇ ਵੇਖਿਆ ਤੇ ਫਟਾਫਟ ਵਾਪਸ ਭਜਦਾ ਆਇਆ।

"ਘੋੜਾ ਏ," ਉਹਨੇ ਕਿਹਾ।

"ਠੀਕ ਏ, ਸਾਡਾ ਹੋਏਗਾ ਉਹ!" ਬਘਿਆੜ ਨੇ ਆਖਿਆ।

ਤੇ ਉਹ ਘੋੜੇ ਵਲ ਭੱਜੇ, ਤੇ ਬਘਿਆੜ ਨੇ ਜ਼ਮੀਨ ਤੇ ਪੌਂਚਾ ਮਾਰਿਆ ਤੇ ਦੰਦ ਕਰੀਚੇ, ਇਸ ਲਈ ਕਿ ਉਹਨੂੰ ਰੋਹ ਚੜ੍ਹ ਆਏ।

ਉਹਨੇ ਕੁੱਤੇ ਨੂੰ ਕਿਹਾ:

"ਦਸ, ਮੀਆਂ ਕੁੱਤੇ, ਮੇਰੀ ਪੂਛ ਕੰਬ ਰਹੀ ਏ ਕਿ ਨਹੀਂ?"

ਤੇ ਕੁੱਤੇ ਨੇ ਵੇਖਿਆ ਤੇ ਦਸਿਆ ਕਿ ਉਹ ਸਚੀ ਮੁਚੀ ਹੀ ਕੰਬ ਰਹੀ ਸੀ।

"ਤੇ ਹੁਣ ਵੇਖ," ਬਘਿਆੜ ਨੇ ਆਖਿਆ, "ਮੇਰੀਆਂ ਅੱਖਾਂ ਧੁੰਦਲਾ ਗਈਆਂ ਨੇ ਕਿ ਨਹੀਂ?"

"ਸਚੀ ਮੁਚੀ ਈ ਧੁੰਦਲਾ ਗਈਆਂ ਨੇ," ਕੁੱਤੇ ਨੇ ਜਵਾਬ ਦਿਤਾ।

ਫੇਰ ਬਘਿਆੜ ਨੇ ਕੁਦਾੜਾ ਮਾਰਿਆ ਤੇ ਘੋੜੇ ਨੂੰ ਅੱਯਾਲ ਤੋਂ ਫੜ ਲਿਆ, ਉਹਨੂੰ ਭੁੰਜੇ ਪਟਕਾ ਮਾਰਿਆ ਤੇ ਚੀਰ ਕੇ ਰਖ ਦਿਤਾ। ਤੇ ਉਹ ਤੇ ਕੁੱਤਾ ਘੋੜੇ ਦਾ ਮਾਸ ਖਾਣ ਲਗ ਪਏ। ਬਘਿਆੜ ਜਵਾਨ ਸੀ ਤੇ ਉਹਨੇ ਛੇਤੀ ਹੀ ਆਪਣਾ ਢਿਡ ਭਰ ਲਿਆ, ਪਰ ਕੁੱਤਾ ਬੁੱਢਾ ਸੀ ਤੇ ਉਹ ਦੰਦ ਮਾਰਦਾ ਗਿਆ, ਮਾਰਦਾ ਗਿਆ, ਤੇ ਫੇਰ ਵੀ ਉਹਦੇ ਢਿਡ ਵਿਚ ਕੁਝ ਨਾ ਪਿਆ। ਹੋਰ ਕੁੱਤੇ ਭੱਜੇ ਆਏ ਤੇ ਉਹਨਾਂ ਉਹਨੂੰ ਨਠਾ ਦਿਤਾ।

ਕੁੱਤਾ ਫੇਰ ਰਾਹੇ ਪੈ ਗਿਆ, ਤੇ ਉਹਨੇ ਵੇਖਿਆ, ਉਹਦੇ ਵਲ, ਉਹਦੇ ਜਿੱਡਾ ਹੀ ਬੁੱਢਾ, ਇਕ ਬਿੱਲਾ ਆ ਰਿਹਾ ਸੀ, ਉਹ ਚੂਹਿਆਂ ਦੀ ਭਾਲ ਵਿਚ ਸਤੈਪੀ ਦੀ ਗਿਰਦੌਰੀ ਕਰ ਰਿਹਾ ਸੀ।

"ਸੁਣਾ, ਵਾਈ, ਭਰਾ ਬਿੱਲਿਆ!" ਕੁੱਤੇ ਨੇ ਕਿਹਾ। "ਕਿੱਧਰ ਜਾ ਰਿਹੈਂ?"

"ਜਾ ਰਿਹਾਂ, ਜਿਥੇ ਕਿਤੇ ਵੀ ਰਾਹ ਲੈ ਜਾਏ। ਜਦੋਂ ਮੈਂ ਜਵਾਨ ਹੁੰਦਾ ਸਾਂ, ਮੈਂ ਚੂਹੇ ਫੜ ਮਾਲਕ ਦੀ ਸੇਵਾ ਕਰਦਾ ਸਾਂ। ਪਰ ਜਦੋਂ ਮੈਂ ਬੁੱਢਾ ਤੇ ਜਿੱਲਾ ਹੋ ਗਿਆ ਤੇ ਮੇਰੀ ਨਜ਼ਰ ਮਾਂਦੀ ਪੈ ਗਈ, ਮੇਰੇ ਮਾਲਕ ਨੇ ਮੈਨੂੰ ਖੁਆਣਾ-ਪਿਆਣਾ ਬੰਦ ਕਰ ਦਿਤਾ ਤੇ ਘਰੋਂ ਕਢ ਦਿਤਾ। ਤੇ ਹੁਣ ਮੈਂ ਦੁਨੀਆਂ ਦਾ ਗੇੜਾ ਲਾਂਦਾ ਫਿਰਨਾ।"

"ਤਾਂ, ਭਰਾ ਬਿੱਲਿਆ, ਆ ਫੇਰ ਮੇਰੇ ਨਾਲ," ਕੁੱਤੇ ਨੇ ਕਿਹਾ, "ਤੇ ਮੈਂ ਤੈਨੂੰ ਖੁਆਨਾਂ।"

ਤੇ ਫੇਰ ਕੁੱਤਾ ਤੇ ਬਿੱਲਾ ਇਕੱਠੇ ਰਾਹੇ ਪੈ ਗਏ।

ਜਾਂਦਿਆਂ ਜਾਂਦਿਆਂ ਕੁੱਤੇ ਨੂੰ ਚਰਾਂਦ ਵਿਚ ਭੇਡਾਂ ਦਾ ਇਕ ਵਗ ਦਿਸਿਆ ਤੇ ਉਹ ਬਿੱਲੇ ਨੂੰ ਕਹਿਣ ਲਗਾ:

"ਭਰਾ ਬਿੱਲਿਆ, ਜਾ ਤੇ ਵੇਖ ਉਹ ਕੌਣ ਨੇ ਓਥੇ, ਚਰਦੇ ਪਏ।"

ਬਿੱਲਾ ਗਿਆ ਤੇ ਉਹਨੇ ਵੇਖਿਆ ਤੇ ਫਟਾਫਟ ਵਾਪਸ ਭਜਦਾ ਆਇਆ।

"ਭੇਡਾਂ ਨੇ," ਉਹਨੇ ਆਖਿਆ।

"ਮਾਰ ਵੱਗੇ ਨੇ! ਸਾਡੇ ਦੰਦਾਂ 'ਚ ਉਨ ਈ ਉਨ ਹੋ ਜਾਏਗੀ ਤੇ ਢਿਡ ਸਾਡੇ ਖਾਲੀ ਦੇ ਖਾਲੀ ਰਹਿਣਗੇ। ਚਲ ਅਗੇ ਚਲੀਏ!"

ਤੇ ਉਹ ਅਗੇ ਟੁਰ ਪਏ, ਤੇ ਜਾਂਦਿਆਂ ਜਾਂਦਿਆਂ ਕੁੱਤੇ ਨੂੰ ਸਤੈਪੀ ਵਿਚ ਮੱਘਾਂ ਦੀ ਇਕ ਡਾਰ ਦਿੱਸੀ। ਉਹ ਬਿੱਲੇ ਨੂੰ ਕਹਿਣ ਲਗਾ:

"ਭਰਾ ਬਿਲਿਆ! "ਦੌੜ ਤੇ ਵੇਖ ਕੌਣ ਨੇ ਓਥੇ, ਮੂੰਹ ਪਏ ਮਾਰਦੇ।"

ਬਿੱਲਾ ਗਿਆ ਤੇ ਉਹਨੇ ਵੇਖਿਆ ਤੇ ਫਟਾਫਟ ਵਾਪਸ ਭਜਦਾ ਆਇਆ।

"ਮੱਘ ਨੇ," ਉਹਨੇ ਆਖਿਆ।

"ਮਾਰ ਵੱਗੇ ਨੇ! ਸਾਡੇ ਦੰਦਾਂ 'ਚ ਖੰਬ ਈ ਖੰਬ ਜਾਣਗੇ ਤੇ ਢਿਡ ਸਾਡੇ ਖਾਲੀ ਦੇ ਖਾਲੀ ਰਹਿਣਗੇ।"

ਤੇ ਇਸ ਲਈ ਉਹ ਦੋਵੇਂ ਆਪਣੇ ਰਾਹ ਉਤੇ ਅਗੇ ਟੁਰ ਪਏ। ਉਹ ਟੁਰਦੇ ਗਏ, ਟੁਰਦੇ ਗਏ, ਤੇ ਅਖ਼ੀਰ ਕੁੱਤੇ ਨੂੰ ਚਰਾਂਦ ਵਿਚ ਇਕ ਘੋੜਾ ਦਿਸਿਆ।

ਕੁੱਤੇ ਨੇ ਕਿਹਾ:

"ਭਰਾ ਬਿੱਲਿਆ! ਦੌੜ ਤੇ ਵੇਖ ਕੌਣ ਏ ਓਥੇ, ਖਾਂਦਾ ਪਿਆ।"

ਬਿੱਲਾ ਗਿਆ, ਉਹਨੇ ਵੇਖਿਆ ਤੇ ਫਟਾਫਟ ਵਾਪਸ ਭਜਦਾ ਆਇਆ।

"ਘੋੜਾ ਏ," ਉਹਨੇ ਆਖਿਆ।

"ਠੀਕ ਏ," ਕੁੱਤੇ ਨੇ ਕਿਹਾ," ਇਹਨੂੰ ਮਾਰ ਲੈਣੇ ਆਂ ਤੇ ਸਾਡੇ ਕੋਲ ਖਾਣ ਨੂੰ ਚੰਗਾ ਚੋਖਾ ਹੋ ਜਾਏਗਾ।"

ਤੇ ਕੁੱਤਾ ਜ਼ਮੀਨ ਤੇ ਪੌਂਚੇ ਮਾਰਨ ਤੇ ਦੰਦ ਕਰੀਚਣ ਲਗ ਪਿਆ, ਇਸ ਲਈ ਕਿ ਉਹਨੂੰ ਰੋਹ ਚੜ੍ਹ ਆਏ। ਉਹਨੇ ਬਿੱਲੇ ਨੂੰ ਕਿਹਾ:

"ਭਰਾ ਬਿੱਲਿਆ, ਵੇਖੀਂ ਮੇਰੀ ਪੂਛ ਕੰਬ ਰਹੀ ਏ ਕਿ ਨਹੀਂ।"

"ਨਹੀਂ," ਬਿੱਲੇ ਨੇ ਜਵਾਬ ਦਿਤਾ," ਨਹੀਂ ਕੰਬਦੀ ਪਈ।"

ਤਾਂ ਕੁੱਤਾ ਆਪਣੇ ਆਪ ਨੂੰ ਸਚੀ ਮੁਚੀ ਹੀ ਡਾਢਾ ਰੋਹ ਚੜ੍ਹਾਣ ਲਈ ਜ਼ਮੀਨ ਉਤੇ ਫੇਰ ਪੌਂਚੇ ਮਾਰਨ ਲਗ ਪਿਆ।

ਉਹਨੇ ਬਿੱਲੇ ਨੂੰ ਕਿਹਾ:

"ਭਰਾ ਬਿੱਲਿਆ, ਹੁਣ ਕੰਬ ਰਹੀ ਏ ਨਾ ਮੇਰੀ ਪੂਛ? ਕਹਿ ਕੰਬਦੀ ਪਈ ਏ!"

ਬਿੱਲੇ ਨੇ ਵੇਖਿਆ ਤੇ ਆਖਿਆ।

"ਹੱਛਾ, ਆਹਖੋ, ਕੰਬਦੀ ਪਈ ਏ, ਰਤਾ ਮਾਸਾ।"

"ਵੇਖਦਾ ਜਾ, ਹੁਣੇ ਇਸ ਘੋੜੇ ਜਿਹੇ ਦੀ ਮਰੁੰਮਤ ਕਰਨੇ ਹਾਂ।" ਕੁੱਤੇ ਨੇ ਕਿਹਾ।

ਤੇ ਉਹ ਫੇਰ ਜ਼ਮੀਨ ਉਤੇ ਪੌਂਚੇ ਮਾਰਨ ਲਗ ਪਿਆ।

"ਭਰਾ ਬਿੱਲਿਆ, ਵੇਖੀਂ ਮੇਰੀਆਂ ਅੱਖਾਂ ਧੁੰਦਲਾ ਗਈਆਂ ਨੇ ਕਿ ਨਹੀਂ," ਕੁਝ ਚਿਰ ਪਿਛੋਂ ਉਹਨੇ ਕਿਹਾ।

"ਨਾ, ਨਹੀਂ ਧੁੰਦਲਾਈਆਂ," ਬਿੱਲੇ ਨੇ ਜਵਾਬ ਦਿਤਾ।

"ਝੂਠ ਬੋਲ ਰਿਹੈਂ! ਤੈਨੂੰ ਕਹਿਣਾ ਚਾਹੀਦੈ ਕਿ ਧੁੰਦਲਾ ਗਈਆਂ ਨੇ।"

"ਠੀਕ ਏ, ਜੇ ਤੂੰ ਇੰਜ ਕਹਿਣੈਂ ਤਾਂ ਧੁੰਦਲਾ ਗਈਆਂ ਨੇ ਫੇਰ, ਮੇਰਾ ਕੀ ਜਾਂਦੈ," ਬਿੱਲੇ ਨੇ ਆਖਿਆ।

ਫੇਰ ਕੁੱਤੇ ਨੇ ਗੁੱਸਾ ਖਾਧਾ ਤੇ ਘੋੜੇ ਉਤੇ ਟੁਟ ਪਿਆ। ਪਰ ਘੋੜਾ ਦੁਲੱਤੀਆਂ ਮਾਰਨ ਲਗ ਪਿਆ ਤੇ ਕੁੱਤੇ ਨੂੰ ਉਹਨੇ ਇਕ ਸਿਰ ਉਤੇ ਠੋਕੀ! ਤੇ ਕੁੱਤਾ ਜ਼ਮੀਨ ਉਤੇ ਜਾ ਪਿਆ ਤੇ ਉਹਦੇ ਆਨੇ ਨਿਕਲ ਆਏ। ਤੇ ਬਿੱਲਾ ਭੱਜਾ-ਭੱਜਾ ਉਹਦੇ ਕੋਲ ਆਇਆ ਤੇ ਕਹਿਣ ਲਗਾ:

"ਵਾਹ, ਭਰਾ ਕੁਤਿਆ, ਹੁਣ ਅੱਖਾਂ ਸਚੀ ਮੁਚੀ ਈ ਧੁੰਦਲਾ ਗਈਆਂ ਨੀ।"

# ਜਟ ਨੇ ਆਕੜਖਾਨ ਜਾਗੀਰਦਾਰ ਨਾਲ ਰੋਟੀ ਕਿਵੇਂ ਖਾਧੀ

ਯੂਕਰੇਨੀ ਪਰੀ-ਕਹਾਣੀ





ਇਕ ਵਾਰੀ ਦੀ ਗਲ ਏ, ਇਕ ਜਾਗੀਰਦਾਰ ਹੁੰਦਾ ਸੀ, ਜਿਹੜਾ ਰਿਜ਼ਕਵਾਨ ਵੀ ਸੀ ਤੇ ਆਕੜਖਾਨ ਵੀ। ਕੋਈ ਟਾਵਾਂ ਹੀ ਹੁੰਦਾ, ਜਿਹਦੇ ਨਾਲ ਉਹ ਕੋਈ ਸਰੋਕਾਰ ਰਖਦਾ। ਤੇ ਜਿਥੋਂ ਤਕ ਜੱਟਾਂ ਦਾ ਸਵਾਲ ਸੀ, ਉਹਨਾਂ ਨੂੰ ਤਾਂ ਉਹ ਬੰਦਾ ਜ਼ਾਤ ਤਕ ਸਮਝਣ ਤੋਂ ਇਨਕਾਰੀ ਸੀ, ਤੇ ਜੇ ਕੋਈ ਉਹਦੇ ਨੇੜੇ ਆਉਣ ਦੀ ਹਿੰਮਤ ਕਰਦਾ, ਉਹ ਆਪਣੇ ਨੌਕਰਾਂ ਨੂੰ ਹੁਕਮ ਦੇਂਦਾ, ਉਹਨੂੰ ਹਿਕ ਕੱਢਣ।

ਇਕ ਦਿਨ ਜਟ ਜੁੜ ਬੈਠੇ ਤੇ ਜਾਗੀਰਦਾਰ ਦੀਆਂ ਗੱਲਾਂ ਕਰਨ ਲਗ ਪਏ।

"ਅਜ ਮੈਂ ਜਾਗੀਰਦਾਰ ਨੂੰ ਬੜਾ ਨੇੜਿਉਂ ਵੇਖਿਐ, ਮੈਨੂੰ ਪੈਲੀ 'ਚ ਮਿਲ ਪਿਆ ਸੀ," ਇਕ ਆਖਣ ਲਗਾ।

"ਤੇ ਮੈਂ ਕਲ੍ਹ ਵਾੜ ਤੋਂ ਵੇਖਿਆ ਸੀ, ਜਾਗੀਰਦਾਰ ਝਰੋਖੇ 'ਚ ਬੈਠਾ ਕਾਹਵਾ ਪੀ ਰਿਹਾ ਸੀ," ਇਕ ਹੋਰ ਨੇ ਆਖਿਆ।

ਐਨ ਓਸ ਵੇਲੇ, ਕੰਗਾਲਾਂ 'ਚੋਂ ਕੰਗਾਲ, ਇਕ ਹੋਰ ਜਟ, ਆ ਨਿਕਲਿਆ, ਤੇ ਉਹਨਾਂ ਦੀਆਂ ਗੱਲਾਂ ਸੁਣ ਹੱਸਣ ਲਗ ਪਿਆ।

"ਥੂਹ! ਕਿਹੜੀ ਮੱਲ ਮਾਰ ਲਈ ਜੇ," ਉਹਨੇ ਕਿਹਾ। "ਵਾੜ ਤੋਂ ਜਾਗੀਰਦਾਰ ਨੂੰ ਕੋਈ ਵੀ ਵੇਖ ਸਕਦੈ। ਜੇ ਮੈਂ ਚਾਹਵਾਂ, ਤਾਂ ਜਾਗੀਰਦਾਰ ਨਾਲ ਰੋਟੀ ਖਾ ਸਕਨਾਂ।"

"ਕੀ ਕਹਿ ਰਿਹੈਂ! ਰੋਟੀ ਖਾਏਂ ਉਹਦੇ ਨਾਲ, ਨਹੀਂ ਰੀਸਾਂ!" ਪਹਿਲੇ ਦੋਵੇਂ ਜਟ ਹੱਸਣ ਲਗ ਪਏ। "ਵੇਖੀਂ, ਜਦੋਂ ਈ ਉਹਨੇ ਤੈਨੂੰ ਤਕਿਆ, ਉਹਨੇ ਤੈਨੂੰ ਬਾਹਰ ਸੁਟਾ ਦੇਣੈਂ। ਤੈਨੂੰ ਹਵੇਲੀ ਦੇ ਨੇੜੇ ਨਹੀਂ ਲਗਣ ਦੇਣਾ ਉਹਨੇ!"

ਤੇ ਦੋਵੇਂ ਜਟ ਤੀਜੇ ਨੂੰ ਟਿਚਰਾਂ ਕਰਨ ਤੇ ਗਾਲ੍ਹਾਂ ਕੱਢਣ ਲਗ ਪਏ।

"ਝੂਠਾ ਏਂ ਤੇ ਗੱਪੀ ਏਂ ਕਿਸੇ ਥਾਂ ਦਾ!" ਉਹ ਚਿਲਕੇ।

"ਮੈਂ ਨਹੀਂ ਹਾਂ!"

"ਚੰਗਾ, ਜੇ ਤੂੰ ਜਾਗੀਰਦਾਰ ਨਾਲ ਰੋਟੀ ਖਾ ਲਏਂ, ਤਾਂ ਸਾਡੇ ਤਿੰਨ ਬੋਰੀਆਂ ਕਣਕ ਤੇ ਦੋ ਢੱਗੇ ਦੇਣੇ ਬਣੇ, ਪਰ ਜੇ ਤੂੰ ਨਾ ਖਾਧੀ, ਤਾਂ ਜੁ ਤੈਨੂੰ ਕਰਨ ਨੂੰ ਕਹਾਂਗੇ, ਕਰਨਾ ਪਏਗਾ ਈ।"

"ਠੀਕ ਏ," ਜਟ ਨੇ ਜਵਾਬ ਦਿਤਾ।

ਉਹ ਜਾਗੀਰਦਾਰ ਦੇ ਇਹਾਤੇ ਵਿਚ ਆਣ ਵੜਿਆ, ਤੇ ਜਦੋਂ ਉਹ ਜਾਗੀਰਦਾਰ ਦੇ ਨੌਕਰਾਂ ਦੀ ਨਜ਼ਰੀਂ ਪਿਆ, ਉਹ ਛੇਤੀ ਨਾਲ ਹਵੇਲੀਉਂ ਬਾਹਰ ਆ ਗਏ ਤੇ ਉਹਨੂੰ ਬੰਨੇ ਹਿਕਣ ਲਗੇ।

"ਠਹਿਰ ਜਾਓ!" ਜਟ ਨੇ ਆਖਿਆ। "ਮੈਂ ਮਲਕ ਹੁਰਾਂ ਲਈ ਸ਼ੁਭ ਖ਼ਬਰ ਲਿਆਇਆਂ।"

"ਕੀ ਏ ਖ਼ਬਰ?"

"ਉਹ ਮੈਂ ਦੱਸਾਂਗਾ ਤੇ ਸਿਰਫ਼ ਮਲਕ ਹੁਰਾਂ ਨੂੰ ਈ ਦੱਸਾਂਗਾ।"

ਤੇ ਜਾਗੀਰਦਾਰ ਦੇ ਨੌਕਰ ਜਾਗੀਰਦਾਰ ਕੋਲ ਗਏ ਤੇ ਉਹਨਾਂ ਉਹਨੂੰ ਦਸਿਆ, ਜਟ ਨੇ ਕੀ ਆਖਿਆ ਸੀ।

ਜਾਗੀਰਦਾਰ ਨੂੰ ਖੁਤਖੁਤੀ ਲਗ ਗਈ, ਇਸ ਲਈ ਕਿ ਜਟ ਕੁਝ ਮੰਗਣ ਨਹੀਂ ਸੀ ਆਇਆ, ਸਗੋਂ ਖ਼ਬਰ ਦੇਣ ਆਇਆ ਸੀ। ਸ਼ਾਇਦ ਕੋਈ ਇਹੋ ਜਿਹੀ ਚੀਜ਼ ਨਿਕਲ ਆਵੇ, ਜਿਹੜੀ ਫ਼ਾਇਦੇ ਵਾਲੀ ਹੋਵੇ...

"ਜਟ ਨੂੰ ਅੰਦਰ ਲੈ ਆਓ!" ਉਹਨੇ ਨੌਕਰਾਂ ਨੂੰ ਆਖਿਆ।

ਨੌਕਰ ਜਟ ਨੂੰ ਹਵੇਲੀ ਵਿਚ ਲੈ ਆਏ, ਤੇ ਜਾਗੀਰਦਾਰ ਉਹਦੇ ਕੋਲ ਆਇਆ ਤੇ ਪੁਛਣ ਲਗਾ:

"ਕੀ ਖ਼ਬਰ ਲਿਆਇਐ?"

ਜਟ ਨੇ ਨੌਕਰਾਂ ਵਲ ਨਜ਼ਰ ਕੀਤੀ।

"ਮਲਕ ਸਾਹਬ, ਮੈਂ ਤੁਹਾਡੇ ਨਾਲ 'ਕਲਿਆਂ ਗਲ ਕਰਨਾ ਚਾਹੁਨਾਂ'" ਉਹਨੇ ਕਿਹਾ।

ਹੁਣ ਤਕ ਜਾਗੀਰਦਾਰ ਨੂੰ ਡਾਢੀ ਖੁਤਖੁਤੀ ਲਗ ਚੁਕੀ ਸੀ (ਜਟ ਉਹਨੂੰ ਦਸ ਕੀ ਸਕਦਾ ਸੀ?), ਤੇ ਉਹਨੇ ਨੌਕਰਾਂ ਨੂੰ ਚਲੇ ਜਾਣ ਦਾ ਹੁਕਮ ਦਿਤਾ।

ਜਿਵੇਂ ਹੀ ਉਹ ਇਕੱਲੇ ਰਹਿ ਗਏ, ਤਿਵੇਂ ਹੀ ਜਟ ਨੇ ਖੁਸਰ-ਫੁਸਰ ਕਰਦਿਆਂ ਕਿਹਾ:

"ਦਸੋ ਖਾਂ ਭਲਾ, ਮਿਹਰਵਾਨ ਮਲਕ ਸਾਹਬ, ਸੋਨੇ ਦੇ ਘੋੜੇ ਦੇ ਸਿਰ ਜਿੱਡੇ ਵਡੇ ਡਲੇ ਦਾ ਕਿੰਨਾ ਕੁ ਮੁਲ ਹੋਏਗਾ?"

"ਇਹਦਾ ਕਿਉਂ ਪਤਾ ਕਰਨਾ ਚਾਹੁਣੈਂ?" ਜਾਗੀਰਦਾਰ ਨੇ ਪੁਛਿਆ।

"ਹੈ ਕੋਈ ਵਜ੍ਹਾ।"

ਜਾਗੀਰਦਾਰ ਦੀਆ ਅੱਖਾਂ ਵਿਚ ਚਮਕ ਆ ਗਈ ਤੇ ਉਹਦੇ ਹਥ ਕੰਬਣ ਲਗ ਪਏ।

"ਜਟ ਨੇ ਇਹ ਸਵਾਲ ਮੇਰੇ ਤੋਂ ਐਵੇਂ ਈ ਨਹੀਂ ਪੁਛਿਆ," ਉਹ ਦਿਲ ਵਿਚ ਸੋਚਣ ਲਗਾ। "ਜ਼ਰੂਰ ਕੋਈ ਖਜ਼ਾਨਾ ਲਭ ਪਿਆ ਹੋਣਾ ਸੂ।"

ਤੇ ਉਹ ਜਟ ਤੋਂ ਜਵਾਬ ਕਢਾਣ ਦਾ ਜਤਨ ਕਰਨ ਲਗਾ।

"ਦਸ ਖਾਂ, ਭਲਿਆ ਲੋਕਾ, ਇਹਦਾ ਪਤਾ ਕਿਉਂ ਕਰਨਾ ਚਾਹੁਣੈਂ?" ਉਹਨੇ ਫੇਰ ਪੁਛਿਆ।

ਜਟ ਨੇ ਹਉਕਾ ਭਰਦਿਆਂ ਆਖਿਆ·

"ਠੀਕ ਏ, ਜੇ ਮੈਨੂੰ ਨਹੀਂ ਦਸਣਾ ਚਾਹੁੰਦੇ, ਤੇ ਨਾ ਦੱਸੋ। ਤੇ ਹੁਣ ਮੈਂ ਚਲਨਾਂ, ਮੇਰੀ ਰੋਟੀ ਮੈਨੂੰ ਉਡੀਕ ਰਹੀ ਏ।"

ਜਾਗੀਰਦਾਰ ਨੂੰ ਆਪਣੀ ਆਕੜਖਾਨੀ ਭੁਲ ਗਈ। ਲਾਲਚ ਨਾਲ ਉਹਨੂੰ ਜਿਵੇਂ ਕੰਬਣੀ ਛਿੜੀ ਹੋਈ ਸੀ।

"ਜਟ ਨੂੰ ਮੈਂ ਫਸਾ ਲੈਣੈਂ," ਉਹਨੇ ਦਿਲ ਵਿਚ ਸੋਚਿਆ, "ਤੇ ਸੋਨਾ ਲੈ ਲੈਣੈਂ ਇਹਦੇ ਕੋਲੋਂ।" ਤੇ ਉਹ ਜਟ ਨੂੰ ਆਖਣ ਲਗਾ:

"ਗਲ ਸੁਣ, ਭਲਿਆ ਲੋਕਾ, ਘਰ ਜਾਣ ਦੀ ਕਾਹਲ ਕਿਉਂ ਪਈ ਹੋਈ ਆ? ਜੇ ਭੁਖ ਲਗੀ ਹੋਈ ਆ, ਤਾਂ ਰੋਟੀ ਮੇਰੇ ਨਾਲ ਖਾ ਲੈ। ਨੌਕਰੋ-ਚਾਕਰੋ, ਆਓ, ਛੇਤੀ ਕਰੋ ਤੇ ਮੇਜ਼ ਲਾ ਦਿਓ, ਤੇ ਵੋਦਕਾ ਲਿਆਣੀ ਨਾ ਭੁਲਣਾ।"

ਨੌਕਰਾਂ ਨੇ ਇਕਦਮ ਹੀ ਮੇਜ਼ ਲਾ ਦਿਤਾ, ਵੋਦਕਾ ਤੇ ਠੰਡੇ ਪਕਵਾਣ ਪਰੋਸ ਦਿਤੇ, ਤੇ ਜਾਗੀਰਦਾਰ ਜਟ ਨੂੰ ਖੁਸ਼ ਕਰਨ ਲਗਾ, ਉਹਨੂੰ ਕਦੀ ਇਕ ਚੀਜ਼ ਪੇਸ਼ ਕਰਦਾ ਤੇ ਕਦੀ ਦੂਜੀ।

"ਪੀ, ਭਲਿਆ ਲੋਕਾ, ਤੇ ਢਿਡ ਭਰ ਕੇ ਖਾ! ਤਕੱਲਫ਼ ਨਾ ਕਰ!" ਉਹਨੇ ਆਖਿਆ।

ਤੇ ਜਟ ਨੇ ਨਾਂਹ ਨਾ ਕੀਤੀ ਤੇ ਢਿਡ ਭਰ ਕੇ ਖਾਧਾ-ਪੀਤਾ, ਤੇ ਏਧਰ ਜਾਗੀਰਦਾਰ ਉਹਦੀ ਪਲੇਟ ਉਤੇ ਢੇਰ ਲਾਂਦਾ ਤੇ ਉਹਦਾ ਗਲਾਸ ਮੁੜ ਭਰਦਾ ਰਿਹਾ।

ਜਦੋਂ ਜਟ ਨੇ ਏਨਾ ਖਾ-ਪੀ ਲਿਆ, ਜਿਸ ਤੋਂ ਵਧ ਉਹ ਖਾ-ਪੀ ਨਹੀਂ ਸੀ ਸਕਦਾ, ਜਾਗੀਰਦਾਰ ਨੇ ਕਿਹਾ

"ਹੱਛਾ ਤੇ ਹੁਣ ਛੇਤੀ ਨਾਲ ਜਾ ਤੇ ਘੋੜੇ ਦੇ ਸਿਰ ਜਿੱਡਾ ਸੋਨੇ ਵਾਲਾ ਡਲਾ ਲੈ ਆ! ਉਹਦਾ ਕੀ ਬਣਾਣੈਂ, ਇਹਦਾ ਮੈਨੂੰ ਤੇਰੇ ਨਾਲੋਂ ਬਹੁਤਾ ਪਤੈ। ਤੇ ਤੈਨੂੰ ਮੈਂ ਇਕ ਰੂਬਲ ਇਨਾਮ ਦਿਆਂਗਾ।"

"ਨਹੀਂ, ਮਲਕ ਸਾਹਿਬ, ਮੈਂ ਸੋਨਾ ਨਹੀਂ ਲਿਆ ਕੇ ਦੇਣ ਲਗਾ ਜੇ," ਜਟ ਨੇ ਆਖਿਆ।

"ਕਿਉਂ ਨਹੀਂ ਲਿਆ ਕੇ ਦੇਣ ਲਗਾ?"

"ਏਸ ਲਈ ਕਿ ਮੇਰੇ ਕੋਲ ਹੈ ਈ ਨਹੀਂ।"

"ਕਿ ਕਿਹਾ ਈ?! ਤਾਂ ਮੁਲ ਕਿਉਂ ਪੁਛਦਾ ਸੈਂ?"

"ਐਵੇਂ ਪਤਾ ਕਰਨ ਲਈ!"

ਜਾਗੀਰਦਾਰ ਨੂੰ ਤਾਅ ਚੜ੍ਹ ਗਿਆ। ਉਹਦਾ ਮੂੰਹ ਸੂਹਾ ਹੋ ਗਿਆ ਤੇ ਉਹ ਜ਼ਮੀਨ ਉਤੇ ਪੈਰ ਮਾਰਨ ਲਗਾ

"ਨਿਕਲ ਜਾ ਏਥੋਂ, ਬੇਵਾਕੂਫ਼ਾ!" ਉਹ ਕੜਕਿਆ।

ਜਵਾਬ ਵਿਚ ਜਟ ਨੇ ਆਖਿਆ:

"ਬਹੁਤ ਈ ਮਿਹਰਵਾਣ ਮਲਕ ਸਾਹਬ, ਮੈਂ ਏਡਾ ਬੇਵਾਕੂਫ਼ ਨਹੀਂ, ਜਿੱਡਾ ਮੈਨੂੰ ਤੁਸੀਂ ਸਮਝਦੇ ਹੋ! ਤੁਹਾਡੇ ਸਿਰੋਂ ਥੋੜੀ ਜਿਹੀ ਮੌਜ ਲੁਟ ਲਈ ਏ, ਤੇ ਨਾਲ ਈ ਤਿੰਨ ਬੋਰੀਆਂ ਕਣਕ ਤੇ ਗੋਲ ਸਿੰਙਾਂ ਵਾਲੇ ਢਗਿਆਂ ਦੀ ਸ਼ਰਤ ਜਿਤ ਲਈ ਏ। ਇਹ ਕੁਝ ਕਰਨ ਲਈ ਦਮਾਗ਼ ਦੀ ਲੋੜ ਏ!"

ਤੇ ਇਹ ਕਹਿ ਉਹ ਚਲਾ ਗਿਆ।

# ਜਾਦੂ ਦਾ ਚਿੰਤਾਰਾ

**ਬੇਲੋਰੂਸੀ ਪਰੀ – ਕਹਾਣੀ**



ਇਕ ਵਾਰੀ ਦੀ ਗਲ ਏ, ਇਕ ਮੁੰਡਾ ਹੁੰਦਾ ਸੀ; ਉਹ ਅਸਲੋਂ ਬਾਲ ਵਿਰੇਸ ਤੋਂ ਹੀ ਬੰਸੀ ਵਜਾਣ ਲਗ ਪਿਆ। ਢੱਗੇ ਚਾਰਦਿਆਂ ਉਹ ਕੋਈ ਨਾੜ ਤੋੜ ਲੈਂਦਾ, ਉਹਦੀ ਬੰਸੀ ਬਣਾ ਲੈਂਦਾ, ਤੇ ਵਜਾਣ ਲਗ ਪੈਂਦਾ, ਤੇ ਢੱਗੇ ਘਾਹ ਨੂੰ ਮੂੰਹ ਮਾਰਨਾ ਬੰਦ ਕਰ ਦੇਂਦੇ, ਆਪਣੇ ਕੰਨ ਖੜੇ ਕਰ ਲੈਂਦੇ ਤੇ ਸੁਣਨ ਲਗ ਪੈਂਦੇ। ਉਹਨੂੰ ਸੁਣ ਕੇ ਜੰਗਲ ਦੇ ਪੰਛੀ ਚੁਪ ਹੋ ਜਾਂਦੇ, ਤੇ ਦਲਦਲਾਂ ਦੇ ਡੱਡੂ ਤਕ ਵੀ ਟਰ-ਟਰ ਬੰਦ ਕਰ ਦੇਂਦੇ।

ਉਹ ਰਾਤ ਨੂੰ ਘੋੜੇ ਚਰਾਣ ਨਿਕਲ ਜਾਂਦਾ, ਤੇ ਚਰਾਂਦਾਂ ਵਿਚ ਰੌਣਕ ਲਗੀ ਤੇ ਮੌਜ ਮਾਣੀ ਜਾ ਰਹੀ ਹੁੰਦੀ, ਗਭਰੂ ਮੁਟਿਆਰਾਂ ਗੌਂਦੇ ਤੇ ਹਾਸਾ ਮਖ਼ੌਲ ਕਰ ਰਹੇ ਹੁੰਦੇ, ਜਿਵੇਂ ਨੌਜਵਾਨਾਂ ਦਾ ਕਰਨਾ ਬਣਦਾ ਏ। ਰਾਤ ਚੰਗੀ ਸੁਹਣੀ ਤੇ ਨਿੱਘੀ ਹੁੰਦੀ, ਤੇ ਜ਼ਮੀਨ ਤੋਂ ਹੁਆੜ ਉਠ ਰਹੀ ਹੁੰਦੀ।

ਤੇ ਮੁੰਡਾ ਉਠ ਖਲੋਂਦਾ ਤੇ ਆਪਣੀ ਬੰਸੀ ਵਜਾਣ ਲਗ ਪੈਂਦਾ, ਤੇ ਸਭੋ ਗਭਰੂ ਮੁਟਿਆਰਾਂ ਇਕਦਮ ਅਡੋਲ ਹੋ ਜਾਂਦੇ। ਤੇ ਹਰ ਕਿਸੇ ਨੂੰ ਇੰਜ ਲਗਦਾ ਜਿਵੇਂ ਤਰਾਟਾਂ ਪਾ ਰਹੇ ਦਿਲ ਉਤੇ ਕੋਈ ਫਾਹਾ ਰਖ ਦਿਤਾ ਗਿਆ ਹੋਵੇ, ਤੇ ਜਿਵੇਂ ਕੋਈ ਅਣ-ਪਛਾਤੀ ਤਾਕਤ ਉਹਨੂੰ ਉਪਰ ਚਕ ਡੂੰਘੇ ਨੀਲੇ ਅਸਮਾਨ ਵਿਚ ਡਲਕਦੇ ਤਾਰਿਆਂ ਕੋਲ ਪਹੁੰਚਾ ਰਹੀ ਹੋਵੇ।

ਰਾਤ ਦੇ ਵਾਗੀ ਅਹਿਲ ਹੋ ਬੈਠ ਜਾਂਦੇ, ਉਹਨਾਂ ਨੂੰ ਆਪਣੇ ਪੀੜ ਕਰ ਰਹੇ, ਥਕੇ ਹੋਏ ਅੰਗਾਂ ਦਾ ਤੇ ਭੁੱਖੇ ਢਿੱਡਾਂ ਦਾ ਧਿਆਨ ਨਾ ਰਹਿੰਦਾ।

ਉਹ ਓਥੇ ਬੈਠੇ ਰਹਿੰਦੇ ਤੇ ਸੁਣੀ ਜਾਂਦੇ।

ਤੇ ਹਰ ਕੋਈ ਇੰਜ ਮਹਿਸੂਸ ਕਰਦਾ, ਜਿਵੇਂ ਉਹ ਆਪਣੀ ਪੂਰੀ ਜ਼ਿੰਦਗੀ ਓਥੇ ਹੀ ਬੈਠ ਤੇ ਮਨ ਮੋਹ ਲੈਂਦੇ ਨਗ਼ਮੇ ਨੂੰ ਸੁਣ ਲੰਘਾ ਸਕਦਾ ਹੋਵੇ।

ਸੰਗੀਤ ਬੰਦ ਹੋ ਜਾਂਦਾ, ਪਰ ਕਿਸੇ ਨੂੰ ਵੀ ਆਪਣੀ ਥਾਂ ਤੋਂ ਹਿੱਲਣ ਦੀ ਹਿੰਮਤ ਨਾ ਹੁੰਦੀ, ਮਤੇ ਉਹ ਉਸ ਜਾਦੂ-ਭਰੀ ਆਵਾਜ਼ ਨੂੰ ਡਰਾ ਨਾ ਦੇਵੇ, ਜਿਹੜੀ ਝੁੰਡਾਂ ਤੇ ਜੰਗਲਾਂ ਵਿਚੋਂ ਤੇ ਦੂਰ ਅਸਮਾਨ ਵਿਚੋਂ, ਬੁਲਬੁਲ ਵਾਂਗ ਗੌਣ ਦੀ ਵਾਛੜ ਕਰੀ ਜਾਂਦੀ।

ਤਾਂ ਬੰਸੀ ਫੇਰ ਵਜ ਪੈਂਦੀ, ਇਸ ਵਾਰੀ ਕੋਈ ਗ਼ਮ ਵਾਲੀ ਤਰਜ਼ ਹੁੰਦੀ, ਤੇ ਹਰ ਕਿਸੇ ਉਤੇ ਉਦਾਸੀ ਤੇ ਦਿਲਗੀਰੀ ਛਾ ਜਾਂਦੀ ... ਚਿਰਾਕੇ ਰਾਤੀਂ ਮਾਲਕ ਦੀਆਂ ਪੈਲੀਆਂ ਤੋਂ ਮੁੜਦਿਆਂ, ਕਿਸਾਨ ਮਰਦ ਤੀਵੀਆਂ ਅਟਕ ਜਾਂਦੇ ਤੇ ਆਵਾਜ਼ ਦੇ ਕੰਨੀਂ ਪੈਣ ਉਤੇ ਸੁਣਨ ਲਗਦੇ, ਤੇ ਸੁਣ-ਸੁਣ ਉਹ ਕਦੀ ਰਜਦੇ ਨਾ ਲਗਦੇ। ਉਹਨਾਂ ਦੀਆਂ ਅੱਖਾਂ ਸਾਹਮਣੇ ਉਹਨਾਂ ਦੀ ਜ਼ਿੰਦਗੀ ਆ ਖਲੋਂਦੀ, ਉਹਨਾਂ ਦੀ ਗ਼ਰੀਬੀ ਤੇ ਦੁਖ-ਪੀੜ, ਨਿਰਦਈ ਜਾਗੀਰਦਾਰ, ਮੁਨਸਫ਼ ਤੇ ਮੁਹਤਮਮ, ਤੇ ਉਹਨਾਂ ਦੇ ਦਿਲ ਇੰਜ ਭਾਰੇ ਹੋ ਜਾਂਦੇ ਕਿ ਉਹਨਾਂ ਦਾ ਜੀ ਕਰਦਾ, ਉਹ ਆਪਣੀ ਉਦਾਸੀ ਨੂੰ ਉਚੀ-ਉਚੀ ਰੋ ਕੇ ਪ੍ਰਗਟ ਕਰਨ, ਜਿਵੇਂ ਉਹਨਾਂ ਕਿਸੇ ਪਿਆਰੀ ਵਿੱਛੜ ਗਈ ਆਤਮਾ ਲਈ ਕਰਨਾ ਸੀ, ਜਾਂ ਲਾਮਾਂ ਨੂੰ ਭੇਜ ਦਿਤੇ ਗਏ ਪੁੱਤਰ ਲਈ।

ਪਰ ਉਦਾਸੀ ਵਾਲੀ ਤਰਜ਼ ਖੁਸ਼ੀ ਵਾਲੀ ਤਰਜ਼ ਵਿਚ ਬਦਲ ਜਾਂਦੀ, ਤੇ ਸੁਣਨ ਵਾਲੇ ਆਪਣੀਆਂ ਦਾਤਰੀਆਂ, ਖੁਰਪੇ ਤੇ ਤਰਾਂਗਲ ਸੁਟ ਦੇਂਦੇ ਤੇ ਢਾਕੀਂ ਹਥ ਰਖ ਨੱਚਣ ਲਗ ਪੈਂਦੇ।

ਮਰਦ ਤੇ ਤੀਵੀਆਂ, ਘੋੜੇ, ਰੁਖ, ਅਸਮਾਨ ਦੇ ਤਾਰੇ ਤੇ ਬੱਦਲ ਨੱਚਣ ਲਗ ਪੈਂਦੇ — ਸਾਰੀ ਦੁਨੀਆਂ ਨੱਚਣ ਤੇ ਖੁਸ਼ੀ ਮਨਾਣ ਲਗ ਪੈਂਦੀ।

ਬੰਸੀ ਵਾਲੇ ਦੀ ਜਾਦੂ-ਭਰੀ ਸ਼ਕਤੀ ਇੰਜ ਓੜਕਾਂ ਦੀ ਸੀ ਕਿ ਉਹ ਦਿਲ ਦਾ, ਜੁ ਵੀ ਚਾਹੇ, ਹਾਲ ਕਰ ਸਕਦਾ ਸੀ।

ਬੰਸੀ ਵਾਲਾ ਜਦੋਂ ਵਡਾ ਹੋ ਗਿਆ, ਉਹਨੇ ਇਕ ਚਿੰਤਾਰਾ ਬਣਾ ਲਿਆ ਤੇ ਉਹਨੂੰ ਲੈ ਦੇਸ ਵਿਚ ਘੁੰਮਣ ਲਗਾ। ਉਹ ਜਿਥੇ ਕਿਤੇ ਵੀ ਜਾਂਦਾ, ਆਪਣਾ ਚਿੰਤਾਰਾ ਵਜਾਂਦਾ; ਤੇ ਉਹਨੂੰ ਇੰਜ ਖੁਆਇਆ-ਪਿਆਇਆ ਜਾਂਦਾ, ਉਹਦੇ ਨਾਲ ਇੰਜ ਪੇਸ਼ ਆਇਆ ਜਾਂਦਾ, ਜਿਵੇਂ ਉਹ ਕੋਈ ਚਿਰ-ਉਡੀਕਿਆ ਪ੍ਰਾਹੁਣਾ ਹੋਵੇ ਤੇ ਜਦੋਂ ਉਹ ਆਪਣੇ ਰਾਹੇ ਪੈਂਦਾ, ਚੰਗੀਆਂ-ਚੰਗੀਆਂ ਚੀਜ਼ਾਂ ਨਾਲ ਉਹਨੂੰ ਲਦ ਦਿਤਾ ਜਾਂਦਾ।

ਕਿੰਨੇ ਹੀ ਲੰਮੇ ਦਿਨ ਚਿੰਤਾਰੇ ਵਾਲਾ ਦੇਸ ਵਿਚ ਘੁੰਮਦਾ ਰਿਹਾ, ਚੰਗੇ ਲੋਕਾਂ ਲਈ ਉਹ ਖੁਸ਼ੀ ਦਾ ਸੁਨੇਹਾ ਸੀ, ਤੇ ਜ਼ਾਲਮ ਜਾਗੀਰਦਾਰਾਂ ਲਈ ਵਖ਼ਤਾਂ ਦਾ। ਮਾਲਕਾਂ ਦੀਆਂ ਅੱਖਾਂ ਵਿਚ ਤਾਂ ਉਹ ਕੰਡਾ ਬਣ ਕੇ ਚੁਭਦਾ ਸੀ, ਇਸ ਲਈ ਕਿ ਜਿਥੇ ਕਿਤੇ ਵੀ ਉਹ ਆ ਨਿਕਲਦਾ, ਗੁਲਾਮ ਆਪਣੇ ਮਾਲਕਾਂ ਦੀ ਆਗਿਆ ਪਾਲਣ ਤੋਂ ਇਨਕਾਰ ਕਰ ਦੇਂਦੇ। ਤੇ ਉਹ ਉਹਨਾਂ ਦਾ ਰਾਹ ਇੰਜ ਰੋਕ ਲੈਂਦਾ, ਜਿਵੇਂ ਹੱਡੀ ਸੰਘ ਨੂੰ।

ਤੇ ਮਾਲਕਾਂ ਨੇ ਉਹਨੂੰ ਖ਼ਤਮ ਕਰਨ ਦੀ ਧਾਰ ਲਈ। ਉਹਨਾਂ ਇਕ ਤੇ ਫੇਰ ਇਕ ਹੋਰ ਬੰਦਾ ਚਿੰਤਾਰੇ ਵਾਲੇ ਨੂੰ ਡੋਬਣ ਜਾਂ ਮਾਰਨ ਲਈ ਘਲਣਾ ਚਾਹਿਆ। ਪਰ ਜਾਣ ਨੂੰ ਕੋਈ ਵੀ ਤਿਆਰ ਨਹੀਂ ਸੀ, ਇਸ ਲਈ ਕਿ ਲੋਕ ਚਿੰਤਾਰੇ ਵਾਲੇ ਨੂੰ ਪਿਆਰਦੇ ਸਨ, ਤੇ ਮੁਹਤਮਮ ਉਹਨੂੰ ਜਾਦੂਗਰ ਸਮਝਦੇ ਸਨ ਤੇ ਡਰਦੇ ਸਨ।

ਤਾਂ ਫੇਰ ਮਾਲਕਾਂ ਨੇ ਪਾਤਾਲ ਤੋਂ ਦੈਂਤ ਬੁਲਵਾਏ ਤੇ ਰਲ ਕੇ ਉਹ ਉਹਦੇ ਖਿਲਾਫ਼ ਸਾਜ਼ਸ਼ ਘੜਨ ਲਗੇ। ਇਸ ਲਈ ਕਿ ਕਿਸੇ ਤੋਂ ਵੀ ਗੁੱਝਾ ਨਹੀਂ, ਮਾਲਕ ਤੇ ਦੈਂਤ ਇਕੋ ਹੀ ਮਿੱਟੀ ਦੇ ਬਣੇ ਹੋਏ ਸਨ।

ਇਕ ਦਿਨ ਜਦੋਂ ਚਿੰਤਾਰੇ ਵਾਲਾ ਜੰਗਲ ਵਿਚੋਂ ਲੰਘ ਰਿਹਾ ਸੀ, ਦੈਂਤਾਂ ਨੇ ਬਾਰਾਂ ਭੁੱਖੇ ਬਘਿਆੜ ਉਹਦੇ ਵਲ ਘਲ ਦਿਤੇ। ਬਘਿਆੜ ਚਿੰਤਾਰੇ ਵਾਲੇ ਦੇ ਰਾਹ ਵਿਚ ਖੜੇ ਸਨ, ਦੰਦ ਕਰੀਚ ਰਹੇ ਸਨ ਤੇ ਉਹਨਾਂ ਦੀਆਂ ਅੱਖਾਂ ਅੰਗਿਆਰਾਂ ਵਾਂਗ ਦੱਗ ਰਹੀਆਂ ਸਨ। ਤੇ ਚਿੰਤਾਰੇ ਵਾਲੇ ਦੇ ਹਥ, ਬਿਨਾਂ ਉਸ ਝੋਲੇ ਤੋਂ ਜਿਸ ਵਿਚ ਉਹਦਾ ਚਿੰਤਾਰਾ ਸੀ, ਕੋਈ ਹਥਿਆਰ ਨਹੀਂ ਸੀ।

"ਆਖ਼ਰੀ ਵੇਲਾ ਆ ਗਿਐ ਮੇਰਾ," ਉਹਨੇ ਸੋਚਿਆ।

ਤਾਂ ਉਹਨੇ ਝੋਲੇ ਵਿਚੋਂ ਚਿੰਤਾਰਾ ਕਢਿਆ। ਉਹ ਮਰਨ ਤੋਂ ਪਹਿਲਾਂ ਇਕ ਵਾਰੀ ਫੇਰ ਸੰਗੀਤ ਰਚਣਾ ਚਾਹੁੰਦਾ ਸੀ। ਉਹਨੇ ਇਕ ਦਰਖ਼ਤ ਨਾਲ ਢਾਸਨਾ ਲਾ ਲਈ ਤੇ ਤਾਰਾਂ ਉਤੇ ਗਜ਼ ਫੇਰਿਆ।

ਚਿੰਤਾਰਾ ਇੰਜ ਬੋਲਿਆ, ਜਿਵੇਂ ਕੋਈ ਜਿਊਂਦੀ-ਜਾਗਦੀ ਚੀਜ਼ ਹੋਵੇ, ਤੇ ਜੰਗਲ ਵਿਚ ਸੰਗੀਤ ਦੀਆਂ ਟੁਣਕਾਰਾਂ ਗੂੰਜ ਉਠੀਆਂ। ਇਕਦਮ ਹੀ ਝਾੜੀਆਂ ਤੇ ਜੰਗਲ ਅਹਿੱਲ ਹੋ ਗਏ, ਇਕ ਵੀ ਪੱਤਾ ਨਹੀਂ ਸੀ ਸਰਕ ਰਿਹਾ; ਬਘਿਆੜ ਇੰਜ ਓਥੇ ਦੇ ਓਥੇ ਖੜੇ ਰਹਿ ਗਏ, ਜਿਵੇਂ ਜੰਮ ਗਏ ਹੋਣ, ਉਹਨਾਂ ਦੇ ਜਬਾੜੇ ਖੁਲ੍ਹੇ ਸਨ, ਭੁਖ ਦਾ ਧਿਆਨ ਨਹੀਂ ਸਾਨੋਂ ਰਿਹਾ ਤੇ ਡੁਬ ਕੇ ਸੁਣ ਰਹੇ ਸਨ।

ਤੇ ਜਦੋਂ ਸੰਗੀਤ ਬੰਦ ਹੋਇਆ, ਤੇ ਬਘਿਆੜ, ਮਾਣੋ ਸੁਫ਼ਨੇ ਵਿਚ, ਜੰਗਲ ਦੇ ਅੰਦਰ ਵਲ ਚਲੇ ਗਏ।

ਚਿੰਤਾਰੇ ਵਾਲਾ ਟੁਰਦਾ ਗਿਆ। ਜੰਗਲ ਤੋਂ ਪਾਰ ਸੂਰਜ ਡੁਬ ਰਿਹਾ ਸੀ, ਉਹਦੀਆਂ ਸੁਨਹਿਰੀ ਕਿਰਨਾਂ ਦਰਖ਼ਤਾਂ ਦੀਆਂ ਟੀਸੀਆਂ ਝਿਲਮਿਲਾ ਰਹੀਆਂ ਸਨ। ਇੰਜ ਚੁਪ-ਚਾਂ ਹੋਈ ਪਈ ਸੀ ਕਿ ਕਿਸੇ ਆਵਾਜ਼ ਦਾ ਸਾਹ ਤਕ ਵੀ ਨਹੀਂ ਸੀ ਸੁਣੀ ਰਿਹਾ।

ਚਿੰਤਾਰੇ ਵਾਲਾ ਦਰਿਆ ਦੇ ਕੰਢੇ ਉਤੇ ਬੈਠ ਗਿਆ, ਉਹ ਆਪਣਾ ਚਿੰਤਾਰਾ ਵਜਾਣ ਲਗ ਪਿਆ। ਉਹਨੇ ਏਨਾ ਸੁਹਣਾ ਵਜਾਇਆ ਕਿ ਧਰਤੀ ਤੇ ਅਸਮਾਨ ਨੇ ਕੰਨ ਲਾ ਲਏ। ਉਹ ਉਹਨੂੰ ਸਦਾ ਸੁਣੀ ਜਾਣ ਲਈ ਤਿਆਰ ਲਗਦੇ ਸਨ। ਫੇਰ ਉਹਨੇ ਇਕ ਰੌਣਕੀ ਪੋਲਕਾ ਸ਼ੁਰੂ ਕੀਤਾ ਤੇ ਉਹਦੇ ਆਲੇ-ਦੁਆਲੇ ਦੀ ਹਰ ਚੀਜ਼ ਨੱਚਣ ਲਗ ਪਈ: ਤਾਰੇ ਇੰਜ ਘੁਮਾਟੀਆਂ ਤੇ ਵਲ ਖਾਣ ਲਗ ਪਏ, ਜਿਵੇਂ ਸਿਆਲਾਂ ਵਿਚ ਝੱਖੜ ਦੀ ਬਰਫ਼ ਖਾਂਦੀ ਏ, ਬਦੱਲ ਅਸਮਾਨ ਵਿਚ ਤਾਰੀਆਂ ਲਾਣ ਲਗ ਪਏ, ਤੇ ਮੱਛੀਆਂ ਇੰਜ ਭੁੜਕਣ ਤੇ ਪਾਣੀ ਨਾਲ ਟਪ-ਟਪ ਵੱਜਣ ਲਗੀਆਂ ਕਿ ਦਰਿਆ ਉਬਲਦੇ ਪਾਣੀ ਵਾਂਗ ਖੌਲਣ ਲਗ ਪਿਆ।

ਏਥੋਂ ਤਕ ਕਿ ਪਾਣੀ ਦੇ ਦੇਆਂ ਦਾ ਰਾਜਾ ਵੀ ਆਪਣੇ ਆਪ ਨੂੰ ਨਾ ਰੋਕ ਸਕਿਆ ਤੇ ਉਹ ਵੀ ਨੱਚਣ ਲਗ ਪਿਆ, ਤੇ ਉਹਨੇ ਇੰਜ ਲੁੱਡੀ ਪਾਈ ਕਿ ਦਰਿਆ ਦਾ ਪਾਣੀ ਕੰਢਿਉਂ ਬਾਹਰ ਵਹਿ ਨਿਕਲਿਆ। ਦੈਂਤ ਡਰ ਗਏ ਤੇ ਆਪਣੇ ਛਪੜਾਂ ਵਿਚੋਂ ਭਜ ਨਿਕਲੇ, ਪਰ ਭਾਵੇਂ ਉਹ ਰੋਹ ਨਾਲ ਦੰਦ ਕਰੀਚਦੇ ਰਹੇ, ਉਹ ਚਿੰਤਾਰੇ ਵਾਲੇ ਦਾ ਕੁਝ ਵੀ ਨਹੀਂ ਸਨ ਵਿਗਾੜ ਸਕਦੇ।

ਤੇ ਚਿੰਤਾਰੇ ਵਾਲੇ ਨੇ ਜਦੋਂ ਤਕਿਆ ਕਿ ਪਾਣੀ ਦੇ ਦੇਆਂ ਦਾ ਰਾਜਾ ਲੋਕਾਂ ਦੀਆਂ ਪੈਲੀਆਂ ਤੇ ਬਾਗ਼ਾਂ ਵਿਚ ਹੜ੍ਹ ਲਿਆ ਰਿਹਾ ਸੀ, ਉਹਨੇ ਚਿੰਤਾਰਾ ਵਜਾਣਾ ਬੰਦ ਕਰ ਦਿਤਾ, ਚਿੰਤਾਰੇ ਨੂੰ ਝੋਲੇ ਵਿਚ ਪਾ ਲਿਆ ਤੇ ਆਪਣੇ ਰਾਹੇ ਪੈ ਗਿਆ।

ਉਹ ਟੁਰਦਾ ਗਿਆ, ਟੁਰਦਾ ਗਿਆ, ਤੇ ਚਾਣਚਕ ਹੀ ਦੋ ਜਵਾਨ ਮਲਕ ਭੱਜੇ-ਭੱਜੇ ਉਹਦੇ ਕੋਲ ਆਏ।

"ਅਜ ਰਾਤੀਂ ਸਾਡੇ ਨਾਚ ਏ," ਉਹਨਾਂ ਆਖਿਆ। "ਚਿੰਤਾਰੇ ਵਾਲਿਆ, ਆ, ਸਾਡੇ ਲਈ ਸੰਗੀਤ ਵਜਾ, ਅਸੀਂ ਤੈਨੂੰ ਚੰਗੇ ਪੈਸੇ ਦਿਆਂਗੇ।"

ਚਿੰਤਾਰੇ ਵਾਲੇ ਨੇ ਸੋਚਿਆ, ਉਹ ਕਰੇ ਤਾਂ ਕੀ ਕਰੇ! ਰਾਤ ਹਨੇਰੀ ਸੀ, ਤੇ ਉਹਦੇ ਕੋਲ ਸੌਣ ਨੂੰ ਥਾਂ ਕੋਈ ਨਹੀਂ ਸੀ, ਤੇ ਨਾ ਹੀ ਕੋਲ ਪੈਸੇ ਸਨ।

"ਠੀਕ ਏ," ਉਹਨੇ ਆਖਿਆ, "ਮੈਂ ਤੁਹਾਡੇ ਲਈ ਵਜਾ ਦਿਆਂਗਾਂ ਸੰਗੀਤ।"

ਨੌਜਵਾਨ ਮਲਕ ਚਿੰਤਾਰੇ ਵਾਲੇ ਨੂੰ ਇਕ ਮਹਿਲ ਵਿਚ ਲੈ ਆਏ, ਜਿਥੇ ਏਨੇ ਨੌਜਵਾਨ ਮਲਕ ਤੇ ਮਲਕਾਣੀਆਂ ਸਨ ਕਿ ਗਿਣੀਆਂ ਹੀ ਨਹੀਂ ਸਨ ਜਾ ਸਕਦੀਆਂ।

ਤੇ ਓਥੇ ਮੇਜ਼ ਉਤੇ ਇਕ ਵਡਾ ਸਾਰਾ ਪਿਆਲਾ ਰਖਿਆ ਹੋਇਆ ਸੀ, ਤੇ ਸਾਰੇ ਨੌਜਵਾਨ ਮਲਕ ਤੇ ਮਲਕਾਣੀਆਂ ਵਾਰੋ-ਵਾਰੀ ਉਹਦੇ ਵਲ ਭੱਜੇ ਜਾ ਰਹੇ ਸਨ। ਉਹ ਵਾਰੋ-ਵਾਰੀ ਉਂਗਲ ਪਿਆਲੇ ਵਿਚ ਪਾਂਦੇ ਤੇ ਫੇਰ ਉਹਨੂੰ ਅੱਖਾਂ ਉਤੇ ਫੇਰਦੇ।

ਚਿੰਤਾਰੇ ਵਾਲਾ ਵੀ ਪਿਆਲੇ ਕੋਲ ਗਿਆ, ਉਹਨੇ ਉਂਗਲ ਡੋਬੀ ਤੇ ਆਪਣੀਆਂ ਅੱਖਾਂ ਉਤੇ ਫੇਰੀ। ਜਿਵੇਂ ਹੀ ਉਹਨੇ ਇੰਜ ਕੀਤਾ, ਉਹਨੂੰ ਦਿਸ ਪਿਆ ਕਿ ਓਥੇ ਮਹਿਲ ਕੋਈ ਨਹੀਂ ਸੀ, ਸਗੋਂ ਆਪ ਪਾਤਾਲ ਸੀ, ਤੇ ਮਲਕ-ਮਲਕਾਣੀਆਂ ਕੋਈ ਨਹੀਂ ਸਨ, ਸਗੋਂ ਦੈਂਤ ਤੇ ਦੈਂਤਾਣੀਆਂ ਸਨ।

"ਹੱਛਾ, ਤੇ ਨਾਚ ਏਸ ਕਿਸਮ ਦੈ!" ਚਿੰਤਾਰੇ ਵਾਲੇ ਨੇ ਦਿਲ ਵਿਚ ਸੋਚਿਆ। "ਠਹਿਰ ਜਾਓ, ਸੰਗੀਤ ਵੀ ਮੈਂ ਤੁਹਾਨੂੰ ਚੰਗਾ ਸੁਣਾਨਾਂ।"

ਤਾਂ ਉਹਨੇ ਚਿੰਤਾਰਾ ਸੁਰ ਕੀਤਾ ਤੇ ਉਹਦਾ ਗਜ਼ ਸਾਜ਼ ਦੀਆਂ ਜਿਊਂਦੀਆਂ ਤਾਰਾਂ ਉਤੇ ਫਿਰਿਆ, ਤੇ ਉਹਦੇ ਚੁਗਿਰਦੇ ਦਾ ਸਾਰਾ ਕੁਝ ਢੇਰੀ ਹੋ ਗਿਆ, ਤੇ ਦੈਂਤ ਤੇ ਦੈਂਤਾਣੀਆਂ ਉਡ-ਪੁਡ ਗਏ ਤੇ ਫੇਰ ਕਦੀ ਵੀ ਨਾ ਦਿੱਸੇ।

# ਬਿੱਜੂ ਤੇ ਲੂੰਮੜੀ ਘੁਰਨਿਆਂ ਵਿਚ ਕਿਉਂ ਰਹਿੰਦੇ ਹਨ

ਬੇਲੋਰੂਸੀ ਪਰੀ-ਕਹਾਣੀ



ਕਹਿੰਦੇ ਨੇ, ਬੜਾ ਚਿਰ ਪਹਿਲਾਂ ਪੂਛਲਾਂ ਨਾ ਜੰਗਲੀ ਜਾਨਵਰਾਂ ਦੀਆਂ ਹੁੰਦੀਆਂ ਸਨ ਤੇ ਨਾ ਪਾਲਤੂ ਜਾਨਵਰਾਂ ਦੀਆਂ। ਪੂਛਲ ਸਿਰਫ਼ ਜਾਨਵਰਾਂ ਦੇ ਜ਼ਾਰ ਸ਼ੇਰ, ਕੋਲ ਹੀ ਹੁੰਦੀ ਸੀ।

ਪੂਛਲਾਂ ਤੋਂ ਬਿਨਾਂ ਜਾਨਵਰਾਂ ਦਾ ਮੰਦਾ ਹਾਲ ਸੀ। ਉਹਨਾਂ ਦਾ ਸਿਆਲਾਂ ਵਿਚ ਤਾਂ ਜਿਵੇਂ-ਕਿਵੇਂ ਗੁਜ਼ਾਰਾ ਹੋ ਜਾਂਦਾ ਸੀ, ਪਰ ਜਦੋਂ ਗਰਮੀਆਂ ਆਉਂਦੀਆਂ, ਮੱਖੀਆਂ ਤੇ ਮੱਛਰ ਉਹਨਾਂ ਦੀ ਨਕ ਜਿੰਦ ਕਰ ਦੇਂਦੇ! ਉਹ ਉਹਨਾਂ ਨੂੰ ਉਡਾਂਦੇ ਵੀ ਕਿਸ ਤਰ੍ਹਾਂ? ਕਿੰਨਿਆਂ ਹੀ ਜਾਨਵਰਾਂ ਨੂੰ ਮੱਖਾਂ ਤੇ ਚਿੱਚੜਾਂ ਵਢ-ਵਢ ਮਾਰ ਦਿਤਾ। ਇਕ ਵਾਰੀ ਜੇ ਉਹ ਕਿਸੇ ਉਤੇ ਟੁਟ ਪੈਂਦੇ, ਤਾਂ ਉਹਨਾਂ ਤੋਂ ਬਚਾ ਦਾ ਕੋਈ ਤਰੀਕਾ ਹੀ ਨਾ ਕਹਿੰਦਾ।

ਤੇ ਜਦੋਂ ਜਾਨਵਰਾਂ ਦੇ ਜ਼ਾਰ, ਸ਼ੇਰ, ਨੂੰ ਇਸ ਗਲ ਦਾ ਪਤਾ ਲਗਾ, ਉਹਨੇ ਇਸ ਖਿਆਲ ਨਾਲ ਕਿ ਇਸ ਭੈੜੇ ਹਾਲ ਵਿਚ ਜਾਨਵਰਾਂ ਦੀ ਮਦਦ ਕੀਤੀ ਜਾਵੇ, ਸਭਨਾਂ ਨੂੰ ਹੁਕਮ ਘਲਿਆ ਕਿ ਉਹ ਉਹਦੇ ਅਗੇ ਹਾਜ਼ਰ ਹੋਣ ਤਾਂ ਜੁ ਉਹਨਾਂ ਨੂੰ ਉਹ ਪੂਛਲਾਂ ਦੇ ਸਕੇ।

ਜ਼ਾਰ ਦੇ ਏਲਚੀ ਜਾਨਵਰਾਂ ਨੂੰ ਬੁਲਾਣ ਲਈ ਸਲਤਨਤ ਦੇ ਸਭਨਾਂ ਪਾਸਿਆਂ ਵਲ ਭਜ ਉਠੇ। ਉਹ ਉੱਡੇ ਵਾਂਗ ਹਵਾ, ਫਿਰਨ ਤੁਰਮਚੀਆਂ ਵਜਾ, ਤੇ ਨਾਲੇ ਢੋਲ ਖੜਕਾ, ਤੜਾ-ਤਾ, ਤੜਾ-ਤਾ! ਨਾ ਕੋਈ ਸਕੇ ਸੌ-ਸਵਾ। ਉਹ ਬਘਿਆੜ ਨੂੰ ਮਿਲੇ ਤੇ ਉਹਨੂੰ ਜ਼ਾਰ ਦਾ ਹੁਕਮ ਸੁਣਾਇਆ। ਉਹ ਢੱਗੇ ਤੇ ਬਿੱਜੂ ਨੂੰ ਮਿਲੇ, ਤੇ ਉਹਨਾਂ ਨੂੰ ਵੀ ਦਸਿਆ। ਤੇ ਉਹ ਲੂੰਮੜੀ, ਨਿਉਲੇ, ਸਹੇ, ਬਾਰਾ-ਸਿੰਙੇ, ਜੰਗਲੀ ਸੂਰ ਤੇ ਬਾਕੀ ਦਿਆਂ ਸਾਰਿਆਂ ਕੋਲ ਗਏ। ਇਕ ਉਹਨਾਂ ਨੂੰ ਰਿਛ ਹੀ ਨਾ ਲਭਾ। ਉਹਨੂੰ ਉਹ ਕਿੰਨਾ ਹੀ ਚਿਰ ਢੂੰਡਦੇ ਰਹੇ, ਤੇ ਅਖ਼ੀਰ ਉਹ ਉਹਨਾਂ ਨੂੰ ਆਪਣੇ ਘੁਰਨੇ ਵਿਚ ਘੂਕ ਸੁੱਤਾ ਲੱਭਾ। ਉਹਨੂੰ ਉਹਨਾਂ ਝੂਣ ਕੇ ਜਗਾਇਆ ਤੇ ਦਸਿਆ, ਛੇਤੀ ਕਰੇ ਤੇ ਆਪਣੀ ਪੂਛਲ ਲੈ ਆਵੇ।

ਪਰ ਕਿਸੇ ਰਿਛ ਨੂੰ ਛੇਤੀ ਕਰਦਿਆਂ ਵੀ ਸੁਣਿਆ ਏ!.. ਉਹ ਹੌਲੀ-ਹੌਲੀ ਟਹਿਲਦਾ ਗਿਆ, ਟੁਪ-ਟੁਪ ਕਰਦਾ, ਇਕ-ਇਕ ਪੈਰ ਧਰਦਾ; ਨਜ਼ਰਾਂ ਉਹਦੀਆਂ ਆਪਣੇ ਚੌਹਾਂ ਪਾਸੇ ਘੁੰਮਦੀਆਂ, ਤੇ ਉਹ ਸ਼ਹਿਦ ਦੀ ਹੁਆੜ ਲਈ ਹਵਾ ਨੂੰ ਸੁੰਘਦਾ ਰਿਹਾ। ਚਾਣਚਕ ਹੀ ਉਹਨੇ ਵੇਖਿਆ, ਤੇ ਉਹਨੂੰ ਆਪਣੇ ਐਨ ਸਾਹਮਣੇ, ਇਕ ਰੁਖ ਦੇ ਖੋਖ ਵਿਚ, ਸ਼ਹਿਦ ਦਾ ਇਕ ਖੱਗਾ ਦਿਸਿਆ।

"ਜ਼ਾਰ ਦੇ ਮਹਿਲਾਂ ਦਾ ਰਾਹ ਲੰਮੈਂ," ਰਿਛ ਸੋਚਣ ਲਗਾ। "ਜੇ ਕੁਝ ਖਾ ਲਾਂ, ਤਾਂ ਚੰਗਾ ਏ, ਕੁਝ ਆਧਾਰ ਹੋ ਜਾਏਗਾ।"

ਤੇ ਉਹ ਦਰਖ਼ਤ ਉਤੇ ਚੜ੍ਹ ਗਿਆ ਤੇ ਉਹਨੇ ਵੇਖਿਆ ਕਿ ਖੋਖ ਸ਼ਹਿਦ ਨਾਲ ਨਕੋ-ਨਕ ਭਰਿਆ ਹੋਇਆ ਸੀ! ਖ਼ੁਸ਼ੀ ਦੀ ਚਾਂਗਰ ਮਾਰ ਉਹ ਖੋਖ ਨੂੰ ਖੁਰਚਣ ਲਗ ਪਿਆ, ਉਹਨੇ ਸ਼ਹਿਦ ਸਮੇਟਿਆ ਤੇ ਆਪਣੇ ਆਪ ਨੂੰ ਤੂੜ ਲਿਆ। ਖਾਂਦਿਆਂ-ਖਾਂਦਿਆਂ ਜਦੋਂ ਉਹਨੂੰ ਮਹਿਸੂਸ ਹੋਇਆ, ਉਹਨੇ ਰਜ ਕੇ ਖਾ ਲਿਆ ਸੀ, ਉਹਨੇ ਆਪਣੇ ਵਲ ਨਜ਼ਰ ਮਾਰੀ ਤੇ ਵੇਖਿਆ, ਉਹਦੀ ਜਤ ਸ਼ਹਿਦ ਤੇ ਖੱਗੇ ਦੇ ਭੋਰਿਆਂ ਨਾਲ ਚਿਪਚਿਪੀ ਹੋਈ ਪਈ ਸੀ।

"ਜੁ ਮੇਰੀ ਸ਼ਕਲ-ਸੂਰਤ ਬਣੀ ਹੋਈ ਏ, ਉਹਦੇ ਨਾਲ ਮੈਂ ਜ਼ਾਰ ਦੇ ਸਾਹਮਣੇ ਕਿਵੇਂ ਹੋ ਸਕਨਾਂ?" ਰਿਛ ਨੇ ਆਪਣੇ ਆਪ ਤੋਂ ਪੁਛਿਆ।

ਉਹ ਦਰਿਆ 'ਤੇ ਗਿਆ, ਆਪਣੀ ਜਤ ਧੋਤੀ ਤੇ ਸੁਕਾਣ ਲਈ ਪਹਾੜੀ ਵਲ ਨੂੰ ਹੋ ਕੇ ਲੇਟ ਗਿਆ। ਤੇ ਧੁਪ ਏਡੇ ਨਿਘ ਵਾਲੀ ਸੀ ਕਿ ਇਸ ਤੋਂ ਪਹਿਲਾਂ ਕਿ ਰਿਛ ਨੂੰ ਹੋਸ਼ ਆਉਂਦੀ, ਉਹ ਘੂਕ ਸੁੱਤਾ ਪਿਆ ਸੀ ਤੇ ਹੌਲੀ-ਹੌਲੀ ਘੁਰਾੜੇ ਮਾਰ ਰਿਹਾ ਸੀ।

ਏਨੇ ਨੂੰ ਜਾਨਵਰ ਜ਼ਾਰ ਦੇ ਮਹਿਲੀਂ ਇੱਕਠੇ ਹੋਣ ਲਗ ਪਏ ਸਨ। ਸਭ ਤੋਂ ਪਹਿਲਾਂ ਲੂੰਮੜੀ ਪਹੁੰਚੀ। ਉਹਨੇ ਚੁਗਿਰਦੇ ਵੇਖਿਆ, ਤੇ ਓਥੇ, ਮਹਿਲ ਦੇ ਸਾਹਮਣੇ, ਪੂਛਲਾਂ ਦਾ ਇਕ ਢੇਰ ਲਗਾ ਤਕਿਆ: ਲੰਮੀਆਂ ਪੂਛਲਾਂ ਤੇ ਛੋਟੀਆਂ ਪੂਛਲਾਂ, ਵਾਲਾਂ ਦੇ ਗੁਛਿਆਂ ਵਾਲੀਆਂ ਪੂਛਲਾਂ ਤੇ ਬੇ-ਵਾਲ ਪੂਛਲਾਂ।

ਲੂੰਮੜੀ ਨੇ ਜ਼ਾਰ ਅਗੇ ਸੀਸ ਨਿਵਾਇਆ। "ਸ਼ਾਹਾਂ ਦੇ ਸ਼ਾਹ!" ਉਹ ਆਖਣ ਲਗੀ। "ਤੁਹਾਡੇ ਹੁਕਮ 'ਤੇ ਮੈਂ ਸਭ ਤੋਂ ਪਹਿਲਾਂ ਅਪੜੀ ਆਂ, ਤੇ ਏਸ ਲਈ ਮੈਂ ਬੇਨਤੀ ਕਰਦੀ ਆਂ, ਮੈਨੂੰ ਉਹ ਪੂਛਲ ਚੁਣਨ ਦੀ ਆਗਿਆ ਦਿਓ, ਜਿਹੜੀ ਮੈਨੂੰ ਸਭ ਤੋਂ ਚੰਗੀ ਲਗਦੀ ਹੋਵੇ।"

ਏਧਰ ਜ਼ਾਰ ਨੂੰ, ਬੇ-ਸ਼ਕ ਹੀ, ਇਸ ਗਲ ਦੀ ਉਕਾ ਕੋਈ ਪਰਵਾਹ ਨਹੀਂ ਸੀ, ਕਿ ਲੂੰਮੜੀ ਨੂੰ ਕਿਹੋ ਜਿਹੀ ਪੂਛਲ ਮਿਲਦੀ ਏ ਤੇ ਕਿਹੋ ਜਿਹੀ ਨਹੀਂ ਮਿਲਦੀ।

"ਠੀਕ ਏ," ਉਹਨੇ ਆਖਿਆ, "ਆਪਣੀ ਪਸੰਦ ਦੀ ਪੂਛਲ ਚੁਣ ਲੈ।"

ਤੇ ਖਚਰੀ ਲੂੰਮੜੀ ਨੇ ਪੂਛਲਾਂ ਦੇ ਸਾਰਾ ਢੇਰ ਫੋਲ ਮਾਰਿਆ, ਤੇ ਸਭ ਤੋਂ ਸੁਹਣੀ ਪੂਛਲ ਚੁਣ, ਜਿਹੜੀ ਲੰਮੀ ਵੀ ਸੀ ਤੇ ਜਤ ਵਾਲੀ ਵੀ, ਲੈ ਕੇ ਤਿੱਤਰ ਹੋ ਗਈ, ਇਸ ਤੋਂ ਪਹਿਲਾਂ ਕਿ ਜ਼ਾਰ ਨੂੰ ਆਪਣੀ ਖੁਲ੍ਹਦਿਲੀ ਬਾਰੇ ਕੋਈ ਸ਼ਕ-ਸ਼ੁਬ੍ਹਾ ਹੋ ਸਕਦਾ।

ਲੂੰਮੜੀ ਤੋਂ ਪਿਛੋਂ ਗਾਲੜ੍ਹ ਟਪੋਸੀਆਂ ਮਾਰਦੀ ਆਈ ਤੇ ਉਹਨੇ ਆਪਣੇ ਲਈ ਪੂਛਲ ਚੁਣੀ, ਜਿਹੜੀ ਲੂੰਮੜੀ ਦੀ ਪੂਛਲ ਵਾਂਗ ਹੀ ਸੁਹਣੀ ਸੀ, ਪਰ ਸੀ ਉਸ ਤੋਂ ਛੋਟੀ। ਅਗੋਂ ਆਉਣ ਵਾਲਾ ਨਿਉਲਾ ਸੀ, ਉਹ ਵੀ ਸੁਹਣੀ, ਸੰਘਣੀ ਪੂਛਲ ਲੈ ਭਜ ਨਿਕਲਿਆ।

ਬਾਰਾ-ਸਿੰਙੇ ਨੇ ਜਿਹੜੀ ਪੂਛਲ ਚੁਣੀ, ਉਹ ਸਭ ਤੋਂ ਲੰਮੀ ਸੀ, ਜਿਹਦੇ ਸਿਰੇ 'ਤੇ ਮੱਖਾਂ ਤੇ ਚਿੱਚੜਾਂ

ਨੂੰ ਉਡਾਣ ਲਈ ਸੰਘਣਾ ਬੁਰਸ਼ ਲਗਾ ਹੋਇਆ ਸੀ। ਤੇ ਬਿੱਜੂ ਨੇ ਜਿਹੜੀ ਪੂਛਲ ਉਤੇ ਝਪਟਾ ਮਾਰਿਆ, ਉਹ ਚੌੜੀ ਤੇ ਮੋਟੀ ਸੀ।

ਘੋੜੇ ਨੇ ਜਿਹੜੀ ਪੂਛਲ ਲਈ, ਉਹਦੇ ਉਤੇ ਵਾਲ ਹੀ ਵਾਲ ਸਨ ਤੇ ਹੋਰ ਬਹੁਤਾ ਕੁਝ ਨਹੀਂ ਸੀ। ਉਹਨੇ ਪੂਛਲ ਲਾ ਲਈ, ਆਪਣੇ ਸੱਜੇ ਪਾਸੇ ਫੇਰੀ ਤੇ ਫੇਰ ਆਪਣੇ ਖੱਬੇ ਪਾਸੇ ਫੇਰੀ, ਤੇ ਇਹ ਵੇਖ ਕਿ ਹੁਣ ਉਹ ਮੱਖੀਆਂ ਦਾ ਨਿਸ਼ਾਨਾ ਸੁਖਾਲੇ ਹੀ ਬਣਾ ਸਕਦਾ ਸੀ, ਖੁਸ਼ੀ ਨਾਲ ਹਿਣਹਿਣਾਇਆ।

"ਸਭਨਾਂ ਮੱਖੀਆਂ ਦੀ ਮੌਤ ਆ ਜਾਏਗੀ," ਉਹਨੇ ਆਖਿਆ ਤੇ ਸਿਰਪਟ ਦੌੜਦਾ ਚਰਾਂਦ ਵਲ ਨੂੰ ਹੋ ਪਿਆ।

ਅਖ਼ੀਰ ਵਿਚ ਜੁ ਨਸਦਾ ਪਹੁੰਚਿਆ, ਉਹ ਸਿਹਾ ਸੀ।

"ਕਿਥੇ ਰਿਹੈਂ ਤੂੰ?" ਜ਼ਾਰ ਨੇ ਉਹਦੇ ਤੋਂ ਪੁਛਿਆ। "ਮੇਰੇ ਕੋਲ ਤਾਂ ਹੁਣ ਸਿਰਫ਼ ਇਕ ਨਿੱਕੀ ਜਿਹੀ ਪੂਛਲ ਰਹਿ ਗਈ ਆ।"

"ਸ਼ੁਕਰੀਆ, ਮੇਰੇ ਲਈ ਬੜੀ ਸੁਹਣੀ ਰਹੇਗੀ," ਸਹੇ ਨੇ ਚਾਈਂ-ਚਾਈਂ ਆਖਿਆ। "ਨਿੱਕੀ ਪੂਛਲ ਵੀ ਓਨੀ ਈ ਚੰਗੀ ਏ, ਜਿੰਨੀ ਕੋਈ ਹੋਰ। ਜਦੋਂ ਬਘਿਆੜ ਜਾਂ ਕੁੱਤੇ ਤੋਂ ਭਜ ਰਿਹਾ ਹੋਵਾਂਗਾ, ਅੜੇਗੀ ਨਹੀਂ ਸਗੋਂ!"

ਤੇ ਸਹੇ ਨੇ ਪੂਛਲ ਦਾ ਉਹ ਬੋਬਾ ਉਸ ਥਾਂ ਉਤੇ ਲਾ ਲਿਆ, ਜਿਥੇ ਉਹਨੇ ਲਗਣਾ ਸੀ; ਉਹਨੇ ਇਕ ਟਪੋਸੀ ਮਾਰੀ ਤੇ ਫੇਰ ਇਕ ਹੋਰ ਟਪੋਸੀ ਮਾਰੀ, ਤੇ ਸਚੀ ਮੁਚੀ ਹੀ ਬਹੁਤ ਹੀ ਖੁਸ਼ ਹੋ ਘਰ ਵਲ ਨੂੰ ਭਜ ਗਿਆ।

ਤੇ ਸ਼ੇਰ, ਹੁਣ ਜਦੋਂ ਉਹਨੇ ਸਾਰੀਆਂ ਪੂਛਲਾਂ ਵੰਡ ਲਈਆਂ ਸਨ, ਸੌਂ ਗਿਆ।

ਤੇ ਓਧਰ ਰਿਛ ਦਾ ਕੀ ਹੋਇਆ, ਉਹਨੂੰ ਸਿਰਫ਼ ਸ਼ਾਮ ਵੇਲੇ ਹੀ ਜਾਗ ਆਈ, ਤੇ ਓਦੋਂ ਹੀ ਉਹਨੂੰ ਚੇਤਾ ਆਇਆ ਕਿ ਉਹਨੇ ਪੂਛਲ ਲੈਣ ਲਈ ਛੇਤੀ ਨਾਲ ਜ਼ਾਰ ਦੇ ਮਹਿਲ ਪਹੁੰਚਣਾ ਸੀ। ਉਹਨੇ ਵੇਖਿਆ ਤੇ ਦੂਰ ਜੰਗਲ ਤੋਂ ਪਾਰ ਸੂਰਜ ਅਸਮਾਨ ਤੋਂ ਹੇਠਾਂ ਤਿਲਕਦਾ ਜਾ ਰਿਹਾ ਸੀ। ਇਸ ਲਈ ਉਹ ਪੂਰੇ ਟਿਲ ਨਾਲ ਨੱਠਣ ਲਗਾ। ਉਹ ਏਨਾ ਤੇਜ਼ ਨਠਿਆ ਕਿ ਵਿਚਾਰੇ ਨੂੰ ਛੇਤੀ ਹੀ ਮੁੜ੍ਹਕਾ ਆ ਗਿਆ। ਕਾਹਲੀ-ਕਾਹਲੀ ਉਹ ਜ਼ਾਰ ਦੇ ਮਹਿਲ ਅਪੜਿਆ ਤੇ ਓਥੇ! ਉਹਨੂੰ ਇਕ ਵੀ ਪੂਛਲ ਨਜ਼ਰ ਨਾ ਆਈ: ਨਾ ਓਥੇ ਕੋਈ ਚੀਜ਼ ਸੀ ਤੇ ਨਾ ਓਥੇ ਕੋਈ ਜਾਨਵਰ।

"ਹੁਣ ਕਰਾਂ ਤਾਂ ਕੀ ਕਰਾਂ?" ਰਿੱਛ ਆਪਣੇ ਆਪ ਤੋਂ ਪੁੱਛਣ ਲਗਾ। "ਇਕ ਮੈਨੂੰ ਛਡ ਬਾਕੀ ਹਰ ਕਿਸੇ ਕੋਲ ਪੂਛਲ ਹੋਵੇਗੀ।"

ਤੇ ਰਿੱਛ ਪਰਤ ਆਇਆ ਤੇ ਏਨਾ ਗੁੱਸਾ ਖਾ ਆਪਣੇ ਜੰਗਲ ਵਲ ਚਲ ਪਿਆ, ਜਿੰਨਾ ਉਹ ਖਾ ਸਕਦਾ ਸੀ! ਉਹ ਹੌਲੀ-ਹੌਲੀ ਪੈਰ ਧਰਦਾ ਗਿਆ, ਤੇ ਟੁਰਦਿਆਂ-ਟੁਰਦਿਆਂ ਉਹਨੇ ਕੀ ਵੇਖਿਆ, ਇਕ ਬਿੱਜੂ ਦਰਖ਼ਤ ਦੇ ਠੁੰਡ ਉਤੇ ਬੈਠਾ ਵਲ ਤੇ ਘੁਮਾਟੀਆਂ ਖਾ ਰਿਹਾ ਸੀ ਤੇ ਆਪਣੀ ਸੁਹਣੀ ਪੂਛਲ ਵੇਖ-ਵੇਖ ਖੁਸ਼ ਹੋ ਰਿਹਾ ਸੀ।

"ਗਲ ਸੁਣ, ਬਿੱਜੂਆ," ਰਿਛ ਨੇ ਆਖਿਆ, "ਪੂਛਲ ਕੀ ਕਰਨੀ ਆਂ? ਮੈਨੂੰ ਦੇ ਦੇ!"

"ਤੈਨੂੰ ਵੀ ਅਜੀਬ-ਅਜੀਬ ਖ਼ਿਆਲ ਆਂਦੇ ਨੇ, ਰਿੱਛਾ!" ਹੈਰਾਨ ਰਹਿ ਗਏ ਬਿੱਜੂ ਨੇ ਜਵਾਬ ਦਿਤਾ! "ਭਲਾ, ਏਡੀ ਸੁਹਣੀ ਪੂਛਲ ਕੌਣ ਛੱਡੇਗਾ?"

"ਸੁਣ, ਜੇ ਤੂੰ ਇਹ ਮੈਨੂੰ ਆਪਣੇ ਆਪ ਨਾ ਦਿਤੀ, ਮੈਂ ਤੇਰੇ ਕੋਲੋਂ ਜ਼ਬਰਦਸਤੀ ਖੋਹ ਲਾਂਗਾ!" ਆਪਣਾ ਭਾਰਾ ਪੰਜਾ ਬਿੱਜੂ ਉਤੇ ਰਖਦਿਆਂ, ਰਿਛ ਗੜਕਿਆ।

"ਨਹੀਂ ਮਿਲਣ ਲਗੀ ਤੈਨੂੰ!" ਬਿੱਜੂ ਨੇ ਕੂਕ ਛੱਡੀ, ਤੇ ਜਿੰਨਾ ਵੀ ਜ਼ੋਰ ਅੰਦਰ ਸਾਸੂ, ਸਾਰਾ ਲਾ, ਉਹਨੇ ਆਪਣੇ ਆਪ ਨੂੰ ਰਿੱਛ ਦੇ ਪੰਜੇ ਤੋਂ ਛੁਡਾ ਲਿਆ ਤੇ ਨਠ ਉਠਿਆ।

ਰਿੱਛ ਨੇ ਵੇਖਿਆ, ਤੇ ਤਕਿਆ, ਬਿੱਜੂ ਦੀ ਜਤ ਦੀ ਇਕ ਲੜਫ਼ ਤੇ ਉਹਦੀ ਪੂਛਲ ਦਾ ਅਸਲੋਂ ਸਿਰਾ, ਉਹਦੇ ਪੰਜਿਆਂ ਨਾਲ ਚਮੁਟਿਆ ਹੋਇਆ ਸੀ। ਉਹਨੇ ਜਤ ਦੀ ਲੜਫ਼ ਸੁਟ ਦਿਤੀ, ਤੇ ਪੂਛਲ ਦਾ ਸਿਰਾ ਆਪਣੇ ਨਾਲ ਠੋਕ ਦਰਖ਼ਤ ਦੇ ਖੋਖ ਅੰਦਰਲਾ ਸ਼ਹਿਦ ਮੁਕਾਣ ਲਈ ਟੁਰ ਪਿਆ।

ਤੇ ਏਧਰ ਬਿੱਜੂ ਦੀ ਸੁਣੋ। ਉਹ ਇੰਜ ਤਰਹਿ ਗਿਆ ਸੀ ਕਿ ਉਹਨੂੰ ਸੁਝ ਨਹੀਂ ਸੀ ਰਿਹਾ, ਆਪਣਾ ਕੀ ਬਣਾਏ। ਭਾਵੇਂ ਉਹ ਕਿਤੇ ਵੀ ਲੁਕ ਬਹਿੰਦਾ, ਉਹਨੂੰ ਹਮੇਸ਼ਾ ਹੀ ਇਹ ਲਗਦਾ ਰਹਿੰਦਾ, ਕਿਸੇ ਵੀ ਪਲ ਰਿਛ ਆ ਪੁੱਜੇਗਾ ਤੇ ਉਹਦੀ ਬਾਕੀ ਦੀ ਪੂਛਲ ਲੈ ਜਾਏਗਾ। ਇਸ ਲਈ ਉਹਨੇ ਜ਼ਮੀਨ ਵਿਚ ਇਕ ਲੰਮੀ ਸਾਰੀ ਖੁਡ ਕੱਢੀ, ਤੇ ਉਹਨੂੰ ਆਪਣਾ ਘਰ ਬਣਾ ਲਿਆ। ਉਹਦੀ ਪਿਠ ਦਾ ਜ਼ਖ਼ਮ ਠੀਕ ਹੋ ਗਿਆ ਤੇ ਸਿਰਫ਼ ਇਕ ਲੰਮੀ ਸਾਰੀ ਕਾਲੀ ਧਾਰੀ ਰਹਿ ਗਈ ਜਿਸ ਤੋਂ ਪਤਾ ਲਗਦਾ ਸੀ ਕਿ ਜ਼ਖ਼ਮ ਕਿਥੇ ਲਗਾ ਸੀ। ਤੇ ਉਸ ਤੋਂ ਪਿਛੋਂ ਧਾਰੀ ਉਕਾ ਨਿੰਮ੍ਹੀ ਨਹੀਂ ਪਈ।

ਇਕ ਦਿਨ ਲੂੰਮੜੀ ਓਧਰ ਨਿਕਲ ਆਈ, ਤੇ ਉਹਨੂੰ ਜ਼ਮੀਨ ਵਿਚ ਇਕ ਖੁਡ ਦਿੱਸੀ, ਜਿਸ ਵਿਚੋਂ ਲੰਮੇ-ਲੰਮੇ ਘੁਰਾੜਿਆਂ ਦੀ ਆਵਾਜ਼ ਆ ਰਹੀ ਸੀ, ਇੰਜ ਜਿਵੇਂ ਕਿਸੇ ਨੇ ਬਹੁਤ ਜ਼ਿਆਦਾ ਪੀ ਲਈ ਹੋਵੇ। ਉਹ ਖੁਡ ਵਿਚ ਵੜ ਗਈ, ਤੇ ਓਥੇ ਕੀ ਵੇਖਦੀ ਏ! ਬਿੱਜੂ ਘੂਕ ਸੁੱਤਾ ਪਿਆ ਸੀ।

"ਕਿਉਂ ਗਵਾਂਢੀਆ, ਉਪਰ ਥਾਂ ਨਹੀਉਂ ਲਭਦੀ," ਹੈਰਾਨੀ ਨਾਲ ਲੂੰਮੜੀ ਨੇ ਪੁਛਿਆ, "ਆਪਣੇ ਆਪ ਨੂੰ ਏਥੇ ਜ਼ਮੀਨ ਹੇਠਾਂ ਲੁਕਾਇਆ ਹੋਇਆ ਈ।"

"ਨਹੀਂ ਲੂੰਮੜੀਏ, ਥਾਂ ਨਹੀਂ ਲਭਦੀ," ਬਿੱਜੂ ਨੇ ਹਉਕਾ ਭਰਿਆ। "ਜੇ ਮੈਨੂੰ ਖਾਣ-ਪੀਣ ਨੂੰ ਲੱਭਣ ਦੀ ਮਜਬੂਰੀ ਨਾ ਹੋਵੇ, ਤਾਂ ਮੈਂ ਏਸ ਖੁਡ ਵਿਚੋਂ ਕਦੀ ਨਾ ਨਿਕਲਾਂ, ਰਾਤ ਵੇਲੇ ਵੀ ਨਾ।"

ਤੇ ਬਿੱਜੂ ਨੇ ਲੂੰਮੜੀ ਨੂੰ ਦਸਿਆ, ਕਿਉਂ ਉਹਦੇ ਲਈ ਉਪਰ ਜ਼ਮੀਨ ਉਤੇ ਥਾਂ ਕੋਈ ਨਹੀਂ ਸੀ।


"ਹੂੰ," ਲੂੰਮੜੀ ਨੇ ਦਿਲ ਵਿਚ ਸੋਚਿਆ, "ਜੇ ਰਿੱਛ ਨੇ ਬਿੱਜੂ ਦੀ ਪੂਛਲ ਚੁਰਾਣੀ ਚਾਹੀ ਏ, ਤਾਂ ਮੈਨੂੰ ਆਪਣੀ ਖੁਹਾ ਬਹਿਣ ਦਾ ਖ਼ਤਰਾ ਏ, ਏਸ ਲਈ ਕਿ ਇਹ ਉਹਦੇ ਨਾਲੋਂ ਸੌ ਗੁਣਾਂ ਸੁਹਣੀ ਏ।"

ਤੇ ਉਹ ਕੋਈ ਇਹੋ ਜਿਹੀ ਥਾਂ ਲੱਭਣ ਲਈ ਭੱਜੀ, ਜਿਥੇ ਉਹ ਰਿਛ ਤੋਂ ਲੁਕ ਸਕੇ। ਉਹ ਸਾਰੀ ਰਾਤ ਏਧਰ-ਓਧਰ ਲਭਦੀ ਰਹੀ, ਪਰ ਉਹਨੂੰ ਇਹੋ ਜਿਹੀ ਕੋਈ ਥਾਂ ਨਾ ਲਭ ਸਕੀ। ਅਖ਼ੀਰ ਸਵੇਰ ਵੇਲੇ ਨਾਲ, ਉਹਨੇ ਆਪਣੇ ਲਈ ਬਿੱਜੂ ਵਰਗੀ ਹੀ ਇਕ ਖੁਡ ਪੁੱਟੀ, ਉਹਦੇ ਵਿਚ ਵੜ ਬੈਠੀ, ਉਹਨੇ ਆਪਣੇ ਆਪ ਨੂੰ ਆਪਣੀ ਸੰਘਣੀ ਪੂਛਲ ਨਾਲ ਕਜ ਲਿਆ ਤੇ ਆਰਾਮ ਨਾਲ ਸੌਂ ਗਈ।

ਇਸ ਲਈ ਉਸ ਵੇਲੇ ਤੋਂ ਹੀ ਬਿੱਜੂ ਤੇ ਲੂੰਮੜੀ ਖੁਡ ਵਿਚ ਰਹਿੰਦੇ ਆ ਰਹੇ ਹਨ, ਤੇ ਰਿੱਛ ਕੋਲ ਨਿੱਕੀ ਜਿਹੀ ਬਟਨ ਵਰਗੀ ਪੂਛਲ ਤੋਂ ਸਿਵਾ ਹੋਰ ਕੁਝ ਨਹੀਂ।

# ਵਾਸੀਲ ਨੇ ਅਜਗਰ ਨੂੰ ਕਿਵੇਂ ਹਰਾਇਆ

**ਬੇਲੋਰੂਸੀ ਪਰੀ – ਕਹਾਣੀ**



ਇੰਜ ਭਾਵੇਂ ਹੋਇਆ ਸੀ ਜਾਂ ਨਹੀਂ, ਇਹ ਭਾਵੇਂ ਝੂਠ ਏ ਜਾਂ ਸਚ, ਫੇਰ ਵੀ ਸੁਣੀਏ, ਕਹਾਣੀ ਕੀ ਸੁਣਾਂਦੀ ਏ।

ਤੇ ਇਹ ਜੇ ਕਹਾਣੀ।

ਇਕ ਵਾਰੀ ਇਕ ਦੇਸ ਵਿਚ ਇਕ ਬਹੁਤ ਹੀ ਡਰਾਉਣਾ ਤੇ ਭਿਆਨਕ ਅਜਗਰ ਆ ਨਾਜ਼ਲ ਹੋਇਆ। ਉਹਨੇ ਇਕ ਜੰਗਲ ਦੇ ਅਧ-ਵਿਚਕਾਰ ਪਹਾੜ ਦੇ ਇਕ ਪਾਸੇ ਨਾਲ ਆਪਣੇ ਲਈ ਇਕ ਡੂੰਘਾ ਸਾਰਾ ਟੋਇਆ ਪੁਟ ਲਿਆ, ਤੇ ਆਰਾਮ ਕਰਨ ਲਈ ਪੈ ਗਿਆ।

ਉਹਨੇ ਆਰਾਮ ਚੋਖਾ ਚਿਰ ਕੀਤਾ ਜਾਂ ਨਾ ਕੀਤਾ, ਇਹਦਾ ਹੁਣ ਕਿਸੇ ਨੂੰ ਚੇਤਾ ਨਹੀਂ ਰਿਹਾ, ਪਰ ਜਿਸ ਪਲ ਹੀ ਉਹ ਉਠਿਆ, ਉਹ ਏਡੀ ਉਚੀ ਸਾਰੀ ਚਿਲਕਿਆ ਕਿ ਉਹਦੀ ਆਵਾਜ਼ ਹਰ ਕਿਸੇ ਦੇ ਕੰਨੀਂ ਆ ਪਈ:

"ਆਓ, ਲੋਕੋ, ਘਰਾਂ ਵਾਲਿਉ ਤੇ ਘਰਾਂ ਵਾਲੀਉ, ਬੁਢਿਉ ਤੇ ਜਵਾਨੋ, ਤੁਹਾਨੂੰ ਹਰ ਰੋਜ਼ ਹਰ ਇਕ ਨੂੰ ਮੇਰੇ ਲਈ ਇਕ ਚੜ੍ਹਾਵਾ ਲਿਆਣਾ ਹੋਏਗਾ: ਕੋਈ ਇਕ ਗਾਂ ਲਿਆ ਸਕਦੈ, ਤੇ ਕੋਈ ਦੂਜਾ — ਇਕ ਲੇਲਾ, ਤੇ ਕੋਈ ਤੀਜਾ — ਇਕ ਸੂਰ! ਜਿਹੜਾ ਆਗਿਆ ਪਾਲੇਗਾ, ਉਹ ਜੀਵੇਗਾ। ਜਿਹੜਾ ਨਹੀਂ ਪਾਲੇਗਾ, ਉਹ ਮਰੇਗਾ, ਉਹਨੂੰ ਮੈਂ ਨਿਘਾਰ ਜਾਵਾਂਗਾ!"

ਲੋਕ ਡਰ ਗਏ ਤੇ ਉਹ ਅਜਗਰ ਨੂੰ ਚੜ੍ਹਾਵਾ ਪਹੁੰਚਾਣ ਲਗ ਪਏ, ਜਿਹੜਾ ਉਹਨੇ ਮੰਗਿਆ ਸੀ। ਇੰਜ ਕਿੰਨਾ ਹੀ ਚਿਰ ਹੁੰਦਾ ਰਿਹਾ ਤੇ ਅਖ਼ੀਰ ਇਕ ਦਿਨ ਆਇਆ, ਜਦੋਂ ਲਿਆਉਣ ਲਈ ਕੁਝ ਬਾਕੀ ਹੀ ਨਾ ਰਿਹਾ, ਇਸ ਲਈ ਕਿ ਹਰ ਕਿਸੇ ਕੋਲ ਅਸਲੋਂ ਉਹੀਉ ਚੀਜ਼ ਹੀ ਰਹਿ ਗਈ ਸੀ, ਜਿਹਦੇ ਬਿਨਾਂ ਡੰਗ ਨਹੀਂ

ਸੀ ਟਪ ਸਕਦਾ। ਪਰ ਅਜਗਰ ਇਸ ਕਿਸਮ ਦਾ ਸੀ ਕਿ ਉਹ ਤੂੜ ਕੇ ਖਾਧੇ ਬਿਨਾਂ ਇਕ ਦਿਨ ਵੀ ਨਹੀਂ ਸੀ ਲੰਘਾ ਸਕਦਾ। ਤਾਂ, ਉਹ ਪਿੰਡੋਂ ਪਿੰਡ ਉੱਡਣ ਲਗਾ, ਲੋਕਾਂ ਨੂੰ ਫੜਨ ਤੇ ਚੁਕ ਆਪਣੇ ਘੁਰਨੇ ਵਿਚ ਲਿਆਉਣ ਲਗਾ।

ਲੋਕ ਗੁਆਚੀਆਂ ਰੂਹਾਂ ਵਾਂਗ ਵੈਣ ਪਾਂਦੇ ਫਿਰਦੇ, ਨਿਰਦਈ ਅਜਗਰ ਤੋਂ ਆਪਣੀ ਖਲਾਸੀ ਕਰਾਣ ਦਾ ਅਜਾਈਂ ਚਾਰਾ ਕਰਦੇ ਫਿਰਦੇ।

ਹੋਇਆ ਇਹ ਕਿ, ਅਸਲੋਂ ਉਹਨੀ ਹੀ ਦਿਨੀਂ ਉਸ ਇਲਾਕੇ ਵਿਚ ਇਕ ਆਦਮੀ ਆ ਨਿਕਲਿਆ, ਜਿਹਦਾ ਨਾਂ ਵਾਸੀਲ ਸੀ, ਤੇ ਉਹਨੇ ਵੇਖਿਆ ਲੋਕ ਹਥ ਮਲਦੇ ਤੇ ਉਚੀ-ਉਚੀ ਕੁਰਲਾਂਦੇ, ਉਦਾਸ ਤੇ ਨਿਮੋਝੂਣੇ ਹੋਏ ਪਏ ਫਿਰਦੇ ਸਨ।

"ਗਲ ਕੀ ਏ ?" ਉਹਨੇ ਪੁਛਿਆ "ਸਾਰੇ ਰੋ ਕਿਉਂ ਰਹੇ ਹੋ ?"

ਲੋਕਾਂ ਨੇ ਉਹਨੂੰ ਆਪਣੀ ਮੁਸੀਬਤ ਦੱਸੀ, ਤੇ ਵਾਸੀਲ ਉਹਨਾਂ ਨੂੰ ਧਰਵਾਸ ਦੇਣ ਲਗਾ।

"ਫ਼ਿਕਰ ਨਾ ਕਰੋ," ਉਹਨੇ ਆਖਿਆ। "ਮੈਂ ਤੁਹਾਨੂੰ ਇਸ ਆਫ਼ਤ ਤੋਂ ਬਚਾਣ ਦਾ ਜਤਨ ਕਰਾਂਗਾ।"

ਤੇ ਇਕ ਭਾਰਾ ਲਠ ਚੁਕ, ਉਹ ਉਸ ਜੰਗਲ ਵਿਚ ਜਾ ਪਹੁੰਚਿਆ, ਜਿਥੇ ਅਜਗਰ ਰਹਿੰਦਾ ਸੀ।

ਅਜਗਰ ਨੇ ਉਹਨੂੰ ਵੇਖਿਆ ਤੇ ਆਪਣੀਆਂ ਵਡੀਆਂ-ਵਡੀਆਂ ਹਰੀਆਂ ਅੱਖਾਂ ਝਮਕਾ, ਪੁੱਛਣ ਲਗਾ:

"ਇਹ ਲਠ ਚੁਕ ਕੇ ਕਿਉਂ ਆਇਐਂ ?"

"ਤੈਨੂੰ ਧੈਂਬੜ ਚਾੜ੍ਹਨ ਲਈ!" ਵਾਸੀਲ ਨੇ ਜਵਾਬ ਦਿਤਾ।

"ਤੋਬਾ, ਬੜਾ ਬਹਾਦਰ ਏਂ ਤੂੰ!" ਅਜਗਰ ਨੇ ਆਖਿਆ। "ਚੰਗਾ ਹੋਵੇ ਜੇ ਅਜੇ ਜਦੋਂ ਤੂੰ ਨਠ ਸਕਣੈਂ, ਨਠ ਜਾਏਂ ਤਾਂ। ਏਸ ਲਈ ਕਿ ਮੈਂ ਇਕੋ ਫੂਕ ਈ ਮਾਰਨੀਂ ਏ, ਤੇ ਤੂੰ ਏਥੋਂ ਇੰਜ ਉਡਣਾ ਏਂ ਕਿ ਦਿਸਣਾ ਈ ਨਹੀਂ, ਪੂਰੇ ਤਿੰਨ ਵਰਸਤ ਦੂਰ ਜਾ ਪਏਂਗਾ!"

ਵਾਸੀਲ ਮੁਸਕਰਾਇਆ।

"ਬੁੱਢੇ ਕਾਂ-ਡਰਾਵਿਆ, ਐਵੇਂ ਫੜਾਂ ਨਾ ਮਾਰ ਪਿਆ," ਉਹਨੇ ਆਖਿਆ। "ਮੈਂ ਤੇਰੇ ਤੋਂ ਵਡੇ ਦੈਂਤ ਵੇਖੇ ਹੋਏ ਨੇ। ਤਕਣੇ ਆਂ, ਕਿਦ੍ਹੀ ਫੂਕ 'ਚ ਬਹੁਤਾ ਜ਼ੋਰ ਏ। ਚਲ ਫੇਰ, ਮਾਰ ਫੂਕ!"

ਤੇ ਅਜਗਰ ਨੇ ਏਡੇ ਜ਼ੋਰ ਨਾਲ ਫੂਕ ਮਾਰੀ ਕਿ ਪੱਤੇ ਦਰਖ਼ਤਾਂ ਤੋਂ ਝੜ ਪਏ, ਤੇ ਵਾਸੀਲ ਗੋਡਿਆਂ ਪਰਨੇ ਜਾ ਪਿਆ।

"ਛਡ, ਇਹ ਵੀ ਕੋਈ ਫੂਕ ਏ!" ਟਪ ਕੇ ਉਠ ਖਲੋਂਦਿਆਂ, ਉਹਨੇ ਕਿਹਾ। "ਇਹਨੂੰ ਵੇਖ ਬਿੱਲੀ ਦਾ ਹਾਸਾ ਨਿਕਲ ਸਕਦਾ ਏ! ਹੁਣ ਮੈਨੂੰ ਮਾਰਨ ਦੇ। ਸਿਰਫ਼ ਗਲ ਇਹ ਏ, ਜੇ ਤੂੰ ਨਹੀਂ ਚਾਹੁੰਦਾ, ਤੇਰੇ ਆਨੇ ਨਿਕਲ ਪੈਣ ਤਾਂ ਉਹਨਾਂ ਉਤੇ ਪੱਟੀ ਬੰਨ੍ਹ ਲੈ।"

ਅਜਗਰ ਨੇ ਅੱਖਾਂ ਉਤੇ ਰੁਮਾਲ ਬੰਨ੍ਹ ਲਿਆ, ਤੇ ਵਾਸੀਲ ਉਹਦੇ ਕੋਲ ਆ ਗਿਆ ਤੇ ਉਹਨੇ ਲਠ ਉਹਦੇ ਸਿਰ ਉਤੇ ਏਡੇ ਜ਼ੋਰ ਨਾਲ ਦੇ ਮਾਰਿਆ ਕਿ ਅਜਗਰ ਦੀਆਂ ਅੱਖਾਂ ਵਿਚੋਂ ਚੰਗਿਆੜੇ ਨਿਕਲ ਆਏ।

"ਕੀ ਇਹਦਾ ਮਤਲਬ ਏ, ਤੂੰ ਮੇਰੇ ਨਾਲੋਂ ਤਕੜਾ ਏਂ ?" ਅਜਗਰ ਨੇ ਪੁਛਿਆ। "ਚਲ ਫੇਰ ਕਰੀਏ ਤੇ ਵੇਖੀਏ ਸਾਡੇ 'ਚੋਂ ਕਿਹੜਾ ਚਟਾਨ ਨੂੰ ਬਹੁਤੀ ਤੇਜ਼ੀ ਨਾਲ ਤੋੜ ਸਕਦੈ।"

ਤੇ ਅਜਗਰ ਨੇ ਇਕ ਪੂਰੇ ਸੌ ਪੂਡ ਵਜ਼ਨ ਵਾਲੀ ਚਟਾਨ ਫੜੀ ਤੇ ਉਹਨੂੰ ਆਪਣੇ ਪੰਜਿਆਂ ਵਿਚ ਏਡੇ ਜ਼ੋਰ ਨਾਲ ਘੁਟ ਚੂਰੋ-ਚੂਰ ਕਰ ਦਿਤਾ ਕਿ ਮਿੱਟੀ ਬੱਦਲ ਬਣ ਕੇ ਉਡ ਪਈ।

"ਬੜੀ ਮਲ ਮਾਰੀ ਆ!" ਵਾਸੀਲ ਹਸਿਆ। "ਗਲ ਤਾਂ ਹੋਏ ਜੇ ਤੂੰ ਉਹਨੂੰ ਏਨਾ ਘੁਟ ਦੇਵੇਂ ਕਿ ਵਿਚੋਂ ਪਾਣੀ ਨਿਕਲ ਆਏ।"

ਅਜਗਰ ਡਰ ਗਿਆ। ਉਹਨੂੰ ਮਹਿਸੂਸ ਹੋਣ ਲਗ ਪਿਆ ਸੀ ਕਿ ਉਹਨਾਂ ਦੋਵਾਂ ਵਿਚੋਂ ਵਾਸੀਲ ਤਕੜਾ ਸੀ, ਤੇ ਵਾਸੀਲ ਦੇ ਲਠ ਵਲ ਵੇਖਦਿਆਂ, ਉਹ ਕਹਿਣ ਲਗਾ:

"ਮੈਥੋਂ ਮੰਗ ਜੁ ਮੰਗਣਾ ਈਂ, ਤੇ ਤੈਨੂੰ ਮਿਲ ਜਾਏਗਾ।"

"ਮੈਨੂੰ ਚਾਹੀਦਾ ਈ ਕੁਝ ਨਹੀਂ," ਵਾਸੀਲ ਨੇ ਜਵਾਬ ਦਿਤਾ। "ਮੇਰੇ ਕੋਲ ਘਰ ਹਰ ਚੀਜ਼ ਚੰਗੀ-ਚੋਖੀ ਏ, ਤੇਰੇ ਨਾਲੋਂ ਬਹੁਤੀ।"

"ਸਚ ਕਹਿ ਰਿਹੈਂ?" ਅਜਗਰ ਨੇ ਬੇਵਿਸ਼ਵਾਸੀ ਨਾਲ ਪੁਛਿਆ।

"ਜੇ ਅਤਬਾਰ ਨਹੀਉਂ ਆਉਂਦਾ, ਤਾਂ ਆ ਤੇ ਅੱਖੀਂ ਵੇਖ ਲੈ!"

ਤੇ ਉਹ ਗੱਡੇ ਵਿਚ ਬੈਠ ਗਏ ਤੇ ਚਲ ਪਏ।

ਪਰ ਏਧਰ ਅਜਗਰ ਨੂੰ ਭੁਖ ਲਗ ਰਹੀ ਸੀ। ਉਹਨੂੰ ਜੰਗਲ ਦੇ ਸਿਰੇ ਤੇ ਢਗਿਆਂ ਦਾ ਇਕ ਵਗ ਦਿਸਿਆ ਤੇ ਉਹ ਵਾਸੀਲ ਨੂੰ ਕਹਿਣ ਲਗਾ:

"ਜਾ ਇਕ ਢੱਗਾ ਫੜ ਲਿਐ, ਤੇ ਕੁਝ ਖਾਣ ਨੂੰ ਹੋ ਜਾਏਗਾ ਸਾਡੇ ਕੋਲ।"

ਤੇ ਵਾਸੀਲ ਜੰਗਲ ਵਿਚ ਚਲਾ ਗਿਆ ਤੇ ਲੀਪਾ* ਦੇ ਦਰਖ਼ਤਾਂ ਤੋਂ ਛਿਲ ਲਾਹੁਣ ਲਗ ਪਿਆ। ਅਜਗਰ ਉਡੀਕਦਾ ਰਿਹਾ ਤੇ ਉਡੀਕਦਾ ਰਿਹਾ ਤੇ ਅਖ਼ੀਰ ਉਹਨੂੰ ਲੱਭਣ ਲਈ ਨਿਕਲ ਪਿਆ।

"ਏਨਾ ਚਿਰ ਕਿਉਂ ਲਗ ਰਿਹਾ ਈ?" ਉਹਨੇ ਉਹਦੇ ਤੋਂ ਪੁਛਿਆ।

"ਵੇਖਦਾ ਨਹੀਂ, ਮੈਂ ਲੀਪਾ ਦੇ ਦਰਖ਼ਤਾਂ ਦੀ ਛਿੱਲ ਲਾਹ ਰਿਹਾਂ," ਵਾਸੀਲ ਨੇ ਜਵਾਬ ਦਿਤਾ।

"ਛਿੱਲ ਕੀ ਕਰਨੀ ਆਂ?"

"ਕੁਝ ਰੱਸੀ ਵਟਣੀ ਏ, ਏਸ ਲਈ ਕਿ ਰੋਟੀ ਲਈ ਕੋਈ ਪੰਜ ਢੱਗੇ ਫੜ ਸਕੀਏ।"

"ਪੰਜ ਢੱਗੇ ਅਸੀਂ ਕੀ ਕਰਨੇ ਨੇ? ਇਕੋ ਕਾਫ਼ੀ ਏ।"

ਤੇ ਅਜਗਰ ਨੇ ਇਕ ਢੱਗੇ ਨੂੰ ਧੌਣੋਂ ਫੜ ਲਿਆ ਤੇ ਧਰੀਕਦਾ-ਧਰੀਕਦਾ ਉਹਨੂੰ ਗੱਡੇ ਕੋਲ ਲੈ ਗਿਆ।

"ਜਾ ਹੁਣ ਕੁਝ ਲੱਕੜ ਲੈ ਆ, ਢੱਗੇ ਨੂੰ ਭੁੰਨਣ ਲਈ," ਉਹਨੇ ਵਾਸੀਲ ਨੂੰ ਆਖਿਆ।

ਤੇ ਵਾਸੀਲ ਜੰਗਲ ਵਿਚ ਇਕ ਸ਼ਾਹ ਬਲੂਤ ਦੇ ਦਰਖ਼ਤ ਹੇਠ ਬਹਿ ਗਿਆ, ਉਹਨੇ ਆਪਣੇ ਲਈ ਇਕ ਸਿਗਰਟ ਵੱਟੀ ਤੇ ਸੂਟੇ ਲਾਣ ਲਗ ਪਿਆ।

ਅਜਗਰ ਉਹਨੂੰ ਕਿੰਨਾ ਹੀ ਚਿਰ ਉਡੀਕਦਾ ਰਿਹਾ, ਤੇ ਅਖ਼ੀਰ ਜਦੋਂ ਉਹਦੇ ਸਬਰ ਦੀ ਹਦ ਹੋ ਗਈ, ਉਹਨੂੰ ਲੱਭਣ ਲਈ ਨਿਕਲ ਪਿਆ।

"ਏਨਾ ਚਿਰ ਕਿਉਂ ਲਗ ਰਿਹਾ ਈ?" ਉਹਨੇ ਵਾਸੀਲ ਨੂੰ ਪੁਛਿਆ।

"ਮੈਂ ਕੋਈ ਬਾਰਾਂ ਸ਼ਾਹ ਬਲੂਤ ਲਿਜਾਣਾ ਚਾਹੁਣਾ, ਚੁਣਨ ਲਗਾ ਹੋਇਆਂ, ਸਭ ਤੋਂ ਸੰਘਣੇ ਕਿਹੜੇ ਨੇ।"

"ਅਸਾਂ ਬਾਰਾਂ ਸ਼ਾਹ ਬਲੂਤ ਕੀ ਕਰਨੇ ਨੇ? ਇਕੋ ਕਾਫ਼ੀ ਏ," ਅਜਗਰ ਨੇ ਆਖਿਆ ਤੇ ਇਕੋ ਮਰੋੜਾ ਦੇ, ਉਹਨੇ ਸਭ ਤੋਂ ਸੰਘਣਾ ਸ਼ਾਹ ਬਲੂਤ ਪੁਟ ਲਿਆ।

---

*ਲੀਪਾ-ਸਫ਼ੈਦੇ ਵਰਗਾ ਇਕ ਰੁਖ—ਸੰ:

ਉਹਨੇ ਢੱਗੇ ਨੂੰ ਭੁੰਨਿਆ ਤੇ ਵਾਸੀਲ ਨੂੰ ਸਦਿਆ, ਆਏ ਉਹਦੇ ਨਾਲ ਬਹਿ ਕੇ ਖਾਵੇ।

''ਲਗ ਪਓ, ਆਪ ਈ ਖਾ ਪਿਆ,'' ਵਾਸੀਲ ਨੇ ਆਖਿਆ। ''ਮੈਂ ਘਰ ਜਾ ਕੇ ਖਾ ਲਾਂਗਾ। ਇਕ ਢੱਗਾ ਮੇਰੇ ਲਈ ਕੀ ਏ—ਇਕੋ ਬੁਰਕੀ!''

ਅਜਗਰ ਨੇ ਢੱਗਾ ਖਾ ਲਿਆ ਤੇ ਬੁਲ ਚੱਟਣ ਲਗਾ। ਉਹ ਗੱਡੇ 'ਤੇ ਬਹਿ ਫੇਰ ਚਲ ਪਏ ਤੇ ਛੇਤੀ ਹੀ ਵਾਸੀਲ ਦੇ ਘਰ ਕੋਲ ਪਹੁੰਚ ਪਏ। ਬਚਿਆਂ ਨੇ ਦੂਰੋਂ ਆਪਣੇ ਪਿਓ ਨੂੰ ਆਉਂਦਿਆਂ ਤਕਿਆ, ਤੇ ਉਹ ਖੁਸ਼ੀ ਨਾਲ ਕੂਕਾਂ ਮਾਰਨ ਲਗ ਪਏ:

''ਬਾਪੂ ਆ ਗਿਐ! ਬਾਪੂ ਆ ਗਿਐ!''

ਪਰ ਅਜਗਰ ਨੂੰ ਸਮਝ ਨਾ ਪਈ ਤੇ ਉਹ ਪੁੱਛਣ ਲਗਾ:

''ਬੱਚੇ ਕੀ ਰੌਲਾ ਪਾ ਰਹੇ ਨੇ?''

''ਵੇਖ ਕੇ ਬੜੇ ਖੁਸ਼ ਹੋਏ ਨੇ, ਮੈਂ ਤੈਨੂੰ ਘਰ ਲਿਆ ਰਹਾਂ, ਉਹਨਾਂ ਨੂੰ ਖੁਆਣ ਲਈ। ਬੜੀ ਭੁਖ ਲਗੀ ਹੋਈ ਨੇ।''

ਹੁਣ ਤਾਂ ਅਜਗਰ ਦਾ ਤਰਾਹ ਹੀ ਨਿਕਲ ਗਿਆ, ਤੇ ਉਹਨੇ ਗੱਡੇ ਤੋਂ ਛਾਲ ਕਢ ਮਾਰੀ ਤੇ ਭਜ ਨਿਕਲਿਆ। ਪਰ ਉਹਨੂੰ ਰਾਹ ਨਾ ਲਭਿਆ ਤੇ ਉਹ ਦਲਦਲ ਵਿਚ ਜਾ ਵੜਿਆ। ਦਲਦਲ ਬੜੀ ਡੂੰਘੀ ਸੀ, ਤੇ ਡੂੰਘੀ ਸਚੀ ਮੁਚੀ ਉਹ ਏਨੀ ਸੀ ਕਿ ਉਹਦੀ ਤਹਿ ਤਕ ਨਹੀਂ ਸੀ ਪਹੁੰਚਿਆ ਜਾ ਸਕਦਾ, ਤੇ ਅਜਗਰ ਉਹਦੇ ਵਿਚ ਧਸ ਗਿਆ ਤੇ ਡੁਬ ਗਿਆ। ਤੇ ਏਸ ਤਰ੍ਹਾਂ ਉਹਦਾ ਅੰਤ ਹੋ ਗਿਆ।

# ਪਿਲੀਪਕਾ

**ਬੇਲੋਰੂਸੀ ਪਰੀ – ਕਹਾਣੀ**





ਇਕ ਵਾਰੀ ਦੀ ਗਲ ਏ, ਇਕ ਆਦਮੀ ਤੇ ਉਹਦੀ ਘਰ ਵਾਲੀ ਹੁੰਦੇ ਸਨ। ਉਹਨਾਂ ਦਾ ਬਾਲ–ਬੱਚਾ ਕੋਈ ਨਹੀਂ ਸੀ, ਤੇ ਘਰ ਵਾਲੀ ਨੂੰ ਹਮੇਸ਼ਾ ਹੀ ਇਸ ਗਲ ਦਾ ਦੁਖ ਤੇ ਝੋਰਾ ਰਹਿੰਦਾ ਸੀ ਕਿ ਉਹਦੇ ਕੋਲ ਕੋਈ ਨਹੀਂ ਸੀ, ਜਿਹਨੂੰ ਉਹ ਪੰਘੂੜੇ ਵਿਚ ਪਾ ਝੂਟੇ ਦੇ ਸਕੇ, ਚੁੰਮ–ਚਟ ਤੇ ਲਾਡ–ਪਿਆਰ ਕਰ ਸਕੇ।

ਇਕ ਦਿਨ ਘਰ ਵਾਲਾ ਜੰਗਲ ਵਿਚ ਗਿਆ, ਉਹਨੇ ਏਲਦਰ ਦੇ ਦਰਖ਼ਤ ਤੋਂ ਇਕ ਮੋਛਾ ਲਾਹਿਆ ਤੇ ਉਹਨੂੰ ਘਰ ਆਪਣੀ ਵਹੁਟੀ ਕੋਲ ਲੈ ਆਇਆ।

"ਐਹ ਲੈ," ਘਰ ਵਾਲੇ ਨੇ ਆਖਿਆ, "ਇਹਨੂੰ ਝੂਟੇ ਦਿਆ ਕਰ।"

ਵਹੁਟੀ ਨੇ ਮੋਛੇ ਨੂੰ ਪੰਘੂੜੇ ਵਿਚ ਪਾ ਲਿਆ ਤੇ ਉਹਨੂੰ ਝੂਟੇ ਦੇਣ ਲਗ ਪਈ ਤੇ ਝੂਟੇ ਦੇਂਦਿਆਂ–ਦੇਂਦਿਆਂ ਗੌਣ ਲਗ ਪਈ:

"ਝੂਟ, ਝੂਟ ਨਿਕਿਆ, ਅੱਖਾਂ ਦੇ ਕਾਲਿਆ, ਪਿੰਡੇ ਦੇ ਚਿਟਿਆ ..."

ਉਹਨੇ ਮੋਛੇ ਨੂੰ ਇਕ ਦਿਨ ਝੂਟਾਇਆ ਤੇ ਉਹਨੇ ਉਹਨੂੰ ਅਗਲੇ ਦਿਨ ਝੂਟਾਇਆ, ਤੇ ਤੀਜੇ ਦਿਨ ਉਹਨੇ ਤਕਿਆ, ਪੰਘੂੜੇ ਵਿਚ ਇਕ ਨਿੱਕਾ ਜਿਹਾ ਬਾਲ ਲੇਟਿਆ ਹੋਇਆ ਸੀ!

ਵਹੁਟੀ ਤੇ ਘਰ ਵਾਲੇ ਦੀ ਖ਼ੁਸ਼ੀ ਦੀ ਹਦ ਨਾ ਰਹੀ। ਉਹਨੇ ਆਪਣੇ ਨਿੱਕੇ ਦਾ ਨਾਂ ਪਿਲੀਪਕਾ ਰਖਿਆ ਤੇ ਪਿਆਰ ਨਾਲ ਉਹਨੂੰ ਪਾਲਣ ਲਗ ਪਏ।

ਜਦੋਂ ਪਿਲੀਪਕਾ ਵਡਾ ਹੋਇਆ, ਉਹਨੇ ਆਪਣੇ ਪਿਓ ਨੂੰ ਆਖਿਆ:

"ਬਾਪੂ, ਮੈਨੂੰ ਸੋਨੇ ਦੀ ਬੇੜੀ ਬਣਾ ਦਿਓ, ਤੇ ਚਾਂਦੀ ਦਾ ਚੱਪੂ। ਮੈਂ ਮੱਛੀਆਂ ਫੜਨ ਜਾਣਾ ਏਂ।"

ਤੇ ਪਿਓ ਨੇ ਉਹਨੂੰ ਸੋਨੇ ਦੀ ਬੇੜੀ ਬਣਾ ਦਿਤੀ ਤੇ ਚਾਂਦੀ ਦਾ ਚੱਪੂ ਤੇ ਮੱਛੀਆਂ ਫੜਨ ਲਈ ਉਹਨੂੰ ਝੀਲ 'ਤੇ ਘਲ ਦਿਤਾ।

ਪਿਲੀਪਕਾ ਪੂਰੇ ਦਿਲ ਨਾਲ ਮੱਛੀਆਂ ਫੜਨ ਲਗ ਪਿਆ, ਤੇ ਉਹ ਪੂਰੇ-ਪੂਰੇ ਦਿਨ ਤੇ ਪੂਰੀਆਂ-ਪੂਰੀਆਂ ਰਾਤਾਂ ਮੱਛੀਆਂ ਫੜਦਾ ਰਹਿੰਦਾ। ਸਚੀ ਮੁਚੀ, ਮੱਛੀਆਂ ਕੁੰਡੀ ਨੂੰ ਇੰਜ ਮੂੰਹ ਮਾਰੀ ਜਾਂਦੀਆਂ, ਕਿ ਪਿਲੀਪਕਾ ਘਰ ਤਕ ਵੀ ਨਾ ਜਾਂਦਾ, ਤੇ ਉਹਦੀ ਮਾਂ ਉਹਦੀ ਰੋਟੀ ਲੈ ਕੇ ਆਉਂਦੀ। ਉਹ ਝੀਲ 'ਤੇ ਪਹੁੰਚਦੀ ਤੇ ਆਵਾਜ਼ ਦੇਂਦੀ:

"ਪਿਲੀਪਕੇ, ਮੇਰੇ ਬਚੜੇ, ਵੇ ਪਹਿਰ ਦੋ ਨੀ, ਹੋ ਗਏ, ਪੂੜੀ ਮੈਂ ਲਿਆਈ ਆਂ, ਆ ਚਖ ਕੇ ਵੇਖ ਖਾਂ!"

ਤੇ ਪਿਲੀਪਕਾ ਕੰਢੇ ਵਲ ਆਉਂਦਾ, ਜਿਹੜੀਆਂ ਮੱਛੀਆਂ ਉਹਨੇ ਓਦੋਂ ਤਕ ਫੜੀਆਂ ਹੁੰਦੀਆਂ, ਕੰਢੇ 'ਤੇ ਸੁਟ ਦੇਂਦਾ, ਤੇ ਆਪਣੀ ਮਾਂ ਦੀ ਲਿਆਂਦੀ ਪੂੜੀ ਖਾ ਲੈਂਦਾ ਤੇ ਫੇਰ ਝੀਲ ਵਿਚ ਚਲਾ ਜਾਂਦਾ।

ਏਧਰ ਬਾਬਾ-ਯਗਾ, ਹੱਡੀਆਂ ਦਾ ਥੱਬਾ, ਨੇ, ਇਹ ਸੁਣ ਕਿ ਪਿਲੀਪਕੇ ਦੀ ਮਾਂ ਉਹਨੂੰ ਕਿਵੇਂ ਬੁਲਾਂਦੀ ਸੀ, ਉਹਨੂੰ ਮਾਰਨ ਦੀ ਧਾਰ ਲਈ।

ਉਹਨੇ ਇਕ ਬੋਰੀ ਤੇ ਇਕ ਖੂੰਡੀ ਫੜੀ, ਝੀਲ 'ਤੇ ਆਈ ਤੇ ਆਵਾਜ਼ ਦੇਣ ਲਗੀ:

"ਪਿਲੀਪਕੇ, ਮੇਰੇ ਬਚੜੇ, ਵੇ ਪਹਿਰ ਦੋ ਨੀ ਹੋ ਗਏ ਪੂੜੀ ਮੈਂ ਲਿਆਈ ਆਂ, ਆ ਚਖ ਕੇ ਵੇਖ ਖਾਂ!"

ਪਿਲੀਪਕੇ ਨੇ ਸੋਚਿਆ, ਉਹਨੂੰ ਮਾਂ ਆਵਾਜ਼ ਦੇ ਰਹੀ ਸੀ ਤੇ ਉਹ ਚੱਪੂ ਮਾਰਦਾ ਕੰਢੇ 'ਤੇ ਆ ਗਿਆ, ਤੇ ਬਾਬਾ-ਯਗਾ ਨੇ ਖੂੰਡੀ ਉਹਦੀ ਬੇੜੀ ਨਾਲ ਅੜਾ ਲਈ, ਉਹਨੂੰ ਕੰਢੇ ਤਕ ਧਰੀਕ ਲਿਆਂਦਾ, ਤੇ ਪਿਲੀਪਕੇ ਨੂੰ ਫੜ, ਉਹਨੂੰ ਬੋਰੀ ਵਿਚ ਪਾ ਲਿਆ।

"ਵਾਹ-ਵਾਹ!" ਉਹ ਕੂਕੀ। "ਹੁਣ ਮੱਛੀਆਂ ਨਹੀਂ ਫੜਦਾ ਫਿਰੇਂਗਾ!"

ਤੇ ਬੋਰੀ ਨੂੰ ਮੋਢੇ ਉਤੇ ਸੁਟ, ਉਹ ਉਹਨੂੰ ਆਪਣੇ ਨਾਲ ਸੰਘਣੇ ਜੰਗਲ ਵਿਚ ਲੈ ਗਈ। ਪਰ ਉਹਦੇ ਘਰ ਦੀ ਵਾਟ ਲੰਮੀ ਸੀ, ਤੇ ਉਹ ਛੇਤੀ ਹੀ ਥਕ ਗਈ, ਸਾਹ ਲੈਣ ਲਈ ਬਹਿ ਗਈ ਤੇ ਸੌਂ ਗਈ। ਤੇ ਪਿਲੀਪਕਾ ਬੋਰੀ ਵਿਚੋਂ ਬਾਹਰ ਰੀਂਗ ਆਇਆ, ਉਹਨੂੰ ਭਾਰੇ ਪਥਰਾਂ ਨਾਲ ਨਕੋ-ਨਕ ਭਰ ਦਿਤਾ, ਤੇ ਵਾਪਸ ਝੀਲ ਵਲ ਨੂੰ ਹੋ ਪਿਆ।

ਜਦੋਂ ਬਾਬਾ-ਯਗਾ ਜਾਗੀ, ਉਹਨੇ ਬੋਰੀ ਚੁਕੀ ਤੇ ਹਾਇ-ਹਾਇ ਤੇ ਊਈ-ਊਈ ਕਰਦੀ ਘਰ ਲੈ ਗਈ।

ਉਹਨੇ ਬੋਰੀ ਘਰ ਲੈ ਆਂਦੀ ਤੇ ਆਪਣੀ ਧੀ ਨੂੰ ਆਖਿਆ:

"ਇਸ ਮਛੇਰੇ ਨੂੰ ਮੇਰੀ ਰੋਟੀ ਲਈ ਭੁੰਨ ਦੇ!"

ਉਹਨੇ ਬੋਰੀ ਨੂੰ ਫ਼ਰਸ਼ ਉਤੇ ਲੁਦਿਆ ਤੇ ਕੀ ਵੇਖਿਆ! ਉਹਦੇ ਵਿਚੋਂ ਪਥਰਾਂ ਦੇ ਸਿਵਾ ਹੋਰ ਕੁਝ ਨਹੀਂ ਸੀ ਡਿਗਿਆ।

ਬਾਬਾ-ਯਗਾ ਨੂੰ ਗੁੱਸਾ ਚੜ੍ਹ ਗਿਆ।

"ਤੈਨੂੰ ਸੁਆਦ ਚਖਾਵਾਂਗੀ, ਮੈਨੂੰ ਬੇਵਕੂਫ਼ ਬਣਾਣ ਦਾ!" ਉਹ ਪੂਰੇ ਜ਼ੋਰ ਨਾਲ ਚਿਲਕੀ, ਤੇ ਭਜ ਫੇਰ ਝੀਲ ਦੇ ਕੰਢੇ ਉਤੇ ਪਹੁੰਚ, ਪਿਲੀਪਕਾ ਨੂੰ ਆਵਾਜ਼ ਦੇਣ ਲਗੀ:

"ਪਿਲੀਪਕੇ, ਮੇਰੇ ਬਚੜੇ, ਵੇ ਪਹਿਰ ਦੋ ਨੀ ਹੋ ਗਏ, ਪੂੜੀ ਮੈਂ ਲਿਆਈ ਆਂ, ਆ ਚਖ ਕੇ ਵੇਖ ਖਾਂ!"

ਪਿਲੀਪਕੇ ਨੇ ਉਹਦੀ ਆਵਾਜ਼ ਸੁਣੀ ਤੇ ਪਰਤਵਾਂ ਜਵਾਬ ਦਿਤਾ:

"ਤੈਨੂੰ ਮੈਂ ਚੰਗੀ ਤਰ੍ਹਾਂ ਜਾਣਨਾਂ। ਤੂੰ ਮੇਰੀ ਮਾਂ ਨਹੀਂ, ਬਾਬਾ-ਯਗਾ ਏਂ। ਮੇਰੀ ਮਾਂ ਦੀ ਆਵਾਜ਼ ਤਾਂ ਬਹੁਤ ਪਤਲੀ ਏ।"

ਤੇ ਭਾਵੇਂ ਬਾਬਾ-ਯਗਾ ਪਿਲੀਪਕੇ ਨੂੰ ਆਵਾਜ਼ਾਂ ਦੇਂਦੀ ਰਹੀ, ਉਹਨੇ ਉਹਦੇ ਵਲ ਧਿਆਨ ਨਾ ਦਿਤਾ।

"ਕੋਈ ਗਲ ਨਹੀਂ," ਬਾਬਾ-ਯਗਾ ਨੇ ਸੋਚਿਆ, "ਮੈਂ ਆਪਣੀ ਆਵਾਜ਼ ਪਤਲੀ ਕਰ ਲਾਂਗੀ।"

ਤੇ ਉਹ ਭੱਜੀ-ਭੱਜੀ ਲੁਹਾਰ ਕੋਲ ਗਈ।

"ਲੁਹਾਰਾ, ਲੁਹਾਰਾ, ਮੇਰੀ ਜੀਭ ਤੇਜ਼ ਬਣਾ ਦੇ ਤੇ ਉਹਨੂੰ ਪਤਲੀ ਕਰ ਦੇ," ਉਹਨੇ ਆਖਿਆ।

"ਚੰਗਾ," ਲੁਹਾਰ ਨੇ ਆਖਿਆ। "ਬਸ ਮੇਰੇ ਵਧਾਣ ਉਤੇ ਰਖ ਦੇ ਸੂ।"

ਤੇ ਬਾਬਾ-ਯਗਾ ਨੇ ਆਪਣੀ ਲੰਮੀ ਜੀਭ ਬਾਹਰ ਕੱਢੀ ਤੇ ਉਹਨੂੰ ਵਧਾਣ ਉਤੇ ਰਖ ਦਿਤਾ, ਤੇ ਲੁਹਾਰ ਨੇ ਆਪਣਾ ਹਥੌੜਾ ਫੜਿਆ ਤੇ ਜੀਭ ਓਦੋਂ ਤਕ ਕੁਟਦਾ ਗਿਆ, ਜਦੋਂ ਤਕ ਉਹ ਚੰਗੀ ਪਤਲੀ ਨਾ ਹੋ ਗਈ।

ਤੇ ਫੇਰ ਬਾਬਾ-ਯਗਾ ਝੀਲ ਨੂੰ ਭੱਜੀ, ਤੇ ਉਹਨੇ ਪਤਲੀ ਬਰੀਕ ਆਵਾਜ਼ ਵਿਚ ਪਿਲੀਪਕੇ ਨੂੰ ਸਦਿਆ:

"ਪਿਲੀਪਕੇ, ਮੇਰੇ ਬਚੜੇ, ਵੇ ਦੋ ਪਹਿਰ ਨੀ ਹੋ ਗਏ, ਪੂੜੀ ਮੈਂ ਲਿਆਈ ਆਂ, ਆ ਚਖ ਕੇ ਵੇਖ ਖਾਂ!"

ਪਿਲੀਪਕੇ ਨੇ ਉਹਦੀ ਆਵਾਜ਼ ਸੁਣੀ ਤੇ ਸੋਚਿਆ, ਉਹਨੂੰ ਉਹਦੀ ਮਾਂ ਬੁਲਾ ਰਹੀ ਸੀ। ਉਹ ਚੱਪੂ ਮਾਰਦਾ-ਮਾਰਦਾ ਕੰਢੇ ਵਲ ਆ ਗਿਆ ਤੇ ਬਾਬਾ-ਯਗਾ ਨੇ ਉਹਨੂੰ ਝੁਰਾਟ ਮਾਰ ਕੇ ਫੜ ਲਿਆ ਤੇ ਆਪਣੀ ਬੋਰੀ ਵਿਚ ਪਾ ਲਿਆ।

"ਹੁਣ ਮੈਨੂੰ ਬੇਵਕੂਫ਼ ਨਹੀਂ ਬਣਾ ਸਕਣ ਲਗਾ ਤੂੰ!" ਖੁਸ਼ੀ ਵਿਚ ਫੁੱਲੇ ਨਾ ਸਮਾਂਦਿਆਂ, ਬਾਬਾ-ਯਗਾ ਕੂਕੀ ਤੇ ਸਾਹ ਲੈਣ ਲਈ ਅਟਕੇ ਬਿਨਾਂ, ਉਹ ਉਹਨੂੰ ਸਿਧਿਆਂ ਘਰ ਲੈ ਗਈ। ਉਹਨੇ ਉਹਨੂੰ ਬੋਰੀ ਵਿਚੋਂ ਲੁਦਿਆ ਤੇ ਆਪਣੀ ਧੀ ਨੂੰ ਕਿਹਾ:

"ਇਹ ਈ ਉਹ, ਧੋਖੇਬਾਜ਼! ਭੱਠੀ ਬਾਲ ਤੇ ਰੋਟੀ ਲਈ ਭੁੰਨ ਲੈ ਸੂ।"

ਤੇ ਇਹ ਕਹਿ ਉਹ ਬਾਹਰ ਚਲੀ ਗਈ।

ਤੇ ਉਹਦੀ ਧੀ ਨੇ ਭੱਠੀ ਬਾਲੀ, ਤੇ ਇਕ ਬੇਲਚਾ ਫੜਿਆ, ਤੇ ਪਿਲੀਪਕੇ ਨੂੰ ਕਹਿਣ ਲਗੀ:

"ਬੇਲਚੇ 'ਤੇ ਲੇਟ ਜਾ, ਮੈਂ ਤੈਨੂੰ ਭੱਠੀ 'ਚ ਪਾਣੈਂ।"

ਤੇ ਪਿਲੀਪਕਾ ਲੱਤਾਂ ਉਤੇ ਹਵਾ ਵਿਚ ਕਰ, ਬੇਲਚੇ ਉਤੇ ਲੇਟ ਗਿਆ।

"ਏਸ ਤਰ੍ਹਾਂ ਨਹੀਂ।" ਬਾਬਾ-ਯਗਾ ਦੀ ਧੀ ਚਿਲਕੀ। "ਜੇ ਤੂੰ ਲੱਤਾਂ ਇੰਜ ਉਪਰ ਕੀਤੀ ਰੱਖੀਆਂ, ਮੈਂ ਤੈਨੂੰ ਭੱਠੀ 'ਚ ਨਹੀਂ ਪਾ ਸਕਾਂਗੀ।"

ਪਿਲੀਪਕੇ ਨੇ ਲੱਤਾਂ ਹੇਠਾਂ ਕਰ ਲਈਆਂ ਤੇ ਬੇਲਚੇ ਤੋਂ ਥੱਲੇ ਲਮਕਾ ਦਿਤੀਆਂ।

"ਏਸ ਤਰ੍ਹਾਂ ਨਹੀਂ!" ਬਾਬਾ-ਯਗਾ ਦੀ ਧੀ ਫੇਰ ਚਿਲਕੀ।

"ਤਾਂ ਫੇਰ ਕਿਸ ਤਰ੍ਹਾਂ?" ਪਿਲੀਪਕੇ ਨੇ ਪੁਛਿਆ। "ਮੈਨੂੰ ਕਰ ਕੇ ਵਿਖਾ।"

"ਕਿੱਡਾ ਬੇਵਕੂਫ਼ ਏਂ ਤੂੰ ਵੀ!" ਬਾਬਾ-ਯਗਾ ਦੀ ਧੀ ਕੂਕੀ। "ਇੰਜ ਲੇਟੀਦੈ, ਵੇਖ!"

ਤੇ ਉਹ ਬੇਲਚੇ ਉਤੇ ਲੇਟ ਗਈ। ਤੇ ਪਿਲੀਪਕੇ ਨੇ ਬੇਲਚੇ ਨੂੰ ਚੁੱਕਣ ਦੀ ਕੀਤੀ ਤੇ ਉਹਨੂੰ ਬਲਦੀ ਭੱਠੀ ਵਿਚ ਵਾਹ ਦਿਤਾ। ਫੇਰ ਉਹਨੇ ਭੱਠੀ ਬੰਦ ਕਰ ਦਿਤੀ ਤੇ ਉਹਦੇ ਨਾਲ ਬਾਬਾ-ਯਗਾ ਦੀ ਖੂੰਡੀ ਅੜਾ ਦਿਤੀ, ਇਸ ਲਈ ਕਿ ਉਹਦੀ ਧੀ ਬਾਹਰ ਨਾ ਕੁਦ ਸਕੇ।

ਉਹ ਝੁੱਗੀ ਵਿਚੋਂ ਬਾਹਰ ਨਸਿਆ ਤੇ ਕੀ ਵੇਖਦਾ ਏ! ਬਾਬਾ-ਯਗਾ ਉਹਦੇ ਵਲ ਟੁਰੀ ਆ ਰਹੀ ਸੀ। ਪਿਲੀਪਕਾ ਛਾਲ ਮਾਰ ਕੇ ਇਕ ਉਚੇ ਤੇ ਸੰਘਣੇ ਦਰਖ਼ਤ ਉਤੇ ਚੜ੍ਹ ਗਿਆ। ਤੇ ਉਹਨੇ ਆਪਣੇ ਆਪ ਨੂੰ ਟਾਹਣੀਆਂ ਵਿਚ ਲੁਕਾ ਲਿਆ।

ਬਾਬਾ-ਯਗਾ ਝੁੱਗੀ ਵਿਚ ਵੜੀ, ਉਹਨੇ ਸੁੰਘਿਆ ਤੇ ਉਹਨੂੰ ਭੁੱਜ ਰਹੇ ਮਾਸ ਦੀ ਹਵਾੜ ਆਈ। ਉਹਨੇ ਭੁੱਜੇ ਮਾਸ ਨੂੰ ਭੱਠੀ ਵਿਚੋਂ ਕਢਿਆ, ਗੋਸ਼ਤ ਖਾ ਲਿਆ ਤੇ ਹੱਡੀਆਂ ਨੂੰ ਬਾਹਰ ਹਾਤੇ ਵਿਚ ਸੁਟ ਦਿਤਾ, ਤੇ ਇਹ ਬੋਲਦਿਆਂ, ਉਹਨਾਂ ਉਤੇ ਲੇਟਣੀਆਂ ਲੈਣ ਲਗੀ:

"ਇਹਨਾਂ ਹੱਡੀਆਂ 'ਤੇ ਮੈਂ ਡਿਗ-ਡਿਗ ਪਾਂ, ਇਹਨਾਂ ਹੱਡੀਆਂ 'ਤੇ ਮੈਂ ਲੇਟਣੀਆਂ ਲਾਂ, ਮੈਂ ਮਾਸ ਪਿਲੀਪਕੇ ਦਾ ਖਾ ਜੁ ਲਿਐ, ਲਹੂ ਓਸ ਦਾ ਮੈਂ ਪੀ ਜੁ ਲਿਐ।"

ਤੇ ਪਿਲੀਪਕੇ ਨੇ ਉਹਨੂੰ ਓਥੋਂ, ਜਿਥੇ ਉਹ ਲੁਕਿਆ ਹੋਇਆ ਸੀ, ਆਵਾਜ਼ ਦਿਤੀ:

"ਇਹਨਾਂ ਹੱਡੀਆਂ 'ਤੇ ਪਈ ਡਿਗ-ਡਿਗ ਪੈ, ਇਹਨਾਂ ਹੱਡੀਆਂ 'ਤੇ ਪਈ ਲੇਟਣੀਆਂ ਲੈ, ਤੂੰ ਮਾਸ ਧੀ ਆਪਣੀ ਦਾ ਖਾ ਜੁ ਲਿਐ, ਤੂੰ ਲਹੂ ਧੀ ਆਪਣੀ ਦਾ ਪੀ ਜੁ ਲਿਐ।"

ਬਾਬਾ-ਯਗਾ ਨੇ ਉਹਦੀ ਆਵਾਜ਼ ਸੁਣੀ ਤੇ ਗੁੱਸੇ ਨਾਲ ਉਹਦਾ ਰੰਗ ਕਾਲਾ ਪੈ ਗਿਆ। ਉਹ ਦਰਖ਼ਤ ਵਲ ਭੱਜੀ ਤੇ ਉਹਨੂੰ ਆਪਣੇ ਦੰਦਾਂ ਨਾਲ ਟੁੱਕਣ ਲਗ ਪਈ। ਉਹ ਟੁਕਦੀ ਗਈ, ਟੁਕਦੀ ਗਈ ਤੇ ਅਖ਼ੀਰ ਉਹਦੇ ਦੰਦ ਟੁਟ ਗਏ, ਪਰ ਦਰਖ਼ਤ ਓਥੇ ਦਾ ਓਥੇ ਖੜਾ ਰਿਹਾ, ਉਵੇਂ ਪੱਕੇ ਦਾ ਪੱਕਾ ਤੇ ਮਜ਼ਬੂਤ, ਜਿਵੇਂ ਉਹ ਪਹਿਲੋਂ ਸੀ।

ਬਾਬਾ-ਯਗਾ ਭੱਜੀ-ਭੱਜੀ ਲੁਹਾਰ ਕੋਲ ਗਈ।

"ਲੁਹਾਰਾ, ਲੁਹਾਰਾ," ਉਹ ਕੂਕੀ, "ਮੈਨੂੰ ਫ਼ੌਲਾਦ ਦਾ ਕੁਹਾੜਾ ਬਣਾ ਦੇ! ਜੇ ਤੂੰ ਨਾ ਬਣਾ ਕੇ ਦਿਤਾ, ਮੈਂ ਤੇਰੇ ਬੱਚੇ ਖਾ ਜਾਂਗੀ।"

ਤੇ ਲੁਹਾਰ ਡਰ ਗਿਆ ਤੇ ਉਹਨੇ ਉਹਨੂੰ ਫ਼ੌਲਾਦ ਦਾ ਕੁਹਾੜ ਬਣਾ ਦਿਤਾ।

ਬਾਬਾ-ਯਗਾ ਉਹਨੂੰ ਲੈ ਦਰਖ਼ਤ ਵਲ ਭੱਜੀ ਤੇ ਉਹਨੂੰ ਵੱਢਣ ਲਗੀ:

ਪਿਲੀਪਕੇ ਨੇ ਆਖਿਆ:

"ਦਰਖ਼ਤ ਨੂੰ ਨਾ ਲੱਗੇ, ਪੱਥਰ ਨੂੰ ਲੱਗੇ!"

ਬਾਬਾ-ਯਗਾ ਬੋਲੀ:

"ਪੱਥਰ ਨੂੰ ਨਾ ਲੱਗੇ, ਦਰਖ਼ਤ ਨੂੰ ਲੱਗੇ!"

ਪਿਲੀਪਕੇ ਨੇ ਫੇਰ ਆਖਿਆ:

"ਦਰਖ਼ਤ ਨੂੰ ਨਾ ਲੱਗੇ, ਪੱਥਰ ਨੂੰ ਲੱਗੇ!"

ਤੇ ਕੁਹਾੜਾ ਚਾਣਚਕ ਹੀ ਪੱਥਰ ਨੂੰ ਵੱਜਾ ਤੇ ਉਹਦੀ ਸਾਰੀ ਧਾਰ ਨੂੰ ਦੰਦੇ ਪੈ ਗਏ ਤੇ ਉਹ ਖੁੰਡਾ ਹੋ ਗਿਆ।

ਬਾਬਾ-ਯਗਾ ਗੁੱਸੇ ਨਾਲ ਚਾਂਗਰੀ, ਉਹਨੇ ਕੁਹਾੜਾ ਚੁੱਕਣ ਦੀ ਕੀਤੀ ਤੇ ਤੇਜ਼ ਕਰਾਣ ਲਈ ਫੇਰ ਲੁਹਾਰ ਕੋਲ ਜਾ ਪੁੱਜੀ।

ਪਿਲੀਪਕੇ ਨੇ ਵੇਖਿਆ, ਤੇ ਉਹਨੂੰ ਦਿਸਿਆ, ਦਰਖ਼ਤ ਇਕ ਪਾਸੇ ਨਿਵਣ ਲਗ ਪਿਆ ਸੀ। ਬਾਬਾ-ਯਗਾ ਨੇ ਤਕਰੀਬਨ ਉਹਨੂੰ ਚੀਰ ਹੀ ਲਿਆ ਸੀ, ਤੇ ਇਸ ਤੋਂ ਪਹਿਲਾਂ ਕਿ ਵਕਤ ਨਾ ਰਹੇ, ਉਹਨੂੰ ਆਪਣੇ ਆਪ ਨੂੰ ਬਚਾਣ ਲਈ ਛੇਤੀ ਨਾਲ ਕੁਝ ਕਰਨਾ ਪੈਣਾ ਸੀ।

ਐਨ ਓਸੇ ਵੇਲੇ ਉਤੋਂ ਹੰਸਾਂ ਦੀ ਇਕ ਡਾਰ ਉਡਦੀ ਲੰਘੀ।

"ਹੰਸੋ, ਹੰਸੋ, ਰੌਲੀ ਨਾ ਪਾਉ, ਇਕ-ਇਕ ਖੰਬ ਸੁਟਦੇ ਜਾਉ," ਉਹਨੇ ਉਹਨਾਂ ਨੂੰ ਆਵਾਜ਼

ਦਿਤੀ। "ਕੋਲ ਮਾਪਿਆਂ ਉਡ ਪਹੁੰਚਾਂ, ਮੈਂ ਨਾਲ ਤੁਹਾਡੇ, ਤੁਸਾਂ ਜੁ ਕੀਤਾ, ਉਹਦਾ ਚੁਕਾਵਾਂ ਸਿਲਾ ਮੈਂ ਓਥੇ।"

ਹੰਸਾਂ ਨੇ ਉਹਦੇ ਲਈ ਇਕ-ਇਕ ਖੰਬ ਸੁਟ ਦਿਤਾ, ਤੇ ਇਹਨਾਂ ਖੰਬਾਂ ਨਾਲ ਪਿਲੀਪਕੇ ਨੇ ਆਪਣੇ ਲਈ ਅੱਧਾ ਪਰ ਬਣਾ ਲਿਆ।

ਫੇਰ ਹੰਸਾਂ ਦੀ ਦੂਜੀ ਡਾਰ ਉਡਦੀ ਆਈ। ਤੇ ਪਿਲੀਪਕੇ ਨੇ ਉਹਨਾਂ ਨੂੰ ਆਵਾਜ਼ ਦਿਤੀ ਤੇ ਕਿਹਾ:

"ਹੰਸੋ, ਹੰਸੋ, ਰੌਲੀ ਨਾ ਪਾਉ, ਇਕ-ਇਕ ਖੰਬ ਸੁਟਦੇ ਜਾਉ। ਕੋਲ ਮਾਪਿਆਂ ਉਡ ਪਹੁੰਚਾਂ, ਮੈਂ ਨਾਲ ਤੁਹਾਡੇ, ਤੁਸਾਂ ਜੁ ਕੀਤਾ, ਉਹਦਾ ਚੁਕਾਵਾਂ ਸਿਲਾ ਮੈਂ ਓਥੇ।"

ਤੇ ਦੂਜੀ ਡਾਰ ਨੇ ਵੀ ਉਹਦੇ ਲਈ ਇਕ-ਇਕ ਖੰਬ ਸੁਟ ਦਿਤਾ।

ਉਸ ਪਿਛੋਂ ਤੀਜੀ ਤੇ ਫੇਰ ਚੌਥੀ ਡਾਰ ਆਈ, ਤੇ ਸਾਰੇ ਹੀ ਹੰਸ ਪਿਲੀਪਕੇ ਲਈ ਇਕ-ਇਕ ਖੰਬ ਸੁਟਦੇ ਗਏ।

ਪਿਲੀਪਕੇ ਨੇ ਆਪਣੇ ਲਈ ਦੋ ਪਰ ਬਣਾ ਲਏ ਤੇ ਹੰਸਾਂ ਦੇ ਪਿਛੇ-ਪਿਛੇ ਉਡ ਪਿਆ।

ਐਨ ਉਸੇ ਵੇਲੇ ਬਾਬਾ-ਯਗਾ ਲੁਹਾਰ ਵਲੋਂ ਭੱਜੀ-ਭੱਜੀ ਆਈ, ਤੇ ਉਹ ਦਰਖ਼ਤ ਨੂੰ ਫੇਰ ਵੱਢਣ ਲਗ ਪਈ। ਉਹਨੇ ਏਨੇ ਜ਼ੋਰ ਨਾਲ ਟਕ ਮਾਰੇ ਕਿ ਛੌਡੇ ਉਡਣ ਲਗ ਪਏ।


ਉਹ ਵਢਦੀ ਗਈ, ਵਢਦੀ ਗਈ, ਤੇ ਦਰਖ਼ਤ ਕਾ-ੜ-ੜ ਕਰਦਾ ਉਹਦੇ ਉਤੇ ਆ ਪਿਆ! ਤੇ ਉਹ ਮਰ ਗਈ।

ਤੇ ਪਿਲੀਪਕਾ ਹੰਸਾਂ ਨਾਲ ਉਡਦਾ-ਉਡਦਾ ਘਰ ਪਹੁੰਚ ਗਿਆ। ਜਦੋਂ ਉਹਦੇ ਮਾਂ ਪਿਓ ਨੇ ਉਹਨੂੰ ਵੇਖਿਆ, ਉਹਨਾਂ ਦੀ ਖੁਸ਼ੀ ਦੀ ਹਦ ਨਾ ਰਹੀ। ਉਹਨਾਂ ਉਹਨੂੰ ਮੇਜ਼ ਦੁਆਲੇ ਬਿਠਾ ਲਿਆ ਤੇ ਉਹਨੂੰ ਤਰ੍ਹਾਂ-ਤਰ੍ਹਾਂ ਦੇ ਪਕਵਾਣ ਖਵਾਣ ਲਗ ਪਏ।

ਤੇ ਹੰਸਾਂ ਨੂੰ ਉਹਨਾਂ ਜਵੀ ਤੇ ਸ਼ਰਾਬ ਦਿਤੀ, ਤੇ ਇਸ ਤਰ੍ਹਾਂ ਮੁੱਕੀ ਇਹ ਕਹਾਣੀ ਲੰਮੀ-ਨਿੱਕੀ।

# ਬੁੱਢਾ ਕੱਕਰ ਤੇ ਜਵਾਨ ਕੱਕਰ

**ਲਿਥੂਆਨੀ ਪਰੀ – ਕਹਾਣੀ**



ਇਕ ਵਾਰੀ ਦੀ ਗਲ ਏ, ਬੁੱਢਾ ਬਾਪੂ ਕੱਕਰ ਹੁੰਦਾ ਸੀ, ਤੇ ਉਹਦਾ ਇਕ ਪੁੱਤਰ ਸੀ – ਜਵਾਨ ਕੱਕਰ। ਤੇ ਇਹ ਮੁੰਡਾ ਏਡਾ ਸ਼ੇਖੀਖੋਰਾ ਹੁੰਦਾ ਸੀ ਕਿ ਦੱਸਣ ਲਈ ਲਫ਼ਜ਼ ਨਹੀਂ ਲਭ ਸਕਦੇ। ਉਹਦੀਆਂ ਗੱਲਾਂ ਸੁਣ ਇਹ ਖ਼ਿਆਲ ਆ ਸਕਦਾ ਸੀ ਕਿ ਜਿੰਨਾ ਤਕੜਾ ਤੇ ਚਤਰ ਉਹ ਹੈ, ਉਡਾ ਤਕੜਾ ਤੇ ਚਤਰ ਦੁਨੀਆਂ ਵਿਚ ਹੋਰ ਕੋਈ ਨਹੀਂ ਹੋਣ ਲਗਾ।

ਇਕ ਦਿਨ ਜਵਾਨ ਕੱਕਰ ਦਿਲ ਹੀ ਦਿਲ ਵਿਚ ਕਹਿਣ ਲਗਾ:

"ਪਿਓ ਮੇਰਾ ਬੁੱਢਾ ਹੋ ਗਿਐ, ਤੇ ਉਹ ਆਪਣਾ ਕੰਮ ਚੰਗੀ ਤਰ੍ਹਾਂ ਨਹੀਂ ਕਰ ਰਿਹਾ। ਮੈਂ ਜਵਾਨ ਹਾਂ ਤੇ ਤਾਕਤਵਰ, ਤੇ ਲੋਕਾਂ ਨੂੰ ਯਖ਼ ਮੈਂ ਉਸ ਤੋਂ ਕਿਤੇ ਚੰਗੀ ਤਰ੍ਹਾਂ ਕਰ ਸਕਨਾਂ। ਕੋਈ ਮੇਰੇ ਤੋਂ ਲੁਕ ਨਹੀਂ ਸਕਦਾ, ਕੋਈ ਮੈਨੂੰ ਹਰਾ ਨਹੀਂ ਸਕਦਾ। ਹਰ ਕਿਸੇ ਦੀ ਮੈਂ ਖੁੰਬ ਠਪ ਸਕਨਾਂ!"

ਤੇ ਜਵਾਨ ਕੱਕਰ ਯਖ਼ ਕਰਨ ਲਈ ਕਿਸੇ ਦੀ ਭਾਲ ਵਿਚ ਨਿਕਲ ਪਿਆ। ਉਹ ਉਡਦਾ-ਉਡਦਾ ਇਕ ਸੜਕ 'ਤੇ ਨਿਕਲ ਆਇਆ, ਤੇ ਉਹਨੇ ਵੇਖਿਆ, ਇਕ ਜਾਗੀਰਦਾਰ ਬੱਘੀ ਵਿਚ ਬੈਠਾ ਜਾ ਰਿਹਾ ਸੀ। ਬੱਘੀ ਅਗੇ ਇਕ ਸੁਹਣਾ ਤੇ ਮੋਟਾ-ਤਾਜ਼ਾ ਘੋੜਾ ਜੁਪਿਆ ਹੋਇਆ ਸੀ। ਜਾਗੀਰਦਾਰ ਆਪ ਉਚਾ-ਲੰਮਾ ਤੇ ਮੋਟਾ ਸੀ। ਉਹਨੇ ਪਸ਼ਮ ਦਾ ਗਰਮ ਕੋਟ ਪਾਇਆ ਹੋਇਆ ਸੀ ਤੇ ਉਹਦੀਆਂ ਲੱਤਾਂ ਗਾਲੀਚੇ ਨਾਲ ਕੱਜੀਆਂ ਹੋਈਆਂ ਸਨ।

ਜਵਾਨ ਕੱਕਰ ਨੇ ਜਾਗੀਰਦਾਰ ਵਲ ਤਕਿਆ ਤੇ ਹਸ ਪਿਆ।

"ਹੂੰ!" ਉਹਨੇ ਆਖਿਆ। "ਆਪਣੇ ਆਪ ਨੂੰ ਜਿੰਨੀਆਂ ਮਰਜ਼ੀ ਪਸ਼ਮਾਂ ਨਾਲ ਕਜ ਲੈ, ਤੇਰਾ ਬਚਾ ਨਹੀਂ ਹੋ ਸਕਣ ਲਗਾ। ਬੁਢੜਾ, ਮੇਰਾ ਬਾਪੂ, ਸ਼ਾਇਦ ਤੇਰੇ ਨਾਲ ਨਾ ਸਿੜ ਸਕਦਾ, ਪਰ ਮੈਂ ਸਿੜ ਸਕਨਾਂ: ਤੈਨੂੰ ਹੱਡੀਆਂ ਤਕ ਠਾਰ ਦਿਆਂਗਾ। ਠਹਿਰ ਜਾ ਤੂੰ! ਨਾ ਤੇਰੇ ਪਸ਼ਮ ਦੇ ਕੋਟ ਨੇ ਕੁਝ ਬਣਾ ਸਕਣੈਂ, ਨਾ ਤੇਰੇ ਗਾਲੀਚੇ ਨੇ।"

ਤੇ ਜਵਾਨ ਕੱਕਰ ਉਡ ਕੇ ਜਾਗੀਰਦਾਰ ਕੋਲ ਆ ਪਹੁੰਚਿਆ ਤੇ ਉਹਦੇ ਪਿਛੇ ਪੈ ਗਿਆ ਤੇ ਉਹਨੂੰ

ਜ਼ਿਚ ਕਰਨ ਲਗਾ: ਗਲੀਚੇ ਹੇਠ ਵੜ, ਉਹਦੀਆਂ ਬਾਂਹਵਾਂ ਅੰਦਰ ਰੀਂਗ, ਛੋਪਲੇ ਹੀ ਉਹਦੇ ਗਲਮੇ ਵਿਚ ਘੁਸੜ, ਤੇ ਉਹਦੇ ਨਕ ਨੂੰ ਚੂੰਡ।

ਤੇ ਇਹ ਵੇਖ ਜਾਗੀਰਦਾਰ ਨੇ ਕੋਚਵਾਨ ਨੂੰ ਹੁਕਮ ਦਿਤਾ, ਘੋੜੇ ਨੂੰ ਛਾਂਟਾ ਮਾਰੇ।

"ਮੈਂ ਮਰ ਜਾਣੈਂ ਯਖ਼ ਹੋ ਕੇ।" ਉਹ ਕੂਕਿਆ।

ਤੇ ਜਵਾਨ ਕੱਕਰ ਜਾਗੀਰਦਾਰ ਦੇ ਹੋਰ ਬਹੁਤਾ ਪਿਛੇ ਪੈਂਦਾ ਗਿਆ। ਉਹਨੇ ਉਹਦੇ ਨਕ ਨੂੰ ਏਨਾ ਚੂੰਡਿਆ ਕਿ ਉਹ ਪੀੜ ਕਰਨ ਲਗ ਪਿਆ। ਉਹਨੇ ਉਹਦੇ ਹਥ ਤੇ ਲੱਤਾਂ ਠਾਰ ਦਿਤੀਆਂ ਤੇ ਉਹਨੂੰ ਸਾਹੋ-ਸਾਹੀ ਕਰ ਦਿਤਾ।

ਜਾਗੀਰਦਾਰ ਏਧਰ ਹੁੰਦਾ ਤੇ ਓਧਰ ਹੁੰਦਾ, ਆਪਣੀ ਥਾਂ ਉਤੇ ਕਲਮਲਾਉਂਦਾ, ਤੇ ਪਾਲੇ ਨਾਲ ਉਹ ਠਰੂ-ਠਰੂ ਕਰਨ ਤੇ ਸੁੰਗੜਨ ਲਗ ਪਿਆ।

"ਹੋਰ ਤੇਜ਼ ਚਲਾ!" ਉਹਨੇ ਚਿਲਕ ਕੇ ਕੋਚਵਾਨ ਨੂੰ ਆਵਾਜ਼ ਦਿਤੀ। "ਹੋਰ ਤੇਜ਼!"

ਪਰ ਕੁਝ ਚਿਰ ਪਿਛੋਂ ਉਹਨੇ ਕੂਕਣਾ ਬੰਦ ਕਰ ਦਿਤਾ, ਕਿਉਂ ਕਿ ਉਹਦੇ ਕੋਲੋਂ ਬੋਲਿਆ ਹੀ ਨਹੀਂ ਸੀ ਜਾ ਰਿਹਾ।

ਜਦੋਂ ਉਹ ਘਰ ਪਹੁੰਚਿਆ, ਉਹਨੂੰ ਅਧ-ਮੋਈ ਹਾਲਤ ਵਿਚ ਬੱਘੀ ਵਿਚੋਂ ਬਾਹਰ ਕਢਿਆ ਗਿਆ।

ਤਾਂ ਜਵਾਨ ਕੱਕਰ ਉਡਦਾ-ਉਡਦਾ ਆਪਣੇ ਪਿਉ, ਬੁਢੇ ਕੱਕਰ, ਕੋਲ ਆਇਆ, ਤੇ ਫੜਾਂ ਤੇ ਸ਼ੇਖੀਆਂ ਮਾਰਨ ਲਗ ਪਿਆ:

"ਵੇਖ ਮੇਰੇ ਵਲ, ਬਾਪੂ!" ਉਹ ਕੂਕਿਆ। "ਵੇਖ ਮੇਰੇ ਵਲ! ਮੇਰੇ 'ਚ ਬੜਾ ਜ਼ੋਰ ਈ! ਤੂੰ ਮੇਰਾ ਮੁਕਾਬਲਾ ਕਦੀ ਨਹੀਂ ਕਰ ਸਕਣ ਲਗਾ! ਵੇਖ ਸਈ, ਮੈਂ ਕਿੱਡੇ ਉਚੇ-ਲੰਮੇ, ਮੋਟੇ ਜਾਗੀਰਦਾਰ ਨੂੰ ਯਖ਼ ਕਰ ਕੇ ਰਖ ਦਿਤੈ! ਤੇ ਕਿੱਡੇ ਨਿੱਘੇ ਕੋਟ ਹੇਠਾਂ ਮੈਂ ਰੀਂਗ ਵੜਿਆ ਸਾਂ! ਤੈਥੋਂ ਇੰਜ ਕਦੀ ਨਹੀਂ ਹੋ ਸਕਣਾ! ਤੈਥੋਂ ਏਡੇ ਵਡੇ ਤੇ ਤਕੜੇ ਜੁੱਸੇ ਵਾਲਾ ਬੰਦਾ ਯਖ਼ ਕਦੀ ਨਹੀਂ ਹੋਣਾ!"

ਬੁੱਢਾ ਕੱਕਰ ਮੁਸਕਰਾਇਆ।

"ਸ਼ੇਖੀਖੋਰਿਆ!" ਉਹਨੇ ਆਖਿਆ। "ਏਡੀ ਕਾਹਲ ਨਾ ਕਰ, ਆਪਣੇ ਜ਼ੋਰ ਤੇ ਹਿੰਮਤ ਦੀਆਂ ਫੜਾਂ ਮਾਰਨ ਦੀ। ਠੀਕ ਏ, ਤੂੰ ਓਸ ਮੋਟੇ ਜਾਗੀਰਦਾਰ ਨੂੰ ਯਖ਼ ਕਰ ਦਿਤਾ ਤੇ ਉਹਦੇ ਗਰਮ ਕੋਟ ਹੇਠ ਵੜ ਗਿਉਂ। ਪਰ ਇਹ ਤੂੰ ਕੋਈ ਮਲ ਨਹੀਂ ਮਾਰ ਲਈ। ਓਧਰ ਵੇਖ। ਪਾਟੇ-ਪੁਰਾਣੇ ਕੋਟ ਵਾਲਾ ਮਾੜਚੂ ਜਿਹਾ ਉਹ ਜਟ ਵੇਖਿਆ ਈ, ਮਾੜਚੂ ਜਿਹੇ ਘੋੜੇ 'ਤੇ ਚੜ੍ਹਿਆ ਜਾਂਦੈ।"

"ਆਹਖੋ, ਵੇਖਿਐ।"

"ਠੀਕ, ਉਹ ਲੱਕੜਾਂ ਵੱਢਣ ਜੰਗਲ 'ਚ ਜਾ ਰਿਹੈ। ਕੋਸ਼ਿਸ਼ ਕਰ ਖਾਂ, ਉਹਨੂੰ ਯਖ਼ ਕਰਨ ਦੀ। ਜੇ ਕਾਮਯਾਬ ਹੋ ਗਿਉਂ, ਤਾਂ ਮੈਂ ਮੰਨ ਜਾਂਗਾ, ਜਦੋਂ ਆਖੇਂਗਾ, ਤੂੰ ਬੜੇ ਜ਼ੋਰ ਵਾਲਾ ਏਂ।"

"ਵਾਹ! ਕਮਾਲ ਕਰ ਦਿਤੀ ਆ!" ਜਵਾਨ ਕੱਕਰ ਚਿਲਕਿਆ। "ਇਹਨੂੰ ਤਾਂ ਮੈਂ ਇਕੋ ਪਲ 'ਚ ਯਖ਼ ਕਰਕੇ ਰਖ ਦਿਆਂਗਾ!"

ਤੇ ਜਵਾਨ ਕੱਕਰ ਉਪਰ ਹਵਾ ਵਿਚ ਉਠਿਆ ਤੇ ਜਟ ਨੂੰ ਜਾ ਰਲਣ ਲਈ ਉਡ ਪਿਆ। ਉਹ ਉਹਨੂੰ ਜਾ ਰਲਿਆ ਤੇ ਉਹਦੇ ਉਤੇ ਟੁਟ ਪਿਆ, ਪਿਛੇ ਪੈ ਗਿਆ ਤੇ ਉਹਨੂੰ ਜ਼ਿਚ ਕਰਨ ਲਗ ਪਿਆ। ਉਹ ਉਹਦੇ

ਉਤੇ ਕਦੀ ਇਕ ਪਾਸਿਉਂ ਉਡ ਕੇ ਪੈਂਦਾ ਤੇ ਕਦੀ ਦੂਜੇ ਪਾਸਿਉਂ, ਪਰ ਜਟ ਘੋੜਾ ਹਿੱਕੀ ਗਿਆ ਤੇ ਉਕਾ ਨਾ ਅਟਕਿਆ। ਫੇਰ ਜਵਾਨ ਕੱਕਰ ਉਹਦੇ ਪੈਰਾਂ ਨੂੰ ਚੂੰਡਣ ਲਗਾ, ਪਰ ਕਿਸਾਨ ਸਲੇਜ ਵਿਚੋਂ ਕੁਦ ਖਲੋਤਾ ਤੇ ਘੋੜੇ ਦੇ ਨਾਲ-ਨਾਲ ਭੱਜਣ ਲਗ ਪਿਆ।

"ਠਹਿਰ ਜਾ ਤੂੰ!" ਜਵਾਨ ਕੱਕਰ ਨੇ ਸੋਚਿਆ। "ਤੈਨੂੰ ਜੰਗਲ 'ਚ ਯਖ਼ ਕਰਾਂਗਾ।"

ਜਦੋਂ ਜੰਗਲ ਵਿਚ ਪਹੁੰਚਿਆ, ਉਹਨੇ ਆਪਣਾ ਕੁਹਾੜਾ ਕਢਿਆ ਤੇ ਕੇਲੋਂ ਤੇ ਬਰਚ ਦੇ ਦਰਖ਼ਤਾਂ ਨੂੰ ਇੰਜ ਵੱਢਣ ਲਗਾ ਕਿ ਚੌਹਾਂ ਪਾਸੇ ਛੌਡੇ ਉਡਣ ਲਗੇ!

ਤੇ ਜਵਾਨ ਕੱਕਰ ਨੇ ਉਹਨੂੰ ਚੈਨ ਨਾ ਲੈਣ ਦਿਤਾ। ਉਹਨੇ ਉਹਨੂੰ ਹੱਥਾਂ ਤੇ ਲੱਤਾਂ ਤੋਂ ਫੜ ਲਿਆ ਤੇ ਉਹਦੇ ਗਲਮੇ ਵਿਚ ਜਾ ਵੜਿਆ...

ਪਰ ਜਵਾਨ ਕੱਕਰ ਜਿੰਨਾ ਬਹੁਤਾ ਜ਼ੋਰ ਜਟ ਨੂੰ ਯਖ਼ ਕਰਨ ਲਈ ਲਾਂਦਾ, ਓਨੇ ਬਹੁਤੇ ਜ਼ੋਰ ਨਾਲ ਹੀ ਜਟ ਕੁਹਾੜੇ ਨੂੰ ਘੁਮਾ ਕੇ ਮਾਰਦਾ ਤੇ ਓਨੇ ਬਹੁਤੇ ਹੀ ਉਹ ਦਰਖ਼ਤ ਵਢ ਧਰਦਾ। ਅਖ਼ੀਰ ਵਿਚ, ਉਹਨੂੰ ਏਨੀ ਗਰਮੀ ਲੱਗਣ ਲਗ ਪਈ ਕਿ ਉਹਨੇ ਆਪਣੇ ਦਸਤਾਨੇ ਹੀ ਲਾਹ ਛੱਡੇ।

ਜਵਾਨ ਕੱਕਰ ਓਨਾ ਚਿਰ ਜਟ ਦੇ ਪਿਛੇ ਪਿਆ ਰਿਹਾ, ਜਿੰਨਾ ਚਿਰ ਉਹ ਉਕਾ ਥਕ-ਟੁਟ ਨਾ ਗਿਆ।

"ਕੋਈ ਗਲ ਨਹੀਂ," ਉਹ ਦਿਲ ਵਿਚ ਕਹਿਣ ਲਗਾ। "ਹਰਾ ਤੈਨੂੰ ਮੈਂ ਲੈਣਾ ਈ ਏ। ਜਦੋਂ ਘਰ ਜਾ ਰਿਹਾ ਹੋਵੇਂਗਾ, ਹੱਡੀਆਂ ਤਕ ਠਾਰ ਦੇਣੈਂ ਤੈਨੂੰ ਮੈਂ।"

ਜਵਾਨ ਕੱਕਰ ਸਲੇਜ ਵਲ ਭਜਿਆ, ਤੇ ਜਟ ਦੇ ਦਸਤਾਨੇ ਵੇਖ, ਰੀਂਗ ਉਹਨਾਂ ਅੰਦਰ ਜਾ ਵੜਿਆ। ਉਹ ਓਥੇ ਬੈਠਾ ਰਿਹਾ, ਤੇ ਦਿਲ ਹੀ ਦਿਲ ਵਿਚ ਇਹ ਕਹਿੰਦਾ, ਹੱਸਣ ਲਗਾ:

"ਵੇਖਨਾਂ, ਜਟ ਆਪਣੇ ਦਸਤਾਨੇ ਕਿਵੇਂ ਪਾਂਦੈ। ਏਨਾ ਅਕੜਾ ਦਿਤੈ ਮੈਂ ਇਹਨਾਂ ਨੂੰ ਕਿ ਅੰਦਰ ਉਂਗਲਾਂ ਵੀ ਨਹੀਂ ਵਾੜੀਆਂ ਜਾ ਸਕਦੀਆਂ!"

ਜਵਾਨ ਕੱਕਰ ਜਟ ਦੇ ਦਸਤਾਨਿਆਂ ਵਿਚ ਬੈਠਾ ਰਿਹਾ ਤੇ ਜਟ ਲੱਕੜਾਂ ਵਢਦਾ ਰਿਹਾ। ਲਗਦਾ ਸੀ, ਉਹਨੂੰ ਹੋਰ ਕਿਸੇ ਚੀਜ਼ ਦਾ ਖਿਆਲ ਤਕ ਨਹੀਂ ਸੀ ਆ ਰਿਹਾ। ਉਹ ਓਨਾ ਚਿਰ ਵਢਦਾ ਗਿਆ, ਜਿੰਨੇ ਚਿਰ ਤਕ ਉਹਨੇ ਪੂਰੇ ਗੱਡੇ ਜਿੰਨਾ ਲਾਦਾ ਤਿਆਰ ਨਾ ਕਰ ਲਿਆ।

"ਹੁਣ," ਜਟ ਨੇ ਆਖਿਆ, "ਘਰ ਜਾ ਸਕਨਾਂ ਮੈਂ।"

ਉਹਨੇ ਆਪਣੇ ਦਸਤਾਨੇ ਫੜੇ, ਤੇ ਉਹਨਾਂ ਨੂੰ ਪਾਣ ਦਾ ਜਤਨ ਕਰਨ ਲਗਾ, ਪਰ ਉਹ ਪੱਥਰ ਵਾਂਗ ਪੀਡੇ ਆਕੜੇ ਹੋਏ ਸਨ।

"ਹੱਛਾ, ਤੇ ਹੁਣ ਕੀ ਕਰੇਂਗਾ?" ਜਵਾਨ ਕੱਕਰ ਹਸਦਿਆਂ ਸੋਚਣ ਲਗਾ।

ਪਰ ਜਟ ਨੇ ਇਹ ਵੇਖ ਕਿ ਉਹਦੇ ਤੋਂ ਦਸਤਾਨੇ ਨਹੀਂ ਸਨ ਪੈ ਰਹੇ, ਆਪਣਾ ਕੁਹਾੜਾ ਫੜਿਆ ਤੇ ਦਸਤਾਨਿਆਂ ਉਤੇ ਇਕਸਾਰ ਸੱਟਾਂ ਮਾਰਨ ਲਗਾ।

ਜਟ ਕੁਹਾੜੇ ਨਾਲ ਦਸਤਾਨਿਆਂ ਉਤੇ ਫਾਂਹ-ਫਾਂਹ ਮਾਰਦਾ ਗਿਆ, ਤੇ ਜਵਾਨ ਕੱਕਰ ਉਹਨਾਂ ਅੰਦਰ ਊਈ-ਊਈ ਕਰਦਾ ਗਿਆ।

ਤੇ ਜਟ ਨੇ ਜਵਾਨ ਕੱਕਰ ਨੂੰ ਏਡਾ ਸਖ਼ਤ ਕੁਟਾਪਾ ਚਾੜ੍ਹਿਆ ਕਿ ਉਹ, ਅਧ-ਮੋਇਆ ਹੋ, ਜਟ ਤੋਂ ਭਜ ਨਿਕਲਿਆ।

ਘੋੜੇ ਨੂੰ ਕੂਕਾਂ ਮਾਰ-ਮਾਰ ਹਿਕਦਾ, ਜਟ ਲੱਕੜ ਲੈ ਘਰ ਵਲ ਨੂੰ ਹੋ ਪਿਆ। ਤੇ ਜਵਾਨ ਕੱਕਰ ਹਾਇ-ਹਾਇ ਕਰਦਾ, ਪੈਰ ਘੜੀਸਦਾ ਆਪਣੇ ਪਿਓ ਵਲ ਚਲ ਪਿਆ।

ਬੁੱਢੇ ਕੱਕਰ ਨੇ ਜਵਾਨ ਕੱਕਰ ਨੂੰ ਤਕਿਆ ਤੇ ਉਹਦਾ ਹਾਸਾ ਨਿਕਲ ਗਿਆ।

"ਕੀ ਹੋਇਆ ਈ, ਪੁਤਰਾ," ਉਹਨੇ ਪੁਛਿਆ, "ਇੰਜ ਪੈਰ ਕਿਉਂ ਘੜੀਸਦਾ ਆ ਰਿਹੈਂ ?"

"ਜਟ ਨੂੰ ਯਖ਼ ਕਰਦਿਆਂ-ਕਰਦਿਆਂ ਬਿਲਕੁਲ ਚੂਰ ਹੋ ਗਿਆਂ।"


"ਤੇ ਏਡੀ ਬੁਰੀ ਤਰ੍ਹਾਂ ਹਾਇ-ਹਾਇ ਕਿਉਂ ਕਰ ਰਿਹੈਂ ?"

"ਕੌਣ ਨਾ ਕਰਦਾ, ਜੇ ਮੇਰੀ ਥਾਂ ਹੁੰਦਾ ਤਾਂ! ਜਟ ਨੇ ਜਿਹੜੀ ਧੈਂਬੜ ਚਾੜ੍ਹੀ ਏ, ਉਹਦੇ ਨਾਲ ਮੇਰੇ ਪਾਸੇ ਪੀੜ ਕਰ ਰਹੇ ਨੇ।"

"ਵੇਖ ਪੁਤਰਾ, ਇਸ ਤੋਂ ਸਬਕ ਸਿਖ। ਵਿਹਲੜ ਜਾਗੀਰਦਾਰਾਂ ਨੂੰ ਮਰੋੜਾ ਚਾੜ੍ਹਨਾ ਤਾਂ ਸੌਖਾ ਏ, ਪਰ ਜਟ ਨੂੰ ਕੋਈ ਨਹੀਂ ਹਰਾ ਸਕਦਾ। ਤੇ ਇਹ ਗਲ ਕਦੀ ਨਾ ਭੁੱਲੀਂ!"

# ਜਾਗੀਰਦਾਰ ਘੋੜਾ ਕਿਵੇਂ ਬਣਾ ਦਿਤਾ ਗਿਆ

ਲਤਵੀਅਨ ਪਰੀ-ਕਹਾਣੀ



ਪੁਰਾਣੇ ਜ਼ਮਾਨੇ ਵਿਚ ਇਕ ਜ਼ਾਲਮ ਜਾਗੀਰਦਾਰ ਹੁੰਦਾ ਸੀ। ਉਹ ਆਪਣੇ ਕਾਮਿਆਂ ਦਾ ਕਦੀ ਵੀ ਲਿਹਾਜ਼ ਨਹੀਂ ਸੀ ਕਰਦਾ, ਤੇ ਉਹਨਾਂ ਤੋਂ ਓਨਾ ਚਿਰ ਕੰਮ ਕਰਵਾਈ ਜਾਂਦਾ, ਜਿੰਨਾ ਚਿਰ ਉਹ ਅਧ-ਮੋਏ ਨਾ ਹੋ ਜਾਂਦੇ। ਦਿਨ-ਦਿਹਾਰ ਨੂੰ ਵੀ ਉਹਨਾਂ ਨੂੰ ਉਹ ਆਰਾਮ ਨਾ ਕਰਨ ਦੇਂਦਾ।

ਇਕ ਦਿਨ ਸਵੇਰੇ, ਜਦੋਂ ਕੋਈ ਵਡਾ ਤਿਹਾਰ ਸੀ, ਤੇ ਬਹੁਤੇ ਲੋਕਾਂ ਨੇ ਆਪਣਾ ਕੰਮ-ਕਾਜ ਛਡਿਆ ਹੋਇਆ ਸੀ, ਜਾਗੀਰਦਾਰ ਨੇ ਆਪਣੇ ਕਾਮਿਆਂ ਨੂੰ ਦਾਣਿਆਂ ਦੀ ਗਹਾਈ ਲਈ ਕੋਠੇ ਨੂੰ ਘਲਿਆ।

ਏਧਰ ਕਾਮੇ ਸਾਰਾ ਦਿਨ ਤੇ ਸਾਰੀ ਰਾਤ ਗਹਾਈ ਕਰਦੇ ਰਹੇ ਸਨ ਤੇ ਉਹ ਏਨੇ ਥੱਕੇ ਹੋਏ ਸਨ ਕਿ ਉਹਨਾਂ ਤੋਂ ਖਲੋਤਾ ਵੀ ਨਹੀਂ ਸੀ ਜਾ ਰਿਹਾ।

ਉਹਨਾਂ ਕੰਮ ਸ਼ੁਰੂ ਹੀ ਕੀਤਾ ਸੀ ਕਿ ਜਾਗੀਰਦਾਰ ਇਕ ਸੋਟੀ ਫੜੀ ਕੋਠੇ ਅੰਦਰ ਆਪ ਆ ਦਮਕਿਆ। ਉਹਨੂੰ ਆਪਣੇ ਕਾਮੇ ਬਹੁਤ ਹੀ ਜਿੱਲੇ ਲਗੇ, ਤੇ ਉਹ ਸੋਟੀ ਉਗਰਦਾ ਉਹਨਾਂ ਉਤੇ ਟੁਟ ਪਿਆ, ਡਰਾਵੇ ਦੇਣ ਲਗਾ ਤੇ ਗਾਲ੍ਹਾਂ ਕੱਢਣ ਲਗਾ।

"ਲਫ਼ੰਗਿਉ!" ਉਹ ਕੜਕਿਆ। "ਜਿੰਨਾ ਚਿਰ ਸਾਰੀ ਰਈ ਗਾਹ ਨਾ ਲਵੋ, ਕੋਠੇ 'ਚੋਂ ਬਾਹਰ ਪੈਰ ਨਹੀਂ ਧਰ ਸਕਦੇ ਤੁਸੀਂ!"

ਕਾਮਿਆਂ ਨੇ ਫਲ੍ਹੇ ਨਾਲ ਜੋਣ ਲਈ ਇਕ ਘੋੜਾ ਮੰਗਿਆ, ਤਾਂ ਜੁ ਕੰਮ ਛੇਤੀ ਨਬੇੜਿਆ ਜਾ ਸਕੇ।

"ਕੀ ਕਿਹਾ ਜੇ!?" ਜਾਗੀਰਦਾਰ ਗੜਕਿਆ। "ਘੋੜਾ ਦਿਆਂ ਤੁਹਾਨੂੰ?... ਜੇ ਫੇਰ ਕਿਸੇ ਨੇ ਇਹੋ ਜਿਹੀ ਚੀਜ਼ ਦਾ ਨਾਂ ਲਿਆ, ਤਾਂ ਮੈਂ ਆਪਣੇ ਖ਼ਾਲੀ ਹੱਥਾਂ ਨਾਲ ਈ ਤੁਹਾਡੀ ਇਕ-ਇਕ ਲਫ਼ੰਗੇ ਦੀ ਸੰਘੀ ਨੱਪ ਛਡਣੀ ਏ! ਘੋੜਾ ਤੁਹਾਨੂੰ ਮੇਰੇ ਕੋਲੋਂ ਨਹੀਂ ਮਿਲਣ ਲਗਾ! ਘੋੜੇ ਨੇ ਆਰਾਮ ਕਰਨੈਂ। ਕੰਮ ਤੁਸੀਂ ਆਪੇ ਈ ਨਿਬੇੜ ਸਕਦੇ ਹੋ।"

ਤੇ ਚੰਗਾ ਸੰਘ ਪਾੜ, ਜਾਗੀਰਦਾਰ ਨੇ ਗਹਾਈ ਵਾਲੇ ਕੋਠੇ ਵਿਚੋਂ ਨਿਕਲਣ ਦੀ ਕੀਤੀ, ਇਸ ਲਈ ਕਿ ਘੱਟਾ ਫੱਕਣ ਵਿਚ ਕੋਈ ਬਹੁਤਾ ਸੁਆਦ ਨਹੀਂ ਹੁੰਦਾ।

ਅਜੇ ਉਹ ਨਿਕਲਿਆ ਹੀ ਸੀ ਕਿ ਕਾਮਿਆਂ ਦੇ ਕੰਨੀਂ ਕਿਸੇ ਦੀ ਆਵਾਜ਼ ਪਈ:

"ਓਏ ਤੇਰੀ! ਠਹਿਰ! ਓਏ ਤੇਰੀ!..."

ਫੇਰ ਇਕ ਘੋੜੇ ਨੇ ਹਿਣ-ਹਿਣ ਕੀਤੀ ਤੇ ਇਕ ਲਗਾਮ ਛਣਕੀ। ਸਾਫ਼ ਪਤਾ ਲਗਦਾ ਪਿਆ ਸੀ, ਕਿਸੇ ਘੋੜੇ ਨੂੰ ਜੋਇਆ ਜਾ ਰਿਹਾ ਸੀ।

ਕੌਣ ਜੋ ਰਿਹਾ ਹੋਵੇਗਾ?

ਚਾਣਚਕ ਹੀ ਕੋਠੇ ਵਿਚ ਇਕ ਬਿਰਧ ਆਦਮੀ ਨੇ ਪੈਰ ਧਰਿਆ। ਉਹ ਬਹੁਤ ਹੀ ਵਡੇਰੀ ਉਮਰ ਦਾ ਸੀ, ਉਹਦੀ ਲੰਮੀ ਚਿੱਟੀ ਦਾੜ੍ਹੀ ਸੀ ਤੇ ਬਿਜਲੀ ਵਾਂਗ ਚਮਕਦੀਆਂ ਅੱਖਾਂ। ਉਹਦੇ ਪਿਛੇ, ਲਗਾਮ ਤੋਂ ਪੱਕੀ ਤਰ੍ਹਾਂ ਨਾਲ ਲਿਆਇਆ ਜਾ ਰਿਹਾ, ਇਕ ਤਕੜਾ ਕੁਮੈਤ ਘੋੜਾ ਸੀ।

ਬਿਰਧ ਆਦਮੀ ਨੇ ਇਹ ਕਹਿੰਦਿਆਂ ਕਾਮਿਆਂ ਨੂੰ ਬੰਦਗੀ ਕੀਤੀ:

"ਐਹ ਲੋ ਘੋੜਾ। ਫਲ੍ਹੇ ਅਗੇ ਜੋ ਲਓ ਤੇ ਸਖ਼ਤ ਤੋਂ ਸਖ਼ਤ ਕੰਮ ਲਈ ਵਰਤੋ ਸੂ। ਜਦੋਂ ਜੰਗਲ 'ਚ ਜਾਓ, ਲੱਕੜ ਗਡਿਆਂ 'ਤੇ ਢੇਰ ਨਾ ਕਰੋ, ਸਗੋਂ ਜਦੋਂ ਕੋਈ ਦਰਖ਼ਤ ਵਢ ਲਵੋ, ਉਹਦੀ ਟੀਸੀ ਨਾਲ ਘੋੜੇ ਨੂੰ ਬੰਨ੍ਹ ਦਿਓ, ਤੇ ਟਾਹਿਣਾਂ, ਟਹਿਣੀਆਂ ਤੇ ਬਾਕੀ ਸਭ ਕੁਝ ਸਮੇਤ ਦਰਖ਼ਤ ਨੂੰ ਜਾਗੀਰਦਾਰ ਦੇ ਘਰ ਧਰੀਕ ਲਿਆਣ ਦਿਓ ਸੂ। ਜੇ ਅੜੇ ਤੇ ਕੰਮ ਤੋਂ ਨਾਂਹ ਕਰੇ, ਤੇ ਬੇ-ਤਰਸੀ ਨਾਲ ਛਾਂਟੇ ਮਾਰੋ ਸੂ, ਪਰਵਾਹ ਨਾ ਕਰਨਾ ਛਾਂਟੇ ਕਿੰਨੇ ਵਜਦੇ ਨੇ! ਪਾਸਿਆਂ 'ਤੇ ਮਾਰੋ ਸੂ ਤੇ ਪਿਠ 'ਤੇ ਮਾਰੋ ਸੂ, ਪਰ ਧਿਆਨ ਰਖਣਾ, ਸਿਰ ਨੂੰ ਨਹੀਂ ਜੇ ਛੂਹਣਾ! ਤੇ ਖਾਣ ਨੂੰ ਕੁਝ ਨਾ ਦੇਣਾ ਸੂ। ਜਦੋਂ ਸ਼ਾਮੀਂ ਤਬੇਲੇ 'ਚ ਇਹਨੂੰ ਇਹਦੀ ਖੁਰਲੀ ਵਲ ਲਿਜਾਓ, ਤਾਂ ਵਧਰੀਆਂ ਨਾਲ ਉਤੋਂ ਛਤ ਤੋਂ ਲਮਕਾ ਦਿਓ ਸੂ। ਦਿਨ ਦੇ ਕੰਮ ਪਿਛੋਂ ਰਾਤ ਭਰ ਲਮਕੇ ਰਹਿਣ ਦਿਓ ਸੂ। ਫਾਇਦਾ ਹੋਏਗਾ ਸੂ ਇਹਦਾ।"

ਇਹ ਲਫਜ਼ ਕਹਿ ਬਿਰਧ ਆਦਮੀ ਅਲੋਪ ਹੋ ਗਿਆ।

ਘੋੜੇ ਨੇ ਉਚੀ-ਉਚੀ ਹਿਣ-ਹਿਣ ਕੀਤੀ ਤੇ ਉਹਦੀ ਆਵਾਜ਼ ਦਾ ਲਹਿਜਾ ਜਾਗੀਰਦਾਰ ਦੀ ਆਵਾਜ਼ ਦੇ ਲਹਿਜੇ ਨਾਲ ਏਨਾ ਰਲਦਾ ਸੀ ਕਿ ਕਾਮਿਆਂ ਨੇ ਬੁਝ ਲਿਆ, ਉਹ ਘੋੜਾ ਕਿਸ ਕਿਸਮ ਦਾ ਸੀ।

"ਇਹ ਆਪ ਗਰਜ ਤੇ ਬਿਜਲੀ ਦਾ ਦੇਵਤਾ, ਬੁਢਾ ਬਾਪੂ ਪੇਰਕੋਨ, ਹੋਣੈਂ, ਜਿਹੜਾ ਇਹਨੂੰ ਏਥੇ ਲਿਆਇਐ!" ਉਹਨਾਂ ਆਖਿਆ। "ਤੇ ਪੇਰਕੋਨ ਦਾ ਹੁਕਮ ਮੰਨਣਾ ਈ ਪਏਗਾ। ਘੋੜੇ ਨਾਲ ਜੁ ਕੁਝ ਕਰਨ ਨੂੰ ਉਹਨੇ ਕਿਹੈ, ਉਹ ਅਸੀਂ ਕਰਾਂਗੇ।"

ਤੇ ਉਹਨਾਂ ਕੁਮੈਤ ਨੂੰ ਫਲ੍ਹੇ ਅਗੇ ਜੋ ਲਿਆ ਤੇ ਇਕਦਮ ਕੰਮੀਂ ਲਗ ਗਏ। ਘੋੜਾ ਜ਼ਿੱਦਲ ਸੀ, ਉਹ ਹੀਂ-ਹੀਂ ਤੇ ਹਿਣ-ਹਿਣ ਕਰਦਾ, ਪੌੜ ਮਾਰਦਾ ਤੇ ਧੌਣ ਮਰੋੜਦਾ: ਅਸਲੋਂ ਸਾਫ਼ ਦਿਸ ਰਿਹਾ ਸੀ, ਉਹ ਕੰਮ ਨਹੀਂ ਸੀ ਕਰਨਾ ਚਾਹੁੰਦਾ। ਪਰ ਉਹਨਾਂ ਕੋਈ ਪਰਵਾਹ ਨਾ ਕੀਤੀ ਤੇ ਉਹਨਾਂ ਚੰਗਾ ਫੈਂਟਾ ਚਾੜ੍ਹਿਆ, ਤਾਂ ਜੁ ਉਹ ਅਗੋਂ ਹੋਰ ਨਾ ਅਟਕੇ।

ਤੇ ਉਸ ਦਿਨ ਪਿਛੋਂ ਰੋਜ਼ ਇੰਜ ਹੀ ਚਲਦਾ ਰਿਹਾ। ਜਦੋਂ ਕਦੀ ਵੀ ਔਖੇ ਤੋਂ ਔਖਾ ਕੰਮ ਕਰਨਾ ਹੁੰਦਾ, ਉਹ ਜ਼ਰੂਰ ਹੀ ਕੁਮੈਤ ਨੂੰ ਜੋਂਦੇ। ਤੇ ਜੇ ਉਹ ਅਟਕਦਾ, ਉਹ ਛਾਂਟੇ ਤੇ ਸੀਖਾਂ ਲੇ ਉਹਨੂੰ ਬੇਤਰਸੀ ਨਾਲ ਮਾਰਦੇ।

ਘੋੜਾ ਸਾਹ ਲਏ ਬਿਨਾਂ ਸਾਰਾ ਦਿਨ ਕੰਮੀਂ ਜੁੱਟਾ ਰਹਿੰਦਾ, ਤੇ ਜਦੋਂ ਰਾਤ ਪੈਂਦੀ ਉਹਨੂੰ ਉਹਦੀ ਖੁਰਲੀ ਕੋਲ ਲਿਜਾਇਆ ਜਾਂਦਾ ਤੇ ਅਗਲੀ ਸਵੇਰ ਤਕ ਲਮਕੇ ਰਹਿਣ ਲਈ ਵਧਰੀਆਂ ਨਾਲ ਛਤ ਉਤੇ ਟੰਗ ਦਿਤਾ ਜਾਂਦਾ।

ਨਾ ਹੀ ਉਹਨੂੰ ਕੁਝ ਖਾਣ ਨੂੰ ਦਿਤਾ ਗਿਆ। ਜਿੰਨਾ ਵੀ ਚਿਰ ਉਹ ਕੰਮ ਕਰਦਾ ਰਿਹਾ, ਓਨੇ ਚਿਰ

ਵਿਚ ਉਹ ਸਿਆਲ ਰੁੱਤੇ ਇਕ ਗੱਡੇ ਤੋਂ ਪਰਾਲੀ ਦਾ ਇਕ ਰੁੱਗ ਹੀ ਚੁਰਾ ਸਕਿਆ ਤੇ ਹੁਨਾਲ ਰੁੱਤੇ ਵਾੜ੍ਹ ਹੇਠਾਂ ਉੱਗੇ ਕੁਝ ਕੰਡਿਆਲੇ ਬੂਟਿਆਂ ਨੂੰ ਮੂੰਹ ਹੀ ਮਾਰ ਸਕਿਆ, ਤੇ ਇਸ ਤੋਂ ਵਧ ਹੋਰ ਕੁਝ ਨਾ।

ਹੋਇਆ ਕੀ ਕਿ ਅਸਲੋਂ ਓਸੇ ਹੀ ਦਿਨ ਜਦੋਂ ਕੁਮੈਤ ਘੋੜਾ ਆਇਆ ਸੀ, ਜ਼ਾਲਮ ਜਾਗੀਰਦਾਰ ਅਲੋਪ ਹੋ ਗਿਆ ਸੀ। ਉਹਦੀ ਵਹੁਟੀ ਨੇ ਉਹਨੂੰ ਬੜਾ ਢੂੰਡਿਆ, ਪਰ ਉਹਨੂੰ ਉਹ ਲਭ ਨਾ ਸਕਿਆ।

ਪੂਰਾ ਇਕ ਵਰ੍ਹਾ ਲੰਘ ਗਿਆ। ਸ਼ੁਰੂ ਵਿਚ ਤਾਂ ਘੋੜਾ ਜ਼ੋਰ ਵਾਲਾ, ਤਕੜਾ, ਤੇ ਬਾਂਕਾ ਸੀ, ਪਰ ਵਰ੍ਹੇ ਦੇ ਅਖ਼ੀਰ ਤਕ ਉਹ ਮਾਂਦਾ ਪੈ ਗਿਆ ਹੋਇਆ ਸੀ: ਉਹਦੀਆਂ ਅੱਖਾਂ ਅੰਦਰ ਧਸ ਗਈਆਂ ਸਨ, ਮੂੰਹ ਲਮਕ ਆਇਆ ਸੀ, ਪਸਲੀਆਂ ਪਾਸਿਆਂ ਵਿਚੋਂ ਨਿਕਲ ਆਈਆਂ ਸਨ, ਪਿਠ ਅੰਦਰ ਵਲ ਢਹਿ ਪਈ ਸੀ, ਤੇ ਉਹਦੇ ਵਾਲ ਲਿਚਲਿਚੇ ਤੇ ਖਿੰਡਰੇ-ਪੁੰਡਰੇ ਹੋ ਗਏ ਸਨ।

ਇਕ ਦਿਨ ਜਾਗੀਰਦਾਰਨੀ ਨੇ ਘੋੜਾ ਇਹਾਤੇ ਵਿਚ ਤਕਿਆ, ਤੇ ਉਹਨੇ ਮੁਹਤਮਮ ਨੂੰ ਆਖਿਆ:

"ਏਸ ਕੁਲਹਿਣੀ ਟੈਰ ਨੂੰ ਜੰਗਲ 'ਚ ਲੈ ਜਾਓ ਤੇ ਗੋਲੀ ਮਾਰ ਦਿਓ, ਤਾਂ ਚੰਗਾ ਹੋਵੇ। ਕਿਸੇ ਕੰਮ ਦੀ ਨਹੀਂ। ਵੇਖ ਕੇ ਮੇਰਾ ਦਿਲ ਕੱਚਾ ਹੋ ਜਾਂਦੈ!"

ਪਰ ਮੁਹਤਮਮ ਨੇ ਵੀ ਬੁਝ ਲਿਆ, ਉਹ ਕਿਸ ਕਿਸਮ ਦਾ ਘੋੜਾ ਸੀ, ਤੇ ਇਸ ਲਈ ਉਹਨੇ ਉਹਨੂੰ ਨਾ ਮਾਰਿਆ।

ਇਕ ਸਵੇਰੇ, ਕਿਸੇ ਵਡੇ ਦਿਹਾਰ ਵਾਲੇ ਦਿਨ, ਜਦੋਂ ਹਰ ਕੋਈ ਆਰਾਮ ਕਰ ਰਿਹਾ ਸੀ, ਕੁਮੈਤ ਘੋੜਾ ਅਡੋਲ ਹੀ ਆਪਣੀ ਖੁਰਲੀ ਕੋਲੋਂ ਨਿਕਲ ਆਇਆ। ਉਹ ਜਾਗੀਰਦਾਰ ਦੇ ਬਗੀਚੇ ਵਿਚ ਜਾ ਵੀੜਆ ਤੇ ਗੋਭੀ ਖਾਣ ਲਗ ਪਿਆ।

ਜਾਗੀਰਦਾਰਨੀ ਸੈਰ ਲਈ ਬਾਹਰ ਨਿਕਲੀ, ਟਹਿਲਦੀ-ਟਹਿਲਦੀ ਬਾਗੀਚੇ ਵਿਚ ਆਣ ਵੜੀ, ਤੇ ਓਥੇ ਉਹਨੇ ਵੇਖਿਆ ਉਹੀਓ ਕੁਲਹਿਣਾ ਘੋੜਾ ਹਾਬੜਿਆ ਹੋਇਆ ਗੋਭੀ ਦੇ ਪੱਤੇ ਲਾਂਹਦਾ ਤੇ ਅੰਦਰ ਲੰਘਾਂਦਾ ਜਾ ਰਿਹਾ ਸੀ।

ਜਾਗੀਰਦਾਰਨੀ ਨੂੰ ਤਾਅ ਚੜ੍ਹ ਗਿਆ।

"ਓਏ ਨਿਕੰਮਿਆਂ ਵਹਿਸ਼ੀਆ!" ਉਹ ਚਿਲਕੀ। "ਠਹਿਰ ਜਾ ਤੂੰ, ਸਿਖਾਣੀ ਹਾਂ ਤੈਨੂੰ ਸਬਕ!"

ਤੇ ਉਹਨੇ ਇਕ ਮੋਟਾ ਸਾਰਾ ਡੰਡਾ ਚੁਕ, ਠਾਹ ਕਰਦਾ ਘੋੜੇ ਦੇ ਸਿਰ ਉਤੇ ਦੇ ਮਾਰਿਆ! ਤੇ ਹੋਇਆ ਕੀ! ਇਕੋ ਖਿਣ ਵਿਚ ਓਥੇ ਆਪ ਜਾਗੀਰਦਾਰ ਆਣ ਖਲੋਤਾ ਸੀ।

ਜਾਗੀਰਦਾਰ ਨੇ ਮਾਂਦੀ ਤੇ ਬਹੁਤ ਹੀ ਤਰਸ ਵਾਲੀ ਆਵਾਜ਼ ਵਿਚ ਆਖਿਆ:

"ਮੇਰੀਏ ਵਹੁਟੀਏ ਪਿਆਰੀਏ! ਮੈਨੂੰ ਕਿਉਂ ਮਾਰਨੀ ਏਂ? ਜੇ ਮੈਂ ਚਾਰ ਪੱਤੇ ਗੋਭੀ ਦੇ ਖਾ ਲਾਂ, ਤਾਂ ਵੀ ਮਾੜਾ ਲਗਦਾ ਈ?... ਵਰ੍ਹੇ ਦੀ ਭੁਖ ਪਿਛੋਂ ਮੈਨੂੰ ਇਹ ਪੱਤੇ ਆਪਣੇ ਖਾਧੇ ਹੋਏ ਵਧੀਆ ਤੋਂ ਵਧੀਆ ਪਕਵਾਨਾਂ ਨਾਲੋਂ ਵੀ ਮਿੱਠੇ ਲਗਦੇ ਨੇ!"

ਤੇ ਜਾਗੀਰਦਾਰਨੀ ਨੇ ਉਹਨੂੰ ਪਛਾਣ ਲਿਆ, ਤੇ ਉਹ ਉਫ਼-ਉਫ਼ ਤੇ ਹਾਇ-ਹਾਇ ਕਰਨ ਲਗੀ। ਜਾਗੀਰਦਾਰ ਆਪਣੇ ਵਰਗਾ ਉਕਾ ਲਗਦਾ ਹੀ ਨਹੀਂ ਸੀ: ਉਹ ਪਿੰਡੇ ਦਾ ਬਹੁਤ ਪਤਲਾ ਤੇ ਰੰਗ ਦਾ ਬਹੁਤ ਕਾਲਾ ਹੋ ਗਿਆ ਹੋਇਆ ਸੀ, ਉਹਦੀ ਦਾੜ੍ਹੀ ਤੇ ਨਹੁੰ ਬਹੁਤ ਲੰਮੇ ਹੋ ਗਏ ਹੋਏ ਸਨ, ਉਹਦਾ ਸਾਰਾ ਪਿੰਡਾ ਝਰੀਟੋ-ਝਰੀਟ ਹੋਇਆ ਪਿਆ ਸੀ, ਤੇ ਉਹਦੇ ਕਪੜਿਆਂ ਦਾ ਸਿਊਣਾਂ ਤੇ ਲੀਰਾਂ ਤੋਂ ਬਿਨਾਂ ਕੁਝ ਨਹੀਂ ਸੀ ਰਿਹਾ।

ਜਾਗੀਰਦਾਰਨੀ ਨੇ ਉਹਦਾ ਹਥ ਫੜ ਲਿਆ ਤੇ ਅਡੋਲ ਹੀ ਉਹਨੂੰ ਹਵੇਲੀ ਵਿਚ ਲੈ ਗਈ ਤਾਂ ਜੁ ਕੋਈ ਵੇਖ ਨਾ ਲਵੇ।

ਤੇ ਉਸ ਵੇਲੇ ਤੋਂ ਪਿਛੋਂ ਜਾਗੀਰਦਾਰ ਹਮੇਸ਼ਾ ਹੀ ਮਸਕੀਨ ਤੇ ਨਿਰਮਾਣ ਬਣਿਆ ਰਿਹਾ।

# ਕਰਨੀ ਦਾ ਫਲ

## ਏਸਤੋਨੀਅਨ ਪਰੀ-ਕਹਾਣੀ





ਇਕ ਵਾਰੀ ਦੀ ਗਲ ਏ, ਇਕ ਗ਼ਰੀਬ ਬੁੱਢਾ ਰਾਹੀ ਕਿਸੇ ਰਾਹੇ ਜਾ ਰਿਹਾ ਸੀ। ਤਰਕਾਲਾਂ ਪੈ ਗਈਆਂ ਸਨ, ਤੇ ਰਾਤ ਹੋਣ ਵਾਲੀ ਸੀ।

ਬੁੱਢੇ ਨੇ ਆਸਰਾ ਲੈਣ ਦੀ ਸੋਚੀ ਤੇ ਇਕ ਬਹੁਤ ਵਡੇ ਘਰ ਦੀ ਬਾਰੀ ਖੜਕਾਈ।

"ਭਲੇ ਲੋਕੋ, ਮੈਨੂੰ ਰਾਤ ਭਰ ਲਈ ਆਸਰਾ ਦਿਓ!" ਉਹਨੇ ਆਖਿਆ।

ਘਰ ਦੀ ਮਾਲਕਨ, ਜਿਹੜੀ ਇਕ ਰੱਜੀ-ਪੁੱਜੀ ਤੀਵੀਂ ਸੀ, ਉਹਦੀ ਆਵਾਜ਼ ਸੁਣ ਬਾਹਰ ਨਿਕਲੀ ਤੇ ਪ੍ਰਦੇਸੀ ਨੂੰ ਝਿੜਕਣ-ਝਾੜਨ ਲਗ ਪਈ।

"ਕੁੱਤੇ ਛਡ ਦਿਆਂਗੀ ਤੇਰੇ 'ਤੇ!" ਉਹ ਚਿਲਕੀ। "ਫੇਰ ਲੱਗੀਗਾ ਪਤਾ, ਰਾਤ ਲਈ ਆਸਰਾ ਕਿਵੇਂ ਮੰਗੀਦੈ। ਦੂਰ ਹੋ ਜਾ ਏਥੋਂ!"

ਬੁੱਢਾ ਅਗੇ ਟੁਰ ਪਿਆ। ਉਹਨੂੰ ਇਕ ਛੋਟਾ ਜਿਹਾ ਗਰੀਬ ਘਰ ਦਿਸਿਆ, ਤੇ ਉਹਨੇ ਉਹਦੀ ਬਾਰੀ 'ਤੇ ਖੜਾਕ ਕੀਤਾ।

"ਭਲੇ ਲੋਕੋ, ਰਾਤ ਭਰ ਲਈ ਆਸਰਾ ਦਿਓਗੇ ਮੈਨੂੰ?" ਉਹਨੇ ਪੁਛਿਆ।

"ਅੰਦਰ ਲੰਘ ਆ, ਲੰਘ ਆ ਅੰਦਰ!" ਘਰ ਦੀ ਮਾਲਕਣ ਨੇ ਸੁਖਾਵੇਂ ਸਹਿਜੇ ਵਿਚ ਜਵਾਬ ਦਿਤਾ। "ਜੀ ਸਦਕੇ ਰਾਤ ਸਾਡੇ ਕੋਲ ਗੁਜ਼ਾਰ। ਬਸ ਸਿਰਫ਼ ਰੌਲਾ ਹੋਈਗਾ ਤੇ ਥਾਂ ਵੀ ਬਹੁਤੀ ਨਹੀਂ। ਪਿਛੋਂ ਨਾ ਕਹੀਂ।"

ਪ੍ਰਦੇਸੀ ਘਰ ਅੰਦਰ ਆ ਗਿਆ, ਤੇ ਉਹਨੇ ਵੇਖਿਆ, ਪਰਵਾਰ ਬਹੁਤ ਹੀ ਗ਼ਰੀਬ ਸੀ। ਬਹੁਤ ਸਾਰੇ ਬੱਚੇ ਸਨ, ਤੇ ਝੱਗੇ ਜਿਹੜੇ ਉਹਨਾਂ ਪਾਏ ਹੋਏ ਸਨ, ਲੀਰੋ-ਲੀਰ ਤੇ ਘਸੱਡੇ ਹੋਏ ਸਨ।

"ਬਚਿਆਂ ਨੂੰ ਇਹ ਲੀਰਾਂ ਕਿਉਂ ਪਾਈਆਂ ਹੋਈਆਂ ਨੀ?" ਪ੍ਰਦੇਸੀ ਨੇ ਪੁਛਿਆ। "ਨਵੇਂ ਝੱਗੇ ਕਿਉਂ ਨਹੀਂ ਬਣਾ ਦੇਂਦੀ ਇਹਨਾਂ ਨੂੰ?"

"ਕਿਵੇਂ ਬਣਾ ਦਿਆਂ?" ਤੀਵੀਂ ਨੇ ਜਵਾਬ ਦਿਤਾ। "ਘਰ ਵਾਲਾ ਮੇਰਾ ਗੁਜ਼ਰ ਗਿਆ ਹੋਇਐ, ਤੇ ਬੱਚੇ ਮੈਨੂੰ ਆਪਣੇ ਸਿਰ 'ਤੇ ਈ ਪਾਲਣੇ ਪੈ ਰਹੇ ਨੇ... ਕਪੜਿਆਂ ਦੀ ਛੱਡੋ, ਸਾਡੇ ਕੋਲ ਰੋਟੀ ਖਾਣ ਨੂੰ ਵੀ ਪੈਸੇ ਪੂਰੇ ਨਹੀਂ ਹੁੰਦੇ।"

ਪ੍ਰਦੇਸੀ ਨੇ ਉਹਦੀ ਗਲ ਸੁਣੀ ਤੇ ਜਵਾਬ ਵਿਚ ਇਕ ਲਫ਼ਜ਼ ਵੀ ਨਾ ਕਿਹਾ। ਤੇ ਘਰ ਦੀ ਮਾਲਕਣ ਨੇ ਰੋਟੀ ਮੇਜ਼ ਉਤੇ ਪਰੋਸੀ ਤੇ ਉਹਨੂੰ ਆਖਿਆ, ਉਹਨਾ ਨਾਲ ਆ ਬਹੇ।

"ਆ, ਸਾਡੇ ਨਾਲ ਖਾ ਲੈ," ਉਹਨੇ ਆਖਿਆ।

"ਨਹੀਂ, ਸ਼ੁਕਰੀਆ," ਬੁਢੇ ਨੇ ਜਵਾਬ ਦਿਤਾ। "ਮੈਨੂੰ ਭੁਖ ਨਹੀਂ। ਰੋਟੀ ਮੈਂ ਥੋੜਾ ਚਿਰ ਈ ਹੋਇਐ, ਖਾਧੀ ਸੀ।"

ਤੇ ਆਪਣਾ ਝੋਲਾ ਖੋਲ੍ਹ, ਉਹਨੇ ਖਾਣ ਵਾਲੀਆਂ ਜਿੰਨੀਆਂ ਵੀ ਚੀਜ਼ਾਂ ਉਹਦੇ ਕੋਲ ਸਨ, ਕੱਢੀਆਂ ਤੇ ਬਚਿਆਂ ਨੂੰ ਖੁਆ ਦਿਤੀਆਂ। ਇਸ ਪਿਛੋਂ ਉਹ ਲੇਟ ਗਿਆ ਤੇ ਇਕਦਮ ਹੀ ਸੌਂ ਗਿਆ।

ਸਵੇਰੇ ਬੁੱਢਾ ਉਠਿਆ, ਖਾਤਰਦਾਰੀ ਲਈ ਉਹਨੇ ਘਰ ਦੀ ਮਾਲਕਣ ਦਾ ਸ਼ੁਕਰੀਆ ਅਦਾ ਕੀਤਾ ਤੇ ਵਿਦਿਆ ਹੋਣ ਵੇਲੇ ਆਖਿਆ:

"ਜੁ ਤੂੰ ਸਵੇਰੇ ਕਰੇਂ, ਸ਼ਾਮ ਤਕ ਕਰਦੀ ਰਹੇਂ।"

ਤੀਵੀਂ ਨੂੰ ਪ੍ਰਦੇਸੀ ਦੇ ਲਫ਼ਜ਼ਾਂ ਦੀ ਸਮਝ ਨਾ ਪਈ ਤੇ ਉਹਨੇ ਉਹਨਾਂ ਵਲ ਕੋਈ ਧਿਆਨ ਨਾ ਦਿਤਾ। ਉਹ ਉਹਨੂੰ ਫਾਟਕ ਤਕ ਛੱਡਣ ਗਈ ਤੇ ਫੇਰ ਘਰ ਅੰਦਰ ਪਰਤ ਆਈ।

"ਜੇ ਗਰੀਬ ਵੀ ਕਹਿੰਦੇ ਨੇ ਕਿ ਮੇਰੇ ਬੱਚੇ ਲੀਰਾਂ-ਲਮਕਾਂਦੇ ਨੇ, ਤਾਂ ਫੇਰ ਹੋਰ ਕੀ ਕਹਿਣਗੇ!" ਉਹਨੇ ਦਿਲ ਹੀ ਦਿਲ ਵਿਚ ਸੋਚਿਆ।

ਇਸ ਲਈ ਕਿ ਬਹੁਤਿਆਂ ਲਈ ਕਪੜਾ ਨਹੀਂ ਸੀ, ਉਹਨੇ ਘਰ ਪਏ ਹੋਏ ਕਪੜੇ ਦੇ ਅਖ਼ੀਰੀ ਟੋਟੇ ਦਾ ਇਕ ਝੱਗਾ ਬਣਾਣ ਦਾ ਮਤਾ ਪਕਾਇਆ। ਤੇ ਉਹ ਰੱਜੀ-ਪੁੱਜੀ ਗਵਾਂਢਣ ਦੇ ਘਰੋਂ ਗਜ਼ ਮੰਗਣ ਗਈ ਤਾਂ ਜੁ ਉਹ ਕਪੜਾ ਮਾਪ ਤੇ ਵੇਖ ਸਕੇ ਕਿ ਉਹ ਇਕ ਝੱਗੇ ਜਿੰਨਾ ਵੀ ਹੈ ਸੀ ਜਾਂ ਨਹੀਂ।

ਗਵਾਂਢਣ ਦੇ ਘਰੋਂ ਆ ਉਹ ਇਕਦਮ ਆਪਣੇ ਸਟੋਰ ਵਿਚ ਗਈ। ਉਹਨੇ ਫੱਟੇ ਤੋਂ ਕਪੜੇ ਦਾ ਟੋਟਾ ਚੁਕਿਆ ਤੇ ਉਹਨੂੰ ਮਾਪਣ ਲਗੀ। ਜਿਵੇਂ ਹੀ ਉਹ ਮਾਪਣ ਲਗੀ, ਕਪੜਾ ਵੱਡਾ ਤੇ ਹੋਰ ਵਡਾ ਹੁੰਦਾ ਗਿਆ, ਤੇ ਲਗਦਾ ਸੀ ਕਿ ਉਹਦਾ ਦੂਜਾ ਸਿਰਾ ਕਦੀ ਆਉਣ ਹੀ ਨਹੀਂ ਲਗਾ! ਸਾਰਾ ਦਿਨ ਉਹ ਕਪੜਾ ਮਾਪਦੀ ਰਹੀ ਤੇ ਚਿਰਾਕਿਆਂ ਸ਼ਾਮ ਨੂੰ ਹੀ ਬਸ ਕਰ ਸਕੀ।

ਹੁਣ ਉਹਨੂੰ ਪਕ ਹੋ ਗਿਆ ਸੀ, ਉਹਦੇ ਕੋਲ ਏਨਾ ਕਪੜਾ ਹੋ ਗਿਆ ਸੀ ਕਿ ਉਹਦੇ ਲਈ ਤੇ ਉਹਦੇ ਬਚਿਆਂ ਲਈ ਬਾਕੀ ਦੀ ਜ਼ਿੰਦਗੀ ਵਾਸਤੇ ਕਾਫ਼ੀ ਸੀ।

"ਤੇ ਪ੍ਰਦੇਸੀ ਦੀ ਗਲ ਦਾ ਮਤਲਬ ਇਹ ਸੀ!" ਉਹਨੇ ਦਿਲ ਵਿਚ ਸੋਚਿਆ।

ਉਸੇ ਹੀ ਸ਼ਾਮੀਂ ਉਹ ਗਜ਼ ਆਪਣੀ ਰੱਜੀ-ਪੁੱਜੀ ਗਵਾਂਢਣ ਨੂੰ ਮੋੜਨ ਗਈ, ਤੇ ਉਹਨੇ, ਬਿਨਾਂ ਕਿਸੇ ਲੁਕਾਅ ਤੋਂ, ਉਹਨੂੰ ਦਸਿਆ, ਕਿਵੇਂ ਪ੍ਰਦੇਸੀ ਦੇ ਕਹਿਣ ਨਾਲ ਉਹਦੇ ਕੋਲ ਕਪੜੇ ਦਾ ਪੂਰਾ ਇਕ ਸਟੋਰ ਹੋ ਗਿਆ ਸੀ।

"ਮੈਂ ਵੀ ਹੱਦ ਕਰ ਛੱਡੀ, ਉਹਨੂੰ ਰਾਤ ਲਈ ਆਸਰਾ ਕਿਉਂ ਨਾ ਦਿਤਾ!" ਰੱਜੀ-ਪੁੱਜੀ ਤੀਵੀਂ ਨੇ ਸੋਚਿਆ, ਤੇ ਉਹਨੇ ਆਪਣੇ ਕਾਮੇ ਨੂੰ ਬੁਲਾਇਆ:

"ਵੇਖ, ਭਲੇ ਆਦਮੀਆਂ, ਫਟਾਫਟ ਘੋੜਾ ਜੋ ਲੈ ਤੇ ਤੇਜ਼-ਤੇਜ਼ ਓਸ ਮੰਗਤੇ ਦੇ ਪਿੱਛੇ ਹੋ ਪਓ। ਹਰ ਹਾਲੇ ਉਹਨੂੰ ਵਾਪਸ ਲਿਆ! ਗਰੀਬਾਂ ਦੀ ਖੁਲ੍ਹੇ ਦਿਲ ਨਾਲ ਮਦਦ ਕਰਨੀ ਚਾਹੀਦੀ ਏ। ਮੈਂ ਸਦਾ ਈ ਕਹਿੰਦੀ ਰਹੀ ਆਂ।"

ਕਾਮਾ ਇਕਦਮ ਬੁੱਢੇ ਦੀ ਭਾਲ ਵਿਚ ਨਿਕਲ ਪਿਆ ਤੇ ਅਗਲੇ ਦਿਨ ਉਹਨੂੰ ਜਾ ਰਲਿਆ। ਪਰ ਬੁੱਢੇ ਨੇ ਵਾਪਸ ਜਾਣ ਤੋਂ ਨਾਂਹ ਕਰ ਦਿਤੀ।

ਕਾਮਾ ਡਾਢਾ ਝੁਰਨ ਲਗਾ:

"ਕਿੱਡਾ ਦੁਖੀ ਆਂ ਮੈਂ ਵੀ!" ਉਹਨੇ ਆਖਿਆ। "ਜੇ ਤੈਨੂੰ ਮੈਂ ਵਾਪਸ ਨਹੀਂ ਲੈ ਜਾਂਦਾ, ਤਾਂ ਮੇਰੀ ਮਾਲਕਣ ਨੇ ਮੈਨੂੰ ਮੇਰੀ ਮਜ਼ੂਰੀ ਦਿਤੇ ਬਿਨਾਂ ਕਢ ਦੇਣੈਂ।"

"ਬਚੜਿਆ, ਕ੍ਰਿਝ ਨਾ," ਬੁਢੇ ਨੇ ਆਖਿਆ। "ਇੰਜ ਈ ਸਹੀ! ਮੈਂ ਤੇਰੇ ਨਾਲ ਜਾਨਾਂ।"

ਤੇ ਗੱਡੇ ਵਿਚ ਚੜ੍ਹ ਉਹ ਕਾਮੇ ਨਾਲ ਹੋ ਪਿਆ।

ਰੱਜੀ-ਪੁੱਜੀ ਤੀਵੀਂ, ਬੇਸਬਰੀ ਦੀ ਤਸਵੀਰ ਬਣੀ, ਫਾਟਕ 'ਤੇ ਖੜੀ ਸੀ। ਉਹ ਬੁੱਢੇ ਨੂੰ ਸਿਰ ਨਿਵਾ ਤੇ ਮੁਸਕਰਾ ਕੇ ਮਿਲੀ, ਤੇ ਉਹਨੂੰ ਘਰ ਅੰਦਰ ਲਿਜਾ, ਖਾਣ ਪੀਣ ਲਈ ਦਿਤਾ ਤੇ ਉਹਦੇ ਲਈ ਆਰਾਮਦੇਹ ਬਿਸਤਰਾ ਵਿਛਾ ਦਿਤਾ ਤੇ ਕਿਹਾ:

"ਬਾਪੂ ਜੀ, ਲੇਟ ਜਾਓ ਤੇ ਆਰਾਮ ਕਰੋ!"

ਬੁੱਢਾ ਰੱਜੀ-ਪੁੱਜੀ ਤੀਵੀਂ ਦੇ ਘਰ ਇਕ ਦਿਨ ਰਿਹਾ, ਇਕ ਦਿਨ ਹੋਰ ਤੇ ਤੀਜਾ ਦਿਨ ਵੀ ਉਹ ਖਾਂਦਾ ਪੀਂਦਾ, ਸੌਂਦਾ ਤੇ ਆਪਣਾ ਪਾਈਪ ਪੀਂਦਾ ਰਿਹਾ। ਘਰ ਦੀ ਮਾਲਕਣ ਨੇ ਉਹਨੂੰ ਖਾਣ ਪੀਣ ਨੂੰ ਦਿਤਾ ਤੇ ਉਹ ਉਹਦੇ ਨਾਲ ਮਿਹਰ ਵਾਲੇ ਲਹਿਜੇ ਵਿਚ ਗੱਲਾਂ ਕਰਦੀ ਰਹੀ, ਪਰ ਅੰਦਰੋਂ ਉਹਨੂੰ ਵੱਟ ਚੜ੍ਹ ਰਿਹਾ ਸੀ।

"ਇਹ ਕਿਸੇ ਨਾ ਕੰਮ ਦਾ ਬੁੱਢਾ ਏਥੋਂ ਨਿਕਲੇਗਾ ਕਦੋਂ!" ਉਹਨੇ ਦਿਲ ਹੀ ਦਿਲ ਵਿਚ ਕਿਹਾ।

ਪਰ ਉਹਨੂੰ ਬੁੱਢੇ ਨੂੰ ਬਾਹਰ ਕਢ ਦੇਣ ਦੀ ਹਿੰਮਤ ਨਹੀਂ ਸੀ ਪੈ ਰਹੀ, ਕਿਉਂ ਜੁ ਇਸ ਤਰ੍ਹਾਂ ਉਹਦੇ ਲਈ ਉਹਨੇ ਜਿੰਨੀ ਵੀ ਮੁਸੀਬਤ ਝਾਗੀ ਸੀ, ਅਜਾਈਂ ਚਲੀ ਜਾਣੀ ਸੀ।

ਜਦੋਂ ਚੌਥੇ ਦਿਨ, ਸਵੱਖਤੇ ਹੀ, ਉਹਨੇ ਬੁੱਢੇ ਨੂੰ ਚੱਲਣ ਲਈ ਤਿਆਰ ਹੁੰਦਾ ਵੇਖਿਆ, ਉਹਦੀ ਖੁਸ਼ੀ ਦੀ ਹੱਦ ਨਾ ਰਹੀ। ਰੱਜੀ-ਪੁੱਜੀ ਤੀਵੀਂ ਉਹਨੂੰ ਬਾਹਰ ਤਕ ਛੱਡਣ ਗਈ। ਬੁੱਢਾ ਚੁਪ-ਚਾਪ ਫਾਟਕ ਵਲ ਹੋ ਪਿਆ ਤੇ ਚੁਪ-ਚਾਪ ਹੀ ਉਹ ਉਹਦੇ ਵਿਚੋਂ ਲੰਘ ਗਿਆ। ਰੱਜੀ-ਪੁੱਜੀ ਤੀਵੀਂ ਤੋਂ ਹੋਰ ਨਾ ਰਿਹਾ ਗਿਆ:

"ਦੱਸੋ, ਅਜ ਮੈਂ ਕੀ ਕਰਾਂ?" ਉਹਨੇ ਪੁਛਿਆ।

ਬੁੱਢੇ ਨੇ ਉਹਦੇ ਵਲ ਤਕਿਆ।

"ਜੁ ਤੂੰ ਸਵੇਰੇ ਕਰੇਂ, ਸ਼ਾਮ ਤਕ ਕਰਦੀ ਰਹੇਂ।"

ਰੱਜੀ-ਪੁੱਜੀ ਤੀਵੀਂ ਨੇ ਘਰ ਅੰਦਰ ਆ ਵੜਨ ਤੇ ਕਪੜਾ ਮਾਪਣ ਲਈ ਗਜ਼ ਫੜਨ ਦੀ ਕੀਤੀ।

ਪਰ ਚਾਣਚਕ ਹੀ ਉਹਨੂੰ ਜ਼ੋਰ ਦੀ ਨਿਛ ਆ ਗਈ, ਏਨੀ ਜ਼ੋਰ ਦੀ ਕਿ ਬਾਹਰ ਹਾਤੇ ਵਿਚ ਚੂਚੇ ਡਰ ਗਏ ਤੇ ਚੌਹਾਂ ਪਾਸੇ ਉਡ ਭੱਜੇ।

ਤੇ ਉਹਨੂੰ, ਅਟਕਿਆਂ ਬਿਨਾਂ, ਸਾਰਾ ਹੀ ਦਿਨ ਨਿੱਛਾਂ ਆਉਂਦੀਆਂ ਰਹੀਆਂ:

"ਆ-ਛੀਂ! ਆ-ਛੀਂ! ਆ-ਛੀਂ!"

ਨਾ ਉਹਦੇ ਕੋਲੋਂ ਖਾਧਾ ਗਿਆ, ਨਾ ਪੀਤਾ, ਨਾ ਹੀ ਕਿਸੇ ਸਵਾਲ ਦਾ ਜਵਾਬ ਦਿਤਾ ਗਿਆ। ਉਹਦੇ ਤੋਂ ਸਿਰਫ਼ ਇਹ ਹੀ ਕਿਹਾ ਜਾਂਦਾ:

"ਆ-ਛੀਂ! ਆ-ਛੀਂ! ਆ-ਛੀਂ!"

ਤੇ ਉਹਨੂੰ ਨਿੱਛਾਂ ਆਉਣੀਆਂ ਤਾਂ ਹੀ ਬੰਦ ਹੋਈਆਂ, ਜਦੋਂ ਸੂਰਜ ਡੁਬ ਗਿਆ ਤੇ ਹਨੇਰਾ ਪੈ ਗਿਆ।

# ਹੀਸੀ ਦਾ ਪੁੜ

### ਕਰੇਲੀ ਪਰੀ-ਕਹਾਣੀ



ਇਕ ਵਾਰੀ ਦੀ ਗਲ ਏ, ਦੋ ਭਰਾ ਹੁੰਦੇ ਸਨ, ਜਿਨ੍ਹਾਂ ਵਿਚ ਇਕ ਤਾਂ ਗ਼ਰੀਬ ਸੀ ਤੇ ਦੂਜਾ ਰੱਜਾ-ਪੁੱਜਾ। ਰੱਜਾ-ਪੁੱਜਾ ਭਰਾ ਗਵਾਂਢੀਆਂ ਨਾਲ ਤਾਂ ਬਣਾ ਕੇ ਰਖਦਾ ਤੇ ਉਹਨਾਂ ਨੂੰ ਖ਼ੁਸ਼ ਕਰਨ ਲਈ ਤਿਆਰ ਰਹਿੰਦਾ, ਪਰ ਖ਼ੁਦ ਆਪਣੇ ਭਰਾ ਨਾਲ ਉਹਦਾ ਵਰਤਾਰਾ ਇਹੋ ਜਿਹਾ ਹੁੰਦਾ, ਜਿਵੇਂ ਉਹਨੂੰ ਜਾਣਦਾ ਹੀ ਨਾ ਹੋਵੇ; ਉਹਨੂੰ ਤੌਖ਼ਲਾ ਲਗਾ ਰਹਿੰਦਾ ਕਿ ਗ਼ਰੀਬ ਭਰਾ ਉਹਦੇ ਤੋਂ ਕੁਝ ਮੰਗਣ ਨੂੰ ਨਾ ਟੁਰਿਆ ਆਵੇ।

ਇੰਜ ਨਹੀਂ ਸੀ ਕਿ ਗ਼ਰੀਬ ਭਰਾ ਰੱਜੇ-ਪੁੱਜੇ ਭਰਾ ਕੋਲ ਮੰਗਣ ਨੂੰ ਹੀ ਟੁਰਿਆ ਰਹਿੰਦਾ ਸੀ।

ਪਰ, ਇਕ ਵਾਰੀ ਜਦੋਂ ਕੋਈ ਦਿਹਾਰ ਆਇਆ, ਤੇ ਉਹਦੇ ਕੋਲ ਘਰ ਕੁਝ ਨਾ ਨਿਕਲਿਆ, ਉਹਦੀ ਘਰ ਵਾਲੀ ਉਹਨੂੰ ਆਖਣ ਲਗੀ:

"ਦਿਹਾਰ ਕਿਵੇਂ ਮਨਾਵਾਂਗੇ? ਭਰਾ ਕੋਲ ਜਾ ਤੇ ਥੋੜਾ ਜਿਹਾ ਮਾਸ ਹੁਦਾਰਾ ਮੰਗ ਲਿਆ। ਕਲ੍ਹ ਉਹਨੇ ਆਪਣਾ ਪਸ਼ੂ ਵੱਢੀਆ ਸੀ, ਮੈਂ ਵੇਖਿਆ ਸੀ ਉਹਨੂੰ।"

ਗ਼ਰੀਬ ਆਦਮੀ ਆਪਣੇ ਭਰਾ ਕੋਲ ਨਹੀਂ ਸੀ ਜਾਣਾ ਚਾਹੁੰਦਾ ਤੇ ਉਹਨੇ ਇਹ ਆਪਣੀ ਘਰ ਵਾਲੀ ਨੂੰ ਵੀ ਕਿਹਾ, ਪਰ ਹੋਰ ਕੋਈ ਥਾਂ ਹੀ ਨਹੀਂ ਸੀ, ਜਿਥੇ ਉਹ ਜਾ ਸਕਦਾ।

ਤੇ ਉਹ ਆਪਣੇ ਰੱਜੇ-ਪੁੱਜੇ ਭਰਾ ਕੋਲ ਗਿਆ ਤੇ ਕਹਿਣ ਲਗਾ:

"ਭਰਾਵਾ, ਮੈਨੂੰ ਥੋੜਾ ਜਿਹਾ ਮਾਸ ਹੁਦਾਰਾ ਦੇ ਦੇ, ਦਿਹਾਰ ਲਈ ਸਾਡੇ ਕੋਲ ਘਰ ਕੁਝ ਵੀ ਨਹੀਂ।"

ਤੇ ਰੱਜੇ-ਪੁੱਜੇ ਭਰਾ ਨੇ ਉਹਦੇ ਵਲ ਗਾਂ ਦਾ ਇਕ ਪੌੜ ਸੁਟਿਆ ਤੇ ਚਿਲਕਿਆ:

"ਔਹ, ਲੈ ਫੜ ਤੇ ਜਾ ਹੀਸੀ, ਜੰਗਲ ਦੇ ਦਿਓ, ਕੋਲ!"

ਗ਼ਰੀਬ ਭਰਾ ਰੱਜੇ-ਪੁੱਜੇ ਭਰਾ ਦੇ ਘਰੋਂ ਨਿਕਲਿਆ ਤੇ ਆਪਣੇ ਆਪ ਨੂੰ ਕਹਿਣ ਲਗਾ:

"ਪੌੜ ਮੈਨੂੰ ਨਹੀਂ ਸੂ ਦਿਤਾ, ਜੰਗਲ ਦੇ ਦਿਓ, ਹੀਸੀ, ਨੂੰ ਦਿਤਾ ਸੂ, ਏਸ ਲਈ ਚੰਗਾ ਹੋਵੇ ਜੇ ਮੈਂ ਇਹਨੂੰ ਹੀਸੀ ਕੋਲ ਈ ਲੈ ਜਾਵਾਂ।"

ਤੇ ਉਹ ਜੰਗਲ ਵਲ ਹੋ ਪਿਆ।

ਉਹਨੂੰ ਜੰਗਲ ਵਿਚ ਬਹੁਤ ਦੂਰ ਜਾਣਾ ਪਿਆ ਜਾਂ ਨਾ, ਇਹਦਾ ਕਿਸੇ ਨੂੰ ਪਤਾ ਨਹੀਂ; ਪਰ ਟੁਰਦਿਆਂ-ਟੁਰਦਿਆਂ ਉਹਨੂੰ ਕੁਝ ਲੱਕੜਹਾਰੇ ਮਿਲ ਪਏ।

"ਕਿੱਧਰ ਜਾ ਰਿਹੈਂ?" ਲੱਕੜਹਾਰਿਆਂ ਨੇ ਪੁਛਿਆ।

"ਜੰਗਲ ਦੇ ਦਿਓ, ਹੀਸੀ, ਕੋਲ, ਪਸ਼ੂ ਦਾ ਇਹ ਪੌੜ ਦੇਣ ਲਈ," ਗ਼ਰੀਬ ਆਦਮੀ ਨੇ ਜਵਾਬ ਦਿਤਾ। "ਪਤਾ ਜੇ, ਉਹਦੀ ਝੁੱਗੀ ਕਿਹੜੇ ਪਾਸੇ ਏ?"

ਲੱਕੜਹਾਰਿਆਂ ਨੇ ਆਖਿਆ:

"ਸਿੱਧਾ ਅਗੇ ਨਿਕਲ ਜਾ, ਰਾਹੋਂ ਉਕਾ ਨਾ ਮੁੜੀਂ, ਤਾਂ ਤੂੰ ਪਹੁੰਚ ਪਏਂਗਾ। ਪਰ ਪਹਿਲੋਂ ਸਾਡੀ ਗਲ ਸੁਣ। ਜੇ ਪਸ਼ੂ ਦੇ ਪੌੜ ਦੇ ਬਦਲੇ ਹੀਸੀ ਤੈਨੂੰ ਚਾਂਦੀ ਦੇਣਾ ਚਾਹੇ, ਨਾ ਲਈਂ। ਜੇ ਤੈਨੂੰ ਉਹ ਸੋਨਾ ਦੇਣਾ ਚਾਹੇ, ਤਾਂ ਸੋਨਾ ਵੀ ਨਾ ਲਈਂ। ਉਹਦੇ ਤੋਂ ਪੁੜ ਮੰਗੀਂ, ਤੇ ਹੋਰ ਕੁਝ ਵੀ ਨਾ।"

ਚੰਗੀ ਸਲਾਹ ਲਈ ਗ਼ਰੀਬ ਆਦਮੀ ਨੇ ਲੱਕੜਹਾਰਿਆਂ ਦਾ ਸ਼ੁਕਰੀਆ ਅਦਾ ਕੀਤਾ, ਉਹਨਾਂ ਨੂੰ ਅਲਵਿਦਾ ਆਖੀ ਤੇ ਅਗੇ ਟੁਰ ਪਿਆ। ਉਹਨੂੰ ਦੂਰ ਜਾਣਾ ਪਿਆ, ਜਾਂ ਨਾ ਜਾਣਾ ਪਿਆ, ਇਹਦਾ ਪਤਾ ਕਿਸੇ ਨੂੰ ਨਹੀਂ, ਪਰ ਟੁਰਦਿਆਂ-ਟੁਰਦਿਆਂ ਉਹਨੂੰ ਇਕ ਝੁੱਗੀ ਦਿਸ ਪਈ। ਉਹ ਅੰਦਰ ਚਲਾ ਗਿਆ ਤੇ ਕੀ ਵੇਖਦਾ ਏ, ਓਥੇ ਆਪ ਹੀਸੀ ਬੈਠਾ ਹੋਇਆ ਸੀ!

ਹੀਸੀ ਨੇ ਉਹਦੇ ਵਲ ਨਜ਼ਰ ਕੀਤੀ ਤੇ ਕਿਹਾ:

"ਲੋਕ ਅਕਸਰ ਕਹਿੰਦੇ ਰਹਿੰਦੇ ਨੇ, ਮੇਰੇ ਲਈ ਸੁਗ਼ਾਤਾਂ ਲਿਆਣਗੇ, ਪਰ ਲਿਆਂਦੇ ਕਦੀ ਘਟ ਈ ਨੇ। ਤੂੰ ਕੀ ਲਿਆਂਦੈ ਮੇਰੇ ਲਈ?"

"ਪਸ਼ੂ ਦਾ ਪੌੜ।"

ਹੀਸੀ ਦੀ ਖੁਸ਼ੀ ਦੀ ਹਦ ਨਾ ਰਹੀ।

"ਤੀਹ ਵਰ੍ਹਿਆਂ ਤੋਂ ਮੈਂ ਮਾਸ ਨਹੀਂ ਖਾਧਾ," ਉਹਨੇ ਆਖਿਆ। "ਪੌੜ ਮੈਨੂੰ ਛੇਤੀ ਦੇਣ ਦੀ ਕਰ!" ਉਹਨੇ ਪੌੜ ਲੈ ਲਿਆ ਤੇ ਖਾ ਲਿਆ।

"ਤੇ ਹੁਣ ਤੈਨੂੰ ਮੈਂ ਇਹਦਾ ਇਵਜ਼ਾਨਾ ਦੇਣਾ ਚਾਹੁਨਾਂ," ਉਹਨੇ ਆਖਿਆ। "ਬਹੁਤਾ ਕੁਝ ਚਾਹੀਦਾ ਈ ਇਹਦੇ ਲਈ? ਔਹ ਲੈ, ਦੋ ਮੁੱਠਾਂ ਚਾਂਦੀ ਦੀਆਂ ਲੈ ਜਾ।"

"ਮੈਨੂੰ ਚਾਂਦੀ ਨਹੀਂ ਚਾਹੀਦੀ," ਗ਼ਰੀਬ ਆਦਮੀ ਨੇ ਕਿਹਾ।

ਤਾਂ ਹੀਸੀ ਨੇ ਕੁਝ ਸੋਨਾ ਕਢਿਆ ਤੇ ਦੋ ਮੁੱਠਾਂ ਗ਼ਰੀਬ ਆਦਮੀ ਅਗੇ ਰਖ ਦਿਤੀਆਂ।

"ਮੈਨੂੰ ਸੋਨਾ ਵੀ ਨਹੀਂ ਚਾਹੀਦਾ," ਗ਼ਰੀਬ ਆਦਮੀ ਨੇ ਆਖਿਆ।

"ਤਾਂ ਫੇਰ ਤੈਨੂੰ ਚਾਹੀਦਾ ਕੀ ਏ?"

"ਤੁਹਾਡਾ ਪੁੜ।"

"ਨਹੀਂ, ਨਹੀਂ, ਉਹ ਤੈਨੂੰ ਨਹੀਂ ਮਿਲ ਸਕਦਾ! ਪਰ ਪੈਸੇ ਜਿੰਨੇ ਚਾਹੇਂ ਲੈ ਲੈ।"

ਪਰ ਗ਼ਰੀਬ ਆਦਮੀ ਮੰਨਣ ਵਿਚ ਹੀ ਨਾ ਆਇਆ ਤੇ ਪੁੜ ਮੰਗਦਾ ਗਿਆ।

"ਮੈਂ ਪਸ਼ੂ ਦਾ ਪੌੜ ਖਾ ਲਿਐ," ਹੀਸੀ ਨੇ ਆਖਿਆ, "ਤੇ ਮੇਰਾ ਖ਼ਿਆਲ ਏ, ਮੈਨੂੰ ਇਵਜ਼ਾਨਾ ਉਹਦਾ ਦੇਣਾ ਈ ਪਏਗਾ। ਠੀਕ ਏ ਫੇਰ, ਲੈ ਲੈ ਮੇਰਾ ਪੁੜ। ਪਰ ਪਤਾ ਹੈ ਈ, ਉਹਦਾ ਕਰਨਾ ਕੀ ਏ?"

"ਨਹੀਂ, ਮੈਨੂੰ ਨਹੀਂ ਪਤਾ। ਦਸ ਦਿਓ।"

"ਖ਼ੈਰ," ਹੀਸੀ ਨੇ ਆਖਿਆ। "ਇਹ ਕੋਈ ਆਮ ਪੁੜ ਨਹੀਂ। ਜੁ ਮੰਗੇਂਗਾ, ਤੈਨੂੰ ਦਏਗਾ, ਸਿਰਫ਼ ਇਹ ਬੋਲ: 'ਪੀਹ, ਪੁੜਾ ਮੇਰਿਆ!' ਤੇ ਜੇ ਤੂੰ ਬੰਦ ਕਰਨਾ ਚਾਹੇਂ, ਤਾਂ ਇਹ ਬੋਲ ਦੇ: 'ਬਸ ਹੋ, ਜਾ ਖਲੋ!' ਤੇ ਇਹ ਬੰਦ ਹੋ ਜਾਏਗਾ। ਤੇ ਹੁਣ ਜਾ!"

ਗ਼ਰੀਬ ਆਦਮੀ ਨੇ ਹੀਸੀ ਦਾ ਸ਼ੁਕਰੀਆ ਅਦਾ ਕੀਤਾ ਤੇ ਘਰ ਵਲ ਨੂੰ ਹੋ ਪਿਆ।

ਉਹ ਜੰਗਲ ਵਿਚ ਕਿੰਨਾ ਹੀ ਚਿਰ ਟੁਰਦਾ ਰਿਹਾ। ਹਨੇਰਾ ਹੋ ਗਿਆ, ਮੀਂਹ ਦੇ ਪਰਨਾਲੇ ਛੁਟ ਪਏ, ਹਵਾ ਸੀਟੀਆਂ ਮਾਰਨ ਲਗੀ, ਤੇ ਦਰਖ਼ਤਾਂ ਦੀਆਂ ਟਹਿਣੀਆਂ ਉਹਦੇ ਮੂੰਹ ਉਤੇ ਵਜਦੀਆਂ ਰਹੀਆਂ। ਜਦੋਂ ਗ਼ਰੀਬ ਆਦਮੀ ਘਰ ਪਹੁੰਚਿਆ, ਸਵੇਰ ਹੋ ਚੁਕੀ ਹੋਈ ਸੀ।

"ਸਾਰਾ ਦਿਨ ਤੇ ਸਾਰੀ ਰਾਤ ਕਿਥੇ ਟਕਰਾਂ ਮਾਰਦਾ ਰਿਹੈਂ?" ਉਹਦੀ ਘਰ ਵਾਲੀ ਨੇ ਪੁਛਿਆ। ਮੈਂ ਸੋਚਣ ਲਗ ਪਈ ਸਾਂ, ਤੇਰਾ ਮੂੰਹ ਫੇਰ ਕਦੀ ਨਹੀਂ ਦਿਸਣਾ।"

"ਮੈਂ ਤੋੜ ਜੰਗਲ ਦੇ ਦਿਓ, ਹੀਸੀ, ਦੇ ਘਰ ਪਹੁੰਚਿਆ ਹੋਇਆ ਸਾਂ," ਗ਼ਰੀਬ ਆਦਮੀ ਨੇ ਜਵਾਬ ਦਿਤਾ। "ਵੇਖ, ਉਹਨੇ ਮੈਨੂੰ ਕੀ ਦਿਤੈ!"

ਤੇ ਉਹਨੇ ਪੁੜ ਬੁਚਕੇ ਵਿਚੋਂ ਕਢਿਆ।

"ਪੀਹ, ਮੇਰੇ ਪੁੜਾ!" ਉਹ ਬੋਲਿਆ। "ਸਾਨੂੰ ਦਿਹਾਰ ਨੂੰ ਖਾਣ ਲਈ ਚੰਗੀਆਂ-ਚੰਗੀਆਂ ਚੀਜ਼ਾਂ ਦੇ।"

ਤੇ ਪੁੜ ਆਪਣੇ ਆਪ ਹੀ ਗੇੜੇ ਖਾਣ ਲਗ ਪਿਆ ਤੇ ਮੇਜ਼ ਉਤੇ ਆਟਾ ਤੇ ਦਾਨਾ ਤੇ ਖੰਡ ਤੇ ਮਾਸ ਤੇ ਮੱਛੀ ਤੇ ਹਰ ਹੋਰ ਚੀਜ਼, ਜਿਹਦੀ ਚਾਹ ਹੋ ਸਕਦੀ ਸੀ, ਢੇਰ ਹੋਣ ਲਗ ਪਈ। ਗ਼ਰੀਬ ਆਦਮੀ ਦੀ ਘਰ ਵਾਲੀ ਬੋਰੀਆਂ ਤੇ ਭਾਂਡੇ ਚੁਕ ਲਿਆਈ ਤੇ ਉਹਨਾਂ ਨੂੰ ਉਹਨੇ ਖਾਣ-ਪੀਣ ਦੀਆਂ ਚੀਜ਼ਾਂ ਨਾਲ ਭਰ ਲਿਆ, ਤੇ ਗ਼ਰੀਬ ਆਦਮੀ ਨੇ ਪੁੜ ਉਤੇ ਉਂਗਲ ਨਾਲ ਟਕ-ਟਕ ਕੀਤੀ ਤੇ ਬੋਲਿਆ: "ਬਸ ਹੋ, ਜਾ ਖਲੋ!" ਤੇ ਪੁੜ ਨੇ ਗਿੜਨਾ ਇਕਦਮ ਬੰਦ ਕਰ ਦਿਤਾ ਤੇ ਅਸਲੋਂ ਅਹਿਲ ਹੋ ਗਿਆ।

ਗ਼ਰੀਬ ਆਦਮੀ ਦੇ ਪਰਵਾਰ ਨੇ ਦਿਹਾਰ ਓਨੀ ਹੀ ਚੰਗੀ ਤਰ੍ਹਾਂ ਮਨਾਇਆ, ਜਿੰਨੀ ਚੰਗੀ ਤਰ੍ਹਾਂ ਪਿੰਡ ਵਿਚ ਕਿਸੇ ਹੋਰ ਨੇ ਮਨਾਇਆ ਹੋਵੇਗਾ, ਤੇ ਉਸ ਪਿਛੋਂ ਉਹਨਾਂ ਦਾ ਰਹਿਣ-ਸਹਿਣ ਬਦਲ ਚੰਗੇਰਾ ਹੋ ਗਿਆ। ਘਰ ਵਿਚ ਹਰ ਸ਼ੈ ਦੀ ਬਹੁਲਤਾ ਸੀ, ਬਚਿਆਂ ਕੋਲ ਸੁਹਣੇ, ਨਵੇਂ ਕਪੜੇ ਤੇ ਬੂਟ ਸਨ, ਤੇ ਉਹਨਾਂ ਨੂੰ ਕਿਸੇ ਚੀਜ਼ ਦੀ ਥੁੜ ਨਹੀਂ ਸੀ ਰਹੀ।

ਇਕ ਦਿਨ ਗ਼ਰੀਬ ਆਦਮੀ ਨੇ ਆਪਣੇ ਪੁੜ ਨੂੰ ਹੁਕਮ ਦਿਤਾ, ਉਹਦੇ ਘੋੜੇ ਲਈ ਚੋਖੀ ਸਾਰੀ ਜਵੀ ਪੀਹ ਕੱਢੇ। ਪੁੜ ਨੇ ਇੰਜ ਕਰ ਦਿਤਾ, ਤੇ ਘੋੜਾ ਘਰ ਕੋਲ ਖਲੋਤਾ ਰਿਹਾ ਤੇ ਜਵੀ ਖਾਂਦਾ ਰਿਹਾ।

ਐਨ ਉਸੇ ਵੇਲੇ ਰੱਜੇ-ਪੁੱਜੇ ਭਰਾ ਨੇ ਆਪਣਾ ਕਾਮਾ ਘੋੜਿਆਂ ਨੂੰ ਪਾਣੀ ਪਿਆ ਲੈਣ ਲਈ ਝੀਲ 'ਤੇ ਘਲਿਆ।

ਕਾਮਾ ਘੋੜਿਆਂ ਨੂੰ ਝੀਲ ਵਲ ਹਿਕ ਲਿਜਾਣ ਲਗਾ, ਪਰ ਜਦੋਂ ਉਹ ਗ਼ਰੀਬ ਭਰਾ ਦੇ ਘਰ ਕੋਲੋਂ ਲੰਘ ਰਹੇ ਸਨ, ਉਹ ਅਟਕ ਗਏ ਤੇ ਗ਼ਰੀਬ ਭਰਾ ਦੇ ਘੋੜੇ ਨਾਲ ਰਲ ਜਵੀ ਖਾਣ ਲਗ ਪਏ। ਰਜੇ-ਪੁੱਜੇ ਭਰਾ ਨੇ ਉਹਨਾਂ ਨੂੰ ਆਪਣੇ ਘਰ ਤੋਂ ਵੇਖਿਆ ਤੇ ਉਹ ਬਾਹਰ ਡਿਉਢੀ ਵਿਚ ਨਿਕਲ ਆਇਆ।

"ਓਇ, ਗਲ ਸੁਣ," ਉਹਨੇ ਕਾਮੇ ਨੂੰ ਉਚੀ ਸਾਰੀ ਆਵਾਜ਼ ਮਾਰੀ। "ਘੋੜਿਆਂ ਨੂੰ ਇਕਦਮ ਲੈ ਜਾ! ਕੂੜਾ ਚਰ ਰਹੇ ਨੇ।"

ਕਾਮਾ ਘੋੜੇ ਵਾਪਸ ਲੈ ਆਇਆ।

"ਮਾਲਕ, ਤੁਸੀਂ ਠੀਕ ਨਹੀਂ ਸਾਓ ਕਹਿ ਰਹੇ," ਉਹਨੇ ਆਖਿਆ। "ਉਹ ਕੂੜਾ ਨਹੀਂ ਸੀ, ਵਧੀਆ ਤੋਂ ਵਧੀਆ ਜਵੀ ਸੀ। ਤੁਹਾਡੇ ਭਰਾ ਕੋਲ ਜਵੀ ਤੇ ਹੋਰ ਹਰ ਚੀਜ਼ ਰਜਵੀਂ ਏ।"

ਰੱਜੇ-ਪੁੱਜੇ ਭਰਾ ਨੂੰ ਪਤਾ ਕੱਢਣ ਦੀ ਲਿਲ ਲਗ ਗਈ।



"ਮੈਂ ਜਾ ਕੇ ਵੇਖਾਂ ਤਾਂ ਸਹੀ, ਇਹ ਮੇਰੇ ਭਰਾ ਦੇ ਇਕਦਮ ਅਮੀਰ ਹੋ ਜਣ ਦੀ ਕਰਾਮਾਤ ਹੋ ਕਿਵੇਂ ਗਈ ਏ।"

ਤੇ ਉਹ ਆਪਣੇ ਭਰਾ ਨੂੰ ਮਿਲਣ ਗਿਆ।

"ਇਹ ਅਚਣਚੇਤੀ ਈ ਅਮੀਰ ਕਿਵੇਂ ਹੋ ਗਿਐਂ?" ਉਹਨੇ ਪੁਛਿਆ। "ਇਹ ਸਾਰੀਆਂ ਚੰਗੀਆਂ-ਚੰਗੀਆਂ ਚੀਜ਼ਾਂ ਕਿਥੋਂ ਆਈਆਂ ਨੀ?"

ਗ਼ਰੀਬ ਆਦਮੀ ਨੇ ਉਹਦੇ ਤੋਂ ਕੁਝ ਵੀ ਨਾ ਲੁਕਾਇਆ।

"ਹੀਸੀ ਨੇ ਮੇਰੀ ਮਦਦ ਕੀਤੀ ਏ," ਉਹਨੇ ਆਖਿਆ।

"ਕੀ ਮਤਲਬ ਏ ਤੇਰਾ?" ਰੱਜੇ-ਪੁੱਜੇ ਭਰਾ ਨੇ ਪੁਛਿਆ।

"ਉਹੀਉ ਈ ਜੁ ਮੈਂ ਕਹਿ ਰਿਹਾਂ। ਤੂੰ ਦਿਹਾਰ ਤੋਂ ਪਹਿਲਾਂ ਵਾਲੀ ਸ਼ਾਮ ਨੂੰ ਮੈਨੂੰ ਪਸ਼ੂ ਦਾ ਪੌੜ ਦਿਤਾ ਸੀ ਤੇ ਆਖਿਆ ਸੀ, ਮੈਂ ਲੈ ਜਾਵਾਂ ਹੀਸੀ ਕੋਲ। ਤੇ ਮੈਂ ਐਨ ਉਵੇਂ ਈ ਕੀਤਾ। ਮੈਂ ਹੀਸੀ ਨੂੰ ਪੌੜ ਦੇ ਦਿਤਾ ਤੇ, ਬਦਲੇ 'ਚ, ਉਹਨੇ ਮੈਨੂੰ ਜਾਦੂ ਦਾ ਪੁੜ ਸੌਂਪ ਦਿਤਾ। ਇਹੀਉ ਪੁੜ ਏ, ਜਿਹੜਾ ਜੁ ਵੀ ਚੀਜ਼ ਮੈਂ ਕਹਿਨਾਂ, ਮੈਨੂੰ ਦੇ ਦੇਂਦੈ।"

"ਮੈਨੂੰ ਵਿਖਾ ਖਾਂ!"

"ਜਿਵੇਂ ਕਹਿੰਦੇ ਹੋ।"

ਤੇ ਗ਼ਰੀਬ ਭਰਾ ਨੇ ਆਪਣੇ ਪੁੜ ਨੂੰ ਹੁਕਮ ਦਿਤਾ, ਉਹਨਾਂ ਨੂੰ ਖਾਣ ਲਈ ਤਰ੍ਹਾਂ-ਤਰ੍ਹਾਂ ਦੇ ਪਕਵਾਨ ਦੇਵੇ। ਪੁੜ ਇਕਦਮ ਗਿੜਨ ਲਗ ਪਿਆ, ਤੇ ਉਹਨੇ ਮੇਜ਼ ਨੂੰ ਪੂੜੀਆਂ-ਕਚੌਰੀਆਂ, ਭੁੱਜੇ ਹੋਏ ਮਾਸ ਤੇ ਹੋਰ ਚੰਗੀਆਂ-ਚੰਗੀਆਂ ਚੀਜ਼ਾਂ ਨਾਲ ਲਦ ਦਿਤਾ।

ਰੱਜੇ-ਪੁੱਜੇ ਭਰਾ ਦੇ ਹੈਰਾਨੀ ਤੇ ਲਾਲਚ ਨਾਲ ਆਨੇ ਨਿਕਲ ਆਏ।

"ਪੁੜ ਮੇਰੇ ਅਗੇ ਵੇਚ ਦੇ," ਉਹ ਮਿੰਨਤ ਕਰਨ ਲਗਾ।

"ਨਹੀਂ, ਨਹੀਂ," ਗ਼ਰੀਬ ਭਰਾ ਨੇ ਜਵਾਬ ਦਿਤਾ। "ਮੈਨੂੰ ਆਪ ਚਾਹੀਦੈ।"

ਪਰ ਰੱਜਾ-ਪੁਜਾ ਭਰਾ ਏਡੀ ਸੌਖੀ ਤਰ੍ਹਾਂ ਪਿੱਛਾ ਛੱਡਣ ਵਾਲਾ ਨਹੀਂ ਸੀ।

"ਜੁ ਮਰਜ਼ੀ ਮੁਲ ਪਾ ਲੈ, ਵੇਚ ਦੇ ਤੂੰ ਮੇਰੇ ਅਗੇ!" ਉਹਨੇ ਪੇਰਿਆ।

"ਵਿਕਾਊ ਨਹੀਂ ਇਹ।"

ਇਹ ਮਹਿਸੂਸ ਕਰਦਿਆਂ ਕਿ ਐਵੇਂ ਖਿਝਾਈ ਜਾਣ ਨਾਲ ਉਹਨੂੰ ਕੁਝ ਮਿਲਣ ਨਹੀਂ ਲਗਾ, ਰੱਜੇ-ਪੁੱਜੇ ਭਰਾ ਨੇ ਹੋਰ ਢੰਗ ਅਜ਼ਮਾਣਾ ਚਾਹਿਆ।

"ਤੇਰੇ ਵਰਗਾ ਨਾ-ਸ਼ੁਕਰਾ ਵੀ ਮੈਂ ਕਦੀ ਨਹੀਂ ਤਕਿਆ!" ਉਹ ਕੂਕਿਆ। "ਮੈਂ ਈ ਨਹੀਂ ਸਾਂ, ਤੈਨੂੰ ਪਸ਼ੂ ਦਾ ਪੌੜ ਦੇਣ ਵਾਲਾ?"

"ਤੂੰ ਈ ਸੈਂ।"

"ਗਲ ਹੋਈ ਨਾ, ਫੇਰ! ਤੇ ਤੂੰ ਮੈਨੂੰ ਪੁੜ ਨਹੀਂ ਦੇ ਸਕਦਾ। ਚੰਗਾ, ਜੇ ਤੂੰ ਮੇਰੇ ਅਗੇ ਵੇਚਣਾ ਨਹੀਂ, ਤਾਂ ਕੁਝ ਚਿਰ ਲਈ ਮੈਨੂੰ ਹੁਦਾਰਾ ਈ ਦੇ ਦੇ।"

"ਇੰਜ ਈ ਸਹੀ," ਉਹਨੇ ਸੋਚਿਆ ਤੇ ਆਖਿਆ। "ਕੁਝ ਚਿਰ ਰਖ ਲੈ।"

ਰੱਜੇ-ਪੁੱਜੇ ਭਰਾ ਨੂੰ ਖ਼ੁਸ਼ੀ ਚੜ੍ਹ ਗਈ। ਉਹਨੇ ਪੁੜ ਫੜ ਲਿਆ, ਤੇ ਚੁਕ ਘਰ ਨੂੰ ਭਜ ਪਿਆ, ਤੇ ਉਹਨੇ ਏਨਾ ਵੀ ਨਾ ਪੁਛਿਆ ਕਿ ਲੋੜ ਪੈਣ ਤੇ ਉਹਨੂੰ ਗਿੜਨ ਤੋਂ ਬੰਦ ਕਿਵੇਂ ਕਰਾਣਾ ਏਂ।

ਅਗਲੀ ਸਵੇਰੇ ਉਹ ਬੇੜੀ 'ਚ, ਪੁੜ ਨੂੰ ਨਾਲ ਲੈ, ਸਮੁੰਦਰ ਵਿਚ ਨਿਕਲ ਆਇਆ।

"ਇਸ ਵੇਲੇ ਮੱਛੀਆਂ ਨੂੰ ਲੂਣ ਲਾ ਰਹੇ ਨੇ," ਉਹਨੇ ਦਿਲ ਵਿਚ ਸੋਚਿਆ, "ਤੇ ਲੂਣ ਮਹਿੰਗਾ ਏ। ਮੈਂ ਲੂਣ ਦਾ ਧੰਦਾ ਕਰਨਾਂ।"

ਓਦੋਂ ਤਕ ਉਹ ਸਮੁੰਦਰ ਵਿਚ ਦੂਰ ਜਾ ਚੁਕਾ ਸੀ, ਤੇ ਉਹਨੇ ਪੁੜ ਨੂੰ ਆਖਿਆ:

"ਪੀਹ, ਮੇਰੇ ਪੁੜਾ! ਮੈਨੂੰ ਲੂਣ ਚਾਹੀਦੈ, ਜਿੰਨਾ ਬਹੁਤਾ, ਓਨਾ ਈ ਚੰਗਾ।"

ਪੁੜ ਭੌਣ ਤੇ ਗਿੜਨ ਲਗ ਪਿਆ, ਤੇ ਉਹਦੇ ਵਿਚੋਂ ਨਿਰੋਲ ਤੋਂ ਨਿਰੋਲ ਤੇ ਚਿੱਟੇ ਤੋਂ ਚਿੱਟਾ ਲੂਣ ਨਿਕਲਣ ਲਗ ਪਿਆ।

ਰੱਜਾ-ਪੁੱਜਾ ਆਦਮੀ, ਆਪਣੇ ਮੁਨਾਫ਼ੇ ਦਾ ਹਿਸਾਬ ਲਾਂਦਿਆਂ, ਖ਼ੁਸ਼ੀ ਨਾਲ ਵੇਖਦਾ ਗਿਆ। ਹੁਣ ਪੁੜ ਨੂੰ ਬਸ ਕਹਿਣ ਦਾ ਵਕਤ ਹੋ ਚੁਕਾ ਸੀ, ਪਰ ਉਹਨੇ ਜੁ ਕੀਤਾ, ਉਹ ਸੀ ਕੁਝ-ਕੁਝ ਵਕਤ ਪਿਛੋਂ ਇਹ ਦੁਹਰਾਈ ਜਾਣਾ:

"ਪੀਹ, ਪੁੜਾ ਮੇਰਿਆ, ਪੀਹ, ਖਲੋਈਂ ਨਾ!"

ਲੂਣ ਏਨਾ ਭਾਰਾ ਸੀ ਕਿ ਬੇੜੀ ਪਾਣੀ ਵਿਚ ਡੂੰਘਿਉਂ ਡੂੰਘੀ ਬਹਿੰਦੀ ਗਈ। ਪਰ ਰੱਜੇ-ਪੁੱਜੇ ਆਦਮੀ ਦੇ ਹੋਸ਼-ਹੱਵਾਸ ਕਾਇਮ ਨਹੀਂ ਸਨ ਰਹੇ ਲਗਦੇ, ਇਸ ਲਈ ਕਿ ਉਹਨੇ ਇਹ ਲਫ਼ਜ਼ ਦੁਹਰਾਈ ਜਾਣ ਤੋਂ ਬਿਨਾਂ ਹੋਰ ਕੁਝ ਨਾ ਕੀਤਾ:

"ਪੀਹ, ਮੇਰੇ ਪੁੜਾ, ਪੀਹ!"

ਹੁਣ ਤਕ ਪਾਣੀ ਪਾਸਿਉਂ ਤੋਂ ਅੰਦਰ ਪੈਣ ਲਗ ਪਿਆ ਸੀ, ਤੇ ਬੇੜੀ ਡੁੱਬਣ ਹੀ ਵਾਲੀ ਸੀ। ਇਹਦੇ ਨਾਲ ਰੱਜੇ-ਪੁੱਜੇ ਭਰਾ ਨੂੰ ਸੁਰਤ ਆ ਗਈ।

"ਪੁੜਾ, ਪੀਹਣਾ ਬੰਦ ਕਰ ਦੇ!" ਉਹ ਕੂਕਿਆ।

ਪਰ ਪੁੜ ਪਹਿਲਾਂ ਵਾਂਗ ਹੀ ਪੀਂਹਦਾ ਚਲਾ ਗਿਆ।

"ਪੁੜਾ, ਪੀਹਣਾ ਬੰਦ ਕਰ ਦੇ! ਪੀਹਣਾ ਬੰਦ ਕਰ ਦੇ!" ਰੱਜਾ-ਪੁੱਜਾ ਆਦਮੀ ਫੇਰ ਕੂਕਿਆ, ਪਰ ਪੁੜ ਲਗਾਤਾਰ ਪੀਂਹਦਾ ਗਿਆ।

ਰੱਜੇ-ਪੁੱਜੇ ਭਰਾ ਨੇ ਪੁੜ ਨੂੰ ਚੁੱਕਣ ਤੇ ਬੇੜੀਉਂ ਬਾਹਰ ਸੁੱਟਣ ਦੀ ਕੋਸ਼ਿਸ਼ ਕੀਤੀ, ਪਰ ਉਹ ਹੇਠਾਂ ਤਖ਼ਤੇ ਨਾਲ ਚੰਮੁਟ ਗਿਆ ਲਗਦਾ ਸੀ, ਕਿਉਂ ਜੁ ਉਹ ਉਹਦੇ ਤੋਂ ਚੁਕਿਆ ਨਾ ਗਿਆ।

"ਬਹੁੜੋ!" ਰੱਜੇ-ਪੁੱਜੇ ਭਰਾ ਨੇ ਕੂਕ ਮਾਰੀ। "ਬਚਾਉ ਮੈਨੂੰ!"

ਪਰ ਉਥੇ ਕੋਈ ਨਹੀਂ ਸੀ ਜਿਹੜਾ ਉਹਨੂੰ ਬਚਾ ਸਕਦਾ, ਤੇ ਕੋਈ ਨਹੀਂ ਸੀ, ਜਿਹੜਾ ਉਹਨੂੰ ਬਹੁੜ ਸਕਦਾ।

ਬੇੜੀ ਡੁਬ ਗਈ, ਤੇ ਰੱਜੇ-ਪੁੱਜੇ ਆਦਮੀ ਨੂੰ ਆਪਣੇ ਨਾਲ ਹੀ ਤਰਲ ਡੂੰਘਾਈਆਂ ਵਿਚ ਲੈ ਗਈ, ਤੇ ਸਮੁੰਦਰ ਉਹਦੇ ਉਤੇ ਮੀਟਿਆ ਗਿਆ।

ਤੇ ਪੁੜ ਦਾ ਕੀ ਬਣਿਆ? ਕਹਿੰਦੇ ਨੇ ਕਿ ਸਮੁੰਦਰ ਦੀ ਤਹਿ ਉਤੇ ਵੀ ਉਹਨੇ ਪੀਹਣਾ ਬੰਦ ਨਾ ਕੀਤਾ, ਤੇ ਉਹ ਹੋਰ ਤੇ ਫੇਰ ਹੋਰ ਲੂਣ ਬਣਾਂਦਾ ਗਿਆ। ਤੇ ਮੰਨੋ ਭਾਵੇਂ ਨਾ ਮੰਨੋ, ਇਸੇ ਗਲ ਕਰ ਕੇ ਹੀ ਸਮੁੰਦਰ ਦਾ ਪਾਣੀ ਖਾਰਾ ਹੁੰਦਾ ਏ।

# ਤਿੰਨਾਂ ਭਰਾਵਾਂ ਆਪਣੇ ਪਿਉ ਦਾ ਖਜ਼ਾਨਾ ਕਿਵੇਂ ਲਭਿਆ

**ਮੋਲਦਾਵੀ ਪਰੀ-ਕਹਾਣੀ**



ਇਕ ਵਾਰੀ ਦੀ ਗਲ ਏ, ਇਕ ਆਦਮੀ ਹੁੰਦਾ ਸੀ, ਜਿਹਦੇ ਤਿੰਨ ਪੁੱਤਰ ਸਨ। ਉਹ ਬੜਾ ਉਦਮੀ ਤੇ ਮਿਹਨਤੀ ਬੰਦਾ ਸੀ। ਉਹ ਕਦੀ ਵਿਹਲਾ ਨਹੀਂ ਸੀ ਬਹਿੰਦਾ, ਤੇ ਮੂੰਹ-ਝਾਖਰੇ ਤੋਂ ਲੈ ਕੇ ਚਿਰਾਕੀ ਰਾਤ ਤਕ ਮਿਹਨਤ ਕਰਦਾ ਰਹਿੰਦਾ ਸੀ। ਉਹ ਕਦੀ ਥਕਦਾ ਨਹੀਂ ਸੀ ਲਗਦਾ, ਤੇ ਉਹ ਹਰ ਕੰਮ ਹਮੇਸ਼ਾ ਹੀ ਚੰਗੀ ਤਰ੍ਹਾਂ ਤੇ ਵੇਲੇ ਸਿਰ ਕਰਦਾ ਸੀ।

ਤੇ ਏਧਰ ਉਹਦੇ ਪੁੱਤਰਾਂ ਨੂੰ, ਤਿੰਨਾਂ ਦੇ ਤਿੰਨਾਂ ਉਚੇ-ਲੰਮੇ, ਸੁਨੱਖੇ ਤੇ ਤਕੜੇ ਗਭਰੂਆਂ ਨੂੰ, ਕੰਮ ਕਰਨਾ ਚੰਗਾ ਨਹੀਂ ਸੀ ਲਗਦਾ।

ਪਿਉ ਪੈਲੀ ਵਿਚ, ਬਾਗ਼ ਵਿਚ ਤੇ ਘਰ ਵਿਚ ਕੰਮ ਕਰਦਾ, ਪਰ ਉਹਦੇ ਪੁੱਤਰ ਦਰਖ਼ਤਾਂ ਦੀ ਛਾਵੇਂ ਗੱਪਾਂ ਮਾਰਦੇ ਵਿਹਲੇ ਬੈਠੇ ਰਹਿੰਦੇ, ਜਾਂ ਦਰਿਆ ਦਨੀਸਤਰ ਵਿਚ ਮੱਛੀਆਂ ਫੜਨ ਚਲੇ ਜਾਂਦੇ।

"ਕਦੀ ਕੰਮ ਕਿਉਂ ਨਹੀਂ ਕਰਦੇ ਤੇ ਬਾਪੂ ਦਾ ਹਥ ਕਿਓਂ ਨਹੀਂ ਵਟਾਂਦੇ?" ਉਹਨਾਂ ਦੇ ਗਵਾਂਢੀ ਪੁਛਦੇ।

"ਅਸੀਂ ਕੰਮ ਕਰੀਏ ਤਾਂ ਕਿਉਂ ਕਰੀਏ?" ਪੁੱਤਰ ਜਵਾਬ ਦੇਂਦੇ। "ਬਾਪੂ ਸਾਡਾ ਬਹੁਤ ਖਿਆਲ ਰਖਦੈ, ਤੇ ਸਾਰਾ ਕੰਮ ਆਪੇ ਈ ਬੜੀ ਚੰਗੀ ਤਰ੍ਹਾਂ ਕਰ ਲੈਂਦੈ।"

ਤੇ ਇਹ ਸਾਲੋਂ-ਸਾਲ ਇੰਜ ਹੀ ਚਲਦਾ ਰਿਹਾ।

ਪੁੱਤਰ ਵਡੇ ਹੋ ਜਣੇ ਨਿਕਲ ਆਏ ਤੇ ਪਿਓ ਬੁੱਢਾ ਹੋ ਗਿਆ। ਉਹ ਕਮਜ਼ੋਰ ਪੈ ਗਿਆ ਤੇ ਹੁਣ ਉਹਦੇ ਤੋਂ ਪਹਿਲਾਂ ਵਾਂਗ ਕੰਮ ਨਹੀਂ ਸੀ ਕੀਤਾ ਜਾਂਦਾ। ਉਹਦੇ ਘਰ ਦੁਆਲੇ ਦੇ ਬਾਗ਼ ਨੂੰ ਜੰਗਲ ਬਣ ਜਾਣ ਦਿਤਾ ਗਿਆ ਤੇ ਉਹਦੀਆਂ ਪੈਲੀਆਂ ਉਗ-ਆਏ ਘਾਹ-ਬੂਟ ਨਾਲ ਭਰ ਗਈਆਂ। ਪੁਤਰਾਂ ਨੇ ਇਹ ਕੁਝ ਵੇਖਿਆ ਪਰ ਕੰਮ ਕਰਨਾ ਉਹਨਾਂ ਨੂੰ ਏਨਾ ਮਾੜਾ ਲਗਦਾ ਸੀ ਕਿ ਉਹ ਹਥ ਉਤੇ ਹਥ ਧਰ ਬੈਠੇ ਰਹੇ।

"ਮੇਰੇ ਪੁਤਰੋ, ਓਥੇ ਬੈਠੇ-ਬੈਠੇ ਵਿਹਲੇ ਵਕਤ ਕਿਉਂ ਗਵਾਂਦੇ ਹੋ?" ਉਹਨਾਂ ਦੇ ਪਿਓ ਉਹਨਾਂ ਨੂੰ ਪੁਛਦਾ। "ਜਦੋਂ ਮੈਂ ਜਵਾਨ ਹੁੰਦਾ ਸਾਂ, ਮੈਂ ਕੰਮ ਕਰਦਾ ਸਾਂ, ਤੇ ਹੁਣ ਤੁਹਾਡਾ ਵਕਤ ਆ ਗਿਐ।"

"ਛੱਡੋ ਵੀ, ਕਰਦੇ ਰਹਾਂਗੇ ਕੰਮ" ਪੁੱਤਰ ਜਵਾਬ ਦੇਂਦੇ।

ਇਸ ਗੱਲੇ ਡਾਢੀ ਚਿੰਤਾ ਵਿਚ ਪਿਆ ਕਿ ਉਹਦੇ ਪੁੱਤਰ ਏਡੇ ਭੌਂਦੂ ਸਨ, ਬੁਢਾ ਦੁਖ ਨਾਲ ਬੀਮਾਰ ਹੋ ਗਿਆ ਤੇ ਮੰਜੇ ਪੈ ਗਿਆ।

ਉਸ ਵੇਲੇ ਤਕ ਟੱਬਰ ਦੀ ਹਾਲਤ ਡਾਢੀ ਹੀ ਮੰਦੀ ਹੋਈ ਪਈ ਸੀ। ਬਾਗ਼ ਜੰਗਲ ਬਣਿਆ ਹੋਇਆ ਸੀ ਤੇ ਬਿੱਛੂ-ਬੂਟੀ ਤੇ ਭਖੜਾ ਏਨਾ ਉਚਾ ਹੋਇਆ ਪਿਆ ਸੀ ਕਿ ਮਕਾਨ ਮਸਾਂ-ਮਸਾਂ ਹੀ ਦਿਸਦਾ ਸੀ।

ਇਕ ਦਿਨ ਬੁਢੇ ਨੇ ਪੁਤਰਾਂ ਨੂੰ ਸਰਾਂਹਦੀ ਬੁਲਾਇਆ।

"ਪੁੱਤਰੋ," ਉਹਨਾਂ ਨੂੰ ਉਹ ਕਹਿਣ ਲਗਾ, "ਮੇਰਾ ਅਖ਼ੀਰੀ ਵੇਲਾ ਆ ਗਿਐ। ਮੇਰੇ ਬਿਨਾਂ ਕਿਵੇਂ ਝਟ ਲੰਘਾਉਗੇ? ਕੰਮ ਤੁਹਾਨੂੰ ਚੰਗਾ ਨਹੀਂ ਲਗਦਾ, ਤੇ ਕੰਮ ਤੁਹਾਨੂੰ ਕਰਨਾ ਨਹੀਂ ਆਉਂਦਾ।"

ਪੁੱਤਰਾਂ ਦੇ ਦਿਲੀਂ ਤਰਾਟਾਂ ਪਈਆਂ, ਤੇ ਉਹਨਾਂ ਦੇ ਅਥਰੂ ਵਹਿ ਨਿਕਲੇ।

"ਸਾਨੂੰ ਦੱਸੋ, ਬਾਪੂ, ਸ਼ਾਨੂੰ ਆਪਣੀ ਅਖ਼ੀਰੀ ਸਲਾਹ ਦਿਓ," ਸਭ ਤੋਂ ਵਡੇ ਪੁੱਤਰ ਨੇ ਮਿੰਨਤ ਕੀਤੀ।

"ਚੰਗਾ!" ਪਿਓ ਨੇ ਜਵਾਬ ਦਿਤਾ। "ਮੈਂ ਤੁਹਾਨੂੰ ਇਕ ਭੇਤ ਦਸਨਾਂ। ਤੁਹਾਨੂੰ ਪਤੈ, ਮੈਂ ਤੇ ਤੁਹਾਡੀ ਬੇਬੇ ਨੇ ਸਖ਼ਤ ਤੇ ਪੂਰੀ ਮਿਹਨਤ ਕੀਤੀ। ਕਿੰਨੇ ਈ ਵਰ੍ਹਿਆਂ 'ਚ, ਥੋੜਾ ਥੋੜਾ ਕਰ ਕੇ, ਅਸੀਂ ਤੁਹਾਡੇ ਲਈ ਖ਼ਜ਼ਾਨਾ ਜਮ੍ਹਾਂ ਕੀਤਾ — ਸੋਨੇ ਦਾ ਇਕ ਘੜਾ। ਮੈਂ ਘੜੇ ਨੂੰ ਘਰ ਕੋਲ ਦਬ ਦਿਤਾ ਸੀ, ਮੈਨੂੰ ਸਿਰਫ਼ ਚੇਤਾ ਨਹੀਂ ਆ ਰਿਹਾ ਕਿਥੇ। ਮੇਰਾ ਖਜ਼ਾਨਾ ਲਭ ਲਓ, ਤੇ ਗ਼ਰੀਬੀ ਤੁਹਾਡੇ ਪੇਸ਼ ਨਹੀਂ ਪਏਗੀ, ਤੇ ਕਦੀ ਕਿਸੇ ਚੀਜ਼ ਦੀ ਥੁੜ ਮਹਿਸੂਸ ਨਹੀਂ ਜੇ ਹੋਏਗੀ।"

ਇਹ ਕਹਿ ਉਹਨੇ ਪੁੱਤਰਾਂ ਤੋਂ ਵਿਦਾ ਲਈ ਤੇ ਉਹਦੇ ਸਵਾਸ ਬੰਦ ਹੋ ਗਏ।

ਪੁਤਰਾਂ ਨੇ ਆਪਣੇ ਬੁੱਢੇ ਪਿਉ ਨੂੰ ਦਬ ਦਿਤਾ ਤੇ ਉਹਦੇ ਪੂਰੇ ਹੋਣ ਦਾ ਸੋਗ ਮਨਾਇਆ। ਫੇਰ ਇਕ ਦਿਨ ਸਭ ਤੋਂ ਵਡਾ ਪੁੱਤਰ ਕਹਿਣ ਲਗਾ:

"ਸੁਣੋ, ਭਰਾਵੋ, ਗ਼ਰੀਬ ਅਸੀਂ ਸਚੀ ਮੁਚੀ ਈ ਹਾਂ, ਏਥੋਂ ਤਕ ਕਿ ਸਾਡੇ ਕੋਲ ਰੋਟੀ ਖ਼ਰੀਦਣ ਜੋਗੇ ਵੀ ਪੈਸੇ ਨਹੀਂ। ਚੇਤੇ ਜੇ, ਬਾਪੂ ਨੇ ਮਰਨ ਤੋਂ ਪਹਿਲਾਂ ਕੀ ਕਿਹਾ ਸੀ। ਚਲੋ ਸੋਨੇ ਵਾਲਾ ਘੜਾ ਲਭੀਏ।"

ਉਹਨਾਂ ਬੇਲਚੇ ਫੜ ਲਏ ਤੇ ਘਰ ਦੇ ਨੇੜੇ ਨਿੱਕੇ-ਨਿੱਕੇ ਟੋਏ ਪੁੱਟਣ ਲਗ ਪਏ। ਉਹ ਪੁਟਦੇ ਗਏ ਤੇ ਪੁਟਦੇ ਗਏ, ਪਰ ਉਹਨਾਂ ਨੂੰ ਸੋਨੇ ਵਾਲਾ ਘੜਾ ਨਾ ਲੱਭਾ।

ਵਿਚਲੇ ਭਰਾ ਨੇ ਆਖਿਆ:

"ਮੇਰੇ ਭਰਾਵੋ, ਜੇ ਅਸੀਂ ਏਸ ਤਰ੍ਹਾਂ ਪੁਟਦੇ ਗਏ, ਸਾਨੂੰ ਬਾਪੂ ਦਾ ਖਜ਼ਾਨਾ ਕਦੀ ਨਹੀਂ ਲੱਭਣ ਲਗਾ। ਚਲੋ, ਘਰ ਦਵਾਲੇ ਵਾਲੀ ਸਾਰੀ ਜ਼ਮੀਨ ਪੁਟ ਛੱਡੀਏ।"

ਭਰਾ ਮੰਨ ਗਏ। ਉਹਨਾਂ ਫੇਰ ਬੇਲਚੇ ਫੜੇ, ਘਰ ਦੁਆਲੇ ਦੀ ਸਾਰੀ ਜ਼ਮੀਨ ਪੁਟ ਛੱਡੀ, ਪਰ ਅਜੇ ਵੀ ਉਹਨਾਂ ਨੂੰ ਸੋਨੇ ਵਾਲਾ ਘੜਾ ਕੋਈ ਨਾ ਲੱਭਾ।

"ਆਓ ਇਕ ਵਾਰੀ ਫੇਰ ਪੁਟੀਏ, ਪਰ ਪਹਿਲਾਂ ਤੋਂ ਡੂੰਘਾ," ਸਭ ਤੋਂ ਛੋਟੇ ਭਰਾ ਨੇ ਆਖਿਆ। "ਸ਼ਾਇਦ ਬਾਪੂ ਨੇ ਸੋਨੇ ਵਾਲਾ ਘੜਾ ਡੂੰਘਾ ਦਬਿਆ ਹੋਵੇ।"

ਇਕ ਵਾਰੀ ਫੇਰ ਭਰਾ ਮੰਨ ਗਏ: ਉਹਨਾਂ ਨੂੰ ਬਾਪੂ ਦਾ ਖ਼ਜ਼ਾਨਾ ਲੱਭਣ ਦੀ ਬਹੁਤ ਹੀ ਤਾਂਘ ਸੀ

ਉਹ ਕੰਮ ਲਗ ਗਏ, ਤੇ ਸਭ ਤੋਂ ਵਡੇ ਭਰਾ ਨੂੰ, ਜਿਹੜਾ ਚੋਖੇ ਚਿਰ ਤੋਂ ਪੁਟ ਰਿਹਾ ਸੀ, ਚਾਣਚਕ ਹੀ ਮਹਿਸੂਸ ਹੋਇਆ, ਜਿਵੇਂ ਉਹਦਾ ਬੇਲਚਾ ਕਿਸੇ ਵਡੀ ਤੇ ਸਖ਼ਤ ਚੀਜ਼ ਨਾਲ ਲੱਗਾ ਹੋਵੇ। ਵੇਗ ਨਾਲ ਉਹਦਾ ਦਿਲ ਧੜਕਣ ਲਗ ਪਿਆ, ਤੇ ਉਹਨੇ ਆਪਣੇ ਭਰਾਵਾਂ ਨੂੰ ਬੁਲਾਇਆ।

"ਛੇਤੀ ਆਉਣਾ! ਮੈਨੂੰ ਲਭ ਪਿਆ ਜੇ ਬਾਪੂ ਦਾ ਖ਼ਜ਼ਾਨਾ!"

ਵਿਚਲਾ ਭਰਾ ਤੇ ਸਭ ਤੋਂ ਛੋਟਾ ਭਰਾ ਭੱਜੇ ਆਏ, ਤੇ ਉਹ ਆਪਣੇ ਵਡੇ ਭਰਾ ਵਲ ਹੋ ਪਏ ਤੇ ਉਹਦਾ ਹਥ ਵਟਾਣ ਲਗੇ।

ਉਹਨਾਂ ਬਹੁਤ ਹੀ ਮਿਹਨਤ ਕੀਤੀ, ਪਰ ਜਿਹੜੀ ਚੀਜ਼ ਉਹਨਾਂ ਜ਼ਮੀਨ ਵਿਚੋਂ ਪੁੱਟੀ, ਉਹ ਸੋਨੇ ਵਾਲਾ ਘੜਾ ਨਹੀਂ ਸੀ, ਇਕ ਬਹੁਤ ਵਡਾ ਪੱਥਰ ਸੀ।

ਭਰਾਵਾਂ ਨੂੰ ਡਾਢੀ ਨਿਰਾਸਤਾ ਹੋਈ।

"ਏਸ ਪੱਥਰ ਦਾ ਕੀ ਬਣਾਈਏ?" ਉਹ ਕਹਿਣ ਲਗੇ। "ਚਲੋ, ਇਹਨੂੰ ਲੈ ਜਾਈਏ ਤੇ ਖਡ ਵਿਚ ਸੁਟ ਦਈਏ।"

ਉਹਨਾਂ ਇੰਜ ਹੀ ਕੀਤਾ। ਪੱਥਰ ਤੋਂ ਉਹਨਾਂ ਖਲਾਸੀ ਪਾ ਲਈ ਤੇ ਫੇਰ ਪੁੱਟਣ ਲਗ ਪਏ। ਉਹ ਸਾਰਾ ਦਿਨ ਕੰਮ ਲਗੇ ਰਹੇ, ਇਕ ਪਲ ਖਾਣ ਜਾਂ ਆਰਾਮ ਲਈ ਵੀ ਨਾ ਅਟਕੇ, ਤੇ ਉਹਨਾਂ ਸਾਰਾ ਬਾਗ਼ ਪੁਟ ਮਾਰਿਆ। ਉਹਨਾਂ ਦੇ ਬੇਲਚਿਆਂ ਹੇਠ ਮਿੱਟੀ ਪੋਲੀ ਤੇ ਭੁਰਭੁਰੀ ਹੋ ਗਈ, ਪਰ ਉਹਨਾਂ ਨੂੰ ਸੋਨੇ ਵਾਲਾ ਘੜਾ ਕੋਈ ਨਾ ਲੱਭਾ।

"ਚੰਗਾ," ਸਭ ਤੋਂ ਵਡੇ ਭਰਾ ਨੇ ਕਿਹਾ, "ਹੁਣ ਜਦੋਂ ਅਸਾਂ ਮਿੱਟੀ ਪੁਟ ਈ ਲਈ ਏ, ਇਹਨੂੰ ਬੰਜਰ ਛੱਡਣ ਦਾ ਕੋਈ ਫ਼ਾਇਦਾ ਨਹੀਂ। ਆਓ, ਅੰਗੂਰਾਂ ਦੀਆਂ ਵੇਲਾਂ ਲਾ ਦਈਏ ਏਥੇ!"

"ਖਿਆਲ ਚੰਗਾ ਏ!" ਦੋਵੇਂ ਛੋਟੇ ਭਰਾ ਮੰਨ ਗਏ। "ਅਖ਼ੀਰ ਸਾਡੀ ਮਿਹਨਤ ਜ਼ਾਇਆ ਤਾਂ ਨਹੀਂ ਜਾਏਗੀ।"

ਤੇ ਉਹਨਾਂ ਕੁਝ ਅੰਗੂਰਾਂ ਦੀਆਂ ਵੇਲਾਂ ਲਾ ਦਿਤੀਆਂ ਤੇ ਉਹਨਾਂ ਦੀ ਉਹ ਬੜੇ ਧਿਆਨ ਨਾਲ ਸੰਭਾਲ ਕਰਨ ਲਗ ਪਏ।

ਥੋੜਾ ਜਿਹਾ ਸਮਾਂ ਲੰਘ ਗਿਆ, ਤੇ ਉਹਨਾਂ ਕੋਲ ਅੰਗੂਰਾਂ ਦੇ ਪੱਕੇ, ਮਿੱਠੇ ਤੇ ਰਸ-ਭਰੇ ਗੁਛਿਆਂ ਵਾਲਾ ਇਕ ਸੁਹਣਾ, ਵਡਾ ਸਾਰਾ ਵਾੜਾ ਹੋ ਗਿਆ।

ਭਰਾਵਾਂ ਨੇ ਭਰਵੀਂ ਫ਼ਸਲ ਸਮੇਟੀ। ਜਿਹੜੇ ਅੰਗੂਰ ਉਹਨਾਂ ਨੂੰ ਆਪਣੇ ਲਈ ਚਾਹੀਦੇ ਸਨ, ਉਹ ਉਹਨਾਂ ਵੱਖ ਕਰ ਲਏ, ਤੇ ਬਾਕੀ ਦੇ ਨਫ਼ੇ 'ਤੇ ਵੇਚ ਦਿਤੇ।

ਸਭ ਤੋਂ ਵਡਾ ਭਰਾ ਕਹਿਣ ਲਗਾ:

"ਅਖ਼ੀਰ, ਸਾਡਾ ਆਪਣੀ ਜ਼ਮੀਨ ਪੁਟਣਾ ਅਜਾਈਂ ਨਹੀਂ ਗਿਆ, ਏਸ ਲਈ ਕਿ ਅਸੀਂ ਉਹ ਖਜ਼ਾਨਾ ਲਭ ਈ ਲਿਐ, ਜਿਦ੍ਹੀ ਗਲ ਬਾਪੂ ਨੇ ਪੂਰੇ ਹੋਣ ਤੋਂ ਪਹਿਲਾਂ ਕੀਤੀ ਸੀ।"

# ਨਿਆਜ਼-ਬੋ ਫ਼ੇਤ-ਫ਼ਰੂਮੋਸ ਤੇ ਸੂਰਜ ਦੀ ਭੈਣ, ਇਲਾਨਾ ਕੋਸਿਨਜ਼ਾਨਾ

**ਮੋਲਦਾਵੀ ਪਰੀ-ਕਹਾਣੀ**



ਜੁ ਗਲ ਸੱਚੀ, ਉਹ ਹੈ ਸਚੀ
ਕਹਾਣੀ ਹੁੰਦੀ ਏ ਕਹਾਣੀ,
ਜੇ ਇਹ ਕਦੀ ਨਾ ਹੁੰਦਾ-ਹੰਢਦਾ
ਸੀ ਕਿਨ੍ਹੇ ਅਫ਼ਵਾਹ ਫੈਲਾਣੀ।

ਇਕ ਵਾਰੀ ਦੀ ਗਲ ਏ, ਇਕ ਆਦਮੀ ਤੇ ਉਹਦੀ ਘਰ ਵਾਲੀ ਹੁੰਦੇ ਸਨ, ਤੇ ਉਹਨਾਂ ਦੀ ਇਕ ਧੀ ਹੁੰਦੀ ਸੀ, ਜਿਹੜੀ ਏਨੀ ਸੁਹਣੀ ਸੀ, ਜਿੰਨੀ ਉੱਜਲ ਸਵੇਰ। ਉਹ ਕੰਮ-ਕਾਜ ਵਿਚ ਫੁਰਤੀਲੀ ਸੀ ਤੇ ਹੱਥਾਂ ਦੀ ਹੁੰਨਰ ਵਾਲੀ, ਤੇ ਇੰਜ ਸ਼ੋਖ ਤੇ ਚੰਚਲ ਸੀ, ਜਿਵੇਂ ਬਸੰਤੀ ਪੌਣ। ਜੇ ਕਦੀ ਕੋਈ ਉਹਦੇ ਕਿਰਤ ਕਰਦੇ ਹੱਥ, ਉਹਦੇ ਡਲਕਦੇ ਨੈਣ, ਉਹਦੀਆਂ ਦੱਗਦੀਆਂ, ਗੁਲਾਬੀ ਗਲ੍ਹਾਂ ਵੇਖ ਲੈਂਦਾ, ਉਹਨੂੰ ਉਹ ਬਾਕੀ ਦੀ ਉਮਰ ਨਾ ਭੁਲਦੀ, ਤੇ ਉਹਨੂੰ ਤਕ ਮੁੰਡਿਆਂ ਦੇ ਦਿਲਾਂ ਦੀ ਧੜਕਨ ਤੇਜ਼ ਹੋ ਜਾਂਦੀ।

ਇਕ ਧੁਪਿਆਲੇ ਦਿਨ, ਸੁਹਣੀ ਮੁਟਿਆਰ ਨੇ ਦੋ ਘੜੇ ਚੁਕੇ ਤੇ ਪਾਣੀ ਲਿਆਣ ਲਈ ਖੂਹ ਵਲ ਟੁਰ ਪਈ। ਜਦੋਂ ਉਹਨੇ ਘੜੇ ਭਰ ਲਏ, ਉਹਦਾ ਖੂਹ ਕੋਲ ਰਤਾ ਬਹਿ ਜਾਣ ਨੂੰ ਦਿਲ ਕਰ ਆਇਆ। ਬੈਠਿਆਂ-ਬੈਠਿਆਂ, ਉਹਨੇ ਖੂਹ ਵਿਚ ਝਾਤੀ ਮਾਰੀ ਤੇ ਵੇਖਿਆ, ਅੰਦਰ ਇਕ ਨਿਆਜ਼-ਬੋ ਦਾ ਬੂਟਾ ਉਗਿਆ ਹੋਇਆ ਸੀ। ਬਿਨਾਂ ਕੁਝ ਹੋਰ ਸੋਚਿਆਂ, ਉਹਨੇ ਬੂਟਾ ਪੁਟ ਲਿਆ ਤੇ ਉਹਦੀ ਖੁਸ਼ਬੋ ਸੁੰਘੀ, ਤੇ ਉਹਦੀ ਖੁਸ਼ਬੋ ਨਾਲ ਉਹਦੀ ਕੁੱਖੇ ਇਕ ਬਾਲ ਪੈ ਗਿਆ।

ਮੁਟਿਆਰ ਦੇ ਮਾਪਿਆਂ ਨੂੰ ਜਦੋਂ ਇਸ ਗਲ ਦਾ ਪਤਾ ਲਗਾ, ਉਹ ਉਹਨੂੰ ਝਿੜਕਣ-ਝਾੜਨ ਲਗ ਪਏ। ਦੁਨੀਆਂ ਹੁਣ ਜਿਊਣ ਲਈ ਮਿੱਠੀ ਸੁਖਾਵੀਂ ਥਾਂ ਨਾ ਰਹਿ ਗਈ, ਤੇ ਮੁਟਿਆਰ ਨੇ ਕਿਤੇ ਭਜ ਜਾਣ ਦੀ ਧਾਰ ਲਈ, ਉਹਨੂੰ ਪਤਾ ਨਹੀਂ ਸੀ ਕਿਥੇ। ਚੋਰੀ ਚੋਰੀ, ਉਹਨੇ ਤਿਆਰੀ ਕੀਤੀ ਤੇ ਛੋਪਲੇ ਹੀ ਘਰੋਂ ਨਿਕਲ ਗਈ, ਤੇ ਛੇਤੀ ਹੀ ਉਹਦਾ ਕੋਈ ਨਾਂ-ਨਿਸ਼ਾਨ ਨਾ ਲੱਭਾ।

ਸਹਿਮ ਤੇ ਬੇ-ਪੱਤੀ ਮਹਿਸੂਸ ਕਰਦਿਆਂ, ਮੁਟਿਆਰ ਅਟਕਿਆਂ ਬਿਨਾਂ ਅਗੇ ਹੀ ਅਗੇ ਟੁਰਦੀ ਗਈ, ਤੇ ਅਖ਼ੀਰ ਇਕ ਸੰਘਣੇ ਜੰਗਲ ਵਿਚ ਜਾ ਪੁੱਜੀ ਤੇ ਉਥੇ ਅੱਚਣਚੇਤ ਹੀ ਇਕ ਗੁਫਾ ਕੋਲ ਆ ਨਿਕਲੀ। ਉਹਨੇ ਸੋਚਿਆ, ਓਥੇ ਰਤਾ ਸਾਹ ਲਏਗੀ। ਤੇ ਉਹਨੇ ਅੰਦਰ ਪੈਰ ਹੀ ਪਾਇਆ ਸੀ ਕਿ ਉਹਨੂੰ ਦਿਸਿਆ, ਇਕ ਬਹੁਤ ਹੀ ਬੁੱਢਾ ਆਦਮੀ, ਖੰਗਦਾ ਤੇ ਖੰਘੂਰਦਾ, ਉਹਦੇ ਵਲ ਟੁਰੀ ਆ ਰਿਹਾ ਸੀ; ਉਹਦੀ ਪਿਠ ਵਿਚ ਕੁੱਬ ਪਿਆ ਹੋਇਆ ਸੀ, ਉਹਦੀਆਂ ਲੱਤਾਂ ਗਿਠੀਆਂ ਸਨ, ਦਾੜ੍ਹੀ ਏਨੀ ਲੰਮੀ ਸੀ ਕਿ ਗੋਡਿਆਂ ਤਕ ਪਹੁੰਚਦੀ ਸੀ, ਮੁੱਛਾਂ ਏਨੀਆਂ ਲੰਮੀਆਂ ਸਨ ਕਿ ਮੋਢਿਆਂ ਤਕ ਆਉਂਦੀਆਂ ਸਨ ਤੇ ਵਾਲ ਏਨੇ ਲੰਮੇ ਸਨ ਕਿ ਗਿਟਿਆਂ ਤਕ ਆਉਂਦੇ ਸਨ।

"ਕੌਣ ਏਂ ਤੂੰ, ਤੇ ਏਥੇ ਕਿਵੇਂ ਪਹੁੰਚੀ ਏਂ?" ਸੰਘਣੇ ਭਰਵੱਟਿਆਂ ਨੂੰ ਆਪਣੀ ਡੰਗੋਰੀ ਨਾਲ ਉਪਰ ਕਰਦਿਆਂ ਬੁੱਢੇ ਨੇ ਪੁਛਿਆ। ਭਰਵੱਟਿਆਂ ਨੇ ਉਹਦੀਆਂ ਅੱਖਾਂ ਹੀ ਲੁਕੋਈਆਂ ਹੋਈਆਂ ਸਨ।

ਇਹ ਸੁਣ ਮੁਟਿਆਰ ਡੁਸਕਣ ਤੇ ਰੋਣ ਲਗ ਪਈ, ਤੇ ਅਖ਼ੀਰ ਉਹਨੇ ਬੁਢੇ ਨੂੰ ਦਸਿਆ, ਕੀ ਹੋਇਆ ਸੀ ਤੇ ਉਹ ਉਹਦੀ ਗੁਫਾ ਵਿਚ ਕਿਵੇਂ ਪਹੁੰਚ ਪਈ ਸੀ।

ਬੁਢੇ ਨੇ ਚੁਪ-ਚਾਪ ਉਹਦੀ ਕਹਾਣੀ ਸੁਣੀ। ਉਹਨੇ ਮੁਟਿਆਰ ਨੂੰ ਪੱਥਰ ਦੇ ਥੜੇ ਤੇ ਬਿਠਾ ਦਿਤਾ ਤੇ ਚੰਗੀਆਂ-ਚੰਗੀਆਂ ਗੱਲਾਂ ਕਰ ਉਹਨੂੰ ਧਰਵਾਸ ਦੇਣ ਲਗਾ।

ਅਕਸਰ ਇੰਜ ਹੁੰਦਾ ਏ ਕਿ ਜਿਵੇਂ ਸੂਰਜ ਦੀ ਲੂੰਹਦੀ ਤਪਸ਼ ਤੋਂ ਪਿਛੋਂ ਮੀਂਹ ਧਰਤੀ ਨੂੰ ਠੰਡ ਪਾ ਦੇਂਦਾ ਏ, ਇਸੇ ਤਰ੍ਹਾਂ ਹੀ ਔਖੀਆਂ ਘੜੀਆਂ ਵਿਚ ਵਡੇਰਿਆਂ ਦਾ ਕਿਹਾ-ਆਖਿਆ ਨੌਜਵਾਨਾਂ ਦੇ ਦਿਲਾਂ ਉਤੇ ਮਰਹਮ ਦਾ ਕੰਮ ਦੇਂਦਾ ਹੈ। ਬੁਢੇ ਦੀ ਨਿੱਘੀ ਹਮਦਰਦੀ ਨਾਲ ਮੁਟਿਆਰ ਨੂੰ ਹੌਸਲਾ ਹੋਇਆ ਤੇ ਉਹ ਉਹਦੇ ਨਾਲ ਗੁਫਾ ਵਿਚ ਕੁਝ ਚਿਰ ਰਹਿਣਾ ਮੰਨ ਗਈ।

ਤੇ ਦੋਵੇਂ ਇਕੋ ਘਰ ਰਹਿਣ ਲਗ ਪਏ, ਮੁਟਿਆਰ ਨੂੰ ਬੁਢੇ ਦੀ ਸੰਗਤ ਵਿਚ ਆਪਣੇ ਗ਼ਮ ਦੀ ਕਸਕ ਘਟਦੀ ਲਗਦੀ, ਤੇ ਬੁਢੇ ਨੂੰ—ਆਪਣੀ ਵਡੇਰੀ ਉਮਰੇ ਆਰਾਮ ਮਿਲਦਾ।

ਹਰ ਰੋਜ਼ ਸਵੇਰੇ, ਤਿੰਨ ਬਕਰੀਆਂ ਗੁਫਾ ਨੂੰ ਆਉਂਦੀਆਂ, ਬੁੱਢਾ ਉਹਨਾਂ ਦੀ ਧਾਰ ਕਢਦਾ, ਤੇ ਉਹ ਏਸੇ ਦੁਧ ਨਾਲ ਡੰਗ ਲੰਘਾਂਦੇ।

ਸਮਾਂ ਛੇਤੀ ਨਾਲ ਲੰਘਦਾ ਗਿਆ, ਤੇ ਮੁਟਿਆਰ ਨੇ ਇਕ ਨਿੱਕੇ ਜਿਹੇ ਬਾਲ ਨੂੰ ਜਨਮ ਦਿਤਾ, ਜਿਹੜਾ ਇੰਜ ਗੋਭਲਾ ਤੇ ਸੁਹਣਾ ਸੀ ਕਿ ਜਦੋਂ ਸੂਰਜ ਉਹਨੂੰ ਵੇਖਦਾ, ਉਹਦੇ ਬੁਲ੍ਹਾਂ ਉਤੇ ਮੁਸਕਾਣ ਆ ਜਾਂਦੀ। ਤੇ ਵਿਚਾਰੇ ਬੁੱਢੇ ਦੀ ਖ਼ੁਸ਼ੀ ਦਾ ਕੋਈ ਹੱਦ-ਬੰਨਾ ਹੀ ਨਹੀਂ ਸੀ! ਉਹਦੇ ਪੈਰ ਆਪ ਮੁਹਾਰੇ ਹੀ ਨਚਦੇ ਲਗਦੇ, ਤੇ ਉਹਦਾ ਦਿਲ ਇੰਜ ਸੁਬਕ ਹੋ ਗਿਆ, ਜਿਵੇਂ ਉਹ ਕਦੀ ਜਵਾਨੀ ਵੇਲੇ ਹੁੰਦਾ ਸੀ।

ਜਿਸ ਪਲ ਹੀ ਬਾਲ ਹੋਇਆ, ਉਹਨਾਂ ਉਹਨੂੰ ਸਵੇਰ ਦੀ ਤਰੇਲ ਨਾਲ ਨੁਹਾਇਆ, ਤਾਂ ਜੁ ਕੋਈ ਵੀ ਬਦੀ ਉਹਨੂੰ ਚਮੁੱਟੀ ਨਾ ਰਹਿ ਸਕੇ, ਉਹਨਾਂ ਉਹਦੇ ਉਤੇ ਬਲਦੀ ਮਸਾਲ ਤੇ ਫ਼ੌਲਾਦ ਦੀ ਤਲਵਾਰ ਲੰਘਾਈ ਤਾਂ ਜੁ ਉਹ ਪੀੜਾਂ ਤੇ ਔਖਿਆਈਆਂ ਵਿਚੋਂ ਬੇ-ਜ਼ਰਬ ਲੰਘ ਜਾਏ ਤੇ ਹਮੇਸ਼ਾ ਇੰਜ ਸੁੱਚਾ ਤੇ ਰੁਸ਼ਨਾਇਆ

ਰਹੇ, ਜਿਵੇਂ ਸੂਰਜ ਰਹਿੰਦਾ ਹੈ। ਤੇ ਫੇਰ ਮਾਂ ਨੇ ਉਹਨੂੰ ਬਹਾਦਰ ਤੇ ਨਿੱਡਰ ਬਣਾਣ ਲਈ ਉਹਦੇ ਉਤੇ ਮੰਤਰ ਪੜ੍ਹੇ ਤੇ ਬੁੱਢੇ ਨੇ ਗੁਫਾ ਦੀਆਂ ਹਨੇਰੀਆਂ ਤੋਂ ਹਨੇਰੀਆਂ ਨੁਕਰਾਂ ਫਰੋਲ ਮਾਰੀਆਂ ਤੇ ਇਕ ਗੁਰਜ਼ ਤੇ ਇਕ ਖੰਡਾ ਲਭਿਆ; ਉਹ ਉਹਦੇ ਜਵਾਨੀ ਦੇ ਦਿਨਾਂ ਤੋਂ ਪਏ ਹੋਏ ਸਨ। ਇਹ ਉਹਨੇ ਬਾਲ ਨੂੰ ਭੇਂਟ ਕਰ ਦਿਤੇ, ਤਾਂ ਜੁ ਉਹਦੇ ਉਹ ਕੰਮ ਆ ਸਕਣ।

ਨਾਂ ਰੱਖਣ ਵੇਲੇ ਖਾਣ-ਪੀਣ ਨੂੰ ਬਹੁਤਾ ਨਹੀਂ ਸੀ, ਪਰ ਇਹਦੀ ਕਸਰ ਪੂਰੀ ਕਰਨ ਲਈ ਖੁਸ਼ੀ ਤੇ ਹਾਸਾ ਚੋਖਾ ਸੀ। ਉਹਨਾਂ ਮੁੰਡੇ ਨੂੰ ਸਿਹਤ ਤੇ ਖੁਸ਼ੀ ਦੀਆਂ ਅਸੀਸਾਂ ਦਿਤੀਆਂ ਤੇ ਬੁੱਢੇ ਨੇ ਉਹਦੇ ਨਾਂ ਨਿਆਜ਼-ਬੋ ਰਖਿਆ, ਉਸ ਬੂਟੇ ਉਤੇ, ਜਿਹੜਾ ਉਹਦੀ ਮਾਂ ਨੇ ਖੂਹ ਵਿਚੋਂ ਪੁਟਿਆ ਸੀ। ਇਹਦੇ ਨਾਲ ਉਹਦੀ ਮਾਂ ਨੇ ਇਕ ਹੋਰ ਨਾਂ ਰਲਾ ਦਿਤਾ — ਫ਼ੇਤ-ਫ਼ਰੂਮੋਸ, ਜਾਂ ਸੁਹਣਾ ਗਭਰੂ, ਉਹਨੂੰ ਆਪਣਾ ਪਿਆਰਾ ਬੱਚਾ ਬੜਾ ਸੁਹਣਾ ਜੁ ਲਗਦਾ ਸੀ।

ਸਮਾਂ ਉਡਦਾ ਗਿਆ, ਬੁੱਢਾ ਗੁਜ਼ਰ ਗਿਆ, ਤੇ ਮੁੰਡਾ ਵਡਾ ਹੋ ਗਿਆ। ਉਹ ਸ਼ਿਕਾਰ ਨੂੰ ਨਿਕਲ ਜਾਂਦਾ ਤੇ ਆਪਣੀ ਮਾਂ ਨੂੰ ਹਰ ਉਹ ਚੀਜ਼ ਲਿਆ ਕੇ ਦੇਂਦਾ, ਜਿਸਦੀ ਉਹਨੂੰ ਚਾਹ ਹੁੰਦੀ। ਜਿੰਨਾ ਵਡਾ ਉਹ ਹੁੰਦਾ ਗਿਆ, ਓਨੀ ਹੀ ਬਹੁਤੀ ਖੁਸ਼ੀ ਵਾਲੀ ਜ਼ਿੰਦਗੀ ਉਹਦੀ ਮਾਂ ਦੀ ਹੁੰਦੀ ਗਈ, ਇਸ ਲਈ ਕਿ ਉਹਨੂੰ ਉਹਦੀ ਕਹਿਣੀ ਨਾਲ ਵੀ ਤੇ ਕਰਨੀ ਨਾਲ ਵੀ, ਸੁਖ ਤੇ ਹੁਲਾਸ ਜੁੜਦਾ।

ਜਦੋਂ ਨਿਆਜ਼-ਬੋ ਫ਼ੇਤ-ਫ਼ਰੂਮੋਸ ਜਵਾਨ ਹੋ ਗਿਆ, ਉਹ ਘਰ ਤੋਂ ਦੂਰ-ਦੂਰ ਚੀੜ੍ਹ ਤੇ ਸ਼ਾਹ ਬਲੂਤ ਦੇ ਦੁਰਾਡੇ ਤੇ ਸੰਘਣੇ ਜੰਗਲਾਂ ਵਿਚ, ਸ਼ਿਕਾਰ ਲਈ ਜਾਣ ਲਗ ਪਿਆ, ਤੇ ਉਹ ਹੋਰ ਪਰ੍ਹਾਂ ਤੇ ਹੋਰ ਅਗੇ, ਜਿਥੋਂ ਤਕ ਵੀ ਨਜ਼ਰ ਜਾਂਦੀ, ਨਿਕਲ ਜਾਂਦਾ।

ਇਕ ਦਿਨ ਨਿਆਜ਼-ਬੋ ਇਕ ਵਾਦੀ ਦੇ ਮੁਹਾਣੇ ਤਕ ਆਇਆ, ਤੇ ਜਦੋਂ ਉਹਨੇ ਦੂਰ ਅਗੇ ਤਕਿਆ, ਉਹਨੂੰ ਇਕ ਵਡੀ ਸਾਰੀ, ਸਾਵੀਆਂ ਭਾਹਾਂ ਮਾਰਦੀ ਝੀਲ ਦਿੱਸੀ, ਜਿਸ ਵਿਚ ਸੂਰਜ ਨਹਾ ਰਿਹਾ ਸੀ। ਪਰ ਜਦੋਂ ਉਹ ਨੇੜੇ ਆਇਆ, ਉਹਨੇ ਵੇਖਿਆ, ਝੀਲ ਝੀਲ ਨਹੀਂ ਸੀ, ਖਾਲਸ ਸੋਨੇ ਤੇ ਮੋਤੀਆਂ ਦਾ ਮਹਿਲ ਸੀ, ਜਿਹੜਾ ਇਕ ਬੇਅੰਤ ਪਸਾਰੇ ਵਾਲੇ ਹਰੇ ਜੰਗਲ ਵਿਚ ਲਿਸ਼ਕਾਂ ਤੇ ਡਲਕਾਂ ਮਾਰ ਰਿਹਾ ਸੀ।

ਉਹਨੇ ਆਪਣੀ ਜ਼ਿੰਦਗੀ ਵਿਚ ਇਹੋ ਜਿਹੀ ਸੁਹਣੀ ਚੀਜ਼ ਅਗੇ ਕਦੀ ਨਹੀਂ ਸੀ ਵੇਖੀ, ਤੇ ਗੁਰਜ਼ ਤੇ ਖੰਡੇ ਨੂੰ ਪੇਟੀ ਵਿਚ ਟਿਕਾ, ਉਹ ਸਿੱਧਾ ਮਹਿਲ ਵਲ ਹੋ ਪਿਆ। ਵਾਟ ਬਹੁਤੀ ਨਹੀਂ ਸੀ ਤੇ ਉਹ ਛੇਤੀ ਹੀ ਓਥੇ ਪਹੁੰਚ ਪਿਆ। ਮਹਿਲ ਦੀਆਂ ਬੂਹੇ-ਬਾਰੀਆਂ ਖੁਲ੍ਹੀਆਂ ਪਈਆਂ ਸਨ, ਪਰ ਬੰਦੇ ਦਾ ਨਾਂ-ਨਿਸ਼ਾਨ ਨਾ ਤੇ ਮਹਿਲ ਵਿਚ ਸੀ ਤੇ ਨਾ ਹੀ ਉਹਦੇ ਕਿਤੇ ਨੇੜੇ-ਤੇੜੇ। ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ ਕਮਰਾ-ਕਮਰਾ ਵੇਖ ਮਾਰਿਆ, ਤੇ ਇਸੇ ਤਰ੍ਹਾਂ ਸਾਰਾ ਮਹਿਲ ਵੀ। ਉਹ ਬਾਹਰ ਇਹਾਤੇ ਵਿਚ ਨਿਕਲ ਆਇਆ ਤੇ ਓਥੇ ਉਹਨੇ ਫੇਰ ਚੁਗਿਰਦੇ ਵੇਖਿਆ, ਪਰ ਉਹਨੂੰ ਕੋਈ ਵੀ ਨਾ ਦਿਸਿਆ। ਫੇਰ, ਚਾਣਚਕ ਹੀ, ਉਹਨੂੰ ਬਹੁਤ ਹੀ ਉਚੀ ਭਾਂ-ਭਾਂ ਤੇ ਸਾਂ-ਸਾਂ ਤੇ ਟਹਿਣੀਆਂ ਦੇ ਤਿੜਕਣ ਦੀ ਆਵਾਜ਼ ਸੁਣੀਤੀ, ਤੇ ਉਹਨੂੰ ਕੀ ਦਿਸਿਆ! ਜੰਗਲ ਵਲੋਂ ਸਤ ਡਰਾਉਣੇ ਅਜਗਰ ਆ ਰਹੇ ਸਨ, ਹਰ ਇਕ ਦਾ

ਸਿਰ ਸੀ
ਬਕਰੇ ਦਾ,
ਖੁਰ ਸਨ
ਖੋਤੇ ਦੇ,

ਜਬਾੜੇ ਸਨ
ਬਘਿਆੜ ਦੇ,
ਤੇ ਅੱਖਾਂ ਸਨ,
ਵਿੱਸ ਨਾਲ ਭਰੀਆਂ।

ਉਹ ਟਪੋਸੀ ਮਾਰਦੇ, ਟਪਦੇ ਤੇ ਉਲਾਂਘਦੇ ਟੁਰਦੇ ਸਨ, ਤੇ ਉਹਨਾਂ ਮੋਢਿਆਂ ਉਤੇ ਤਿੰਨ ਆਦਮੀ ਰਖੇ ਹੋਏ ਸਨ, ਜਿਨ੍ਹਾਂ ਦੇ ਹਥ ਪੈਰ ਬੱਝੇ ਹੋਏ ਸਨ। ਉਹ ਮਹਿਲ ਵਿਚ ਆ ਵੜੇ। ਉਹਨਾਂ ਵਡੇ ਕੜਾਹੇ ਹੇਠ ਅਗ ਬਾਲੀ, ਤੇ ਜਦੋਂ ਪਾਣੀ ਉਬਾਲੇ ਖਾਣ ਲਗ ਪਿਆ, ਉਹਨਾਂ ਆਪਣੇ ਤਿੰਨਾਂ ਵਿਚੋਂ ਇਕ ਕੈਦੀ ਨੂੰ ਕੜਾਹੇ ਵਿਚ ਸੁਟ ਦਿਤਾ। ਉਹਨਾਂ ਉਹਨੂੰ ਚਾੜ੍ਹਿਆ ਤੇ ਛੇਤੀ ਨਾਲ ਖਾ ਲਿਆ, ਹੱਡੀਆਂ ਤੇ ਹੋਰ ਸਭ ਕੁਝ ਸਣੇ, ਤੇ ਫੇਰ ਉਹਨਾਂ ਬਾਕੀ ਦੇ ਦੋ ਆਦਮੀਆਂ ਦਾ ਵੀ ਇਹੋ ਹਾਲ ਕੀਤਾ, ਤੇ ਉਹਨਾਂ ਨੂੰ ਇੰਜ ਹਾਬੜ ਕੇ ਖਾਧਾ ਕਿ ਉਹਨਾਂ ਦੇ ਜਬਾੜੇ ਵਜਦੇ ਸੁਣੀ ਰਹੇ ਸਨ।

ਬੂਹੇ ਤੋਂ ਪਿਛੋਂ, ਜਿਥੇ ਉਹਨੇ ਆਪਣਾ ਆਪ ਲੁਕਾਇਆ ਹੋਇਆ ਸੀ, ਨਿਆਜ਼-ਬੋ ਫ਼ੇਤ-ਫ਼ਰੂਮੋਸ ਉਹਨਾਂ ਨੂੰ ਵੇਖਦਾ ਰਿਹਾ। ਉਹਨੂੰ ਆਪਣੀਆਂ ਅੱਖਾਂ ਉਤੇ ਅਤਬਾਰ ਹੀ ਨਹੀਂ ਸੀ ਆ ਰਿਹਾ। ਤੂੰਦ ਅਜਗਰਾਂ ਨੇ ਸਭ ਕੁਝ ਅਖ਼ੀਰਲੀ ਬੁਰਕੀ ਤਕ ਨਿਘਾਰ ਲਿਆ, ਤੇ ਫੇਰ ਉਹਨਾਂ ਵਿਚੋਂ ਇਕ ਨੇ ਮੂੰਹ ਭੁਆਇਆ, ਉਹਦੀ ਨਜ਼ਰ ਨਿਆਜ਼-ਬੋ ਉਤੇ ਪਈ, ਤੇ ਉਹ ਇੰਜ ਟਪਿਆ, ਜਿਵੇਂ ਕਿਸੇ ਉਹਨੂੰ ਡੰਗ ਕਢ ਮਾਰਿਆ ਹੋਵੇ।

"ਬਾਹਰ ਹਾਤੇ ਵਿਚ, ਬਾਹਰ ਹਾਤੇ ਵਿਚ!" ਉਹ ਕੂਕਣ ਲਗਾ। "ਓਥੇ ਇਕ ਹੋਰ ਜੇ, ਉਡੀਕ ਰਿਹੈ, ਕੜਾਹੇ 'ਚ ਸੁੱਟੇ ਜਾਣ ਲਈ!"

ਇਹ ਸੁਣ, ਸਾਰੇ ਦੇ ਸਾਰੇ ਅਜਗਰ ਟਪ ਖਲੋਤੇ ਤੇ ਬੂਹੇ ਵਲ ਭੱਜੇ। ਪਰ ਨਿਆਜ਼-ਬੋ ਨੇ ਆਪਣਾ ਖੰਡਾ ਮਿਆਨ ਵਿਚੋਂ ਕਢਿਆ, ਤੇ ਜਿਵੇਂ ਹੀ ਇਕ-ਇਕ ਅਜਗਰ ਦਹਿਲੀਜ਼ ਤੋਂ ਪਾਰ ਹੁੰਦਾ, ਉਹਦੀ ਤਲਵਾਰ ਕਾੜ-ਕਰਦੀ ਅਜਗਰ ਦੇ ਸਿਰ ਉਤੇ ਆ ਪੈਂਦੀ! ਸਿਰ ਪੁੱਟੀਆਂ ਹੋਈਆਂ ਗੋਭੀਆਂ ਵਾਂਗ ਫ਼ਰਸ਼ ਉਤੇ ਰਿੜਨ ਲਗੇ, ਤੇ ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ ਇਕ-ਇਕ ਕਰਕੇ ਛੇ ਅਜਗਰ ਮਾਰ ਦਿਤੇ। ਪਰ ਸਤਵੇਂ ਦਾ ਉਹ ਕੁਝ ਨਹੀਂ ਸੀ ਵਿਗਾੜ ਸਕਦਾ, ਕਿਉਂ ਜੁ ਉਹਦਾ ਖੰਡਾ ਉਹਦੇ ਉਤੇ ਕੰਮ ਕਰਦਾ ਨਹੀਂ ਸੀ ਲਗਦਾ: ਉਹਨੇ ਤਲਵਾਰ ਦੇ ਫਲ ਨਾਲ ਉਹਦੀ ਗਿੱਚੀ ਉਤੇ ਵਾਰ ਕੀਤਾ, ਉਹਨੇ ਉਹਦਾ ਸਵਾਹਰਾ ਪਾਸਾ ਉਹਦੇ ਸਿਰ ਉਤੇ ਦੇ ਮਾਰਿਆ, ਉਹਨੇ ਉਹਨੂੰ ਦਿਲ ਵਿਚੋਂ ਵਿੰਨ ਦੇਣ ਦਾ ਜਤਨ ਕੀਤਾ, ਪਰ ਕੁਝ ਨਾ ਬਣਿਆ। ਫੇਰ, ਦੂਜੀ ਵਾਰ ਸੋਚੇ ਬਿਨਾਂ, ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ ਗੁਰਜ਼ ਫੜ ਲਿਆ, ਉਹਦੇ ਸਿਰ ਉਤੇ ਘੁਮਾਇਆ ਤੇ ਅਜਗਰ ਦੀ ਪੁੜਪੁੜੀ ਉਤੇ ਏਡੇ ਜ਼ੋਰ ਨਾਲ ਦੇ ਮਾਰਿਆ ਕਿ ਅਜਗਰ ਦੀਆਂ ਅੱਖਾਂ ਸਾਹਮਣੇ ਦੁਨੀਆਂ ਹਨੇਰੀ ਹੋ ਗਈ। ਅਜਗਰ ਲਗਾਤਾਰ ਭੁਆਟੀਆਂ ਖਾਣ ਤੇ ਪਿਛੇ ਹੱਟਣ ਲਗ ਪਿਆ, ਹਰ ਕਦਮ 'ਤੇ ਉਹਦਾ ਸਿਰ ਕੰਧਾਂ ਨਾਲ ਵਜਦਾ। ਅਖ਼ੀਰ ਉਹ ਮਹਿਲ ਦੇ ਅਖ਼ੀਰਲੇ ਕਮਰੇ ਵਿਚ ਪਹੁੰਚ ਪਿਆ, ਉਹਨੇ ਫ਼ਰਸ਼ ਦਾ ਇਕ ਚੋਰ-ਬੂਹਾ ਖੋਲ੍ਹਿਆ ਤੇ ਕਾਈ ਤੇ ਜਾਲੇ ਨਾਲ ਭਰੀ ਇਕ ਪੌੜੀ ਉਤੇ ਢਹਿ ਪਿਆ। ਤੇ ਨਿਆਜ਼-ਬੋ ਨੇ ਉਹਨੂੰ ਸਾਹ ਨਾ ਲੈਣ ਦਿਤਾ ਤੇ ਉਹਦੇ ਪਿਛੇ-ਪਿਛੇ ਹੋ ਪਿਆ। ਉਹ ਲੋਹੇ ਦੇ ਬਾਰ੍ਹਾਂ ਦਰਵਾਜ਼ਿਆਂ ਵਿਚੋਂ ਲੰਘੇ ਤੇ ਅਖ਼ੀਰ ਤਹਿ ਤਕ ਪਹੁੰਚ ਪਏ। ਅਜਗਰ ਨੇ ਆਪਣੇ ਆਪ ਨੂੰ ਕੰਧ ਨਾਲ ਸੁੰਗੜੇ ਲਿਆ, ਉਹਦੀਆਂ ਅੱਖਾਂ ਫਿਰਨ ਲੱਗੀਆਂ ਤੇ ਦੰਦ ਨੰਗੇ ਹੋ ਗਏ, ਸਹਿਮ ਨਾਲ ਉਹਦੇ ਦਿਲ ਦਾ ਪਟਾਕਾ ਬੋਲ ਜਾਣ ਵਾਲਾ ਲਗਦਾ ਸੀ।

ਪਰ ਨਿਆਜ਼-ਬੋ ਨੇ ਉਹਨੂੰ ਕੁਝ ਨਾ ਕਿਹਾ, ਉਹਨੂੰ ਅੰਦਰ ਡਕ ਬੂਹਾ ਬੰਦ ਕਰ ਦਿਤਾ, ਉਹਦੀ ਚਿਟਕਣੀ ਲਾ ਦਿਤੀ ਤੇ ਸੀਖ਼ਾਂ ਚੜ੍ਹਾ ਦਿਤੀਆਂ, ਤੇ ਫੇਰ ਪੌੜੀਆਂ ਚੜ੍ਹ ਗਿਆ। ਲੰਘਦਿਆਂ-ਲੰਘਦਿਆਂ ਉਹਨੇ ਬਾਰਾਂ ਦੇ ਬਾਰਾਂ ਦਰਵਾਜ਼ਿਆਂ ਦੀਆਂ ਸੀਖ਼ਾਂ ਚੜ੍ਹਾ ਦਿਤੀਆਂ, ਅਖ਼ੀਰਲੇ ਨੂੰ ਜੰਦਰਾ ਲਾ ਦਿਤਾ ਤੇ ਚਾਬੀ ਆਪਣੇ

ਕੋਟ ਅੰਦਰ ਧਰ ਲਈ। ਉਸ ਪਿਛੋਂ ਇਸ ਖੁਸ਼ੀ ਨਾਲ ਕਿ ਉਹਨੇ ਚੰਗਾ ਕੰਮ ਕਰ ਲਿਆ ਸੀ, ਉਹ ਘਰ ਚਲਾ ਗਿਆ।

ਉਹ ਗੁਫਾ ਵਿਚ ਬਹੁਤ ਹੀ ਚੜ੍ਹਦੀ ਕਲਾ ਵਿਚ ਪਹੁੰਚਿਆ ਤੇ ਆਪਣੀ ਮਾਂ ਨੂੰ ਆਖਣ ਲਗਾ:

"ਮਾਂ, ਮਾਂ, ਮੈਂ ਇਕ ਵਡਾ ਸਾਰਾ ਤੇ ਸੁਹਣਾ ਮਹਿਲ ਲਭਿਐ। ਅਸੀਂ ਹੁਣ ਓਥੇ ਰਹਾਂ ਕਰਾਂਗੇ।"

ਮਾਂ ਦੀ ਖੁਸ਼ੀ ਦੀ ਹਦ ਨਾ ਰਹੀ। ਉਹਨੇ ਤੇ ਨਿਆਜ਼-ਬੋ ਨੇ ਗੁਫਾ ਛਡ ਦਿਤੀ ਤੇ ਸੋਨੇ ਤੇ ਮੋਤੀਆਂ ਦੇ ਮਹਿਲ ਵਿਚ ਚਲੇ ਗਏ ਤੇ ਉਹਨਾਂ ਆਪਣਾ ਘਰ ਓਥੇ ਬਣਾ ਲਿਆ।

ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ ਆਖਿਆ:

"ਇਹ ਸਾਰਾ ਕੁਝ ਸਾਡਾ ਏ। ਪਰ ਅਖ਼ੀਰਲਾ ਕਮਰਾ, ਕਦੀ ਵੀ ਨਾ, ਕਿਸੇ ਵੀ ਗੱਲੇ, ਨਾ ਖੋਲ੍ਹਣਾ, ਇਸ ਲਈ ਇਕ ਅਜਗਰ ਅਜੇ ਓਥੇ ਏ।"

"ਪੁਤਰਾ, ਭਰੋਸਾ ਰਖ," ਮਾਂ ਨੇ ਜਵਾਬ ਦਿਤਾ। "ਅਜਗਰ ਤੈਨੂੰ ਖਾਣ ਨੂੰ ਪਿਆ ਸੀ, ਇਸ ਲਈ ਮੈਨੂੰ ਚੇਤੇ ਰਹੇਗਾ, ਦਰਵਾਜ਼ੇ ਨੂੰ ਜੰਦਰਾ ਕਿਵੇਂ ਲਾਈ ਰਖਣੈਂ।"

ਤੇ ਚਾਬੀ ਫੜ ਮਾਂ ਨੇ ਉਹਨੂੰ ਰੁਮਾਲ ਵਿਚ ਲਪੇਟ ਲਿਆ, ਰੁਮਾਲ ਨੂੰ ਦਸ ਗੰਢਾਂ ਮਾਰੀਆਂ ਤੇ ਉਹਨੂੰ ਕਿਤੇ ਏਡੀ ਦੂਰ ਰਖ ਦਿਤਾ ਕਿ ਜੇ ਕੋਈ ਉਹਨੂੰ ਕਿਆਮਤ ਦੇ ਦਿਨ ਤਕ ਵੀ ਲਭਦਾ ਰਹੇ, ਤਾਂ ਵੀ ਨਾ ਲਭ ਸਕੇ।

ਮਾਂ ਪੁਤਰ ਉਤੇ, ਇੰਜ ਜਿਵੇਂ ਬਹੁਲਤਾ ਦੇ ਸਿੰਗ ਵਿਚੋਂ, ਜ਼ਿੰਦਗੀ ਦੀਆਂ ਨਿਆਮਤਾਂ ਤੇ ਬਰਕਤਾਂ ਦੀ ਵਾਛੜ ਹੋਣ ਲਗ ਪਈ। ਜਿਸ ਮਹਿਲ ਵਿਚ ਉਹ ਰਹਿੰਦੇ ਸਨ, ਉਹ ਸ਼ਾਨਦਾਰ ਸੀ, ਉਹਦੇ ਚੁਗਿਰਦੇ ਦੇ ਸੁਹਜ ਦੀ ਰੀਸ ਨਹੀਂ ਸੀ, ਤੇ ਸ਼ਿਕਾਰ ਖੁਲ੍ਹਾ ਤੇ ਰਜਵਾਂ ਸੀ।

ਤੇ ਇਸ ਤਰ੍ਹਾਂ ਉਹ ਇਕ ਵਰ੍ਹਾ ਨਹੀਂ, ਦੋ ਵਰ੍ਹੇ ਨਹੀਂ, ਸਗੋਂ ਕਿੰਨੇ ਹੀ ਵਰ੍ਹੇ ਰਹਿੰਦੇ ਰਹੇ। ਪਰ ਜਿਸ ਤਰ੍ਹਾਂ ਬਸੰਤ ਚਾਣਚਕ ਹੀ ਆਪਣੇ ਨਾਲ ਹੁਨਾਲੇ ਦਾ ਮੱਠਾ-ਮੱਠਾ ਨਿਘ ਲੈ ਆਉਂਦੀ ਏ, ਉਸੇ ਤਰ੍ਹਾਂ ਹੀ ਧਰਤੀ ਉਤੇ ਝੱਖੜ ਝੁਲ ਸਕਦੇ ਨੇ, ਉਹਦੇ ਉਤੇ ਬਣੀ-ਉਸਰੀ ਹਰ ਵਸਤ ਨੂੰ ਚੂਰ ਤੇ ਥੇਹ ਕਰਨ ਨੂੰ ਪੈਂਦੇ ਨੇ।

ਸਤ ਅਜਗਰ ਕਿਸੇ ਹੋਰ ਜ਼ਾਰਸ਼ਾਹੀ ਤੋਂ ਆਏ ਹੋਏ ਸਨ। ਉਹਨਾਂ ਨੂੰ ਇਕ ਬੁੱਢੀ ਜਾਦੂਗਰਨੀ, ਕਲੋਆਂਤਸਾ, ਨੇ ਪਾਲਿਆ ਹੋਇਆ ਸੀ। ਜਾਦੂਗਰਨੀ ਦਾ ਮੂੰਹ ਏਨਾ ਕਾਲਾ ਸੀ, ਜਿੰਨੀ ਲੁੱਕ ਤੇ ਉਹਦੇ ਦਿਲ ਵਿਚ ਏਨੀ ਕਮੀਨਗੀ ਭਰੀ ਹੋਈ ਸੀ ਕਿ ਉਹਦੀ ਇਕ ਨਜ਼ਰ ਨਾਲ ਹੀ ਮਿੱਟੀ ਸਵਾਹ ਹੋ ਸਕਦੀ ਸੀ। ਕਲੋਆਂਤਸਾ ਹੁਣ ਅਜਗਰਾਂ ਦੇ ਆਪਣੇ ਕੋਲ ਆਉਣ ਦੀ ਉਡੀਕ ਕਰ ਰਹੀ ਸੀ, ਤੇ ਜਦੋਂ ਆਮ ਨਾਲੋਂ ਬਹੁਤੇ ਚਿਰ ਪਿਛੋਂ, ਉਹ ਆਉਣੋਂ ਉਕ ਗਏ, ਉਹਨੂੰ ਏਡੇ ਚੰਦਰੇ-ਚੰਦਰੇ ਵਹਿਮ ਪੈਣ ਲਗ ਪਏ ਕਿ ਉਹਦਾ ਦਿਲ ਲੂਹਿਆ ਗਿਆ। ਕਲੋਆਂਤਸਾ ਅਗ ਵਿਚ ਪਏ ਸਪ ਵਾਂਗ ਪਲਸੇਟੇ ਤੇ ਮਰੋੜੇ ਖਾਣ ਲਗੀ ਤੇ ਇਹ ਵੇਖਣ ਲਈ ਕਿ ਕੀ ਗਲ ਹੋ ਗਈ ਸੀ, ਜਨੂੰਨੀਆਂ ਵਾਂਗ ਉਹ ਮਹਿਲ ਵਲ ਨੂੰ ਹੋ ਪਈ।

ਜਦੋਂ ਉਹਨੂੰ ਪਤਾ ਲਗਾ, ਅਜਗਰਾਂ ਨਾਲ ਕਿੱਡੀ ਡਾਢੀ ਬੀਤੀ ਸੀ, ਉਹਨੇ ਆਪਣੇ ਸਿਰ ਘੁਟ ਲਿਆ। ਫੇਰ ਉਹਨੂੰ ਡਾਢਾ ਗੁੱਸਾ ਚੜ੍ਹ ਗਿਆ ਤੇ ਉਹ ਨਿਆਜ਼-ਬੋ ਦੀ ਮਾਂ ਉਤੇ ਟੁਟ ਪਈ। ਉਹਨੇ ਉਹਦੇ ਕੋਲੋਂ ਚਾਬੀ ਕਢਵਾ ਲਈ ਤੇ ਸਾਰਾ ਜ਼ੋਰ ਲਾ ਕੇ ਉਹਨੂੰ ਉਸ ਕਾਲ-ਕੋਠੜੀ ਵਿਚ ਧਕ ਲੈ ਗਈ, ਜਿਥੇ ਅਜਗਰ

ਡਕਿਆ ਪਿਆ ਸੀ। ਅਜਗਰ ਨੂੰ ਉਹਨੇ ਛੁਡਾ ਲਿਆ ਤੇ ਆਖਿਆ, ਉਹਦੇ ਪਿਛੇ-ਪਿਛੇ ਟੁਰਿਆ ਆਵੇ। ਤੇ ਉਹਨੇ ਆਪਣੇ ਪਿੱਛੇ ਬਾਰਾਂ ਦੇ ਬਾਰਾਂ ਦਰਵਾਜ਼ਿਆਂ ਨੂੰ ਜੰਦਰੇ ਤੇ ਸੀਖ਼ਾਂ ਲਾ ਦਿਤੀਆਂ।

ਕਲੋਆਂਤਸਾ ਤੇ ਅਜਗਰ ਬਹਿ ਗਏ ਤੇ ਸਲਾਹਵਾਂ ਕਰਨ ਲਗੇ, ਨਿਆਜ਼-ਬੋ ਤੋਂ ਬਦਲਾ ਕਿਵੇਂ ਲਿਆ ਜਾਏ ਤੇ ਉਹਨੂੰ ਕਿਵੇਂ ਮਾਰ-ਮੁਕਾਇਆ ਜਾਵੇ।

"ਲੜਾਈ ਲਈ ਵੰਗਾਰ ਸੂ," ਜਾਦੂਗਰਨੀ ਨੇ ਅਜਗਰ ਨੂੰ ਆਖਿਆ।

"ਨਹੀਂ, ਉਹਦੇ ਤੋਂ ਡਰ ਲਗਦੈ ਮੈਨੂੰ," ਅਜਗਰ ਨੇ ਜਵਾਬ ਦਿਤਾ। "ਉਹਦੀ ਬਾਂਹ 'ਚ ਜ਼ੋਰ ਮੇਰੀ ਬਾਂਹ ਨਾਲੋਂ ਕਿਤੇ ਜ਼ਿਆਦੈ। ਮੇਰਾ ਖ਼ਿਆਲ ਏ, ਅਜੇ ਜਦੋਂ ਵੇਲਾ ਏ, ਨਿਕਲ ਚਲੀਏ, ਤੇ ਉਹਦੀਆਂ ਨਜ਼ਰਾਂ ਆਪਣੇ 'ਤੇ ਨਾ ਪੈਣ ਦਈਏ, ਨਹੀਂ ਤਾਂ, ਸਾਡੇ ਲਈ ਚੰਗਾ ਨਹੀਂ ਰਹਿਣ ਲਗਾ।"

"ਜੇ ਤੂੰ ਇੰਜ ਮਹਿਸੂਸ ਕਰਨੈਂ, ਤਾਂ ਤੈਨੂੰ ਮੇਰੇ 'ਤੇ ਛਡ ਦੇਣਾ ਚਾਹੀਦੈ," ਕਲੋਆਂਤਸਾ ਨੇ ਆਖਿਆ। "ਮੈਂ ਉਹਨੂੰ ਚੁੱਕੀ ਜਾਵਾਂਗੀ, ਜਿੰਨਾ ਚਿਰ ਉਹਦੀ ਇਹੋ ਜਿਹੀ ਹਾਲਤ ਨਹੀਂ ਹੋ ਜਾਂਦੀ ਕਿ ਉਹ ਆਪਣੇ ਆਪ ਰੀਂਗਦਾ ਸਪ ਦੀ ਖੁਡ 'ਚ ਜਾ ਪਹੁੰਚੇ, ਤੇ ਖਲਾਸੀ ਕਰਾਣ ਲਈ ਮੂੰਹੋਂ ਮੌਤ ਮੰਗੇ।"

ਤੇ ਇਹ ਆਖ, ਉਹਨੇ ਅਜਗਰ ਨੂੰ ਲੁਕਾ ਦਿਤਾ ਤੇ ਫੇਰ ਲਾਟੂ ਵਾਂਗ ਘੁੰਮਣ ਲਗ ਪਈ ਤੇ ਓਦੋਂ ਤਕ ਘੁੰਮਦੀ ਗਈ, ਜਦੋਂ ਤਕ ਉਹਨੇ ਨਿਆਜ਼-ਬੋ ਫ਼ੇਤ-ਫ਼ਰੂਮੋਸ ਦੀ ਮਾਂ ਦਾ ਭੇਸ ਨਾ ਵਟਾ ਲਿਆ। ਉਹਨੇ ਡਾਢੇ ਬੀਮਾਰ ਤੇ ਪੀੜੋ-ਪੀੜ ਹੋਣ ਦਾ ਪਜ ਪਾਇਆ ਤੇ ਬਹਿ ਨਿਆਜ਼-ਬੋ ਫ਼ੇਤ-ਫ਼ਰੂਮੋਸ ਨੂੰ ਉਡੀਕਣ ਲਗੀ।

ਇਕ ਦਿਨ ਲੰਘ ਗਿਆ ਤੇ ਫੇਰ ਇਕ ਹੋਰ ਲੰਘ ਗਿਆ, ਤੇ ਨਿਆਜ਼-ਬੋ ਫ਼ੇਤ-ਫ਼ਰੂਮੋਸ ਸ਼ਿਕਾਰ ਤੋਂ ਵਾਪਸ ਆ ਗਿਆ। ਉਹਨੇ ਦਹਿਲੀਜ਼ ਟੱਪੀ ਹੀ ਸੀ ਕਿ ਕਲੋਆਂਤਸਾ ਸਿਸਕਣ ਤੇ ਹਉਕੇ ਭਰਨ ਲਗ ਪਈ।

"ਬਚੜਿਆ, ਮੇਰੇ ਬਚੜਿਆ," ਹਉਕੇ ਭਰਦਿਆਂ-ਭਰਦੀਆਂ ਉਹਨੇ ਆਖਿਆ, "ਮੈਂ ਸਚੀ ਮੁਚੀ ਈ ਦੁਖੀ ਹਾਂ, ਤੂੰ ਚਲਾ ਜੁ ਗਿਆ ਤੇ ਇਹ ਖ਼ਿਆਲ ਵੀ ਨਾ ਕੀਤਾ, ਮੈਨੂੰ ਤੇਰੀ ਲੋੜ ਪੈ ਸਕਦੀ ਏ। ਤੇ ਮੈਂ ਡਾਢੀ ਬੀਮਾਰ ਪੈ ਗਈ, ਤੇ ਮੇਰੀ ਵਾਤ ਪੁੱਛਣ ਵਾਲਾ ਕੋਈ ਨਹੀਂ ਸੀ। ਹਾਇ, ਜੇ ਕਦੀ ਮੈਨੂੰ ਪੰਛੀ ਦੇ ਦੁਧ ਦੀ ਇਕ ਬੂੰਦ ਮਿਲ ਜਾਂਦੀ, ਇਕੋ ਛੋਟੀ ਜਿਹੀ ਬੂੰਦ!... ਤੇ ਫੇਰ ਮੇਰੀ ਬੀਮਾਰੀ ਹਟ ਜਾਏਗੀ, ਤੇ ਮੈਂ ਫੇਰ ਉਠਣ-ਬਹਿਣ ਜੋਗੀ ਹੋ ਜਾਵਾਂਗੀ।"

ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ, ਬਹੁਤ ਹੀ ਭਾਰੇ ਦਿਲ ਨਾਲ, ਮਾਂ ਦੇ ਡਾਢੇ ਰੋਗ ਦੀ ਕਹਾਣੀ ਸੁਣੀ। ਉਹਨੇ ਇਕ ਘੜਾ ਫੜਿਆ, ਤੇ ਕਲੋਆਂਤਸਾ ਨੂੰ ਇਹ ਕਹਿ, ਉਹ ਉਹਦੇ ਛੇਤੀ ਮੁੜ ਆਉਣ ਦਾ ਭਰੋਸਾ ਰਖੇ, ਪੰਛੀ ਦੇ ਦੁਧ ਦੀ ਭਾਲ ਵਿਚ ਨਿਕਲ ਪਿਆ।

ਉਹ ਪਹਾੜੀਆਂ ਤੇ ਵਾਦੀਆਂ ਪਾਰ ਕਰਦਾ ਗਿਆ ਤੇ ਅਖ਼ੀਰ ਇਕ ਮਹਿਲ ਕੋਲ ਪਹੁੰਚਿਆ। ਉਹਨੇ ਫਾਟਕ ਖੜਕਾਇਆ, ਤੇ ਉਹਨੂੰ ਇਕ ਮੁਟਿਆਰ ਨੇ ਆਵਾਜ਼ ਦਿਤੀ ਤੇ ਆਖਿਆ:

"ਜੇ ਭਲਾ ਆਦਮੀ ਏਂ, ਤਾਂ ਲੰਘ ਆ। ਜੇ ਬੁਰਾ ਆਦਮੀ ਏਂ, ਤਾਂ ਲੰਘ ਜਾ, ਨਹੀਂ ਤੇ ਮੇਰੇ ਕੁੱਤੇ ਬੋਟੀਆਂ ਕਰ ਦੇਣਗੇ ਨੀ।"

"ਮਿਠ-ਬੋਲੀਏ ਮੁਟਿਆਰੇ, ਤੇਰਾ ਫਾਟਕ ਭਲਾ ਆਦਮੀ ਖੜਕਾ ਰਿਹੈ," ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ ਜਵਾਬ ਦਿਤਾ।

ਫਾਟਕ ਉਹਦੇ ਅਗੇ ਖੁਲ੍ਹ ਗਿਆ ਤੇ ਉਹਨੂੰ ਇਕ ਬਹੁਤ ਹੀ ਸੁਹਣਾ ਘਰ ਦਿਸਿਆ। ਉਹਦੇ ਬੂਹੇ ਤੇ ਬਾਰੀਆਂ ਚੁੱਪਟ ਖੁਲ੍ਹੇ ਹੋਏ ਸਨ।

"ਸ਼ੁਭ ਸ਼ਾਮ," ਅੰਦਰ ਵੜਦਿਆਂ, ਉਹਨੇ ਆਖਿਆ।

"ਸ਼ੁਭ ਸ਼ਾਮ," ਮੁਟਿਆਰ ਨੇ ਜਵਾਬ ਦਿਤਾ। ਤੇ ਕਿੱਡੀ ਸੁਹਣੀ ਮੁਟਿਆਰ ਸੀ ਉਹ! ਉਹਦੇ ਸੁਹਜ ਅਗੇ ਸੂਰਜ, ਚੰਨ ਤੇ ਸਰਘੀ ਵੇਲੇ ਦੀਆਂ ਡਲਕਦੀਆਂ ਕਿਰਨਾਂ ਮਾਂਦ ਪੈ ਜਾਂਦੀਆਂ ਸਨ।

ਉਹਨੂੰ ਨਿਊਂ ਕੇ ਸਲਾਮ ਕਰਦਿਆਂ, ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ ਕਿਹਾ:

"ਮੈਂ ਬੜੀ ਦੂਰੋਂ ਆਇਆਂ, ਤੇ ਮੈਂ ਬੜੀ ਦੂਰ ਜਾਣਾ ਏਂ। ਮੈਨੂੰ ਰਾਤ ਏਥੇ ਗੁਜ਼ਾਰ ਲੈਣ ਦੇਂਗੀ?"

"ਜੀ ਸਦਕੇ ਗੁਜ਼ਾਰ," ਮੁਟਿਆਰ ਨੇ ਜਵਾਬ ਦਿਤਾ, ਤੇ ਉਸ ਮਿਹਰਬਾਨ ਤੇ ਮਹਿਮਾਨ ਨਵਾਜ਼ ਮੇਜ਼ਬਾਨ ਨੇ ਉਹਨੂੰ ਜ਼ਰੀ ਦੇ ਗਲੀਚੇ ਤੇ ਬਿਠਾਇਆ ਤੇ ਉਹਦੇ ਅਗੇ ਤਰ੍ਹਾਂ-ਤਰ੍ਹਾਂ ਦੇ ਪਕਵਾਨ ਪਰੋਸ ਦਿਤੇ।

ਦਸਤਰਖ਼ਾਨ ਤੇ ਬੈਠਿਆਂ, ਉਹ ਗੱਲਾਂ ਕਰਦੇ ਰਹੇ ਤੇ ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ ਮੁਟਿਆਰ ਨੂੰ ਦਸਿਆ, ਕਿਹੜੀ ਗਲ ਉਹਨੂੰ ਘਰੋਂ ਏਨੀ ਦੂਰ ਲੈ ਆਈ ਸੀ।

"ਪਤਾ ਈ, ਪੰਛੀ ਦਾ ਦੁਧ ਕਿਥੋਂ ਲਭੇਗਾ?" ਉਹਨੇ ਪੁਛਿਆ।

"ਜਦੋਂ ਦੀ ਮੈਂ ਏਸ ਧਰਤੀ 'ਤੇ ਰਹਿੰਦੀ ਆਂ, ਮੈਂ ਇਹੋ ਜਿਹੀ ਕਿਸੇ ਖਾਣ-ਪੀਣ ਦੀ ਚੀਜ਼ ਦਾ ਨਾਂ ਨਹੀਂ ਸੁਣਿਆ ਤੇ ਨਾ ਹੀ ਇਹੋ ਜਿਹੇ ਕਿਸੇ ਇਲਾਜ ਦਾ," ਮੁਟਿਆਰ ਨੇ ਜਵਾਬ ਦਿਤਾ। "ਪਰ ਤੂੰ ਭਲਾ ਆਦਮੀ ਏਂ, ਤੇ ਮੈਂ ਤੇਰੇ 'ਤੇ ਮਿਹਰ ਕਰਾਂਗੀ ਤੇ ਪਤਾ ਕਰਨ ਦਾ ਜਤਨ ਕਰਾਂਗੀ, ਜੁ ਤੂੰ ਜਾਣਨਾ ਚਾਹੁੰਨੈਂ। ਕੁਝ ਚਿਰ ਪਿਛੋਂ ਮੈਂ ਆਪਣੇ ਭਰਾ, ਚਮਕਦੇ ਸੂਰਜ, ਕੋਲ ਜਾਵਾਂਗੀ ਤੇ ਉਹਦੇ ਕੋਲੋਂ ਪੁੱਛਾਂਗੀ। ਹੋਰ ਭਾਵੇਂ ਕਿਸੇ ਨੂੰ ਵੀ ਪਤਾ ਨਾ ਹੋਵੇ, ਉਹਨੂੰ ਪਤੈ, ਧਰਤੀ ਉਤੇ ਕਿਹੜੀਆਂ-ਕਿਹੜੀਆਂ ਚੀਜ਼ਾਂ ਕਿੱਥੇ-ਕਿੱਥੇ ਹੁੰਦੀਆਂ ਨੇ।"

ਤੇ ਨਿਆਜ਼-ਬੋ ਫ਼ੇਤ-ਫ਼ਰੂਮੋਸ ਦਾ ਸੂਰਜ ਦੀ ਭੈਣ, ਇਲਾਨਾ ਕੋਸਿਨਜ਼ਾਨਾ, ਨਾਲ ਮੇਲ ਇਸ ਤਰ੍ਹਾਂ ਹੋਇਆ।

ਕੁਝ ਚਿਰ ਪਿਛੋਂ ਜਦੋਂ ਉਹਦਾ ਮਹਿਮਾਨ, ਥਕੇਵੇਂ ਦੇ ਵੱਸ ਹੋ, ਸੌਂ ਗਿਆ ਸੀ, ਇਲਾਨਾ ਕੋਸਿਨਜ਼ਾਨਾ ਆਪਣੇ ਭਰਾ ਕੋਲ ਗਈ ਤੇ ਉਹਨੂੰ ਪੁੱਛਣ ਲਗੀ, ਕੀ ਉਹਨੂੰ ਪਤਾ ਸੀ, ਪੰਛੀ ਦਾ ਦੁਧ ਕਿਥੋਂ ਲਭ ਸਕਦਾ ਸੀ।

"ਬੜੀ ਦੂਰੋਂ, ਨਿੱਕੀਏ ਭੈਣੇਂ, ਬੜੀ ਦੂਰੋਂ," ਚਮਕਦੇ ਸੂਰਜ ਨੇ ਜਵਾਬ ਦਿਤਾ। "ਓਥੇ ਪਹੁੰਚਦਿਆਂ ਕਿੰਨੇ ਈ ਹਫ਼ਤੇ ਲਗ ਜਾਣਗੇ; ਸਾਰਾ ਰਾਹ ਚੜ੍ਹਦੇ ਵਲ ਜਾਣੈਂ, ਤਾਂਬੇ ਦੇ ਪਹਾੜ ਤੋਂ ਪਾਰ ਵਲ। ਪਰ ਪੰਛੀ ਜਿਹੜਾ ਦੁਧ ਦੇਂਦੈ, ਫੜਿਆ ਨਹੀਂ ਜਾ ਸਕਦਾ, ਉਹ ਏਡਾ ਦੈਂਤ ਏ, ਜਿੱਡਾ ਕਦੀ ਕਿਸੇ ਤਕਿਆ ਨਹੀਂ ਹੋਇਆ: ਉਹਦਾ ਇਕ-ਇਕ ਪਰ ਬੱਦਲ ਜਿੱਡਾ ਏ, ਤੇ ਜੇ ਕੋਈ ਨੇੜੇ ਆਉਂਦੈ, ਉਹਨੂੰ ਉਹ ਚੁਕ ਕੇ ਆਲ੍ਹਣੇ 'ਚ ਲੈ ਜਾਂਦੈ ਤੇ ਬੋਟੀ-ਬੋਟੀ ਕਰਨ ਲਈ ਆਪਣੇ ਬਚਿਆਂ ਅਗੇ ਪਾ ਦੇਂਦੈ।"

ਉਸ ਭਿਆਨਕ ਹੋਣੀ ਦੇ ਖ਼ਿਆਲ ਨਾਲ, ਜਿਹੜੀ ਨਿਆਜ਼-ਬੋ ਫ਼ੇਤ-ਫ਼ਰੂਮੋਸ ਨੂੰ ਉਡੀਕ ਰਹੀ ਸੀ, ਜੁ ਮੌਤ ਦੇ ਮੂੰਹ ਵਿਚ ਜਾ ਰਿਹਾ ਸੀ, ਸੂਰਜ ਦੀ ਭੈਣ, ਇਲਾਨਾ ਕੋਸਿਨਜ਼ਾਨਾ, ਦਾ ਦਿਲ ਮਿਹਰ ਤੇ ਸਹਿਮ ਨਾਲ ਭਰ ਗਿਆ। ਤੇ ਉਹਨੇ ਉਹਦੀ ਮਦਦ ਕਰਨ ਦਾ ਮਤਾ ਪਕਾਇਆ। ਅਗਲੀ ਸਵੇਰੇ, ਉਹ ਆਪਣੇ ਤਬੇਲੇ ਵਿਚੋਂ ਬਾਰ੍ਹਾਂ ਖੰਭਾ ਵਾਲਾ ਘੋੜਾ ਲੈ ਆਈ ਤੇ ਉਹ ਉਹਨੇ ਨਿਆਜ਼-ਬੋ ਨੂੰ ਪੇਸ਼ ਕਰ ਦਿਤਾ:

"ਭਲੇ ਨੌਜਵਾਨਾ, ਇਹ ਘੋੜਾ ਲੈ ਜਾ," ਉਹਨੇ ਆਖਿਆ। "ਤੇਰੇ ਕੰਮ ਆਏਗਾ ਤੇ ਤੈਨੂੰ ਮਹਿਫ਼ੂਜ਼ ਰਖੇਗਾ। ਕਿਸਮਤ ਤੇਰੇ 'ਤੇ ਮਿਹਰਬਾਨ ਹੋਵੇ ਜਾਂ ਨਾ ਹੋਵੇ, ਵਾਪਸ ਜਾਂਦਿਆਂ ਮੇਰੇ ਘਰ ਜ਼ਰੂਰ ਅਟਕੀਂ।"

ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ, ਜਿਹੜਾ ਆਪਣਾ ਦਿਲ ਇਸ ਮਿਹਰਬਾਨ ਤੇ ਸੁਹਣੀ ਮੁਟਿਆਰ ਦੇ ਪੈਰਾਂ ਵਿਚ ਰਖ ਦੇਣ ਲਈ ਤਾਂਘ ਰਿਹਾ ਸੀ, ਉਹਦਾ ਬਹੁਤ-ਬਹੁਤ ਸ਼ੁਕਰੀਆ ਅਦਾ ਕੀਤਾ, ਪਲਾਕੀ ਮਾਰ ਘੋੜੇ ਉਤੇ ਚੜ੍ਹ ਗਿਆ ਤੇ ਚਲ ਪਿਆ।

ਉਹ ਦੁੜਾਂਦਾ ਗਿਆ ਘੋੜਾ
ਪਹਾੜਾਂ ਤੇ ਵਾਦੀਆਂ ਉਤੋਂ,
ਦੂਣਾਂ ਤੇ ਪੈਲੀਆਂ ਉਤੋਂ,
ਜੰਗਲਾਂ ਤੇ ਚਰਾਂਦਾਂ ਉਤੋਂ,
ਖੁਲ੍ਹਿਆਂ ਮੈਦਾਨਾਂ ਉਤੋਂ।

ਤੇ ਅਖ਼ੀਰ ਉਹਨੂੰ ਦੂਰ ਕੁਝ ਦਿਸਿਆ ਜੁ ਤਾਂਬੇ ਦੀ ਕੰਧ ਲਗਦਾ ਸੀ। ਜਦੋਂ ਉਹ ਨੇੜੇ ਪਹੁੰਚਿਆ, ਕੰਧ ਉਚੀਉਂ ਉਚੀ ਹੁੰਦੀ ਗਈ, ਤੇ ਇਕ ਪਹਾੜੀ ਬਣ ਗਈ ਤੇ ਫੇਰ ਇਕ ਬਹੁਤ ਵਡਾ ਪਹਾੜ। ਤੇ ਜਦੋਂ ਉਹ ਤਾਂਬੇ ਦੇ ਪਹਾੜ ਦੇ ਹੇਠਾਂ ਅਪੜਿਆ, ਉਹਨੇ ਵੇਖਿਆ, ਉਹਦੀ ਟੀਸੀ ਅਸਮਾਨ ਛੁਹ ਰਹੀ ਸੀ। ਏਡੇ ਉਚੇ ਪਹਾੜ ਸਚੀ ਮੁਚੀ ਕਿਤੇ ਟਾਵੇਂ ਹੀ ਹੁੰਦੇ ਨੇ! ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ ਪਹਾੜ ਨੂੰ ਧਿਆਨ ਨਾਲ ਘੋਖਿਆ-ਪਰਖਿਆ, ਉਹਦੀਆਂ ਨਜ਼ਰਾਂ ਹੇਠੋਂ ਲੈ ਕੇ ਟੀਸੀ ਤਕ ਫਿਰ ਗਈਆਂ। ਤਾਂ ਹੀ ਉਹਨੂੰ ਬਹੁਤ ਉੱਪਰ ਅਸਮਾਨ ਵਿਚ, ਇਕ ਬਹੁਤ ਵਡਾ ਪੰਛੀ ਦਿਸਿਆ, ਜਿਹਦੇ ਖੰਭ ਤੂਫ਼ਾਨੀ ਬਦਲਾਂ ਵਾਂਗ ਵਡੇ ਤੇ ਕਾਲੇ ਸਨ। ਪੰਛੀ ਚੱਕਰ ਉਤੇ ਚੱਕਰ ਕੱਢੀ ਗਿਆ, ਇਕ ਪਾਸੇ ਨਿਕਲਿਆ ਤੇ ਅਖੋਂ ਓਹਲੇ ਹੋ ਗਿਆ।

ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ ਲਗਾਮ ਨੂੰ ਖਿਚਿਆ ਤੇ ਘੋੜੇ ਨੂੰ ਉਪਰ ਪਹਾੜ ਉਤੇ ਪਾ ਦਿਤਾ। ਡਗਾ-ਡਗ! ਘੋੜਾ ਸਿਰਪਟ ਦੌੜ ਪਿਆ, ਅਗੇ ਵਧੀ ਹੋਈ ਇਕ ਚਟਾਨ ਤੋਂ ਦੂਜੀ ਚਟਾਨ ਉਤੇ ਟਪਦਾ ਗਿਆ ਤੇ ਨਿਆਜ਼-ਬੋ ਫ਼ੇਤ-ਫ਼ਰੂਮੋਸ ਨੂੰ ਸਭ ਤੋਂ ਉਚੀ ਟੀਸੀ ਉਤੇ ਲੈ ਗਿਆ। ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ ਆਪਣੇ ਦੁਆਲੇ ਵੇਖਿਆ, ਤੇ ਉਹਨੂੰ ਇਕ ਕਮਾਲ ਦੀ ਝਾਕੀ ਦਿੱਸੀ! ਆਪਣੇ ਤਾਂਬੇ ਦੇ ਆਲ੍ਹਣਿਆਂ ਵਿਚ ਦੈਂਤ ਪੰਛੀ ਦੇ ਬੱਚੇ ਬੈਠੇ ਸਨ, ਉਹਨਾਂ ਵਿਚ ਹਰ ਇਕ, ਭਾਵੇਂ ਅਜੇ ਉਹਨਾਂ ਨੂੰ ਪਰ ਨਹੀਂ ਸਨ ਲਗੇ, ਢੱਗੇ ਜਿੱਡਾ ਸੀ, ਤੇ ਭੁਖ ਨਾਲ ਕੁਰਲਾ ਰਿਹਾ ਸੀ। ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ ਦੁਆਲੇ ਨਜ਼ਰ ਮਾਰੀ, ਤੇ ਤਾਂਬੇ ਦੀ ਚਟਾਨ ਵਿਚ ਇਕ ਦਰਾੜ ਵੇਖ, ਉਹ ਘੋੜੇ ਸਮੇਤ ਉਹਦੇ ਵਿਚ ਲੁਕ ਗਿਆ। ਛੇਤੀ ਹੀ ਮਾਂ-ਪੰਛੀ ਉਡਾਰੀ ਲਾਂਦਾ ਵਾਪਸ ਆ ਗਿਆ। ਉਹ ਇਕ ਆਲ੍ਹਣੇ ਤੋਂ ਦੂਜੇ ਆਲ੍ਹਣੇ 'ਤੇ ਉਡਦਾ ਤੇ ਬੋਟਾਂ ਨੂੰ ਦੁਧ ਪਿਆਣ ਲਗਾ। ਜਦੋਂ ਉਹ ਉਡ ਉਸ ਆਲ੍ਹਣੇ ਕੋਲ ਪਹੁੰਚਿਆ ਜਿਹਦੇ ਨੇੜੇ ਨਿਆਜ਼-ਬੋ ਫ਼ੇਤ-ਫ਼ਰੂਮੋਸ ਲੁੱਕਾ ਹੋਇਆ ਸੀ, ਉਹਨੇ ਆਪਣੀ ਪੂਰੀ ਹਿੰਮਤ ਤੋਂ ਕੰਮ ਲਿਆ ਤੇ ਆਪਣਾ ਘੋੜਾ ਅਗੇ ਕਰ ਦਿਤਾ, ਤੇ ਪੰਛੀ ਨੇ ਅਣ-ਜਾਤਿਆਂ ਹੀ ਕੁਝ ਦੁਧ ਉਹਦੇ ਵਿਚ ਡਿਗ ਪੈਣ ਦਿਤਾ। ਫੇਰ ਉਹ ਪਲਾਕੀ ਮਾਰ ਘੋੜੇ ਉਤੇ ਚੜ੍ਹ ਗਿਆ ਤੇ ਆਪਣੀ ਪਿਆਰੀ ਜਾਨ ਬਚਾਣ ਲਈ ਭਜ ਨਿਕਲਿਆ! ਐਨ ਓਸੇ ਹੀ ਵੇਲੇ ਇਕ ਬੋਟ ਫੇਰ ਭੁਖ ਨਾਲ ਚੀਕਣ ਲਗ ਪਿਆ, ਤੇ ਮਾਂ-ਪੰਛੀ ਨੇ ਜਦੋਂ ਚੁਪਾਸੀਂ ਤਕਿਆ, ਉਹਨੂੰ ਨਿਆਜ਼-ਬੋ ਦਿਸ ਪਿਆ। ਉਹ ਨਰਕਾਂ ਦੇ ਕਿਸੇ ਰਾਖਸ਼ਸ ਵਾਂਗ ਉਹਦੇ ਪਿਛੇ ਉਡ ਪਿਆ, ਪਰ ਉਹਨੂੰ ਰਲ ਨਾ ਸਕਿਆ, ਕਿਉਂ ਜੁ ਉਹਦੇ ਕੋਲ ਦੋ ਹੀ ਖੰਭ ਸਨ ਜਦੋਂ ਕਿ ਨਿਆਜ਼-ਬੋ ਦੇ ਘੋੜੇ ਕੋਲ ਬਾਰਾਂ ਸਨ, ਤੇ ਇਸ ਲਈ ਉਹ ਉਹਦੇ ਨਾਲੋਂ ਕਿਤੇ ਤੇਜ਼ ਉਡ ਸਕਦਾ ਸੀ।

ਵਾਪਸ ਜਾਂਦਿਆਂ ਨਿਆਜ਼-ਬੋ ਫ਼ੇਤ-ਫ਼ਰੂਮੋਸ ਫੇਰ ਘੋੜਾ ਦੁੜਾਂਦਾ ਗਿਆ :

ਪਹਾੜਾਂ ਤੇ ਨਦੀਆਂ ਉਤੋਂ,
ਦੂਣਾਂ ਤੇ ਪੈਲੀਆਂ ਉਤੋਂ,
ਜੰਗਲਾਂ ਤੇ ਚਰਾਂਦਾਂ ਉਤੋਂ,
ਖੁਲ੍ਹਿਆਂ ਮੈਦਾਨਾਂ ਉਤੋਂ।

ਏਥੋਂ ਤਕ ਕਿ ਉਹ ਇਲਾਨਾ ਕੋਸਿਨਜ਼ਾਨਾ ਦੇ ਘਰ ਪਹੁੰਚ ਪਿਆ। ਇਲਾਨਾ ਉਹਨੂੰ ਮਿਹਰ ਨਾਲ ਮਿਲੀ ਤੇ ਉਹਨੂੰ ਆਖਣ ਲਗੀ, ਕੁਝ ਚਿਰ ਅਟਕ ਜਾਏ ਤੇ ਆਰਾਮ ਕਰ ਲਵੇ।

ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ ਖਾਧਾ ਪੀਤਾ ਤੇ ਸੌਂ ਗਿਆ। ਪਰ ਇਲਾਨਾ ਨੇ, ਜਿਹਨੂੰ ਜਿੰਨਾ ਉਹ ਕਹਿੰਦੀ ਸੀ, ਉਸ ਤੋਂ ਕਿਤੇ ਬਹੁਤਾ ਪਤਾ ਸੀ, ਕੀ ਹੋਣ ਵਾਲਾ ਏ, ਪੰਛੀ ਦਾ ਦੁਧ ਲੁਕਾ ਦਿਤਾ ਤੇ ਨਿਆਜ਼-ਬੋ ਫ਼ੇਤ-ਫ਼ਰੂਮੋਸ ਦਾ ਘੜਾ ਆਮ ਗਾਂ ਦੇ ਦੁਧ ਨਾਲ ਭਰ ਦਿਤਾ।

ਕੁਝ ਚਿਰ ਪਿਛੋਂ ਨਿਆਜ਼-ਬੋ ਫ਼ੇਤ-ਫ਼ਰੂਮੋਸ ਜਾਗਿਆ ਤੇ ਉਹਨੇ ਆਪਣਾ ਘੜਾ ਚੁਕ ਲਿਆ:

"ਤੂੰ, ਭੈਣੇ, ਸਚੀ ਮੁਚੀ ਈ ਮੇਰੇ ਨਾਲ ਬੜੀ ਮਿਹਰ ਨਾਲ ਪੇਸ਼ ਆਈਂ ਏਂ," ਉਹਨੇ ਆਖਿਆ, "ਤੇ ਤੇਰੇ ਘਰ ਆਰਾਮ ਕਰਨਾ ਮੇਰੇ ਲਈ ਚੰਗੈ; ਪਰ ਮੈਨੂੰ ਚਲਣਾ ਚਾਹੀਦੈ, ਮੇਰੀ ਬੀਮਾਰ ਮਾਂ ਮੈਨੂੰ ਉਡੀਕ ਰਹੀ ਹੋਵੇਗੀ।"

ਤੇ ਜਵਾਬ ਵਿਚ ਇਲਾਨਾ ਨੇ ਆਖਿਆ:

"ਤਾਂ ਫੇਰ, ਬਹਾਦਰ ਜਵਾਨਾ, ਸਫ਼ਰ ਚੰਗਾ ਲੰਘੀ, ਤੇ ਮੈਨੂੰ ਫੇਰ ਮਿਲਣ ਲਈ ਆਣਾ ਨਾ ਭੁੱਲੀਂ।"

ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ ਉਹਨੂੰ ਨਿਊਂ ਕੇ ਸਲਾਮ ਕੀਤਾ, ਉਹਨੂੰ ਅਲਵਿਦਾ ਆਖੀ, ਤੇ ਘੋੜੇ ਨੂੰ ਰਾਹੇ ਦਿਤਾ।

ਉਹ ਆਪਣੇ ਮਹਿਲ ਤਕ ਆ ਪਹੁੰਚਿਆ ਤੇ ਕਲੋਆਂਤਸਾ, ਉਹਦਾ ਆਉਣਾ ਮਹਿਸੂਸ ਕਰ, ਇੰਜ ਮਰੋੜੇ ਖਾਣ ਤੇ ਪਲਸੇਟੇ ਮਾਰਨ ਲਗ ਪਈ, ਜਿਵੇਂ ਅਗ-ਵਰ੍ਹਾਂਦੇ ਤੀਰਾਂ ਨਾਲ ਵਿੰਨੀ ਜਾ ਰਹੀ ਹੋਵੇ। ਉਹਨੇ ਆਪਣੇ ਆਪ ਨੂੰ ਆਪਣੇ ਬਿਸਤਰੇ ਉਤੇ ਸੁਟ ਪਾਇਆ ਤੇ ਇੰਜ ਸਿਸਕਣ ਤੇ ਹਉਕੇ-ਹਾਵੇ ਲੈਣ ਲਗੀ, ਜਿਵੇਂ ਮਰਨ-ਕੰਢੇ ਹੋਵੇ।

"ਮਰ ਜਾਂ ਮੈਂ! ਮਰ ਜਾਂ ਮੈਂ!" ਉਹ ਕੁਰਲਾਈ।

ਪਰ ਜਦੋਂ ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ ਦਹਿਲੀਜ਼ ਪਾਰ ਕੀਤੀ, ਉਹ ਉਹਨੂੰ ਕਹਿਣ ਲਗੀ:

"ਬਚੜਿਆ, ਕਿੰਨੀ ਖੁਸ਼ ਆਂ ਮੈਂ, ਤੂੰ ਵਾਪਸ ਆ ਪਹੁੰਚਿਐਂ। ਕਿੰਨੇ ਚਿਰ ਤੋਂ ਤੇਰੀ ਉਡੀਕ ਲਗੀ ਹੋਈ ਸੀ। ਦੁਧ ਲਿਆਂਦਾ ਈ ਮੇਰੇ ਲਈ?"

"ਲਿਆਂਦਾ ਏ," ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ ਜਵਾਬ ਦਿਤਾ, ਤੇ ਘੜਾ ਅਗੇ ਕਰ ਦਿਤਾ।

ਕਲੋਆਂਤਸਾ ਨੇ ਘੜੇ ਨੂੰ ਮੂੰਹ ਨਾਲ ਲਾ ਲਿਆ, ਤੇ ਸਾਰਾ ਦੁਧ ਪੀ ਗਈ।

"ਜਿਊਂਦਾ ਰਹੇਂ, ਮੇਰੇ ਬਹੁਤ ਪਿਆਰੇ ਬਚਿਆ, ਮੈਨੂੰ ਹੁਣੇ ਈ ਪਹਿਲਾਂ ਨਾਲੋਂ ਆਰਾਮ ਲਗ ਰਿਹੈ," ਉਹਨੇ ਆਖਿਆ।

ਉਹ ਲੇਟ ਗਈ ਤੇ ਸੁੱਤੀ ਪਈ ਹੋਣ ਦਾ ਪਜ ਪਾਣ ਲਗੀ, ਪਰ ਨੀਂਦਰ ਉਹਨੂੰ ਇਕ ਪਲ ਵੀ ਨਾ ਆ ਸਕੀ। ਉਹ ਸੋਚ ਰਹੀ ਸੀ, ਨਿਆਜ਼-ਬੋ ਫ਼ੇਤ-ਫ਼ਰੂਮੋਸ ਨੂੰ ਕਿਥੇ ਘਲਿਆ ਜਾਏ, ਜਿਥੇ ਜਾ ਉਹਦਾ ਕਿ

ਨੂੰ ਚੇਤਾ ਤਕ ਵੀ ਨਾ ਆ ਸਕੇ। ਉਹ ਲੇਟੀ ਸੋਚਦੀ ਰਹੀ, ਤੇ ਫੇਰ ਚਾਣਚਕ ਹੀ ਉਹ ਪਲਸੇਟੇ ਮਾਰਨ, ਮਰੋੜੇ ਖਾਣ ਤੇ ਸਿਸਕਣ ਲਗ ਪਈ, ਇੰਜ ਪਜ ਪਾਣ ਲਗ ਪਈ ਕਿ ਜਿੰਨੀ ਤਕਲੀਫ਼ ਉਹਨੂੰ ਹੁਣ ਹੋ ਰਹੀ ਸੀ, ਓਨੀ ਅਗੇ ਕਦੀ ਨਹੀਂ ਸੀ ਹੋਈ।

"ਉਹ ਮੇਰੇ ਪਿਆਰੇ, ਬੜੇ ਪਿਆਰੇ ਬਚਿਆ!" ਉਹ ਕੁਰਲਾਈ। "ਮੈਨੂੰ ਫੇਰ ਬੀਮਾਰੀ ਦਾ ਦੌਰਾ ਪੈ ਗਿਐ। ਪਰ ਮੈਨੂੰ ਸੁਫ਼ਨਾ ਆਇਐ, ਜੇ ਮੈਂ ਲਵੇ ਜੰਗਲੀ ਸੂਰ ਦਾ ਮਾਸ ਖਾਵਾਂ ਤਾਂ ਮੈਂ ਵਲ ਹੋ ਜਾਵਾਂਗੀ।"

"ਤਾਂ ਮੈਂ ਜਾਨਾਂ ਤੇ ਤੁਹਾਨੂੰ ਜੰਗਲੀ ਸੂਰ ਦਾ ਮਾਸ ਲਿਆ ਦੇਨਾਂ, ਇਸ ਲਈ ਕਿ ਮੇਰੀ ਇਕੋ-ਇਕ ਰੀਝ ਇਹ ਵੇ, ਤੁਸੀਂ ਵਲ ਰਹੋ," ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ ਆਖਿਆ।

ਤੇ ਪਲਾਕੀ ਮਾਰ ਘੋੜੇ ਉਤੇ ਚੜ੍ਹ, ਉਹ ਚਲ ਪਿਆ। ਉਹ ਘੋੜਾ ਚੋਖਾ ਚਿਰ ਦੁੜਾਂਦਾ ਗਿਆ, ਤੇ ਅਖ਼ੀਰ ਇਲਾਨਾ ਕੋਸਿਨਜ਼ਾਨਾ ਦੇ ਘਰ ਪਹੁੰਚ ਪਿਆ।

"ਮੈਂ ਆ ਸਕਨਾਂ ?" ਉਹਨੇ ਇਲਾਨਾ ਕੋਸਿਨਜ਼ਾਨਾ ਤੋਂ ਪੁਛਿਆ।

"ਜੀ ਸਦਕੇ," ਇਲਾਨਾ ਨੇ ਜਵਾਬ ਦਿਤਾ। "ਨਿੱਘੇ ਦਿਲ ਨਾਲ ਮੈਂ ਤੇਰਾ ਸੁਆਗਤ ਕਰਦੀ ਹਾਂ।"

ਫੇਰ ਨਿਆਜ਼-ਬੋ ਫ਼ੇਤ-ਫ਼ਰੂਮੋਸ ਸਾਹ ਲੈਣ ਲਈ ਬਹਿ ਗਿਆ ਤੇ ਇਲਾਨਾ ਨੂੰ ਸਿਰ ਆ ਪਈ ਨਵੀਂ ਬਦ-ਨਸੀਬੀ ਦੀ ਗਲ ਸੁਣਾਣ ਲਗਾ।

"ਪਤਾ ਈ, ਮੈਨੂੰ ਲਵਾ ਜੰਗਲੀ ਸੂਰ ਕਿਥੋਂ ਲਭੇਗਾ," ਉਹਨੇ ਉਹਦੇ ਤੋਂ ਪੁਛਿਆ। "ਮੇਰੀ ਮਾਂ ਫੇਰ ਬੀਮਾਰ ਹੋ ਗਈ ਏ। ਉਹ ਕਹਿੰਦੀ ਏ, ਉਹਨੂੰ ਲਵੇ ਜੰਗਲੀ ਸੂਰ ਦਾ ਮਾਸ ਈ ਬਚਾ ਸਕਦੈ।

"ਨਹੀਂ, ਮੈਨੂੰ ਨਹੀਂ ਪਤਾ, ਪਰ ਏਥੇ ਕੁਝ ਚਿਰ ਠਹਿਰ ਤੇ ਆਰਾਮ ਕਰ, ਤੇ ਸ਼ਾਮੀਂ ਮੈਨੂੰ ਆਪਣੇ ਭਰਾ, ਸੂਰਜ, ਤੋਂ ਸਾਰਾ ਕੁਝ ਪਤਾ ਲਗ ਜਾਏਗਾ," ਇਲਾਨਾ ਨੇ ਜਵਾਬ ਦਿਤਾ। "ਉਹਨੂੰ ਜ਼ਰੂਰ ਈ ਪਤਾ ਹੋਵੇਗਾ, ਅਸਮਾਨ ਵਿਚ ਆਪਣੀ ਥਾਂ ਤੋਂ, ਉਹ ਹਰ ਕਿਸੇ ਨੂੰ ਵੇਖ ਜੁ ਸਕਦੈ ਤੇ ਉਸ ਤੋਂ ਕੁਝ ਵੀ ਲੁੱਕਾ ਨਹੀਂ ਰਹਿੰਦਾ।"

ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ ਰਾਤ ਇਲਾਨਾ ਦੇ ਘਰ ਗੁਜ਼ਾਰੀ, ਤੇ ਸ਼ਾਮਾਂ ਵੇਲੇ, ਆਪਣੀਆਂ ਕਿਰਨਾਂ ਸਾਂਭ-ਸਮੇਟ, ਇਲਾਨਾ ਦਾ ਭਰਾ ਵੀ ਆਰਾਮ ਕਰਨ ਲਈ ਆ ਗਿਆ।

ਇਲਾਨਾ ਨੇ ਆਪਣੇ ਭਰਾ ਨੂੰ ਆਖਿਆ:

"ਮੈਂ ਕਿਸੇ ਨੂੰ ਜੰਗਲੀ ਸੂਰਾਂ ਦੀ ਗਲ ਕਰਦਿਆਂ ਸੁਣਿਐ। ਪਤਾ ਜੇ, ਉਹ ਦੁਨੀਆਂ ਦੇ ਕਿਸ ਹਿੱਸੇ 'ਚ ਹੁੰਦੇ ਨੇ ?"

"ਬਹੁਤ ਦੂਰ, ਮੇਰੀਏ ਭੈਣੇ, ਬਹੁਤ ਦੂਰ ਉੱਤਰ ਵਲ," ਸੂਰਜ ਨੇ ਜਵਾਬ ਦਿਤਾ।

"ਖੁਲ੍ਹੀਆਂ ਪੈਲੀਆਂ ਤੇ ਫੁੱਲਾਂ-ਭਰੀਆਂ ਵਾਦੀਆਂ ਤੋਂ ਪਾਰ, ਦਿਓਦਾਰ ਰੁਖਾਂ ਦੇ ਇਕ ਬਹੁਤ ਵਡੇ ਸੰਘਣੇ ਜੰਗਲ ਵਿਚ।"

"ਤੇ ਜੇ ਲਵਾ ਜੰਗਲੀ ਸੂਰ ਭੁੰਨਣਾ ਹੋਵੇ, ਤਾਂ ਕਿਵੇਂ ਫੜਿਆ ਜਾਏ ?"

"ਨਹੀਂ ਫੜਿਆ ਜਾ ਸਕਦੈ, ਭੈਣੇਂ। ਜੰਗਲ 'ਚ ਦਿਓਦਾਰ ਏਨੇ ਸੰਘਣੇ ਨੇ ਕਿ ਬੰਦੇ ਦੀ ਤਾਂ ਗਲ ਈ ਛਡੋ, ਮੇਰੀਆਂ ਕਿਰਨਾਂ ਤਕ ਵੀ ਉਹਦੇ ਅੰਦਰ ਨਹੀਂ ਵੜ ਸਕਦੀਆਂ। ਏਥੋਂ ਤਕ ਕਿ ਮੈਂ ਵੀ ਜੰਗਲੀ ਸੂਰਾਂ ਨੂੰ ਸਿਰਫ਼ ਦੁਪਹਿਰਾਂ ਵੇਲੇ ਵੇਖਨਾਂ, ਜਦੋਂ ਉਹ ਦਲਦਲ ਵਿਚ ਲੇਟਣੀਆਂ ਲੈਣ ਜੰਗਲ ਦੇ ਸਿਰੇ 'ਤੇ ਆਂਦੇ ਨੇ। ਉਹਨਾਂ ਦੇ ਦੰਦ ਤੇਜ਼ ਨੇ, ਤੇ ਉਹਨਾਂ ਦੇ ਨੇੜੇ ਢੁਕਣ ਦੀ ਹਿੰਮਤ ਕਰਨਾ ਆਪਣੀ ਬੋਟੀ-ਬੋਟੀ ਕਰਵਾਣ ਬਰਾਬਰ ਏ।"

ਇਲਾਨਾ ਕੋਸਿਨਜ਼ਾਨਾ ਨੇ ਨਿਆਜ਼-ਬੋ ਫ਼ੇਤ-ਫ਼ਰੂਮੋਸ ਨੂੰ ਦਸ ਦਿਤਾ, ਜੁ ਉਹਦੇ ਭਰਾ ਨੇ ਕਿਹਾ ਸੀ, ਤੇ ਨਿਆਜ਼-ਬੋ ਫ਼ੇਤ-ਫ਼ਰੂਮੋਸ ਜਿਹਨੂੰ ਇਹ ਵੀ ਪਤਾ ਸੀ ਕਿ ਕਿਥੇ ਜਾਣਾ ਸੀ ਤੇ ਇਹ ਵੀ ਕਿ ਕਿੱਡਾ ਖਤਰਾ ਉਹ ਮੁਲ ਲੈ ਰਿਹਾ ਸੀ, ਘੋੜੇ ਉਤੇ ਚੜ੍ਹ ਗਿਆ ਤੇ ਆਪਣੇ ਰਾਹੇ ਪੈ ਗਿਆ। ਉਹ ਪਹਾੜਾਂ ਉਤੋਂ, ਤੇ ਵਾਦੀਆਂ ਉਤੋਂ, ਦਰਿਆਵਾਂ ਉਤੋਂ ਤੇ ਖੱਡਾਂ ਉਤੋਂ ਘੋੜਾ ਉਡਾਂਦਾ ਲੈ ਗਿਆ, ਉਹਨੇ ਖੁਲ੍ਹੀਆਂ ਪੈਲੀਆਂ ਤੇ ਫੁੱਲਾਂ-ਭਰੀਆਂ ਵਾਦੀਆਂ ਪਾਰ ਕੀਤੀਆਂ, ਤੇ ਉਹ ਦਿਓਦਾਰ ਰੁਖਾਂ ਦੇ ਇਕ ਬਹੁਤ ਵਡੇ, ਸੰਘਣੇ ਜੰਗਲ ਕੋਲ ਆਣ ਪਹੁੰਚਿਆ। ਉਹ ਜੰਗਲ ਵਿਚ ਜਾ ਵੜਿਆ, ਤੇ ਓਥੇ ਇੰਜ ਹਨੇਰਾ ਸੀ, ਜਿਵੇਂ ਪਾਤਾਲ ਵਿਚ। ਉਹਦਾ ਬਾਰਾਂ ਖੰਭਾਂ ਵਾਲਾ ਘੋੜਾ ਉਡਦਾ-ਉਡਦਾ ਅਸਮਾਨ ਵਿਚ ਆ ਨਿਕਲਿਆ ਤੇ ਉਹਨੂੰ ਉੱਚੇ ਤੋਂ ਉਚੇ ਦਿਓਦਾਰ ਤੋਂ ਵੀ ਉਪਰ ਲੈ ਗਿਆ, ਤੇ ਨਿਆਜ਼-ਬੋ ਨੂੰ ਉਹ ਦਲਦਲ ਦਿਸ ਪਈ, ਜਿਹਦੀ ਦਸ ਉਹਨੂੰ ਇਲਾਨਾ ਨੇ ਪਾਈ ਸੀ। ਦੁਪਹਿਰ ਹੋਣ ਵਾਲੀ ਸੀ, ਤੇ ਜੰਗਲ ਵਲੋਂ ਉਚੀ-ਉਚੀ ਘੁਰ-ਘੁਰ ਕਰਨ ਦੀ ਆਵਾਜ਼ ਸੁਣੀਤੀ, ਤੇ ਜੰਗਲੀ ਸੂਰ ਚਿੱਕੜ ਵਿਚ ਲੇਟਣੀਆਂ ਲੈਣ ਲਈ ਭਜਦੇ ਬਾਹਰ ਨਿਕਲਣ ਲਗੇ।

ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ ਇਕ ਸੁਹਣਾ ਲਵਾ ਜੰਗਲੀ ਸੂਰ ਤਾੜ ਲਿਆ, ਉਹਨੂੰ ਫੜ ਲਿਆ, ਆਪਣੇ ਘੋੜੇ ਦੀ ਪਿਠ ਉਤੇ ਰਖ ਲਿਆ, ਤੇ ਆਪਣੀ ਪਿਆਰੀ ਜਾਨ ਬਚਾਣ ਲਈ ਭਜ ਨਿਕਲਿਆ! ਪਰ ਸੂਰਾਂ ਨੇ ਉਹਨੂੰ ਵੇਖ ਲਿਆ ਹੋਇਆ ਸੀ, ਤੇ ਉਹ ਆਪਣੀਆਂ ਥੁੰਨੀਆਂ ਜ਼ਮੀਨ ਉਤੇ ਮਾਰਦੇ, ਉਹਨੂੰ ਫੜਨ ਲਈ ਉਹਦੇ ਪਿਛੇ ਭੱਜੇ। ਨਿਆਜ਼-ਬੋ ਦਾ ਘੋੜਾ ਤੇਜ਼ ਸੀ, ਨਹੀਂ ਤਾਂ ਉਹਦੇ ਵਾਲਾ ਅੰਤ ਹੋ ਗਿਆ ਸੀ। ਤੇ ਉਹਦੇ ਘੋੜੇ ਦੀ ਤੇਜ਼ੀ ਨੇ ਉਹਨੂੰ ਤੁੰਦ ਜਨੌਰਾਂ ਦੇ ਤੇਜ਼ ਦੰਦਾਂ ਤੋਂ ਬਚਾ ਲਿਆ। ਤੇ ਇਸ ਪਿਛੋਂ ਘੋੜਾ ਕਲੋਲ ਕਰਦਾ ਤੇ ਆਪਣੀ ਅੱਯਾਲ ਛੰਡਦਾ ਰਿਹਾ ਤੇ ਨਿਆਜ਼-ਬੋ ਫ਼ੇਤ-ਫ਼ਰੂਮੋਸ ਕੋਈ ਸੁਰ ਅਲਾਪਦਾ ਰਿਹਾ, ਤੇ ਉਹਨੂੰ ਇਸ ਗਲ ਦੀ ਕਿ ਇਸ ਮੁਹਿਮ ਵਿਚ ਵੀ ਕਮਯਾਬੀ ਨੇ ਉਹਦੇ ਪੈਰ ਚੁੰਮੇ ਸਨ, ਜਿੰਨੀ ਵੀ ਖੁਸ਼ੀ ਹੋ ਸਕਦੀ ਸੀ, ਮਹਿਸੂਸ ਹੋ ਰਹੀ ਸੀ।

ਵਾਪਸ ਜਾਂਦਿਆਂ ਪਹਿਲਾਂ ਵਾਂਗ ਹੀ ਉਹ ਇਲਾਨਾ ਕੋਸਿਨਜ਼ਾਨਾ ਦੇ ਘਰ ਸਾਹ ਲੈਣ ਲਈ ਅਟਕ ਗਿਆ। ਜਦੋਂ ਉਹਨੇ ਖਾ-ਪੀ ਲਿਆ ਤੇ ਜਦੋਂ ਉਹ ਮਿੱਠੀ ਨੀਂਦਰੇ ਸੁੱਤਾ ਪਿਆ ਸੀ, ਇਲਾਨਾ ਕੋਸਿਨਜ਼ਾਨਾ ਨੇ ਜੰਗਲੀ ਸੂਰ ਦੇ ਬੱਚੇ ਦੀ ਥਾਂ ਆਮ ਸੂਰ ਦਾ ਬੱਚਾ ਰਖ ਦਿਤਾ ਤੇ ਅਜਿਹਾ ਕੋਈ ਨਿਸ਼ਾਨ ਨਾ ਰਹਿਣ ਦਿਤਾ ਜਿਸ ਤੋਂ ਨਿਆਜ਼-ਬੋ ਫ਼ੇਤ-ਫ਼ਰੂਮੋਸ ਨੂੰ ਉਹਦੇ ਕੀਤੇ ਦਾ ਸ਼ਕ ਪੈਦਾ ਹੋ ਸਕੇ ਤੇ ਉਹਨੇ ਉਹਨੂੰ ਨਿੱਘੇ ਤੋਂ ਨਿੱਘੇ ਢੰਗ ਨਾਲ ਉਹਦੇ ਰਾਹੇ ਪਾ ਦਿਤਾ।

ਜਦੋਂ ਕਲੋਆਂਤਸਾ ਨੇ ਨਿਆਜ਼-ਬੋ ਫ਼ੇਤ-ਫ਼ਰੂਮੋਸ ਨੂੰ ਘਰ ਪਰਤਦਿਆਂ ਵੇਖਿਆ, ਉਹ ਇੰਜ ਦੰਦ ਕਰੀਚਣ ਲਗ ਪਈ ਕਿ ਉਹਦੇ ਮੂੰਹ ਵਿਚੋਂ ਚੰਘਿਆੜੇ ਵਰ੍ਹਣ ਲਗ ਪਏ। ਪਰ ਉਹਨੂੰ ਆਪਣਾ ਆਪ ਸਾਂਭਣਾ ਤੇ ਡਾਢੇ ਬੀਮਾਰ ਪਏ ਹੋਣ ਦਾ ਪਜ ਪਾਣਾ ਪਿਆ, ਤੇ ਉਹ ਨਿਆਜ਼-ਬੋ ਫ਼ੇਤ-ਫ਼ਰੂਮੋਸ ਦੇ ਕਮਰੇ ਅੰਦਰ ਵੜਦਿਆਂ ਹੀ ਕਹਿਣ ਲਗੀ:

"ਵਾਹ, ਮੇਰੇ ਬਚਿਆ, ਮੇਰੇ ਪਿਆਰੇ ਬਚਿਆ, ਰਬ ਦਾ ਸ਼ੁਕਰ ਏ, ਤੂੰ ਆ ਗਿਐਂ ਤੇ ਮੈਂ ਤੇਰਾ ਮੂੰਹ ਫੇਰ ਵੇਖ ਸਕੀ ਹਾਂ! ਜੇ ਤੂੰ ਰਤਾ ਮਾਸਾ ਵੀ ਹੋਰ ਢਿਲ ਕੀਤੀ ਹੁੰਦੀ, ਤੈਨੂੰ ਮੈਂ ਜਿਊਂਦਿਆਂ ਨਹੀਂ ਸੀ ਲਭਣਾ। ਸੂਰ ਨੂੰ ਛੇਤੀ ਨਾਲ ਜ਼ਬ੍ਹਾ ਕਰ ਤੇ ਮੈਨੂੰ ਉਹਦਾ ਮਾਸ ਚੱਖਣ ਦੇ।"

ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ ਸੂਰ ਨੂੰ ਵਢਿਆ, ਉਹਨੂੰ ਓਦੋਂ ਤਕ ਅੰਗਿਆਰਾਂ ਉਤੇ ਭੁੰਨਿਆ, ਜਦੋਂ ਤਕ ਭੁਜ ਕੇ ਉਹਦਾ ਰੰਗ ਗੂਹੜਾ ਨਸਵਾਰੀ ਨਾ ਹੋ ਗਿਆ ਤੇ ਫੇਰ ਕਲੋਆਂਤਸਾ ਨੂੰ ਮਾਸ ਚਖਾਇਆ।



"ਪਹਿਲਾਂ ਨਾਲੋਂ ਆਰਾਮ ਲਗਦੈ," ਉਤੋਂ-ਉਤੋਂ ਵਲ ਹੋਈ ਲਗਦੀ, ਜਾਦੂਗਰਨੀ ਨੇ ਆਖਿਆ, "ਤੇ ਹੁਣ ਨਜ਼ੀਰ ਮੇਰੀ ਨਿੰਮ੍ਹੀ ਨਹੀਂ ਰਹੀ।"

ਪਰ ਜਦੋਂ ਉਹਨੇ ਸਾਰਾ ਮਾਸ ਖਾ ਲਿਆ, ਉਹ ਪਹਿਲਾਂ ਨਾਲੋਂ ਵੀ ਉਚੀ-ਉਚੀ ਸਿਸਕਣ ਤੇ ਡੁਸਕਣ ਲਗ ਪਈ, ਸੋਗੀ ਆਵਾਜ਼ ਵਿਚ ਕਹਿਣ ਲਗੀ:

"ਹਾਇ, ਮੇਰੇ ਬਚੜਿਆ, ਵਿਚਾਰਿਆ, ਦੂਰ-ਦੂਰ ਸਫ਼ਰ ਝਾਗ ਤੈਨੂੰ ਚੋਖਾ ਦੁਖ ਝਲਣਾ ਪਿਐ, ਪਰ ਜੇ ਤੂੰ ਸਚੀ ਮੁਚੀ ਈ ਚਾਹੁਨੈਂ, ਮੈਂ ਵਲ ਹੋ ਜਾਵਾਂ, ਤਾਂ ਤੈਨੂੰ ਇਕ ਵਾਰੀ ਫੇਰ ਜਾਣਾ ਪਵੇਗਾ। ਮੇਰੀ ਹਾਲਤ ਫੇਰ ਖ਼ਰਾਬ ਹੋ ਗਈ ਏ, ਤੇ ਜੇ ਤੂੰ ਮੈਨੂੰ ਕੁਝ ਮੁਰਦਾ ਤੇ ਕੁਝ ਜਿਊਂਦਾ ਪਾਣੀ ਨਹੀਂ ਲਿਆ ਦੇਂਦਾ, ਮੈਂ ਮਰ ਜਾਣਾ ਏਂ।"

"ਤਾਂ ਤੇ, ਮਾਂ, ਮੈਂ ਜ਼ਰੂਰ ਈ ਜਾਵਾਂਗਾ," ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ ਜਵਾਬ ਦਿਤਾ ਤੇ ਆਪਣੇ ਸਫ਼ਰ ਉਤੇ ਰਵਾਨਾ ਹੋ ਗਿਆ।

ਉਹ ਜ਼ੋਰ ਨਾਲ ਤੇ ਕਿੰਨਾ ਹੀ ਚਿਰ ਘੋੜਾ ਦੁੜਾਂਦਾ ਰਿਹਾ। ਉਹ ਜੀ-ਭਿਆਣਾ ਹੋ ਗਿਆ ਤੇ ਉਹਦਾ ਦਿਲ ਨਿਰਾਸਤਾ ਨਾਲ ਭਰ ਗਿਆ। ਜੁ ਕੁਝ ਉਹਦੀ ਮਾਂ ਨੇ ਮੰਗਾ ਭੇਜਿਆ ਸੀ, ਉਹ ਕਿਥੋਂ ਲਭਦਾ! ਨਿਰਾਸਤਾ ਤੇ ਉਦਾਸੀ ਵਿਚ ਉਹ ਇਲਾਨਾ ਕੋਸਿਨਜ਼ਾਨਾ ਦੇ ਘਰ ਪਹੁੰਚਿਆ ਤੇ ਦੁਖੀ ਲਹਿਜੇ ਵਿਚ ਆਪਣੇ ਮੰਦੇ ਹਾਲ ਦਾ ਗਿਲਾ ਕਰਨ ਲਗਾ।

"ਚੰਗੀਏ ਭੈਣੇਂ," ਉਹਨੇ ਇਲਾਨਾ ਨੂੰ ਆਖਿਆ, "ਲੋੜ ਮੈਨੂੰ ਹਿਕ ਉਹਨਾਂ ਰਾਹਾਂ 'ਤੇ ਪਾ ਰਹੀ ਏ, ਜਿਨ੍ਹਾਂ 'ਤੇ ਕਦੀ ਕਿਸੇ ਦਾ ਪੈਰ ਨਹੀਂ ਪਿਆ। ਕੋਈ ਵੀ ਦਵਾ-ਦਾਰੂ ਮੇਰੀ ਮਾਂ ਦੇ ਕੰਮ ਨਹੀਂ ਆਇਆ, ਤੇ ਹੁਣ ਮੈਨੂੰ ਉਹਨੇ ਆਖਿਐ, ਮੈਂ ਮੁਰਦਾ ਤੇ ਜਿਊਂਦਾ ਪਾਣੀ ਲਿਆ ਦਿਆਂ ਸੂ। ਤੈਨੂੰ ਪਤੈ, ਇਹ ਕਿਥੇ ਹੁੰਦੈ ਤੇ ਮੈਂ ਕਿਸ ਤਰ੍ਹਾਂ ਲਿਆ ਸਕਨਾਂ?"

"ਕੁਝ ਚਿਰ ਠਹਿਰ ਜਾ ਤੇ ਸਾਹ ਲੈ ਲੈ। ਸ਼ਾਇਦ ਇਸ ਵਾਰੀ ਵੀ ਮੈਂ ਤੇਰੀ ਮਦਦ ਕਰ ਸਕਾਂ, ਇਲਾਨਾ ਨੇ ਜਵਾਬ ਦਿਤਾ।

ਤਰਕਾਲਾਂ ਹੋਣ ਹੀ ਵਾਲੀਆਂ ਸਨ, ਜਦੋਂ ਉਹ ਆਪਣੇ ਭਰਾ, ਸੂਰਜ, ਕੋਲ ਗਈ; ਉਹ ਅਜੇ ਪਰਤਿਆ ਤੇ ਆਪਣੀਆਂ ਲੰਮੀਆਂ ਗਿਰਦੌਰੀਆਂ ਪਿਛੋਂ ਆ ਕੇ ਬੈਠਿਆ ਹੀ ਸੀ।

"ਮੇਰੇ ਭਰਾਵਾ, ਰੌਸ਼ਨ ਸੂਰਜਾ," ਇਲਾਨਾ ਨੇ ਆਖਿਆ," ਉਪਰ ਅਸਮਾਨ 'ਚ ਤੇਰੀ ਥਾਂ ਤੋਂ ਸਾਰੀ ਧਰਤੀ ਤੇਰੀ ਨੀਝ 'ਚ ਹੁੰਦੀ ਏ। ਪਤਾ ਈ, ਮੁਰਦਾ ਤੇ ਜਿਊਂਦਾ ਪਾਣੀ ਕਿਹੜੇ ਦੇਸ 'ਚ ਹੁੰਦੈ?"

"ਦੂਰ, ਭੈਣੇਂ, ਬੜੀ ਈ ਦੂਰ, "ਸੂਰਜ ਨੇ ਜਵਾਬ ਦਿਤਾ." ਤਿੰਨ-ਨਾਵੇਂ ਦੇਸਾਂ ਤੇ ਤਿੰਨ-ਨਾਵੇਂ ਸਮੁੰਦਰਾਂ ਤੋਂ ਪਾਰ, ਪੈਲੀਆਂ ਦੀ ਰਾਣੀ ਦੇ ਦੇਸ 'ਚ। ਪਰ ਜਿਹੜੇ ਬਹੁਤ ਸਾਰੇ ਮੁਰਦਾ ਤੇ ਜਿਊਂਦਾ ਪਾਣੀ ਲੈਣ ਗਏ ਨੇ, ਉਹਨਾਂ 'ਚੋਂ ਇਕ ਵੀ ਜਿਊਂਦਾ ਨਹੀਂ ਪਰਤਿਆ। ਏਸ ਲਈ ਕਿ ਉਸ ਦੇਸ ਦੀ ਸਰੱਹਦ ਤੇ ਇਕ ਖੂੰਖਾਰ ਅਜਗਰ ਪਹਿਰਾ ਦੇਂਦੈ। ਉਹ ਲੋਕਾਂ ਨੂੰ ਦੇਸ 'ਚ ਵੜਨ ਤਾਂ ਦੇਂਦੈ। ਪਰ ਉਹਨਾਂ ਨੂੰ ਬਾਹਰ ਨਹੀਂ ਜਾਣ ਦੇਂਦਾ: ਮੁਰਦਾ ਤੇ ਜਿਊਂਦਾ ਪਾਣੀ ਉਹ ਆਪ ਪੀ ਜਾਂਦੈ ਤੇ ਉਹਨਾਂ ਬਹਾਦਰ ਆਦਮੀਆਂ ਨੂੰ ਮਾਰ ਦੇਂਦੈ, ਜਿਹੜੇ ਪਾਣੀ ਲੱਭਣ ਆਏ ਹੁੰਦੇ ਨੇ। ਹੁਣ ਕਿੰਨੇ ਚਿਰ ਤੋਂ ਮੈਂ ਉਹਨਾਂ ਦੀਆਂ ਹੱਡੀਆਂ ਸੁਕਾ ਰਿਹਾਂ।"

ਨਿਆਜ਼-ਬੋ ਫ਼ੇਤ-ਫ਼ਰੂਮੋਸ ਨੂੰ ਹੁਣ ਪਤਾ ਸੀ ਕਿ ਉਹਨੇ ਕਿਥੇ ਜਾਣਾ ਸੀ, ਤੇ ਉਹਨੂੰ ਕੀ ਪੇਸ਼ ਪੈਣਾ ਸੀ, ਪਰ ਉਹ ਡਰ ਦਾ ਸ਼ਿਕਾਰ ਨਾ ਹੋਇਆ । ਉਹਨੇ ਖੰਡਾ ਤੇ ਗੁਰਜ਼ ਪੇਟੀ ਵਿਚ ਲਾ ਲਏ,

ਇਲਾਨਾ ਕੋਸਿਨਜ਼ਾਨਾ ਤੋਂ ਵਿਦਾ ਲਈ, ਪਲਾਕੀ ਮਾਰ .ਘੋੜੇ ਉਤੇ ਜਾ ਚੜ੍ਹਿਆ ਤੇ ਚਲ ਪਿਆ। ਵਾਟ ਲੰਮੀ ਸੀ ਤੇ ਉਹ ਪੈਲੀਆਂ ਤੇ ਸਰਹੱਦਾਂ ਪਾਰ ਕਰਦਾ, ਦਰਿਆ ਤੇ ਸਮੁੰਦਰ ਲਾਂਭੇ ਛਡਦਾ, ਅਟਕਿਆਂ ਬਿਨਾਂ, ਘੋੜਾ ਦਬੱਲੀ ਗਿਆ। ਇਸ ਤਰ੍ਹਾਂ ਉਹ ਤਿੰਨ-ਨਾਵੇਂ ਸਮੁੰਦਰ ਤੇ ਤਿੰਨ-ਨਾਵੇਂ ਦੇਸਾਂ ਤੋਂ ਪਾਰ ਏਡੀ ਸ਼ਾਨਾਂ ਵਾਲੀ ਜ਼ਾਰਸ਼ਾਹੀ ਵਿਚ ਪਹੁੰਚਿਆ, ਜਿਹੋ ਜਿਹੀ ਉਹਨੇ ਅਗੇ ਕਦੀ ਨਹੀਂ ਸੀ ਵੇਖੀ, ਜਿਥੋਂ ਜਿਹੇ ਕੁਦਰਤ ਦੇ ਸੁਹਜ ਦੀ ਰੀਸ ਹੋਰ ਕਿਤੇ ਨਹੀਂ ਸੀ। ਓਥੇ ਨਾ ਕੋਈ ਸੁੱਕੀ ਟਾਹਣੀ ਸੀ ਤੇ ਨਾ ਕੋਈ ਘਾਹ ਦੀ ਝਵੀਂ ਹੋਈ ਤਿੜ। ਸਾਰੇ ਹੀ ਬੂਟੇ ਛੇਤੀ ਉਗਦੇ, ਭਰ ਕੇ ਖਿੜਦੇ ਤੇ ਚੋਖੇ ਫਲਦੇ ਸਨ।

ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ ਦੇਸ ਦਾ ਚੱਕਰ ਲਾਇਆ ਤੇ ਜੁ ਕੁਝ ਵੀ ਉਹਨੇ ਵੇਖਿਆ, ਉਹਦੇ ਨਾਲ ਉਹਦਾ ਦਿਲ ਬਾਗ਼-ਬਾਗ਼ ਹੋ ਗਿਆ। ਟੁਰਦਿਆਂ-ਟੁਰਦਿਆਂ ਉਹ ਦੋ ਚਟਾਨਾਂ ਕੋਲ ਪਹੁੰਚਿਆ, ਜਿਨ੍ਹਾਂ ਵਿਚੋਂ ਦੋ ਚਸ਼ਮੇ ਫੁਟ ਰਹੇ ਸਨ।

"ਇਹੀਓ ਹੋਣੈਂ ਮੁਰਦਾ ਤੇ ਜਿਊਂਦਾ ਪਾਣੀ," ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ ਸੋਚਿਆ, ਤੇ ਪਕ ਕਰਨ ਲਈ, ਉਹਨੇ ਇਕ ਤਿਤਲੀ ਫੜੀ, ਉਹਦੇ ਟੋਟੇ ਕਰ ਦਿਤੇ ਤੇ ਉਹਨੂੰ ਇਕ ਚਸ਼ਮੇ ਦੇ ਪਾਣੀ ਵਿਚ ਡੋਬਿਆ। ਟੋਟੇ ਇਕਦਮ ਇਕ ਦੂਜੇ ਨਾਲ ਜੁੜ ਗਏ ਤੇ ਤਿਤਲੀ ਫੇਰ ਸਬੂਤੀ ਹੋ ਗਈ, ਤੇ ਫੇਰ ਜਦੋਂ ਉਹਨੇ ਉਹਨੂੰ ਦੂਜੇ ਚਸ਼ਮੇ ਦੇ ਪਾਣੀ ਵਿਚ ਡੋਬਿਆ, ਉਹ ਜਿਊਂ ਪਈ।

ਨਿਆਜ਼-ਬੋ ਫ਼ੇਤ-ਫ਼ਰੂਮੋਸ ਦੀ ਖੁਸ਼ੀ ਦੀ ਹਦ ਨਾ ਰਹੀ। ਉਹਨੇ ਚਸ਼ਮਿਆਂ ਦੇ ਪਾਣੀ ਨਾਲ ਚਮੜੇ ਦੀਆਂ ਦੋ ਮਸ਼ਕਾਂ ਭਰ ਲਈਆਂ ਤੇ ਘਰ ਵਲ ਚਲ ਪਿਆ। ਪਰ ਉਹ ਅਜੇ ਜ਼ਾਰਸ਼ਾਹੀ ਦੀ ਸਰਹੱਦ ਉਤੇ ਅਪੜਿਆ ਹੀ ਸੀ ਕਿ ਉਹਦੇ ਦੁਆਲੇ ਦੇ ਦਰਖ਼ਤ ਇੰਜ ਕਿੜ-ਕਿੜ ਤੇ ਕੜ-ਕੜ ਕਰਨ ਲਗ ਪਏ, ਜਿਵੇਂ ਉਹ ਹਨੇਰੀ-ਤੂਫ਼ਾਨ ਵੇਲੇ ਕਰਦੇ ਨੇ, ਅਸਮਾਨ ਉਤੇ ਹਨੇਰਾ ਛਾ ਗਿਆ ਤੇ ਉਹਦੇ ਸਾਹਮਣੇ, ਗੁੱਸੇ ਨਾਲ ਪੂਛ ਹਿਲਾਂਦਾ, ਦੱਸਾਂ ਸਿਰਾਂ ਵਾਲਾ ਇਕ ਅਜਗਰ ਉਠ ਖਲੋਤਾ।

ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ ਇਕ ਹਥ ਵਿਚ ਗੁਰਜ਼ ਫੜ ਲਿਆ ਤੇ ਇਕ ਹਥ ਵਿਚ ਖੰਡਾ, ਤੇ ਜਦੋਂ ਅਜਗਰ ਨੇ ਆਪਣੀ ਇਕ ਧੌਣ ਉਹਦੇ ਵਲ ਲਮਕਾਈ, ਉਹਨੇ ਸਿਰ ਉਤੇ ਗੁਰਜ਼ ਦੇ ਮਾਰਿਆ ਤੇ ਖੰਡੇ ਨਾਲ ਉਹਨੂੰ ਲਾਹ ਕੇ ਰਖ ਦਿਤਾ। ਦੂਜੇ ਸਿਰ ਦਾ ਵੀ ਉਹਨੇ ਇਹੀਉ ਹਾਲ ਕੀਤਾ ਤੇ ਤੀਜੇ ਸਿਰ ਦਾ ਵੀ। ਇਹ ਮਹਿਸੂਸ ਕਰਦਿਆਂ ਕਿ ਉਹਦਾ ਅੰਤ ਹੋਣ ਵਾਲਾ ਸੀ, ਅਜਗਰ ਉਪਰ ਅਸਮਾਨ ਵਿਚ ਉਡ ਗਿਆ। ਪਰ ਨਿਆਜ਼-ਬੋ ਫ਼ੇਤ-ਫ਼ਰੂਮੋਸ ਦਾ ਘੋੜਾ ਉਡ ਉਹਦੇ ਨਾਲੋਂ ਵੀ ਉਪਰ ਜਾ ਪਹੁੰਚਿਆ ਤੇ ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ ਅਜਗਰ ਦੇ ਦੱਸੇ ਦੇ ਦੱਸੇ ਸਿਰ ਲਾਹ ਛਡੇ ਤੇ ਉਹਨੂੰ ਭੁੰਜੇ ਪਟਕਾ ਮਾਰਿਆ।

ਫੇਰ ਉਹ ਬਿਨਾਂ ਕਿਸੇ ਰੋਕ ਤੋਂ ਘੋੜਾ ਦੁੜਾਂਦਾ ਆਇਆ ਤੇ ਇਲਾਨਾ ਕੋਸਿਨਜ਼ਾਨਾ ਦੇ ਘਰ ਪਹੁੰਚ ਪਿਆ। ਉਹ ਸਖ਼ਤ ਲੜਾਈ ਤੇ ਲੰਮੇ ਸਫ਼ਰ ਤੋਂ ਪਿਛੋਂ ਆਰਾਮ ਲਈ ਲੇਟ ਗਿਆ, ਤੇ ਇਲਾਨਾ ਕੋਸਿਨਜ਼ਾਨਾ ਨੇ ਉਹਦੀਆਂ ਲਿਆਂਦੀਆਂ ਦੋਵਾਂ ਮਸ਼ਕਾਂ ਦੀ ਥਾਂ ਆਪਣੇ ਵਲੋਂ ਦੋ ਮਸ਼ਕਾਂ ਰਖ ਦਿਤੀਆਂ ਜਿਨ੍ਹਾਂ ਵਿਚ ਆਮ ਪਾਣੀ ਸੀ। ਤੇ ਬੇ-ਸ਼ਕ ਹੀ ਨਿਆਜ਼-ਬੋ ਫ਼ੇਤ-ਫ਼ਰੂਮੋਸ ਦੇ ਦਮਾਗ਼ ਵਿਚ ਇਕ ਪਲ ਲਈ ਵੀ ਇਹ ਖ਼ਿਆਲ ਨਾ ਆਇਆ ਕਿ ਇਲਾਨਾ ਕੋਸਿਨਜ਼ਾਨਾ, ਜਿਨ੍ਹੇ ਕਿੰਨੀ ਹੀ ਵਾਰੀ ਉਹਦੀ ਮਦਦ ਕੀਤੀ ਸੀ, ਕੋਈ ਇਸ ਕਿਸਮ ਦੀ ਚੀਜ਼ ਵੀ ਕਰ ਸਕਦੀ ਸੀ। ਉਹਨੇ ਚੰਗਾ ਆਰਾਮ ਕੀਤਾ, ਘੋੜਾ ਪੀੜਿਆ ਤੇ ਘਰ ਵਲ ਹੋ ਪਿਆ।

ਜਦੋਂ ਕਲੋਆਂਤਸਾ ਨੇ ਉਹਨੂੰ ਵੇਖਿਆ, ਉਹ ਗੁੱਸੇ ਨਾਲ ਕਾਲੀ ਪੈ ਗਈ ਤੇ ਉਹਦਾ ਦਿਲ ਵਿੱਸ ਨਾਲ

ਭਰ ਗਿਆ। ਉਹਨੇ ਕੁਝ ਪਾਣੀ ਪੀਤਾ, ਸੁੜਕਿਆ ਤੇ ਹੋਸ਼–ਹੱਵਾਸ ਕੁਝ ਠੀਕ ਕਰ, ਨਿਆਜ਼–ਬੋ ਫ਼ੇਤ–ਫ਼ਰੂਮੋਸ ਦਾ ਫਸਤਾ ਮੁਕਾਣ ਦੇ ਢੰਗ–ਤਰੀਕੇ ਸੋਚਣ ਲਗ ਪਈ।

ਉਹਨੇ ਉਹਨੂੰ ਸਫ਼ਰਾਂ ਪਿਛੋਂ ਕੁਝ ਆਰਾਮ ਕਰ ਲੈਣ ਦਿਤਾ, ਤੇ ਪਿਛੋਂ ਆਪਣੇ ਕੋਲ ਸਦਿਆ, ਪਿਆਰ ਨਾਲ ਚੁੰਮਿਆ ਤੇ ਆਖਿਆ:

"ਪਿਆਰੇ ਬਚਿਆ, ਮੇਰੇ ਨਿਆਜ਼–ਬੋਆ, ਤੂੰ ਬੜੇ ਸਫ਼ਰ ਝਾਗੇ ਨੇ ਤੇ ਕਿੰਨੇ ਈ ਅਣ–ਗਾਹੇ ਰਾਹ ਤੂੰ ਗਾਹੇ ਨੇ। ਸ਼ਰਤ ਲਾ ਲੈ, ਤੇਰਾ ਤਾਂ ਸਾਰਾ ਜ਼ੋਰ ਖਤਮ ਹੋ ਗਿਆ ਹੋਣੈਂ। ਆ, ਵੇਖਣੀ ਆਂ, ਤੇਰੇ ਤੋਂ ਇਹ ਰੇਸ਼ਮੀ ਰੱਸੀ ਟੁੱਟਦੀ ਏ ਕਿ ਨਹੀਂ?"

ਤੇ ਉਹਨੇ ਇਕ ਰੇਸ਼ਮੀ ਰੱਸੀ ਕਢੀ, ਉਹ ਉਹਨੇ ਨਿਆਜ਼–ਬੋ ਫ਼ੇਤ–ਫ਼ਰੂਮੋਸ ਦੁਆਲੇ ਬੰਨ੍ਹ ਦਿਤੀ।

"ਆ, ਬਚੜਿਆ," ਉਹ ਆਖਣ ਲਗੀ, "ਪੂਰੀ ਵਾਹ ਲਾ, ਤੇ ਵੇਖਾਂਗੇ, ਵਡੀ ਦੁਨੀਆਂ ਫਿਰਦਿਆਂ ਤੇ ਅਛੋਹੇ ਰਾਹ ਗਾਂਹਦਿਆਂ, ਸਾਰਾ ਜ਼ੋਰ ਤਾਂ ਨਹੀਉਂ ਮੁਕ ਗਿਆ।"

ਨਿਆਜ਼–ਬੋ ਫ਼ੇਤ–ਫ਼ਰੂਮੋਸ ਨੇ ਆਪਣਾ ਆਪ ਤਾਣਿਆ, ਰੱਸੀ ਉਤੇ ਜ਼ੋਰ ਪਾਇਆ ਤੇ ਉਹਨੂੰ ਕਿੰਨੀਆਂ ਹੀ ਥਾਹਵਾਂ ਤੋਂ ਤੋੜ ਘਤਿਆ।

"ਤੇ ਹੁਣ ਵੇਖਣ ਦੇ, ਤੂੰ ਦੋ ਰੱਸੀਆਂ ਤੋੜ ਸਕਣੈਂ ਕਿ ਨਹੀਂ," ਜਾਦੂਗਰਨੀ ਕੁਰਲਾਈ ਤੇ ਉਹਨੇ ਉਹਨੂੰ ਦੋ ਰੱਸੀਆਂ ਨਾਲ ਬੰਨ੍ਹ ਦਿਤਾ।

ਪਰ ਨਿਆਜ਼–ਬੋ ਨੇ ਦੋ ਰੱਸੀਆਂ ਵੀ ਉਵੇਂ ਹੀ ਤੋੜ ਦਿਤੀਆਂ, ਜਿਵੇਂ ਉਹਨੇ ਪਹਿਲੀ ਰੱਸੀ ਤੋੜੀ ਸੀ।

"ਤੇਰੇ 'ਚ ਅਜੇ ਵੀ ਸੱਚੇ ਸੂਰਮਿਆਂ ਵਾਲਾ ਜ਼ੋਰ ਏ, ਪਰ ਵੇਖਣੇ ਹਾਂ, ਸ਼ਾਇਦ ਤੂੰ ਕੁਝ ਖਰਚ ਕਰ ਦਿਤਾ ਹੋਵੇ," ਜਾਦੂਗਰਨੀ ਨੇ ਆਖਿਆ ਤੇ ਉਹਨੇ ਉਹਨੂੰ ਤਿੰਨ ਰੇਸ਼ਮੀ ਰੱਸੀਆਂ ਨਾਲ ਬੰਨ੍ਹ ਦਿਤਾ।

ਨਿਆਜ਼–ਬੋ ਫ਼ੇਤ–ਫ਼ਰੂਮੋਸ ਨੇ ਪੱਠੇ ਅਕੜਾਏ, ਰੱਸੀਆਂ ਉਤੇ ਜ਼ੋਰ ਪਾਇਆ, ਪਰ ਉਹਨਾਂ ਨੂੰ ਉਹ ਤੋੜ ਨਾ ਸਕਿਆ। ਉਹਨੇ ਫੇਰ ਵਾਹ ਲਾਈ ਤੇ ਜ਼ੋਰ ਪਾਇਆ ਤੇ ਖਿਚਿਆ–ਧੂਹਿਆ, ਪਰ ਰੱਸੀਆਂ ਸਗੋਂ ਉਹਦੇ ਮਾਸ ਵਿਚ ਧਸ ਗਈਆਂ ਤੇ ਉਹ ਸਗੋਂ ਹੋਰ ਵੀ ਘੁਟ ਕੇ ਬੰਨ੍ਹਿਆ ਗਿਆ। ਉਹਨੇ ਤੀਜੀ ਵਾਰ ਵਾਹ ਲਈ, ਤੇ ਇਸ ਜਤਨ ਵਿਚ ਉਹਨੇ ਆਪਣਾ ਸਾਰਾ ਜ਼ੋਰ ਲਾ ਦਿਤਾ, ਪਰ ਰੇਸ਼ਮੀ ਰੱਸੀਆਂ ਉਹਦੇ ਮਾਸ ਵਿਚੋਂ ਹੱਡੀਆਂ ਤਕ ਧਸ ਗਈਆਂ ਤੇ ਟੁੱਟਣ ਵਿਚ ਨਾ ਆਈਆਂ।

ਖੁਸ਼ੀ ਨਾਲ ਕਲੋਆਂਤਸਾ ਇਕ ਲੱਤ ਉਤੇ ਟਪੋਸੀਆਂ ਮਾਰਨ ਤੇ ਲਾਟੂ ਵਾਂਗ ਭੁਆਟੀਆਂ ਖਾਣ ਲਗ ਪਈ ਤੇ ਉੱਚੀ–ਉਚੀ ਆਵਾਜ਼ ਦੇਣ ਲਗੀ:

"ਆ ਜਾ, ਅਜਗਰਾ, ਕਿਥੇ ਲੁੱਕਾ ਹੋਇਆਂ? ਛੇਤੀ ਕਰ ਤੇ ਨਿਆਜ਼–ਬੋ ਫ਼ੇਤ–ਫ਼ਰੂਮੋਸ ਵਾਲਾ ਫਾਹਾ ਵਢ ਦੇ।"

ਅਜਗਰ ਖੁਸ਼ੀ ਨਾਲ ਫੁੰਕਾਰਿਆ, ਉਸ ਥਾਂ ਤੋਂ ਨਿਕਲ ਆਇਆ, ਜਿਥੇ ਉਹ ਲੁੱਕਾ ਹੋਇਆ ਸੀ, ਉਹਨੇ ਇਕ ਖੰਡਾ ਫੜਿਆ ਤੇ ਫ਼ੇਤ–ਫ਼ਰੂਮੋਸ ਨੂੰ ਗੋਭੀ ਦੇ ਫੁਲ ਵਾਂਗ ਵਢ ਕੇ ਰਖ ਦਿਤਾ। ਫੇਰ, ਡਕਰੇ ਇੱਕਠੇ ਕਰ ਤੇ ਉਹਨਾਂ ਨੂੰ ਦੋ ਘਸੱਡੀਆਂ ਹੋਈਆਂ ਛੱਟਾਂ ਵਿਚ ਪਾ, ਉਹਨੇ ਛੱਟਾਂ ਨੂੰ ਕਾਠੀ ਉਤੋਂ ਲਮਕਾ ਦਿਤਾ, ਘੋੜੇ ਨੂੰ ਛਾਂਟਾ ਮਾਰਿਆ ਤੇ ਬਾਘੀ ਪਾਂਦਿਆਂ ਕੂਕਿਆ:

"ਦੌੜ, ਦੂਰ ਹੋ ਜਾ, ਘੋੜਿਆ ਬਦਾ। ਜਿਥੇ ਇਹਨੂੰ ਜਿਊਂਦੇ ਨੂੰ ਸੈਂ ਲੈ ਗਿਆ, ਓਥੇ ਮੋਏ ਨੂੰ ਪੁਚਾ ਪਿਆ!"

ਓ*

ਇਲਾਨਾ ਕੋਸਿਨਜ਼ਾਨਾ ਤੋਂ ਵਿਦਾ ਲਈ, ਪਲਾਕੀ ਮਾਰ. ਘੋੜੇ ਉਤੇ ਜਾ ਚੜ੍ਹਿਆ ਤੇ ਚਲ ਪਿਆ। ਵਾਟ ਲੰਮੀ ਸੀ ਤੇ ਉਹ ਪੈਲੀਆਂ ਤੇ ਸਰਹੱਦਾਂ ਪਾਰ ਕਰਦਾ, ਦਰਿਆ ਤੇ ਸਮੁੰਦਰ ਲਾਂਭੇ ਛਡਦਾ, ਅਟਕਿਆਂ ਬਿਨਾਂ, ਘੋੜਾ ਦਬੱਲੀ ਗਿਆ। ਇਸ ਤਰ੍ਹਾਂ ਉਹ ਤਿੰਨ-ਨਾਵੇਂ ਸਮੁੰਦਰ ਤੇ ਤਿੰਨ-ਨਾਵੇਂ ਦੇਸਾਂ ਤੋਂ ਪਾਰ ਏਡੀ ਸ਼ਾਨਾਂ ਵਾਲੀ ਜ਼ਾਰਸ਼ਾਹੀ ਵਿਚ ਪਹੁੰਚਿਆ, ਜਿਹੋ ਜਿਹੀ ਉਹਨੇ ਅਗੇ ਕਦੀ ਨਹੀਂ ਸੀ ਵੇਖੀ, ਜਿਥੋਂ ਜਿਹੇ ਕੁਦਰਤ ਦੇ ਸੁਹਜ ਦੀ ਰੀਸ ਹੋਰ ਕਿਤੇ ਨਹੀਂ ਸੀ। ਓਥੇ ਨਾ ਕੋਈ ਸੁੱਕੀ ਟਾਹਣੀ ਸੀ ਤੇ ਨਾ ਕੋਈ ਘਾਹ ਦੀ ਝਵੀਂ ਹੋਈ ਤਿੜ। ਸਾਰੇ ਹੀ ਬੂਟੇ ਛੇਤੀ ਉਗਦੇ, ਭਰ ਕੇ ਖਿੜਦੇ ਤੇ ਚੋਖੇ ਫਲਦੇ ਸਨ।

ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ ਦੇਸ ਦਾ ਚੱਕਰ ਲਾਇਆ ਤੇ ਜੁ ਕੁਝ ਵੀ ਉਹਨੇ ਵੇਖਿਆ, ਉਹਦੇ ਨਾਲ ਉਹਦਾ ਦਿਲ ਬਾਗ਼-ਬਾਗ਼ ਹੋ ਗਿਆ। ਟੁਰਦਿਆਂ-ਟੁਰਦਿਆਂ ਉਹ ਦੋ ਚਟਾਨਾਂ ਕੋਲ ਪਹੁੰਚਿਆ, ਜਿਨ੍ਹਾਂ ਵਿਚੋਂ ਦੋ ਚਸ਼ਮੇ ਫੁਟ ਰਹੇ ਸਨ।

"ਇਹੀਓ ਹੋਣੈਂ ਮੁਰਦਾ ਤੇ ਜਿਊਂਦਾ ਪਾਣੀ," ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ ਸੋਚਿਆ, ਤੇ ਪਕ ਕਰਨ ਲਈ, ਉਹਨੇ ਇਕ ਤਿਤਲੀ ਫੜੀ, ਉਹਦੇ ਟੋਟੇ ਕਰ ਦਿਤੇ ਤੇ ਉਹਨੂੰ ਇਕ ਚਸ਼ਮੇ ਦੇ ਪਾਣੀ ਵਿਚ ਡੋਬਿਆ। ਟੋਟੇ ਇਕਦਮ ਇਕ ਦੂਜੇ ਨਾਲ ਜੁੜ ਗਏ ਤੇ ਤਿਤਲੀ ਫੇਰ ਸਬੂਤੀ ਹੋ ਗਈ, ਤੇ ਫੇਰ ਜਦੋਂ ਉਹਨੇ ਉਹਨੂੰ ਦੂਜੇ ਚਸ਼ਮੇ ਦੇ ਪਾਣੀ ਵਿਚ ਡੋਬਿਆ, ਉਹ ਜਿਊਂ ਪਈ।

ਨਿਆਜ਼-ਬੋ ਫ਼ੇਤ-ਫ਼ਰੂਮੋਸ ਦੀ ਖ਼ੁਸ਼ੀ ਦੀ ਹਦ ਨਾ ਰਹੀ। ਉਹਨੇ ਚਸ਼ਮਿਆਂ ਦੇ ਪਾਣੀ ਨਾਲ ਚਮੜੇ ਦੀਆਂ ਦੋ ਮਸ਼ਕਾਂ ਭਰ ਲਈਆਂ ਤੇ ਘਰ ਵਲ ਚਲ ਪਿਆ। ਪਰ ਉਹ ਅਜੇ ਜ਼ਾਰਸ਼ਾਹੀ ਦੀ ਸਰਹੱਦ ਉਤੇ ਅਪੜਿਆ ਹੀ ਸੀ ਕਿ ਉਹਦੇ ਦੁਆਲੇ ਦੇ ਦਰਖ਼ਤ ਇੰਜ ਕਿੜ-ਕਿੜ ਤੇ ਕੜ-ਕੜ ਕਰਨ ਲਗ ਪਏ, ਜਿਵੇਂ ਉਹ ਹਨੇਰੀ-ਤੂਫ਼ਾਨ ਵੇਲੇ ਕਰਦੇ ਨੇ, ਅਸਮਾਨ ਉਤੇ ਹਨੇਰਾ ਛਾ ਗਿਆ ਤੇ ਉਹਦੇ ਸਾਹਮਣੇ, ਗੁੱਸੇ ਨਾਲ ਪੂਛ ਹਿਲਾਂਦਾ, ਦੱਸਾਂ ਸਿਰਾਂ ਵਾਲਾ ਇਕ ਅਜਗਰ ਉਠ ਖਲੋਤਾ।

ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ ਇਕ ਹਥ ਵਿਚ ਗੁਰਜ਼ ਫੜ ਲਿਆ ਤੇ ਇਕ ਹਥ ਵਿਚ ਖੰਡਾ, ਤੇ ਜਦੋਂ ਅਜਗਰ ਨੇ ਆਪਣੀ ਇਕ ਧੌਣ ਉਹਦੇ ਵਲ ਲਮਕਾਈ, ਉਹਨੇ ਸਿਰ ਉਤੇ ਗੁਰਜ਼ ਦੇ ਮਾਰਿਆ ਤੇ ਖੰਡੇ ਨਾਲ ਉਹਨੂੰ ਲਾਹ ਕੇ ਰਖ ਦਿਤਾ। ਦੂਜੇ ਸਿਰ ਦਾ ਵੀ ਉਹਨੇ ਇਹੀਉ ਹਾਲ ਕੀਤਾ ਤੇ ਤੀਜੇ ਸਿਰ ਦਾ ਵੀ। ਇਹ ਮਹਿਸੂਸ ਕਰਦਿਆਂ ਕਿ ਉਹਦਾ ਅੰਤ ਹੋਣ ਵਾਲਾ ਸੀ, ਅਜਗਰ ਉਪਰ ਅਸਮਾਨ ਵਿਚ ਉਡ ਗਿਆ। ਪਰ ਨਿਆਜ਼-ਬੋ ਫ਼ੇਤ-ਫ਼ਰੂਮੋਸ ਦਾ ਘੋੜਾ ਉਡ ਉਹਦੇ ਨਾਲੋਂ ਵੀ ਉਪਰ ਜਾ ਪਹੁੰਚਿਆ ਤੇ ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ ਅਜਗਰ ਦੇ ਦੱਸੇ ਦੇ ਦੱਸੇ ਸਿਰ ਲਾਹ ਛਡੇ ਤੇ ਉਹਨੂੰ ਭੁੰਜੇ ਪਟਕਾ ਮਾਰਿਆ।

ਫੇਰ ਉਹ ਬਿਨਾਂ ਕਿਸੇ ਰੋਕ ਤੋਂ ਘੋੜਾ ਦੁੜਾਂਦਾ ਆਇਆ ਤੇ ਇਲਾਨਾ ਕੋਸਿਨਜ਼ਾਨਾ ਦੇ ਘਰ ਪਹੁੰਚ ਪਿਆ। ਉਹ ਸਖ਼ਤ ਲੜਾਈ ਤੇ ਲੰਮੇ ਸਫ਼ਰ ਤੋਂ ਪਿਛੋਂ ਆਰਾਮ ਲਈ ਲੇਟ ਗਿਆ, ਤੇ ਇਲਾਨਾ ਕੋਸਿਨਜ਼ਾਨਾ ਨੇ ਉਹਦੀਆਂ ਲਿਆਂਦੀਆਂ ਦੋਵਾਂ ਮਸ਼ਕਾਂ ਦੀ ਥਾਂ ਆਪਣੇ ਵਲੋਂ ਦੋ ਮਸ਼ਕਾਂ ਰਖ ਦਿਤੀਆਂ ਜਿਨ੍ਹਾਂ ਵਿਚ ਆਮ ਪਾਣੀ ਸੀ। ਤੇ ਬੇ-ਸ਼ਕ ਹੀ ਨਿਆਜ਼-ਬੋ ਫ਼ੇਤ-ਫ਼ਰੂਮੋਸ ਦੇ ਦਮਾਗ਼ ਵਿਚ ਇਕ ਪਲ ਲਈ ਵੀ ਇਹ ਖ਼ਿਆਲ ਨਾ ਆਇਆ ਕਿ ਇਲਾਨਾ ਕੋਸਿਨਜ਼ਾਨਾ, ਜਿਨ੍ਹੇ ਕਿੰਨੀ ਹੀ ਵਾਰੀ ਉਹਦੀ ਮਦਦ ਕੀਤੀ ਸੀ, ਕੋਈ ਇਸ ਕਿਸਮ ਦੀ ਚੀਜ਼ ਵੀ ਕਰ ਸਕਦੀ ਸੀ। ਉਹਨੇ ਚੰਗਾ ਆਰਾਮ ਕੀਤਾ, ਘੋੜਾ ਪੀੜਿਆ ਤੇ ਘਰ ਵਲ ਹੋ ਪਿਆ।

ਜਦੋਂ ਕਲੋਆਂਤਸਾ ਨੇ ਉਹਨੂੰ ਵੇਖਿਆ, ਉਹ ਗੁੱਸੇ ਨਾਲ ਕਾਲੀ ਪੈ ਗਈ ਤੇ ਉਹਦਾ ਦਿਲ ਵਿੱਸ ਨਾਲ

ਭਰ ਗਿਆ। ਉਹਨੇ ਕੁਝ ਪਾਣੀ ਪੀਤਾ, ਸੁੜਕਿਆ ਤੇ ਹੋਸ਼-ਹੱਵਾਸ ਕੁਝ ਠੀਕ ਕਰ, ਨਿਆਜ਼-ਬੋ ਫ਼ੇਤ-ਫ਼ਰੂਮੋਸ ਦਾ ਫਸਤਾ ਮੁਕਾਣ ਦੇ ਢੰਗ-ਤਰੀਕੇ ਸੋਚਣ ਲਗ ਪਈ।

ਉਹਨੇ ਉਹਨੂੰ ਸਫ਼ਰਾਂ ਪਿਛੋਂ ਕੁਝ ਆਰਾਮ ਕਰ ਲੈਣ ਦਿਤਾ, ਤੇ ਪਿਛੋਂ ਆਪਣੇ ਕੋਲ ਸਦਿਆ, ਪਿਆਰ ਨਾਲ ਚੁੰਮਿਆ ਤੇ ਆਖਿਆ:

"ਪਿਆਰੇ ਬਚਿਆ, ਮੇਰੇ ਨਿਆਜ਼-ਬੋਆ, ਤੂੰ ਬੜੇ ਸਫ਼ਰ ਝਾਗੇ ਨੇ ਤੇ ਕਿੰਨੇ ਈ ਅਣ-ਗਾਹੇ ਰਾਹ ਤੂੰ ਗਾਹੇ ਨੇ। ਸ਼ਰਤ ਲਾ ਲੈ, ਤੇਰਾ ਤਾਂ ਸਾਰਾ ਜ਼ੋਰ ਖਤਮ ਹੋ ਗਿਆ ਹੋਣੈਂ। ਆ, ਵੇਖਣੀ ਆਂ, ਤੇਰੇ ਤੋਂ ਇਹ ਰੇਸ਼ਮੀ ਰੱਸੀ ਟੁੱਟਦੀ ਏ ਕਿ ਨਹੀਂ?"

ਤੇ ਉਹਨੇ ਇਕ ਰੇਸ਼ਮੀ ਰੱਸੀ ਕਢੀ, ਉਹ ਉਹਨੇ ਨਿਆਜ਼-ਬੋ ਫ਼ੇਤ-ਫ਼ਰੂਮੋਸ ਦੁਆਲੇ ਬੰਨ੍ਹ ਦਿਤੀ।

"ਆ, ਬਚੜਿਆ," ਉਹ ਆਖਣ ਲਗੀ, "ਪੂਰੀ ਵਾਹ ਲਾ, ਤੇ ਵੇਖਾਂਗੇਂ, ਵਡੀ ਦੁਨੀਆਂ ਫਿਰਦਿਆਂ ਤੇ ਅਔਹੇ ਰਾਹ ਗਾਂਹਦਿਆਂ, ਸਾਰਾ ਜ਼ੋਰ ਤਾਂ ਨਹੀਉਂ ਮੁਕ ਗਿਆ।"

ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ ਆਪਣਾ ਆਪ ਤਾਣਿਆ, ਰੱਸੀ ਉਤੇ ਜ਼ੋਰ ਪਾਇਆ ਤੇ ਉਹਨੂੰ ਕਿੰਨੀਆਂ ਈ ਥਾਹਵਾਂ ਤੋਂ ਤੋੜ ਘਤਿਆ।

"ਤੇ ਹੁਣ ਵੇਖਣ ਦੇ, ਤੂੰ ਦੋ ਰੱਸੀਆਂ ਤੋੜ ਸਕਣੈਂ ਕਿ ਨਹੀਂ," ਜਾਦੂਗਰਨੀ ਕੁਰਲਾਈ ਤੇ ਉਹਨੇ ਉਹਨੂੰ ਦੋ ਰੱਸੀਆਂ ਨਾਲ ਬੰਨ੍ਹ ਦਿਤਾ।

ਪਰ ਨਿਆਜ਼-ਬੋ ਨੇ ਦੋ ਰੱਸੀਆਂ ਵੀ ਉਵੇਂ ਹੀ ਤੋੜ ਦਿਤੀਆਂ, ਜਿਵੇਂ ਉਹਨੇ ਪਹਿਲੀ ਰੱਸੀ ਤੋੜੀ ਸੀ।

"ਤੇਰੇ 'ਚ ਅਜੇ ਵੀ ਸੱਚੇ ਸੂਰਮਿਆਂ ਵਾਲਾ ਜ਼ੋਰ ਏ, ਪਰ ਵੇਖਣੇ ਹਾਂ, ਸ਼ਾਇਦ ਤੂੰ ਕੁਝ ਖਰਚ ਕਰ ਦਿਤਾ ਹੋਵੇ," ਜਾਦੂਗਰਨੀ ਨੇ ਆਖਿਆ ਤੇ ਉਹਨੇ ਉਹਨੂੰ ਤਿੰਨ ਰੇਸ਼ਮੀ ਰੱਸੀਆਂ ਨਾਲ ਬੰਨ੍ਹ ਦਿਤਾ।

ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ ਪੱਠੇ ਅਕੜਾਏ, ਰੱਸੀਆਂ ਉਤੇ ਜ਼ੋਰ ਪਾਇਆ, ਪਰ ਉਹਨਾਂ ਨੂੰ ਉਹ ਤੋੜ ਨਾ ਸਕਿਆ। ਉਹਨੇ ਫੇਰ ਵਾਹ ਲਾਈ ਤੇ ਜ਼ੋਰ ਪਾਇਆ ਤੇ ਖਿਚਿਆ-ਧੂਹਿਆ, ਪਰ ਰੱਸੀਆਂ ਸਗੋਂ ਉਹਦੇ ਮਾਸ ਵਿਚ ਧਸ ਗਈਆਂ ਤੇ ਉਹ ਸਗੋਂ ਹੋਰ ਵੀ ਘੁਟ ਕੇ ਬੰਨ੍ਹਿਆ ਗਿਆ। ਉਹਨੇ ਤੀਜੀ ਵਾਰ ਵਾਹ ਲਈ, ਤੇ ਇਸ ਜਤਨ ਵਿਚ ਉਹਨੇ ਆਪਣਾ ਸਾਰਾ ਜ਼ੋਰ ਲਾ ਦਿਤਾ, ਪਰ ਰੇਸ਼ਮੀ ਰੱਸੀਆਂ ਉਹਦੇ ਮਾਸ ਵਿਚੋਂ ਹੱਡੀਆਂ ਤਕ ਧਸ ਗਈਆਂ ਤੇ ਟੁੱਟਣ ਵਿਚ ਨਾ ਆਈਆਂ।

ਖੁਸ਼ੀ ਨਾਲ ਕਲੋਆਂਤਸਾ ਇਕ ਲੱਤ ਉਤੇ ਟਪੋਸੀਆਂ ਮਾਰਨ ਤੇ ਲਾਟੂ ਵਾਂਗ ਭੁਆਟੀਆਂ ਖਣ ਲਗ ਪਈ ਤੇ ਉੱਚੀ-ਉਚੀ ਆਵਾਜ਼ ਦੇਣ ਲਗੀ:

"ਆ ਜਾ, ਅਜਗਰਾ, ਕਿਥੇ ਲੁੱਕਾ ਹੋਇਆਂ? ਛੇਤੀ ਕਰ ਤੇ ਨਿਆਜ਼-ਬੋ ਫ਼ੇਤ-ਫ਼ਰੂਮੋਸ ਵਾਲਾ ਫਾਹਾ ਵਢ ਦੇ।"

ਅਜਗਰ ਖੁਸ਼ੀ ਨਾਲ ਫੁੰਕਾਰਿਆ, ਉਸ ਥਾਂ ਤੋਂ ਨਿਕਲ ਆਇਆ, ਜਿਥੇ ਉਹ ਲੁੱਕਾ ਹੋਇਆ ਸੀ, ਉਹਨੇ ਇਕ ਖੰਡਾ ਫੜਿਆ ਤੇ ਫ਼ੇਤ-ਫ਼ਰੂਮੋਸ ਨੂੰ ਗੋਭੀ ਦੇ ਫੁਲ ਵਾਂਗ ਵਢ ਕੇ ਰਖ ਦਿਤਾ। ਫੇਰ, ਡਕਰੇ ਇੱਕਠੇ ਕਰ ਤੇ ਉਹਨਾਂ ਨੂੰ ਦੋ ਘਸੱਡੀਆਂ ਹੋਈਆਂ ਛੱਟਾਂ ਵਿਚ ਪਾ, ਉਹਨੇ ਛੱਟਾਂ ਨੂੰ ਕਾਠੀ ਉਤੋਂ ਲਮਕਾ ਦਿਤਾ, ਘੋੜੇ ਨੂੰ ਛਾਂਟਾ ਮਾਰਿਆ ਤੇ ਬਾਘੀ ਪਾਂਦਿਆਂ ਕੂਕਿਆ:

"ਦੌੜ, ਦੂਰ ਹੋ ਜਾ, ਘੋੜਿਆ ਬਦਾ। ਜਿਥੇ ਇਹਨੂੰ ਜਿਊਂਦੇ ਨੂੰ ਸੈਂ ਲੈ ਗਿਆ, ਓਥੇ ਮੋਏ ਨੂੰ ਪੁਚਾ ਦਿਆ!"

ਤੇ ਘੋੜਾ ਕਿਸੇ ਪ੍ਰੇਤ ਵਾਂਗ ਉਡਦਾ, ਭਜ ਨਿਕਲਿਆ, ਧਰਤੀ ਉਹਦੇ ਸੁੰਮਾਂ ਹੇਠ ਸਾਂ-ਸਾਂ ਕਰਨ ਲਗੀ। ਉਹ ਇਲਾਨਾ ਕੋਸਿਨਜ਼ਾਨਾ ਦੇ ਘਰ ਵਲ ਹੋ ਪਿਆ, ਓਥੇ ਉਹ ਜੰਮਿਆ ਤੇ ਪਲਿਆ ਜੁ ਸੀ, ਤੇ ਓਥੇ ਹੀ ਉਹਦੀ ਸੰਭਾਲ ਤੇ ਪਰਵਰਸ਼ ਜੁ ਹੋਈ ਸੀ, ਤੇ ਉਹ ਸਾਹਮਣੇ ਦਰਵਾਜ਼ੇ ਅਗੇ ਆ, ਖਲੋ ਗਿਆ।

ਇਲਾਨਾ ਕੋਸਿਨਜ਼ਾਨਾ ਬਰੂਹਾਂ ਤਕ ਆਈ ਪਰ ਉਹਨੂੰ ਲੰਮੀ ਸਵਾਰੀ ਪਿਛੋਂ ਆਰਾਮ ਤੇ ਓਟ ਮੰਗਣ ਵਾਲਾ ਕੋਈ ਘੋੜਸਵਾਰ ਨਾ ਦਿਸਿਆ; ਉਹਦੀ ਥਾਂ ਉਹਨੂੰ ਆਪਣਾ ਘੋੜਾ ਦਿਸਿਆ, ਝਗੋ-ਝਗ ਹੋਇਆ ਤੇ ਲਹੂ ਨਾਲ ਲਿਬੜਿਆ ਪਿਆ। ਗਮ ਨਾਲ ਵਲਿਸ ਖਾ, ਉਹ ਘੋੜੇ ਵਲ ਭੱਜੀ, ਉਹਨੇ ਛੱਟਾਂ ਲਾਹ ਲਈਆਂ, ਤੇ ਜਦੋਂ ਖੋਲ੍ਹ ਕੇ ਵੇਖੀਆਂ, ਉਹਨੂੰ ਨਿਆਜ਼-ਬੋ ਫ਼ੇਤ-ਫ਼ਰੂਮੋਸ ਦੇ ਲੋਥ ਦੇ ਟੋਟੇ ਦਿੱਸੇ।

"ਹਾਇ, ਵਿਚਾਰਾ ਨਿਆਜ਼-ਬੋ ਫ਼ੇਤ-ਫ਼ਰੂਮੋਸ!" ਉਹ ਕੁਰਲਾਈ। "ਤੇ ਤੇਰਾ ਇਹ ਹਾਲ ਕੀਤਾ ਨੇ!" ਤੇ ਉਹ, ਟੋਟਾ ਟੋਟਾ ਕਰ, ਉਹਦੇ ਸਰੀਰ ਨੂੰ ਜੋੜਨ ਲਗੀ, ਤੇ ਅਖ਼ੀਰ ਉਹ ਉਸੇ ਤਰ੍ਹਾਂ ਹੋ ਗਿਆ ਜਿਵੇਂ ਉਹ ਪਹਿਲੋਂ ਹੁੰਦਾ ਸੀ।

ਇਹ ਕਰ ਉਹ ਗੁਦਾਮ ਵਲ ਭੱਜੀ ਤੇ ਮੁਰਦਾ ਤੇ ਜਿਊਂਦਾ ਪਾਣੀ, ਜੰਗਲੀ ਸੂਰ ਦਾ ਬੱਚਾ ਤੇ ਪੰਛੀ ਦਾ ਦੁਧ ਕਢ ਲਿਆਈ। ਜਿਥੇ-ਜਿਥੇ ਮਾਸ ਦਾ ਟੋਟਾ ਨਹੀਂ ਸੀ, ਉਹਨੇ ਜੰਗਲੀ ਸੂਰ ਦੀਆਂ ਬੋਟੀਆਂ ਰਖ ਦਿਤੀਆਂ; ਤੇ ਉਹਨੇ ਉਹਦੇ ਉਤੇ ਮੁਰਦਾ ਪਾਣੀ ਛਿੜਕਿਆ ਤੇ ਵਖ-ਵਖ ਟੋਟੇ ਇਕ ਦੂਜੇ ਨਾਲ ਜੁੜ ਗਏ। ਇਸ ਪਿਛੋਂ ਉਹਨੇ ਉਹਨੂੰ ਜਿਊਂਦੇ ਪਾਣੀ ਨਾਲ ਨੁਹਾਇਆ, ਤੇ ਜਵਾਨ ਸੂਰਮਾ ਫੇਰ ਜਿਊਂ ਪਿਆ। ਉਹਨੇ, ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ, ਬਹੁਤ ਹੀ ਠੰਡਾ ਸਾਹ ਲਿਆ, ਤੇ ਕਹਿਣ ਲਗਾ:

"ਤੋਬਾ, ਕਿੰਨਾ ਚਿਰ ਸੁੱਤਾ ਰਿਹੈਂ ਮੈਂ!"

"ਚੰਨੜਿਆ, ਜੇ ਮੈਂ ਏਥੇ ਨਾ ਹੁੰਦੀ, ਤਾਂ ਤੂੰ ਸੁੱਤਾ ਈ ਰਹਿਣਾ ਸੀ ਤੇ ਫੇਰ ਕਦੀ ਨਹੀਂ ਸੀ ਜਾਗਣਾ," ਪੰਛੀ ਦੇ ਦੁਧ ਵਾਲਾ ਮਿੱਟੀ ਦੇ ਘੜਾ ਉਹਦੇ ਬੁਲ੍ਹਾਂ ਨਾਲ ਲਾਂਦਿਆਂ, ਇਲਾਨਾ ਕੋਸਿਨਜ਼ਾਨਾ ਨੇ ਉਹਨੂੰ ਦਸਿਆ।

ਨਿਆਜ਼-ਬੋ ਫ਼ੇਤ-ਫ਼ਰੂਮੋਸ ਦੁਧ ਪੀਣ ਲਗ ਪਿਆ, ਤੇ ਹਰ ਘੁਟ ਨਾਲ ਉਹਦੇ ਵਿਚ ਨਵੀਂ ਤਾਕਤ ਆਉਂਦੀ ਗਈ। ਤੇ ਜਦੋਂ ਉਹਨੇ ਸਾਰਾ ਦੁਧ ਪੀ ਲਿਆ, ਉਹ ਏਨਾ ਤਕੜਾ ਹੋ ਗਿਆ, ਜਿੰਨਾ ਉਹ ਪਹਿਲੋਂ ਕਦੀ ਨਹੀਂ ਸੀ ਹੁੰਦਾ; ਹੁਣ ਉਹ ਆਪਣੇ ਗੁਰਜ਼ ਦੀ ਇਕੋ ਸਟ ਨਾਲ ਚਕਮਾਕ ਪੱਥਰ ਦੀ ਚਟਾਨ ਨੂੰ ਚੂਰਾ ਕਰ ਸਕਦਾ ਸੀ।

ਉਹ ਜ਼ਮੀਨ ਤੋਂ ਉਠਿਆ, ਉਹਨੇ ਆਪਣੀ ਕਮਜ਼ੋਰੀ ਛੰਡ ਵਗਾਈ ਤੇ ਜਦੋਂ ਉਹਨੂੰ ਚੇਤਾ ਆਇਆ, ਅਜਗਰ ਨੇ ਉਹਦਾ ਕੀ ਹਾਲ ਕੀਤਾ ਸੀ, ਆਪਣਾ ਗੁਰਜ਼ ਚੁਕ ਲਿਆ ਤੇ ਕਾਹਲੀ-ਕਾਹਲੀ ਮਹਿਲ ਵਲ ਨੂੰ ਹੋ ਪਿਆ।

ਨਿਆਜ਼-ਬੋ ਦੀ ਹਿੱਕ ਵਿਚ ਬਦਲੇ ਦੀ ਤਿਹ ਇੰਜ ਸੀ, ਜਿਵੇਂ ਅਸਮਾਨੋਂ ਪਰਨਾਲੇ ਬਣ ਵਗਦਾ ਮੀਂਹ। ਉਹ ਪੈਰਾਂ ਦੀ ਪਰਵਾਹ ਕੀਤੇ ਬਿਨਾਂ, ਟੁਰਦਾ ਗਿਆ, ਟੁਰਦਾ ਗਿਆ ਤੇ ਅਖ਼ੀਰ ਮਹਿਲ 'ਚ ਆ ਪਹੁੰਚਿਆ; ਤੇ ਓਥੇ ਜਾਦੂਗਰਨੀ ਤੇ ਅਜਗਰ ਦਸਤਰਖ਼ਾਨ ਤੇ ਬੈਠੇ ਜ਼ਿਆਫ਼ਤ ਖਾ ਰਹੇ ਸਨ, ਤੇ ਉਹਦੀ ਆਪਣੀ ਮਾਂ ਕੋਲ ਖਲੋਤੀ ਖਾਣੇ ਪਰੋਸ ਰਹੀ ਸੀ।

ਜਦੋਂ ਉਹਨਾਂ ਨਿਆਜ਼-ਬੋ ਫ਼ੇਤ-ਫ਼ਰੂਮੋਸ ਨੂੰ ਖਾਣੇ ਵਾਲੇ ਕਮਰੇ ਵਿਚ ਵੜਦਿਆਂ ਵੇਖਿਆ, ਦੋਵਾਂ ਦੇ ਪੈਰਾਂ ਥਲਿਉਂ ਜ਼ਮੀਨ ਨਿਕਲਦੀ ਜਾਪੀ। ਪਰ ਨਿਆਜ਼-ਬੋ ਨੇ ਉਹਨਾਂ ਨੂੰ ਡਰਨ ਦੀ ਮਹੁਲਤ ਨਾ ਦਿਤੀ। ਉਹਨੇ ਇਕ ਹਥ ਨਾਲ ਜਾਦੂਗਰਨੀ ਨੂੰ ਤੇ ਦੂਜੇ ਨਾਲ ਅਜਗਰ ਨੂੰ ਫੜ ਲਿਆ, ਧਰੂਹਦਾ-ਧਰੂਹਦਾ ਉਹਨਾਂ

ਨੂੰ ਬਾਹਰ ਇਹਾਤੇ ਵਿਚ ਲੈ ਆਇਆ ਤੇ ਉਹਨਾਂ ਦੇ ਡਕਰੇ ਕਰ ਦਿਤੇ। ਫੇਰ ਉਹਨੇ ਤਾਂਬੇ ਦੀ ਭੱਠੀ ਬਾਲੀ ਤੇ ਉਹਨਾਂ ਨੂੰ ਸਾੜ ਦਿਤਾ, ਤਾਂ ਜੁ ਜ਼ਮੀਨ ਉਤੇ, ਜਾਂ ਵਿਚ ਪਾਣੀ ਦੇ, ਖੁਲ੍ਹੀਆਂ ਚਰਾਂਦੀਂ, ਜਾਂ ਮੋਤੀਆਂ-ਭਰੇ ਸਮੁੰਦਰੀਂ, ਜਾਂ ਕਿਸੇ ਹੋਰ ਥਾਂ, ਹੇਠ ਨੀਲੇ ਅਸਮਾਨ, ਜਿਥੇ ਉਕਾਬ ਉਡਾਰੀਆਂ ਲਾਣ, ਰਹੇ ਨਾ ਉਹਨਾਂ ਦਾ ਨਾਂ-ਨਿਸ਼ਾਨ।

ਇਹ ਕਰ ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ ਮਾਂ ਨੂੰ ਜੱਫ਼ੀ ਪਾ ਲਈ, ਉਹਨੂੰ ਚੁੰਮਿਆਂ ਤੇ ਧਰਵਾਸ ਦਿਤੀ।

ਬਹੁਤ ਛੇਤੀ ਹੀ ਉਹਨਾਂ ਨੂੰ ਇਸ ਤੋਂ ਵੀ ਵਡੀ ਖੁਸ਼ੀ ਜੁੜੀ, ਇਸ ਲਈ ਕਿ ਨਿਆਜ਼-ਬੋ ਫ਼ੇਤ-ਫ਼ਰੂਮੋਸ ਨੇ ਇਲਾਨਾ ਕੋਸਿਨਜ਼ਾਨਾ ਨੂੰ ਜੀਵਨ-ਸਾਥ ਲਈ ਆਖਿਆ ਤੇ ਉਹ ਉਹਦੇ ਨਾਲ ਵਿਆਹ ਕਰਨਾ ਮੰਨ ਗਈ।

ਵਿਆਹ ਉਤੇ ਏਨੇ ਪ੍ਰਾਹੁਣੇ ਆਏ ਕਿ ਕੋਈ ਸ਼ੁਮਾਰ ਹੀ ਨਹੀਂ ਸੀ, ਤੇ ਉਹਨਾਂ ਜ਼ਿਆਫ਼ਤਾਂ ਦੀ ਜ਼ਿਆਫ਼ਤ ਖਾਧੀ। ਤੇ ਮੇਜ਼ ਦੇ ਸਿਰੇ ਤੇ ਆਪ ਰੋਸ਼ਨ ਸੂਰਜ ਬੈਠਾ ਸੀ, ਸ਼ਰਾਬ ਦੇ ਕੁੱਪੇ ਪੀ ਰਿਹਾ ਸੀ, ਸਭਨਾਂ ਲਈ, ਜਿਹੜੇ ਉਹਨੂੰ ਪਿਆਰੇ ਲਗਦੇ ਸਨ, ਖੁਸ਼ੀਆਂ ਤੇ ਮੌਜ-ਬਹਾਰਾਂ ਮੰਗ ਰਿਹਾ ਸੀ ਤੇ ਹਰ ਕਿਸੇ ਨਾਲ ਆਪਣੀ ਖੁਸ਼ੀ ਵੰਡਾ ਰਿਹਾ ਸੀ!

ਤੇ ਵਿਆਹ ਪਿਛੋਂ ਨਿਆਜ਼-ਬੋ ਫ਼ੇਤ-ਫ਼ਰੂਮੋਸ ਤੇ ਇਲਾਨਾ ਕੋਸਿਨਜ਼ਾਨਾ ਪਿਆਰ ਤੇ ਅਮਨ ਸਹਿਤ ਰਹਿਣ ਲਗ ਪਏ ਤੇ ਸ਼ਾਇਦ ਉਹ ਅਜੇ ਵੀ ਰਹਿ ਰਹੇ ਨੇ, ਜੇ ਉਹਨਾਂ ਦੇ ਪੂਰੇ ਹੋਣ ਦਾ ਵਕਤ ਨਹੀਂ ਆ ਗਿਆ ਹੋਇਆ।

# ਕਹਾਣੀ ਜ਼ਰਨਿਆਰ ਦੀ ਜਿਹੜੀ ਬੜੀ ਸਿਆਣੀ ਸੀ

**ਆਜ਼ਰਬਾਈਜਾਨੀ ਪਰੀ-ਕਹਾਣੀ**



ਤੁਹਾਨੂੰ ਸੁਣਾਵਾਂ ਤਾਂ ਕੀ ਸੁਣਾਵਾਂ ? ਮੈਨੂੰ ਪਤੈ, ਕੀ ਸੁਣਾਨਾ ਏ। ਕਹਾਣੀ ਮਾਮੇਦ ਨਾਂ ਦੇ ਇਹ ਸੁਦਾਗਰ ਦੀ, ਜਿਹੜਾ ਸ਼ਹਿਰ ਮਿਸਾਰ ਵਿਚ ਰਹਿੰਦਾ ਸੀ, ਪ੍ਰਦੇਸੀਂ ਜਾਂਦਾ ਸੀ ਤੇ ਹਰ ਕਿਸਮ ਦੇ ਮਾਲ ਦੀ ਸੁਦਾਗਰੀ ਕਰਦਾ ਸੀ।

ਇਕ ਦਿਨ ਉਹਨੂੰ ਕਿਸੇ ਬਹੁਤ ਹੀ ਦੁਰਾਡੇ ਦੇਸ ਚਲ ਪੈਣ ਦੀ ਸੁੱਝੀ। ਉਹਨੇ ਚੋਖਾ ਸਾਰਾ ਤਰ੍ਹਾਂ-ਤਰ੍ਹਾਂ ਦਾ ਮਾਲ ਖਰੀਦਿਆ, ਨੌਕਰ-ਚਾਕਰ ਭਾੜ੍ਹੇ ਉਤੇ ਕੀਤੇ, ਆਪਣੇ ਟੱਬਰ ਤੋਂ ਵਿਦਿਆ ਹੋਇਆ, ਤੇ ਆਪਣੇ ਕਾਫ਼ਲੇ ਨਾਲ ਰਾਹੇ ਪੈ ਗਿਆ।

ਉਹ ਇਕ ਥਾਂ ਗਿਆ ਤੇ ਫੇਰ ਇਕ ਹੋਰ ਥਾਂ, ਤੇ ਅਖ਼ੀਰ ਉਹ ਇਕ ਸ਼ਹਿਰ ਅਪੜਿਆ, ਜਿਹਦਾ ਨਾਂ ਉਹਨੇ ਪਹਿਲੋਂ ਕਦੀ ਨਹੀਂ ਸੀ ਸੁਣਿਆ।

ਏਥੇ ਉਹਨੇ ਲੰਮੇ ਸਫ਼ਰਾਂ ਪਿਛੋਂ ਆਰਾਮ ਕਰਨ ਦੀ ਧਾਰੀ, ਤੇ ਆਪਣੇ ਨੌਕਰਾਂ-ਚਾਕਰਾਂ ਨਾਲ ਇਕ ਕਾਫ਼ਲਾ-ਸਰਾਂ ਵਿਚ ਟਿਕ ਗਿਆ।

ਜਦੋਂ ਉਹ ਖਾ-ਪੀ ਰਿਹਾ ਸੀ, ਇਕ ਓਪਰਾ ਆਦਮੀ ਉਹਦੇ ਕੋਲ ਆਇਆ।

"ਹੇ, ਓਏ, ਸੁਦਾਗਰਾ!" ਉਹ ਕਹਿਣ ਲਗਾ। "ਤੂੰ ਕਿਤੋਂ ਦੂਰੋਂ ਆਇਆ ਹੋਏਂਗਾ, ਤੈਨੂੰ ਜੁ ਏਥੋਂ ਦੇ ਰਿਵਾਜਾਂ ਦਾ ਪਤਾ ਨਹੀਂ।"

"ਤੇ ਏਸ ਸ਼ਹਿਰ ਦੇ ਰਿਵਾਜ ਕੀ ਨੇ?" ਮਾਮੇਦ ਨੇ ਪੁਛਿਆ।

"ਮੈਂ ਦਸਨਾਂ, ਕੀ ਨੇ। ਜਿਹੜਾ ਵੀ ਸੁਦਾਗਰ ਏਥੇ ਆਉਂਦੈ, ਉਹਨੇ ਬਾਦਸ਼ਾਹ ਨੂੰ ਸ਼ਾਨ ਦੇ ਸ਼ਾਯਾਂ

ਇਸ ਤਰ੍ਹਾਂ ਇਕ ਦਿਨ ਲੰਘ ਗਿਆ ਤੇ ਇਕ ਰਾਤ, ਤੇ ਫੇਰ ਦੋ ਹੋਰ ਦਿਨ ਤੇ ਦੋ ਹੋਰ ਰਾਤਾਂ ਲੰਘ ਗਈਆਂ, ਤੇ ਮਾਮੇਦ ਬਾਦਸ਼ਾਹ ਨਾਲ ਨਰਦੀ ਖੇਡਦਾ ਰਿਹਾ, ਤੇ ਬਿੱਲੀ ਪਹਿਲਾਂ ਵਾਂਗ ਹੀ ਬੈਠੀ ਰਹੀ।

ਅਖ਼ੀਰ ਮਾਮੇਦ ਤੋਂ ਹੋਰ ਨਾ ਸਿਹਾ ਗਿਆ।

"ਮੈਂ ਹੋਰ ਨਹੀਂ ਖੇਡ ਸਕਦਾ!" ਉਹ ਬੋਲ ਉਠਿਆ। "ਬਾਦਸ਼ਾਹ, ਤੁਸੀਂ ਜਿਤ ਗਏ।"

ਬਾਦਸ਼ਾਹ ਇਸੇ ਗਲ ਦੀ ਉਡੀਕ ਕਰ ਰਿਹਾ ਸੀ। ਉਹਨੇ ਨੌਕਰਾਂ ਨੂੰ ਸਦਿਆ ਤੇ ਕਿਹਾ:

"ਸੁਦਾਗਰ ਦਾ ਸਾਰਾ ਮਾਲ-ਅਸਬਾਬ ਤੇ ਸਾਰਾ ਸੋਨਾ ਲੈ ਆਓ। ਤੇ ਸੁਦਾਗਰ ਦਾ ਕੀ ਕਰੋ, ਇਹਦੀਆਂ ਮੁਸ਼ਕਾਂ ਕੱਸ ਦਿਓ ਤੇ ਕੈਦਖਾਨੇ ਪਾ ਦਿਓ ਸੂ।"

ਤੇ ਬਾਦਸ਼ਾਹ ਦੇ ਨੌਕਰਾਂ ਨੇ ਮਾਮੇਦ ਨੂੰ ਫੜ ਲਿਆ ਤੇ ਸਾਰਾ ਕੁਝ ਉਵੇਂ ਹੀ ਕੀਤਾ, ਜਿਵੇਂ ਬਾਦਸ਼ਾਹ ਨੇ ਉਹਨਾਂ ਨੂੰ ਹੁਕਮ ਦਿਤਾ ਸੀ।

ਕੈਦਖਾਨੇ ਪਿਆ, ਮਾਮੇਦ ਆਪਣੇ ਆਪ ਨੂੰ ਲਾਅਨਤਾਂ ਪਾਣ ਲਗਾ, ਉਹਨੂੰ ਸ਼ਹਿਰ ਤੋਂ ਇਕ ਪਾਸੋਂ ਲੰਘ ਜਾਣ ਦੀ ਅਕਲ ਕਿਉਂ ਨਾ ਆਈ, ਤੇ ਦਿਲ ਹੀ ਦਿਲ ਵਿਚ ਬਾਦਸ਼ਾਹ ਤੇ ਉਹਦੀ ਵਿਦਵਾਨ ਬਿੱਲੀ ਨੂੰ ਸਲਵਾਤਾਂ ਸੁਣਾਣ ਲਗਾ।

ਪਰ ਹੁਣ ਅਸੀਂ ਮਾਮੇਦ ਨੂੰ ਓਥੇ ਹੀ ਛਡਦੇ ਹਾਂ, ਜਿਥੇ ਉਹ ਹੈ, ਤੇ ਉਹਦੀ ਵਹੁਟੀ ਜ਼ਰਨਿਆਰ ਦੀ ਗਲ ਸੁਣਾਂਦੇ ਹਾਂ।

ਜ਼ਰਨਿਆਰ ਆਪਣੇ ਖਾਵੰਦ ਦੀ ਉਡੀਕ ਕਰਦੀ ਆਰਾਮ ਨਾਲ ਘਰੇ ਟਿਕੀ ਰਹੀ, ਪਰ ਉਹ ਨਾ ਆਇਆ ਤੇ ਉਹਦੇ ਆਉਣ ਦਾ ਨਾਂ-ਨਿਸ਼ਾਨ ਵੀ ਕੋਈ ਨਹੀਂ ਸੀ ਦਿਸਿਆ।

"ਸ਼ਾਇਦ ਕੁਝ ਹੋ ਗਿਆ ਹੋਵੇ ਸੂ?" ਉਹਨੇ ਸੋਚਿਆ।

ਕਿੰਨਾ ਹੀ ਚਿਰ ਉਹਨੂੰ ਇਹੋ ਜਿਹੇ ਫ਼ਿਕਰ ਵਾਲੇ ਖਿਆਲ ਆਂਦੇ ਰਹੇ, ਤੇ ਅਖ਼ੀਰ ਇਕ ਦਿਨ ਮਾਮੇਦ ਦਾ ਨੌਕਰ ਭੱਜਦਾ-ਭੱਜਦਾ ਉਹਦੇ ਕੋਲ ਆ ਪਹੁੰਚਿਆ। ਉਹਦਾ ਮੂੰਹ ਮਿੱਟੀ ਨਾਲ ਲਿਬੜਿਆ ਹੋਇਆ ਸੀ ਤੇ ਉਹਦੇ ਕਪੜਿਆਂ ਦੇ ਲੰਘਾਰ ਲੱਥੇ ਹੋਏ ਸਨ।

"ਮਾਲਕਣ, ਮਾਲਕਣ!" ਉਹ ਕੁਰਲਾਇਆ। "ਦੁਰਾਡੇ ਦੇਸ ਦੇ ਬਾਦਸ਼ਾਹ ਨੇ ਮਾਲਕ ਨੂੰ ਕੈਦ ਕਰ ਦਿਤੈ, ਤੇ ਉਹਦਾ ਸਾਰਾ ਮਾਲ-ਅਸਬਾਬ ਤੇ ਸਾਰਾ ਸੋਨਾ ਖੋਹ ਲਿਐ। ਸਿਰਫ਼ ਮੈਂ ਈ ਭਜ ਸਕਿਆਂ, ਮਸਾਂ ਈ ਜਾਨ ਬਚਾ ਕੇ। ਹੁਣ ਕੀ ਕਰੀਏ?"

ਜ਼ਰਨਿਆਰ ਨੇ ਨੌਕਰ ਨੂੰ ਕਿਹਾ, ਉਹ ਉਹਨੂੰ ਜੁ ਕੁਝ ਵੀ ਹੋਇਆ ਸੀ, ਸਾਰਾ ਕੁਝ ਦੱਸੇ। ਇਸ ਪਿਛੋਂ ਉਹਨੇ ਹੁਕਮ ਦਿਤਾ ਕਿ ਬਹੁਤ ਸਾਰੇ ਚੂਹੇ ਫੜੇ ਜਾਣ ਤੇ ਉਹਨਾਂ ਨਾਲ ਇਕ ਵਡੀ ਸਾਰੀ ਪੇਟੀ ਭਰ ਲਈ ਜਾਵੇ। ਫੇਰ ਕੁਝ ਸੋਨਾ ਚਾਂਦੀ ਲੈ, ਉਹਨੇ ਮਰਦਾਂ ਵਾਲੇ ਕਪੜੇ ਪਾ ਲਏ, ਆਪਣੇ ਲੰਮੇ ਵਾਲ ਪਸ਼ਮ ਦੀ ਇਕ ਉਚੀ ਸਾਰੀ ਟੋਪੀ ਵਿਚ ਲੁਕਾ ਲਏ ਤੇ ਆਪਣੇ ਖਾਵੰਦ ਨੂੰ ਛੁਡਾਣ ਲਈ ਕਾਫ਼ਲੇ ਦੇ ਅਗੇ ਹੋ ਚਲ ਪਈ।

ਉਹ ਅਟਕਿਆਂ ਬਿਨਾਂ ਤੇ ਕਿਸੇ ਵੀ ਕਿਸਮ ਦੀ ਢਿਲ ਕੀਤੇ ਬਿਨਾਂ, ਚਲਦੀ ਗਈ ਤੇ ਅਖ਼ੀਰ ਉਸ ਸ਼ਹਿਰ ਅੱਪੜ ਪਈ, ਜਿਥੇ ਉਹਦੇ ਖਾਵੰਦ ਜੇਲ੍ਹਖਾਨੇ ਵਿਚ ਪਿਆ ਸੀ।

ਕੁਝ ਨੌਕਰਾਂ ਨੂੰ ਉਹਨੇ ਹੁਕਮ ਦਿਤਾ ਕਿ ਉਹ ਉਹਦੀ ਕਾਫ਼ਲਾ-ਸਰਾਂ ਵਿਚ ਉਡੀਕ ਕਰਨ ਤੇ ਬਾਕੀਆਂ ਨੂੰ ਉਹਨੇ ਹੁਕਮ ਦਿਤਾ ਕਿ ਉਹ ਉਹਦੇ ਨਾਲ ਬਾਦਸ਼ਾਹ ਦੇ ਮਹਿਲੀਂ ਚੱਲਣ।

ਫੇਰ ਉਹਨੇ ਜੜੇ ਹੋਏ ਸੋਨੇ ਦਾ ਇਕ ਵਡਾ ਸਾਰਾ ਥਾਲ ਲਿਆ, ਉਹਦੇ ਉਤੇ ਸਭ ਤੋਂ ਕੀਮਤੀ ਤਹਫ਼ੇ

ਪਰੋਸੇ ਤੇ ਮਹਿਲ ਵਲ ਨੂੰ ਚਲ ਪਈ। ਉਹਦੇ ਪਿਛੇ-ਪਿਛੇ ਉਹਦੇ ਨੌਕਰ ਚੂਹਿਆਂ ਨਾਲ ਭਰੀ ਪੇਟੀ ਚੁਕੀ ਲਿਆ ਰਹੇ ਸਨ।

ਜਦੋਂ ਉਹ ਮਹਿਲ ਕੋਲ ਪਹੁੰਚੇ, ਜ਼ਰਨਿਆਰ ਨੇ ਆਪਣੇ ਨੌਕਰਾਂ ਨੂੰ ਆਖਿਆ:

"ਜਦੋਂ ਮੈਂ ਬਾਦਸ਼ਾਹ ਨਾਲ 'ਨਰਦੀ' ਖੇਡ ਰਹੀ ਹੋਵਾਂ, ਤੁਸੀਂ ਚੂਹਿਆਂ ਨੂੰ ਇਕ-ਇਕ ਕਰ ਕਮਰੇ 'ਚ ਛਡ ਦੇਣਾ।"

ਨੌਕਰ ਪੇਟੀ ਲੈ ਬੂਹੇ ਕੋਲ ਰਹਿ ਗਏ ਤੇ ਜ਼ਰਨਿਆਰ ਨੇ ਬਾਦਸ਼ਾਹ ਵਾਲੇ ਕਮਰੇ ਵਿਚ ਪੈਰ ਰਖਿਆ।

ਉਹ ਬਾਦਸ਼ਾਹ ਨੂੰ ਕਹਿਣ ਲਗੀ:

"ਉਹ ਬਾਦਸ਼ਾਹਾਂ ਦੇ ਬਾਦਸ਼ਾਹ, ਜੁਗ ਜੁਗ ਜੀਵੇਂ! ਜਿਵੇਂ ਤੇਰੇ ਦੇਸ 'ਚ ਰਿਵਾਜ ਏ, ਮੈਂ ਤੇਰੇ ਲਈ ਕੀਮਤੀ ਤਹੁਫ਼ਾ ਲਿਆਇਆਂ।"

ਬਾਦਸ਼ਾਹ ਨੂੰ ਜ਼ਰਨਿਆਰ ਨੂੰ ਮਰਦ ਸਮਝਦਿਆਂ, ਉਹਦਾ ਬਹੁਤ ਹੀ ਆਦਰ-ਮਾਣ ਨਾਲ ਸੁਆਗਤ ਕੀਤਾ, ਉਹਦੇ ਅਗੇ ਵਧੀਆ ਤੋਂ ਵਧੀਆ ਪਕਵਾਣ ਰਖੇ ਤੇ ਉਹਨੂੰ ਆਪਣੇ ਨਾਲ 'ਨਰਦੀ' ਦੀ ਇਕ ਬਾਜ਼ੀ ਲਾਣ ਦਾ ਸੱਦਾ ਦਿਤਾ।

"ਉਹ ਹਾਕਮਾਂ ਦੇ ਹਾਕਮਾਂ, ਤੇਰੀਆਂ ਸ਼ਰਤਾਂ ਕੀ ਹੋਣਗੀਆਂ?" ਜ਼ਰਨਿਆਰ ਨੇ ਪੁਛਿਆ।

ਬਾਦਸ਼ਾਹ ਨੇ ਆਖਿਆ:

"ਅਸੀਂ ਓਦੋਂ ਤਕ ਖੇਡਾਂਗੇ, ਜਦੋਂ ਤਕ ਵਿਦਵਾਨ ਬਿੱਲੀ ਆਪਣੀ ਜਗ੍ਹਾ ਤੋਂ ਨਹੀਂ ਹਿਲਦੀ।"

"ਤੇ ਜੇ ਤੇਰੀ ਵਿਦਵਾਨ ਬਿੱਲੀ ਆਪਣੀ ਥਾਂ ਤੋਂ ਹਿਲ ਪਈ ਤਾਂ?" ਜ਼ਰਨਿਆਰ ਨੇ ਪੁਛਿਆ।

"ਫੇਰ ਮੈਂ ਮੰਨ ਲਵਾਂਗਾ ਕਿ ਮੈਂ ਬਾਜ਼ੀ ਹਾਰ ਗਿਆਂ, ਤੇ ਤੂੰ ਮੇਰਾ ਜੁ ਵੀ ਹਾਲ ਕਰਨਾ ਚਾਹੇਂ, ਕਰੀਂ।"

"ਠੀਕ ਏ," ਜ਼ਰਨਿਆਰ ਨੇ ਆਖਿਆ। "ਜਿਵੇਂ ਤੂੰ ਕਿਹੈ, ਉਵੇਂ ਈ ਸਹੀ।"

ਬਾਦਸ਼ਾਹ ਨੇ ਆਪਣੀ ਵਿਦਵਾਨ ਬਿੱਲੀ ਨੂੰ ਸਦਿਆ, ਤੇ ਬਿੱਲੀ ਹੌਲੀ-ਹੌਲੀ ਪੈਰ ਧਰਦੀ ਅੰਦਰ ਆ ਗਈ, ਤੇ ਡਾਢੀ ਗੰਭੀਰਤਾ ਨਾਲ ਉਹਦੇ ਸਾਹਮਣੇ ਗ਼ਲੀਚੇ ਉਤੇ ਬਹਿ ਗਈ। ਫੇਰ ਬਾਦਸ਼ਾਹ ਦੇ ਨੌਕਰ ਆਏ। ਉਹਨਾਂ ਹਥ ਸਤ ਦੀਵੇ ਸਨ ਤੇ ਉਹ ਉਹਨਾਂ ਬਿੱਲੀ ਦੀ ਪੂਛਲ ਉਤੇ ਰਖ ਦਿਤੇ।

ਬਾਦਸ਼ਾਹ ਜ਼ਰਨਿਆਰ ਨਾਲ 'ਨਰਦੀ' ਖੇਡਣ ਲਗ ਪਿਆ। ਖੇਡਦਾ-ਖੇਡਦਾ ਉਹ ਮੁਸਕਰਾਂਦਾ ਰਿਹਾ। ਉਹ ਉਡੀਕ ਰਿਹਾ ਸੀ ਕਿ ਨੌਜਵਾਨ ਸੁਦਾਗਰ ਮੰਨ ਲਵੇ ਕਿ ਉਹ ਹਾਰ ਗਿਆ ਸੀ।

ਹੁਣ ਜ਼ਰਨਿਆਰ ਦੇ ਨੌਕਰਾਂ ਨੇ ਪੇਟੀ ਖੋਲ੍ਹ ਲਈ ਤੇ ਬਾਦਸ਼ਾਹ ਦੇ ਕਮਰੇ ਵਿਚ ਇਕ ਚੂਹਾ ਛਡ ਦਿਤਾ।

ਜਦੋਂ ਬਿੱਲੀ ਨੇ ਚੂਹਾ ਵੇਖਿਆ, ਤਾਂ ਉਹਦੀਆਂ ਅੱਖਾਂ ਚਮਕਣ ਲਗ ਪਈਆਂ ਤੇ ਇੰਜ ਲਗਾ, ਜਿਵੇਂ ਉਹ ਆਪਣੀ ਥਾਂ ਤੋਂ ਹਿੱਲਣ ਲਗੀ ਹੋਵੇ। ਪਰ ਬਾਦਸ਼ਾਹ ਨੇ ਉਹਦੇ ਵਲ ਏਡੀ ਸਖ਼ਤੀ ਦੀ ਨਜ਼ਰ ਨਾਲ ਵੇਖਿਆ ਕਿ ਉਹ ਇਕਦਮ ਅਡੋਲ ਹੋ ਕੇ ਬਹਿ ਗਈ ਤੇ ਇੰਜ ਜਾਪਣ ਲਗਾ, ਜਿਵੇਂ ਥਾਂ ਉਤੇ ਹੀ ਸੁੰਨ ਹੋ ਗਈ ਹੋਵੇ।

ਕੁਝ ਚਿਰ ਵਿਚ ਜ਼ਰਨਿਆਰ ਦੇ ਨੌਕਰਾਂ ਨੇ ਕਮਰੇ ਵਿਚ ਕਿੰਨੇ ਹੀ ਹੋਰ ਚੂਹੇ ਛਡ ਦਿਤੇ। ਚੂਹੇ ਫ਼ਰਸ਼ ਉਤੇ ਏਧਰ-ਓਧਰ ਨੱਸਣ ਲਗ ਪਏ ਤੇ ਕੰਧਾਂ ਦੇ ਨਾਲ-ਨਾਲ ਧਾਓ-ਧਾਈ ਕਰਨ ਲਗੇ। ਵਿਦਵਾਨ ਬਿੱਲੀ ਲਈ ਇਹ ਕੁਝ ਬਹੁਤ ਹੀ ਜ਼ਿਆਦਾ ਸੀ। ਉਹਨੇ ਇਕ ਵਾਰੀ ਮਿਆਉਂ ਕੀਤਾ ਤੇ ਇਕਦਮ ਕੁਦ (ਜਿਸ ਨਾਲ ਸੱਤੇ ਦੇ ਸੱਤੇ ਦੀਵੇ ਫ਼ਰਸ਼ ਉਤੇ ਜਾ ਪਏ) ਸਾਰੇ ਕਮਰੇ ਵਿਚ ਚੂਹਿਆਂ ਦੇ ਪਿਛੇ ਨੱਠਣ ਲਗ ਪਈ।

ਪਰੋਸੇ ਤੇ ਮਹਿਲ ਵਲ ਨੂੰ ਚਲ ਪਈ। ਉਹਦੇ ਪਿਛੇ-ਪਿਛੇ ਉਹਦੇ ਨੌਕਰ ਚੂਹਿਆਂ ਨਾਲ ਭਰੀ ਪੇਟੀ ਚੁਕੀ ਲਿਆ ਰਹੇ ਸਨ।

ਜਦੋਂ ਉਹ ਮਹਿਲ ਕੋਲ ਪਹੁੰਚੇ, ਜ਼ਰਨਿਆਰ ਨੇ ਆਪਣੇ ਨੌਕਰਾਂ ਨੂੰ ਆਖਿਆ:

"ਜਦੋਂ ਮੈਂ ਬਾਦਸ਼ਾਹ ਨਾਲ 'ਨਰਦੀ' ਖੇਡ ਰਹੀ ਹੋਵਾਂ, ਤੁਸੀਂ ਚੂਹਿਆਂ ਨੂੰ ਇਕ-ਇਕ ਕਰ ਕਮਰੇ 'ਚ ਛਡ ਦੇਣਾ।"

ਨੌਕਰ ਪੇਟੀ ਲੈ ਬੂਹੇ ਕੋਲ ਰਹਿ ਗਏ ਤੇ ਜ਼ਰਨਿਆਰ ਨੇ ਬਾਦਸ਼ਾਹ ਵਾਲੇ ਕਮਰੇ ਵਿਚ ਪੈਰ ਰਖਿਆ।

ਉਹ ਬਾਦਸ਼ਾਹ ਨੂੰ ਕਹਿਣ ਲਗੀ:

"ਉਹ ਬਾਦਸ਼ਾਹਾਂ ਦੇ ਬਾਦਸ਼ਾਹ, ਜੁਗ ਜੁਗ ਜੀਵੇਂ! ਜਿਵੇਂ ਤੇਰੇ ਦੇਸ 'ਚ ਰਿਵਾਜ ਏ, ਮੈਂ ਤੇਰੇ ਲਈ ਕੀਮਤੀ ਤਹੁਫ਼ਾ ਲਿਆਇਆਂ।"

ਬਾਦਸ਼ਾਹ ਨੂੰ ਜ਼ਰਨਿਆਰ ਨੂੰ ਮਰਦ ਸਮਝਦਿਆਂ, ਉਹਦਾ ਬਹੁਤ ਹੀ ਆਦਰ-ਮਾਣ ਨਾਲ ਸੁਆਗਤ ਕੀਤਾ, ਉਹਦੇ ਅਗੇ ਵਧੀਆ ਤੋਂ ਵਧੀਆ ਪਕਵਾਣ ਰਖੇ ਤੇ ਉਹਨੂੰ ਆਪਣੇ ਨਾਲ 'ਨਰਦੀ' ਦੀ ਇਕ ਬਾਜ਼ੀ ਲਾਣ ਦਾ ਸੱਦਾ ਦਿਤਾ।

"ਉਹ ਹਾਕਮਾਂ ਦੇ ਹਾਕਮਾਂ, ਤੇਰੀਆਂ ਸ਼ਰਤਾਂ ਕੀ ਹੋਣਗੀਆਂ?" ਜ਼ਰਨਿਆਰ ਨੇ ਪੁਛਿਆ।

ਬਾਦਸ਼ਾਹ ਨੇ ਆਖਿਆ:

"ਅਸੀਂ ਓਦੋਂ ਤਕ ਖੇਡਾਂਗੇ, ਜਦੋਂ ਤਕ ਵਿਦਵਾਨ ਬਿੱਲੀ ਆਪਣੀ ਜਗ੍ਹਾ ਤੋਂ ਨਹੀਂ ਹਿਲਦੀ।"

"ਤੇ ਜੇ ਤੇਰੀ ਵਿਦਵਾਨ ਬਿੱਲੀ ਆਪਣੀ ਥਾਂ ਤੋਂ ਹਿਲ ਪਈ ਤਾਂ?" ਜ਼ਰਨਿਆਰ ਨੇ ਪੁਛਿਆ।

"ਫੇਰ ਮੈਂ ਮੰਨ ਲਵਾਂਗਾ ਕਿ ਮੈਂ ਬਾਜ਼ੀ ਹਾਰ ਗਿਆਂ, ਤੇ ਤੂੰ ਮੇਰਾ ਜੁ ਵੀ ਹਾਲ ਕਰਨਾ ਚਾਹੇਂ, ਕਰੀਂ।"

"ਠੀਕ ਏ," ਜ਼ਰਨਿਆਰ ਨੇ ਆਖਿਆ। "ਜਿਵੇਂ ਤੂੰ ਕਿਹੈ, ਉਵੇਂ ਈ ਸਹੀ।"

ਬਾਦਸ਼ਾਹ ਨੇ ਆਪਣੀ ਵਿਦਵਾਨ ਬਿੱਲੀ ਨੂੰ ਸਦਿਆ, ਤੇ ਬਿੱਲੀ ਹੌਲੀ-ਹੌਲੀ ਪੈਰ ਧਰਦੀ ਅੰਦਰ ਆ ਗਈ, ਤੇ ਡਾਢੀ ਗੰਭੀਰਤਾ ਨਾਲ ਉਹਦੇ ਸਾਹਮਣੇ ਗ਼ਲੀਚੇ ਉਤੇ ਬਹਿ ਗਈ। ਫੇਰ ਬਾਦਸ਼ਾਹ ਦੇ ਨੌਕਰ ਆਏ। ਉਹਨਾਂ ਹਥ ਸਤ ਦੀਵੇ ਸਨ ਤੇ ਉਹ ਉਹਨਾਂ ਬਿੱਲੀ ਦੀ ਪੂਛਲ ਉਤੇ ਰਖ ਦਿਤੇ।

ਬਾਦਸ਼ਾਹ ਜ਼ਰਨਿਆਰ ਨਾਲ 'ਨਰਦੀ' ਖੇਡਣ ਲਗ ਪਿਆ। ਖੇਡਦਾ-ਖੇਡਦਾ ਉਹ ਮੁਸਕਰਾਂਦਾ ਰਿਹਾ। ਉਹ ਉਡੀਕ ਰਿਹਾ ਸੀ ਕਿ ਨੌਜਵਾਨ ਸੁਦਾਗਰ ਮੰਨ ਲਵੇ ਕਿ ਉਹ ਹਾਰ ਗਿਆ ਸੀ।

ਹੁਣ ਜ਼ਰਨਿਆਰ ਦੇ ਨੌਕਰਾਂ ਨੇ ਪੇਟੀ ਖੋਲ੍ਹ ਲਈ ਤੇ ਬਾਦਸ਼ਾਹ ਦੇ ਕਮਰੇ ਵਿਚ ਇਕ ਚੂਹਾ ਛਡ ਦਿਤਾ।

ਜਦੋਂ ਬਿੱਲੀ ਨੇ ਚੂਹਾ ਵੇਖਿਆ, ਤਾਂ ਉਹਦੀਆਂ ਅੱਖਾਂ ਚਮਕਣ ਲਗ ਪਈਆਂ ਤੇ ਇੰਜ ਲਗਾ, ਜਿਵੇਂ ਉਹ ਆਪਣੀ ਥਾਂ ਤੋਂ ਹਿੱਲਣ ਲਗੀ ਹੋਵੇ। ਪਰ ਬਾਦਸ਼ਾਹ ਨੇ ਉਹਦੇ ਵਲ ਏਡੀ ਸਖ਼ਤੀ ਦੀ ਨਜ਼ਰ ਨਾਲ ਵੇਖਿਆ ਕਿ ਉਹ ਇਕਦਮ ਅਡੋਲ ਹੋ ਕੇ ਬਹਿ ਗਈ ਤੇ ਇੰਜ ਜਾਪਣ ਲਗਾ, ਜਿਵੇਂ ਥਾਂ ਉਤੇ ਹੀ ਸੁੰਨ ਹੋ ਗਈ ਹੋਵੇ।

ਕੁਝ ਚਿਰ ਵਿਚ ਜ਼ਰਨਿਆਰ ਦੇ ਨੌਕਰਾਂ ਨੇ ਕਮਰੇ ਵਿਚ ਕਿੰਨੇ ਹੀ ਹੋਰ ਚੂਹੇ ਛਡ ਦਿਤੇ। ਚੂਹੇ ਫ਼ਰਸ਼ ਉਤੇ ਏਧਰ-ਓਧਰ ਨੱਸਣ ਲਗ ਪਏ ਤੇ ਕੰਧਾਂ ਦੇ ਨਾਲ-ਨਾਲ ਧਾਓ-ਧਾਈ ਕਰਨ ਲਗੇ। ਵਿਦਵਾਨ ਬਿੱਲੀ ਲਈ ਇਹ ਕੁਝ ਬਹੁਤ ਹੀ ਜ਼ਿਆਦਾ ਸੀ। ਉਹਨੇ ਇਕ ਵਾਰੀ ਮਿਆਉਂ ਕੀਤਾ ਤੇ ਇਕਦਮ ਕੁਦ (ਜਿਸ ਨਾਲ ਸੱਤੇ ਦੇ ਸੱਤੇ ਦੀਵੇ ਫ਼ਰਸ਼ ਉਤੇ ਜਾ ਪਏ) ਸਾਰੇ ਕਮਰੇ ਵਿਚ ਚੂਹਿਆਂ ਦੇ ਪਿਛੇ ਨੱਠਣ ਲਗ ਪਈ।

ਬਾਦਸ਼ਾਹ ਨੇ ਭਾਵੇਂ ਕਿੰਨੇ ਹੀ ਕੜਕੇ ਮਾਰੇ, ਉਹਦੀ ਵਿਦਵਾਨ ਬਿੱਲੀ ਨੇ ਉਹਦੀ ਇਕ ਨਾ ਸੁਣੀ।

ਤਾਂ ਹੀ ਫੇਰ ਜ਼ਰਨਿਆਰ ਨੇ ਆਪਣੇ ਨੌਕਰਾਂ ਨੂੰ ਬੁਲਾਇਆ, ਤੇ ਉਹ ਕਮਰੇ ਵਿਚ ਭੱਜੇ ਆਏ, ਉਹਨਾਂ ਬਾਦਸ਼ਾਹ ਦੀਆਂ ਘੁਟ ਕੇ ਮੁਸ਼ਕਾਂ ਬੰਨ੍ਹ ਦਿਤੀਆਂ ਤੇ ਉਹਨੂੰ ਦੁੱਰੇ ਮਾਰਨ ਲਗ ਪਏ, ਮਾਰਦੇ ਗਏ, ਜਦੋਂ ਤਕ ਬਾਦਸ਼ਾਹ ਰਹਿਮ-ਰਹਿਮ ਨਾ ਪੁਕਾਰ ਉਠਿਆ।

"ਮੈਂ ਆਪਣੇ ਸਾਰੇ ਕੈਦੀ ਛਡ ਦਿਆਂਗਾ," ਉਹ ਕੁਰਲਾਇਆ, "ਤੇ ਉਹਨਾਂ ਤੋਂ ਜੁ ਕੁਝ ਵੀ ਮੈਂ ਲਿਆ ਸੀ, ਮੋੜ ਦਿਆਂਗਾ, ਸਿਰਫ਼ ਮੇਰੀ ਜਾਨ ਬਖ਼ਸ਼ ਦੇ!"

ਜ਼ਰਨਿਆਰ ਦੇ ਨੌਕਰ ਬਾਦਸ਼ਾਹ ਨੂੰ ਦੁੱਰੇ ਮਾਰਦੇ ਗਏ, ਤੇ ਬਾਦਸ਼ਾਹ ਉਚੀ-ਉਚੀ ਚੀਕਾਂ ਮਾਰਨ ਲਗ ਪਿਆ; ਪਰ ਭਾਵੇਂ ਉਹਦੀ ਆਵਾਜ਼ ਉਹਦੇ ਬੰਦਿਆਂ ਤਕ ਪਹੁੰਚ ਰਹੀ ਸੀ, ਉਹ ਉਹਦੀ ਮਦਦ ਲਈ ਨਾ ਆਏ, ਕਿਉਂ ਜੁ ਉਹ ਸਾਰੇ ਦੇ ਸਾਰੇ ਕਿੰਨੇ ਹੀ ਚਿਰ ਤੋਂ ਉਹਦੇ ਜ਼ੁਲਮ ਤੇ ਲਾਲਚ ਤੋਂ ਅੱਕੇ ਪਏ ਹੋਏ ਸਨ।

ਜ਼ਰਨਿਆਰ ਨੇ ਫੇਰ ਆਪਣੇ ਖਾਵੰਦ ਤੇ ਉਹਨਾਂ ਸਭਨਾਂ ਦੀ, ਜੁ ਉਹਦੇ ਨਾਲ ਸਨ, ਰਿਹਾਈ ਦਾ ਹੁਕਮ ਦਿਤਾ, ਤੇ ਬਾਦਸ਼ਾਹ ਨੂੰ ਭੋਰ੍ਹੇ ਵਿਚ ਸੁਟਵਾ ਦਿਤਾ।

ਇਸ ਪਿਛੋਂ ਜ਼ਰਨਿਆਰ ਤੇ ਮਾਮੇਦ ਆਪਣੇ ਸ਼ਹਿਰ ਮਿਸਾਰ ਵਾਪਸ ਆ ਗਏ, ਤੇ ਓਥੇ ਉਹ ਅਮਨ-ਚੈਣ ਤੇ ਖੁਸ਼ੀ ਨਾਲ, ਦੇਸ ਦਾ ਸਭ ਤੋਂ ਵਧੀਆ ਕੁਝ ਖਾਂਦੇ-ਹੰਢਾਂਦੇ, ਰਹਿੰਦੇ ਰਹੇ। ਤੇ ਤੁਸੀਂ ਵੀ ਖਾਓ ਪੀਓ ਤੇ ਖੁਸ਼ ਰਹੋ।

ਅਸਮਾਨ ਤੋਂ ਤਿੰਨ ਸੇਅ ਡਿੱਗੇ ਨੇ। ਇਕ ਮੇਰਾ ਏ, ਦੂਜਾ ਇਹ ਕਹਾਣੀ ਸੁਣਾਣ ਵਾਲੇ ਦਾ ਤੇ ਤੀਜਾ ਉਹਦਾ, ਜਿਨ੍ਹੇ ਇਹ ਸੁਣੀ।

# ਭੌਂਦੂ ਸ਼ੈਦੁੱਲਾ

### ਆਜ਼ਰਬਾਈਜਾਨੀ ਪਰੀ-ਕਹਾਣੀ



ਸਾਡੇ ਵੇਲਿਆਂ ਤੋਂ ਬਹੁਤ ਪਹਿਲੋਂ, ਪੁਰਾਣੇ ਜ਼ਮਾਨੇ ਵਿਚ, ਸ਼ੈਦੁੱਲਾ ਨਾਂ ਦਾ ਇਕ ਆਦਮੀ ਹੁੰਦਾ ਸੀ, ਜਿਹੜਾ ਭੌਂਦੂ ਤੇ ਨਿਕੰਮਾ ਸੀ।

ਉਹਦੀ ਘਰ ਵਾਲੀ ਤੇ ਬੱਚੇ ਬਹੁਤਾ ਵਕਤ ਭੁੱਖੇ ਹੀ ਰਹਿੰਦੇ ਸਨ। ਨਵੇਂ ਕਪੜੇ ਖਰੀਦਣ ਦਾ ਤਾਂ ਉਹ ਸੁਫ਼ਨਾ ਤਕ ਵੀ ਨਹੀਂ ਸਨ ਲੈ ਸਕਦੇ।

ਸ਼ੈਦੁੱਲੇ ਦੀ ਘਰ ਵਾਲੀ ਉਹਨੂੰ ਝਿੜਕਣ ਲਗ ਪੈਂਦੀ, ਕਹਿੰਦੀ, ਉਹਦਾ ਕੰਮ ਨੂੰ ਜੀ ਨਹੀਂ ਸੀ ਕਰਦਾ। ਤਾਂ ਸ਼ੈਦੁੱਲਾ ਆਖਦਾ:

"ਪਰਵਾਹ ਨਾ ਕਰ, ਗ਼ਮ ਨਾ ਖਾ! ਅਜ ਅਸੀਂ ਗ਼ਰੀਬ ਸਹੀ, ਪਰ ਛੇਤੀ ਈ ਅਸੀਂ ਦੌਲਤਮੰਦ ਹੋਵਾਂਗੇ।"

"ਕੀ ਬੋਲੀ ਜਾ ਰਿਹੈਂ!" ਉਹਦੀ ਘਰ ਵਾਲੀ ਕੂਕ ਉਠਦੀ। "ਏਸ ਤਰ੍ਹਾਂ ਕਿਵੇਂ ਹੋ ਸਕਦੈ, ਜਦੋਂ ਤੂੰ ਦਿਨੇ ਰਾਤੀਂ ਪਿਆ ਰਹਿਣੈਂ ਤੇ ਉਂਗਲ ਤਕ ਵੀ ਨਹੀਂ ਹਿਲਾਂਦਾ!"

ਪਰ ਸ਼ੈਦੁੱਲਾ ਇਕ ਵਾਰੀ ਫੇਰ ਕਹਿੰਦਾ:

"ਰਤਾ ਦੰਮ ਲੈ! ਵਕਤ ਆਏਗਾ, ਜਦੋਂ ਅਸੀਂ ਦੌਲਤਮੰਦ ਹੋਵਾਂਗੇ।"

ਘਰ ਵਾਲੀ ਉਡੀਕਦੀ ਰਹੀ ਤੇ ਬੱਚੇ ਉਡੀਕਦੇ ਰਹੇ, ਪਰ ਹੋਇਆ ਕੁਝ ਵੀ ਨਾ, ਤੇ ਉਹ ਹਮੇਸ਼ਾ ਵਾਂਗ ਹੀ ਗ਼ਰੀਬ ਦੇ ਗ਼ਰੀਬ ਰਹੇ।

"ਉਡੀਕਣ ਦਾ ਕੋਈ ਫ਼ਾਇਦਾ ਨਹੀਂ," ਘਰ ਵਾਲੀ ਨੇ ਆਖਿਆ। "ਜੇ ਇੰਜ ਈ ਚਲਦਾ ਰਿਹਾ, ਤਾਂ ਅਸੀਂ ਭੁੱਖੇ ਮਰ ਜਾਂਗੇ।"

ਇਸ ਲਈ ਸ਼ੈਦੁੱਲੇ ਨੇ ਇਕ ਸਿਆਣੇ ਕੋਲ ਜਾਣ ਤੇ ਉਹਦੇ ਤੋਂ ਇਹ ਸਲਾਹ ਲੈਣ ਦਾ ਮਤਾ ਪਕਾਇਆ ਕਿ ਗਰੀਬ ਹੋਣੋਂ ਕਿਵੇਂ ਰਿਹਾ ਜਾ ਸਕਦਾ ਸੀ। ਉਹਨੇ ਸਫ਼ਰ ਦੀ ਤਿਆਰੀ ਕੀਤੀ ਤੇ ਫੇਰ ਚਲ ਪਿਆ।

ਸ਼ੈਦੁੱਲਾ ਤਿੰਨ ਦਿਨ ਤੇ ਤਿੰਨ ਰਾਤਾਂ ਟੁਰਦਾ ਰਿਹਾ, ਤੇ ਉਹਨੂੰ ਰਾਹ ਵਿਚ ਇਕ ਛਿਡਰੈਲ, ਮਾੜਚੂ ਜਿਹਾ ਬਘਿਆੜ ਮਿਲ ਪਿਆ।

"ਭਲਿਆ ਲੋਕਾ, ਕਿੱਧਰ ਜਾ ਰਿਹੈਂ ?" ਬਘਿਆੜ ਨੇ ਉਹਦੇ ਕੋਲੋਂ ਪੁਛਿਆ।

"ਇਕ ਸਿਆਣੇ ਕੋਲ ਜਾ ਰਿਹਾਂ, ਸਲਾਹ ਲੈਣ ਲਈ, ਦੌਲਤਮੰਦ ਕਿਵੇਂ ਬਣੀਦੈ," ਸ਼ੈਦੁੱਲੇ ਨੇ ਜਵਾਬ ਦਿਤਾ।

ਬਘਿਆੜ ਨੇ ਉਹਦੀ ਗਲ ਸੁਣੀ ਤੇ ਉਹਨੇ ਸ਼ੈਦੁੱਲੇ ਨੂੰ ਆਖਿਆ:

"ਜਦੋਂ ਤੂੰ ਜਾ ਈ ਰਿਹੈਂ, ਮਿਹਰਬਾਨੀ ਕਰ ਕੇ ਉਹਦੇ ਤੋਂ ਇਹ ਵੀ ਪੁੱਛੀਂ, ਮੈਂ ਕੀ ਕਰਾਂ। ਹੁਣ ਤਿੰਨ ਵਰ੍ਹਿਆਂ ਤੋਂ ਮੇਰੇ ਮੇਅਦੇ 'ਚ ਬੜੀ ਸਖ਼ਤ ਪੀੜ ਹੁੰਦੀ ਆ ਰਹੀ ਏ। ਦਿਨੇ ਰਾਤੀਂ ਇਹ ਮੈਨੂੰ ਚੈਨ ਨਹੀਂ ਲੈਣ ਦੇਂਦੀ। ਸ਼ਾਇਦ ਸਿਆਣਾ ਤੈਨੂੰ ਦਸ ਸਕੇ, ਮੈਨੂੰ ਆਰਾਮ ਕਿਵੇਂ ਆ ਸਕਦੈ।"

"ਬਹੁਤ ਹੱਛਾ," ਸ਼ੈਦੁੱਲੇ ਨੇ ਜਵਾਬ ਦਿਤਾ, "ਮੈਂ ਪੱਛਾਂਗਾ ਸੂ।"

ਤੇ ਉਹ ਆਪਣੇ ਰਾਹੇ ਪੈ ਗਿਆ।

ਉਹ ਤਿੰਨ ਦਿਨ ਹੋਰ ਤੇ ਤਿੰਨ ਰਾਤਾਂ ਹੋਰ ਟੁਰਦਾ ਰਿਹਾ, ਤੇ ਅਖ਼ੀਰ ਉਹਨੂੰ ਸੜਕ ਦੇ ਪਾਸੇ ਉਗਿਆ ਹੋਇਆ ਸੇਆਂ ਦਾ ਇਕ ਦਰਖ਼ਤ ਦਿਸਿਆ।

"ਭਲਿਆ ਲੋਕਾ, ਕਿੱਧਰ ਜਾ ਰਿਹੈਂ ?" ਸੇਆਂ ਦੇ ਦਰਖ਼ਤ ਨੇ ਉਹਦੇ ਕੋਲੋਂ ਪੁਛਿਆ।

"ਇਕ ਸਿਆਣੇ ਕੋਲ, ਸਲਾਹ ਲੈਣ ਲਈ, ਬਿਨਾਂ ਕੁਝ ਕੀਤਿਆਂ, ਚੰਗੀ ਤਰ੍ਹਾਂ ਕਿਵੇਂ ਰਿਹਾ-ਸਿਹਾ ਜਾ ਸਕਦੈ।"

"ਮਿਹਰਬਾਨੀ ਕਰਕੇ ਸਿਆਣੇ ਨੂੰ ਕਹੀਂ ਮੈਨੂੰ ਦੱਸੇ, ਮੈਂ ਕੀ ਕਰਾਂ," ਸੇਆਂ ਦੇ ਦਰਖ਼ਤ ਨੇ ਕਿਹਾ। "ਹਰ ਬਹਾਰੇ ਮੈਨੂੰ ਫੁਲ ਪੈਂਦੇ ਨੇ ਪਰ ਜਿਵੇਂ ਹੀ ਫੁਲ ਖਿੜਦੇ ਨੇ, ਝਉਂ ਜਾਂਦੇ ਨੇ ਤੇ ਝੜ ਜਾਂਦੇ ਨੇ, ਤੇ ਮੈਨੂੰ ਕਦੀ ਕੋਈ ਫਲ ਨਹੀਂ ਲਗਦਾ। ਸਿਆਣੇ ਨੂੰ ਪੁੱਛੀਂ ਇੰਜ ਕਿਉਂ ਹੁੰਦਾ ਏ।"

"ਚੰਗਾ, ਪੁੱਛਾਂਗਾ ਸੂ," ਸ਼ੈਦੁੱਲੇ ਨੇ ਜਵਾਬ ਦਿਤਾ ਤੇ ਫੇਰ ਅਗੇ ਟੁਰ ਪਿਆ।

ਉਹ ਤਿੰਨ ਦਿਨ ਹੋਰ ਤੇ ਤਿੰਨ ਰਾਤਾਂ ਹੋਰ ਆਪਣੇ ਰਾਹੇ ਟੁਰਦਾ ਗਿਆ, ਤੇ ਅਖ਼ੀਰ ਉਹ ਇਕ ਡੂੰਘੀ ਝੀਲ ਕੋਲ ਪਹੁੰਚਿਆ।

ਚਾਣਚਕ ਹੀ ਇਕ ਬਹੁਤ ਵਡੀ ਮੱਛੀ ਨੇ ਘੱੜਪ ਕਰਕੇ ਸਿਰ ਪਾਣੀ ਵਿਚੋਂ ਬਾਹਰ ਕਢਿਆ।

"ਭਲਿਆ ਲੋਕਾ, ਕਿੱਧਰ ਜਾ ਰਿਹੈਂ ?" ਮੱਛੀ ਨੇ ਪੁਛਿਆ।

"ਇਕ ਸਿਆਣੇ ਕੋਲ, ਸਲਾਹ ਲੈਣ ਤੇ ਮਦਦ ਮੰਗਣ ਲਈ।"

"ਮਿਹਰਬਾਨੀ ਕਰ ਕੇ ਉਹਦੇ ਕੋਲੋਂ ਕੁਝ ਮੇਰੇ ਵਲੋਂ ਵੀ ਪੁਛ ਲਿਆਈਂ। ਸਤਵਾਂ ਵਰ੍ਹਾ ਹੋ ਗਿਐ, ਮੈਨੂੰ ਸੰਘ 'ਚ ਡਾਢੀ ਸਖ਼ਤ ਪੀੜ ਹੁੰਦੀ ਆ ਰਹੀ ਏ। ਸਿਆਣੇ ਨੂੰ ਕਹੀਂ, ਦੱਸੇ, ਮੈਨੂੰ ਆਰਾਮ ਕਿਵੇਂ ਆ ਸਕਦੈ।"

"ਬਹੁਤ ਹੱਛਾ, ਪੁੱਛਾਂਗਾ ਸੂ," ਸ਼ੈਦੁੱਲੇ ਨੇ ਆਖਿਆ ਤੇ ਫੇਰ ਅਗੇ ਟੁਰ ਪਿਆ।

ਉਹ ਤਿੰਨ ਦਿਨ ਤੇ ਤਿੰਨ ਰਾਤਾਂ ਟੁਰਦਾ ਰਿਹਾ, ਤੇ ਅਖ਼ੀਰ ਉਹ ਗੁਲਾਬ ਦੀਆਂ ਝਾੜੀਆਂ ਦੇ ਇਕ ਝੁੰਡ ਕੋਲ ਪਹੁੰਚਿਆ। ਉਹਨੇ ਨਜ਼ਰ ਮਾਰੀ, ਤੇ ਉਹਨੂੰ ਦਿਸਿਆ, ਇਕ ਝਾੜੀ ਹੇਠ, ਲੰਮੀ ਸਾਰੀ ਚਿੱਟੀ ਦਾੜ੍ਹੀ ਵਾਲਾ ਇਕ ਬੁੱਢਾ ਬੈਠਾ ਸੀ।

ਸ਼ੈਦੁੱਲੇ ਨੂੰ ਵੇਖ ਬੁੱਢਾ ਬੋਲਿਆ:

"ਕਿ ਚਾਹੀਦਾ ਈ, ਸ਼ੈਦੁੱਲਿਆ ?"

ਸ਼ੈਦੁੱਲਾ ਹੈਰਾਨ ਰਹਿ ਗਿਆ।

"ਮੇਰੇ ਨਾਂ ਦਾ ਕਿਵੇਂ ਪਤਾ ਲਗਾ ਈ," ਉਹਨੇ ਪੁਛਿਆ। "ਪਰ ਸ਼ਾਇਦ ਤੂੰ ਈਂ ਉਹ ਸਿਆਣਾ ਏਂ, ਜਿਹਨੂੰ ਮੈਂ ਮਿਲਣ ਆਇਆਂ।"

"ਆਹਖੋ, ਮੈਂ ਈ ਆਂ," ਬੁਢੇ ਨੇ ਜਵਾਬ ਦਿਤਾ। "ਛੇਤੀ ਨਾਲ ਦਸ, ਮੇਰੇ ਤੋਂ ਕੀ ਚਾਹੀਦੈ ਤੈਨੂੰ?"

ਸ਼ੇਦੱਲੇ ਨੇ ਉਹਨੂੰ ਦਸਿਆ, ਉਹ ਕਿਉਂ ਆਇਆ ਸੀ ਤੇ ਉਹਨੂੰ ਕੀ ਚਾਹੀਦਾ ਸੀ।

"ਮੇਰੇ ਕੋਲੋਂ ਹੋਰ ਕੁਝ ਨਹੀਂਉਂ ਪੁਛਣਾ," ਸਿਆਣੇ ਨੇ ਆਖਿਆ।

"ਪੁਛਣਾ ਏਂ," ਸ਼ੇਦੁੱਲੇ ਨੇ ਜਵਾਬ ਦਿਤਾ ਤੇ ਬੁੱਢੇ ਨੂੰ ਦਸਿਆ, ਜੁ ਕੁਝ ਬਘਿਆੜ, ਸੇਆਂ ਦੇ ਦਰਖ਼ਤ ਤੇ ਮਛੀ ਨੇ ਉਹਦੇ ਤੋਂ ਪੁਛਿਆ ਸੀ।

ਸਿਆਣਾ ਬੋਲਿਆ:

"ਮੱਛੀ ਦੇ ਸੰਘ 'ਚ ਇਕ ਬਹੁਤ ਵਡਾ ਮੋਤੀ ਫਸਿਆ ਹੋਇਐ। ਜਿਵੇਂ ਈ ਉਹ ਮੋਤੀ ਕਢ ਲਿਆ ਜਾਂਦੈ, ਮੱਛੀ ਵੱਲ ਹੋ ਜਾਵੇਗੀ। ਸੇਆਂ ਦੇ ਦਰਖ਼ਤ ਥੱਲੇ ਚਾਂਦੀ ਦਾ ਇਕ ਵਡਾ ਸਾਰਾ ਮਰਤਬਾਨ ਦਬਿਆ ਹੋਇਐ। ਸੇਆਂ ਦੇ ਦਰਖ਼ਤ ਦੇ ਫੁਲ ਝਉਂਣੇ ਬੰਦ ਹੋ ਜਾਣਗੇ ਤੇ ਦਰਖ਼ਤ ਨੂੰ ਫਲ ਲੱਗਣ ਲਗ ਪਏਗਾ, ਜਿਵੇਂ ਈ ਉਹ ਮਰਤਬਾਨ ਕਢ ਲਿਆ ਜਾਂਦੈ। ਤੇ ਬਾਕੀ ਰਿਹਾ ਬਘਿਆੜ, ਜੇ ਉਹ ਪੀੜ ਤੋਂ ਆਰਾਮ ਚਾਹੁੰਦੈ, ਤਾਂ ਉਹਨੂੰ ਚਾਹੀਦੈ ਕਿ ਜਿਹੜਾ ਵੀ ਪਹਿਲਾ ਭੋਂਦੂ ਮਿਲੇ, ਉਹਨੂੰ ਨਿਘਾਰ ਜਾਵੇ।"

"ਤੇ ਮੇਰੀ ਅਰਜ਼ ਦਾ ਕੀ ਬਣਿਐ?"

"ਜੁ ਤੂੰ ਚਾਹੁਣੈ, ਉਹ ਦਿਤਾ ਜਾ ਚੁਕਿਐ। ਚਲਾ ਜਾ!"

ਸ਼ੇਦੁੱਲੇ ਦੀ ਖੁਸ਼ੀ ਦੀ ਕੋਈ ਹਦ ਨਾ ਰਹੀ, ਤੇ ਉਹ ਸਿਆਣੇ ਨੂੰ ਕੋਈ ਹੋਰ ਸਵਾਲ ਪੁੱਛੇ ਬਿਨਾਂ ਘਰ ਵਲ ਨੂੰ ਹੋ ਪਿਆ।

ਉਹ ਟੁਰਦਾ ਗਿਆ, ਟੁਰਦਾ ਗਿਆ ਤੇ ਅਖ਼ੀਰ ਉਸ ਝੀਲ 'ਤੇ ਪਹੁੰਚਿਆ ਜਿਥੇ ਵਡੀ ਸਾਰੀ ਮੱਛੀ ਬੇਸਬਰੀ ਨਾਲ ਉਹਦੀ ਉਡੀਕ ਕਰ ਰਹੀ ਸੀ।

"ਹੱਛਾ, ਤੇ ਸਿਆਣੇ ਨੇ ਮੈਨੂੰ ਕੀ ਆਖਿਐ ਕਰਨ ਨੂੰ?" ਮੱਛੀ ਨੇ ਪੁਛਿਆ।

"ਤੇਰੇ ਸੰਘ 'ਚ ਇਕ ਮੋਤੀ ਫਸਿਆ ਹੋਇਐ। ਜਦੋਂ ਉਹ ਨਿਕਲ ਗਿਆ, ਤੂੰ ਠੀਕ ਹੋ ਜਾਵੇਂਗੀ," ਸ਼ੇਦੁੱਲੇ ਨੇ ਆਖਿਆ, ਤੇ ਅਗੇ ਟੁਰਨ ਲਈ ਮੂੰਹ ਫੇਰਿਆ।

"ਭਲਿਆ ਲੋਕਾ, ਮੇਰੇ 'ਤੇ ਤਰਸ ਖਾ," ਮੱਛੀ ਕੂਕੀ। "ਮੇਰੇ ਸੰਘ 'ਚੋਂ ਮੋਤੀ ਕਢ ਲੈ। ਮੈਨੂੰ ਆਰਾਮ ਆ ਜਾਵੇਗਾ, ਤੇ ਨਾਲੇ ਮੋਤੀ ਤੂੰ ਆਪ ਰਖ ਲਈਂ।"

"ਨਾ, ਨਾ, ਮੈਂ ਕਿਉਂ ਪਿਆ ਸਿਰ ਖਪਾਵਾਂ" ਸ਼ੇਦੁੱਲੇ ਨੇ ਆਖਿਆ। "ਮੈਂ ਤਾਂ ਉਂਗਲ ਨਹੀਂ ਹਿਲਾਣੀ ਤੇ ਦੌਲਤਮੰਦ ਬਣ ਜਾਣੈਂ।"

ਇਹ ਕਹਿ ਉਹ ਆਪਣੇ ਰਾਹੇ ਪੈ ਗਿਆ।

ਉਹ ਸੇਆਂ ਦੇ ਦਰਖ਼ਤ ਕੋਲ ਪਹੁੰਚਿਆ ਤੇ ਉਹਨੂੰ ਵੇਖ ਦਰਖ਼ਤ ਦੀਆਂ ਸਭੇ ਡਾਹਣਾਂ ਫੜਕਣ ਲਗ ਪਈਆਂ, ਸੱਭੇ ਪੱਤੇ ਸਰਸਰਾਣ ਲਗ ਪਏ।

"ਸੁਣਾ," ਸੇਆਂ ਦੇ ਦਰਖ਼ਤ ਨੇ ਪੁਛਿਆ। "ਸਿਆਣੇ ਕੋਲੋਂ ਪਤਾ ਲਗਾ ਈ, ਮੇਰਾ ਬਚਾ ਕਿਵੇਂ ਹੋਵੇਗਾ?"

"ਆਹਖੋ, ਪਤਾ ਲਗੈ," ਸ਼ੇਦੁੱਲੇ ਨੇ ਜਵਾਬ ਦਿਤਾ। "ਤੇਰੀਆਂ ਜੜਾਂ ਥੱਲੇ ਚਾਂਦੀ ਦਾ ਇਕ ਬਹੁਤ ਵਡਾ ਮਰਤਬਾਨ ਦਬਿਆ ਪਿਐ, ਤੇ ਇਹਨੂੰ ਪੁਟ ਕੇ ਕਢਣਾ ਪਏਗਾ। ਫੇਰ ਤੇਰੇ ਫੁਲ ਨਹੀਂ ਝਉਂਣਗੇ ਤੇ ਤੈਨੂੰ ਸੇਅ ਲੱਗਣ ਲਗ ਪੈਣਗੇ।"

ਤੇ ਇਹ ਲਫ਼ਜ਼ ਕਹਿ ਸ਼ੈਦੁੱਲੇ ਨੇ ਟੁਰਨ ਲਈ ਮੂੰਹ ਮੋੜਿਆ।

ਸੇਆਂ ਦੇ ਦਰਖ਼ਤ ਨੇ ਮਿੰਨਤ ਵਾਲੀ ਆਵਾਜ਼ ਵਿਚ ਕਿਹਾ:

"ਸ਼ੈਦੁੱਲਿਆ, ਮਿਹਰਬਾਨੀ ਕਰਕੇ, ਮੇਰੀਆਂ ਜੜ੍ਹਾਂ ਹੇਠੋਂ ਚਾਂਦੀ ਦਾ ਮਰਤਬਾਨ ਪੁਟ ਕਢ। ਇਹ ਤੇਰੀ ਆਪਣੀ ਮਦਦ ਵੀ ਹੋਵੇਗੀ, ਏਸ ਲਈ ਕਿ ਤੈਨੂੰ ਚਾਂਦੀ ਮਿਲ ਜਾਏਗੀ।"

"ਨਹੀਂ, ਨਹੀਂ, ਮੈਂ ਨਹੀਂ ਸਿਰ ਖਪਾਈ ਕਰਨੀ। ਸਿਆਣੇ ਨੇ ਮੈਨੂੰ ਕਿਹਾ ਸੀ, ਮੇਰੇ ਕੋਲ ਸਾਰਾ ਕੁਝ ਉਂਜੇ ਈ ਹੋ ਜਾਣਾ ਏਂ।" ਸ਼ੈਦੁੱਲੇ ਨੇ ਜਵਾਬ ਦਿਤਾ, ਤੇ ਅਗੇ ਟੁਰ ਪਿਆ।

ਉਹ ਟੁਰਦਾ ਗਿਆ, ਟੁਰਦਾ ਗਿਆ, ਤੇ ਅਖ਼ੀਰ ਉਹਨੂੰ ਛਿਛੜੈਲ ਬਘਿਆੜ ਮਿਲ ਪਿਆ। ਉਹ ਸ਼ੈਦੁੱਲੇ ਨੂੰ ਵੇਖ, ਬੇਸਬਰੀ ਨਾਲ ਕੰਬਣ ਲਗ ਪਿਆ।

"ਸੁਣਾ," ਉਹ ਪੁੱਛਣ ਲਗਾ, "ਸਿਆਣੇ ਨੇ ਮੈਨੂੰ ਕੀ ਸਲਾਹ ਦਿਤੀ ਏ? ਮੈਥੋਂ ਉਡੀਕ ਨਾ ਕਰਾ, ਛੇਤੀ ਨਾਲ ਦੱਸਣ ਦੀ ਕਰ!.."

"ਤੈਨੂੰ ਚਾਹੀਦੈ, ਜਿਹੜਾ ਪਹਿਲਾ ਭੌਂਦੂ ਤੈਨੂੰ ਮਿਲਦੈ, ਉਹਨੂੰ ਖਾ ਜਾਏਂ। ਇਹਦੇ ਨਾਲ ਤੈਨੂੰ ਇਕਦਮ ਆਰਾਮ ਆ ਜਾਏਗਾ," ਸ਼ੈਦੁੱਲੇ ਨੇ ਆਖਿਆ।

ਬਘਿਆੜ ਨੇ ਸ਼ੈਦੁੱਲੇ ਦਾ ਸ਼ੁਕਰੀਆ ਅਦਾ ਕੀਤਾ ਤੇ ਉਹਦੇ ਤੋਂ ਪੁੱਛਣ ਲਗ ਪਿਆ, ਉਹਨੇ ਰਾਹ ਵਿਚ ਕੀ-ਕੁਝ ਵੇਖਿਆ ਤੇ ਸੁਣਿਆ ਸੀ। ਸ਼ੈਦੁੱਲੇ ਨੇ ਬਘਿਆੜ ਨੂੰ ਮੱਛੀ ਤੇ ਸੇਆਂ ਦੇ ਦਰਖ਼ਤ ਨਾਲ ਆਪਣੀ ਮੁਲਾਕਾਤ ਦਾ ਹਾਲ ਦਸਿਆ ਤੇ ਉਹ ਵੀ ਕਿ ਉਹਨਾਂ ਉਹਨੂੰ ਕੀ ਆਖਿਆ ਸੀ।

"ਪਰ ਮੈਂ ਉਹਨਾਂ ਨਾਲ ਸਿਰ-ਖਪਾਈ ਨਾ ਕੀਤੀ," ਉਹ ਕਹਿਣ ਲਗਾ, "ਏਸ ਲਈ ਕਿ ਦੌਲਤਮੰਦ ਤਾਂ ਮੈਂ ਹੋ ਈ ਜਾਣਾ ਏਂ।"

ਬਘਿਆੜ ਨੇ ਸੁਣਿਆ ਤੇ ਉਹਦੀ ਖੁਸ਼ੀ ਦੀ ਹਦ ਨਾ ਰਹੀ।

"ਮੈਨੂੰ ਭੌਂਦੂ ਲੱਭਣ ਦੀ ਲੋੜ ਨਹੀਂ," ਉਹਨੇ ਦਿਲ ਵਿਚ ਸੋਚਿਆ, "ਏਸ ਲਈ ਕਿ ਮੇਰੇ ਕੋਲ ਉਹ ਆਪ ਟੁਰ ਪਹੁੰਚਿਐ। ਸ਼ੈਦੁੱਲੇ ਤੋਂ ਮੂਰਖ ਤੇ ਸੁਸਤ ਦੁਨੀਆਂ 'ਚ ਹੋਰ ਕੌਣ ਹੋਣੈਂ।"

ਤੇ ਸ਼ੈਦੁੱਲੇ ਉਤੇ ਝਪਟ ਉਹ ਉਹਨੂੰ ਥਾਏਂ ਹੀ ਸਬੂਤੇ ਦਾ ਸਬੂਤਾ ਨਿਘਾਰ ਗਿਆ।

ਤੇ ਇਸ ਤਰ੍ਹਾਂ ਭੌਂਦੂ ਸ਼ੈਦੁੱਲੇ ਦਾ ਅੰਤ ਹੋ ਗਿਆ।

ਅਸਮਾਨ ਤੋਂ ਤਿੰਨ ਸੇਅ ਡਿੱਗੇ ਨੇ। ਇਕ ਕਹਾਣੀ ਸੁਣਨ ਵਾਲੇ ਦਾ ਏ, ਦੂਜਾ ਕਹਾਣੀ ਸੁਣਾਣ ਵਾਲੇ ਦਾ, ਤੇ ਤੀਜਾ ਬਾਕੀ ਸਭਨਾਂ ਦਾ।

# ਜ਼ਾਰ ਤੇ ਜੁਲਾਹਾ

ਆਰਮੇਨੀ ਪਰੀ-ਕਹਾਣੀ





ਇਕ ਵਾਰੀ ਦੀ ਗਲ ਏ, ਇਕ ਜ਼ਾਰ ਹੁੰਦਾ ਸੀ।

ਇਕ ਦਿਨ ਉਹ ਆਪਣੇ ਤਖ਼ਤ ਉਤੇ ਬੈਠਾ ਹੋਇਆ ਸੀ ਕਿ ਕਿਸੇ ਦੁਰਾਡੇ ਦੇਸੋਂ ਉਹਦੇ ਕੋਲ ਇਕ ਹੋਰ ਜ਼ਾਰ ਦਾ ਏਲਚੀ ਪਹੁੰਚਿਆ। ਏਲਚੀ ਨੇ ਮੂੰਹੋਂ ਕੁਝ ਆਖੇ ਬਿਨਾਂ, ਜ਼ਾਰ ਦੇ ਤਖ਼ਤ ਦੁਆਲੇ ਚਾਕ ਨਾਲ ਇਕ ਗੋਲ ਚੱਕਰ ਵਾਹ ਦਿਤਾ ਤੇ ਚੁਪ-ਚਾਪ ਇਕ ਪਾਸੇ ਹੋ ਖਲੋਤਾ।

ਜ਼ਾਰ ਦੇ ਪਿੜ-ਪੱਲੇ ਕੁਝ ਨਾ ਪਿਆ।

"ਇਹਦਾ ਕੀ ਮਤਲਬ ਹੋਇਆ?" ਉਹਨੇ ਪੁਛਿਆ।

ਪਰ ਏਲਚੀ ਅਸਲੋਂ ਕੁਝ ਨਾ ਬੋਲਿਆ।

ਇਹਦੇ ਨਾਲ ਜ਼ਾਰ ਨੂੰ ਫ਼ਿਕਰ ਲਗ ਗਿਆ। ਉਹਨੇ ਆਪਣੇ ਵਜ਼ੀਰ ਤੇ ਦਰਬਾਰੀ ਸੱਦੇ ਤੇ ਉਹਨਾਂ ਨੂੰ ਹੁਕਮ ਦਿਤਾ, ਉਹ ਸਮਝਾਣ, ਉਹਦੇ ਤਖ਼ਤ ਦੁਆਲੇ ਲੀਕ ਦਾ ਮਤਲਬ ਕੀ ਹੋ ਸਕਦਾ ਸੀ।

ਵਜ਼ੀਰਾਂ ਤੇ ਦਰਬਾਰੀਆਂ ਨੇ ਲੀਕ ਦਾ ਚੰਗੀ ਤਰ੍ਹਾਂ ਮੁਆਇਨਾ ਕੀਤਾ, ਪਰ ਉਹਨਾਂ ਨੂੰ ਕਹਿਣ ਵਾਲੀ ਗਲ ਕੋਈ ਨਾ ਸੁੱਝੀ।

ਜ਼ਾਰ ਨੂੰ ਗੁੱਸਾ ਚੜ੍ਹ ਗਿਆ।

"ਸ਼ਰਮ ਨਾਲ ਡੁਬ ਮਰੋ!" ਉਹ ਕੜਕਿਆ। "ਡੁਬ ਮਰੋ ਸ਼ਰਮ ਨਾਲ! ਮੇਰੇ ਸਾਰੇ ਦੇਸ 'ਚ ਇਕ ਵੀ ਬੰਦਾ ਇਹੋ ਜਿਹਾ ਨਹੀਂ, ਜਿਹੜਾ ਮੇਰੇ ਤਖ਼ਤ ਦੁਆਲੇ ਵਾਹੀ ਲੀਕ ਦਾ ਮਤਲਬ ਬੁਝ ਸਕੇ?"

ਤੇ ਜ਼ਾਰ ਨੇ ਸਖ਼ਤ ਹੁਕਮ ਜਾਰੀ ਕੀਤਾ, ਉਹਦੀ ਜ਼ਾਰਸ਼ਾਹੀ ਦੇ ਸਭੇ ਸਿਆਣੇ ਇਕੱਠੇ ਕੀਤੇ ਜਾਣ ਤੇ ਉਹ ਉਹਨੂੰ ਚਾਕ ਨਾਲ ਵਾਹੀ ਲੀਕ ਦਾ ਮਤਲਬ ਦੱਸਣ। ਹੁਕਮ 'ਚ ਅਗੇ ਕਿਹਾ ਗਿਆ, ਜੇ ਸਿਆਣੇ ਸਮਝਾ ਨਾ ਸਕੇ ਤਾਂ ਉਹਨਾਂ ਦੇ ਸਿਰ ਲਾਹ ਦਿਤੇ ਜਾਣਗੇ।

ਵਜ਼ੀਰ ਸਭਨਾਂ ਸਿਆਣਿਆਂ ਨੂੰ ਲੱਭਣ ਲਈ ਨਿਕਲ ਭੱਜੇ। ਉਹਨਾਂ ਸ਼ਹਿਰ ਤੇ ਸਾਰੇ ਹੀ ਪਿੰਡ ਫੋਲ ਮਾਰੇ, ਉਹਨਾਂ ਹਰ ਬੂਹਾ ਖੜਕਾਇਆ। ਅਖ਼ੀਰ ਉਹ ਇਕ ਛੋਟੇ ਜਿਹੇ ਘਰ ਕੋਲ ਪੁੱਜੇ ਜਿਹਦੇ ਅੰਦਰ ਜਾ ਉਹਨਾਂ ਵੇਖਿਆ ਕਿ ਉਥੇ ਕੋਈ ਨਹੀਂ ਸੀ ਤੇ ਚੁਪ-ਚਾਂ ਛਾਈ ਹੋਈ ਸੀ। ਓਥੇ ਸਿਰਫ਼ ਇਕ ਪੰਘੂੜਾ ਲਗਾ ਹੋਇਆ ਸੀ, ਜਿਹੜਾ ਆਪਣੇ ਆਪ ਝੂਟੀਂਦਾ ਜਾ ਰਿਹਾ ਸੀ।

"ਇਹਦਾ ਕੀ ਮਤਲਬ ਹੋਇਆ?" ਹੈਰਾਨੀ ਨਾਲ ਵਜ਼ੀਰਾਂ ਨੇ ਪੁਛਿਆ। "ਪੰਘੂੜਾ ਕਿਉਂ ਝੂਟੀ ਰਿਹੈ? ਏਥੇ ਹੈ ਤਾਂ ਕੋਈ ਨਹੀਂ।"

ਉਹ ਓਥੇ ਖਲੋਤੇ ਅਸ਼-ਅਸ਼ ਕਰਦੇ ਰਹੇ, ਤੇ ਫੇਰ ਦੂਜੇ ਕਮਰੇ ਵਿਚ ਜਾ ਵੜੇ। ਏਥੇ ਵੀ ਇਕ ਪੰਘੂੜਾ ਸੀ ਤੇ ਉਹ ਵੀ ਝੂਟੀ ਰਿਹਾ ਸੀ, ਭਾਵੇਂ ਉਹਦੇ ਨੇੜੇ-ਤੇੜੇ ਹੈ ਕੋਈ ਨਹੀਂ ਸੀ।

ਵਜ਼ੀਰ ਬਹੁਤ ਹੀ ਹੈਰਾਨ ਰਹਿ ਗਏ ਤੇ ਬਾਹਰ ਨਿਕਲ ਉਪਰ ਕੋਠੇ ਉਤੇ ਚੜ੍ਹ ਗਏ। ਓਥੇ ਕਣਕ ਸੁਕਣੇ ਪਈ ਹੋਈ ਸੀ ਤੇ ਪੰਛੀ ਉਹਦੇ ਉਤੇ ਉਡਾਰੀਆਂ ਲਾ ਰਹੇ ਸਨ। ਉਹ ਕਣਕ ਨੂੰ ਠੂੰਗਾ ਮਾਰਨਾ ਚਾਹੁੰਦੇ ਸਨ ਪਰ ਉਹਨਾਂ ਨੂੰ ਹਿੰਮਤ ਨਹੀਂ ਸੀ ਪੈ ਰਹੀ, ਇਸ ਲਈ ਕਿ ਕੋਠੇ ਉਤੇ ਲਗਾ ਕਾਨਿਆਂ ਦਾ ਇਕ ਪੱਖਾ ਏਧਰ-ਓਧਰ ਝੂਲ ਰਿਹਾ ਸੀ ਤੇ ਉਹਨਾਂ ਨੂੰ ਡਰਾ ਕੇ ਪਰ੍ਹਾਂ ਕਰ ਦੇਂਦਾ ਸੀ।

ਜ਼ਾਰ ਦੇ ਏਲਚੀਆਂ ਦੀ ਹੈਰਾਨੀ ਦੀ ਕੋਈ ਹਦ ਹੀ ਨਾ ਰਹੀ।

"ਪੱਖਾ ਕਿਵੇਂ ਝੂਲ ਰਿਹੈ," ਉਹ ਇਕ ਦੂਜੇ ਨੂੰ ਪੁੱਛਣ ਲਗੇ। "ਹਵਾ ਵਗ ਨਹੀਂ ਰਹੀ, ਤੇ ਨੇੜੇ ਵਾਲੇ ਦਰਖ਼ਤਾਂ ਦੀ ਇਕ ਵੀ ਟਾਹਣੀ, ਇਕ ਵੀ ਪੱਤਾ, ਸਰਕ ਨਹੀਂ ਰਿਹਾ।"

ਕੋਠੇ ਤੋਂ ਉਤਰ ਉਹ ਫੇਰ ਘਰ ਵਿਚ ਜਾ ਵੜੇ ਤੇ ਤੀਜੇ ਤੇ ਅਖ਼ੀਰਲੇ ਕਮਰੇ ਵਿਚ ਗਏ। ਓਥੇ ਇਕ ਜੁਲਾਹਾ ਬੈਠਾ ਖੱਡੀ ਚਲਾ ਰਿਹਾ ਸੀ।

"ਤੇਰੇ ਘਰ 'ਚ ਇਹ ਕਰਾਮਾਤ ਕੀ ਹੋ ਰਹੀ ਏ?" ਜ਼ਾਰ ਦੇ ਏਲਚੀਆਂ ਨੇ ਉਹਨੂੰ ਪੁਛਿਆ। "ਖਾਲੀ ਕਮਰਿਆਂ 'ਚ ਪੰਘੂੜੇ ਆਪਣੇ ਆਪ ਈ ਕਿਉਂ ਝੂਟੀ ਰਹੇ ਨੇ? ਤੇ ਕੋਠੇ 'ਤੇ ਕਾਨਿਆਂ ਦਾ ਪੱਖਾ ਕਿਉਂ ਝਲੀ ਰਿਹੈ, ਜਦੋਂ ਕਿ ਹਵਾ ਕੋਈ ਨਹੀਂ ਵਗਦੀ ਪਈ?"

"ਇਹ ਕੋਈ ਕਰਾਮਾਤ ਨਹੀਂ," ਜੁਲਾਹੇ ਨੇ ਜਵਾਬ ਦਿਤਾ। "ਇਹ ਸਾਰਾ ਕੁਝ ਮੈਂ ਆਪ ਕਰ ਰਿਹਾਂ।"

"ਤੇਰੀ ਏਨੀ ਜੁਰਅਤ, ਸਾਡਾ ਮਜ਼ਾਕ ਉਡਾਵੇਂ!" ਜ਼ਾਰ ਦੇ ਵਜ਼ੀਰ ਕੜਕੇ। "ਜਦੋਂ ਤੂੰ ਏਥੇ ਬੈਠਾ ਬੁਣ ਰਿਹੈਂ, ਤੂੰ ਇਹ ਆਪ ਕਿਵੇਂ ਕਰ ਸਕਨੈਂ?"

"ਏਸ ਤੋਂ ਸੌਖਾ ਕੰਮ ਹੋਰ ਕਿਹੜਾ ਹੋਏਗਾ," ਜੁਲਾਹੇ ਨੇ ਜਵਾਬ ਦਿਤਾ। "ਮੈਂ ਖੱਡੀ ਨਾਲ ਤਿੰਨ ਰੱਸੀਆਂ ਲਾਈਆਂ ਹੋਈਆਂ ਨੇ। ਇਕ ਮੈਂ ਪਹਿਲੇ ਪੰਘੂੜੇ ਨਾਲ ਬੰਨ੍ਹੀ ਹੋਈ ਏ, ਦੂਜੀ ਦੂਜੇ ਪੰਘੂੜੇ ਨਾਲ, ਤੇ ਤੀਜੀ ਕਾਨਿਆਂ ਦੇ ਪੱਖੇ ਨਾਲ। ਜਦੋਂ ਮੈਂ ਬੁਣਨਾਂ, ਰੱਸੀਆਂ ਹਿਲਦੀਆਂ ਨੇ ਤੇ ਉਹ ਪੰਘੂੜਿਆਂ ਨੂੰ ਤੇ ਕੋਠੇ 'ਤੇ ਕਾਨਿਆਂ ਨੂੰ ਹਿਲਾ ਦੇਂਦੀਆਂ ਨੇ।"

ਜ਼ਾਰ ਦੇ ਏਲਚੀਆਂ ਨੇ ਹੋਰ ਧਿਆਨ ਨਾਲ ਤਕਿਆ ਤੇ ਵੇਖਿਆ, ਖੱਡੀ ਨਾਲ ਸਚੀ ਮੁਚੀ ਹੀ ਤਿੰਨ ਰੱਸੀਆਂ ਲਗੀਆਂ ਹੋਈਆਂ ਸਨ: ਦੋ ਪੰਘੂੜਿਆਂ ਵਲ ਜਾਂਦੀਆਂ ਸਨ ਤੇ ਇਕ ਕਾਨਿਆਂ ਦੇ ਪੱਖੇ ਵਲ।

"ਸਚੀ ਮੁਚੀ ਦੀ ਕਮਾਲ ਦੀ ਗਲ ਏ!" ਉਹ ਕੂਕ ਉਠੇ। "ਜੁਲਾਹਾ ਵਾਕਿਆ ਈ ਸਿਆਣਾ ਏ। ਸਾਨੂੰ ਲੋੜ ਵੀ ਏਸੇ ਈ ਆਦਮੀ ਦੀ ਏ! ਜੁਲਾਹਿਆ, ਸਾਡੇ ਨਾਲ ਜ਼ਾਰ ਕੋਲ ਚਲ, ਸ਼ਾਇਦ ਤੂੰ ਬੁਝਾਰਤ ਬੁਝ ਸਕੇਂ।"

"ਪਹਿਲਾਂ ਮੈਨੂੰ ਦਸੋ, ਇਹ ਹੈ ਕੀ ਏ," ਜੁਲਾਹੇ ਨੇ ਜਵਾਬ ਦਿਤਾ।

ਵਜ਼ੀਰਾਂ ਨੇ ਆਖਿਆ:

"ਪਿਛੇ ਜਿਹੇ ਇਕ ਓਪਰੇ ਦੇਸ ਦੇ ਜ਼ਾਰ ਦਾ ਏਲਚੀ ਸਾਡੇ ਜ਼ਾਰ ਕੋਲ ਆਇਆ। ਉਹਨੇ ਚਾਕ ਦਾ ਇਕ ਟੋਟਾ ਫੜਿਆ ਤੇ ਤਖ਼ਤ ਦੁਆਲੇ ਇਕ ਲੀਕ ਵਾਹ ਛੱਡੀ। ਤੇ ਉਹ ਲੀਕ ਕੀ ਏ, ਕਿਸੇ ਨੂੰ ਵੀ ਨਹੀਂ ਸੁਝ ਰਿਹਾ, ਨਾ ਜ਼ਾਰ ਨੂੰ ਤੇ ਨਾ ਹੀ ਉਹਦੇ ਕਿਸੇ ਦਰਬਾਰੀ ਨੂੰ। ਏਸ ਲਈ ਅਸੀਂ ਜ਼ਾਰ ਦਾ ਹੁਕਮ ਪਾ ਕੋਈ ਸਿਆਣਾ ਲਭ ਰਹੇ ਹਾਂ ਜਿਹੜਾ ਚਾਕ ਨਾਲ ਵਾਹੀ ਲੀਕ ਦਾ ਮਤਲਬ ਸਮਝਾ ਸਕੇ। ਜੇ ਤੂੰ ਸਮਝਾ ਸਕੇਂ, ਤਾਂ ਜ਼ਾਰ ਤੈਨੂੰ ਇਨਾਮ-ਅਕਰਾਮ ਨਾਲ ਲਦ ਦੇਵੇਗਾ।"

ਜੁਲਾਹੇ ਨੇ ਜ਼ਾਰ ਦੇ ਏਲਚੀਆਂ ਦੀ ਗਲ ਸੁਣੀ ਤੇ ਡੂੰਘੀਆਂ ਸੋਚਾਂ ਵਿਚ ਪੈ ਗਿਆ। ਫੇਰ ਉਹਨੇ ਦੋ ਸੰਖੀਆਂ ਚੁਕੀਆਂ ਜਿਹੋ ਜਿਹੀਆਂ ਨਾਲ ਮੁੰਡੇ ਖੇਡਦੇ ਨੇ, ਬੋਝੇ ਵਿਚ ਪਾ ਲਈਆਂ, ਤੇ ਇਕ ਚੂਚਾ ਫੜ ਲਿਆਉਣ ਲਈ ਬਾਹਰ ਹਾਤੇ ਵਿਚ ਨਿਕਲ ਗਿਆ।

ਵਜ਼ੀਰ ਹੈਰਾਨੀ ਨਾਲ ਇਕ ਦੂਜੇ ਵਲ ਤੱਕਣ ਲਗੇ।

"ਚੂਚਾ ਕੀ ਕਰਨਾ ਈਂ?" ਉਹਨਾਂ ਪੁਛਿਆ।

"ਇਹਦੀ ਲੋੜ ਪਏਗੀ ਮੈਨੂੰ," ਜੁਲਾਹੇ ਨੇ ਜਵਾਬ ਦਿਤਾ, ਤੇ ਫੜ ਲਿਆਂਦੇ ਚੂਚੇ ਨੂੰ ਇਕ ਟੋਕਰੀ ਵਿਚ ਪਾ ਲਿਆ।

ਇਸ ਪਿਛੋਂ ਉਹ ਜ਼ਾਰ ਦੇ ਮਹਿਲ ਵਲ ਹੋ ਪਏ।

ਜੁਲਾਹਾ ਮਹਿਲ ਵਿਚ ਵੜਿਆ, ਉਹਨੇ ਜ਼ਾਰ ਨੂੰ ਬੰਦਗੀ ਕੀਤੀ, ਤਖ਼ਤ ਦੁਆਲੇ ਵਹੀ ਚਿੱਟੀ ਚਾਕ ਦੀ ਲੀਕ ਵਲ ਤੇ ਉਸ ਆਦਮੀ ਵਲ ਨਜ਼ਰ ਮਾਰੀ, ਜਿਨ੍ਹੇ ਉਹ ਵਾਹੀ ਸੀ, ਹਸਿਆ ਤੇ ਉਹਦੇ ਸਾਹਮਣੇ ਦੋਵੇਂ ਸੰਖੀਆਂ ਸੁਟ ਦਿਤੀਆਂ।

ਦੂਜੇ ਨੇ, ਮੂੰਹੋਂ ਕੁਝ ਬੋਲੇ ਬਿਨਾਂ, ਬੋਝੇ ਵਿਚੋਂ ਬੁਕ ਬਾਜਰਾ ਕਢਿਆ ਤੇ ਫ਼ਰਸ਼ ਉਤੇ ਖਲੇਰ ਦਿਤਾ।

ਜੁਲਾਹਾ ਹੱਸ ਪਿਆ, ਉਹਨੇ ਟੋਕਰੀ ਵਿਚੋਂ ਚੂਚਾ ਕਢਿਆ ਤੇ ਖਿੰਡੇ ਪਏ ਦਾਣਿਆਂ ਉਤੇ ਛਡ ਦਿਤਾ। ਚੂਚਾ ਉਹਨਾਂ ਨੂੰ ਭੁਖਿਆਂ ਵਾਂਗ ਚੁੱਗਣ ਲਗ ਪਿਆ, ਤੇ ਛੇਤੀ ਹੀ ਫ਼ਰਸ਼ ਉਤੇ ਬਾਜਰੇ ਦਾ ਇਕ ਵੀ ਦਾਣਾ ਨਹੀਂ ਸੀ ਰਿਹਾ।

ਪ੍ਰਦੇਸੀ ਨੇ, ਮੂੰਹੋਂ ਇਕ ਵੀ ਲਫ਼ਜ਼ ਆਖੇ ਬਿਨਾਂ, ਜਾਣ ਦੀ ਕੀਤੀ।

ਜ਼ਾਰ ਤੇ ਉਹਦੇ ਦਰਬਾਰੀ ਪ੍ਰਦੇਸੀ ਤੇ ਜੁਲਾਹੇ ਨੂੰ ਵਧ ਰਹੀ ਹੈਰਾਨੀ ਨਾਲ ਵੇਖ ਰਹੇ ਸਨ। ਕਿਸੇ ਨੂੰ ਵੀ ਨਹੀਂ ਸੀ ਸੁਝ ਰਿਹਾ, ਉਹ ਦੋਵੇਂ ਕੀ ਕਰ ਰਹੇ ਸਨ।

"ਪ੍ਰਦੇਸੀ ਨੇ ਜੁ ਕੁਝ ਕੀਤਾ, ਉਹਦਾ ਕੀ ਮਤਲਬ ਸੀ?" ਜ਼ਾਰ ਨੇ ਪੁਛਿਆ।

"ਉਹ ਤੁਹਾਨੂੰ ਵਿਖਾਣਾ ਚਾਹੁੰਦਾ ਸੀ," ਜੁਲਾਹੇ ਨੇ ਜਵਾਬ ਦਿਤਾ, "ਕਿ ਉਹਦਾ ਜ਼ਾਰ ਤੁਹਾਡੇ ਦੇਸ ਦੇ ਖ਼ਿਲਾਫ਼ ਜੰਗ ਦਾ ਐਲਾਨ ਕਰਦੈ ਤੇ ਉਹਨੇ ਸਾਨੂੰ ਸਾਰਿਆਂ ਪਾਸਿਉਂ ਘੇਰ ਲੈਣੈਂ। ਉਹ ਇਹ ਵੀ ਪਤਾ ਕਰਨਾ ਚਾਹੁੰਦਾ ਸੀ, ਤੁਸੀਂ ਲੜੋਗੇ ਜਾਂ ਹਥਿਆਰ ਸੁਟ ਦਿਉਗੇ। ਤੁਹਾਡੇ ਤਖ਼ਤ ਦੁਆਲੇ ਲੀਕ ਦਾ ਮਤਲਬ ਇਹ ਜੇ।"

''ਹਾਂ, ਠੀਕ ਏ,'' ਜ਼ਾਰ ਨੇ ਆਖਿਆ। ''ਹੁਣ ਮੈਨੂੰ ਸਮਝ ਲਗ ਗਈ ਏ। ਪਰ ਮੈਨੂੰ ਅਜੇ ਵੀ ਸਮਝ ਨਹੀਂ ਲਗ ਰਹੀ, ਤੂੰ ਉਹਦੇ ਪੈਰੀਂ ਦੋ ਸੰਖੀਆਂ ਕਿਉਂ ਸੁੱਟੀਆਂ ਸਨ।''

ਜੁਲਾਹੇ ਨੇ ਆਖਿਆ:

''ਮੈਂ ਸੰਖੀਆਂ ਉਹਨੂੰ ਇਹ ਦਸਣ ਲਈ ਸੱਟੀਆਂ ਸਨ, ਅਸੀਂ ਉਹਨਾਂ ਨਾਲੋਂ ਕਿਤੇ ਤਕੜੇ ਆਂ, ਤੇ ਉਹ ਸਾਨੂੰ ਹਰਾ ਨਹੀਂ ਸਕਦੇ। ਸਿੱਧੇ ਲਫ਼ਜ਼ਾਂ 'ਚ ਜੁ ਮੈਂ ਕੀਤਾ, ਉਹਦਾ ਮਤਲਬ ਸੀ: 'ਸਾਡੇ ਮੁਕਾਬਲੇ 'ਚ ਤੁਸੀਂ ਬੱਚੇ ਹੋ, ਚੰਗਾ ਹੋਵੇ ਜੇ ਘਰੇ ਬੈਠੇ ਰਹੋ ਤੇ ਸਾਡੇ ਨਾਲ ਲੜਾਈ ਲੈਣ ਦੀ ਥਾਂ ਸੰਖੀਆਂ ਖੇਡੋ।' ''

''ਹੱਛਾ!'' ਜ਼ਾਰ ਨੇ ਕਿਹਾ। ''ਜੁ ਤੂੰ ਕਿਹੈ, ਉਹਦੇ ਨਾਲ ਗਲ ਸਾਫ਼ ਹੋ ਜਾਂਦੀ ਏ। ਪਰ ਮੈਨੂੰ ਅਜੇ ਤਕ ਇਹ ਪਤਾ ਨਹੀਂ ਲਗਾ, ਪ੍ਰਦੇਸੀ ਨੇ ਫ਼ਰਸ਼ ਉਤੇ ਬਾਜਰੇ ਦੀ ਬੁਕ ਕਿਉਂ ਸੁੱਟੀ ਸੀ ਤੇ ਤੂੰ ਟੋਕਰੀ 'ਚੋਂ ਚੂਚਾ ਕਿਉਂ ਕਢ ਦਿਤਾ ਸੀ।''

''ਇਹ ਸਮਝਾਣਾ ਵੀ ਮੁਸ਼ਕਲ ਨਹੀਂ,'' ਜੁਲਾਹੇ ਨੇ ਆਖਿਆ। ''ਬਾਜਰੇ ਦੀ ਬੁਕ ਫ਼ਰਸ਼ 'ਤੇ ਸੁਟ ਪ੍ਰਦੇਸੀ ਇਹ ਵਿਖਾਣਾ ਚਾਹੁੰਦਾ ਸੀ, ਉਹਦੇ ਜ਼ਾਰ ਦੀਆਂ ਫ਼ੌਜਾਂ ਦਾ ਅੰਤ-ਸ਼ੁਮਾਰ ਨਹੀਂ। ਤੇ ਮੈਂ ਸਾਰੇ ਦਾ ਸਾਰਾ ਚੁਗ ਲਏ ਜਾਣ ਲਈ ਚੂਚਾ ਇਹ ਵਿਖਾਣ ਲਈ ਛਡਿਆ ਕਿ ਜੇ ਉਹਨਾਂ ਸਾਡੇ ਨਾਲ ਲੜਾਈ ਕੀਤੀ, ਉਹਨਾਂ ਦਾ ਇਕ ਵੀ ਸਿਪਾਹੀ ਬਾਕੀ ਨਹੀਂ ਬਚਣ ਲਗਾ।''

''ਉਹਨੂੰ ਤੇਰੀ ਸਮਝ ਲਗ ਗਈ ਸੀ?''

''ਜ਼ਰੂਰ ਲਗ ਗਈ ਹੋਏਗੀ, ਏਸੇ ਲਈ ਤਾਂ ਉਹਨੇ ਕਾਹਲੀ ਨਾਲ ਜਾਣ ਦੀ ਕੀਤੀ ਸੀ।''

ਜ਼ਾਰ ਨੇ ਜੁਲਾਹੇ ਨੂੰ ਇਨਾਮ ਵਜੋਂ ਕੀਮਤੀ ਤਹੁਫ਼ੇ ਦਿਤੇ ਤੇ ਆਖਿਆ:

''ਜੁਲਾਹਿਆ, ਮੇਰੇ ਨਾਲ ਮੇਰੇ ਮਹਿਲੀਂ ਰਹਿ, ਤੇ ਤੂੰ ਮੇਰਾ ਵਡਾ ਵਜ਼ੀਰ ਹੋਵੇਂਗਾ।''

''ਨਹੀਂ,'' ਜੁਲਾਹੇ ਨੇ ਜਵਾਬ ਦਿਤਾ, ''ਮੈਂ ਤੁਹਾਡਾ ਵਜ਼ੀਰ ਨਹੀਂ ਬਣਨਾ ਚਾਹੁੰਦਾ। ਮੇਰੇ ਕੋਲ ਕਰਨ ਵਾਲੇ ਆਪਣੇ ਕੰਮ ਨੇ।''

ਤੇ ਇਹ ਕਹਿ ਜੁਲਾਹਾ ਚਲਾ ਗਿਆ।

## ਅਨਾਇਤ

### ਆਰਮੇਨੀ ਪਰੀ-ਕਹਾਣੀ



੧

ਇਕ ਵਾਰੀ ਬਸੰਤ ਰੁੱਤੇ ਇਕ ਸਵੇਰੇ, ਜ਼ਾਰ ਵਾਚੇ ਦਾ ਇਕੋ-ਇਕ ਪੁੱਤਰ, ਨੌਜਵਾਨ ਵਾਚਾਗਾਨ, ਆਪਣੇ ਝਰੋਖੇ ਵਿਚ ਖੜਾ ਸੀ। ਵੰਨ-ਵੰਨ ਦੇ ਪੰਛੀ ਬਾਗ ਵਿਚ ਗੌਂ ਰਹੇ ਸਨ, ਪਰ ਓਨਾ ਸੁਹਣਾ ਕੋਈ ਵੀ ਨਹੀਂ ਸੀ ਗੌਂ ਰਿਹਾ, ਜਿੰਨਾ ਸੁਹਣਾ ਬੁਲਬੁਲ। ਜਿਵੇਂ ਹੀ ਬੁਲਬੁਲ ਗਾਉਣ ਲਗਦੀ, ਬਾਕੀ ਦੇ ਸਾਰੇ ਪੰਛੀ ਚੁਪ ਹੋ ਜਾਂਦੇ, ਤੇ ਉਹਨੂੰ ਧਿਆਨ ਨਾਲ ਸੁਣਦੇ, ਉਹਦੇ ਗਾਉਣ ਦਾ ਭੇਤ ਪਾਣ ਦੀ ਕੋਸ਼ਿਸ਼ ਕਰਦੇ: ਕੋਈ ਬੁਲਬੁਲ ਦੀ ਚਹਿਕ ਦੀ ਨਕਲ ਕਰਦਾ, ਕੋਈ ਹੋਰ ਉਹਦੇ ਅਲਾਪ ਦੀ, ਤੇ ਤੀਜਾ ਕੋਈ ਉਹਦੀ ਸੀਟੀ ਦੀ, ਤੇ ਫੇਰ ਤਿੰਨੇ ਰਲ ਕੇ ਉਹ ਨਗਮੇ ਦਹੁਰਾਂਦੇ, ਜਿਹੜੇ ਉਹਨਾਂ ਸਿੱਖੇ ਹੁੰਦੇ। ਪਰ ਵਾਚਾਗਾਨ ਉਹਨਾਂ ਨੂੰ ਨਾ ਸੁਣਦਾ, ਉਹਦਾ ਦਿਲ ਜੁ ਦੁਖੀ ਸੀ।

ਫੇਰ ਉਹਦੀ ਮਾਂ, ਜ਼ਾਰਿਤਸਾ ਅਸ਼ਖੇਨ ਉਹਦੇ ਕੋਲ ਆਈ ਤੇ ਕਹਿਣ ਲਗੀ:

"ਬਚਿਆ, ਮੈਂ ਵੇਖ ਰਹੀ ਆਂ, ਤੇਰੇ ਦਿਲ 'ਤੇ ਗ਼ਮ ਦਾ ਬੋਝ ਏ। ਸਾਡੇ ਤੋਂ ਲੁਕਾ ਨਾ, ਸਾਨੂੰ ਦਸ ਤੂੰ ਉਦਾਸ ਕਿਉਂ ਏ।"

"ਅੰਮੀਂ, ਜ਼ਿੰਦਗੀ ਦੀਆਂ ਖੁਸ਼ੀਆਂ ਮੇਰੇ ਲਈ ਕੁਝ ਨਹੀਂ," ਵਾਚਾਗਾਨ ਨੇ ਜਵਾਬ ਦਿਤਾ। "ਜੀ ਕਰਦੈ, ਕਿਸੇ 'ਕੱਲੀ ਥਾਂ 'ਤੇ ਚਲਾ ਜਾਵਾਂ। ਪਿੰਡ ਅਤਸੀਕ ਈ ਸਹੀ।"

"ਸਚ ਕਹਿ ਰਿਹੈਂ ? ਏਸ ਕਰ ਕੇ ਅਤਸੀਕ ਤਾਂ ਨਹੀਂ ਜਾਣਾ ਚਾਹੁੰਦਾ ਕਿ ਓਥੇ ਤੇਰੀ ਸਿਆਣੀ ਅਨਾਇਤ ਰਹਿੰਦੀ ਏ ?"

"ਤੁਹਾਨੂੰ ਉਹਦਾ ਨਾਂ ਕਿਵੇਂ ਪਤਾ ਲਗੈ, ਅੰਮੀ ?"

"ਸਾਡੇ ਬਾਗ਼ ਦੀਆਂ ਬੁਲਬੁਲਾਂ ਨੇ ਮੈਨੂੰ ਉਹਦੀ ਦਸ ਪਾਈ ਏ। ਪਿਆਰਿਆ, ਸੁਹਣਿਆ ਵਾਚਾਗਾਨ, ਇਹ ਨਾ ਭੁਲ ਕਿ ਤੂੰ ਅਫ਼ਗਾਨ ਜ਼ਾਰ ਦਾ ਪੁੱਤਰ ਏਂ ਤੇ ਜ਼ਾਰ ਦੇ ਪੁੱਤਰ ਨੇ ਆਪਣੀ ਵਹੁਟੀ ਕਿਸੇ ਜ਼ਾਰਜ਼ਾਦੀ ਜਾਂ ਸ਼ਹਿਜ਼ਾਦੀ ਨੂੰ ਈ ਬਣਾਨਾ ਹੁੰਦੈ, ਤੇ ਇਕ ਆਮ ਕਿਸਾਨ ਕੁੜੀ ਨੂੰ ਨਹੀਂ। ਜਾਰਜੀਆ ਦੇ ਜ਼ਾਰ ਦੀਆਂ ਤਿੰਨ ਧੀਆਂ ਨੇ, ਤੂੰ ਉਹਨਾਂ ਵਿਚੋਂ ਚੁਣ ਸਕਣੈਂ। ਗੁਗਾਰ ਦੇ ਸ਼ਹਿਜ਼ਾਦੇ ਦੀ ਬੜੀ ਸੁਹਣੀ ਧੀ ਏ, ਤੇ ਆਪਣੇ ਪਿਓ ਦੀਆਂ ਸਾਰੀਆਂ ਜ਼ਮੀਨਾਂ ਉਹਨੂੰ ਵਿਰਸੇ 'ਚ ਮਿਲਣਗੀਆਂ। ਸੁਨੀਕ ਦੇ ਸ਼ਹਿਜ਼ਾਦੇ ਦੀ ਧੀ ਵੀ ਕੋਈ ਘਟ ਸੁਹਣੀ ਨਹੀਂ। ਫੇਰ ਵਰਸੇਨੀਕ ਏ, ਸਾਡੇ ਸਿਪਾਹ ਸਲਾਰ ਦੀ ਧੀ, ਜ਼ਾਰ ਤੇ ਮੇਰੀ ਪਾਲੀ ਹੋਈ — ਤੇਰੇ ਪਿਆਰ ਦੀ ਹਕਦਾਰ ਨਹੀਂ ਉਹ ?"

"ਅੰਮੀਂ, ਮੈਨੂੰ ਸਿਰਫ਼ ਅਨਾਇਤ ਚਾਹੀਦੀ ਏ!"

ਤੇ ਇਹ ਕਹਿ ਵਾਚਾਗਾਨ ਬਾਗ਼ ਵਿਚ ਭਜ ਗਿਆ।

## ੨

ਵਾਚਾਗਾਨ ਦਾ ਅਜੇ ਵੀਹਵਾਂ ਜਨਮ-ਦਿਨ ਲੰਘਿਆ ਹੀ ਸੀ। ਉਹ ਪੀਲਾ ਪਿਆ ਨੌਜਵਾਨ ਸੀ, ਤੇ ਬਹੁਤਾ ਤਕੜਾ ਨਹੀਂ ਸੀ।

"ਵਾਚਾਗਾਨ, ਬਚਿਆ," ਉਹਦਾ ਪਿਓ ਉਹਨੂੰ ਆਖਦਾ, "ਮੈਂ ਸਾਰੀਆਂ ਆਸਾਂ ਤੇਰੇ 'ਤੇ ਲਾਈਆਂ ਹੋਈਆਂ ਨੇ। ਤੈਨੂੰ ਵਿਆਹ ਕਰਨਾ ਚਾਹੀਦੈ, ਜ਼ਿੰਦਗੀ ਦਾ ਕਾਇਦਾ ਈ ਇਹੋ ਏ।"

ਪਰ ਵਾਚਾਗਾਨ ਜ਼ਾਰ ਦੇ ਕਹੇ ਉਤੇ ਕੰਨ ਨਾ ਧਰਦਾ। ਸਵੇਰ ਸਾਰ ਉਹ ਪਹਾੜਾਂ ਵਿਚ ਸ਼ਿਕਾਰ ਖੇਡਣ ਨੂੰ ਨਿਕਲ ਜਾਂਦਾ ਤੇ ਚਿਰਾਕਾ ਰਾਤੀਂ ਵਾਪਸ ਆਉਂਦਾ। ਕਿੰਨਿਆਂ ਹੀ ਸ਼ਹਿਜ਼ਾਦਿਆਂ ਨੇ ਉਹਦੇ ਨਾਲ ਦੋਸਤੀ ਲਾਣ ਦੀ ਕੋਸ਼ਿਸ਼ ਕੀਤੀ, ਪਰ ਉਹ ਉਹਨਾਂ ਤੋਂ ਕੰਨੀ ਕੁਤਰਾਂਦਾ, ਤੇ ਸ਼ਿਕਾਰ ਖੇਡਣ ਵੇਲੇ ਕਿਸੇ ਨੂੰ ਵੀ ਨਾਲ ਨਾ ਲੈ ਜਾਂਦਾ, ਸਿਵਾਇ ਆਪਣੇ ਬਹਾਦਰ ਤੇ ਅਤਬਾਰੀ ਨੌਕਰ, ਵਾਘੀਨਾਕ, ਤੇ ਆਪਣੇ ਵਫ਼ਾਦਾਰ ਭੇਡ-ਕੁੱਤੇ, ਜ਼ਾਂਗੀ, ਤੋਂ। ਜੇ ਸ਼ਿਕਾਰ ਵੇਲੇ ਉਹਨਾਂ ਨੂੰ ਕੋਈ ਮਿਲ ਪੈਂਦਾ ਤਾਂ ਉਹ ਦਸ ਨਾ ਸਕਦਾ ਕਿ ਸ਼ਹਿਜ਼ਾਦਾ ਕੌਣ ਏਂ ਤੇ ਨੌਕਰ ਕੌਣ, ਕਿਉਂਕਿ ਦੋਵਾਂ ਨੇ ਇਕੋ ਜਿਹੇ ਸਿਧੇ-ਸਾਦੇ ਸ਼ਿਕਾਰ ਵਾਲੇ ਕਪੜੇ ਪਾਏ ਹੁੰਦੇ ਸਨ, ਇਕ ਮੋਢੇ ਤੋਂ ਤੀਰ-ਕਮਾਣ ਲਟਕਾਇਆ ਹੁੰਦਾ ਸੀ ਤੇ ਪੇਟੀ ਵਿਚ ਚੌੜਾ ਖੰਜਰ ਟੁੰਗਿਆ ਹੁੰਦਾ ਸੀ।

ਪਿੰਡਾਂ ਦੀਆਂ ਇਹ ਗਿਰਦੌਰੀਆਂ ਵਾਚਾਗਾਨ ਲਈ ਚੰਗੀਆਂ ਰਹੀਆਂ, ਤੇ ਉਹ ਪਹਿਲਾਂ ਨਾਲੋਂ ਤਕੜਾ, ਨਰੋਇਆ ਤੇ ਸ਼ਕਲਵੰਦ ਨਿਕਲ ਆਇਆ।

ਇਕ ਦਿਨ ਵਾਚਾਗਾਨ ਤੇ ਵਾਘੀਨਾਕ ਘੁੰਮਦੇ-ਘੁਮਾਂਦੇ ਅਤਸੀਕ ਪਿੰਡ ਵਿਚ ਨਿਕਲ ਆਏ ਤੇ ਸਾਹ ਲੈਣ ਲਈ ਇਕ ਚਸ਼ਮੇ ਕੋਲ ਬਹਿ ਗਏ। ਐਨ ਓਸੇ ਹੀ ਵੇਲੇ ਪਿੰਡ ਦੀਆਂ ਕੁਝ ਮੁਟਿਆਰਾਂ ਚਸ਼ਮੇ ਉਤੇ ਪਾਣੀ ਭਰਨ ਆਈਆਂ। ਵਾਚਾਗਾਨ ਨੂੰ ਤ੍ਰਿਹ ਲਗੀ ਹੋਈ ਸੀ ਤੇ ਉਹਨੇ ਮੁਟਿਆਰਾਂ ਤੋਂ ਪਾਣੀ ਮੰਗਿਆ। ਉਹਨਾਂ ਵਿਚੋਂ ਇਕ ਨੇ ਆਪਣਾ ਜਗ ਭਰਿਆ ਤੇ ਉਹਦੇ ਵਲ ਅਗੇ ਕਰ ਦਿਤਾ, ਪਰ ਇਕ ਹੋਰ ਮੁਟਿਆਰ ਨੇ ਉਹਦੇ ਹੱਥਾਂ ਵਿਚੋਂ ਜਗ ਖੋਹ ਲਿਆ ਤੇ ਪਾਣੀ ਡੋਲ੍ਹ ਦਿਤਾ। ਉਹਨੇ ਫੇਰ ਜਗ ਨੂੰ ਭਰਿਆ, ਪਰ ਪਾਣੀ ਡੋਲ੍ਹ ਵੇਰ ਵੀ

ਦਿਤਾ। ਵਾਚਾਗਾਨ ਦਾ ਸੰਘ ਸੁੱਕਾ ਹੋਇਆ ਸੀ, ਤੇ ਉਹਨੂੰ ਡਾਢੀ ਤਿਹ ਲਗੀ ਹੋਈ ਸੀ, ਪਰ ਮੁਟਿਆਰ ਉਹਨੂੰ ਚਿੜਾ ਰਹੀ ਲਗਦੀ ਸੀ। ਉਹ ਪਹਿਲੋਂ ਜਗ ਨੂੰ ਭਰਦੀ ਤੇ ਫੇਰ ਖਾਲੀ ਕਰੀ ਜਾਂਦੀ। ਉਹਨੇ ਜਗ ਨੂੰ ਵਾਚਾਗਾਨ ਵਲ ਓਦੋਂ ਹੀ ਵਧਾਇਆ, ਜਦੋਂ ਤਕ ਉਹਨੇ ਉਹਨੂੰ ਛੇਵੀਂ ਵਾਰ ਨਾ ਭਰ ਲਿਆ।

ਵਾਚਾਗਾਨ ਪਾਣੀ ਡੀਕ ਲਾ ਕੇ ਪੀ ਗਿਆ।

"ਪਾਣੀ ਪਹਿਲੀ ਵਾਰ ਕਿਉਂ ਨਹੀਂ ਸਾਈ ਦਿਤਾ?" ਉਹਨੇ ਮੁਟਿਆਰ ਤੋਂ ਪੁਛਿਆ। "ਮੈਨੂੰ ਚਿੜਾਣ ਤੇ ਗੁੱਸਾ ਚੜ੍ਹਾਣ ਦੀ ਕੋਸ਼ਿਸ਼ ਕਰ ਰਹੀ ਸੈਂ?"

"ਅਸੀਂ ਪ੍ਰਦੇਸੀਆਂ ਨੂੰ ਚਿੜਾਂਦੇ ਨਹੀਂ ਹੁੰਦੇ," ਮੁਟਿਆਰ ਨੇ ਜਵਾਬ ਦਿਤਾ। "ਪਰ ਤੂੰ ਥਕਿਆ ਤੇ ਤਪਿਆ ਹੋਇਆ ਸੈਂ, ਤੇ ਠੰਡੇ ਪਾਣੀ ਨਾਲ ਕੋਈ ਹਰਜ ਹੋ ਸਕਦਾ ਸੀ ਤੈਨੂੰ, ਏਸੇ ਕਰ ਕੇ ਮੈਂ ਪਾਣੀ ਦੇਣ ਤੋਂ ਪਹਿਲਾਂ ਉਡੀਕਿਆ।"

ਮੁਟਿਆਰ ਦਾ ਜਵਾਬ ਸੁਣ ਵਾਚਾਗਾਨ ਹੈਰਾਨ ਰਹਿ ਗਿਆ ਤੇ ਉਹਦੀ ਖ਼ੂਬਸੂਰਤੀ ਨੇ ਉਹਦਾ ਮਨ ਮੋਹ ਲਿਆ।

"ਤੇਰਾ ਨਾਂ ਕੀ ਏ?" ਉਹਨੇ ਮੁਟਿਆਰ ਨੂੰ ਪੁਛਿਆ।

"ਅਨਾਇਤ," ਮੁਟਿਆਰ ਨੇ ਜਵਾਬ ਦਿਤਾ।

"ਤੇ ਤੇਰਾ ਪਿਓ ਕੌਣ ਏ?"

"ਮੇਰਾ ਪਿਓ ਪਿੰਡ ਦਾ ਵਾਗੀ ਏ, ਤੇ ਉਹਦਾ ਨਾਂ ਏ ਅਰਾਨ। ਤੂੰ ਪੁਛ ਕੇ ਕੀ ਲੈਣੈਂ?"

"ਪੁਛਣਾ ਗੁਨਾਹ ਏ ਕੋਈ?"

"ਗੁਨਾਹ ਤਾਂ ਕੋਈ ਨਹੀਂ, ਤਾਂ ਤੂੰ ਵੀ ਮੈਨੂੰ ਦਸ, ਤੂੰ ਕੌਣ ਹੁੰਨੈਂ ਤੇ ਕਿਥੋਂ ਆਇਐਂ?'

"ਤੇਰੇ ਅਗੇ ਝੂਠ ਬੋਲਾਂ ਜਾਂ ਸਚ-ਸਚ ਆਖਾਂ?"

"ਉਹੀਓ ਕਰ, ਜੁ ਤੈਨੂੰ ਬਹੁਤਾ ਢੁਕਦੈ।"

"ਬਿਨਾਂ ਸ਼ਕ, ਸਚ, ਤੇ ਸਚ ਇਹ ਵੇ, ਅਜੇ ਤੈਨੂੰ ਮੈਂ ਨਹੀਂ ਦਸ ਸਕਦਾ, ਮੈਂ ਕੌਣ ਆਂ। ਪਰ ਤੇਰੇ ਨਾਲ ਮੇਰਾ ਕੌਲ ਹੋਇਆ, ਤੈਨੂੰ ਮੈਂ ਛੇਤੀ ਈ ਦਸ ਦਿਆਂਗਾ।"

"ਇੰਜ ਈ ਸਹੀ। ਤੇ ਹੁਣ ਮੇਰਾ ਜਗ ਮੈਨੂੰ ਮੋੜ ਦੇ।

ਤੇ ਸ਼ਹਿਜ਼ਾਦੇ ਨੂੰ ਅਲਵਿਦਾ ਆਖ, ਅਨਾਇਤ ਨੇ ਜਗ ਲੈ ਲਿਆ ਤੇ ਚਲੀ ਗਈ।

ਸ਼ਿਕਾਰੀ ਘਰ ਪਰਤ ਆਏ, ਤੇ ਵਾਘੀਨਾਕ ਨੇ, ਅਤਬਾਰੀ ਨੌਕਰ ਜੁ ਸੀ ਉਹ, ਜੁ ਕੁਝ ਵੀ ਹੋਇਆ ਸੀ, ਜ਼ਾਰਿਤਸਾ ਨੂੰ ਜਾ ਸੁਣਾਇਆ। ਵਾਚਾਗਾਨ ਦੀ ਮਾਂ ਨੂੰ ਉਹਦੇ ਭੇਤ ਦਾ ਪਤਾ ਇੰਜ ਲਗਾ ਸੀ।

## ੩

ਵਾਚਾਗਾਨ ਅਨਾਇਤ ਤੋਂ ਬਿਨਾਂ ਕਿਸੇ ਹੋਰ ਨਾਲ ਵਿਆਹ ਦੀ ਗਲ ਵੀ ਨਹੀਂ ਸੀ ਸੁਣਦਾ। ਅਖ਼ੀਰ ਜ਼ਾਰ ਤੇ ਜ਼ਾਰਿਤਸਾ ਨੇ ਉਹਦੀ ਚੋਣ ਮੰਨ ਲਈ, ਤੇ ਉਹਨਾਂ ਵਾਘੀਨਾਕ ਤੇ ਆਪਣੇ ਦੋ ਸਰਦਾਰ ਸਾਕ ਕਰਾਣ ਲਈ ਅਤਸੀਕ ਘੱਲੇ।

ਵਾਗੀ ਅਰਾਨ ਨੇ ਉਹਨਾਂ ਦਾ ਨਿੱਘਾ ਸੁਆਗਤ ਕੀਤਾ ਤੇ ਉਹਨਾਂ ਦੇ ਬਹਿਣ ਲਈ ਗਲੀਚਾ ਵਿਛਾ ਦਿਤਾ।

"ਕਿੱਡਾ ਸੁਹਣਾ ਗਲੀਚਾ ਏ!" ਵਾਘੀਨਾਕ ਨੇ ਆਖਿਆ। "ਮੇਰਾ ਖ਼ਿਆਲ ਏ, ਘਰ ਦੀ ਮਾਲਕਣ ਨੇ ਬੁਣਿਆ ਹੋਣੈਂ ?"

"ਮੇਰੀ ਘਰ ਵਾਲੀ ਨਹੀਂ," ਅਰਾਨ ਨੇ ਕਿਹਾ। "ਦਸ ਵਰ੍ਹੇ ਹੋਏ, ਉਹ ਪੂਰੀ ਹੋ ਗਈ ਸੀ। ਗਲੀਚਾ ਮੇਰੀ ਧੀ, ਅਨਾਇਤ, ਨੇ ਆਪਣੇ ਹੱਥਾਂ ਨਾਲ ਬੁਣਿਐ।"

"ਆਪ ਜ਼ਾਰ ਦੇ ਮਹਿਲੀਂ ਵੀ ਏਡਾ ਸੁਹਣਾ ਗਲੀਚਾ ਨਹੀਂ। ਸਾਨੂੰ ਖੁਸ਼ੀ ਹੋਈ ਏ, ਤੇਰੀ ਧੀ ਏਡੀ ਹੁੰਨਰਵੰਦ ਬੁਣਕਰ ਏਂ," ਸਰਦਾਰਾਂ ਨੇ ਆਖਿਆ। "ਉਹਦੀ ਸੋਭਾ ਜ਼ਾਰ ਦੇ ਕੰਨਾਂ ਤਕ ਜਾ ਪਹੁੰਚੀ ਏ। ਅਸੀਂ ਉਹਦੇ ਵਲੋਂ ਸਾਕ ਕਰਨ ਆਏ ਹਾਂ। ਜ਼ਾਰ ਚਾਹੁੰਦੈ, ਤੂੰ ਉਹਦੇ ਇਕੋ-ਇਕ ਪੁੱਤਰ, ਤਖਤ ਦੇ ਵਾਰਸ, ਨਾਲ ਆਪਣੀ ਧੀ ਦਾ ਵਿਆਹ ਕਰ ਦੇਵੇਂ।"

ਸਰਦਾਰਾਂ ਦਾ ਖਿਆਲ ਸੀ, ਜਾਂ ਤੇ ਅਰਾਨ ਇੰਜ ਸਿਰ ਹਿਲਾਏਗਾ, ਜਿਵੇਂ ਉਹਨੂੰ ਯਕੀਨ ਹੀ ਨਾ ਆ ਰਿਹਾ ਹੋਵੇ, ਜਾਂ ਖੁਸ਼ੀ ਨਾਲ ਟਪ ਖਲੋਵੇਗਾ। ਪਰ ਵਾਗੀ ਨੇ ਨਾ ਇੰਜ ਕੀਤਾ ਨਾ ਉਂਜ। ਉਹਨੇ ਸਿਰ ਨੀਵਾਂ ਪਾ ਲਿਆ ਤੇ ਉਹਦੀ ਅਗਲੀ ਉਂਗਲ ਗਲੀਚੇ ਉਤੇ ਨਮੂਨੇ ਵਾਹੁਣ ਲਗ ਪਈ।

ਵਾਘੀਨਾਕ ਨੇ ਕਿਹਾ :

"ਅਰਾਨ, ਭਰਾਵਾ ਮੇਰਿਆ, ਏਨਾ ਉਦਾਸ ਕਿਉਂ ਹੋ ਗਿਐਂ ? ਅਸੀਂ ਤੇਰੇ ਲਈ ਖੁਸ਼ੀ ਦੀ ਖ਼ਬਰ ਲਿਆਂਦੀ ਏ, ਦੁਖ ਦੀ ਖ਼ਬਰ ਨਹੀਂ ਲਿਆਂਦੀ। ਅਸੀਂ ਤੇਰੀ ਧੀ ਤੈਥੋਂ ਜ਼ਬਰਦਸਤੀ ਨਹੀਂ ਲਿਜਾਣਾ ਚਾਹੁੰਦੇ। ਉਹਦਾ ਵਿਆਹ ਤੇਰੀ ਮਰਜ਼ੀ ਉਤੇ ਏ।"

"ਪਿਆਰੇ ਮਹਿਮਾਨੋ," ਅਰਾਨ ਨੇ ਜਵਾਬ ਦਿਤਾ, "ਮੈਂ ਆਪਣੀ ਧੀ ਨੂੰ ਮਜਬੂਰ ਨਹੀਂ ਕਰਾਂਗਾ। ਜੇ ਉਹ ਸ਼ਹਿਜ਼ਾਦੇ ਨਾਲ ਵਿਆਹ ਕਰਨਾ ਮੰਨ ਜਾਏ, ਤਾਂ ਮੈਂ ਨਹੀਂ ਕਹਾਂਗਾ, ਨਾ ਕਰੇ।"

ਐਨ ਓਸੇ ਵੇਲੇ ਪੱਕੇ ਫਲਾਂ ਦੀ ਟੋਕਰੀ ਚੁਕੀ ਅਨਾਇਤ ਅੰਦਰ ਆਈ। ਉਹਨੇ ਬਾਹਰੋਂ ਆਇਆਂ ਨੂੰ ਝੁਕ ਕੇ ਸਲਾਮ ਕੀਤਾ, ਫਲ ਨੂੰ ਤਸ਼ਤਰੀ ਉਤੇ ਪਰੋਸਿਆ, ਤੇ ਉਹਨਾਂ ਦੇ ਅਗੇ ਰਖ ਦਿਤਾ, ਤੇ ਫੇਰ ਗਲੀਚਾ ਬੁਣਨ ਵਾਲੇ ਅੱਡੇ ਤੇ ਬਹਿ ਗਈ। ਸਰਦਾਰ ਉਹਨੂੰ ਵੇਖਣ ਲਗੇ, ਉਹਦੀਆਂ ਉਂਗਲਾਂ ਦੀ ਚੁਸਤੀ ਤਕ ਦੰਗ ਰਹਿ ਗਏ।

"ਅਨਾਇਤ, 'ਕੱਲੀ ਕਿਉਂ ਕੰਮ ਕਰਨੀਂ ਏਂ, ਮੈਂ ਸੁਣਿਐਂ, ਤੇਰੀਆਂ ਬੜੀਆਂ ਸ਼ਾਗਿਰਦਨਾਂ ਨੇ।"

"ਹੈ ਤਾਂ ਸਹੀ ਨੇ," ਅਨਾਇਤ ਨੇ ਜਵਾਬ ਦਿਤਾ, "ਪਰ ਮੈਂ ਸਾਰੀਆਂ ਨੂੰ ਜਾਣ ਦਿਤੈ, ਅੰਗੂਰਾਂ ਦੀ ਫ਼ਸਲ ਸਮੇਟਣ ਲਈ।"

"ਮੈਂ ਇਹ ਵੀ ਸੁਣਿਐ, ਤੂੰ ਸ਼ਾਗਿਰਦਨਾਂ ਨੂੰ ਲਿਖਣਾ-ਪੜ੍ਹਨਾ ਵੀ ਸਿਖਾਨੀ ਏਂ।"

"ਸਿਖਾਨੀ ਆਂ," ਅਨਾਇਤ ਨੇ ਫੇਰ ਜਵਾਬ ਦਿਤਾ। "ਹੁਣ ਤਾਂ ਸਾਡੇ ਵਾਗੀ ਵੀ ਜਦੋਂ ਵਗਾਂ ਨਾਲ ਬਾਹਰ ਹੁੰਦੇ ਨੇ, ਪੜ੍ਹਦੇ ਨੇ ਤੇ ਇਕ ਦੂਜੇ ਨੂੰ ਪੜ੍ਹਨਾ ਸਿਖਾਂਦੇ ਨੇ। ਸਾਡੇ ਜੰਗਲਾਂ ਦੇ ਸਭਨਾਂ ਦਰਖ਼ਤ ਦੇ ਤਣੇ ਲਿਖਾਈ ਨਾਲ ਭਰੇ ਹੋਏ ਨੇ। ਕਿਲ੍ਹੇ ਦੀਆਂ ਕੰਧਾਂ, ਚਟਾਨਾਂ ਤੇ ਪਥਰਾਂ ਉਤੇ ਕੋਲੇ ਨਾਲ ਲਿਖਾਈ ਹੋਈ ਪਈ ਏ। ਇਕ ਆਦਮੀ ਇਕ ਲਫ਼ਜ਼ ਲਿਖਦਾ ਏ ਦੂਜਾ ਇਕ ਹੋਰ, ਤੇ ਏਸ ਤਰ੍ਹਾਂ ਚਲਦਾ ਰਹਿੰਦੈ। ਸਾਡੇ ਸਾਰੇ ਪਹਾੜ ਤੇ ਖੱਡਾਂ ਲਿਖਾਈ ਨਾਲ ਭਰੀਆਂ ਹੋਈਆਂ ਨੇ।"

"ਅਸੀਂ ਇਲਮ ਦੀ ਏਡੀ ਕਦਰ ਨਹੀਂ ਕਰਦੇ," ਵਾਘੀਨਾਕ ਨੇ ਆਖਿਆ "ਸ਼ਹਿਰੀਏ ਸੁਸਤ ਹੁੰਦੇ ਨੇ। ਪਰ ਜੇ ਤੂੰ ਸਾਡੇ ਨਾਲ ਆ ਰਹੇਂ, ਤੂੰ ਸਭਨਾਂ ਨੂੰ ਮਿਹਨਤੀ ਬਣਨ ਦੀ ਜਾਚ ਸਿਖਾ ਦਏਂ। ਇਕ ਪਲ ਬੁਣਨਾ

ਬੰਦ ਕਰ ਦੇ, ਅਨਾਇਤ, ਤੈਨੂੰ ਮੈਂ ਕੁਝ ਵਿਖਾਣੈਂ। ਵੇਖ ਜ਼ਾਰ ਨੇ ਤੈਨੂੰ ਕਿੱਡੀਆਂ ਸੁਹਣੀਆਂ-ਸੁਹਣੀਆਂ ਸੁਗਾਤਾਂ ਭੇਜੀਆਂ ਨੇ।"

ਤੇ ਵਾਘੀਨਾਕ ਨੇ ਬਹੁਤ ਸਾਰੇ ਕੀਮਤੀ ਮੋਤੀ ਤੇ ਰੇਸ਼ਮੀ ਗਾਊਨ ਕੱਢੇ। ਅਨਾਇਤ ਨੇ ਉਹਨਾਂ ਉਤੇ ਇਕ ਸਰਸਰੀ ਨਜ਼ਰ ਮਾਰੀ।

"ਜ਼ਾਰ ਮੇਰੇ 'ਤੇ ਏਨਾ ਮਿਹਰਬਾਨ ਕਿਉਂ ਹੋ ਗਿਐ ?" ਉਹਨੇ ਪੁਛਿਆ।

"ਜ਼ਾਰ ਦਾ ਪੁੱਤਰ, ਵਾਚਾਗਾਨ, ਤੈਨੂੰ ਇਕ ਚਸ਼ਮੇ ਕੋਲ ਮਿਲਿਆ ਸੀ, ਤੇ ਤੂੰ ਉਹਨੂੰ ਪੀਣ ਲਈ ਪਾਣੀ ਦਿਤਾ ਸੀ; ਉਹਨੂੰ ਤੂੰ ਚੰਗੀ ਲਗ ਗਈ। ਅਸੀਂ ਹੁਣ ਜ਼ਾਰ ਦੇ ਹੁਕਮ ਨਾਲ ਤੈਨੂੰ ਕਹਿਣ ਆਏ ਹਾਂ, ਤੂੰ ਵਾਚਾਗਾਨ ਨਾਲ ਵਿਆਹ ਕਰਾ ਲੈ। ਇਹ ਮੁੰਦਰੀ, ਇਹ ਹਾਰ, ਇਹ ਕੰਗਣ ਤੇ ਹੋਰ ਇਹ ਸਭੇ ਕੁਝ ਤੇਰੇ ਲਈ ਏ।"

"ਤਾਂ ਜਿਹੜਾ ਸ਼ਿਕਾਰੀ ਮੈਂ ਵੇਖਿਆ ਸੀ, ਉਹ ਜ਼ਾਰ ਦਾ ਪੁੱਤਰ ਸੀ ?"

"ਆਹਖੋ।"

"ਸੁਹਣਾ ਨੌਜਵਾਨ ਏ ਉਹ। ਪਰ ਕੋਈ ਕੰਮ ਵੀ ਆਉਂਦਾ ਸੂ ?"

"ਅਨਾਇਤ, ਉਹ ਜ਼ਾਰ ਦਾ ਪੁੱਤਰ ਏ, ਤੇ ਜ਼ਾਰ ਦੀ ਸਾਰੀ ਰਈਅਤ ਉਹਦੀ ਨੌਕਰ ਏ। ਉਹਨੂੰ ਕੰਮ ਦੀ ਕੀ ਲੋੜ ਏ ?"

"ਇੰਜ ਈ ਸਹੀ, ਪਰ ਕਿਸਮਤ ਕਈ ਰੰਗ ਵਿਖਾਂਦੀ ਏ ਤੇ ਜਿਹੜਾ ਅਜ ਮਾਲਕ ਹੁੰਦੈ, ਉਹ ਕਲ ਨੌਕਰ ਵੀ ਹੋ ਸਕਦੈ। ਹਰ ਕਿਸੇ ਨੂੰ, ਉਹ ਜ਼ਾਰ ਹੋਵੇ, ਜਾਂ ਸ਼ਹਿਜ਼ਾਦਾ, ਜਾਂ ਆਮ ਬੰਦਾ, ਕੋਈ ਨਾ ਕੋਈ ਕੰਮ ਆਉਣਾ ਚਾਹੀਦੈ।"

ਸਰਦਾਰ ਅਨਾਇਤ ਦੀ ਗਲ ਸੁਣ ਹੈਰਾਨ ਰਹਿ ਗਏ, ਪਰ ਵਾਗੀ ਅਰਾਨ ਨੂੰ ਆਪਣੀ ਧੀ ਦਾ ਕਿਹਾ ਚੰਗਾ ਲਗਾ।

"ਤਾਂ ਤੂੰ ਸ਼ਹਿਜ਼ਾਦੇ ਨਾਲ ਏਸ ਕਰ ਕੇ ਵਿਆਹ ਕਰਨੋਂ ਨਾਂਹ ਕਰਨੀ ਏਂ ਕਿ ਉਹਨੂੰ ਕੋਈ ਕੰਮ ਨਹੀਂ ਆਉਂਦਾ ?" ਸਰਦਾਰਾਂ ਨੇ ਪੁਛਿਆ।

"ਆਹਖੋ। ਜੁ ਮੇਰੇ ਲਈ ਲਿਆਏ ਹੋ, ਵਾਪਸ ਲੈ ਜਾਓ। ਤੇ ਸ਼ਹਿਜ਼ਾਦੇ ਨੂੰ ਕਹਿਣਾ ਕਿ ਮੈਨੂੰ ਉਹ ਚੰਗਾ ਲਗਦਾ ਏ, ਪਰ ਉਹਨੂੰ ਮੇਰੀ ਅਰਜ਼ ਏ, ਮੈਨੂੰ ਮੁਆਫ਼ ਕਰ ਦੇਵੇ, ਏਸ ਲਈ ਕਿ ਮੈਂ ਸਹੁੰ ਖਾਧੀ ਹੋਈ ਏ, ਓਸ ਆਦਮੀ ਨਾਲ ਵਿਆਹ ਨਹੀਂ ਕਰਾਵਾਂਗੀ, ਜਿਹਨੂੰ ਕੋਈ ਕੰਮ ਨਾ ਆਂਦਾ ਹੋਵੇ।"

ਜ਼ਾਰ ਦੇ ਏਲਚੀਆਂ ਨੇ ਵੇਖਿਆ, ਅਨਾਇਤ ਦਾ ਇਰਾਦਾ ਪੱਕਾ ਸੀ, ਤੇ ਉਹਨਾਂ ਉਹਦੇ ਉਤੇ ਹੋਰ ਜ਼ੋਰ ਨਾ ਪਾਇਆ। ਪਰ ਮਹਿਲ ਵਿਚ ਉਹਨਾਂ ਜ਼ਾਰ ਨੂੰ ਸਾਰਾ ਕੁਝ ਆਣ ਦਸਿਆ।

ਅਨਾਇਤ ਦਾ ਫ਼ੈਸਲਾ ਸੁਣ, ਜ਼ਾਰ ਤੇ ਜ਼ਾਰਿਤਸਾ ਦੀ ਖੁਸ਼ੀ ਦੀ ਹਦ ਨਾ ਰਹੀ। ਹੁਣ ਵਾਚਾਗਾਨ ਨੂੰ ਉਹਦੇ ਨਾਲ ਵਿਆਹ ਕਰਾਣ ਦੀ ਨਹੀਂ ਸੁੱਝਣ ਲਗੀ। ਪਰ ਵਾਚਾਗਾਨ ਕਹਿਣ ਲਗਾ :

'ਅਨਾਇਤ ਠੀਕ ਕਹਿੰਦੀ ਏ। ਹੋਰਨਾਂ ਲੋਕਾਂ ਵਾਂਗ, ਮੈਨੂੰ ਵੀ ਕੋਈ ਨਾ ਕੋਈ ਕੰਮ ਸਿਖਣਾ ਚਾਹੀਦੈ।"

ਜ਼ਾਰ ਨੇ ਸਰਦਾਰਾਂ ਦਾ ਇੱਕਠ ਕੀਤਾ ਤੇ ਸਾਰੇ ਮੁਤਫ਼ਿਕ ਹੋਏ, ਸ਼ਹਿਜ਼ਾਦੇ ਲਈ ਸਭ ਤੋਂ ਢੁਕਵੀਂ ਦਸਤਕਾਰੀ ਜ਼ਰੀ ਦੀ ਬੁਣਾਈ ਸੀ। ਇਕਦਮ ਹੀ ਈਰਾਨ ਤੋਂ ਇਕ ਹੁਨਰਵੰਦ ਕਾਰੀਗਰ ਲਿਆਂਦਾ ਗਿਆ, ਤੇ

ਇਕ ਵਰ੍ਹੇ ਦੇ ਅੰਦਰ-ਅੰਦਰ, ਵਾਚਾਗਾਨ ਨੇ ਕੰਮ ਸਿਖ ਲਿਆ। ਸੁਹਣੀ ਤਿੱਲੇ ਦੀ ਤਾਰ ਵਰਤ ਉਹਨੇ ਕੀਮਤੀ ਜ਼ਰੀ ਦਾ ਇਕ ਟੋਟਾ ਬੁਣਿਆ ਤੇ ਵਾਘੀਨਾਕ ਹਥ ਅਨਾਇਤ ਨੂੰ ਘਲ ਦਿਤਾ।

ਅਨਾਇਤ ਨੂੰ ਜਦੋਂ ਟੋਟਾ ਮਿਲਿਆ, ਉਹ ਕਹਿਣ ਲਗੀ:

"ਜਿਵੇਂ ਅਖਾਣ ਪਾਇਆ ਜਾਂਦੈ, ਅਜ਼ਮਾਇਸ਼ਾਂ ਕਿਸਮਤ ਦੀਆਂ ਝਲ ਜਾਏ ਉਹ ਬੰਦਾ, ਗਰੀਬੀ ਨਾ ਛੁਹਵੇ, ਜੇ ਆਵੇ ਕੋਈ ਧੰਦਾ। ਸ਼ਹਿਜ਼ਾਦੇ ਨੂੰ ਕਹੀਂ, ਮੈਂ ਉਹਦੇ ਨਾਲ ਵਿਆਹ ਕਰਾਣ 'ਤੇ ਰਾਜ਼ੀ ਆਂ, ਤੇ ਇਹ ਗਲੀਚਾ ਉਹਨੂੰ ਮੇਰੇ ਵਲੋਂ ਸੁਗਾਤ ਦਈਂ।"

ਵਿਆਹ ਲਈ ਤਿਆਰੀਆਂ ਇਕਦਮ ਸ਼ੁਰੂ ਕਰ ਦਿਤੀਆਂ ਗਈਆਂ, ਤੇ ਜ਼ਿਆਫ਼ਤਾਂ ਸਤ ਦਿਨ ਤੇ ਸਤ ਰਾਤਾਂ ਹੁੰਦੀਆਂ ਰਹੀਆਂ।

੪

ਪਰ ਵਿਆਹ ਤੋਂ ਛੇਤੀ ਹੀ ਪਿਛੋਂ, ਵਾਚਾਗਾਨ ਦਾ ਵਫ਼ਾਦਾਰ ਦੋਸਤ ਤੇ ਨੌਕਰ, ਵਾਘੀਨਾਕ ਕਿਤੇ ਗਾਇਬ ਹੋ ਗਿਆ। ਕਿੰਨਾ ਹੀ ਚਿਰ ਉਹ ਉਹਨੂੰ ਢੂੰਡਦੇ ਰਹੇ, ਤੇ ਅਖ਼ੀਰ ਉਹਨਾਂ ਉਹਦੇ ਲਭ ਪੈਣ ਦੀ ਸਾਰੀ ਆਸ ਲਾਹ ਛੱਡੀ। ਏਧਰ ਆਪਣੀ ਪੂਰੀ ਬੁਢ ਵਿਰੇਸ ਬਿਤਾ, ਜ਼ਾਰ ਤੇ ਜ਼ਾਰਿਤਸਾ ਪੂਰੇ ਹੋ ਗਏ, ਤੇ ਵਾਚਾਗਾਨ ਜ਼ਾਰ ਬਣ ਗਿਆ।

ਇਕ ਦਿਨ ਅਨਾਇਤ ਨੇ ਆਪਣੇ ਪਤੀ ਨੂੰ ਕਿਹਾ:

"ਮੇਰਿਆ ਜ਼ਾਰਾ, ਮੈਂ ਵੇਖ ਰਹੀ ਆਂ, ਤੈਨੂੰ ਆਪਣੀ ਜ਼ਾਰਸ਼ਾਹੀ ਦਾ ਬਹੁਤਾ ਪਤਾ ਨਹੀਂ। ਲੋਕ ਤੈਨੂੰ ਸਾਰਾ ਸੱਚ ਨਹੀਂ ਦਸਦੇ, ਉਹ ਤੈਨੂੰ ਯਕੀਨ ਕਰਾਣਾ ਚਾਹੁੰਦੇ ਨੇ, ਸਭ ਕੁਝ ਠੀਕ-ਠੀਕ ਚਲ ਰਿਹੈ। ਪਰ ਸ਼ਾਇਦ ਅਸਲੋਂ ਇੰਜ ਨਹੀਂ। ਚੰਗਾ ਹੋਵੇ, ਜੇ ਤੂੰ ਕਦੀ-ਕਦੀ ਦੇਸ ਦਾ ਚੱਕਰ ਲਾਏਂ, ਕਦੀ ਭਿਖਾਰੀ ਦੇ ਭੇਸ ਵਿਚ, ਕਦੀ ਮਜ਼ਦੂਰ ਜਾਂ ਸੁਦਾਗਰ ਦੇ ਭੇਸ ਵਿਚ।"

"ਠੀਕ ਕਹਿ ਰਹੀਂ ਏ ਤੂੰ, ਅਨਾਇਤ," ਵਾਚਾਗਾਨ ਨੇ ਜਵਾਬ ਦਿਤਾ। "ਜਦੋਂ ਮੈਂ ਪਿੰਡਾਂ 'ਚ ਸ਼ਿਕਾਰ ਖੇਡਦਾ ਹੁੰਦਾ ਸਾਂ, ਲੋਕਾਂ ਨੂੰ ਹੁਣ ਨਾਲੋਂ ਚੰਗਾ ਜਾਣਦਾ ਸਾਂ। ਪਰ ਹੁਣ ਮੈਂ ਕਿਵੇਂ ਜਾ ਸਕਨਾਂ? ਮੇਰੇ ਪਿਛੋਂ ਰਾਜ ਕੌਣ ਕਰੇਗਾ?

"ਮੈਂ ਕਰਾਂਗੀ," ਅਨਾਇਤ ਨੇ ਕਿਹਾ ਤੇ ਅਗੋਂ ਬੋਲੀ "ਤੇ ਕਿਸੇ ਨੂੰ ਦੱਸਣ ਦੀ ਲੋੜ ਨਹੀਂ, ਤੂੰ ਗਿਆ ਹੋਇਐਂ।"

"ਠੀਕ ਏ। ਤਾਂ ਮੈਂ ਆਪਣੇ ਸਫ਼ਰ ਤੇ ਕਲ ਰਵਾਨਾ ਹੋ ਜਾਵਾਂਗਾ। ਜੇ ਮੈਂ ਵੀਹ ਦਿਨਾਂ 'ਚ ਵਾਪਸ ਨਹੀਂ ਆਂਦਾ, ਤਾਂ ਸਮਝ ਲਈਂ, ਜਾਂ ਤੇ ਮੈਂ ਜਿਊਂਦਾ ਨਹੀਂ ਤਾਂ ਜਾਂ ਮੇਰੇ ਸਿਰ ਕੋਈ ਮੁਸੀਬਤ ਆ ਗਈ ਏ।"

੫

ਤੇ ਇਸ ਤਰ੍ਹਾਂ ਇਕ ਆਮ ਕਿਸਾਨ ਦਾ ਭੇਸ ਵਟਾ, ਜ਼ਾਰ ਵਾਚਾਗਾਨ ਆਪਣੀ ਜ਼ਾਰਸ਼ਾਹੀ ਦਾ ਚੱਕਰ ਲਾਣ ਲਗ ਪਿਆ। ਉਹਨੇ ਬਹੁਤ ਕੁਝ ਵੇਖਿਆ ਤੇ ਬਹੁਤ ਕੁਝ ਸੁਣਿਆ, ਤੇ ਕੁਝ ਚਿਰ ਪਿਛੋਂ ਉਹ ਪੇਰੋਜ਼ ਨਾਂ ਦੇ ਸ਼ਹਿਰ ਪਹੁੰਚਿਆ।



ਓਥੇ ਸ਼ਹਿਰ ਦੇ ਵਿਚਕਾਰ ਇਕ ਬਹੁਤ ਵਡਾ ਚੌਕ ਸੀ ਤੇ ਇਕ ਮਡੀ, ਜਿਹਦੇ ਚੌਹਾਂ ਪਾਸੀਂ ਦਸਤਕਾਰਾਂ ਤੇ ਵਪਾਰੀਆਂ ਦੀਆਂ ਦੁਕਾਨਾਂ ਸਨ।

ਇਕ ਦਿਨ ਜਦੋਂ ਵਾਚਾਗਾਨ ਚੌਕ ਵਿਚ ਬੈਠਾ ਹੋਇਆ ਸੀ, ਉਹਨੇ ਲੋਕਾਂ ਦੀ ਇਕ ਭੀੜ ਵੇਖੀ, ਜਿਹੜੀ ਇਕ ਬਹੁਤ ਹੀ ਬੁਢੇ ਆਦਮੀ ਦੇ ਮਗਰ-ਮਗਰ ਟੁਰੀ ਆ ਰਹੀ ਸੀ। ਬੁੱਢਾ ਡਾਢਾ ਹੌਲੀ ਹੌਲੀ ਚਲ ਰਿਹਾ ਸੀ। ਪਹਿਲੋਂ ਉਹਦੇ ਅਗੇ ਵਾਲਾ ਰਾਹ ਸਾਫ਼ ਕੀਤਾ ਜਾਂਦਾ ਸੀ ਤੇ ਉਹਦੇ ਪੈਰਾਂ ਹੇਠ ਇੱਟਾਂ ਰਖੀਆਂ ਜਾਂਦੀਆਂ ਸਨ, ਤੇ ਫੇਰ ਉਹਨਾਂ ਉਤੇ ਉਹ ਪੈਰ ਰਖਦਾ ਸੀ।

ਵਾਚਾਗਾਨ ਨੇ ਕਿਸੇ ਲੰਘਦੇ-ਜਾਂਦੇ ਤੋਂ ਪੁਛਿਆ, ਉਹ ਬੁਢਾ ਕੌਣ ਸੀ।

"ਇਹ ਵੀ ਨਹੀਂ ਪਤਾ ਤੈਨੂੰ!" ਆਦਮੀ ਬੋਲ ਉਠਿਆ। "ਵਡੇ ਮਹੰਤ ਹੁਰੀ ਨੀ ਤੇ ਏਨੇ ਪਾਕ-ਸਾਫ਼ ਨੇ ਕਿ ਭੁੰਜੇ ਪੈਰ ਤਕ ਨਹੀਂ ਰਖਦੇ, ਮਤੇ ਕੋਈ ਕੀੜਾ ਨਾ ਮਿਧਿਆ ਜਾਵੇ।"

ਫੇਰ ਚੌਕ ਵਿਚ ਇਕ ਗਲੀਚਾ ਵਿਛਾ ਦਿਤਾ ਗਿਆ, ਤੇ ਵਡਾ ਮਹੰਤ ਆਰਾਮ ਕਰਨ ਲਈ ਗੋਡਿਆਂ ਭਾਰ ਉਹਦੇ ਉਤੇ ਬਹਿ ਗਿਆ। ਬੁੱਢੇ ਦੇ ਨੇੜੇ ਪਹੁੰਚਣ ਤੇ ਸੁਣਨ ਲਈ, ਉਹ ਕੀ ਕਹਿੰਦਾ ਏ, ਵਾਚਾਗਾਨ ਭੀੜ ਵਿਚੋਂ ਰਾਹ ਬਣਾਂਦਾ ਅਗੇ ਆ ਗਿਆ। ਵਡੇ ਮਹੰਤ ਦੀਆਂ ਅੱਖਾਂ ਤੇਜ਼ ਸਨ। ਵਾਚਾਗਾਨ ਨੂੰ ਵੇਖਦਿਆਂ ਸਾਰ ਹੀ ਉਹਨਾਂ ਤਾੜ ਲਿਆ, ਉਹ ਓਪਰਾ ਆਦਮੀ ਸੀ।

"ਕੌਣ ਏਂ ਤੂੰ ਤੇ ਗੁਜ਼ਾਰੇ ਲਈ ਕੀ ਕਰਨੈਂ?" ਵਡੇ ਮਹੰਤ ਨੇ ਪੁਛਿਆ।

"ਮੈਂ ਦੂਰੋਂ ਆਇਆ ਕਾਰੀਗਰ ਹਾਂ," ਵਾਚਾਗਾਨ ਨੇ ਜਵਾਬ ਦਿਤਾ। "ਮੈਂ ਸ਼ਹਿਰ ਕੰਮ ਲੱਭਣ ਆਇਆਂ।"

"ਠੀਕ ਏ, ਮੇਰੇ ਨਾਲ ਆ, ਮੈਂ ਤੈਨੂੰ ਕੰਮ ਦਿਆਂਗਾ ਤੇ ਚੰਗਾ ਮਿਹਨਤਾਨਾ।"

ਵਾਚਾਗਾਨ ਨੇ ਹਾਂ ਵਿਚ ਸਿਰ ਹਿਲਾਇਆ ਤੇ ਵਡੇ ਮਹੰਤ ਨੇ ਆਪਣੇ ਸਹਾਇਕਾਂ, ਆਪਣੇ ਵਰਗੇ ਹੀ ਮਹੰਤਾਂ, ਦੇ ਕੰਨੀਂ ਕੁਝ ਆਖਿਆ ਤੇ ਉਹ ਇਕਦਮ ਹੀ ਵਖ-ਵਖ ਪਾਸਿਆਂ ਨੂੰ ਟੁਰ ਪਏ।

ਕੁਝ ਚਿਰ ਪਿਛੋਂ ਉਹ ਪਾਂਡੀਆਂ ਨਾਲ ਪਰਤ ਆਏ, ਜਿਹੜੇ ਹਰ ਕਿਸਮ ਦੇ ਸਾਮਾਨ ਨਾਲ ਲੱਦੇ ਹੋਏ ਸਨ। ਫੇਰ ਵਡਾ ਮਹੰਤ ਉਠਿਆ ਤੇ ਚੌਕ ਤੋਂ ਚਲ ਪਿਆ ਤੇ ਵਾਚਾਗਾਨ ਚੁਪ-ਚਾਪ ਉਹਦੇ ਪਿਛੇ-ਪਿਛੇ ਹੋ ਪਿਆ। ਇਸ ਤਰ੍ਹਾਂ ਉਹ ਸ਼ਹਿਰ ਦੇ ਫਾਟਕਾਂ ਕੋਲ ਪਹੁੰਚ ਗਏ।

ਏਥੇ ਵਡੇ ਮਹੰਤ ਨੇ ਲੋਕਾਂ ਨੂੰ ਅਸ਼ੀਰਬਾਦ ਦਿਤਾ। ਲੋਕ ਛੇਤੀ ਹੀ ਖਿੰਡ-ਪੁੰਡ ਗਏ ਤੇ ਪਿਛੇ ਮਹੰਤ, ਪਾਂਡੀ ਤੇ ਵਾਚਾਗਾਨ ਹੀ ਰਹਿ ਗਏ। ਜਦੋਂ ਸ਼ਹਿਰ ਉਹਨਾਂ ਤੋਂ ਦੂਰ ਰਹਿ ਗਿਆ, ਉਹ ਇਕ ਉਚੀ ਕੰਧ ਕੋਲ ਪਹੁੰਚੇ, ਜਿਹਦੇ ਵਿਚ ਇਕ ਫਾਟਕ ਸੀ। ਵਡੇ ਮਹੰਤ ਨੇ ਇਕ ਲੰਮੀ-ਚੌੜੀ ਚਾਬੀ ਕੱਢੀ ਤੇ ਫਾਟਕ ਖੋਲ੍ਹਿਆ।

ਅੰਦਰ ਇਕ ਬਹੁਤ ਵਡਾ ਚੌਕ ਸੀ ਤੇ ਅਧ-ਵਿਚਕਾਰ ਇਕ ਮੰਦਰ ਬਣਿਆ ਹੋਇਆ ਸੀ, ਜਿਹਦੇ ਚੁਗਿਰਦੇ ਕੁਟਿਆਵਾਂ ਸਨ। ਪਾਂਡੀਆਂ ਨੇ ਚੁੱਕੀਆਂ ਹੋਈਆਂ ਗੰਢਾਂ ਰਖ ਦਿਤੀਆਂ ਤੇ ਵਡਾ ਮਹੰਤ ਉਹਨਾਂ ਨੂੰ ਤੇ ਵਾਚਾਗਾਨ ਨੂੰ ਮੰਦਰ ਦੇ ਦੂਜੇ ਪਾਸੇ ਲੈ ਗਿਆ, ਤੇ ਲੋਹੇ ਦਾ ਇਕ ਬੂਹਾ ਖੋਲ੍ਹ, ਕਹਿਣ ਲਗਾ:

"ਲੰਘ ਜਾਓ ਅੰਦਰ, ਤੁਹਾਨੂੰ ਓਥੇ ਕੰਮ ਦਿਤਾ ਜਾਵੇਗਾ।"

ਉਹ ਬੌਂਦਲਾ ਗਏ, ਚੁਪ-ਚਾਪ ਅੰਦਰ ਵੜ ਗਏ ਤੇ ਉਹਨਾਂ ਵੇਖਿਆ ਉਹ ਹਨੇਰੇ ਭੋਹਰੇ ਵਿਚ ਪਏ ਹੋਏ ਸਨ। ਉਹਨਾਂ ਦੇ ਅੰਦਰ ਵੜਨ ਉਤੇ ਵਡੇ ਮਹੰਤ ਨੇ ਬੂਹੇ ਨੂੰ ਜੰਦਰਾ ਲਾ ਦਿਤਾ, ਤੇ ਇਹ ਜਾਣਦਿਆਂ ਕਿ ਵਾਪਸ ਜਾਣ ਦਾ ਰਾਹ ਨਹੀਂ ਸੀ ਰਿਹਾ, ਉਹ ਅਗੇ ਟੁਰ ਪਏ।

## ੬

ਉਹ ਕਿੰਨਾ ਹੀ ਚਿਰ ਟੁਰਦੇ ਗਏ ਤੇ ਅਖ਼ੀਰ, ਚਾਣਚਕ ਹੀ ਉਹਨਾਂ ਨੂੰ ਦੂਰ ਇਕ ਮਾਂਦੀ ਜਿਹੀ ਲੋ ਹੋਈ ਦਿੱਸੀ। ਉਹ ਉਹਦੇ ਵਲ ਹੋ ਪਏ ਤੇ ਛੇਤੀ ਹੀ ਪੱਥਰ ਦੀ ਇਕ ਗੁਫਾ ਕੋਲ ਅਪੜ ਪਏ। ਉਹਦੇ ਅੰਦਰੋਂ ਸਿਸਕੀਆਂ ਤੇ ਚੀਕਾਂ ਸੁਣੀ ਰਹੀਆਂ ਸਨ। ਹੋਰ ਬਹੁਤਾ ਸੁਣਨ ਲਈ ਕੰਨਾਂ ਉਤੇ ਜ਼ੋਰ ਪਾਂਦਿਆਂ, ਉਹਨਾਂ ਹੈਰਾਨੀ ਨਾਲ ਆਪਣੇ ਦੁਆਲੇ ਵੇਖਿਆ। ਓਸੇ ਪਲ ਲਾਂਘੇ ਦੇ ਹਨੇਰੇ ਵਿਚ ਇਕ ਪਰਛਾਵੇਂ ਵਰਗਾ ਅਕਾਰ ਦਿਸਿਆ। ਜਿਵੇਂ ਜਿਵੇਂ ਉਹ ਨੇੜੇ ਆਉਂਦਾ ਗਿਆ, ਉਹਦਾ ਮੂੰਹ-ਮੁਹਾਂਦਰ ਉਗੜਦਾ ਗਿਆ। ਵਾਚਾਗਾਨ ਉਹਦੇ ਵਲ ਵਧਿਆ।

"ਕੌਣ ਏਂ ਤੂੰ—ਬੰਦਾ ਜਾਂ ਭੂਤ?" ਉਹਨੇ ਉੱਚੀ ਸਾਰੀ ਆਵਾਜ਼ ਦਿਤੀ। "ਜੇ ਤੂੰ ਬੰਦਾ ਏਂ, ਤਾਂ ਦਸ, ਅਸੀਂ ਕਿਥੇ ਆਂ।"

ਪਰਛਾਵਾਂ ਹੋਰ ਨੇੜੇ ਆ ਗਿਆ ਤੇ ਕੰਬਦਾ ਹੋਇਆ ਉਹਨਾਂ ਸਾਹਮਣੇ ਖਲੋ ਗਿਆ। ਉਹ ਬੰਦਾ ਸੀ, ਪਰ ਬੰਦਾ ਏਡੀ ਬੁਰੀ ਬਾਬ ਵਾਲਾ, ਜਿੱਡੀ ਵੀ ਬੁਰੀ ਸੋਚੀ ਜਾ ਸਕਦੀ ਏ! ਉਹਦਾ ਮੂੰਹ ਕਿਸੇ ਲੋਥ ਵਰਗਾ ਸੀ, ਅੱਖਾਂ ਅੰਦਰ ਵੜੀਆਂ ਹੋਈਆਂ ਸਨ, ਖੂੰਨੇ ਬਹੁਤ ਹੀ ਬਾਹਰ ਨਿਕਲੇ ਹੋਏ ਸਨ ਤੇ ਉਹਦੇ ਪਿੰਡੇ ਦੀਆਂ ਸਾਰੀਆਂ ਦੀਆਂ ਸਾਰੀਆਂ ਹੱਡੀਆਂ ਦਿਸ ਰਹੀਆਂ ਸਨ। ਡੁਸਕਦਿਆਂ ਤੇ ਥਥਿਆਂਦਿਆਂ ਉਹ ਕਹਿਣ ਲਗਾ:

"ਮੇਰੇ ਨਾਲ ਆਓ, ਮੈਂ ਤੁਹਾਨੂੰ ਸਭ ਕੁਝ ਵਿਖਾਨਾਂ।"

ਉਹ ਹੇਠਾਂ ਸੌੜੇ ਜਿਹੇ ਲਾਂਘੇ ਵਿਚ ਉਹਦੇ ਮਗਰ ਟੁਰ ਪਏ ਤੇ ਇਕ ਹੋਰ ਗੁਫਾ ਕੋਲ ਪੁੱਜੇ। ਓਥੇ ਕਿੰਨੇ ਹੀ ਬੰਦੇ, ਨੰਗ-ਮੁਨੰਗੇ, ਮਰਨ-ਪੀੜ ਨਾਲ ਕੜੁੱਲ ਖਾ ਰਹੇ ਸਨ। ਤੀਜੀ ਗੁਫਾ ਵਿਚ ਵਡੇ-ਵਡੇ ਕੜਾਹੇ ਰਖੇ ਪਏ ਸਨ, ਜਿਨ੍ਹਾਂ ਵਿਚ ਕੁਝ ਚਾੜ੍ਹਿਆ ਜਾ ਰਿਹਾ ਲਗਦਾ ਸੀ। ਵਾਚਾਗਾਨ ਇਕ ਕੜਾਹੇ ਉਤੇ ਉੜ੍ਹਿਆ ਤੇ ਘਿਣ ਨਾਲ ਇਕਦਮ ਪਿਛੇ ਆ ਗਿਆ, ਉਹਨੇ ਆਪਣੇ ਸਾਥੀਆਂ ਨੂੰ ਇਕ ਲਫ਼ਜ਼ ਵੀ ਨਾ ਕਿਹਾ। ਅਗੇ ਉਹਨਾਂ ਵੇਖਿਆ, ਉਹ ਇਕ ਹੋਰ ਲਾਂਘੇ ਵਿਚ ਖੜੇ ਸਨ। ਏਥੇ ਘੁਸਮੁਸੇ ਵਿਚ ਕਈ ਸੌ ਆਦਮੀ ਜੁੱਟੇ ਹੋਏ ਸਨ, ਰੰਗ ਉਹਨਾਂ ਦਾ ਪੀਲਾ-ਵਸਾਰ ਸੀ। ਕੁਝ ਕਢਾਈ ਕਰ ਰਹੇ ਸਨ, ਕੁਝ ਬੁਣ ਰਹੇ ਸਨ, ਕੁਝ ਸਿਉਂ ਰਹੇ ਸਨ।

ਲੋਥ-ਲਗਦੇ ਆਦਮੀ ਨੇ ਆਖਿਆ:

"ਓਹੀਓ ਈ ਸ਼ੈਤਾਨ ਮਹੰਤ, ਜਿਦ੍ਹੇ ਵਲਛਲ ਨਾਲ ਤੁਸੀਂ ਏਸ ਭੋਹਰੇ ਵਿਚ ਪਹੁੰਚੇ ਹੋ, ਏਸੇ ਤਰ੍ਹਾਂ ਸਾਨੂੰ ਵੀ ਫ਼ਰੇਬ ਦੇ ਏਥੇ ਲੈ ਆਇਆ। ਮੈਨੂੰ ਪਤਾ ਨਹੀਂ, ਮੈਂ ਏਥੇ ਕਿੰਨੇ ਵਰ੍ਹੇ ਗੁਜ਼ਾਰੇ ਨੇ, ਏਸ ਲਈ ਕਿ ਏਥੇ ਨਾ ਦਿਨ ਹੁੰਦਾ ਏ, ਨਾ ਰਾਤ ਪੈਂਦੀ ਏ, ਬਸ ਇਹ ਮੁੱਕਣ ਨਾ ਵਾਲਾ, ਸਦੀਵੀ ਘੁਸਮੁਸਾ ਰਹਿੰਦਾ ਏ। ਮੈਨੂੰ ਸਿਰਫ਼ ਇਹ ਪਤੈ, ਸਾਰੇ ਜਿਹੜੇ ਮੇਰੇ ਨਾਲ ਆਏ ਸਨ, ਮਰ ਚੁਕੇ ਨੇ। ਮਹੰਤ ਉਹਨਾਂ ਲੋਕਾਂ ਨੂੰ ਛਲ ਲਿਆਂਦੇ ਨੇ, ਜਿਨ੍ਹਾਂ ਨੂੰ ਕੋਈ ਕੰਮ ਆਂਦੈ, ਤੇ ਜਿਨ੍ਹਾਂ ਨੂੰ ਕੋਈ ਕੰਮ ਨਹੀਂ ਆਂਦਾ। ਪਹਿਲਿਆਂ ਕੋਲੋਂ ਉਹ ਏਨਾ ਕੰਮ ਕਰਾਂਦੇ ਨੇ ਕਿ ਉਹ ਕਰਦੇ-ਕਰਦੇ ਮਰ ਜਾਂਦੇ ਨੇ, ਤੇ ਬਾਕੀਆਂ ਦਿਆਂ ਨੂੰ ਉਹ ਲੈ ਜਾਂਦੇ ਨੇ, ਵੱਢੇ ਜਾਣ ਲਈ ਤੇ ਉਹਨਾਂ ਭਿਆਨਕ ਕੜਾਹਿਆਂ ਵਿਚ ਉਬਾਲੇ ਜਾਣ ਲਈ, ਜਿਹੜੇ ਤੁਸੀਂ ਵੇਖੇ ਨੇ। ਉਹ ਸ਼ੈਤਾਨ ਬੁੱਢਾ ਵਡਾ ਮਹੰਤ 'ਕੱਲਾ ਨਹੀਂ; ਸਾਰੇ ਈ ਮਹੰਤ ਉਹਦੇ ਨਾਲ ਨੇ।"

ਵਾਚਾਗਾਨ ਨੇ ਬੋਲਣ ਵਾਲੇ ਵਲ ਜਦੋਂ ਧਿਆਨ ਨਾਲ ਵੇਖਿਆ, ਤਾਂ ਉਹਨੇ ਤਕਿਆ, ਉਹ ਉਹਦਾ ਆਪਣਾ ਵਫ਼ਾਦਾਰ ਵਾਘੀਨਾਕ ਹੀ ਸੀ। ਪਰ ਉਹ ਮੂੰਹੋਂ ਕੁਝ ਨਾ ਬੋਲਿਆ, ਮਤੇ ਉਹਨਾਂ ਦੇ ਮੁੜ ਮਿਲ ਪੈਣ ਦੀ ਖੁਸ਼ੀ ਨਾਲ ਉਹ ਕੱਚੀ ਤੰਦ ਟੁਟ ਜਾਏ, ਜਿਨ੍ਹੇ ਵਾਘੀਨਾਕ ਨੂੰ ਜ਼ਿੰਦਗੀ ਨਾਲ ਜੋੜਿਆ ਹੋਇਆ ਸੀ।

੭

ਜਦੋਂ ਵਾਘੀਨਾਕ ਚਲਾ ਗਿਆ, ਵਾਚਾਗਾਨ ਨੇ ਉਹਨਾਂ ਆਦਮੀਆਂ ਨੂੰ, ਜਿਹੜੇ ਉਹਦੇ ਨਾਲ ਸਨ, ਪੁਛਿਆ ਉਹ ਕੌਣ ਸਨ ਤੇ ਕਿਹੜਾ ਕੰਮ ਕਰ ਸਕਦੇ ਸਨ। ਇਕ ਨੇ ਕਿਹਾ ਕਿ ਉਹ ਦਰਜ਼ੀ ਏ, ਦੂਜੇ ਨੇ ਕਿਹਾ ਉਹ ਬੁਣਕਰ ਏ। ਬਾਕੀਆਂ ਨੂੰ ਕੋਈ ਕੰਮ ਨਹੀਂ ਸੀ ਆਉਂਦਾ, ਪਰ ਵਾਚਾਗਾਨ ਨੇ ਇਹ ਕਹਿਣ ਦਾ ਮਤਾ ਪਕਾ ਲਿਆ, ਉਹ ਉਹਦੇ ਸਹਾਇਕ ਸਨ।

ਛੇਤੀ ਹੀ ਉਹਨਾਂ ਨੂੰ ਪੈਰਾਂ ਦਾ ਖੜਾਕ ਸੁਣੀਤਾ, ਤੇ ਇਕ ਮਹੰਤ ਉਹਨਾਂ ਦੇ ਸਾਹਮਣੇ ਆਨ ਖਲੋਤਾ। ਉਹਦੇ ਨਾਲ ਬਹੁਤ ਸਾਰੇ ਹਥਿਆਰਬੰਦ ਆਦਮੀ ਸਨ। ਮਹੰਤ ਦੇ ਮੂੰਹ ਉਤੇ ਖੋਰ-ਖੁਣਸ ਤੇ ਬੇ-ਦਰਦੀ ਦੀ ਮੁਹਰ ਲਗੀ ਹੋਈ ਸੀ।

"ਤੁਸੀਂ ਓ ਨਵੇਂ ਆਉਣ ਵਾਲੇ?" ਮਹੰਤ ਨੇ ਪੁਛਿਆ।

"ਆਹਖੋ, ਅਸੀਂ ਈ ਹਾਂ, ਤਰਸਵਾਨ ਮਹੰਤ ਜੀ, ਤੁਹਾਡੇ ਸੇਵਕ,' ਵਾਚਾਗਾਨ ਨੇ ਜਵਾਬ ਦਿਤਾ।

"ਤੁਹਾਡੇ 'ਚੋਂ ਕੰਮ ਕਿਹਨੂੰ-ਕਿਹਨੂੰ ਆਉਂਦੈ?"

"ਸਾਨੂੰ ਸਾਰਿਆਂ ਨੂੰ!" ਵਾਚਾਗਾਨ ਨੇ ਜਵਾਬ ਦਿਤਾ। "ਸਾਨੂੰ ਵਧੀਆ ਜ਼ਰੀ ਬੁਣਨੀ ਆਉਂਦੀ ਏ, ਜਿਹੜੀ ਸੋਨੇ ਨਾਲੋਂ ਸੌ ਗੁਣਾਂ ਮਹਿੰਗੀਹੁ ਦੀ ਏ।"

"ਠੀਕ ਆਖ ਰਿਹੈਂ?"

"ਇਹ ਤੁਸੀਂ ਆਪ ਪਰਖ ਸਕਦੇ ਹੋ।"

"ਚੰਗਾ, ਪਰਖਾਂਗਾ। ਹੁਣ ਮੈਨੂੰ ਦਸੋ, ਕਿਹੜੇ-ਕਿਹੜੇ ਔਜ਼ਾਰ ਤੇ ਸਾਮਾਨ ਚਾਹੀਦਾ ਜੇ, ਤੇ ਫੇਰ ਸਭਨਾਂ ਵਾਲੇ ਖਾਤੇ 'ਚ ਕੰਮ ਕਰਨ ਲਗ ਪਵੋ।"

"ਅਸੀਂ ਓਥੇ ਕੰਮ ਨਹੀਂ ਕਰ ਸਕਾਂਗੇ," ਵਾਚਾਗਾਨ ਨੇ ਏਤਰਾਜ਼ ਕੀਤਾ। "ਸਾਡੇ ਲਈ ਏਥੇ ਈ ਕੰਮ ਕਰਨਾ ਚੰਗੈ; ਤੇ ਜੇ ਸਾਡੇ ਖਾਣ ਦੀ ਪੁਛਦੇ ਹੋ, ਤਾਂ ਅਸੀਂ ਮਾਸ ਨਹੀਂ ਜੇ ਖਾਂਦੇ ਹੁੰਦੇ ਤੇ ਜੇ ਸਾਨੂੰ ਜ਼ੋਰੀਂ ਖੁਆਇਆ ਗਿਆ ਤਾਂ ਸਾਡੀ ਮੌਤ ਹੋ ਸਕਦੀ ਏ।"

"ਠੀਕ ਏ," ਮਹੰਤ ਨੇ ਆਖਿਆ। "ਤੁਹਾਨੂੰ ਰੋਟੀ ਤੇ ਸਬਜ਼ੀ ਮਿਲੇਗੀ, ਪਰ ਜੇ ਤੁਹਾਡਾ ਕੰਮ, ਜਿਨਾ ਤੂੰ ਮੈਨੂੰ ਮੰਨਣ ਲਈ ਕਿਹੈ, ਉਸ ਤੋਂ ਘਟ ਕੀਮਤੀ ਨਿਕਲਿਆ, ਤਾਂ ਮੈਂ ਤੁਹਾਨੂੰ ਬੁੱਚੜਖਾਨੇ ਭੇਜ ਦਿਆਂਗਾ ਤੇ ਤਸੀਹੇ ਦੁਆ ਦੁਆ ਮਰਵਾ ਦਿਆਂਗਾ।"

ਮਹੰਤ ਨੇ ਉਹਨਾਂ ਨੂੰ ਕੁਝ ਸਬਜ਼ੀ ਤੇ ਕੁਝ ਰੋਟੀ ਭੇਜੀ, ਜੁ ਉਹਨਾਂ ਵਾਘੀਨਾਕ ਤੇ ਕੁਝ ਹੋਰਨਾਂ ਨਾਲ ਵੰਡਾ ਕੇ ਖਾਧੀ, ਤੇ ਵਾਚਾਗਾਨ ਕੰਮ ਲਗ ਗਿਆ। ਉਹਨੇ ਛੇਤੀ ਹੀ ਬਹੁਤ ਹੀ ਸ਼ਾਨਦਾਰ ਜ਼ਰੀ ਦਾ ਇਕ ਟੋਟਾ ਬੁਣਿਆ ਤੇ ਉਹਦੇ ਉਤੇ ਉਹ ਨਮੂਨੇ ਪਾਏ, ਜਿਹੜੇ ਉਸ ਡਰਾਉਣੇ ਜੇਲ੍ਹਖਾਨੇ ਦੀਆਂ, ਜਿਹਦੇ ਵਿਚ ਉਹ

ਬੰਦ ਪਿਆ ਸੀ, ਸਾਰੀਆਂ ਦੀਆਂ ਸਾਰੀਆਂ ਹੌਲਨਾਕੀਆਂ ਚਿਤਰਦੇ ਸਨ, ਪਰ ਜਿਹੜੇ ਪੜ੍ਹੇ-ਬੁੱਝੇ ਥੋੜੇ ਜਿੰਨੇ ਇਸ ਚੀਜ਼ ਦੇ ਇਲਮ ਵਾਲਿਆਂ ਕੋਲੋਂ ਹੀ ਜਾ ਸਕਦੇ ਸਨ।

ਵਾਚਾਗਾਨ ਦੀ ਕਾਰੀਗਰੀ ਵੇਖ ਮਹੰਤ ਖੁਸ਼ ਹੋ ਗਿਆ।

ਵਾਚਾਗਾਨ ਨੇ ਆਖਿਆ:

"ਮੈਂ ਤੁਹਾਨੂੰ ਕਿਹਾ ਸੀ, ਜ਼ਰੀ ਜਿਹੜੀ ਅਸੀਂ ਬੁਣੀ ਏ, ਸੋਨੇ ਨਾਲੋਂ ਸੌ ਗੁਣਾਂ ਕੀਮਤੀ ਏ। ਪਰ ਇਹ ਉਹਦੇ ਨਾਲੋਂ ਵੀ ਦੂਣੀ ਕੀਮਤ ਵਾਲੀ ਜੇ, ਏਸ ਲਈ ਕਿ ਇਹਦੇ ਨਮੂਨੇ 'ਚ ਕੁਝ ਰੱਖਾਂ ਬੁਣੀਆਂ ਗਈਆਂ ਨੇ। ਅਫ਼ਸੋਸ ਏ, ਆਮ ਆਦਮੀ ਇਹਦਾ ਮੁਲ ਨਹੀਂ ਪਾ ਸਕਦੇ। ਇਹਨਾਂ ਦਾ ਮਤਲਬ ਸਿਰਫ਼ ਸਰਬ-ਸੁਜਾਨ ਜ਼ਾਰਿਤਸਾ ਅਨਾਇਤ ਈ ਸਮਝੇਗੀ।"

ਲਾਲਚੀ ਮਹੰਤ ਦੰਗ ਰਹਿ ਗਿਆ ਤੇ ਉਹਨੇ ਜ਼ਰੀ ਵੇਚਣ ਦਾ ਫ਼ੈਸਲਾ ਕਰ ਲਿਆ, ਪਰ ਇਸ ਤਰ੍ਹਾਂ ਕਿ ਉਹਦੇ ਨਫ਼ੇ ਵਿਚੋਂ ਹਿੱਸਾ ਕਿਸੇ ਨੂੰ ਵੀ ਨਾ ਜਾਵੇ। ਤੇ ਉਹਨੇ ਵਡੇ ਮਹੰਤ ਨਾਲ ਇਹਦੀ ਗਲ ਈ ਨਾ ਕੀਤੀ ਤੇ ਨਾ ਜ਼ਰੀ ਹੀ ਵਿਖਾਈ, ਤੇ ਉਹਨੂੰ ਫੜ ਵਾਚਾਗਾਨ ਦੇ ਮਹਿਲ ਵਲ ਨੂੰ ਹੋ ਪਿਆ।

## ੮

ਅਨਾਇਤ ਨੇ ਦੇਸ ਉਤੇ ਚੰਗਾ ਰਾਜ ਕੀਤਾ, ਤੇ ਹਰ ਕਿਸੇ ਨੂੰ ਤਸੱਲੀ ਸੀ। ਕਿਸੇ ਨੂੰ ਸ਼ਕ ਤਕ ਵੀ ਨਾ ਪਿਆ, ਜ਼ਾਰ ਕਿਤੇ ਗਿਆ ਹੋਇਆ ਸੀ। ਪਰ ਆਪ ਜ਼ਾਰਿਤਸਾ ਨੂੰ ਚਿੰਤਾ ਲਗੀ ਹੋਈ ਸੀ। ਨੀਅਤ ਵਕਤ ਤੋਂ ਦਸ ਦਿਨ ਬਹੁਤੇ ਲੰਘ ਗਏ ਸਨ, ਪਰ ਅਜੇ ਵਾਚਾਗਾਨ ਪਰਤਿਆ ਨਹੀਂ ਸੀ। ਰਾਤੀਂ ਅਨਾਇਤ ਨੂੰ ਡਰਾਉਣੇ ਸੁਫ਼ਨੇ ਆਉਂਦੇ। ਦਿਨੇ ਉਹਨੂੰ ਅਜੀਬ-ਅਜੀਬ ਝੌਲੇ ਪੈਂਦੇ। ਵਾਚਾਗਾਨ ਦਾ ਕੁੱਤਾ, ਜ਼ਾਂਗੀ, ਲਗਾਤਾਰ ਘੁਰਕਦਾ ਤੇ ਚਾਂਗਰਦਾ ਰਹਿੰਦਾ; ਉਹਦਾ ਘੋੜਾ ਕਿਸੇ ਚੀਜ਼ ਨੂੰ ਮੂੰਹ ਨਾ ਲਾਂਦਾ, ਤੇ ਇੰਜ ਤਰਸ-ਆਂਦੇ ਢੰਗ ਨਾਲ ਹਿਣਕਦਾ, ਜਿਵੇਂ ਕਿਸੇ ਵਛੇਰੇ ਦੀ ਮਾਂ ਗੁਆਚ ਗਈ ਹੋਵੇ। ਚੂਚੇ ਕੁੱਕੜਾਂ ਵਾਂਗ ਬਾਂਗਾਂ ਦੇਂਦੇ ਤੇ ਕੁੱਕੜ ਤਿੱਤਰਾਂ ਵਾਂਗ ਚੀਕਾਂ ਮਾਰਦੇ। ਦਰਿਆ ਦੇ ਪਾਣੀ ਵਿਚ ਕੁਲ-ਕੁਲ ਤੇ ਛਰਬਲ ਨਾ ਹੁੰਦੀ, ਤੇ ਉਹ ਨਿਮ੍ਹੀ ਘੁੱਟੀ ਜਿਹੀ ਆਵਾਜ਼ ਵਿਚ ਵਹਿੰਦਾ। ਨਿਤ ਨਿੱਡਰ ਰਹਿਣ ਵਾਲੀ ਅਨਾਇਤ ਸਹਿਮੀ ਹੋਈ ਸੀ। ਉਹਦਾ ਆਪਣੇ ਪਰਛਾਵੇਂ ਨਾਲ ਹੀ ਤਰਾਹ ਨਿਕਲ ਜਾਂਦਾ ਸੀ।

ਇਕ ਸਵੇਰੇ ਉਹਨੂੰ ਦਸਿਆ ਗਿਆ, ਸੁਹਣਾ ਮਾਲ ਲੈ ਇਕ ਸੁਦਾਗਰ ਆਇਆ ਏ।

ਅਨਾਇਤ ਨੇ ਹੁਕਮ ਦਿਤਾ, ਪ੍ਰਦੇਸੀ ਨੂੰ ਉਹਦੇ ਕੋਲ ਲਿਆਂਦਾ ਜਾਏ।

ਆਦਮੀ ਜਿਹੜਾ ਅੰਦਰ ਆਇਆ, ਬੜੇ ਡਰਾਉਣੇ ਮੂੰਹ ਵਾਲਾ ਸੀ। ਉਹਨੇ ਜ਼ਾਰਿਤਸਾ ਅਗੇ ਸਿਰ ਨਿਵਾਇਆ ਤੇ ਚਾਂਦੀ ਦੀ ਇਕ ਤਸ਼ਤਰੀ ਅਗੇ ਕੀਤੀ, ਜਿਹਦੇ ਉਤੇ ਜ਼ਰੀ ਦਾ ਟੋਟਾ ਪਿਆ ਹੋਇਆ ਸੀ। ਅਨਾਇਤ ਨੇ ਨਮੂਨੇ ਨੂੰ ਗੌਲਿਆਂ ਬਿਨਾਂ ਉਹਦੇ ਵਲ ਤਕਿਆ।

"ਏਸ ਜ਼ਰੀ ਦੀ ਕੀ ਕੀਮਤ ਈ?"

"ਮਲਕਾ ਸਲਾਮਤ, ਇਹ ਸੋਨੇ ਨਾਲੋਂ ਤਿੰਨ ਸੌ ਗੁਣਾਂ ਮਹਿੰਗੀ ਏ, ਜੇ ਸਿਰਫ਼ ਕਾਰੀਗਰੀ ਤੇ ਇਹਦੇ ਲਈ ਵਰਤਿਆ ਗਿਆ ਸਾਮਾਨ ਈ ਵੇਖਿਆ ਜਾਏ ਤਾਂ। ਤੇ ਏਥੇ ਲਿਆਉਣ ਲਈ ਮੇਰੀ, ਮਿਹਨਤ ਤੇ ਚਾਅ ਦਾ ਮੁਲ ਤਾਂ, ਮਲਕਾ ਸਲਾਮਤ, ਤੁਸੀਂ ਆਪ ਈ ਪਾਉਗੇ।"

"ਪਰ ਇਹ ਏਨੀ ਮਹਿੰਗੀ ਕਿਉਂ ਏ ?"

"ਮਿਹਰਬਾਨਾਂ ਦੀ ਮਿਹਰਬਾਨ ਜ਼ਾਰਿਤਸਾ, ਇਹਦੇ 'ਚ ਉਹ ਤਾਕਤ ਏ, ਜਿਦ੍ਹਾ ਮੁਲ ਨਹੀਂ ਪਾਇਆ ਜਾ ਸਕਦਾ। ਇਹਦਾ ਨਮੂਨਾ ਈ ਵੇਖੋ ਉਹ ਨਿਰੀਆਂ ਮੂਰਤਾਂ ਈ ਨਹੀਂ, ਰੱਖਾਂ ਨੇ। ਜਿਹੜਾ ਏਸ ਜ਼ਰੀ ਦਾ ਵੇਸ ਪਾਏਗਾ, ਉਹਨੂੰ ਕਦੀ ਕੋਈ ਗ਼ਮ ਜਾਂ ਦੁਖ ਨਹੀਂ ਲਗ ਸਕਦਾ।"

"ਇੰਜ ਵੀ ਹੋ ਸਕਦੈ ?" ਅਨਾਇਤ ਨੇ ਪੁਛਿਆ, ਤੇ ਉਹਨੇ ਜ਼ਰੀ ਨੂੰ ਖੋਲ੍ਹਿਆ। ਉਹਦੇ ਉਤੇ ਉਹਨੂੰ ਰੱਖਾਂ ਬਣੀਆਂ ਕੋਈ ਨਾ ਦਿੱਸੀਆਂ, ਸਗੋਂ ਬਹੁਤ ਹੀ ਬਰੀਕ ਨਮੂਨੇ ਵਿਚ ਬੁਣੇ ਅੱਖਰ ਦਿੱਸੇ। ਅਨਾਇਤ ਨੇ ਚੁਪ-ਚਾਪ ਸੁਨੇਹੇ ਨੂੰ ਪੜ੍ਹਿਆ:

"ਮੇਰੀ ਆਪਣੀ ਬੇ-ਨਜ਼ੀਰ ਅਨਾਇਤ, ਮੈਂ ਇਕ ਸਚੀ ਮੁਚੀ ਦੇ ਦੋਜ਼ਖ਼ 'ਚ ਕੈਦੀ ਬਣਾਇਆ ਪਿਆਂ। ਜ਼ਰੀ ਦਾ ਇਹ ਟੋਟਾ ਲਿਆਣ ਵਾਲਾ ਉਹਦੇ ਸ਼ੈਤਾਨੀ ਮਾਲਕਾਂ 'ਚੋਂ ਇਕ ਏ। ਵਾਘੀਨਾਕ ਮੇਰੇ ਨਾਲ ਏ। ਸਾਨੂੰ ਪੇਰੋਜ਼ ਦੇ ਪੂਰਬ ਵਲ ਉਚੀਆਂ-ਉਚੀਆਂ ਕੰਧਾਂ ਨਾਲ ਵਲੇ ਇਕ ਮੰਦਰ ਦੇ ਭੋਹਰਿਆਂ ਵਿਚੋਂ ਲੱਭੀਂ। ਤੇਰੀ ਮਦਦ ਬਿਨਾਂ ਅਸੀਂ ਖ਼ਤਮ ਹੋ ਜਾਵਾਂਗੇ। ਵਾਚਾਗਾਨ।"

ਅਨਾਇਤ ਦਾ ਰੋਮ-ਰੋਮ ਝੁਣਿਆ ਗਿਆ, ਉਹਨੇ ਸੁਨੇਹੇ ਨੂੰ ਦੂਜੀ ਵਾਰੀ ਤੇ ਤੀਜੀ ਵਾਰ ਪੜ੍ਹਿਆ, ਇੰਜ ਜਿਵੇਂ ਨਮੂਨੇ ਨੂੰ ਸਲਾਹ ਰਹੀ ਹੋਵੇ।

"ਤੂੰ ਠੀਕ ਕਿਹੈ," ਅਨਾਇਤ ਨੇ ਆਖਿਆ; "ਇਹਨਾਂ ਮੂਰਤਾਂ 'ਚ ਖੁਸ਼ ਕਰਨ ਦੀ ਤਾਕਤ ਏ। ਅਜੇ ਸਵੇਰੇ ਈ ਮੈਂ ਉਦਾਸ ਸਾਂ, ਤੇ ਹੁਣ ਮੇਰਾ ਦਿਲ ਹੌਲਾ ਹੋ ਗਿਐ ਤੇ ਖੁਸ਼-ਖੁਸ਼। ਤੇਰੀ ਜ਼ਰੀ ਸਚੀ ਮੁਚੀ ਈ ਅਣਮੋਲ ਏ। ਜੇ ਮੈਂ ਇਹਦੇ ਲਈ ਆਪਣੀ ਅੱਧੀ ਜ਼ਾਰਸ਼ਾਹੀ ਵੀ ਦੇ ਦਿਆਂ, ਤਾਂ ਵੀ ਮੈਨੂੰ ਅਫ਼ਸੋਸ ਨਾ ਹੋਵੇ। ਫੇਰ ਵੀ, ਤੈਨੂੰ ਪਤਾ ਹੋਣਾ ਚਾਹੀਦੈ. ਕੋਈ ਵੀ ਕਲਾ-ਕਿਰਤ ਆਪਣੇ ਕਲਾਕਾਰ ਨਾਲੋਂ ਵਡੀ ਨਹੀਂ ਹੋ ਸਕਦੀ।"

"ਜ਼ਾਰਿਤਸਾ, ਸ਼ਾਲਾ ਤੁਸੀਂ ਜੁਗ-ਜੁਗ ਜੀਵੋ, ਸਚ ਆਖ ਰਹੇ ਹੋ ਤੁਸੀਂ!"

"ਤਾਂ ਤੂੰ ਓਸ ਆਦਮੀ ਨੂੰ ਮੇਰੇ ਕੋਲ ਲਿਆ, ਜਿਨ੍ਹੇ ਇਹ ਜ਼ਰੀ ਬੁਣੀ ਏ। ਮੈਂ ਉਹਨੂੰ ਵੀ ਇਨਾਮ ਦੇਣਾ ਚਾਹੁਣੀ ਆਂ ਤੇ ਤੈਨੂੰ ਵੀ।"

"ਮਿਹਰਬਾਨਾਂ ਦੀ ਮਿਹਰਬਾਨ ਜ਼ਾਰਿਤਸਾ," ਲਾਲਚੀ ਮਹੰਤ ਨੇ ਜਵਾਬ ਦਿਤਾ। "ਮੈਨੂੰ ਨਹੀਂ ਪਤਾ, ਉਹ ਕੌਣ ਏ। ਮੈਂ ਜ਼ਰੀ ਹਿੰਦੁਸਤਾਨ ਇਕ ਯਹੂਦੀ ਤੋਂ ਖਰੀਦੀ ਸੀ, ਜਿਨ੍ਹੇ ਇਹ ਅਗੋਂ ਇਕ ਅਰਬ ਤੋਂ ਖਰੀਦੀ ਸੀ, ਤੇ ਅਰਬ ਨੇ ਅਗੋਂ ਪਤਾ ਨਹੀਂ ਕਿਥੋਂ ਲਈ ਸੀ!"

"ਪਰ ਤੂੰ ਮੈਨੂੰ ਹੁਣੇ ਦਸਿਆ ਸੀ, ਕੰਮ ਤੇ ਸਾਮਾਨ ਉਤੇ ਤੇਰੀ ਕਿੰਨੀ ਲਾਗਤ ਆਈ ਏ। ਇਹਦਾ ਮਤਲਬ ਏ, ਤੂੰ ਜ਼ਰੀ ਖ਼ਰੀਦੀ ਨਹੀਂ, ਬਣਵਾਈ ਸੀ।"

"ਮਿਹਰਬਾਨਾਂ ਦੀ ਮਿਹਰਬਾਨ ਜ਼ਾਰਿਤਸਾ, ਇਹ ਸੀ ਜੁ ਮੈਨੂੰ ਹਿੰਦੁਸਤਾਨ 'ਚ ਕਿਹਾ ਗਿਆ ਸੀ। ਮੈਂ ..."

"ਚੁਪ ਹੋ ਜਾ!" ਅਨਾਇਤ ਗੁੱਸੇ ਨਾਲ ਕੜਕੀ। "ਮੈਨੂੰ ਪਤੈ, ਤੂੰ ਕੌਣ ਏਂ। ਨੌਕਰੋ, ਏਸ ਬੰਦੇ ਨੂੰ ਫੜ ਲਵੋ ਤੇ ਜੇਲ੍ਹ 'ਚ ਪਾ ਦਿਓ!"

## ੯

ਜਦੋਂ ਉਹਦੇ ਹੁਕਮ ਉਤੇ ਅਮਲ ਹੋ ਗਿਆ, ਅਨਾਇਤ ਨੇ ਆਪਣੇ ਤੁਰਮਚੀਆਂ ਨੂੰ ਹੁਕਮ ਦਿਤਾ, ਖ਼ਤਰੇ ਦੀ ਸੁਰ ਵਜਾਣ। ਸ਼ਹਿਰ ਦੇ ਲੋਕੀ, ਆਪੋ ਵਿਚ ਖੁਸਰ-ਫੁਸਰ ਕਰਦੇ, ਮਹਿਲ ਦੇ ਬਾਹਰ ਇਕੱਠੇ ਹੋ ਗਏ। ਕਿਸੇ ਨੂੰ ਵੀ ਪਤਾ ਨਹੀਂ ਸੀ, ਕੀ ਹੋ ਗਿਆ ਸੀ।

ਸਿਰ ਤੋਂ ਪੈਰਾਂ ਤੀਕ ਹਥਿਆਰਬੰਦ ਹੋ ਅਨਾਇਤ ਬਾਹਰ ਝਰੋਖੇ 'ਤੇ ਆਈ।

"ਸ਼ਹਿਰ ਦੇ ਲੋਕੋ, ਸੁਣੋ!"ਉਹ ਬੋਲਣ ਲਗੀ। "ਤੁਹਾਡੇ ਜ਼ਾਰ ਦੀ ਜ਼ਿੰਦਗੀ ਖ਼ਤਰੇ 'ਚ ਏ। ਜਿਹੜੇ ਵੀ ਉਹਨੂੰ ਪਿਆਰ ਕਰਦੇ ਨੇ ਤੇ ਉਹਦੀ ਜ਼ਿੰਦਗੀ ਨੂੰ ਅਜ਼ੀਜ਼ ਸਮਝਦੇ ਨੇ, ਮੇਰੇ ਮਗਰ-ਮਗਰ ਆਣ। ਦੁਪਹਿਰ ਤਕ ਅਸੀਂ ਸ਼ਹਿਰ ਪੇਰੋਜ਼ ਪਹੁੰਚਣੈਂ।"

ਘੰਟੇ ਦੇ ਅੰਦਰ-ਅੰਦਰ ਸਭੋ ਹਥਿਆਰਾਂ ਨਾਲ ਲੈਸ ਹੋ ਚੁਕੇ ਸਨ। ਅਨਾਇਤ ਇਕ ਸੁਨੱਖੇ ਘੋੜੇ ਉਤੇ ਚੜ੍ਹ ਗਈ ਤੇ "ਚਲੋ, ਮੇਰੇ ਪਿਛੇ-ਪਿਛੇ!" ਬੋਲ ਉਹਨੇ ਘੋੜੇ ਨੂੰ ਪੇਰੋਜ਼ ਵਲ ਸਿਰਪਟ ਦੌੜਾ ਦਿਤਾ। ਉਹ ਰਾਹ ਵਿਚ ਨਾ ਅਟਕੀ ਤੇ ਉਹਨੇ ਆਪਣੇ ਭਖ਼ ਰਹੇ ਘੋੜੇ ਦੀ ਲਗਾਮ ਪੇਰੋਜ਼ ਦੇ ਵਿਚਕਾਰਲੇ ਚੌਕ ਵਿਚ ਹੀ ਜਾ ਕੇ ਖਿੱਚੀ। ਪੇਰੋਜ਼ ਦੇ ਲੋਕਾਂ ਨੇ ਉਹਨੂੰ ਅਸਮਾਨੋਂ ਉਤਰੀ ਕੋਈ ਦੇਵੀ ਸਮਝਿਆ ਤੇ ਉਹਨੂੰ ਮੱਥੇ ਟੇਕਣ ਲਗ ਪਏ।

"ਏਸ ਸ਼ਹਿਰ ਦਾ ਗਵਰਨਰ ਕਿਥੇ ਏ?" ਅਨਾਇਤ ਨੇ ਰੁਅਬ ਨਾਲ ਪਛਿਆ।

"ਮੈਂ ਹਾਂ ਗਵਰਨਰ, ਤੁਹਾਡਾ ਗੁਲਾਮ, ਮਲਕਾ ਸਲਾਮਤ," ਅਗੋਂ ਆਉਂਦਿਆਂ ਗਵਰਨਰ ਨੇ ਆਖਿਆ।

"ਤੂੰ ਬਹੁਤ ਈ ਲਾਪਰਵਾਹ ਏਂ, ਤੈਨੂੰ ਪਤਾ ਨਹੀਂ, ਤੇਰੇ ਦੇਵਤਿਆਂ ਦੇ ਮੰਦਰ 'ਚ ਕੀ ਹੋ ਰਿਹੈ।"

"ਸਚੀ ਈ ਮੈਨੂੰ ਪਤਾ ਨਹੀਂ, ਮਲਕਾ ਸਲਾਮਤ।" ਤੇ ਆਦਮੀ ਨੇ ਸੀਸ ਨਿਵਾ ਦਿਤਾ।

"ਘਟੋ-ਘਟ ਇਹ ਤਾਂ ਪਤਾ ਈ, ਮੰਦਰ ਹੈ ਕਿਥੇ ਏ?"

"ਤੁਸੀਂ ਮਖੌਲ ਕਰ ਰਹੇ ਹੋ, ਮਲਕਾ ਸਲਾਮਤ। ਬੇਸ਼ਕ ਮੈਨੂੰ ਪਤਾ ਏ।"

"ਤਾਂ ਮੈਨੂੰ ਓਥੇ ਲੈ ਚਲ।"

ਸ਼ਹਿਰ ਦਾ ਗਵਰਨਰ ਅਨਾਇਤ ਨੂੰ ਮੰਦਰ ਵਲ ਲੈ ਗਿਆ ਤੇ ਸ਼ਹਿਰੀਆਂ ਦੀ ਭੀੜ ਉਹਨਾਂ ਦੇ ਪਿਛੇ-ਪਿਛੇ ਹੋ ਪਈ।

ਇਹ ਸੋਚ ਕਿ ਯਾਤਰੂ ਆ ਪਹੁੰਚੇ ਸਨ, ਮਹੰਤਾਂ ਨੇ ਲੋਹੇ ਦਾ ਪਹਿਲਾ ਦਰਵਾਜ਼ਾ ਖੋਲ੍ਹ ਦਿਤਾ। ਅਨਾਇਤ ਇਕਦਮ ਘੋੜਾ ਦੁੜਾਂਦੀ ਮੰਦਰ ਦੇ ਚੌਕ ਵਿਚ ਪਹੁੰਚ ਗਈ ਤੇ ਉਹਨੇ ਹੁਕਮ ਦਿਤਾ ਕਿ ਮੰਦਰ ਦੇ ਦਰਵਾਜ਼ੇ ਖੋਲ੍ਹ ਦਿਤੇ ਜਾਣ। ਮਹੰਤਾਂ ਨੂੰ ਤਾਂ ਹੀ ਸਮਝ ਪਈ, ਕੀ ਹੋ ਗਿਆ ਸੀ। ਵਡਾ ਮਹੰਤ ਘੋੜੇ ਚੜ੍ਹੀ ਜ਼ਾਰਿਤਸਾ ਵਲ ਭਜਿਆ, ਪਰ ਅਨਾਇਤ ਦੇ ਸਿਆਣੇ ਘੋੜੇ ਨੇ ਉਹਨੂੰ ਆਪਣੇ ਖੁਰਾਂ ਹੇਠ ਮਧੋਲ ਮਾਰ ਦਿਤਾ।

ਏਨੇ ਨੂੰ ਅਨਾਇਤ ਦੇ ਸਿਪਾਹੀ ਆ ਪਹੁੰਚੇ ਸਨ, ਤੇ ਬਾਕੀ ਦੇ ਮਹੰਤਾਂ ਨੂੰ ਛੇਤੀ ਹੀ ਪਾਰ ਬੁਲਾ ਦਿਤਾ ਗਿਆ। ਲੋਕ ਸਹਿਮੇ ਤੇ ਬੌਂਦਲਾਏ ਵੇਖ ਰਹੇ ਸਨ।

"ਏਧਰ ਆਓ!" ਅਨਾਇਤ ਕੜਕੀ। "ਵੇਖੋ, ਤੁਹਾਡੇ ਦੇਵਤਿਆਂ ਦੇ ਘਰ 'ਚ ਕੀ ਲੁਕਾਇਆ ਪਿਐ?"

ਇਕਦਮ ਹੀ ਮੰਦਰ ਦੇ ਦਰਵਾਜ਼ੇ ਤੋੜ ਖੋਲ੍ਹੇ ਗਏ। ਲੋਕਾਂ ਦੀਆਂ ਅੱਖਾਂ ਨੂੰ ਇਕ ਡਰਾਉਣੀ ਝਾਕੀ ਦਿੱਸੀ।

ਭੂਤ ਲਗਦੇ ਬੰਦੇ ਰੀਂਗ-ਰੀਂਗ ਭੋਰਿਆਂ ਵਿਚੋਂ ਬਾਹਰ ਆਉਣ ਲਗੇ। ਕੁਝ ਮਰਨ ਕੰਢੇ ਸਨ ਤੇ ਏਨੇ ਨਿਤਾਣੇ ਕਿ ਖਲੋ ਨਹੀਂ ਸਨ ਸਕਦੇ। ਹੋਰ, ਦਿਨ ਦੀ ਰੌਸ਼ਨੀ ਨਾਲ ਚੁੰਧਿਆਏ, ਥਿੜਕ ਰਹੇ ਸਨ ਤੇ ਲੂੰਝੀਆਂ ਹੋਈਆਂ ਕੀੜੀਆਂ ਵਾਂਗ ਟੁਰ ਰਹੇ ਸਨ। ਸਭ ਤੋਂ ਅਖ਼ੀਰ ਵਿਚ ਬਾਹਰ ਨਿਕਲਣ ਵਾਲੇ ਸਨ, ਵਾਚਾਗਾਨ ਤੇ ਵਾਘੀਨਾਕ। ਉਹ ਅੱਖਾਂ ਮੀਟ ਕੇ ਟੁਰ ਰਹੇ ਸਨ, ਮਤੇ ਤੇਜ਼ ਰੌਸ਼ਨੀ ਨਾਲ ਅੰਨ੍ਹੇ ਨਾ ਹੋ ਜਾਣ।

ਸਿਪਾਹੀ ਭੋਰਿਆਂ ਵਿਚ ਜਾ ਵੜੇ ਤੇ ਲੋਥਾਂ ਤੇ ਤਸੀਹੇ ਦੇਣ ਦੇ ਔਜ਼ਾਰ ਬਾਹਰ ਲੈ ਆਏ। ਸ਼ਰਮਿੰਦੇ ਹੋਏ ਸ਼ਹਿਰ-ਵਾਸੀ ਉਹਨਾਂ ਦੀ ਮਦਦ ਕਰ ਰਹੇ ਸਨ।

ਅਨਾਇਤ ਵਾਚਾਗਾਨ ਤੇ ਵਾਘੀਨਾਕ ਕੋਲ ਤੰਬੂ ਵਿਚ ਪੁਜੀ, ਜਿਥੇ ਉਹ ਉਡੀਕ ਰਹੇ ਸਨ। ਤੰਬੂ ਉਹਨਾਂ ਲਈ ਕਾਹਲੀ - ਕਾਹਲੀ ਲਾਇਆ ਗਿਆ ਸੀ। ਪਤੀ ਪਤਨੀ ਨਾਲ - ਨਾਲ ਬੈਠੇ ਸਨ ਤੇ ਉਹ ਕਿੰਨਾ ਹੀ ਚਿਰ ਇਕ ਦੂਜੇ ਵਲ ਟਕ ਲਾ ਵੇਖਦੇ ਰਹੇ। ਅੱਖਾਂ ਵਿਚ ਅਥਰੂਆਂ ਨਾਲ, ਵਾਘੀਨਾਕ ਨੇ ਬੁਲ੍ਹ ਅਨਾਇਤ ਦੇ ਹਥ ਉਤੇ ਰਖ ਦਿਤੇ।

"ਬੇ - ਨਜ਼ੀਰ ਜ਼ਾਰਿਤਸਾ," ਉਹ ਉਚੀ ਸਾਰੀ ਬੋਲਿਆ, "ਅਜ ਤੁਸੀਂ ਸਾਡੀਆਂ ਜਾਨਾਂ ਬਚਾ ਲਈਆਂ ਨੇ!"

"ਇੰਜ ਨਹੀਂ, ਵਾਘੀਨਾਕ," ਵਾਚਾਗਾਨ ਨੇ ਉਹਨੂੰ ਆਖਿਆ। "ਅਨਾਇਤ ਨੇ ਸਾਡੀਆਂ ਜਾਨਾਂ ਚਿਰ ਹੋਇਆ ਬਚਾ ਦਿਤੀਆਂ ਸਨ, ਉਸ ਦਿਨ ਜਦੋਂ ਉਹਨੇ ਤੈਨੂੰ ਪੁਛਿਆ ਸੀ, ਤੁਹਾਡੇ ਜ਼ਾਰ ਦੇ ਪੁੱਤਰ ਨੂੰ ਕੋਈ ਕੰਮ ਵੀ ਆਉਂਦੈ ਕਿ ਨਹੀਂ। ਚੇਤਾ ਈ, ਜਵਾਬ 'ਚ ਤੂੰ ਕਿਵੇਂ ਹਸਿਆ ਸੈਂ?"

## ੧੦

ਸ਼ਹਿਰਾਂ ਤੇ ਪਿੰਡਾਂ ਵਿਚ ਜ਼ਾਰ ਵਾਚਾਗਾਨ ਦੀ ਡਰਾਉਣੀ ਮੁਹਿੰਮ ਦੀ ਖ਼ਬਰ ਧੁੰਮ ਗਈ। ਉਹਦੀ ਖ਼ਬਰ ਦੂਜਿਆਂ ਦੇਸਾਂ ਤਕ ਪਹੁੰਚ ਗਈ, ਤੇ ਹਰ ਕਿਸੇ ਅਨਾਇਤ ਤੇ ਵਾਚਾਗਾਨ ਦੀ ਸੋਭਾ ਕੀਤੀ। ਆਸ਼ੂਗਾਂ, ਜਾਂ ਕਵੀਸ਼ਰਾਂ, ਉਹਨਾਂ ਬਾਰੇ ਗੌਣ ਬਣਾਏ। ਅਫ਼ਸੋਸ ਏ, ਗੌਣ ਸਾਡੇ ਵਕਤ ਤਕ ਨਹੀਂ ਰਹੇ, ਪਰ ਖੁਸ਼ੀ ਦੀ ਗਲ ਏ, ਵਾਚਾਗਾਨ ਤੇ ਅਨਾਇਤ ਦੀ ਕਹਾਣੀ ਜਿਊਂਦੀ ਰਹੀ ਏ।

# ਹਰਨੌਟਾ ਤੇ ਸੁੰਦਰੀ ਯੇਲੇਨਾ

**ਜਾਰਜੀਅਨ ਪਰੀ-ਕਹਾਣੀ**





ਇਹ ਸਚ ਹੋ ਸਕਦਾ ਏ ਜਾਂ ਝੂਠ ਹੋ ਸਕਦਾ ਏ, ਪਰ, ਕਿਹਾ ਜਾਂਦਾ ਏ, ਇਕ ਵਾਰੀ ਇਕ ਬਹੁਤ ਹੀ ਦੌਲਤਮੰਦ ਜ਼ਾਰ ਹੁੰਦਾ ਸੀ। ਇਕ ਦਿਨ ਉਹਨੇ ਆਪਣੇ ਸ਼ਿਕਾਰੀਆਂ ਨੂੰ ਸਦਿਆ :

"ਜਾਓ ਤੇ ਜਿਹੜਾ ਪਹਿਲਾ ਜਾਨਵਰ ਮਿਲੇ ਜੇ, ਮਾਰ ਲਿਆਓ।"

ਸ਼ਿਕਾਰੀਆਂ ਨੇ ਜਾਣ ਦੀ ਕੀਤੀ ਤੇ ਜਿਹੜਾ ਪਹਿਲਾ ਜਾਨਵਰ ਉਹਨਾਂ ਨੂੰ ਮਿਲਿਆ ਉਹ ਸੀ ਜੰਗਲ ਦੀ ਇਕ ਖੁਲ੍ਹੀ ਥਾਂ ਉਤੇ ਖਲੋਤੀ ਇਕ ਹਿਰਨੀ। ਜਿਵੇਂ ਜ਼ਾਰ ਦਾ ਹੁਕਮ ਸੀ, ਉਹਨਾਂ ਨਿਸ਼ਾਨਾ ਬੰਨ੍ਹਿਆ, ਤੇ ਹਿਰਨੀ ਨੂੰ ਉਹ ਫੁੰਡਣ ਹੀ ਲਗੇ ਸਨ ਕਿ ਉਹਨਾਂ ਨੂੰ ਦਿਸਿਆ, ਇਕ ਛੋਟਾ ਜਿਹਾ ਬਾਲ ਉਹਦਾ ਥਣ ਚੁੰਘ ਰਿਹਾ ਸੀ। ਜਦੋਂ ਬਾਲ ਨੇ ਸ਼ਿਕਾਰੀਆਂ ਨੂੰ ਵੇਖਿਆ, ਉਹਨੇ ਦੁਧ ਚੁੰਘਣਾ ਬੰਦ ਕਰ ਦਿਤਾ, ਆਪਣੀਆਂ ਬਾਹਵਾਂ ਹਿਰਨੀ ਦੇ ਧੌਣ ਦੁਆਲੇ ਵਲ ਲਈਆਂ ਤੇ ਉਹਨੂੰ ਚੁੰਮਣ ਤੇ ਲਡਿਆਣ ਲਗ ਪਿਆ।

ਸ਼ਿਕਾਰੀ ਹੈਰਾਨ ਰਹਿ ਗਏ।

ਉਹਨਾਂ ਬਾਲ ਨੂੰ ਨਾਲ ਚੁਕ ਲਿਆ ਤੇ ਉਹਨੂੰ ਜ਼ਾਰ ਕੋਲ ਲੈ ਗਏ, ਤੇ ਉਹਨੂੰ ਜਾ ਦਸਿਆ, ਜੁ ਕੁਝ ਵੀ ਉਹਨਾਂ ਵੇਖਿਆ ਸੀ।

ਏਧਰ ਜ਼ਾਰ ਦਾ ਇਕ ਮੁੰਡਾ ਸੀ, ਜਿਹਦੀ ਉਮਰ ਓਨੀ ਹੀ ਸੀ, ਜਿੰਨੀ ਉਸ ਬਾਲ ਦੀ, ਜਿਹੜਾ ਸ਼ਿਕਾਰੀਆਂ ਨੂੰ ਲਭਿਆ ਸੀ। ਇਸ ਲਈ ਜ਼ਾਰ ਨੇ ਦੋਵਾਂ ਦਾ ਨਾਂ ਇਕੋ ਵੇਲੇ ਰਖਵਾਇਆ ਤੇ ਲੱਭੇ-ਲਭਾਏ ਬਚੇ ਦਾ ਨਾਂ ਹਰਨੌਟਾ ਰਖਿਆ ਗਿਆ।

ਹਰਨੋਟਾ ਸ਼ਹਿਜ਼ਾਦੇ ਨਾਲ ਹੀ ਪਲਿਆ, ਉਹ ਇਕੋ ਕਮਰੇ ਵਿਚ ਸੌਂਦੇ, ਤੇ ਉਹਨਾਂ ਨੂੰ ਇਕੋ ਆਯਾ ਨੇ ਹੀ ਦੁਧ ਪਿਆਇਆ।

ਕੁਝ ਇਹੋ ਜਿਹੇ ਹੁੰਦੇ ਨੇ, ਜਿਹੜੇ ਵਰ੍ਹਿਉਂ ਵਰ੍ਹੀ ਵਧਦੇ ਨੇ, ਪਰ ਇਹ ਦੋਵੇਂ ਦਿਨੋ-ਦਿਨੀਂ ਵਧੇ ਤੇ ਵੇਖਦਿਆਂ-ਵੇਖਦਿਆਂ ਹੀ ਬਾਰ੍ਹਾਂ ਵਰ੍ਹਿਆਂ ਦੇ ਹੋ ਗਏ। ਜ਼ਾਰ ਆਪਣੇ ਮਹਿਲੀਂ ਆਪਣੇ ਦੋ ਪੁਤਰਾਂ ਨੂੰ ਵਡਾ ਹੁੰਦਾ ਵੇਖ ਬਹੁਤ ਖੁਸ਼ ਹੁੰਦਾ।

ਇਕ ਦਿਨ ਦੋਵੇਂ ਮੁੰਡੇ ਆਪਣੇ ਤੀਰ ਕਮਾਨ ਚੁਕ ਬਾਹਰ ਪੈਲੀਆਂ ਨੂੰ ਨਿਕਲ ਗਏ। ਸ਼ਹਿਜ਼ਾਦੇ ਨੇ ਇਕ ਤੀਰ ਛਡਿਆ, ਤੇ ਤੀਰ ਕੋਲੋਂ ਲੰਘਦੀ ਪਾਣੀ ਚੁੱਕੀ ਲਿਜਾਂਦੀ ਇਕ ਬੁੱਢੀ ਦੇ ਜਗ ਨੂੰ ਜਾ ਵੱਜਾ, ਤੇ ਉਹਨੇ ਜਗ ਦੀ ਹੱਥੀ ਤੋੜ ਕੇ ਰਖ ਦਿਤੀ।

ਬੁੱਢੀ ਨੇ ਮੂੰਹ ਭੁਆਇਆ ਤੇ ਆਖਿਆ:

"ਬਦਅਸੀਸ ਤੈਨੂੰ ਮੈਂ ਦੇਣ ਨਹੀਂ ਲਗੀ, ਤੂੰ ਇਕੋ-ਇਕ ਪੁੱਤਰ ਜੁ ਏਂ, ਪਰ ਰਬ ਕਰੇ ਤੇਰੇ ਦਿਲ 'ਚ ਸੁੰਦਰੀ ਯੇਲੇਨਾ ਦੇ ਪਿਆਰ ਨਾਲ ਤਰਾਟਾਂ ਪੈਣ।"

ਹਰਨੋਟਾ ਉਹਦੀ ਗਲ ਸੁਣ ਹੈਰਾਨ ਰਹਿ ਗਿਆ।

"ਉਹਦੇ ਕਹੇ ਦਾ ਮਤਲਬ ਕੀ ਹੋਇਆ?" ਉਹਨੇ ਆਖਿਆ।

ਪਰ ਉਸ ਪਲ ਤੋਂ ਸ਼ਹਿਜ਼ਾਦਾ ਸੁੰਦਰੀ ਯੇਲੇਨਾ ਤੋਂ ਸਿਵਾ ਕਿਸੇ ਵੀ ਹੋਰ ਗਲ ਦਾ, ਕਿਸੇ ਵੀ ਹੋਰ ਬੰਦੇ ਦਾ, ਕਿਆਸ ਨਾ ਕਰ ਸਕਿਆ। ਇਸ ਲਈ ਕਿ ਉਹਦੇ ਦਿਲ ਵਿਚ ਪਿਆਰ ਦੇ ਬੀਜਾਂ ਨੇ ਜੜ੍ਹ ਫੜ ਲਈ ਸੀ, ਤੇ ਉਹਨੂੰ ਉਹ ਚੈਨ ਨਹੀਂ ਸਨ ਲੈਣ ਦੇਣ ਰਹੇ।

ਕੀ ਕੀਤਾ ਜਾਂਦਾ? ਤਿੰਨ ਹਫ਼ਤੇ ਲੰਘ ਗਏ। ਸ਼ਹਿਜ਼ਾਦਾ ਕਿਸੇ ਅੱਧੇ ਜਿਊਂਦੇ ਵਾਂਗ ਟੁਰਦਾ-ਫਿਰਦਾ ਸੀ। ਉਸ ਮੁਟਿਆਰ ਦਾ ਪਿਆਰ, ਜਿਹਨੂੰ ਉਹਨੇ ਕਦੀ ਤਕਿਆ ਵੀ ਨਹੀਂ ਸੀ, ਉਹਦੀ ਸਿਹਤ ਤੇ ਤਾਕਤ ਨਚੋੜਦਾ ਜਾ ਰਿਹਾ ਸੀ।

ਇਕ ਦਿਨ ਹਰਨੋਟੇ ਨੇ ਉਹਨੂੰ ਆਖਿਆ:

"ਤੇਰਾ ਦੁਧ-ਭਰਾ ਮਰ ਜਾਏ, ਜੇ ਉਹ ਤੇਰੇ ਲਈ ਸੁੰਦਰੀ ਯੇਲੇਨਾ ਨਹੀਂ ਜਿੱਤ ਲਿਆਉਂਦਾ ਤਾਂ!"

ਫੇਰ ਉਹ ਜ਼ਾਰ ਕੋਲ ਗਿਆ ਤੇ ਆਖਣ ਲਗਾ:

"ਬਾਪੂ, ਬਾਪੂ, ਲੁਹਾਰ ਨੂੰ ਹੁਕਮ ਦਿਓ, ਮੈਨੂੰ ਲੱਤਾਂ ਲਈ ਪਤਰੀਆਂ ਤੇ ਇਕ ਲੋਹੇ ਦੀ ਕਮਾਨ ਤੇ ਤੀਰ ਬਣਾ ਦੇ, ਏਸ ਲਈ ਕਿ ਮੈਂ ਸੁੰਦਰੀ ਯੇਲੇਨਾ ਨੂੰ ਲੱਭਣ ਜਾਣਾ ਏਂ।"

ਜ਼ਾਰ ਮੰਨ ਗਿਆ। ਹਰਨੋਟੇ ਲਈ ਪੂਰੇ ਪੰਜ ਪੂਡ ਵਜ਼ਨ ਵਾਲੇ ਤੀਰ ਕਮਾਨ ਤੇ ਇਕ ਭੱਥਾ ਤੇ ਲਤਾਂ ਦੀਆਂ ਪਤਰੀਆਂ ਬਣਾ ਦਿਤੀਆਂ ਗਈਆਂ, ਤੇ ਉਹ ਤੇ ਸ਼ਹਿਜ਼ਾਦਾ ਰਲ ਕੇ ਨਿਕਲ ਪਏ।

ਆਪਣੇ ਮਤਰੇਏ ਪਿਓ ਤੋਂ ਵਿਦਾ ਹੁੰਦਿਆਂ ਹਰਨੋਟੇ ਨੇ ਆਖਿਆ:

"ਬਾਪੂ, ਤੌਖ਼ਲਾ ਨਾ ਕਰਨਾ। ਤੁਸੀਂ ਹਰਨੋਟੇ 'ਤੇ ਭਰੋਸਾ ਰਖ ਸਕਦੇ ਹੋ। ਸਾਨੂੰ ਦੋ ਵਰ੍ਹੇ ਉਡੀਕਣਾ ਤੇ ਚੇਤੇ ਰਖਣਾ: ਜਾਂ ਤੇ ਅਸੀਂ ਸ਼ਾਨ ਨਾਲ ਪਰਤਾਂਗੇ, ਤੇ ਜਾਂ ਪਰਤਾਂਗੇ ਈ ਨਹੀਂ।"

ਇਸ ਤਰ੍ਹਾਂ ਦੋਵੇਂ ਭਰਾ ਟੁਰ ਪਏ। ਉਹ ਟੁਰਦੇ ਗਏ ਤੇ ਟੁਰਦੇ ਗਏ, ਤੇ ਅਖ਼ੀਰ ਇਕ ਸੰਘਣੇ, ਲੰਘੇ ਨੇ ਜਾ ਸਕਣ ਵਾਲੇ ਜੰਗਲ ਕੋਲ ਆ ਨਿਕਲੇ। ਉਹ ਉਹਦੇ ਅੰਦਰ ਵੜ ਗਏ ਤੇ ਉਹਨਾਂ ਨੂੰ ਇਕ ਉਚੀ ਸਾਰੀ ਚਟਾਨ ਦਿੱਸੀ, ਜਿਹਦੀ ਟੀਸੀ ਉਤੇ ਇਕ ਬਹੁਤ ਵਡਾ ਘਰ ਸੀ, ਤੇ ਘਰ ਅਗੇ ਇਕ ਬਹੁਤ ਸੁਹਣਾ

ਬਾਗ਼। ਤੇ ਇਸ ਘਰ ਵਿਚ ਪੰਜ – ਪੰਜ ਸਿਰਾਂ ਵਾਲੇ ਤੇ ਨੌਂ – ਨੌਂ ਸਿਰਾਂ ਵਾਲੇ ਆਦਮ – ਖੋਰ ਦਿਓ ਰਹਿੰਦੇ ਸਨ।

ਸ਼ਹਿਜ਼ਾਦੇ ਨੇ ਹਰਨੌਟੇ ਨੂੰ ਆਖਿਆ :

"ਭਰਾਵਾ ਮੇਰਿਆ, ਮੈਂ ਥਕ ਗਿਆਂ। ਆ ਰਤਾ ਸਾਹ ਲੈ ਲਈਏ।"

"ਠੀਕ ਏ," ਹਰਨੌਟੇ ਨੇ ਰਾਇ ਮਿਲਾਈ।

ਤੇ ਸ਼ਹਿਜ਼ਾਦਾ ਲੰਮਾ ਪੈ ਗਿਆ ਤੇ ਉਹਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ।

"ਏਥੇ ਲੇਟਿਆ ਰਹੋ ਤੇ ਸੌਂ," ਹਰਨੌਟੇ ਨੇ ਆਖਿਆ, "ਤੇ ਮੈਂ ਓਸ ਬਾਗ਼ 'ਚ ਜਾਨਾਂ ਤੇ ਤੇਰੇ ਲਈ ਕੁਝ ਮਿੱਠੇ – ਮਿਠੇ ਫਲ ਲਿਆਨਾਂ।"

ਹਰਨੌਟਾ ਸ਼ਹਿਜ਼ਾਦੇ ਦਾ ਇੰਜ ਧਿਆਨ ਰਖਦਾ ਸੀ, ਜਿਵੇਂ ਭਰਾ ਭਰਾ ਦਾ ਨਹੀਂ, ਪਿਓ ਪੁੱਤਰ ਦਾ ਰਖਦਾ ਏ।

ਉਹ ਬਾਗ਼ ਵਿਚ ਪਹੁੰਚ ਪਿਆ ਤੇ ਸੇਆਂ ਦਾ ਸਭ ਤੋਂ ਸੁਹਣਾ ਦਰਖ਼ਤ ਲਭ, ਕੁਝ ਫਲ ਤੋੜਨ ਲਗ ਪਿਆ।

ਚਾਣਚਕ ਹੀ ਇਕ ਨੌਂ ਸਿਰਾਂ ਵਾਲਾ ਦਿਓ ਬਾਹਰ ਭੱਜਾ ਆਇਆ।

"ਕਿਹਨੂੰ ਹਿੰਮਤ ਪਈ ਏ ਮੇਰੇ ਬਾਗ਼ 'ਚ ਵੜਨ ਦੀ ?" ਉਹ ਕੜਕਿਆ। "ਏਥੇ ਮੇਰੇ ਡਰ ਮਾਰੇ ਅਸਮਾਨ 'ਚ ਪੰਛੀ ਨਹੀਂ ਫਟਕਦੇ, ਜ਼ਮੀਨ 'ਤੇ ਕੀੜੀਆਂ ਨਹੀਂ ਰੀਂਗਦੀਆਂ !"

"ਮੈਂ ਹਾਂ ਹਰਨੌਟਾ !" ਜਵਾਨ ਨੇ ਉਚੀ ਆਵਾਜ਼ ਵਿਚ ਜਵਾਬ ਦਿਤਾ।

ਇਹ ਸੁਣ ਦਿਓ, ਸਹਿਮ ਤੇ ਗੁੱਸੇ ਨਾਲ ਮੂੰਹ ਵਿਚ ਬੁੜ – ਬੁੜ ਕਰਦਾ, ਪਿਛੇ ਹਟ ਗਿਆ। ਇਸ ਲਈ ਕਿ ਬਾਕੀ ਦਿਓਆਂ ਵਾਂਗ, ਉਹਨੂੰ ਵੀ ਪਤਾ ਸੀ, ਹਰਨੌਟੇ ਦੇ ਆਉਣ ਦਾ ਮਤਲਬ ਉਹਨਾਂ ਦੀ ਮੌਤ ਸੀ। ਸਚੀ ਮੁਚੀ ਹੀ ਦਿਓ ਏਨੇ ਸਹਿਮ ਗਏ ਸਨ ਕਿ ਉਹ ਆਪਣੇ ਆਪ ਨੂੰ ਲੁਕਾਣ ਲਈ, ਚੌਹਾਂ ਪਾਸੀਂ ਭਜ ਨਿਕਲੇ। ਪਰ ਹਰਨੌਟੇ ਨੇ ਉਹਨਾਂ ਸਾਰਿਆਂ ਨੂੰ ਲਭ ਕਢਿਆ ਤੇ ਮਾਰ ਮੁਕਾਇਆ, ਸਿਵਾਇ ਇਕੋ ਪੰਜਾਂ ਸਿਰਾਂ ਵਾਲੇ ਦਿਓ ਦੇ, ਜਿਹੜਾ ਮਿਆਨੀ ਵਿਚ ਲੁੱਕਾ ਹੋਇਆ ਸੀ।

ਏਧਰ ਸ਼ਹਿਜ਼ਾਦਾ ਛਾਵੇਂ ਆਰਾਮ ਨਾਲ ਸੁੱਤਾ ਰਿਹਾ।

ਹਰਨੌਟੇ ਨੇ ਘਰ ਨੂੰ ਸਭਨਾਂ ਦਿਉਆਂ ਤੋਂ ਸਾਫ਼ ਕਰ ਕੇ ਹੀ ਪੈਰ ਪਿਛਾਂਹ ਮੋੜੇ ਤੇ ਆਪਣੇ ਭਰਾ ਨੂੰ ਜਗਾਇਆ। ਹੁਣ ਦਿਉਆਂ ਦਾ ਘਰ ਤੇ ਉਹਨਾਂ ਦੀ ਸਾਰੀ ਦੌਲਤ ਉਹਨਾਂ ਦਾ ਸੀ।

ਭਰਾ ਬਾਗ਼ ਵਿਚ ਟਹਿਲਦੇ ਰਹੇ ਤੇ ਤਰ੍ਹਾਂ – ਤਰ੍ਹਾਂ ਦੇ ਢੰਗਾਂ ਨਾਲ ਜੀ ਪਰਚਾਂਦੇ ਰਹੇ। ਦੂਜੇ ਪਾਸੇ ਪੰਜਾਂ ਸਿਰਾਂ ਵਾਲਾ ਦਿਓ, ਬਬਾਹਨਜੋਮੀ, ਡਰ ਨਾਲ ਕੰਬਦਾ ਮਿਆਨੀ ਵਿਚ ਬੈਠਾ ਰਿਹਾ।

ਅਖ਼ੀਰ, ਆਪਣੇ ਡਰ ਉਤੇ ਕਾਬੂ ਪਾ, ਬਬਾਹਨਜੋਮੀ ਉਸ ਨੁਕਰੋਂ, ਜਿਥੇ ਉਹ ਸੁੰਗੜਿਆ ਬੈਠਾ ਰਿਹਾ ਸੀ, ਰੀਂਗ ਬਾਹਰ ਨਿਕਲਿਆ, ਮਿਆਨੀ ਤੋਂ ਉਤਰਿਆ ਤੇ ਹਰਨੌਟੇ ਨੂੰ ਮਿੰਨਤ ਕਰਨ ਲਗਾ :

"ਮੈਨੂੰ ਮਾਰ ਨਾ," ਉਹ ਆਖਣ ਲਗਾ, "ਤੇ ਮੈਂ ਤੇਰਾ ਭਰਾ ਹੋਵਾਂਗਾ। ਸਾਡੀ ਸਾਰੀ ਦੌਲਤ ਤੁਹਾਡੀ ਹੋਵੇਗੀ।"

ਹਰਨੌਟਾ ਮੁਸਕਰਾਇਆ ਤੇ ਪੰਜਾਂ ਸਿਰਾਂ ਵਾਲਾ ਦਿਓ ਬੋਲੀ ਗਿਆ :

"ਤੁਹਾਨੂੰ ਘਰ ਛੱਡਣ ਤੇ ਪਿੰਡੋਂ – ਪਿੰਡੀਂ, ਸ਼ਹਿਰੋਂ – ਸ਼ਹਿਰੀਂ, ਦੁਨੀਆਂ ਗਾਹੁਣ ਦੀ ਲੋੜ ਕੀ ਪੈ ਗਈ ਏ ?"

ਹਰਨੌਟੇ ਨੇ ਆਖਿਆ :

"ਅਸਾਂ ਇਕ ਕੰਮ ਕਰਨਾ ਏ। ਜੇ, ਏਸ ਕਰ ਕੇ ਕਿ ਤੂੰ ਸਾਡੀ ਮਦਦ ਨਾ ਕੀਤੀ, ਅਸੀਂ ਆਪਣਾ ਕੰਮ ਨਾ ਕਰ ਸਕੇ, ਤਾਂ ਮੈਂ ਤੈਨੂੰ ਵੀ ਉਵੇਂ ਈ ਮਾਰ ਦਿਆਂਗਾ, ਜਿਵੇਂ ਮੈਂ ਹੋਰਨਾਂ ਦਿਓਆਂ ਨੂੰ ਮਾਰਿਆ ਸੀ। ਅਸੀਂ ਸੁੰਦਰੀ ਯੇਲੇਨਾ ਨੂੰ ਲਭ ਰਹੇ ਹਾਂ, ਤੇ ਤੈਨੂੰ ਵੀ ਉਹਨੂੰ ਲੱਭਣ ਲਈ ਸਾਡੇ ਨਾਲ ਜਾਣਾ ਪਏਗਾ।"

ਬਬਾਹਨਜੋਮੀ ਕੋਲ ਥਾਉਂ-ਥਾਈਂ ਲਿਜਾਇਆ ਜਾ ਸਕਣ ਵਾਲਾ ਇਕ ਨਿੱਕਾ ਜਿਹਾ ਘਰ ਸੀ, ਜਿਹਨੂੰ ਉਹ, ਜਿਥੇ ਵੀ ਜਾਂਦਾ, ਨਾਲ ਪਿਠ ਉਤੇ ਰਖ ਲਿਜਾ ਸਕਦਾ ਸੀ।

ਦਿਓ ਨੇ ਆਖਿਆ:

"ਮੇਰੇ ਏਸ ਛੋਟੇ ਜਿਹੇ ਘਰ 'ਚ ਵੜ ਜਾਓ, ਤੇ ਅਸੀਂ ਸੁੰਦਰੀ ਯੇਲੇਨਾ ਨੂੰ ਲੱਭਣ ਜਾਣੇ ਹਾਂ। ਪਰ ਉਹਨੂੰ ਜਿਤਣਾ ਸੌਖਾ ਨਹੀਂ ਹੋਣ ਲਗਾ। ਕਿੰਨੇ ਈ ਨੇ, ਜਿਹੜੇ ਉਹਨੂੰ ਆਪਣੀ ਬਣਾਣਾ ਚਾਹੁੰਦੇ ਨੇ।"

ਤੇ ਦੋਵੇਂ ਭਰਾ ਦਿਓ ਦੇ ਘਰ ਅੰਦਰ ਲੰਘ ਗਏ ਤੇ ਉਹਦੀ ਪਿਠ ਉਤੇ ਅਸਵਾਰ ਹੋ ਚਲ ਪਏ।

ਇਸ ਤਰ੍ਹਾਂ ਉਹ ਤਿੰਨ ਮਹੀਨੇ ਜਾਂ ਇਸ ਤੋਂ ਬਹੁਤਾ ਸਮਾਂ ਚਲਦੇ ਗਏ, ਤੇ ਅਖ਼ੀਰ ਉਹ ਇਕ ਦਰਿਆ ਕੋਲ ਪੁੱਜੇ।

"ਮੈਂ ਥਕ ਗਿਆਂ," ਸ਼ਹਿਜ਼ਾਦੇ ਨੇ ਹਰਨੋਟੇ ਨੂੰ ਆਖਿਆ, "ਆ ਸਾਹ ਲੈ ਲਈਏ।"

ਤੇ, ਬੇ-ਸ਼ਕ, ਬਬਾਹਨਜੋਮੀ ਹੋਰ ਵੀ ਬਹੁਤਾ ਥਕਿਆ ਹੋਇਆ ਸੀ। ਭਰਾ ਉਹਦੇ ਛੋਟੇ ਜਿਹੇ ਘਰ ਵਿਚੋਂ ਨਿਕਲੇ ਤੇ ਸਾਹ ਲੈਣ ਲਈ ਦਰਿਆ ਦੇ ਕੰਢੇ ਬੈਠ ਗਏ। ਉਹਨਾਂ ਨੂੰ ਬਹੁਤ ਤਿਹ ਲਗੀ ਹੋਈ ਸੀ, ਤੇ ਉਹਨਾਂ ਦਰਿਆ ਵਿਚੋਂ ਪਾਣੀ ਪੀਣਾ ਚਾਹਿਆ, ਪਰ ਪਾਣੀ ਉਹਨਾਂ ਨੂੰ ਲੂਣਾ ਲਗਾ।

"ਪਾਣੀ ਲੂਣਾ ਕਿਉਂ ਏ?" ਹੈਰਾਨ ਹੋ ਹਰਨੋਟੇ ਨੇ ਪੁਛਿਆ।

"ਇਹ ਪਾਣੀ ਨਹੀਂ, ਅਥਰੂ ਨੇ," ਬਬਾਹਨਜੋਮੀ ਨੇ ਜਵਾਬ ਦਿਤਾ। "ਦਰਿਆ ਦੇ ਉਪਰ ਵਲ ਪੰਜਾਂ ਸਿਰਾਂ ਵਾਲਾ ਇਕ ਦਿਓ ਰਹਿੰਦੈ। ਉਹਨੂੰ ਵੀ ਸੁੰਦਰੀ ਯੇਲੇਨਾ ਨਾਲ ਇਸ਼ਕ ਏ, ਪਰ ਸੁੰਦਰੀ ਯੇਲੇਨਾ ਨੇ ਉਹਨੂੰ ਨਾਂਹ ਕਰ ਦਿਤੀ ਏ। ਉਹਦਾ ਇਸ਼ਕ ਉਹਨੂੰ ਅਗ ਵਾਂਗ ਬਾਲ ਰਿਹੈ, ਤੇ ਉਹ ਅਥਰੂਆਂ ਦੇ ਦਰਿਆ ਵਹਾ ਰਿਹੈ।"

ਹਰਨੋਟਾ ਡਾਢੇ ਅਚੰਭੇ ਨਾਲ ਸੁਣਦਾ ਰਿਹਾ।

"ਜੇ ਮੈਂ ਸੁੰਦਰੀ ਯੇਲੇਨਾ ਨੂੰ ਆਪਣੇ ਭਰਾ ਲਈ ਨਹੀਂ ਜਿਤ ਲਿਆਂਦਾ," ਉਹਨੇ ਆਖਿਆ, "ਮੇਰਾ ਨਾਂ ਹਰਨੋਟਾ ਨਹੀਂ।"

ਉਹ ਦਰਿਆ ਦੇ ਉਪਰ ਵਲ ਰਹਿੰਦੇ ਦਿਓ ਕੋਲ ਗਏ, ਤੇ ਹਰਨੋਟੇ ਨੇ ਉਹਨੂੰ ਆਖਿਆ:

"ਦਸ ਖਾਂ, ਦਿਓਆ, ਏਨਾ ਡੂੰਘਾ ਪਿਆਰ ਏ ਤੈਨੂੰ ਸੁੰਦਰੀ ਯੇਲੇਨਾ ਨਾਲ?"

ਦਿਓ ਰੋਂਦਾ ਗਿਆ, ਤੇ ਉਹਦੇ ਅਥਰੂ ਵਹਿ ਨਿਕਲੇ ਤੇ ਦਰਿਆ ਬਣ ਗਏ।

"ਜੇ ਮੈਂ ਉਹਦਾ ਇਕ ਵਾਰੀ ਦੀਦਾਰ ਕਰ ਲਾਂ, ਤਾਂ ਭਾਵੇਂ ਮੈਂ ਮਰ ਵੀ ਜਾਵਾਂ," ਉਹਨੇ ਜਵਾਬ ਦਿਤਾ।

"ਚੰਗਾ," ਹਰਨੋਟੇ ਨੇ ਕਿਹਾ, "ਵਾਇਦਾ ਰਿਹੈ, ਦੀਦਾਰ ਕਰ ਲਏਂਗਾ ਤੂੰ ਉਹਦਾ, ਜਦੋਂ ਅਸੀਂ ਉਹਨੂੰ ਆਪਣੇ ਨਾਲ ਘਰ ਲਿਜਾਵਾਂਗੇ।"

ਇਹ ਕਹਿ ਉਹ ਅਗੇ ਆਪਣੇ ਰਾਹੇ ਟੁਰ ਪਏ।

ਕੁਝ ਮਹੀਨੇ ਲੰਘ ਗਏ, ਤੇ ਉਹ ਅਜੇ ਵੀ ਟੁਰਦੇ ਗਏ। ਭਾਵੇਂ ਜਿਹੜਾ ਵੀ ਜੰਗਲੀ ਜਾਨਵਰ ਉਹਨਾਂ ਨੂੰ ਰਾਹ ਵਿਚ ਟਕਰਿਆ ਸੀ, ਉਹਨਾਂ ਮਾਰ ਤੇ ਖਾ ਲਿਆ ਸੀ, ਫੇਰ ਵੀ ਉਹਨਾਂ ਦੀ ਰਸਦ ਮੁਕਦੀ ਜਾ ਰਹੀ

ਸੀ। ਉਹ ਅਗੇ ਟੁਰਦੇ ਤੇ ਟੁਰਦੇ ਹੀ ਗਏ, ਜਦੋਂ ਤਕ ਉਹ ਇਕ ਛੋਟੇ ਜਿਹੇ ਝੁੰਡ ਕੋਲ ਨਾ ਪਹੁੰਚ ਪਏ। ਅਜੇ ਤਕ ਉਹਨਾਂ ਨੂੰ ਸੁੰਦਰੀ ਯੇਲੇਨਾ ਦਾ ਕੋਈ ਨਿਸ਼ਾਨ ਨਹੀਂ ਸੀ ਲਭਿਆ।

ਹਰਨੋਟੇ ਨੇ ਆਖਿਆ:

"ਉਹ ਪਰ੍ਹਾਂ ਇਕ ਪਿੰਡ ਏ। ਮੈਂ ਜਾਨਾਂ ਤੇ ਪੁਛਨਾਂ, ਸ਼ਾਇਦ ਕਿਸੇ ਨੂੰ ਪਤਾ ਹੋਵੇ, ਸੁੰਦਰੀ ਯੇਲੇਨਾ ਕਿਥੇ ਹੁੰਦੀ ਏ।"

ਤੇ ਬਬਾਹਨਜੋਮੀ ਤੇ ਉਹਦੇ ਨਿੱਕੇ ਜਿਹੇ ਘਰ ਤੇ ਉਹਦੇ ਅੰਦਰ ਸ਼ਹਿਜ਼ਾਦੇ ਨੂੰ ਛਡ, ਹਰਨੋਟਾ ਪਿੰਡ ਵਲ ਟੁਰ ਪਿਆ। ਉਹਨੂੰ ਇਕ ਬੁੱਢੀ ਆਪਣੀ ਝੁੱਗੀ ਕੋਲ ਖਲੋਤੀ ਦਿੱਸੀ ਤੇ ਉਸ ਤੋਂ ਉਹਨੇ ਪੁਛਿਆ:

"ਬੇਬੇ, ਓਸ ਪਿਆਰ ਦੀ ਸਹੁੰ ਈਂ ਜਿਹੜਾ ਮਾਵਾਂ ਨੂੰ ਆਪਣੇ ਬਚਿਆਂ ਨਾਲ ਹੁੰਦੈ, ਮੈਨੂੰ ਦੱਸੀਂ, ਜੇ ਪਤਾ ਈ, ਮੈਂ ਸੁੰਦਰੀ ਯੇਲੇਨਾ ਨੂੰ ਕਿਹੜੀ ਥਾਉਂ ਲੱਭਾ?"

ਬੁੱਢੀ ਹੱਕੀ-ਬੱਕੀ ਰਹਿ ਗਈ। ਉਹਨੂੰ ਪਤਾ ਸੀ, ਸੁੰਦਰੀ ਯੇਲੇਨਾ ਤਕ ਪਹੁੰਚਣਾ ਕਿੰਨਾ ਮੁਸ਼ਕਲ ਸੀ ਤੇ ਜਵਾਨ ਦਾ ਸਿੱਧਾ-ਸਾਦਾ ਆਖਿਆ ਸੁਣ ਉਹ ਹੈਰਾਨ ਹੋ ਗਈ।

"ਪੁਤਰਾ, ਉਹਨੂੰ ਲਭਣਾ ਬਹੁਤ ਈ, ਬਹੁਤ ਈ, ਮੁਸ਼ਕਲ ਕੰਮ ਏ," ਬੁੱਢੀ ਨੇ ਆਖਿਆ। "ਜਾਪਦੈ, ਤੈਨੂੰ ਉਹਦੇ ਬਾਰੇ ਬਹੁਤਾ ਪਤਾ ਨਹੀਂ। ਪੌਣਾਂ ਦਾ ਮਹਾਨ ਜ਼ਾਰ ਉਹਨੂੰ ਪਿਆਰ ਕਰਦੈ, ਤੇ ਉਹ ਹਮੇਸ਼ਾ ਉਹਨੂੰ ਘਰੋਂ ਉਡਾ ਲਿਜਾਣ ਦੇ ਤਰੀਕੇ ਸੋਚਦਾ ਰਹਿੰਦੈ। ਏਸੇ ਕਰ ਕੇ ਈ ਉਹਨੂੰ ਸਤ ਜੰਦਰੇ ਲਾ ਕੇ ਰਖਿਆ ਜਾਂਦੈ ਤੇ ਉਹਨੂੰ ਕਦੀ ਸੂਰਜ ਦੀ ਇਕ ਕਿਰਨ ਵੀ ਨਹੀਂ ਦਿੱਸੀ: ਉਹਦੇ ਘਰ ਵਾਲਿਆਂ ਨੂੰ ਡਰ ਰਹਿੰਦੈ, ਉਹਨੂੰ ਉਡਾ ਲਿਆ ਜਾਏਗਾ।"

ਤੇ ਬੁੱਢੀ ਹਰਨੋਟੇ ਨੂੰ ਸੁੰਦਰੀ ਯੇਲੇਨਾ ਦਾ ਥਾਂ-ਟਿਕਾਣਾ ਦੱਸਣ ਲਗੀ।

"ਉਹਦਾ ਕਿਲ੍ਹਾ," ਉਹਨੇ ਦਸਿਆ, "ਇਕ ਬਹੁਤ ਵਡੇ ਬਾਗ਼ ਦੇ ਪਿਛੇ ਵਲ ਏ, ਤੇ ਉਹਦੇ ਦੁਆਲੇ ਉਚੀ ਕੰਧ ਏ, ਤੇ ਸੁੰਦਰੀ ਯੇਲੇਨਾ ਓਥੇ ਆਪਣੀ ਮਾਂ ਤੇ ਭਰਾਵਾਂ ਨਾਲ ਰਹਿੰਦੀ ਏ।"

"ਪਰ ਅਸੀਂ ਉਹਦੇ ਕੋਲ ਕਿਵੇਂ ਪਹੁੰਚ ਸਕਦੇ ਹਾਂ?" ਹਰਨੋਟੇ ਨੇ ਪੁਛਿਆ। "ਮੇਰਾ ਭਰਾ ਉਹਦੇ ਨਾਲ ਵਿਆਹ ਕਰਾਣਾ ਚਾਹੁੰਦੈ।"

"ਇਹ ਸੌਖਾ ਨਹੀਂ," ਬੁੱਢੀ ਨੇ ਆਖਿਆ। "ਸੁੰਦਰੀ ਯੇਲੇਨਾ ਦੇ ਚਹੁਣ ਵਾਲੇ ਬਹੁਤ ਨੇ, ਤੇ ਉਹਦੇ ਘਰ ਵਾਲੇ ਨਹੀਂ ਚਾਹੁਣਗੇ, ਉਹ ਤੇਰੇ ਭਰਾ ਨਾਲ ਵਿਆਹ ਕਰੇ। ਉਹ ਆਪਣੇ ਚਾਹੁਣ ਵਾਲਿਆਂ ਨੂੰ ਤਿੰਨ ਕੰਮ ਕਰਨ ਲਈ ਕਹਿੰਦੀ ਏ ਤੇ ਓਸ ਬੰਦੇ ਨਾਲ ਵਿਆਹ ਦਾ ਵਾਇਦਾ ਕਰਦੀ ਏ, ਜਿਹੜਾ ਉਹ ਕੰਮ ਕਰ ਲੈਂਦੈ। ਪਰ ਜਿਹੜੇ ਨਹੀਂ ਕਰ ਸਕਦੇ, ਉਹਨਾਂ ਨੂੰ ਉਹਦੇ ਭਰਾ ਮਾਰ ਦੇਂਦੇ ਨੇ।"

ਹਰਨੋਟਾ ਹਸਿਆ। ਸੁੰਦਰੀ ਯੇਲੇਨਾ ਕੀ ਸੋਚ ਸਕਦੀ ਹੋਵੇਗੀ, ਜੁ ਉਹ ਤੇ ਉਹਦੇ ਭਰਾ ਨਹੀਂ ਕਰ ਸਕਦੇ ਹੋਣਗੇ? ਤੇ ਉਹ ਉਸ ਥਾਂ ਪਰਤ ਆਇਆ, ਜਿਥੇ ਉਹ ਆਪਣੇ ਭਰਾ ਤੇ ਬਬਾਹਨਜੋਮੀ ਨੂੰ ਛਡ ਕੇ ਗਿਆ ਸੀ।

ਦਿਓ ਨੇ ਛੋਟਾ ਜਿਹਾ ਘਰ ਪਿਠ ਉਤੇ ਰਖ ਲਿਆ, ਹਰਨੋਟਾ ਤੇ ਸ਼ਹਿਜ਼ਾਦਾ ਉਹਦੇ ਅੰਦਰ ਸਨ, ਤੇ ਉਹ ਫੇਰ ਅਗੇ ਟੁਰ ਪਏ।

ਉਹ ਸੁੰਦਰੀ ਯੇਲੇਨਾ ਦੇ ਕਿਲ੍ਹੇ ਕੋਲ ਪਹੁੰਚ ਪਏ, ਤੇ ਸਭ ਤੋਂ ਪਹਿਲਾਂ ਅੰਦਰ ਜਾਣਾ ਵਾਲਾ ਹਰਨੋਟਾ ਸੀ।

ਏਧਰ, ਸੁੰਦਰੀ ਯੇਲੇਨਾ ਦੀ ਮਾਂ ਜਾਦੂਗਰਨੀ ਸੀ, ਤੇ ਉਹ ਬੰਦੇ ਨੂੰ ਮਾਰ ਵੀ ਸਕਦੀ ਸੀ ਤੇ ਜਿਵਾ ਵੀ ਸਕਦੀ ਸੀ।

ਉਹਨੇ ਹਰਨੋਟੇ ਵਲ ਵੇਖਿਆ ਤੇ ਉਹ ਉਹਨੂੰ ਇੰਜ ਉਚਾ-ਲੰਮਾ, ਤਗੜਾ ਤੇ ਸੁਹਣਾ ਲਗਾ ਕਿ ਵੇਖ-ਵੇਖ ਉਹਦੀਆਂ ਅੱਖਾਂ ਨਾ ਰੱਜੀਆਂ।

"ਕੌਣ ਏਂ ਤੂੰ ਤੇ ਏਥੇ ਕੀ ਕਰਨ ਆਇਐਂ ?" ਉਹਨੇ ਪੁਛਿਆ।

ਹਰਨੋਟੇ ਨੇ ਆਖਿਆ :

"ਮੈਂ ਦੁਸ਼ਮਣ ਬਣ ਨਹੀਂ ਆਇਆ, ਦੋਸਤ ਬਣ ਕੇ ਆਇਆਂ।"

"ਪਰ ਚਾਹੁਨਾਂ ਕੀ ਏਂ ?"

"ਮੈਂ ਤੇਰੀ ਸੁੰਦਰੀ ਯੇਲੇਨਾ ਨੂੰ ਭਰਜਾਈ ਬਣਾਣਾ ਚਾਹੁੰਨਾਂ।"

ਏਧਰ ਯੇਲੇਨਾ ਦੇ ਤਿੰਨ ਭਰਾ ਸਨ, ਪਰ ਉਸ ਵੇਲੇ ਤਿੰਨੇ ਸ਼ਿਕਾਰ ਖੇਡਣ ਲਈ ਜੰਗਲ ਗਏ ਹੋਏ ਸਨ।

"ਠਹਿਰ ਜਾ," ਸੁੰਦਰੀ ਯੇਲੇਨਾ ਦੀ ਮਾਂ ਨੇ ਆਖਿਆ, "ਤੇ ਮੇਰੇ ਪੁਤਰਾਂ ਦੇ ਮੁੜਨ ਤਕ ਉਡੀਕ। ਉਹਨਾਂ ਨਾਲ ਗਲ ਕਰੀਂ, ਤੇ ਸਭ ਕੁਝ ਹੋ ਜਾਏਗਾ।"

ਤੇ ਹਰਨੋਟਾ ਸੁੰਦਰੀ ਯੇਲੇਨਾ ਦੇ ਭਰਾਵਾਂ ਨੂੰ ਉਡੀਕਣ ਲਈ ਬਾਗ਼ ਵਿਚ ਬਹਿ ਗਿਆ।

ਦੂਜੇ ਬੰਨੇ, ਸ਼ਹਿਜ਼ਾਦਾ ਤੇ ਬਬਾਹਨਜੋਮੀ ਹਰਨੋਟੇ ਨੂੰ ਉਡੀਕ ਰਹੇ ਸਨ ਤੇ ਉਹਨਾਂ ਨੂੰ ਤੌਖ਼ਲਾ ਲਗਾ ਹੋਇਆ ਸੀ, ਮਤੇ ਪੌਣਾਂ ਦਾ ਮਹਾਨ ਜ਼ਾਰ ਉਹਦੇ ਨਾਲ ਟਕਰਾ ਨਾ ਪਵੇ ਤੇ ਉਹਨੂੰ ਮਾਰ ਨਾ ਦੇਵੇ, ਏਸ ਲਈ ਉਹਨਾਂ ਆ, ਅੱਖੀਂ ਵੇਖਣ ਦਾ ਫ਼ੈਸਲਾ ਕੀਤਾ, ਹਰਨੋਟੇ ਦਾ ਕੀ ਹਾਲ ਸੀ।

ਜਿਥੋਂ ਤਕ ਸੁੰਦਰੀ ਯੇਲੇਨਾ ਦੇ ਭਰਾਵਾਂ ਦਾ ਸਵਾਲ ਸੀ, ਉਹਨਾਂ ਓਦੋਂ ਹੀ ਮੂੰਹ ਆ ਵਿਖਾਏ, ਜਦੋਂ ਹਨੇਰਾ ਪੈ ਗਿਆ—ਇਕ ਨੇ ਸਬੂਤਾ ਹਿਰਨ ਮੋਢੇ ਉਤੇ ਰਖਿਆ ਹੋਇਆ ਸੀ, ਦੂਜੇ ਨੇ—ਇਕ ਹਿਰਨ ਦਾ ਬੱਚਾ ਤੇ ਤੀਜੇ ਨੇ—ਅਗ ਬਾਲਣ ਲਈ ਦਰਖ਼ਤ ਦਾ ਤਣਾ।

ਉਹਨਾਂ ਨੂੰ ਕਿਸੇ ਓਪਰੇ ਦੀ ਬੋ ਆਈ ਤੇ ਉਹ ਆਪਣੀ ਮਾਂ ਤੋਂ ਪੁੱਛਣ ਲਗੇ :

"ਮਾਂ, ਮਾਂ, ਕੌਣ ਆਇਆ ਹੋਇਐ ?"

"ਬਚਿਉ, ਕੋਈ ਜਿਹੜਾ ਦੋਸਤ ਬਣ ਕੇ ਆਇਐ। ਤੁਸੀਂ ਉਹਨੂੰ ਕੁਝ ਨਹੀਂ ਕਹਿਣਾ," ਮਾਂ ਨੇ ਜਵਾਬ ਦਿਤਾ।

ਏਧਰ, ਬਬਾਹਨਜੋਮੀ ਸ਼ਹਿਜ਼ਾਦੇ ਨੂੰ ਕਿਲ੍ਹੇ ਵਿਚ ਲੈ ਆਇਆ ਹੋਇਆ ਸੀ, ਤੇ ਸ਼ਹਿਜ਼ਾਦਾ ਓਥੇ ਖੜਾ ਸੀ ਤੇ ਉਡੀਕ ਰਿਹਾ ਸੀ, ਵੇਖੀਏ ਕੀ ਹੁੰਦਾ ਏ।

ਸੁੰਦਰੀ ਯੇਲੇਨਾ ਦੇ ਭਰਾ ਹਿਰਨ ਦੀ ਖਲ ਲਾਹੁਣ ਲਗ ਪਏ ਤੇ ਹਰਨੋਟਾ ਅਗੇ ਆਇਆ ਤੇ ਉਹਨਾਂ ਨਾਲ ਰਲ ਪਿਆ, ਤੇ ਜਿੰਨਾ ਵਕਤ ਉਹਨਾਂ ਇਕ ਟੰਙ ਉਤੇ ਲਾਇਆ, ਹਰਨੋਟੇ ਨੇ, ਬਿਜਲੀ ਦੀ ਤੇਜ਼ੀ ਨਾਲ, ਪੂਰੇ ਦੇ ਪੂਰੇ ਹਿਰਨ ਦੀ ਖਲ ਲਾਹ ਕੇ ਰਖ ਦਿਤੀ। ਤਿੰਨੇ ਭਰਾ ਹੈਰਾਨ ਹੋਏ ਉਹਦੇ ਵਲ ਵੇਖਦੇ ਰਹੇ।

ਉਹ ਖਾਣ ਲਈ ਬਹਿ ਗਏ, ਤੇ ਹਰਨੋਟਾ ਮਾਸ ਦੇ ਵਡੇ-ਵਡੇ ਟੋਟੇ ਝੁਰਾਟ ਖਾ ਗਿਆ। ਤੇ ਫੇਰ ਤਿੰਨੇ ਭਰਾ ਹੈਰਾਨ ਹੋਏ ਉਹਦੇ ਵਲ ਵੇਖਦੇ ਰਹੇ।

ਉਹਨਾਂ ਖਾਣਾ ਖਾ ਲਿਆ ਤੇ ਫੇਰ ਸੌਂ ਗਏ। ਅਗਲੀ ਸਵੇਰੇ ਸੁੰਦਰੀ ਯੇਲੇਨਾ ਨੇ ਆਖਿਆ :

"ਜੇ ਸ਼ਹਿਜ਼ਾਦਾ ਮੇਰੇ ਦਿਤੇ ਤਿੰਨ ਕੰਮ ਕਰ ਲੈਂਦੈ, ਮੈਂ ਉਹਦੇ ਨਾਲ ਵਿਆਹ ਕਰ ਲਵਾਂਗੀ; ਜੇ ਉਹ ਨਾ ਕਰ ਸਕਿਆ, ਤਾਂ ਮੈਂ ਨਹੀਂ ਕਰਨ ਲਗੀ।"

ਸ਼ਹਿਜ਼ਾਦਾ ਉਹਦੇ ਸਾਹਮਣੇ ਲਿਆਂਦਾ ਗਿਆ ਤੇ ਸੁੰਦਰੀ ਯੇਲੇਨਾ ਨੇ ਉਹਦੇ ਨਾਲ ਗਲ ਕੀਤੀ; ਪਰ ਵਿਚਾਰਾ ਨੌਜਵਾਨ ਸੁੰਨ ਹੋਇਆ ਪਿਆ ਸੀ, ਉਹਦੇ ਮੂੰਹੋਂ ਆਵਾਜ਼ ਨਹੀਂ ਸੀ ਨਿਕਲ ਰਹੀ। ਉਹ ਏਨਾ ਬੌਂਦਲਾਇਆ ਹੋਇਆ ਸੀ ਕਿ ਉਹਨੂੰ ਸਮਝ ਨਹੀਂ ਸੀ ਪੈ ਰਹੀ, ਕੀ ਹੋ ਰਿਹਾ ਸੀ। ਸੱਚੀ ਗਲ ਇਹ ਸੀ ਕਿ ਸੁੰਦਰੀ ਯੇਲੇਨਾ ਦੀ ਮਾਂ ਨੇ ਉਹਦੇ ਉਤੇ ਜਾਦੂ ਕੀਤਾ ਹੋਇਆ ਸੀ।

"ਛੁੱਟੀ ਕਰ!" ਸੁੰਦਰੀ ਯੇਲੇਨਾ ਕੂਕੀ, ਤੇ ਉਹਨੇ ਸ਼ਹਿਜ਼ਾਦੇ ਨੂੰ ਆਪਣੇ ਕਮਰੇ ਵਿਚੋਂ ਕਢ ਦਿਤਾ।

ਸ਼ਹਿਜ਼ਾਦਾ ਕਿਸੇ ਸ਼ਰਾਬੀ ਵਾਂਗ ਥਿੜਕਦਾ ਬਾਹਰ ਨਿਕਲ ਆਇਆ, ਤੇ ਹਰਨੋਟਾ ਕਾਹਲੀ-ਕਾਹਲੀ ਉਹਦੇ ਕੋਲ ਆਇਆ ਤੇ ਪੁੱਛਣ ਲਗਾ:

"ਸੁਣਾ, ਸ਼ਹਿਜ਼ਾਦੀ ਨੇ ਕੀ ਕਿਹਾ ਸਾਈ?"

"ਮੈਨੂੰ ਪਤਾ ਨਹੀਂ, ਭਰਾਵਾ, ਮੈਂ ਬਹੁਤ ਈ ਬੌਂਦਲਾਇਆ ਹੋਇਆ ਸਾਂ," ਸ਼ਹਿਜ਼ਾਦੇ ਨੇ ਜਵਾਬ ਦਿਤਾ।

ਹਰਨੋਟੇ ਨੂੰ ਬਹੁਤ ਗੁੱਸਾ ਚੜ੍ਹਿਆ, ਤੇ ਉਹ ਸੁੰਦਰੀ ਯੇਲੇਨਾ ਨੂੰ ਕਹਿਣ ਗਿਆ, ਉਹਦੇ ਭਰਾ ਨੂੰ ਇਕ ਵਾਰੀ ਫੇਰ ਮਿਲੇ।

ਪਰ ਦੂਜੀ ਵਾਰ ਵੀ ਸ਼ਹਿਜ਼ਾਦਾ ਸੁੰਦਰੀ ਯੇਲੇਨਾ ਦੇ ਸਾਹਮਣੇ ਚੁਪ-ਚਾਪ ਹੀ ਰਿਹਾ, ਤੇ ਉਹ ਉਹਦੇ ਕੋਲੋਂ ਇੰਜ ਆਇਆ, ਜਿਵੇਂ ਸੁਫ਼ਨੇ ਵਿਚ ਟੁਰ ਰਿਹਾ ਹੋਵੇ।

ਹਰਨੋਟੇ ਨੇ ਸਾਰੀ ਗਲ ਬਬਾਹਨਜੋਮੀ ਨੂੰ ਦੱਸੀ, ਤੇ ਉਹ ਰਲ ਕੇ ਸੋਚਣ ਲਗੇ, ਤੇ ਜੁ ਕੁਝ ਵੀ ਉਹਨਾਂ ਕਰਨਾ ਸੀ, ਉਹਦੀ ਉਹਨਾਂ ਸਲਾਹ ਪਕਾ ਲਈ। ਫੇਰ ਹਰਨੋਟਾ ਮੁੜ ਕੇ ਸੁੰਦਰੀ ਯੇਲੇਨਾ ਕੋਲ ਆਇਆ ਤੇ ਉਹਨੂੰ ਕਹਿਣ ਲਗਾ, ਉਹ ਸ਼ਹਿਜ਼ਾਦੇ ਨੂੰ ਤੀਜੀ ਵਾਰ ਮਿਲੇ।

ਪਰ ਸ਼ਹਿਜ਼ਾਦਾ ਸੁੰਦਰੀ ਯੇਲੇਨਾ ਦੇ ਸਾਹਮਣੇ ਕਿਸੇ ਘੜੇ ਹੋਏ ਬੁਤ ਵਾਂਗ ਖੜਾ ਰਿਹਾ, ਯੇਲੇਨਾ ਦੀ ਮਾਂ ਨੇ ਉਹਦੇ ਉਤੇ ਫੇਰ ਜਾਦੂ ਜੁ ਕਰ ਦਿਤਾ ਹੋਇਆ ਸੀ। ਪਰ ਬਬਾਹਨਜੋਮੀ ਆ ਗਿਆ, ਤੇ ਕੁਝ ਲਿਖਤਾਂ ਕਢ, ਉਹੋ ਜਿਹੀਆਂ, ਜਿਹੋ ਜਿਹੀਆਂ ਜਾਦੂ ਤੋੜਦੀਆਂ ਨੇ, ਉਹਨੇ ਉਸ ਕਮਰੇ ਵਿਚ ਸੁਟ ਦਿਤੀਆਂ, ਜਿਥੇ ਸੁੰਦਰੀ ਯੇਲੇਨਾ ਬੈਠੀ ਸ਼ਹਿਜ਼ਾਦੇ ਨਾਲ ਗੱਲਾਂ ਕਰ ਰਹੀ ਸੀ।

ਚਾਣਚਕ ਹੀ ਕੰਧਾਂ ਝੂਲਣ ਲਗੀਆਂ, ਤੇ ਸ਼ਹਿਜ਼ਾਦੇ ਦੀ ਸੁਰਤ ਪਰਤ ਆਈ। ਹੁਣ ਜਦੋਂ ਜਾਦੂ ਟੁਟ ਗਿਆ ਸੀ ਤੇ ਉਹਦੀਆਂ ਨਜ਼ਰਾਂ ਸੁੰਦਰਂ ਯੇਲੇਨਾ ਉਤੇ ਜਾ ਪਈਆਂ ਸਨ, ਉਹ ਭੱਜਾ-ਭੱਜਾ ਉਹਦੇ ਕੋਲ ਗਿਆ ਤੇ ਉਹਨੇ ਉਹਦਾ ਹਥ ਵਫ਼ ਲਿਆ।

"ਤੂੰ ਮੇਰੀ ਏਂ! ਤੂੰ ਮੇਰੀ ਏਂ!" ਉਹ ਕੂਕਿਆ।

ਹਰਨੋਟੇ ਦੀ ਖੁਸ਼ੀ ਦੀ ਹਦ ਨਾ ਰਹੀ, ਤੇ ਏਸੇ ਤਰ੍ਹਾਂ ਹੀ ਸੁੰਦਰੀ ਯੇਲੇਨਾ ਦੀ ਵੀ ਖੁਸ਼ੀ ਦੀ ਹਦ ਨਾ ਰਹੀ। ਉਹਨੂੰ ਪਤਾ ਸੀ, ਉਹਦੀ ਮਾਂ ਉਹਦੇ ਚਾਹੁਣ ਵਾਲਿਆਂ ਉਤੇ ਜਾਦੂ ਕਰ ਦੇਂਦੀ ਸੀ, ਤਾਂ ਜੁ ਯੇਲੇਨਾ ਵਿਆਹ ਨਾ ਕਰਾ ਸਕੇ। ਇਸ ਤਰ੍ਹਾਂ ਉਹ ਤੇ ਸ਼ਹਿਜ਼ਾਦਾ, ਮੁਸਕਰਾਂਦੇ ਤੇ ਖੁਸ਼-ਖੁਸ਼, ਰਲ ਕੇ ਬਾਹਰ ਨਿਕਲ ਆਏ।

ਅਗਲੀ ਸਵੇਰੇ ਲਾੜ੍ਹਾ ਲਾੜ੍ਹੀ ਬਾਗ਼ ਵਿਚ ਸੈਰ ਕਰਨ ਗਏ, ਤੇ ਹਰਨੋਟਾ ਕੋਲ ਖੜਾ ਵੇਖ ਰਿਹਾ ਸੀ ਤੇ ਉਹਨਾਂ ਨੂੰ ਤਕ-ਤਕ ਖੁਸ਼ ਹੋ ਰਿਹਾ ਸੀ। ਚਾਣਚਕ ਹੀ ਸੁੰਦਰੀ ਯੇਲੇਨਾ ਪੌਣਾਂ ਦੇ ਮਹਾਨ ਜ਼ਾਰ ਦੇ ਨਜ਼ਰੀਂ ਚੜ੍ਹ ਗਈ ਤੇ ਉਹਨੇ ਸ਼ਹਿਜ਼ਾਦੇ ਉਤੇ ਝਪਟਾ ਮਾਰੀਆ। ਉਹਨੂੰ ਉਤਾਂਹ ਚੁਕ ਉਹਨੇ ਘੁਮਾਟੀਆਂ ਤੇ ਭੁਆਟਣੀਆਂ

ਦਿਤੀਆਂ ਤੇ ਫੇਰ ਭੁੰਜੇ ਪਟਕਾ ਮਾਰਿਆ। ਫੇਰ ਉਹਨੇ ਸੁੰਦਰੀ ਯੇਲੇਨਾ ਨੂੰ ਚੁਕ ਲਿਆ ਤੇ ਉਹਨੂੰ ਉਪਰ ਅਸਮਾਨ ਵਿਚ ਲੈ ਗਿਆ।

ਜਦੋਂ ਹਰਨੋਟੇ ਨੇ ਆਪਣੇ ਭਰਾ ਨੂੰ ਭੁੰਜੇ ਨਿਰਜਿੰਦ ਹੋਇਆ ਪਿਆ ਵੇਖਿਆ, ਦੁਖ ਨਾਲ ਉਹ ਚੂਰ ਹੋ ਗਿਆ ਤੇ ਉਹਨੂੰ ਸੁੰਦਰੀ ਯੇਲੇਨਾ ਭੁਲ ਗਈ। ਹੁਣ ਉਹਨੂੰ ਉਹ ਬੁੱਢੀ ਯਾਦ ਆਈ, ਜਿਹਨੂੰ ਉਹ ਮਿਲਿਆ ਸੀ ਤੇ ਜਿਨ੍ਹੇ ਉਹਨੂੰ ਪੌਣਾਂ ਦੇ ਮਹਾਨ ਜ਼ਾਰ ਬਾਰੇ ਤਾੜਨਾ ਕੀਤੀ ਸੀ; ਪਰ ਅਫ਼ਸੋਸ, ਹੁਣ ਵੇਲਾ ਨਹੀਂ ਸੀ ਰਿਹਾ।

ਹਰਨੋਟਾ ਬਹਿ ਗਿਆ ਤੇ ਜ਼ਾਰੋ-ਜ਼ਾਰ ਰੋਣ ਲਗ ਪਿਆ, ਤੇ ਸੁੰਦਰੀ ਯੇਲੇਨਾ ਦੀ ਮਾਂ ਉਹਦੇ ਕੋਲ ਆਈ ਤੇ ਕਹਿਣ ਲਗੀ:

"ਰੋ ਨਾ, ਤੇਰੇ ਭਰਾ ਨੂੰ ਮੈਂ ਜਿਵਾ ਦੇਣੀ ਹਾਂ। ਪਰ ਪੌਣਾਂ ਦਾ ਮਹਾਨ ਜ਼ਾਰ ਸੁੰਦਰੀ ਯੇਲੇਨਾ ਨੂੰ ਚੁਰਾ ਕੇ ਲੈ ਗਿਐ, ਤੇ ਉਹਨੂੰ ਢੂਡ ਕੇ ਕਿਵੇਂ ਲਿਆਂਦਾ ਜਾਵੇ, ਮੈਨੂੰ ਸਮਝ ਨਹੀਂ ਪੈ ਰਹੀ।"

ਉਹਨੇ ਇਕ ਰੁਮਾਲ ਕਢਿਆ, ਉਹਨੂੰ ਸ਼ਹਿਜ਼ਾਦੇ ਦੇ ਮੂੰਹ ਉਤੇ ਫੇਰਿਆ, ਤੇ ਉਹ ਇਕਦਮ ਹੀ ਜੀ ਪਿਆ। ਉਹ ਉਠ ਖਲੋਤਾ, ਉਹਨੇ ਆਪਣੀਆਂ ਅੱਖਾਂ ਮਲੀਆਂ ਤੇ ਕਹਿਣ ਲਗਾ:

"ਮੈਂ ਬੜਾ ਚਿਰ ਸੁੱਤਾ ਰਿਹਾਂ।"

ਪਰ ਜਦੋਂ ਉਹਨੇ ਦੁਆਲੇ ਵੇਖਿਆ, ਤੇ ਤਕਿਆ, ਉਥੇ ਸੁੰਦਰੀ ਯੇਲੇਨਾ ਨਹੀਂ ਸੀ ਰਹੀ, ਉਹ ਰੋਣ ਤੇ ਡੁਸਕਣ ਲਗ ਪਿਆ, ਉਹਨੂੰ ਸੁਝ ਜੁ ਨਹੀਂ ਸੀ ਰਿਹਾ, ਕੀਤਾ ਕੀ ਜਾਵੇ।

ਫੇਰ ਹਰਨੋਟਾ ਬਬਾਹਨਜੋਮੀ ਕੋਲ ਗਿਆ ਤੇ ਕਹਿਣ ਲਗਾ:

"ਪੌਣਾਂ ਦਾ ਮਹਾਨ ਜ਼ਾਰ ਵਹੁਟੀ ਲੈ ਗਿਐ। ਅਸੀਂ ਉਹਨੂੰ ਹਰ ਹਾਲੇ ਵਾਪਸ ਲਿਆਉਣੈਂ।"

ਦਿਉ ਨੇ ਆਖਿਆ:

"ਰਬ ਕਰੇ ਬਬਾਹਨਜੋਮੀ ਥਾਏਂ ਈ ਮਰ ਜਾਏ, ਜੇ ਉਹ ਤੇਰੀ ਮਦਦ ਨਾ ਕਰੇ! ਮੇਰੇ ਸੱਜੇ ਕੰਨ 'ਚ ਵੇਖ, ਤੇ ਤੈਨੂੰ ਓਥੇ ਇਕ ਕਾਠੀ ਦਿੱਸੇਗੀ, ਮੇਰੇ ਖੱਬੇ ਕੰਨ 'ਚ ਵੇਖ, ਤੈਨੂੰ ਓਥੇ ਇਕ ਲਗਾਮ ਤੇ ਛਾਂਟਾ ਦਿੱਸੇਗਾ। ਉਹਨਾਂ ਨੂੰ ਕਢ ਲੈ ਤੇ ਮੈਨੂੰ ਲਗਾਮ ਪਾ ਲੈ, ਤੇ ਅਸੀਂ ਇਕਦਮ ਚਲ ਪਵਾਂਗੇ।"

ਸ਼ਹਿਜ਼ਾਦੇ ਨੂੰ ਸੁੰਦਰੀ ਯੇਲੇਨਾ ਦੇ ਘਰ ਛਡ, ਹਰਨੋਟੇ ਨੇ ਬਬਾਹਨਜੋਮੀ ਨੂੰ ਲਗਾਮ ਪਾ ਲਈ ਤੇ ਉਹਦੀ ਪਿਠ ਉਤੇ ਨੌਂ ਵਧਰੀਆਂ ਵਾਲੀ ਕਾਠੀ ਪੀੜ ਦਿਤੀ ਤੇ ਨੌਂ ਕੜਿਆਲ ਉਹਦੇ ਪੰਜਾਂ ਮੂੰਹਾਂ ਵਿਚੋਂ ਲੰਘਾ ਲਏ।

"ਹੁਣ ਪਲਾਕੀ ਮਾਰ ਮੇਰੀ ਪਿਠ ਉਤੇ ਬਹਿ ਜਾ," ਬਬਾਹਨਜੋਮੀ ਨੇ ਆਖਿਆ, "ਤੇ ਆਪਣਾ ਛਾਂਟਾ ਮੈਨੂੰ ਤਿੰਨ ਵਾਰੀ ਏਸ ਤਰ੍ਹਾਂ ਮਾਰ ਕਿ ਮੇਰੀ ਪਿਠ ਤੋਂ ਮਾਸ ਦੀਆਂ ਨੌਂ ਲੜਾਂ ਲਾਹ ਜਾਣ। ਉਸ ਪਿਛੋਂ ਫੜੀ ਰਖੀਂ ਤੇ ਡਰੀਂ ਨਾ, ਮੈਂ ਇੰਜ ਤੇਜ਼ ਉੱਡਾਂਗਾ, ਜਿਵੇਂ ਹਵਾ!"

ਜਿਵੇਂ ਬਬਾਹਨਜੋਮੀ ਨੇ ਕਿਹਾ ਸੀ, ਉਵੇਂ ਕਰਨ ਤੋਂ ਪਹਿਲਾਂ, ਹਰਨੋਟਾ ਆਪਣੇ ਭਰਾ, ਸ਼ਹਿਜ਼ਾਦੇ, ਤੋਂ ਵਿਦਾ ਹੋਣ ਗਿਆ।

"ਏਥੇ ਠਹਿਰੀਂ ਤੇ ਸਾਨੂੰ ਉਡੀਕੀਂ," ਉਹਨੇ ਆਖਿਆ, "ਅਸੀਂ ਸੁੰਦਰੀ ਯੇਲੇਨਾ ਨੂੰ ਲੱਭਣ ਚੱਲੇ ਹਾਂ।"

ਫੇਰ ਉਹ ਪਲਾਕੀ ਮਾਰ ਦਿਓ ਦੀ ਪਿਠ ਉਤੇ ਸਵਾਰ ਹੋ ਗਿਆ, ਉਹਨੇ ਉਹਦੀ ਪਿਠ ਉਤੇ ਤਿੰਨ ਛਾਂਟੇ ਮਾਰੇ ਤੇ ਉਹਦੇ ਤੋਂ ਮਾਸ ਦੀਆਂ ਨੌਂ ਲੜਾਂ ਲਾਹ ਦਿਤੀਆਂ। ਦਿਓ ਕਰਾਹਿਆ ਤੇ ਸ਼ੂਕਰਿਆ, ਉਹਨੇ ਜ਼ਮੀਨ ਉਤੇ ਆਪਣਾ ਪਿੰਡਾ ਮਾਰਿਆ ਤੇ ਫੇਰ ਉਪਰ ਉਡਾਰੀ ਲਾ ਉਹ ਬਦਲਾਂ ਵਿਚ ਨਿਕਲ ਗਿਆ। ਉਹ

ਦੂਰ ਅਸਮਾਨ ਵਿਚ ਉਡਦੇ ਜਾ ਰਹੇ ਸਨ, ਤੇ ਫੇਰ ਉਹ ਹੇਠਾਂ ਤਾਂ ਹੀ ਆਏ, ਜਦੋਂ ਉਹਨਾਂ ਨੂੰ ਇਕ ਪੈਲੀ ਦਿੱਸੀ। ਪੈਲੀ ਵਿਚ ਇਕ ਬੁੱਢੀ ਸੀ। ਤੇ ਹਰਨੋਟੇ ਨੇ ਉਹਦੇ ਤੋਂ ਪੁਛਿਆ, ਉਹਨੂੰ ਪਤਾ ਸੀ, ਪੌਣਾਂ ਦਾ ਮਹਾਨ ਜ਼ਾਰ ਕਿਥੇ ਰਹਿੰਦਾ ਸੀ।

ਬੁੱਢੀ ਡੁਸਕਣ ਤੇ ਵੈਣ ਪਾਣ ਲਗ ਪਈ:

"ਵੇ ਬਚੜਿਆ, ਵੇ ਬਚੜਿਆ," ਉਹ ਕੁਰਲਾਣ ਲਗੀ, "ਕੀ ਲੈਣ ਆਇਐਂ ਏਥੇ? ਹਿੰਮਤ ਕਿਵੇਂ ਹੋਈ ਆ ਏਥੇ ਮੂੰਹ ਵਿਖਾਣ ਦੀ। ਪੌਣਾਂ ਦੇ ਮਹਾਨ ਜ਼ਾਰ ਨੂੰ ਓਪਰੇ ਆਦਮੀ ਦੀ ਬੋ ਆ ਜਾਏਗੀ, ਉਹਨੂੰ ਪਤਾ ਲਗ ਜਾਏਗਾ, ਤੂੰ ਏਥੇ ਏਂ, ਤੇ ਉਹ ਸਾਨੂੰ ਸਾਰਿਆਂ ਨੂੰ ਮਾਰ ਦਏਗਾ। ਕੁਝ ਚਿਰ ਹੋਇਐ, ਉਹ ਏਨੀ ਸੁਹਣੀ ਮੁਟਿਆਰ ਲਿਆਇਐ ਕਿ ਏਸ ਦੁਨੀਆਂ 'ਚ ਉਹਦੇ ਸੁਹਜ ਦਾ ਜਵਾਬ ਹੋਰ ਕੋਈ ਨਹੀਂ ਹੋ ਸਕਦਾ। ਪੌਣਾਂ ਦਾ ਜ਼ਾਰ ਏਡੇ ਜ਼ੋਰ ਦਾ ਝੁਲਿਆ ਸੀ ਕਿ ਉਹਦੀ ਫੂ-ਫੂ ਤੇ ਸ਼ੂੰ-ਸ਼ੂੰ ਤੋਂ ਸਿਵਾ ਹੋਰ ਕੁਝ ਨਹੀਂ ਸੀ ਸੁਣੀਤਾ ਤੇ ਉਹਦੇ ਦੁਆਲੇ ਦੀ ਹਰ ਚੀਜ਼ ਫਾਂਹ ਕਰਦੀ ਭੁੰਜੇ ਆ ਪਈ ਸੀ।

"ਓਸੇ ਈ ਮੁਟਿਆਰ ਨੂੰ ਤਾਂ ਮੈਂ ਲਭ ਰਿਹਾਂ," ਹਰਨੋਟੇ ਨੇ ਆਖਿਆ। "ਮੈਨੂੰ ਜ਼ਰੂਰ ਵਿਖਾ ਪੌਣਾਂ ਦਾ ਮਹਾਨ ਜ਼ਾਰ ਕਿਥੇ ਰਹਿੰਦੈ।"

"ਚੰਗਾ," ਬੁੱਢੀ ਮੰਨ ਗਈ, ਪਰ ਸਹਿਮ ਨਾਲ ਉਹ ਕੰਬ ਰਹੀ ਸੀ ਤੇ ਉਹਨੂੰ ਸਾਹ ਮਸਾਂ-ਮਸਾਂ ਹੀ ਆ ਰਿਹਾ ਸੀ।

ਹਰਨੋਟਾ ਉਤਰਿਆ, ਉਹਨੇ ਕਾਠੀ, ਲਗਾਮ ਤੇ ਛਾਂਟਾ ਦਿਓ ਦੇ ਕੰਨਾਂ ਵਿਚ ਲੁਕਾ ਦਿਤੇ ਤੇ ਬੁੱਢੀ ਦੇ ਪਿਛੇ-ਪਿਛੇ ਹੋ ਪਿਆ।

ਬਬਾਹਨਜੋਮੀ ਪਿਛੇ ਰਿਹਾ। ਉਹ ਏਧਰ-ਓਧਰ ਫਿਰਦਾ ਰਿਹਾ, ਹਰ ਚੀਜ਼ ਵੇਖਦਾ-ਚਾਖਦਾ ਰਿਹਾ, ਜੁ ਮਨ ਵਿਚ ਆਇਆ, ਕਰਦਾ ਰਿਹਾ, ਏਥੋਂ ਤਕ ਕਿ ਉਹਨੇ ਪੌਣਾਂ ਦੇ ਜ਼ਾਰ ਦੇ ਸਾਰੇ ਚੂਚੇ ਵੀ ਖਾ ਛੱਡੇ।

ਬੁੱਢੀ ਹਰਨੋਟੇ ਨੂੰ ਪੌਣਾਂ ਦੇ ਮਹਾਨ ਜ਼ਾਰ ਦੇ ਕਿਲ੍ਹੇ ਕੋਲ ਲੈ ਆਈ ਤੇ ਚਲੀ ਗਈ।

ਓਸੇ ਹੀ ਸਵੇਰੇ ਜ਼ਾਰ ਸ਼ਿਕਾਰ ਖੇਡਣ ਲਈ ਬਾਹਰ ਗਿਆ ਹੋਇਆ ਸੀ, ਇਸ ਲਈ ਸੁੰਦਰੀ ਯੇਲੇਨਾ ਕਿਲ੍ਹੇ ਵਿਚ ਇਕੱਲੀ ਸੀ ਤੇ ਰੋ ਰਹੀ ਸੀ।

ਹਰਨੋਟਾ ਉਹਦੇ ਕਮਰੇ ਦੇ ਬੂਹੇ ਕੋਲ ਆਇਆ, ਉਹਨੂੰ ਧਕ ਖੋਲ੍ਹਿਆ ਤੇ ਅੰਦਰ ਜਾ ਵੜਿਆ।

"ਏਥੇ ਕਿਵੇਂ ਪਹੁੰਚ ਪਿਐਂ?" ਸੁੰਦਰੀ ਯੇਲੇਨਾ ਨੇ ਪੁਛਿਆ। "ਤੇ ਮੇਰੇ ਓਸ ਵਿਚਾਰੇ ਲਾੜ੍ਹੇ ਦਾ ਕੀ ਬਣਿਐ?"

ਤੇ ਉਹਨੇ ਹਰਨੋਟੇ ਨੂੰ ਜੱਫੀ ਪਾਈ ਤੇ ਚੁੰਮਿਆ ਤੇ ਹਰਨੋਟੇ ਨੇ ਉਹਨੂੰ ਸਾਰਾ ਕੁਝ, ਜੁ ਕੁਝ ਵੀ ਹੋਇਆ ਸੀ, ਦਸਿਆ।

"ਮੈਂ ਤੈਨੂੰ ਏਥੋਂ ਲੈਣ ਆਇਆਂ," ਉਹਨੇ ਆਖਿਆ।

"ਇਹ ਤੂੰ ਕਦੀ ਵੀ ਨਹੀਂ ਕਰ ਸਕਣ ਲਗਾ!" ਸੁੰਦਰੀ ਯੇਲੇਨਾ ਕੂਕੀ। "ਪੌਣਾਂ ਦਾ ਮਹਾਨ ਜ਼ਾਰ, ਲਾਹਣਤ ਪਵੇ ਸੂ, ਸਾਨੂੰ ਦੋਵਾਂ ਨੂੰ ਮਾਰ ਦੇਵੇਗਾ!"

ਫੇਰ ਹਰਨੋਟਾ ਉਸ ਬੁੱਢੀ ਕੋਲ ਗਿਆ ਜਿਨ੍ਹੇ ਉਹਨੂੰ ਪੌਣਾਂ ਦੇ ਮਹਾਨ ਜ਼ਾਰ ਦੇ ਕਿਲ੍ਹੇ ਦਾ ਰਾਹ ਵਿਖਾਇਆ ਸੀ ਤੇ ਉਹਦੇ ਕੋਲੋਂ ਸਲਾਹ ਲੈਣ ਲਗਾ, ਸੁੰਦਰੀ ਯੇਲੇਨਾ ਨੂੰ ਕਿਵੇਂ ਲਿਜਾਇਆ ਜਾ ਸਕਦਾ ਸੀ ਤੇ ਉਹਨਾਂ ਦੀ ਪੌਣਾਂ ਦੇ ਮਹਾਨ ਜ਼ਾਰ ਤੋਂ ਖਲਾਸੀ ਕਿਵੇਂ ਕਰਾਈ ਜਾ ਸਕਦੀ ਸੀ।

ਬੁੱਢੀ ਨੇ ਆਖਿਆ :

"ਪਹਿਲੋਂ ਜਾ ਤੇ ਸੁੰਦਰੀ ਯੇਲੇਨਾ ਨੂੰ ਆਖ ਕਿ ਅਗਲੀ ਵਾਰੀ ਜਦੋਂ ਪੌਣਾਂ ਦਾ ਮਹਾਨ ਜ਼ਾਰ ਸ਼ਿਕਾਰ ਲਈ ਜਾਵੇ, ਉਹ ਘਰ ਦੀ ਇਕ ਨੁੱਕਰ ਨੂੰ ਛੇਤੀ-ਛੇਤੀ ਫੁੱਲਾਂ ਨਾਲ ਸਜਾ ਲਵੇ, ਤੇ ਫੇਰ ਜਦੋਂ ਉਹ ਵਾਪਸ ਆਵੇ, ਉਹਨੂੰ ਉਦਾਸ ਮੂੰਹ ਬਣਾ ਕੇ ਮਿਲੇ, ਤੇ ਇੰਜ ਵਿਖਾਵੇ, ਜਿਵੇਂ ਉਹ ਉਹਨੂੰ ਬਹੁਤ ਈ ਯਾਦ ਕਰਦੀ ਰਹੀ ਹੋਵੇ।"

ਅਗਲੀ ਸਵੇਰੇ, ਜਿਸ ਪਲ ਹੀ ਪੌਣਾਂ ਦਾ ਮਾਹਨ ਜ਼ਾਰ ਕਿਲ੍ਹੇ ਵਿਚੋਂ ਨਿਕਲਿਆ, ਸੁੰਦਰੀ ਯੇਲੇਨਾ ਬਾਗ ਵਿਚ ਗਈ, ਉਹਨੇ ਕੁਝ ਫੁਲ ਚੁੱਗੇ ਤੇ ਉਹ ਖੇਡੀਂ ਲਗੇ ਕਿਸੇ ਬੱਚੇ ਵਾਂਗ ਘਰ ਦੀ ਇਕ ਨੁੱਕਰ ਸਜਾਣ ਲਗ ਪਈ।

ਸ਼ਾਮੀਂ ਜ਼ਾਰ ਘਰ ਆਇਆ ਤੇ ਉਹ ਉਹਨੂੰ ਵੇਖ ਦੰਗ ਰਹਿ ਗਿਆ।

"ਫੁੱਲਾਂ ਨਾਲ ਬਚਿਆਂ ਵਾਂਗ ਕਿਉਂ ਖੇਡ ਰਹੀ ਏਂ?" ਉਹਨੇ ਪੁਛਿਆ।

"ਹੋਰ ਕਰਾਂ ਵੀ ਮੈਂ ਕੀ?" ਉਹਨੇ ਆਖਿਆ। "ਜਦੋਂ ਤੂੰ ਗਿਆ ਹੋਨੈਂ, ਮੈਂ ਦਿਲ ਪਰਚਾਣ ਨੂੰ ਕੁਝ ਨਾ ਕੁਝ ਤਾਂ ਲਭਣਾ ਈ ਹੁੰਦੈ। ਜੇ ਤੂੰ ਕਦੀ ਮੈਨੂੰ ਵਿਖਾ ਦੇਵੇਂ, ਤੇਰੀ ਰੂਹ ਕਿੱਥੇ ਪਈ ਹੁੰਦੀ ਏ, ਤਾਂ ਮੈਂ ਏਨੀ ਨਾ ਅੱਕਾਂ ਤੇ ਕੱਲੀ-ਕੱਲੀ ਮਹਿਸੂਸ ਨਾ ਕਰਾਂ।"

"ਮੇਰੀ ਰੂਹ ਨੂੰ ਕੀ ਕਰੇਂਗੀ, ਸੁਹਣੀਏ?"

"ਤੂੰ ਵੀ ਅਜੀਬ ਆਦਮੀ ਏਂ। ਜੇ ਮੈਨੂੰ ਪਤਾ ਹੋਵੇ, ਉਹ ਕਿਥੇ ਏ, ਮੈਂ ਤੇਰੇ ਮੁੜਨ ਦੀ ਉਡੀਕ ਕਰਦੀ ਉਹਨੂੰ ਚੁੰਮ ਤੇ ਲਡਿਆ ਤਾਂ ਸਕਦੀ ਹਾਂ। ਭੁਲ ਨਾ, ਮੈਂ ਤੇਰੀ ਵਹੁਟੀ ਹਾਂ। ਮਿਹਰ ਕਰ ਤੇ ਦਸ ਮੈਨੂੰ, ਉਹ ਕਿਥੇ ਏ।"

"ਚੰਗਾ," ਪੌਣਾਂ ਦੇ ਮਹਾਨ ਜ਼ਾਰ ਨੇ ਕਿਹਾ। "ਤੂੰ ਚਾਹੁਨੀ ਏਂ, ਏਸ ਲਈ ਤੈਨੂੰ ਦਸਨਾਂ, ਉਹ ਕਿਥੇ ਏ।"

ਤੇ ਉਹਨੂੰ ਕਿਲ੍ਹੇ ਦੀ ਛਤ ਉਤੇ ਲਿਜਾ, ਉਹ ਕਹਿਣ ਲਗਾ:

"ਉਹ ਦੂਰ ਜੰਗਲ ਦੀ ਖੁਲ੍ਹੀ ਥਾਂ 'ਤੇ ਖੜਾ ਹਿਰਨ ਦਿਸਦਾ ਈ? ਉਹਦੇ ਲਈ ਤਿੰਨ ਬੰਦੇ ਘਾਹ ਵਢਦੇ ਨੇ, ਤੇ ਉਹ ਸਾਰੀ 'ਕੱਲਾ ਈ ਖਾ ਜਾਂਦੈ, ਏਸ ਤਰ੍ਹਾਂ ਕਿ ਬੰਦੇ ਉਹਦੇ ਨਾਲ ਸਾਵੇਂ ਨਹੀਂ ਰਹਿ ਸਕਦੇ। ਤੇ ਓਸ ਹਿਰਨ ਦੇ ਸਿਰ 'ਚ ਤਿੰਨ ਨਿੱਕੇ-ਨਿੱਕੇ ਡੱਬੇ ਨੇ, ਤੇ ਮੇਰੀ ਰੂਹ ਓਹਨਾਂ 'ਚ ਲੁਕਾਈ ਪਈ ਏ।"

"ਪਰ ਜੇ ਕਦੀ ਕੋਈ ਹਿਰਨ ਨੂੰ ਮਾਰ ਦੇਵੇ ਤਾਂ?" ਸੁੰਦਰੀ ਯੇਲੇਨਾ ਨੇ ਪੁਛਿਆ।

"ਨਹੀਂ, ਉਹਨੂੰ ਮਾਰਿਆ ਮੇਰੇ ਈ ਤੀਰ ਕਮਾਨ ਨਾਲ ਜਾ ਸਕਦੈ," ਜ਼ਾਰ ਨੇ ਜਵਾਬ ਦਿਤਾ। "ਇਹਨਾਂ ਤਿੰਨਾਂ ਡਬਿਆਂ 'ਚ ਇਕ-ਇਕ ਪੰਛੀ ਏ। ਜੇ ਇਕ ਪੰਛੀ ਮਾਰ ਦਿਤਾ ਜਾਂਦੈ, ਮੈਂ ਪੈਰਾਂ ਤੋਂ ਗੋਡਿਆਂ ਤਕ ਪੱਥਰ ਦਾ ਹੋ ਜਾਵਾਂਗਾ; ਜੇ ਦੂਜਾ ਪੰਛੀ ਮਾਰ ਦਿਤਾ ਜਾਂਦੈ, ਮੈਂ ਲਕ ਤਕ ਪੱਥਰ ਦਾ ਹੋ ਜਾਵਾਂਗਾ; ਤੇ ਜੇ ਤੀਜਾ ਪੰਛੀ ਮਾਰ ਦਿਤਾ ਜਾਂਦੈ, ਮੈਂ ਮਰ ਜਾਵਾਂਗਾ। ਹੁਣ ਸਮਝ ਗਈ ਏਂ, ਮੇਰੀ ਰੂਹ ਕਿਥੇ ਏ।"

ਸਵੇਰ ਹੋ ਗਈ ਤੇ ਪੌਣਾਂ ਦਾ ਮਹਾਨ ਜ਼ਾਰ ਆਪਣੇ ਕੰਮ 'ਤੇ ਚਲਾ ਗਿਆ, ਤੇ ਸੁੰਦਰੀ ਯੇਲੇਨਾ ਨੇ ਉਹਦਾ ਤੀਰ-ਕਮਾਨ ਲਾਹ ਲਿਆ ਤੇ ਹਰਨੋਟੇ ਨੂੰ ਦੇ ਦਿਤਾ, ਉਹਨੂੰ ਦਸ ਦਿਤਾ, ਪੌਣਾਂ ਦੇ ਮਹਾਨ ਜ਼ਾਰ ਨੂੰ ਮਾਰਿਆ ਕਿਵੇਂ ਜਾ ਸਕਦਾ ਸੀ।

ਹਰਨੋਟੇ ਦੀ ਖੁਸ਼ੀ ਦੀ ਹਦ ਨਾ ਰਹੀ। ਉਹਨੇ ਤੀਰ-ਕਮਾਨ ਲੈ ਲਿਆ ਤੇ ਉਸ ਜੰਗਲ ਦੀ ਖੁਲ੍ਹੀ ਥਾਂ 'ਤੇ ਪਹੁੰਚਿਆ, ਜਿਥੇ ਹਿਰਨ ਮੂੰਹ ਮਾਰ ਰਿਹਾ ਸੀ। ਉਹਨੇ ਇਕ ਤੀਰ ਛਡਿਆ, ਹਿਰਨ ਨੂੰ ਮਾਰ ਦਿਤਾ, ਤੇ ਭਜ ਉਹਦੇ ਕੋਲ ਪਹੁੰਚ ਉਹਦਾ ਸਿਰ ਦੁਫਾੜ ਕਰ ਦਿਤਾ, ਤੇ ਡੱਬੇ ਕਢ ਲਏ।

ਏਧਰ, ਜਿਵੇਂ ਹੀ ਹਿਰਨ ਮਰਿਆ ਸੀ, ਪੌਣਾਂ ਦੇ ਮਹਾਨ ਜ਼ਾਰ ਨੂੰ ਮਹਿਸੂਸ ਹੋਇਆ ਕਿ ਕੁਝ ਨਾ ਕੁਝ ਗੜਬੜ ਸੀ ਤੇ ਉਹ ਛੇਤੀ ਨਾਲ ਘਰ ਵਲ ਨੂੰ ਹੋ ਪਿਆ।

ਪਰ ਹਰਨੋਟੇ ਨੇ ਪਹਿਲੇ ਛੋਟੇ ਜਿਹੇ ਪੰਛੀ ਦੀ ਧੌਣ ਮਰੋੜ ਛੱਡੀ, ਤੇ ਪੌਣਾਂ ਦੇ ਮਹਾਨ ਜ਼ਾਰ ਦੀਆਂ ਲੱਤਾਂ ਪੱਥਰ ਹੋ ਗਈਆਂ। ਹਰਨੋਟੇ ਨੇ ਦੂਜੇ ਛੋਟੇ ਜਿਹੇ ਪੰਛੀ ਦੀ ਗਿੱਚੀ ਮਰੋੜ ਦਿਤੀ, ਤੇ ਪੌਣਾਂ ਦੇ ਮਹਾਨ ਜ਼ਾਰ ਦਾ ਪਿੰਡਾ ਇੰਜ ਸੁੰਨ ਹੋ ਗਿਆ ਕਿ ਉਹਦੇ ਕੋਲੋਂ ਆਪਣਾ ਆਪ ਮਸਾਂ ਦਹਿਲੀਜ਼ਾਂ ਤਕ ਹੀ ਧਰੀਕਿਆ ਜਾ ਸਕਿਆ।

ਪੌਣਾਂ ਦੇ ਮਹਾਨ ਜ਼ਾਰ ਨੇ ਸੁੰਦਰੀ ਯੇਲੇਨਾ ਨੂੰ ਆਖਿਆ:

"ਸੁੰਦਰੀਏ ਯੇਲੇਨਾ, ਮੇਰੇ ਨਾਲ ਦਗ਼ਾ ਕੀਤਾ ਈ!" ਤੇ ਉਹਨੇ ਪੌੜੀਆਂ ਚੜ੍ਹਨ ਦੀ ਕੋਸ਼ਿਸ਼ ਕੀਤੀ, ਪਰ ਹਰਨੋਟੇ ਨੇ ਤੀਜੇ ਛੋਟੇ ਜਿਹੇ ਪੰਛੀ ਨੂੰ ਹੱਥਾਂ ਵਿਚ ਫੜ ਲਿਆ।

"ਇਹ ਈ ਬਦਲਾ ਤੇਰੇ ਕੀਤੇ ਭੈੜ ਦਾ!" ਉਹ ਕੂਕਿਆ, ਤੇ ਉਹਨੇ ਤੀਜੇ ਛੋਟੇ ਜਿਹੇ ਪੰਛੀ ਦੀ ਗਿੱਚੀ ਮਰੋੜ ਦਿਤੀ।

ਪੌਣਾਂ ਦਾ ਮਹਾਨ ਜ਼ਾਰ ਮਰ ਕੇ ਭੁੰਜੇ ਢਹਿ ਪਿਆ, ਤੇ ਹਰਨੋਟਾ ਸੁੰਦਰੀ ਯੇਲੇਨਾ ਕੋਲ ਗਿਆ ਤੇ ਉਹਨੂੰ ਕਹਿਣ ਲਗਾ, ਸਫ਼ਰ ਸ਼ੁਰੂ ਕਰਨ ਦਾ ਵਕਤ ਹੋ ਗਿਆ ਸੀ।

"ਠੀਕ ਏ," ਸੁੰਦਰੀ ਯੇਲੇਨਾ ਨੇ ਜਵਾਬ ਦਿਤਾ। "ਪਰ ਪਹਿਲਾਂ ਤੂੰ ਕਿਲ੍ਹੇ ਦੇ ਨੌਂ ਕਮਰਿਆਂ ਵਿਚੋਂ ਲੰਘ, ਤੇ ਅਗੇ, ਦਸਵੇਂ 'ਚ, ਤੈਨੂੰ ਪੌਣਾਂ ਦੇ ਮਹਾਨ ਜ਼ਾਰ ਦਾ ਘੋੜਾ ਬੱਝਾ ਲੱਭੇਗਾ। ਉਹ ਹਵਾ ਵਾਂਗ ਤੇਜ਼ ਏ, ਉਹਦੇ 'ਤੇ ਬਹਿ ਜਾਂਗੇ, ਤੇ ਉਡ ਜਾਂਗੇ।"

ਹਰਨੋਟੇ ਨੂੰ ਪੌਣਾਂ ਦੇ ਮਹਾਨ ਜ਼ਾਰ ਦਾ ਘੋੜਾ ਲਭ ਪਿਆ, ਤੇ ਉਹਨੇ ਬਬਾਹਨਜੋਮੀ ਨੂੰ ਬੁਲਾਇਆ। ਉਹਨੇ ਘੋੜੇ ਦਾ ਸਾਰਾ ਸਾਜ਼ ਉਹਦੇ ਕੰਨਾਂ ਵਿਚੋਂ ਕਢਿਆ, ਉਹਦੀ ਪਿਠ ਉਤੇ ਚੜ੍ਹ ਬੈਠਾ, ਸੁੰਦਰੀ ਯੇਲੇਨਾ ਨੂੰ ਘੋੜੇ ਉਤੇ ਬਿਠਾ ਦਿਤਾ ਤੇ ਉਹ ਉਡ ਪਏ!

ਇਸ ਤਰ੍ਹਾਂ ਸੁੰਦਰੀ ਯੇਲੇਨਾ ਫੇਰ ਆਪਣੇ ਸ਼ਹਿਜ਼ਾਦੇ ਨੂੰ ਆ ਮਿਲੀ। ਬੜੇ ਢੋਲ-ਢਮੱਕੇ ਨਾਲ ਉਹਨਾਂ ਦਾ ਵਿਆਹ ਕੀਤਾ ਗਿਆ, ਤੇ ਹਰ ਕਿਸੇ ਨੇ ਹਰਨੋਟੇ ਦਾ ਸ਼ੁਕਰੀਆ ਅਦਾ ਕੀਤਾ, ਜਿਹਦੇ ਸਦਕਾ ਇਹ ਹੋ ਸਕਿਆ ਸੀ।

ਏਧਰ ਬੁੱਢੇ ਜ਼ਾਰ, ਸ਼ਹਿਜ਼ਾਦੇ ਦੇ ਸੱਕੇ ਤੇ ਹਰਨੋਟੇ ਦੇ ਮਤਰੇਏ ਪਿਓ, ਦਾ ਕੀ ਹੋਇਆ? ਉਹ ਇਸ ਨਤੀਜੇ ਉਤੇ ਪਹੁੰਚ ਚੁਕਿਆ ਸੀ ਕਿ ਉਹਦੇ ਪੁੱਤਰ ਮਰ ਗਏ ਹੋਏ ਸਨ, ਤੇ ਦੁਖ ਨਾਲ ਉਹਦਾ ਢੇਡਾ ਬੁਰਾ ਹਾਲ ਸੀ ਕਿ ਉਹਨੇ ਹੁਕਮ ਦੇ ਦਿਤਾ, ਉਹਦੀ ਸਾਰੀ ਜ਼ਾਰਸ਼ਾਹੀ ਵਿਚ ਸੋਗ ਮਨਾਇਆ ਜਾਵੇ ਤੇ ਉਹ ਦਿਨ ਰੋ-ਧੋ ਕੇ ਗੁਜ਼ਾਰਨ ਲਗਾ।

ਏਧਰ, ਲਾੜ੍ਹੀ ਦੇ ਘਰ ਵਾਲਿਆਂ ਨਾਲ ਜ਼ਿਆਫ਼ਤਾਂ ਖਾ ਲੈਣ ਪਿਛੋਂ, ਸ਼ਹਿਜ਼ਾਦਾ, ਹਰਨੋਟਾ ਤੇ ਸੁੰਦਰੀ ਯੇਲੇਨਾ ਬਬਾਹਨਜੋਮੀ ਦੇ ਪਿਠ ਵਾਲੇ ਛੋਟੇ ਜਿਹੇ ਮਕਾਨ ਵਿਚ ਬਹਿ ਘਰ ਵਲ ਨੂੰ ਹੋ ਪਏ।

ਜਦੋਂ ਉਹ ਉਸ ਦਿਓ ਕੋਲੋਂ ਲੰਘੇ, ਜਿਨ੍ਹੇਂ ਸੁੰਦਰੀ ਯੇਲੇਨਾ ਦੇ ਪਿਆਰ ਵਿਚ ਅਥਰੂਆਂ ਦਾ ਦਰਿਆ ਵਹਾਇਆ ਸੀ, ਹਰਨੋਟਾ ਕਹਿਣ ਲਗਾ:

"ਕਿਉਂ ਵਾਈ ਦਿਉਆ, ਸੁੰਦਰੀ ਯੇਲੇਨਾ ਦਾ ਦੀਦਾਰ ਕਰਨਾ ਈਂ?"

"ਛਡ ਹਰਨੋਟਿਆ, ਉਹਦਾ ਦੀਦਾਰ ਮੈਨੂੰ ਕੌਣ ਕਰਨ ਦੇਣ ਲਗਾ ਏ?" ਦਿਓ ਨੇ ਜਵਾਬ ਦਿਤਾ।

"ਆਹ ਵੇਖ, ਏਥੇ ਈ ਉਹ, ਕਰ ਲੈ ਦੀਦਾਰ, ਜੇ ਚਾਹੁਣੈ ਤਾਂ," ਹਰਨੋਟੇ ਨੇ ਆਖਿਆ।

ਦਿਓ ਨੇ ਵੇਖਿਆ, ਉਹ ਸੁੰਦਰੀ ਯੇਲੇਨਾ ਦਾ ਰੂਪ ਵੇਖ ਅੰਨ੍ਹਾ ਹੋ ਗਿਆ, ਕੁਮਲਾ ਗਿਆ ਤੇ ਉਹਨਾਂ ਦੀਆਂ ਅੱਖਾਂ ਸਾਹਮਣੇ ਹੀ ਮਰ ਕੇ ਡਿਗ ਪਿਆ।

ਹਰਨੋਟਾ ਤੇ ਬਾਕੀ ਦੇ ਅਗੇ ਟੁਰਦੇ ਗਏ, ਤੇ ਨੌਂ ਸਿਰਾਂ ਵਾਲੇ ਦਿਓਆਂ ਦੇ ਖਾਲੀ ਘਰ ਵਿਚ ਰਾਤ ਗੁਜ਼ਾਰ, ਫੇਰ ਅਗੇ ਚਲ ਪਏ।

ਜਦੋਂ ਉਹ ਇਕ ਜੰਗਲ ਕੋਲ ਆਰਾਮ ਕਰਨ ਲਈ ਅਟਕੇ, ਉਹਨਾਂ ਪੰਜ ਮਹੀਨਿਆਂ ਦਾ ਸਫ਼ਰ ਹੋਰ ਕਰਨਾ ਸੀ।

ਰਾਤ ਵੇਲੇ ਅਚਣਚੇਤ ਹੀ ਤਿੰਨ ਕਬੂਤਰ ਉਡਦੇ ਆਏ, ਉਹ ਇਕ ਦਰਖ਼ਤ ਦੀ ਟਾਹਣੀ ਉਤੇ ਬਹਿ ਗਏ, ਤੇ ਉਹਨਾਂ ਵਿਚੋਂ ਇਕ ਕਹਿਣ ਲਗਾ:

"ਜਦੋਂ ਬੁਢੇ ਜ਼ਾਰ ਨੂੰ ਪਤਾ ਲਗਾ, ਉਹਦਾ ਪੁੱਤਰ ਸੁੰਦਰੀ ਯੇਲੇਨਾ ਨਾਲ ਆ ਰਿਹਾ ਏ, ਉਹ ਉਹਨੂੰ ਸੁਗਾਤ ਵਜੋਂ ਇਕ ਬੰਦੂਕ ਘਲੇਗਾ; ਬੰਦੂਕ ਚਲ ਪਏਗੀ ਤੇ ਸ਼ਹਿਜ਼ਾਦੇ ਨੂੰ ਮਾਰ ਦੇਵੇਗੀ। ਪਰ ਜਿਸ ਕਿਸੇ ਵੀ ਸਾਡੀ ਗਲ ਸੁਣ ਲਈ ਤੇ ਅਗੋਂ ਕਿਸੇ ਨਾਲ ਕੀਤੀ, ਉਹ ਪੱਥਰ ਹੋ ਜਾਏਗਾ ਤੇ ਮਰ ਜਾਏਗਾ।"

"ਇੰਜ ਈ ਹੋਏਗਾ!" ਬਾਕੀ ਦਿਆਂ ਦੋਵਾਂ ਕਬੂਤਰਾਂ ਨੇ ਦਹੁਰਾਇਆ।

ਦੂਜੇ ਕਬੂਤਰ ਨੇ ਆਖਿਆ:

"ਜਦੋਂ ਬੁਢੇ ਜ਼ਾਰ ਨੂੰ ਪਤਾ ਲਗਾ, ਉਹਦਾ ਪੁੱਤਰ ਨੇੜੇ ਏ, ਉਹ ਉਹਨੂੰ ਅਗੋਂ ਲੈਣ ਪਹੁੰਚੇਗਾ, ਉਹਦੇ ਲਈ ਘੋੜਾ ਲਿਆਏਗਾ, ਤੇ ਘੋੜਾ ਸ਼ਹਿਜ਼ਾਦੇ ਨੂੰ ਸੁਟ ਘੱਤੇਗਾ ਤੇ ਮਾਰ ਦੇਵੇਗਾ।"

"ਇੰਜ ਈ ਹੋਏਗਾ!" ਬਾਕੀ ਦੇ ਦੋ ਕਬੂਤਰਾਂ ਨੇ ਦਹੁਰਾਇਆ ਤੇ ਕਿਹਾ: "ਪਰ ਜਿਸ ਕਿਸੇ ਵੀ ਸਾਡੀ ਗਲ ਸੁਣ ਲਈ ਤੇ ਅਗੋਂ ਕਿਸੇ ਨਾਲ ਕੀਤੀ, ਉਹ ਪੱਥਰ ਹੋ ਜਾਏਗਾ ਤੇ ਮਰ ਜਾਏਗਾ।"

ਤੀਜੇ ਕਬੂਤਰ ਨੇ ਆਖਿਆ:

"ਤੇ ਜਦੋਂ ਲਾੜ੍ਹਾ ਲਾੜ੍ਹੀ ਪਹੁੰਚਣਗੇ, ਕੁਲਹਿਣਾ ਦੈਂਤ 'ਗਵੇਲੇਸ਼ਾਪੀ' ਰਾਤੀਂ ਆਏਗਾ ਤੇ ਦੋਵਾਂ ਨੂੰ ਸੰਘੀ ਘੁੱਪ ਮਾਰ ਦੇਵੇਗਾ। ਪਰ ਜਿਸ ਕਿਸੇ ਵੀ ਸਾਡੀ ਗਲ ਸੁਣੀ ਤੇ ਅਗੋਂ ਕਿਸੇ ਨਾਲ ਕੀਤੀ, ਉਹ ਪਥਰ ਹੋ ਜਾਏਗਾ ਤੇ ਮਰ ਜਾਏਗਾ।"

ਤੇ ਇਹ ਕਹਿ ਕਬੂਤਰ ਉਡ ਗਏ।

ਹਰਨੋਟੇ ਨੇ ਇਹ ਸਾਰਾ ਕੁਝ ਸੁਣ ਲਿਆ, ਪਰ ਆਖਿਆ–ਦਸਿਆ ਕੁਝ ਨਾ।

ਸਵੇਰ ਹੋ ਗਈ ਤੇ ਉਹ ਸਾਰੇ ਦਿਓ ਦੇ ਛੋਟੇ ਜਿਹੇ ਘਰ ਵਿਚ ਚੜ੍ਹ ਬੈਠੇ ਤੇ ਆਪਣੇ ਰਾਹੇ ਪੈ ਗਏ।

ਬੁੱਢੇ ਜ਼ਾਰ ਨੂੰ ਜਦੋਂ ਪਤਾ ਲਗਾ ਕਿ ਉਹਦਾ ਪੁੱਤਰ ਜਿਊਂਦਾ ਤੇ ਸਹੀ–ਸਲਾਮਤ ਸੀ ਤੇ ਸੁੰਦਰੀ ਯੇਲੇਨਾ ਨਾਲ ਘਰ ਆ ਰਿਹਾ ਸੀ, ਉਹਨੇ ਸ਼ਹਿਜ਼ਾਦੇ ਨੂੰ ਸੁਗਾਤ ਵਜੋਂ ਇਕ ਬੰਦੂਕ ਘੱਲੀ, ਪਰ ਇਸ ਤੋਂ ਪਹਿਲਾਂ ਕਿ ਸ਼ਹਿਜ਼ਾਦਾ ਉਹਨੂੰ ਛੂਹ ਵੀ ਸਕਦਾ, ਹਰਨੋਟਾ ਛੇਤੀ ਨਾਲ ਅਗੇ ਆਇਆ, ਉਹਨੇ ਬੰਦੂਕ ਖੋਹ ਲਈ ਤੇ ਦੂਰ ਸਾਰੇ ਵਗਾ ਮਾਰੀ।

"ਜ਼ਾਰ, ਮੇਰੇ ਬਾਪੂ, ਨੇ ਬੰਦੂਕ ਦੀ ਸੁਗਾਤ ਨਾਲ ਮੈਨੂੰ ਸਨਮਾਨਿਆ, ਪਰ ਹਰਨੋਟੇ ਨੇ ਮੈਨੂੰ ਹਥ ਨਾ ਲਾਣ ਦਿਤਾ," ਸ਼ਹਿਜ਼ਾਦੇ ਨੇ, ਡਾਢਾ ਨਿਰਾਸ ਹੋ, ਦਿਲ ਹੀ ਦਿਲ ਵਿਚ ਆਖਿਆ।

ਉਹ ਫੇਰ ਅਗੇ ਟੁਰ ਪਏ, ਤੇ ਬੁੱਢੇ ਜ਼ਾਰ ਨੇ ਆਪਣੇ ਪੁੱਤਰ ਨੂੰ ਘੋੜਾ ਭੇਜਿਆ, ਪਰ ਹਰਨੋਟੇ ਨੇ ਸ਼ਹਿਜ਼ਾਦੇ ਨੂੰ ਘੋੜੇ ਦੇ ਨੇੜੇ ਨਾ ਲੱਗਣ ਦਿਤਾ ਤੇ ਵਾਪਸ ਭੇਜ ਦਿਤਾ। ਇਹਦੇ ਨਾਲ ਸ਼ਹਿਜ਼ਾਦੇ ਨੂੰ ਹੋਰ ਵੀ ਦੁਖ ਹੋਇਆ।

ਉਹ ਘਰ ਪੁੱਜੇ, ਤੇ ਬੁੱਢੇ ਜ਼ਾਰ ਨੇ ਉਹਨਾਂ ਦਾ ਨਿੱਘਾ ਸੁਆਗਤ ਕੀਤਾ, ਤੇ ਵਿਆਹ ਦੀ ਖੁਸ਼ੀ ਮਨਾਣ ਲਈ ਇਕ ਹੋਰ ਜ਼ਿਆਫ਼ਤ ਕੀਤੀ ਗਈ।

ਫੇਰ ਹਰਨੋਟਾ ਕਿਲ੍ਹੇ ਵਿਚੋਂ ਬਾਹਰ ਆਇਆ ਤੇ ਉਹਨੇ ਬਬਾਹਨਜੋਮੀ ਨੂੰ ਆਖਿਆ:

"ਤੇਰੀ ਦਿਲ ਲਾ ਕੇ ਕੀਤੀ ਸੇਵਾ ਦਾ ਸ਼ੁਕਰੀਆ। ਹੁਣ ਤੈਨੂੰ ਛੁੱਟੀ ਏ ਜਾਣ ਤੇ ਰਹਿਣ ਦੀ, ਜਿਥੇ ਵੀ ਤੂੰ ਚੈਨ ਨਾਲ ਰਹਿ ਸਕੇਂ।"

ਦਿਓ ਚਲਾ ਗਿਆ, ਪਰ ਹਰਨੋਟਾ ਚੋਰੀ-ਚੋਰੀ ਲਾੜ੍ਹੇ-ਲਾੜ੍ਹੀ ਵਾਲੇ ਕਮਰੇ ਵਿਚ ਜਾ ਪਹੁੰਚਿਆ ਤੇ ਬੂਹੇ ਕੋਲ ਖਲੋ ਉਡੀਕਣ ਲਗਾ। ਲਾੜ੍ਹੀ-ਲਾੜ੍ਹਾ ਸੁੱਤੇ ਹੋਏ ਸਨ, ਪਰ ਹਰਨੋਟਾ ਜਾਗਦਾ ਸੀ। ਉਹ ਪਹਿਰਾ ਦੇ ਰਿਹਾ ਸੀ, ਉਹਦੀ ਤਲਵਾਰ ਤਿਆਰ ਸੀ, ਉਹਨੂੰ ਪਤਾ ਸੀ, ਉਹਦੇ ਦੁਧ-ਭਰਾ ਦੀ ਜਾਨ ਉਹਦੇ ਹੱਥਾਂ ਵਿਚ ਸੀ।

ਅੱਧੀ ਰਾਤ ਹੋਣ ਉਤੇ 'ਗਵੇਲੇਸ਼ਾਪੀ' ਆ ਨਿਕਲਿਆ। ਉਹ ਚੋਰੀ-ਚੋਰੀ ਰੀਂਗਦਾ ਲਾੜ੍ਹੇ-ਲਾੜ੍ਹੀ ਦੇ ਪਲੰਘ ਕੋਲ ਜਾ ਪਹੁੰਚਿਆ। ਤੇ ਉਹ ਆਪਣੇ ਜਬਾੜੇ ਪੂਰੇ ਖੋਲ੍ਹ ਲਾੜ੍ਹੇ ਤੇ ਲਾੜ੍ਹੀ ਉਤੇ ਝਪਟਣ ਤੇ ਉਹਨਾਂ ਦੀ ਸੰਘੀ ਘੋਪਣ ਹੀ ਲਗਾ ਸੀ ਕਿ ਹਰਨੋਟੇ ਨੇ ਤਲਵਾਰ ਚੁੱਕੀ ਤੇ ਇਕੋ ਵਾਰ ਨਾਲ ਦੈਂਤ ਨੂੰ ਮਾਰ ਦਿਤਾ। ਇਸ ਪਿਛੋਂ ਉਹਨੇ ਉਹਦੀ ਲੋਥ ਕਟ ਲਈ ਤੇ ਟੋਟੇ ਪਲੰਘ ਹੇਠ ਸੁਟ ਦਿਤੇ।

ਸਵੇਰ ਹੋ ਗਈ, ਤੇ ਲਾੜ੍ਹਾ ਲਾੜ੍ਹੀ ਜਾਗੇ, ਇਸ ਗਲ ਤੋਂ ਅਣਜਾਣ ਕਿ ਰਾਤੀਂ ਕੀ ਵਾਪਰਿਆ ਸੀ।

ਪਰ ਜਦੋਂ ਨੌਕਰ ਲਾੜ੍ਹੇ ਲਾੜ੍ਹੀ ਵਾਲਾ ਕਮਰਾ ਸਾਫ਼ ਕਰਨ ਆਏ ਤੇ ਉਹਨਾਂ ਨੂੰ ਪਲੰਘ ਥਲਿਉਂ ਮੁਰਦਾਰ ਦੇ ਟੋਟੇ ਲੱਭੇ, ਜ਼ਾਰ ਨੂੰ ਗੁੱਸਾ ਚੜ੍ਹ ਗਿਆ। ਉਹਨੇ ਸੋਚਿਆ, ਕੋਈ ਉਹਦਾ ਮਜ਼ਾਕ ਉਡਾ ਰਿਹਾ ਸੀ।

ਉਹ ਗੱਲਾਂ ਕਰਨ ਤੇ ਬਹਿਸਣ ਤੇ ਆਪਣੇ ਆਪ ਤੋਂ ਇਹ ਪੁੱਛਣ ਲਗ ਪਏ, ਇਹ ਕਿਨ੍ਹੇ ਕੀਤਾ ਸੀ, ਤੇ ਉਹਨਾਂ ਸਾਰਾ ਕਸੂਰ ਹਰਨੋਟੇ ਦੇ ਸਿਰ ਥਪ ਦਿਤਾ। ਇਸ ਲਈ ਕਿ ਕੀ ਉਹਨੇ ਜ਼ਾਰ ਦੀ ਬੰਦੂਕ ਪਰ੍ਹਾਂ ਸੁਟ ਤੇ ਘੋੜਾ ਮੋੜ ਸ਼ਹਿਜ਼ਾਦੇ ਲਈ ਆਦਰ ਦੀ ਘਾਟ ਤੋਂ ਕੰਮ ਨਹੀਂ ਸੀ ਲਿਆ! ਹਰਨੋਟੇ ਤੋਂ ਸਿਵਾ ਲਾੜ੍ਹੇ ਲਾੜ੍ਹੀ ਦੇ ਕਮਰੇ ਵਿਚ ਮੁਰਦਾਰ ਹੋਰ ਕਿਨ੍ਹੇ ਰਖਿਆ ਤੇ ਉਹਨਾਂ ਸਾਰਿਆਂ ਦਾ ਮੌਜੂ ਕਿਨ੍ਹੇ ਬਣਾਇਆ ਹੋਵੇਗਾ!

ਹਰਨੋਟੇ ਨੇ ਆਖਿਆ:

"ਮੈਂ ਤੁਹਾਡਾ ਭਲਾ ਈ ਚਾਹੁੰਦਾ ਸਾਂ। ਚਾਹੁੰਦੇ ਹੋ, ਮੈਂ ਮਰ ਜਾਵਾਂ ਤੇ ਤੁਸੀਂ ਜਿਊਂਦੇ ਖੁਸ਼ੀ ਮਾਣਦੇ ਰਹੋ?"

ਪਰ ਉਹ ਉਹਦੇ ਨਾਲ ਡਾਢੇ ਖਿੱਝੇ ਹੋਏ ਸਨ, ਤੇ ਉਹਨਾਂ ਮੰਗ ਕੀਤੀ, ਉਹ ਉਹਨਾਂ ਨੂੰ ਦੱਸੇ, ਮੁਰਦਾਰ ਕਿਥੋਂ ਆਇਆ ਸੀ।

"ਚੰਗਾ," ਹਰਨੋਟੇ ਨੇ ਆਖਿਆ, "ਜੁ ਜਾਣਨਾ ਚਾਹੁੰਦੇ ਹੋ, ਦਸਨਾਂ ਤੁਹਾਨੂੰ, ਪਰ ਜਦੋਂ ਤੁਹਾਨੂੰ ਸਮਝ ਲਗੇ, ਤੁਸੀਂ ਓਸ ਕਿਸੇ ਦੇ ਮਰਨ ਦਾ ਕਾਰਨ ਬਣੇ ਹੋ, ਜਿਨ੍ਹੇ ਤੁਹਾਨੂੰ ਖੁਸ਼ੀ ਦੇਣ ਲਈ ਡਾਢਾ ਜ਼ੋਰ ਲਾਇਐ, ਤਾਂ ਸ਼ਾਲਾ, ਤੁਹਾਡੇ ਦਿਲਾਂ 'ਤੇ ਗ਼ਮ ਦਾ ਭਾਰ ਨਾ ਪਏ। ਸੁਣੋ ਫੇਰ। ਜਦੋਂ ਅਸੀਂ ਜੰਗਲ ਦੇ ਸਿਰੇ 'ਤੇ ਇਕ ਪੈਲੀ 'ਚ ਅਟਕੇ ਸਾਂ, ਰਾਤੀਂ ਤਿੰਨ ਕਬੂਤਰ ਉਡਦੇ ਆ ਨਿਕਲੇ ਸਨ, ਤੇ ਇਕ ਟਹਿਣੀ ਉਤੇ ਬਹਿ, ਬੋਲਣ

ਲਗ ਪਏ ਸਨ। ਪਹਿਲੇ ਕਬੂਤਰ ਨੇ ਆਖਿਆ ਸੀ: 'ਜਦੋਂ ਲਾੜ੍ਹਾ-ਲਾੜ੍ਹੀ ਨੇੜੇ ਪੁੱਜੇ ਤਾਂ ਬੁੱਢਾ ਜ਼ਾਰ ਆਪਣੇ ਪੁੱਤਰ ਨੂੰ ਬੰਦੂਕ ਭੇਜੇਗਾ, ਤੇ ਉਹ ਚਲ ਪਏਗੀ ਤੇ ਪੁੱਤਰ ਨੂੰ ਮਾਰ ਦਏਗੀ। ਪਰ ਉਹ, ਜਿਨ੍ਹੇ ਇਹਦੀ ਗਲ ਕੀਤੀ, ਪੱਥਰ ਹੋ ਜਾਏਗਾ।'"

ਤੇ ਇਹ ਲਫ਼ਜ਼ ਹਰਨੋਟੇ ਦੇ ਮੂੰਹੋਂ ਨਿਕਲੇ ਹੀ ਸਨ ਕਿ ਉਹ ਪੈਰਾਂ ਤੋਂ ਗੋਡਿਆਂ ਤਕ ਪੱਥਰ ਹੋ ਗਿਆ।

ਹੁਣ ਉਹਨਾਂ ਨੂੰ ਪਤਾ ਲਗ ਗਿਆ, ਹਰਨੋਟੇ ਨੇ ਇਹਦੀ ਗਲ ਪਹਿਲਾਂ ਕਿਉਂ ਨਹੀਂ ਸੀ ਕੀਤੀ, ਤੇ ਉਹ ਚੁਪ ਰਹਿਣ ਲਈ ਉਹਦੀ ਮਿੰਨਤ ਕਰਨ ਲਗ ਪਏ, ਕਹਿਣ ਲਗ ਪਏ:

"ਹਰਨੋਟਿਆ, ਹੋਰ ਨਾ ਬੋਲੀਂ, ਹੋਰ ਨਾ ਬੋਲੀਂ!"

ਪਰ ਹਰਨੋਟੇ ਨੇ ਜਵਾਬ ਦਿਤਾ:

"ਨਹੀਂ, ਮੈਂ ਹੁਣ ਬੋਲਣ ਲਗ ਪਿਆਂ, ਮੈਂ ਬੋਲੀ ਜਾਵਾਂਗਾ। ਸੁਣੋ ਫੇਰ... ਦੂਜੇ ਕਬੂਤਰ ਨੇ ਆਖਿਆ ਸੀ: 'ਬੁੱਢਾ ਜ਼ਾਰ ਆਪਣੇ ਪੁੱਤਰ ਨੂੰ ਘੋੜਾ ਭੇਜੇਗਾ, ਤੇ ਸ਼ਹਿਜ਼ਾਦਾ ਉਹਦੀ ਪਿਠ ਤੋਂ ਡਿਗ ਪਏਗਾ ਤੇ ਮਰ ਜਾਏਗਾ। ਪਰ ਜਿਸ ਕਿਸੇ ਵੀ ਇਹਦੀ ਗਲ ਕੀਤੀ, ਪੱਥਰ ਹੋ ਜਾਏਗਾ।'"

ਤੇ ਹਰਨੋਟਾ ਲਕ ਤਕ ਪੱਥਰ ਹੋ ਗਿਆ।

"ਬਸ ਕਰ! ਹੋਰ ਨਾ ਬੋਲ!" ਉਹਨਾਂ ਉਹਦਾ ਤਰਲਾ ਕੀਤਾ।

"ਨਹੀਂ," ਹਰਨੋਟੇ ਨੇ ਆਖਿਆ। "ਤੁਸੀਂ ਪਹਿਲਾਂ ਮੇਰੇ 'ਤੇ ਅਤਬਾਰ ਨਹੀਂ ਸੀ ਕਰਦੇ — ਹੁਣ ਵੇਲਾ ਨਹੀਂ ਰਿਹਾ। ਇਸ ਲਈ ਸੁਣੋ। ਤੀਜੇ ਕਬੂਤਰ ਨੇ ਆਖਿਆ ਸੀ: 'ਰਾਤੀਂ, ਜਦੋਂ ਲਾੜ੍ਹਾ-ਲਾੜ੍ਹੀ ਆਪਣੇ ਕਮਰੇ 'ਚ ਜਾਣਗੇ, ਗਵੇਲੇਸ਼ਾਪੀ ਆਵੇਗਾ ਤੇ ਉਹਨਾਂ ਦੀਆਂ ਸੰਘੀਆਂ ਘੋਪ ਦੇਵੇਗਾ —'"

ਤੇ ਇਸ ਤੋਂ ਪਹਿਲੀਂ ਕਿ ਹਰਨੋਟਾ ਕੁਝ ਹੋਰ ਕਹਿ ਸਕਦਾ, ਉਹ ਪੂਰੇ ਦਾ ਪੂਰਾ ਪੱਥਰ ਹੋ ਗਿਆ।

ਬੁੱਢੇ ਜ਼ਾਰ ਤੇ ਸ਼ਹਿਜ਼ਾਦੇ ਨੇ ਹੰਝੂਆਂ ਦੀਆਂ ਝੜੀਆਂ ਲਾ ਦਿਤੀਆਂ ਪਰ, ਬੇਸ਼ਕ ਹੀ, ਰੋਣ ਨਾਲ ਉਹਨਾਂ ਨੂੰ ਫ਼ਾਇਦਾ ਕੁਝ ਨਾ ਹੋਇਆ।

ਸੁੰਦਰੀ ਯੇਲੇਨਾ ਦੀ ਕੁਖ ਵਿਚ ਬਾਲ ਸੀ, ਪਰ ਸ਼ਹਿਜ਼ਾਦੇ ਨੂੰ ਇਹਦੇ ਨਾਲ ਵੀ ਖ਼ੁਸ਼ੀ ਨਾ ਹੋਈ।

"ਮੈਨੂੰ ਭਾਵੇਂ ਕਿੰਨਾ ਵੀ ਮੁਲ ਕਿਉਂ ਨਾ ਤਾਰਨਾ ਪਏ, ਮੈਂ ਆਪਣੇ ਵਫ਼ਾਦਾਰ ਦੋਸਤ ਤੇ ਭਰਾ ਨੂੰ ਜਿਵਾਲ ਕੇ ਛਡਣੈਂ," ਸ਼ਹਿਜ਼ਾਦੇ ਨੇ ਸੋਚਿਆ।

ਉਹਨੇ ਲੱਤਾਂ ਵਾਲੀਆਂ ਲੋਹੇ ਦੀਆਂ ਪਤਰੀਆਂ ਪਾ ਲਈਆਂ, ਇਕ ਲੋਹੇ ਦਾ ਸੋਟਾ ਫੜ ਲਿਆ ਤੇ ਦੁਨੀਆਂ ਦਾ ਚੱਕਰ ਲਾਉਣ ਲਈ ਨਿਕਲ ਪਿਆ। ਉਹ ਥਾਉਂ ਥਾਈਂ ਘੁੰਮਦਾ ਰਿਹਾ ਤੇ ਜੁ ਕੋਈ ਵੀ ਉਹਨੂੰ ਮਿਲਦਾ, ਉਸ ਤੋਂ ਪੁਛਦਾ ਰਿਹਾ, ਕੀ ਉਹਨੂੰ ਪਤਾ ਸੀ ਉਹਦੇ ਦੁਧ-ਭਰਾ ਨੂੰ ਫੇਰ ਕਿਵੇਂ ਜਿਵਾਲਿਆ ਜਾ ਸਕਦਾ ਸੀ। ਇਕ ਦਿਨ, ਬਹੁਤ ਹੀ ਥਕਿਆ ਹੋਣ ਕਰਕੇ, ਉਹ ਸਾਹ ਲੈਣ ਲਈ ਇਕ ਜੰਗਲ ਕੋਲ ਬਹਿ ਗਿਆ। ਚਾਣਚਕ ਹੀ ਇਕ ਬੁੱਢਾ ਜੰਗਲ ਵਿਚੋਂ ਨਿਕਲਿਆ, ਤੇ ਸ਼ਹਿਜ਼ਾਦੇ ਨੇ ਉਹਦੇ ਤੋਂ ਵੀ ਪੁਛਿਆ, ਜੁ ਉਹਨੇ ਬਾਕੀ ਦੇ ਸਾਰਿਆਂ ਕੋਲੋਂ ਪੁਛਿਆ ਸੀ।

ਬੁੱਢੇ ਨੇ ਆਖਿਆ:

"ਘਰ ਜਾ, ਜੁ ਚੀਜ਼ ਤੇਰੇ ਦੁਧ-ਭਰਾ ਨੂੰ ਬਚਾ ਸਕਦੀ ਏ, ਤੇਰੇ ਆਪਣੇ ਘਰ ਏ।"

ਪਰ ਕਿਉਂ ਜੁ ਸ਼ਹਿਜ਼ਾਦਾ ਉਹਦੇ ਕਹੇ ਦਾ ਮਤਲਬ ਨਹੀਂ ਸੀ ਸਮਝ ਸਕਿਆ, ਬੁੱਢਾ ਫੇਰ ਬੋਲਿਆ:

"ਪਤਾ ਈ, ਤੇਰੇ ਘਰ ਇਕ ਮੁੰਡਾ ਹੋਇਐ, ਸੁਨਹਿਰੀ ਵਾਲਾਂ ਵਾਲਾ ਇਕ ਬੱਚਾ? ਜੇ ਚਾਹੁਣੈਂ, ਤੇਰਾ

ਦੁਧ-ਭਰਾ ਜਿਊਂਦਾ ਰਹੇ, ਤੈਨੂੰ ਆਪਣੇ ਪੁੱਤਰ ਦੀ ਬਲੀ ਚੜ੍ਹਾਣੀ ਪਵੇਗੀ। ਆਪਣੇ ਪੁੱਤਰ ਨੂੰ ਪੰਘੂੜੇ 'ਚ ਮਾਰ ਦੇ, ਉਹਨੂੰ ਉਬਾਲ ਲੈ ਤੇ ਪਾਣੀ ਨੂੰ ਆਪਣੇ ਦੁਧ-ਭਰਾ ਉਤੇ ਛਿੜਕ ਦੇ। ਇਹਦੇ ਨਾਲ ਉਹ ਫੇਰ ਜਿਊਂ ਪਏਗਾ।''

ਸ਼ਹਿਜ਼ਾਦੇ ਨੇ ਬੁੱਢੇ ਦਾ ਕਿਹਾ ਪੱਲੇ ਬੰਨ੍ਹ ਲਿਆ ਤੇ ਘਰ ਵਲ ਹੋ ਪਿਆ।

ਉਹਨੇ ਆਪਣੇ ਆਪ ਨੂੰ ਆਖਿਆ:

''ਬੱਚੇ ਮੇਰੇ ਕੋਲ ਹੋ ਜਾਣਗੇ, ਪਰ ਹਰਨੋਟੇ ਜਿਹਾ ਦੋਸਤ ਤੇ ਭਰਾ ਕਦੀ ਨਹੀਂ ਹੋਣ ਲਗਾ।''

ਉਹ ਘਰ ਪਹੁੰਚਿਆ ਤੇ ਉਹਨੇ ਵੇਖਿਆ, ਉਹਦਾ ਪੁੱਤਰ ਪੰਘੂੜੇ ਵਿਚ ਲੇਟਿਆ ਹੋਇਆ ਸੀ। ਉਹਦੇ ਸੁਨਹਿਰੀ ਕੁੰਡਲ ਚਮਕ ਰਹੇ ਸਨ ਤੇ ਉਹ ਇੰਜ ਡਲਕਾਂ ਮਾਰ ਰਿਹਾ ਸੀ, ਜਿਵੇਂ ਚੰਨ ਅਸਮਾਨੀਂ!

ਸ਼ਹਿਜ਼ਾਦੇ ਨੇ ਸੁੰਦਰੀ ਯੇਲੇਨਾ ਨੂੰ ਦਸਿਆ, ਉਹਨੂੰ ਕੀ ਕਰਨ ਲਈ ਕਿਹਾ ਗਿਆ ਸੀ, ਤੇ ਉਹ ਮੰਨ ਗਈ, ਇਹ ਜ਼ਰੂਰ ਹੀ ਕੀਤਾ ਜਾਣਾ ਚਾਹੀਦਾ ਸੀ।

''ਇਸ ਲਈ ਕਿ,'' ਯੇਲੇਨਾ ਨੇ ਕਿਹਾ, ''ਸਾਨੂੰ ਹਰਨੋਟੇ ਨੂੰ ਫੇਰ ਜਿਵਾਲਣ ਲਈ ਪੂਰੀ ਵਾਹ ਲਾਣੀ ਚਾਹੀਦੀ ਏ।''

ਉਹਨਾਂ ਸਭ ਕੁਝ ਕੀਤਾ, ਜੁ ਕੁਝ ਕਰਨ ਲਈ ਬੁੱਢੇ ਨੇ ਆਖਿਆ ਸੀ, ਤੇ ਹਰਨੋਟਾ ਹਿਲ ਪਿਆ, ਉਹਨੇ ਅੱਖਾਂ ਖੋਲ੍ਹ ਲਈਆਂ ਤੇ ਜਿਊਂ ਪਿਆ।


ਸਵੇਰੇ ਸੁੰਦਰੀ ਯੇਲੇਨਾ ਆਪਣੇ ਪੁੱਤਰ ਦੇ ਪੰਘੂੜੇ ਕੋਲ ਗਈ। ਉਹ ਮਾਂ ਸੀ ਤੇ ਉਹਦਾ ਦਿਲ ਪੁੱਤਰ ਦੇ ਸੱਲੋਂ ਪੁਛਿਆ ਜਾ ਰਿਹਾ ਸੀ, ਭਾਵੇਂ ਉਹਨੇ ਦੋਸਤੀ ਲਈ ਬਲੀ ਦੇ ਦਿਤੀ ਸੀ। ਚਾਣਚਕ ਹੀ ਪੰਘੂੜੇ ਵਿਚ ਕੁਝ ਸਰਕਿਆ। ਉਹਨੇ ਚਾਦਰਾਂ ਚੁਕੀਆਂ ਤੇ ਕੀ ਤਕਿਆ! ਉਹਦਾ ਪੁੱਤਰ, ਜਿਊਂਦਾ ਤੇ ਸਹੀ-ਸਲਾਮਤ, ਲੇਟਿਆ ਹੋਇਆ ਸੀ।

ਹਰ ਕਿਸੇ ਦੀ ਖੁਸ਼ੀ ਦੀ ਹਦ ਨਾ ਰਹੀ।

ਉਹਨਾਂ ਪੰਦਰਾਂ ਭੇਡਾਂ ਵੱਢੀਆਂ ਤੇ ਉਹਨਾਂ ਨੂੰ ਸਾਬਤ ਦੀਆਂ ਸਾਬਤ ਸੀਖਾਂ ਉਤੇ ਭੁੰਨਿਆ। ਚੌਦ੍ਹਾਂ ਦਿਨ ਉਹ ਖਾਂਦੇ ਰਹੇ, ਮੌਜ ਉਡਾਂਦੇ ਰਹੇ।

# ਸ਼ੇਰ ਤੇ ਖ਼ਰਗੋਸ਼

**ਜਾਰਜੀਅਨ ਪਰੀ-ਕਹਾਣੀ**



ਕਿਸੇ ਇਕ ਜੰਗਲ ਵਿਚ ਬਹੁਤ ਸਾਰੇ ਜਾਨਵਰਾਂ ਨੂੰ ਰਲ ਬੈਠਣ ਦੀ ਆਦਤ ਸੀ, ਪਰ ਹਰ ਵਾਰੀ ਹੀ ਸ਼ੇਰ ਆ ਨਿਕਲਦਾ ਤੇ ਉਹਨਾਂ ਵਿਚੋਂ ਕਿਸੇ ਇਕ ਉਤੇ ਝਪਟ ਪੈਂਦਾ ਤੇ ਉਹਨੂੰ ਥਾਏਂ ਹੀ ਨਿਘਾਰ ਜਾਂਦਾ। ਇਸ ਲਈ ਵਿਚਾਰੇ ਜਾਨਵਰਾਂ ਨੂੰ ਸਦਾ ਹੌਲ ਪਿਆ ਰਹਿੰਦਾ।

ਇਕ ਵਾਰੀ ਨਿਤ ਵਾਂਗ ਉਹ ਸਾਰੇ ਜੰਗਲ ਵਿਚ ਜੁੜੇ ਤੇ ਰਲ ਸੋਚਣ ਲਗੇ, ਇਸ ਪਲ-ਪਲ ਦੇ ਸਹਿਮ ਤੋਂ ਖਲਾਸੀ ਪਾਣ ਲਈ ਕੀ ਕੀਤਾ ਜਾਵੇ। ਉਹ ਸਿਰ ਜੋੜ ਬਹਿ ਗਏ, ਕਿੰਨਾ ਹੀ ਚਿਰ ਗੱਲਾਂ ਕਰਦੇ ਤੇ ਦਲੀਲਾਂ ਦੇਂਦੇ ਰਹੇ ਤੇ ਅਖ਼ੀਰ ਉਹਨਾਂ ਇਹ ਮਤਾ ਪਕਾਇਆ, ਉਹ ਸ਼ੇਰ ਨੂੰ ਜ਼ਿੰਦਗੀ ਭਰ ਭੇਟ ਦੇਂਦੇ ਰਹਿਣਗੇ, ਤੇ ਇਹ ਉਹਨੂੰ ਆਪ ਜਾ ਕੇ ਪਹੁੰਚਾਣਗੇ ਤੇ ਬਦਲੇ ਵਿਚ ਉਹਨੂੰ ਕਹਿਣਗੇ, ਉਹ ਉਹਨਾਂ ਨੂੰ ਉਹਨਾਂ ਦੀਆਂ ਜ਼ਿੰਦਾਂ ਲਈ ਨਿਤ ਬਣੇ ਰਹਿਣ ਵਾਲੇ ਸਹਿਮ ਤੋਂ ਆਜ਼ਾਦ ਕਰ ਦੇਵੇ। ਇਹ ਮਤਾ ਪਕਾ, ਉਹ ਸ਼ੇਰ ਕੋਲ ਗਏ ਤੇ ਉਹਨੂੰ ਇਹਦੇ ਬਾਰੇ ਦਸਿਆ।

ਸ਼ੇਰ ਨੇ ਸੁਝਾ ਇਸ ਸ਼ਰਤ ਉਤੇ ਮੰਨ ਲਿਆ ਕਿ ਭੇਟ ਉਹਨੂੰ ਇਕ ਨੀਅਤ ਸਮੇਂ ਤੇ ਇਕ ਵੀ ਪਲ ਦੀ ਢਿਲ-ਮਠ ਤੋਂ ਬਿਨਾਂ ਪਹੁੰਚਾਈ ਜਾਏਗੀ।

"ਨਹੀਂ ਤਾਂ ਮੈਂ ਤੁਹਾਨੂੰ ਸਾਰਿਆਂ ਨੂੰ ਮਾਰ ਦਿਆਂਗਾ!" ਉਹਨੇ ਆਖਿਆ।

ਤੇ ਇਸ ਤਰ੍ਹਾਂ, ਉਸ ਦਿਨ ਪਿਛੋਂ ਹਰ ਰੋਜ਼ ਜਾਨਵਰ ਆਪਣੇ ਆਪ ਵਿਚੋਂ ਇਕ ਨੂੰ ਸ਼ੇਰ ਦੀ ਰੋਟੀ ਲਈ ਪਹੁੰਚਾਣ ਲਗ ਪਏ। ਹੌਲੀ-ਹੌਲੀ ਸ਼ੇਰ ਕੋਲ ਲਿਜਾਏ ਜਾਣ ਲਈ ਖ਼ਰਗੋਸ਼ ਦੀ ਵਾਰੀ ਆ ਗਈ।

"ਕੋਈ ਨਹੀਂ, ਵਾਰੀ ਮੇਰੀ ਏ ਤੇ ਕੀਤਾ ਕੁਝ ਨਹੀਂ ਜਾ ਸਕਦਾ," ਖ਼ਰਗੋਸ਼ ਨੇ ਕਿਹਾ। "ਤੁਸੀਂ ਮੈਨੂੰ ਬਸ ਸ਼ੇਰ ਕੋਲ, 'ਕਲਿਆਂ ਜਾ ਲੈਣ ਦਿਓ। ਮੈਂ ਉਹਦਾ ਕੰਮ ਤਮਾਮ ਕਰਨ ਦੀ ਕੋਸ਼ਿਸ਼ ਕਰਾਂਗਾ। ਸ਼ਾਇਦ ਮੈਂ ਆਪਣੇ ਆਪ ਨੂੰ ਮੌਤ ਤੋਂ ਬਚਾ ਲਵਾਂ ਤੇ ਤੁਹਾਨੂੰ ਬਾਕੀਆਂ ਨੂੰ ਦੁਖ ਮੁਸੀਬਤ ਤੋਂ।"

ਜਾਨਵਰਾਂ ਦਾ ਹਾਸਾ ਨਿਕਲ ਗਿਆ। ਭੰਗਾਂਦੀਆਂ ਅੱਖਾਂ ਵਾਲਾ ਡਰੂ ਖ਼ਰਗੋਸ਼ ਸ਼ੇਖੀਆਂ ਕਿਨੀਆਂ ਮਾਰ ਰਿਹਾ ਸੀ!

ਏਧਰ ਸ਼ੇਰ ਆਪਣੇ ਘੁਰਨੇ ਵਿਚ ਲੇਟਿਆ ਹੋਇਆ ਸੀ, ਤੇ ਉਹਨੂੰ ਬੜੀ ਭੁਖ ਲਗੀ ਹੋਈ ਸੀ। ਉਹ ਅਗ ਵਾਂਗ ਲਿਸ਼ਕਦੀਆਂ ਅੱਖਾਂ ਤੇ ਕਰੀਚਦੇ ਦੰਦਾਂ ਨਾਲ ਸ਼ਿਕਾਰ ਦੇ ਪਹੁੰਚਣ ਦੀ ਉਡੀਕ ਕਰ ਰਿਹਾ ਸੀ। ਉਹ ਚੱਲਣ ਤੇ ਸਾਰਿਆਂ ਹੀ ਜਾਨਵਰਾਂ ਉਤੇ ਟੁਟ ਪੈਣ ਨੂੰ ਸੀ ਕਿ ਜਾਣ-ਬੁਝ ਕੇ ਚਿਰਕ ਕਰਦਾ ਖ਼ਰਗੋਸ਼ ਆ ਪਹੁੰਚਿਆ।

ਖ਼ਰਗੋਸ਼ ਵਲ ਖਾ ਜਾਣ ਵਾਲੀਆਂ ਅੱਖਾਂ ਨਾਲ ਵੇਖਦਾ ਸ਼ੇਰ ਬੋਲਿਆ:

"ਤੇਰੀ ਇਹ ਮਜਾਲ, ਏਡੀ ਚਿਰਕ ਕਰ ਕੇ ਆਵੇਂ!"

"ਜਨਾਬ," ਖ਼ਰਗੋਸ਼ ਨੇ ਮਸਕੀਨੀ ਨਾਲ ਆਖਿਆ, "ਮੇਰੇ ਜ਼ਿੰਮੇ ਤੁਹਾਡੇ ਖਾਣੇ ਲਈ ਇਕ ਖ਼ਰਗੋਸ਼ ਪਹੁੰਚਾਣ ਦਾ ਕੰਮ ਲਾਇਆ ਗਿਆ, ਤੇ ਮੈਂ ਉਹਨੂੰ ਏਥੇ ਲਿਆ ਰਿਹਾ ਸਾਂ, ਪਰ ਰਾਹ 'ਚ ਸਾਡੇ 'ਤੇ ਇਕ ਹੋਰ ਸ਼ੇਰ ਨੇ ਹਮਲਾ ਕਰ ਦਿਤਾ; ਉਹਨੇ ਦੂਜੇ ਖ਼ਰਗੋਸ਼ ਨੂੰ ਫੜ ਲਿਆ ਤੇ ਇਕ ਡੂੰਘੀ ਖੱਡੇ ਧਰੀਕ ਕੇ ਲੈ ਗਿਆ।"

"ਚਲ ਖਾਂ, ਵਿਖਾ ਮੈਨੂੰ ਕਿਥੇ ਏ ਉਹ!" ਸ਼ੇਰ ਗਜਿਆ।

ਖ਼ਰਗੋਸ਼ ਸ਼ੇਰ ਨੂੰ ਇਕ ਖੂਹ ਉਤੇ ਲੈ ਆਇਆ।

"ਜਨਾਬ, ਓਥੇ ਥੱਲੇ ਜੇ," ਖ਼ਰਗੋਸ਼ ਨੇ ਆਖਿਆ, "ਮੈਨੂੰ ਸਿਰਫ਼ ਉਹਦੇ ਵਲ 'ਕਲਿਆਂ ਵੇਖ ਕੇ ਡਰ ਲਗਦੈ। ਮੈਨੂੰ ਆਪਣੇ ਪੰਜਿਆਂ 'ਚ ਰਖ ਲਓ, ਤੇ ਮੈਂ ਤੁਹਾਨੂੰ ਵਿਖਾਨਾਂ।"


ਸ਼ੇਰ ਨੇ ਖ਼ਰਗੋਸ਼ ਨੂੰ ਆਪਣੇ ਪੰਜਿਆਂ ਵਿਚ ਰਖ ਲਿਆ, ਉਹਨਾਂ ਹੇਠਾਂ ਖੂਹ ਵਿਚ ਵੇਖਿਆ ਤੇ ਤਹਿ ਵਿਚ ਉਹਨਾਂ ਨੂੰ ਆਪਣਾ ਅਕਸ ਦਿਸਿਆ: ਇਕ ਸ਼ੇਰ ਜਿਹਦੇ ਪੰਜਿਆਂ ਵਿਚ ਇਕ ਖ਼ਰਗੋਸ਼ ਸੀ ਤੇ ਜਿਹੜਾ ਉਹਨਾਂ ਵਲ ਟਕ ਲਾ ਵੇਖ ਰਿਹਾ ਸੀ।

ਗੁੱਸਾ ਖਾ ਸ਼ੇਰ ਨੇ ਖ਼ਰਗੋਸ਼ ਨੂੰ ਪਰ੍ਹਾਂ ਵਗਾ ਮਾਰਿਆ ਤੇ ਆਪਣੇ ਰਕੀਬ ਨੂੰ ਸਜ਼ਾ ਦੇਣ ਤੇ ਉਹਨੇ ਉਸ ਤੋਂ ਆਪਣਾ ਸ਼ਿਕਾਰ ਖੋਹਣ ਲਈ ਖੂਹ ਵਿਚ ਛਲ ਕਢ ਮਾਰੀ। ਪਰ ਖੂਹ ਡੂੰਘਾ ਸੀ, ਤੇ ਖੂੰਖਾਰ ਸ਼ੇਰ ਡੁਬ ਗਿਆ।

ਜਾਨਵਰਾਂ ਨੂੰ ਜਦੋਂ ਖ਼ਬਰ ਲਗੀ, ਉਹਨਾਂ ਇਸ ਗਲ ਦੀਆਂ ਖੁਸ਼ੀਆਂ ਮਨਾਈਆਂ, ਉਹਨਾਂ ਦੀ ਏਡੇ ਜ਼ਾਲਮ ਵੈਰੀ ਤੋਂ ਖਲਾਸੀ ਹੋ ਗਈ ਸੀ, ਤੇ ਉਹਨਾਂ ਨੇ ਖ਼ਰਗੋਸ਼ ਦਾ ਪੂਰੇ ਦਿਲ ਨਾਲ ਸ਼ੁਕਰਾਨਾ ਅਦਾ ਕੀਤਾ।

# ਸਿਆਣਪ ਦਾ ਸਬਕ

**ਜਾਰਜੀਅਨ ਪਰੀ-ਕਹਾਣੀ**



ਇਕ ਵਾਰੀ ਇਕ ਰਿਛ, ਇਕ ਬਘਿਆੜ ਤੇ ਇਕ ਲੂੰਮੜੀ ਦਾ ਮੇਲ ਹੋ ਪਿਆ ਤੇ ਉਹ ਗਿਲਾ ਕਰਨ
ਲਗੇ, ਕਿਵੇਂ ਉਹਨਾਂ ਨੂੰ ਅਕਸਰ ਏਨਾ-ਏਨਾ ਚਿਰ ਭੁੱਖਾ ਰਹਿਣਾ ਪੈਂਦਾ ਸੀ ਕਿ ਉਹਨਾਂ ਦੇ ਢਿਡੀਂ ਪੀੜ ਹੋ
ਪੈਂਦੀ ਸੀ। ਉਹਨਾਂ ਆਪਣੀ ਮੰਦੀ ਹਾਲਤ ਦਾ ਰੋਣਾ ਰੋਇਆ, ਸਾਰੀ ਗਲ-ਬਾਤ ਕੀਤੀ ਤੇ ਭੈਣ-ਭਰਾਵਾਂ ਵਾਂਗ ਰਹਿਣ
ਦਾ ਫ਼ੈਸਲਾ ਕਰ ਲਿਆ। ਉਹ ਕਹਿਣ ਲਗੇ, ਅਗੋਂ ਤੋਂ ਜੁ ਵੀ ਖੁਰਾਕ ਸਾਡੇ ਹਥ ਲਗੀ, ਅਸੀਂ ਭਰਾਵਾਂ ਵਾਂਗ
ਵੰਡ ਕੇ ਖਾਵਾਂਗੇ। ਉਹਨਾਂ ਮਤਾ ਪਕਾ ਲਿਆ, ਸੱਚੇ ਭਰਾਵਾਂ ਵਾਂਗ ਉਹਨਾਂ ਇਕ ਦੂਜੇ ਨੂੰ ਜੱਫੀ ਪਾਈ, ਇਕ
ਦੂਜੇ ਦੀ ਵਫ਼ਾਦਾਰੀ ਦੀਆਂ ਕਸਮਾਂ ਚੁੱਕੀਆਂ ਤੇ ਸ਼ਿਕਾਰ ਦੀ ਢੂੰਡ ਵਿਚ ਨਿਕਲ ਟੁਰੇ।

ਉਹ ਕਿਸੇ ਅਜਿਹੀ ਚੀਜ਼ ਦੀ ਭਾਲ ਕਰਦਿਆਂ, ਜਿਸ ਉਤੇ ਉਹ ਟੁਟ ਕੇ ਪੈ ਸਕਦੇ, ਟੁਰਦੇ ਗਏ,
ਤੇ ਕੁਝ ਚਿਰ ਪਿਛੋਂ ਉਹਨਾਂ ਨੂੰ ਇਕ ਫੱਟੜ ਹਿਰਨ ਝਲ ਪਿਆ। ਉਹਨੂੰ ਥਾਏਂ ਹੀ ਮਾਰ, ਉਹ ਘਾਹ ਦੀ ਛਾਂ
ਵਿਚ ਬੈਠ ਗਏ ਤੇ ਲੁਟ ਦਾ ਮਾਲ ਵੰਡਣ ਲਗੇ।

ਬਘਿਆੜ ਨੂੰ, ਜਿਹਦੇ ਭੁਖ ਨਾਲ ਦੰਦ ਕਰੀਚਦਿਆਂ ਜਬਾੜੇ ਆਕੜ ਗਏ ਹੋਏ ਸਨ, ਰਿਛ ਨੇ ਆਖਿਆ:

"ਚਲ, ਬਘਿਆੜਾ, ਤੂੰ ਸਾਡੇ 'ਚ ਹਿਰਨ ਵੰਡ।"

"ਬਹੁਤ ਹੱਛਾ," ਬਘਿਆੜ ਮੰਨ ਗਿਆ। "ਇਸ ਲਈ ਕਿ ਤੁਸੀਂ ਸਾਡੇ ਪਾਤਸ਼ਾਹ ਤੇ ਮਾਲਕ ਹੋ, ਸਿਰ
ਤੁਹਾਨੂੰ ਮਿਲੇਗਾ, ਪਿੰਡਾ ਮੈਨੂੰ, ਤੇ ਲੱਤਾਂ ਲੂੰਮੜੀ ਨੂੰ, ਇਸ ਲਈ ਕਿ ਉਹ ਪੈਰਾਂ ਦੀ ਫੁਹਲੀ ਏ।"

ਪਰ ਅਜੇ ਬਘਿਆੜ ਨੇ ਗਲ ਨਹੀਂ ਸੀ ਮੁਕਾਈ ਕਿ ਰਿਛ ਨੇ ਆਪਣੇ ਪੰਜੇ ਨਾਲ ਉਹਦੇ ਸਿਰ ਉਤੇ
ਏਡੀ ਡਾਢੀ ਸੱਟ ਮਾਰੀ ਕਿ ਪਹਾੜ ਉਹਦੀ ਆਵਾਜ਼ ਨਾਲ ਗੂੰਜ ਉਠੇ। ਬਘਿਆੜ ਪੀੜ ਨਾਲ ਕੁਰਲਾਇਆ
ਤੇ ਇਕ ਪਾਸੇ ਜਾ ਪਿਆ। ਤੇ ਫੇਰ ਰਿਛ ਨੇ ਲੂੰਮੜੀ ਵਲ ਮੂੰਹ ਕੀਤਾ ਤੇ ਕਹਿਣ ਲਗਾ:

"ਤੇ ਹੁਣ, ਬੀਬੀ ਲੂੰਮੜੀ, ਤੂੰ ਵੰਡ ਹਿਰਨ।"

ਲੂੰਮੜੀ ਬੜੀ ਖਚਰੀ ਸੀ, ਉਹ ਉਠੀ ਤੇ ਖੁਸ਼ਾਮਦੀ ਲਹਿਜੇ ਵਿਚ ਕਹਿਣ ਲਗੀ:

"ਰਿਛ ਜੀ, ਹਿਰਨ ਦਾ ਸਿਰ ਹੱਕੋਂ ਤੁਹਾਡਾ ਏ, ਇਸ ਲਈ ਕਿ ਤੁਸੀਂ ਸਾਡੇ ਪਾਤਸ਼ਾਹ ਤੇ ਮਾਲਕ ਹੋ; ਹਿਰਨ ਦਾ ਪਿੰਡਾ ਤੁਹਾਡਾ ਏ, ਇਸ ਲਈ ਕਿ ਤੁਸੀਂ ਸਾਡਾ ਹਮੇਸ਼ਾ ਈ ਪਿਉਆਂ ਵਾਂਗ ਧਿਆਨ ਰਖਿਐ; ਤੇ ਹਿਰਨ ਦੀਆਂ ਲੱਤਾਂ ਵੀ ਤੁਹਾਡੀਆਂ ਨੇ, ਇਸ ਲਈ ਕਿ ਸਾਡੇ ਭਲੇ ਲਈ ਤੁਸੀਂ ਸਦਾ ਈ ਅਗੇ-ਅਗੇ ਰਹੇ ਹੋ।"

"ਬੀਬੀ ਲੂੰਮੜੀ; ਤੂੰ ਸਚੀ ਮੁਚੀ ਈ ਸਿਆਣੀ ਏਂ," ਰਿਛ ਨੇ ਆਖਿਆ। "ਸ਼ਿਕਾਰ ਦੀ ਵੰਡ ਦਾ ਏਡਾ ਸਿਆਣਾ ਤੇ ਸੂਝ-ਬੂਝ ਵਾਲਾ ਢੰਗ ਕਿਸ ਤੋਂ ਸਿਖਿਆ ਈ?"

"ਪਾਤਸ਼ਾਹੋ, ਮੈਂ ਸਿਆਣਪ ਤਾਂ ਸਿਖਣੀ ਈ ਹੋਈ," ਲੂੰਮੜੀ ਨੇ ਜਵਾਬ ਦਿਤਾ। "ਮੈਂ ਵੇਖਿਐ, ਜਿਵੇਂ ਤੁਸੀਂ ਬਘਿਆੜ ਨੂੰ ਸਬਕ ਸਿਖਾਇਐ!"

# ਅਲਤੀਨ-ਸਕਾ, ਸੁਨਹਿਰੀ ਸੰਖੀ

ਬਸ਼ਕੀਰ ਪਰੀ-ਕਹਾਣੀ



ਇਕ ਵਾਰੀ ਦੀ ਗਲ ਏ, ਇਕ ਬੁੱਢਾ ਤੇ ਬੁੱਢੀ ਰਿਹਾ ਕਰਦੇ ਸਨ। ਉਹਨਾਂ ਦਾ ਇਕੋ-ਇਕ ਪੁੱਤਰ ਹੁੰਦਾ ਸੀ, ਜਿਹਨੂੰ ਉਹ ਅਲਤੀਨ-ਸਕਾ, ਸੁਨਹਿਰੀ ਸੰਖੀ, ਸਦਦੇ ਸਨ ਕਿਉਂਕਿ ਉਹਦੇ ਕੋਲ ਇਕ ਸੁਨਹਿਰੀ ਸੰਖੀ ਹੁੰਦੀ ਸੀ। ਅਲਤੀਨ-ਸਕਾ ਵਾਂਗ ਸੰਖੀਆਂ ਖੇਡਣੀਆਂ ਕਿਸੇ ਨੂੰ ਵੀ ਨਹੀਂ ਸਨ ਆਂਦੀਆਂ: ਇਸ ਖੇਡ ਵਿਚ ਉਹ ਹਰ ਕਿਸੇ ਨੂੰ ਹਰਾ ਦੇਂਦਾ ਸੀ।

ਇਕ ਦਿਨ ਬੁੱਢਾ ਆਪਣੇ ਘੋੜਿਆਂ ਨੂੰ ਪਾਣੀ ਪਿਆਣ ਝੀਲ ਉਤੇ ਗਿਆ।

ਉਹ ਇੱਜੜ ਨੂੰ ਹਿਕਦਾ ਪਾਣੀ ਦੇ ਕੋਲ ਲੈ ਗਿਆ, ਪਰ ਘੋੜੇ ਆਪਣੀਆਂ ਅੱਯਾਲਾਂ ਤੇ ਪੂਛਾਂ ਹਿਲਾਣ, ਜ਼ਮੀਨ ਉਤੇ ਸੁੰਮ ਮਾਰਨ, ਫ਼ਿਕਰ ਨਾਲ ਹਿਣਹਿਣਾਣ ਤੇ ਝੀਲ ਤੋਂ ਪਿਛੇ ਹੱਟਣ ਲਈ ਜ਼ੋਰ ਲਾਣ ਲਗ ਪਏ: ਸਾਫ਼ ਲਗ ਰਿਹਾ ਸੀ, ਕੋਈ ਉਹਨਾਂ ਦੀ ਅੱਯਾਲ ਖਿਚ ਰਿਹਾ ਸੀ, ਉਹਨਾਂ ਨੂੰ ਮੂੰਹਾਂ ਤੋਂ ਧਕ ਰਿਹਾ ਸੀ ਤੇ ਪਾਣੀ ਨਹੀਂ ਸੀ ਪੀਣ ਦੇ ਰਿਹਾ।

"ਗਲ ਕੀ ਹੋ ਸਕਦੀ ਏ?" ਬੁੱਢੇ ਨੇ ਆਪਣੇ ਆਪ ਨੂੰ ਪੁਛਿਆ। "ਜਾ ਕੇ ਵੇਖਾਂ ਤਾਂ ਸਹੀ।"

ਪਰ ਉਹ ਪਾਣੀ ਉਤੇ ਉੜਿਆ ਹੀ ਸੀ ਕਿ ਚਾਣਚਕ ਹੀ ਕਿਸੇ ਨੇ ਉਹਨੂੰ ਦਾੜ੍ਹੀਉਂ ਫੜ ਲਿਆ! ਬੁੱਢੇ ਨੇ ਆਪਣੇ ਆਪ ਨੂੰ ਛੁਡਾਣ ਲਈ ਪੂਰਾ ਜ਼ੋਰ ਲਾਇਆ, ਪਰ ਛੁਡਾ ਨਾ ਸਕਿਆ।

ਉਹਨੇ ਤਕਿਆ ਤੇ ਵੇਖਿਆ, ਉਹਦੀ ਦਾੜ੍ਹੀ ਕਿਸੇ ਹੋਰ ਨੇ ਨਹੀਂ, ਆਪ ਬੁੱਢੀ ਜਾਦੂਗਰਨੀ ਉਬੀਰ ਨੇ ਫੜੀ ਹੋਈ ਸੀ।

"ਮੈਨੂੰ ਫੜੀ ਨਾ ਰਖ, ਉਬੀਰ, ਛਡ ਦੇ ਮੈਨੂੰ!" ਬੁੱਢਾ ਕੂਕਿਆ। "ਜੇ ਛਡ ਦੇਂ ਤਾਂ ਮੈਂ ਤੈਨੂੰ ਭੇਡਾਂ ਦਾ ਇੱਜੜ ਦੇ ਦਿਆਂ।"

"ਮੈਨੂੰ ਨਹੀਂ ਚਾਹੀਦੀਆਂ ਤੇਰੀਆਂ ਭੇਡਾਂ," ਉਬੀਰ ਨੇ ਜਵਾਬ ਦਿਤਾ।

"ਤਾਂ ਫੇਰ ਘੋੜਿਆਂ ਦਾ ਇੱਜੜ ਸਹੀ।"

"ਮੈਨੂੰ ਨਹੀਂ ਚਾਹੀਦੇ ਤੇਰੇ ਘੋੜੇ।"

"ਤਾਂ ਤੈਨੂੰ ਦਿਆਂ ਤਾਂ ਕੀ ਦਿਆਂ?"

"ਮੈਨੂੰ ਉਹ ਦੇ, ਜੁ ਤੇਰੇ ਕੋਲ ਤੇਰੇ 'ਯੁਰਤੇ*' 'ਚ ਇਕੋ-ਇਕ ਏ।"

ਸਹਿਮ ਵਿਚ ਬੁੱਢੇ ਨੂੰ ਇਹ ਵੀ ਸੋਚਣ ਦੀ ਨਾ ਸੁੱਝੀ, ਉਹ ਕਿਹੜੀ ਚੀਜ਼ ਸੀ ਜਿਹੜੀ ਉਹਦੇ ਕੋਲ ਇਕੋ-ਇਕ ਸੀ।

"ਇੰਜ ਈ ਸਹੀ," ਉਹਨੇ ਆਖਿਆ, "ਮਿਲ ਜਾਏਗੀਆ, ਛਡ ਸਹੀ ਤੂੰ ਮੈਨੂੰ।"

ਤੇ ਉਬੀਰ ਨੇ ਉਹਨੂੰ ਇਹ ਆਖਦਿਆਂ ਛਡ ਦਿਤਾ:

"ਚੇਤੇ ਰੱਖੀਂ, ਹਰ ਥਾਉਂ ਲਭ ਲਾਂਗੀ ਤੈਨੂੰ ਮੈਂ, ਮੇਰੇ ਤੋਂ ਲੁਕ ਕੋਈ ਨਹੀਂ ਸਕਦਾ!"

ਬੁੱਢਾ ਘਰ ਆਇਆ, ਤੇ ਉਹਨੂੰ ਓਦੋਂ ਹੀ ਮਹਿਸੂਸ ਹੋਇਆ, ਉਬੀਰ ਨੇ ਉਹਦੇ ਕੋਲੋਂ ਕੀ ਮੰਗਿਆ ਸੀ। ਉਬੀਰ ਦਾ ਮਤਲਬ ਉਹਦੇ ਪੁੱਤਰ ਤੋਂ ਸੀ, ਉਹਦੇ ਪਿਆਰੇ ਅਲਤੀਨ-ਸਕੇ ਤੋਂ, ਕਿਉਂਕਿ ਪੁੱਤਰ ਉਹਦਾ ਇੱਕੋ ਹੀ ਸੀ।

ਬੁੱਢਾ ਉਦਾਸ ਤੇ ਨਿਮੋਝੂਣਾ ਹੋ ਗਿਆ, ਪਰ ਉਹਨੇ ਆਪਣੀ ਘਰ ਵਾਲੀ ਤੇ ਪੁੱਤਰ ਨੂੰ ਇਹਦੇ ਬਾਰੇ ਦਸਿਆ ਕੁਝ ਵੀ ਨਾ।

"ਹੁਣ ਡੇਰਾ ਕਿਸੇ ਨਵੀਂ ਜਗ੍ਹਾ ਜਾ ਲਾਈਏ ਤਾਂ ਚੰਗਾ ਏ, ਏਥੋਂ ਦੀਆਂ ਜ਼ਮੀਨਾਂ ਮਾੜੀਆਂ ਨੇ," ਇਹ ਸੀ ਸਾਰਾ ਕੁਝ ਜੁ ਉਹਨੇ ਆਖਿਆ।

ਇਸ ਤਰ੍ਹਾਂ ਉਹ ਇਕ ਨਵੇਂ ਡੇਰੇ 'ਤੇ ਆ ਗਏ ਤੇ ਉਹਨਾਂ ਆਪਣਾ 'ਯੁਰਤਾ' ਓਥੇ ਲਾ ਲਿਆ, ਪਰ ਅਸਲੋਂ ਅਗਲੇ ਹੀ ਦਿਨ ਅਲਤੀਨ-ਸਕਾ ਨੂੰ ਆਪਣੀ ਸੁਨਹਿਰੀ ਸੰਖੀ ਨਾ ਲੱਭੀ।

"ਸੁਨਹਿਰੀ ਸੰਖੀ ਕਿਥੇ ਏ ਮੇਰੀ?" ਉਹ ਪੁੱਛਣ ਲਗਾ।

ਬੁੱਢੇ ਨੇ ਆਖਿਆ:

"ਸਾਥੋਂ ਜ਼ਰੂਰ ਪੁਰਾਣੇ ਡੇਰੇ 'ਤੇ ਰਹਿ ਗਈ ਹੋਵੇਗੀ। ਤੂੰ ਓਥੇ ਜਾਈਂ ਨਾ, ਉਬੀਰ ਫੜ ਲਏਗੀ ਤੈਨੂੰ।"

ਤੇ ਉਹਨੇ ਅਲਤੀਨ-ਸਕੇ ਨੂੰ ਸਾਰਾ ਕੁਝ ਦਸਿਆ, ਜੁ ਕੁਝ ਝੀਲ ਦੇ ਕੰਢੇ ਉਹਦੇ ਨਾਲ ਵਰਤਿਆ ਸੀ।

ਅਲਤੀਨ-ਸਕੇ ਨੇ ਆਪਣੇ ਪਿਓ ਦੀ ਗਲ ਧਿਆਨ ਨਾਲ ਸੁਣੀ, ਫੇਰ ਕਹਿਣ ਲਗਾ:

"ਮੈਨੂੰ ਉਬੀਰ ਦਾ ਡਰ ਨਹੀਂ ਮਾਰਿਆ ਹੋਇਆ! ਉਹ ਮੈਨੂੰ ਕਦੀ ਵੀ ਫੜ ਨਹੀਂ ਸਕਦੀ। ਮੈਂ ਪਿੱਛੇ ਜਾ ਰਿਹਾਂ, ਤੁਸੀਂ ਮੈਨੂੰ ਸਿਰਫ਼ ਇਹ ਈ ਦੱਸੋ, ਮੈਂ ਘੋੜੇ ਕਿਹੜੇ ਚੜ੍ਹਾਂ।"

ਪਿਓ ਨੇ ਪੁੱਤਰ ਨੂੰ ਹੋੜਣ ਦੀ ਕੋਸ਼ਿਸ਼ ਕੀਤੀ, ਪਰ ਅਲਤੀਨ-ਸਕਾ ਪੱਕਾ ਰਿਹਾ: ਉਬੀਰ ਦਾ ਉਹਨੂੰ ਡਰ ਨਹੀਂ ਸੀ ਮਾਰੀਆ ਹੋਇਆ, ਜਾਣਾ ਉਹਨੇ ਜ਼ਰੂਰ ਸੀ, ਤੇ ਬਸ! ਜੁ ਉਹ ਚਾਹੁੰਦਾ ਸੀ, ਉਹਨੂੰ ਉਹ ਕਰਨ ਤੋਂ ਰੋਕਣ ਦਾ ਕੋਈ ਰਾਹ ਨਹੀਂ ਸੀ।

ਪਿਓ ਨੇ ਆਖਿਆ:

---

* **ਯੁਰਤਾ** — ਮੋਟੇ ਨਮਦੇ ਦਾ ਖ਼ੈਮਾ — **ਅਨੁ:**

''ਠੀਕ ਏ, ਜਿਵੇਂ ਚਾਹੁਣੈਂ, ਉਵੇਂ ਈ ਸਹੀ। ਤੇ ਹੁਣ ਜਾ ਜਿਥੇ ਇੱਜੜ ਏ, ਆਪਣਾ 'ਕੋਰੋਕ' * ਘੁਮਾ, ਆਪਣੀ ਲਗਾਮ ਖੜਕਾ, ਤੇ ਜਿਹੜਾ ਵੀ ਘੋੜਾ ਦੌੜਦਾ ਕੋਲ ਆ ਜਾਵੀ, ਤੂੰ ਓਸੇ 'ਤੇ ਚੜ੍ਹਨਾ ਹੋਵੇਗਾ।''

ਅਲਤੀਨ-ਸਕਾ ਓਥੇ ਗਿਆ, ਜਿਥੇ ਇਜੱੜ ਚਰ ਰਿਹਾ ਸੀ, ਉਹਨੇ ਆਪਣਾ 'ਕੋਰੋਕ' ਘੁਮਾਇਆ ਤੇ ਆਪਣੀ ਲਗਾਮ ਖੜਕਾਈ, ਤੇ ਇਕਦਮ ਹੀ ਇਕ ਛਿਛੜੈਲ, ਖਰ੍ਹਵੇ ਵਾਲਾਂ ਵਾਲਾ ਵਛੇਰਾ ਉਹਦੇ ਕੋਲ ਭਜਾ ਆਇਆ।

ਅਲਤੀਨ-ਸਕੇ ਨੇ ਉਹਨੂੰ ਭਜਾ ਦਿਤਾ, ਤੇ ਆਪਣੇ ਪਿਓ ਕੋਲ ਜਾ ਪੁੱਛਣ ਲਗਾ:

''ਦੱਸੋ ਬਾਪੂ, ਮੈਂ ਕਿਹੜੇ ਘੋੜੇ ਚੜ੍ਹਾਂ?''

''ਤੈਨੂੰ ਮੈਂ ਕਿਹਾ ਨਹੀਂ ਸੀ, ਆਪਣਾ 'ਕੋਰੋਕ' ਘੁਮਾਈਂ ਤੇ ਆਪਣੀ ਲਗਾਮ ਖੜਕਾਈਂ?'' ਪਿਓ ਨੇ ਕਿਹਾ।

ਤੇ ਅਲਤੀਨ-ਸਕਾ ਫੇਰ ਉਸ ਥਾਂ ਗਿਆ, ਜਿੱਥੇ ਇੱਜੜ ਚਰ ਰਿਹਾ ਸੀ, ਉਹਨੇ ਆਪਣਾ 'ਕੋਰੋਕ' ਘੁਮਾਇਆ ਤੇ ਆਪਣੀ ਲਗਾਮ ਖੜਕਾਈ, ਤੇ ਅਸਲੋਂ ਉਹੀਓ ਵਛੇਰਾ ਉਹਦੇ ਕੋਲ ਫੇਰ ਭੱਜਾ ਆਇਆ।

''ਲਗਦੈ, ਮੈਨੂੰ ਏਸੇ ਵਛੇਰੇ 'ਤੇ ਚੜ੍ਹਨਾ ਪੈਣੈਂ,'' ਅਲਤੀਨ-ਸਕੇ ਨੇ ਕਿਹਾ।

ਉਹਨੇ ਵਛੇਰੇ ਦੀ ਧੌਣ ਨੂੰ ਛੁਹਿਆ ਤੇ ਹੋਇਆ ਕੀ! ਉਹਦੇ ਗੰਦੇ, ਅਲਚੇ-ਪਲਚੇ ਵਾਲ ਲਹਿ ਗਏ; ਉਹਨੇ ਉਹਨੂੰ ਲਗਾਮ ਪਾਈ ਤੇ ਵਛੇਰਾ ਤਕੜਾ ਤੇ ਚੁਸਤ ਹੋ ਗਿਆ; ਉਹ ਉਹਨੂੰ ਵਲਗਣ ਵਿਚੋਂ ਬਾਹਰ ਲੈ ਆਇਆ, ਤੇ ਵਛੇਰਾ ਉੱਚਾ-ਲੰਮਾ, ਬਾਂਕਾ ਘੋੜਾ ਬਣ ਗਿਆ; ਉਹਨੇ ਉਹਦੇ ਉਤੇ ਕਾਠੀ ਪਾਈ ਤੇ ਉਹ ਸਾਰੇ ਇਜੱੜ ਵਿਚੋਂ ਸਭ ਤੋਂ ਚੰਗਾ ਤੇ ਵਧੀਆ ਘੋੜਾ ਬਣ ਗਿਆ।

ਘੋੜਾ ਅਲਤੀਨ-ਸਕੇ ਨੂੰ ਕਹਿਣ ਲਗਾ:

''ਕਿਥੇ ਜਾ ਰਿਹੈਂ, ਅਲਤੀਨ-ਸਕੇ?''

''ਮੈਂ ਆਪਣੀ ਸੁਨਹਿਰੀ ਸੰਖੀ ਲੈਣ ਆਪਣੇ ਪੁਰਾਣੇ ਡੇਰੇ ਜਾ ਰਿਹਾਂ,'' ਅਲਤੀਨ-ਸਕੇ ਨੇ ਜਵਾਬ ਦਿਤਾ।

''ਓਥੇ ਤੈਨੂੰ ਉਬੀਰ ਉਡੀਕ ਰਹੀ ਏ,'' ਘੋੜੇ ਨੇ ਆਖਿਆ। ''ਉਹ ਤੈਨੂੰ ਆਖੇਗੀ, ਮੇਰੀ ਪਿਠੋਂ ਉਤਰ ਆ ਤੇ ਆਪਣੀ ਸੰਖੀ ਚੁਕ ਲੈ, ਪਰ ਉਹਦੀ ਗਲ 'ਤੇ ਕੰਨ ਨਾ ਧਰੀਂ। ਇਸ ਲਈ ਕਿ ਜੇ ਤੂੰ ਮੇਰੇ ਤੋਂ ਉਤਰ ਖਲੋਤਾ, ਉਹ ਤੈਨੂੰ ਖਾ ਜਾਏਗੀ। ਬਾਜ਼ ਨਾਲੋਂ ਵੀ ਬਹੁਤੀ ਤੇਜ਼ੀ ਤੋਂ ਕੰਮ ਲਵੀਂ, ਛੇਤੀ ਨਾਲ ਨਿਊਂ ਜਾਈਂ ਤੇ ਆਪਣੀ ਸੁਨਹਿਰੀ ਸੰਖੀ ਫੜ ਲਈਂ।''

ਅਲਤੀਨ-ਸਕਾ ਪਲਾਕੀ ਮਾਰ ਘੋੜੇ ਉਤੇ ਬਹਿ ਗਿਆ ਤੇ ਪੁਰਾਣੇ ਡੇਰੇ ਉਤੇ ਆ ਪਹੁੰਚਿਆ। ਉਹਨੇ ਨਜ਼ਰ ਦੌੜਾਈ, ਤੇ ਵੇਖਿਆ ਡੇਰੇ ਦੀ ਧੂਣੀ ਕੋਲ ਬੈਠੀ ਉਬੀਰ ਹਥ ਸੇਕ ਰਹੀ ਸੀ।

ਅਲਤੀਨ-ਸਕੇ ਨੇ ਆਖਿਆ:

''ਬੇਬੇ, ਬੇਬੇ, ਮੇਰੀ ਸੁਨਹਿਰੀ ਸੰਖੀ ਦੇ ਦੇ।''

''ਪੁਤਰਾ, ਸੰਖੀ ਜ਼ਮੀਨ 'ਤੇ ਪਈ ਹੋਈ ਆ,'' ਉਬੀਰ ਨੇ ਜਵਾਬ ਦਿਤਾ। ''ਘੋੜੇ ਤੋਂ ਉਤਰ ਆ ਤੇ ਚੁਕ ਲੈ ਸੂ। ਮੇਰੀ ਪਿਠ ਏਨੀ ਪੀੜ ਕਰ ਰਹੀ ਏ, ਉਠਿਆ ਈ ਨਹੀਂ ਜਾ ਰਿਹਾ।''

ਅਲਤੀਨ-ਸਕੇ ਦਾ ਘੋੜਾ ਨਿਊਂ ਕੇ ਜ਼ਮੀਨ ਨਾਲ ਲਗ ਗਿਆ, ਤੇ ਅਲਤੀਨ-ਸਕੇ ਨੇ ਸੁਨਹਿਰੀ

---

* **ਕੋਰੋਕ** —ਇਕ ਤਰ੍ਹਾਂ ਦੀ ਕਮੰਦ, ਇਕ ਹੌਲਾ ਬਾਂਸ ਜਿਹਦੇ ਸਿਰੇ ਉਤੇ ਰੱਸੀ ਦਾ ਵਲ ਹੁੰਦਾ ਹੈ। ਕੋਰੋਕ ਨਾਲ ਚਰਦੇ ਘੋੜੇ ਫੜੇ ਜਾਂਦੇ ਹਨ। — **ਅਨੁ:**

ਸੰਖੀ ਚੁੱਕਣ ਦੀ ਕੀਤੀ ਤੇ ਘੋੜਾ ਸਿਰਪਟ ਦੌੜਾਂਦਾ ਨਿਕਲ ਗਿਆ। ਗੁਸੇ ਨਾਲ ਚਾਂਗਰਦੀ ਉਬੀਰ ਕੁਦ ਖਲੋਤੀ। ਉਹਨੇ ਇਕ ਥੁਕ ਸੁੱਟੀ, ਤੇ ਇਕ ਵਡਾ ਸਾਰਾ ਕਾਲਾ ਘੋੜਾ ਉਹਦੇ ਕੋਲ ਆਣ ਖਲੋਤਾ, ਉਹਨੇ ਦੂਜੀ ਥੁਕ ਸੁੱਟੀ, ਤੇ ਲਗਾਮ ਆ ਗਈ। ਉਹ ਪਲਾਕੀ ਮਾਰ ਘੋੜੇ ਉਤੇ ਚੜ੍ਹ ਗਈ ਤੇ ਅਲਤੀਨ-ਸਕੇ ਪਿਛੇ ਹੋ ਪਈ।

ਉਹ ਹਵਾ ਵਾਂਗ ਉਡਦੇ ਜਾ ਰਹੇ ਸਨ, ਅਲਤੀਨ-ਸਕਾ ਆਪਣੇ ਸੁਨਹਿਰੀ ਘੋੜੇ ਉਤੇ, ਤੇ ਉਬੀਰ ਆਪਣੇ ਵਡੇ ਸਾਰੇ ਕਾਲੇ ਘੋੜੇ ਉਤੇ। ਉਹ ਉਹਦੇ ਬਹੁਤ ਹੀ ਨੇੜੇ ਪਹੁੰਚ ਗਈ ਤੇ ਉਹਨੂੰ ਫੜਨ ਹੀ ਲਗੀ ਸੀ ਕਿ ਉਹਦਾ ਘੋੜਾ ਥਿੜਕ ਗਿਆ, ਉਚੀ-ਉਚੀ ਫੂੰਕਾਰਦਾ, ਤੇ ਬੁਰੀ ਤਰ੍ਹਾਂ ਲੰਙਾਂਦਾ, ਪਿਛੇ ਰਹਿ ਗਿਆ।

ਉਬੀਰ ਨੇ ਲਗਾਮ ਖਿੱਚੀ ਤੇ ਆਪਣੀਆਂ ਅੱਡੀਆਂ ਘੋੜੇ ਦੇ ਪਾਸਿਆਂ ਵਿਚ ਧਸਾ ਦਿਤੀਆਂ, ਪਰ ਘੋੜੇ ਦੀ ਰਫ਼ਤਾਰ ਹੌਲੀ ਤੇ ਹੋਰ ਹੌਲੀ ਹੁੰਦੀ ਗਈ, ਤੇ ਉਬੀਰ ਨੂੰ ਤਾਅ ਚੜ੍ਹ ਗਿਆ। ਉਹਨੂੰ ਏਨਾ ਗੁੱਸਾ ਆ ਗਿਆ ਕਿ ਉਹ ਆਪਣੇ ਘੋੜੇ ਨੂੰ ਖਾ ਗਈ ਤੇ ਉਹਨੂੰ ਅਲਤੀਨ-ਸਕਾ ਪਿਛੇ ਪੈਦਲ ਭਜਣਾ ਪਿਆ।

ਆਪਣੀਆਂ ਵੱਖੀਆਂ ਤੇ ਪਿਠ ਉਤੇ ਆਪਣੇ ਆਪ ਨੂੰ ਹੀ ਮੁੱਕੇ ਮਾਰ-ਮਾਰ ਤੇਜ਼ ਕਰਦੀ, ਉਬੀਰ ਅਗਿਉਂ ਅਗੇ ਦੌੜਦੀ ਗਈ। ਉਹ ਘੋੜੇ ਨਾਲ ਜਾ ਰਲੀ ਤੇ ਉਹਨੇ ਦੰਦ ਮਾਰ ਉਹਦੀ ਸੱਜੀ ਟੰਙ ਵਿੰਨ ਦਿਤੀ, ਪਰ ਘੋੜਾ ਤਿੰਨ ਲੱਤਾਂ ਨਾਲ ਹੀ ਦੌੜਦਾ ਗਿਆ। ਉਬੀਰ ਪਿਛੇ ਨਾ ਰਹੀ। ਉਹ ਫੇਰ ਘੋੜੇ ਨਾਲ ਆ ਰਲੀ ਤੇ ਉਹਨੇ ਦੰਦ ਮਾਰ ਉਹਦੀ ਖੱਬੀ ਟੰਙ ਵਿੰਨ ਦਿਤੀ, ਤੇ ਘੋੜੇ ਨੇ ਆਪਣਾ ਅਖ਼ੀਰੀ ਜ਼ੋਰ ਲਾਇਆ, ਤੇ ਅਲਤੀਨ-ਸਕੇ ਨੂੰ ਉਬੀਰ ਤੋਂ ਦੂਰ ਪਹੁੰਚਾਂਦਾ, ਅਗੇ ਕੁਦ ਪਿਆ। ਪਰ ਹੁਣ ਉਹਦੇ ਵਿਚ ਬਹੁਤੀ ਤਾਕਤ ਨਹੀਂ ਸੀ ਰਹਿ ਗਈ, ਤੇ ਦੌੜਦਾ-ਦੌੜਦਾ ਇਕ ਝੀਲ ਦੇ ਇਕ ਪਾਸੇ ਵਲ ਆ ਉਹ ਕਹਿਣ ਲਗਾ:

"ਮੈਂ ਹੁਣ ਹੋਰ ਨਹੀਂ ਦੌੜ ਸਕਦਾ। ਮੈਂ ਉਬੀਰ ਤੋਂ ਝੀਲ 'ਚ ਲੁਕ ਜਾਨਾਂ, ਤੇ ਤੂੰ ਛੇਤੀ ਕਰ, ਤੇ ਓਸ ਸ਼ਾਹ ਬਲੂਤ ਦੇ ਦਰਖ਼ਤ ਉਤੇ ਚੜ੍ਹ ਜਾ। ਜਦੋਂ ਮੇਰੀਆਂ ਟੰਙਾਂ ਠੀਕ ਹੋ ਗਈਆਂ, ਮੈਂ ਤੈਨੂੰ ਅਗੇ ਲੈ ਜਾਂਗਾ।"

ਤੇ ਇਹ ਕਹਿ ਘੋੜਾ ਝੀਲ ਵਿਚ ਟੁੱਬੀ ਮਾਰ ਗਿਆ। ਅਲਤੀਨ-ਸਕਾ ਛੇਤੀ-ਛੇਤੀ ਝੀਲ ਨਾਲ ਉਗੇ ਸ਼ਾਹ ਬਲੂਤ ਦੇ ਦਰਖ਼ਤ ਉਤੇ ਚੜ੍ਹ ਗਿਆ ਤੇ ਉਹਨੇ ਆਪਣੇ ਆਪ ਨੂੰ ਉਹਦੀਆਂ ਉੱਚੀਆਂ ਤੋਂ ਉੱਚੀਆਂ ਟਹਿਣੀਆਂ ਵਿਚ ਲੁਕਾ ਲਿਆ।

ਉਬੀਰ ਭਜਦੀ-ਭਜਦੀ ਅੱਪੜ ਪਈ, ਉਹਨੇ ਅਲਤੀਨ-ਸਕੇ ਨੂੰ ਸ਼ਾਹ ਬਲੂਤ ਦੇ ਦਰਖ਼ਤ ਉਤੇ ਵੇਖਿਆ ਤੇ ਚਿਲਕੀ:

"ਹੁਣ ਆ ਗਿਐਂ ਮੇਰੇ ਕਾਬੂ! ਤੈਨੂੰ ਮੈਂ ਹੇਠਾਂ ਧਰੀਕ ਲੈਣੈਂ ਤੇ ਖਾ ਜਾਣੈਂ!"

ਉਹਨੇ ਇਕ ਥੁਕ ਸੁੱਟੀ, ਤੇ ਇਕ ਕੁਹਾੜਾ ਨਿਕਲ ਆਇਆ। ਫੇਰ ਉਹਨੇ ਇਕ ਦੰਦ ਕਢਿਆ, ਤੇ ਕੁਹਾੜੇ ਨੂੰ ਓਨਾ ਚਿਰ ਲਾ ਜਿੰਨਾ ਚਿਰ ਉਹ ਬਹੁਤ ਹੀ ਤੇਜ਼ ਨਾ ਹੋ ਗਿਆ, ਉਹ ਸ਼ਾਹ ਬਲੂਤ ਦੇ ਦਰਖ਼ਤ ਨੂੰ ਵੱਢਣ ਲਗ ਪਈ; ਉਹਦੇ ਵੱਢਣ ਨਾਲ ਛੋਡੇ ਸਾਰੇ ਪਾਸੇ ਉੱਡਣ ਲਗ ਪਏ।

ਆਵਾਜ਼ ਸੁਣ ਇਕ ਲੂੰਮੜੀ ਭੱਜੀ-ਭੱਜੀ ਆਈ।

"ਬੇਬੇ, ਬੇਬੇ, ਸ਼ਾਹ ਬਲੂਤ ਦਾ ਦਰਖ਼ਤ ਕਿਉਂ ਵਢ ਰਹੀ ਏਂ?" ਲੂੰਮੜੀ ਨੇ ਪੁਛਿਆ।

"ਦਿਸਦਾ ਨਹੀਉਂ, ਉਹਦੇ ਤੇ ਕੌਣ ਬੈਠਾ ਹੋਇਐ!" ਉਬੀਰ ਨੇ ਜਵਾਬ ਦਿਤਾ। "ਮੈਂ ਸ਼ਾਹ ਬਲੂਤ ਦਾ ਦਰਖ਼ਤ ਵਢ ਦੇਣੈਂ, ਅਲਤੀਨ-ਸਕੇ, ਸੁਨਹਿਰੀ ਸੰਖੀ, ਨੂੰ ਫੜ ਲੈਣੈਂ ਤੇ ਉਹਨੂੰ ਖਾ ਜਾਣੈਂ।"

ਲੂੰਮੜੀ ਨੇ ਉਪਰ ਵਲ ਵੇਖਿਆ ਤੇ ਉਹਨੂੰ ਸ਼ਾਹ ਬਲੂਤ ਦੇ ਦਰਖ਼ਤ ਦੀ ਟੀਸੀ ਉਤੇ ਇਕ ਸੁਹਣਾ ਮੁੰਡਾ ਬੈਠਾ ਦਿਸਿਆ। ਉਹਨੂੰ ਉਹਦੇ ਉਤੇ ਤਰਸ ਆ ਗਿਆ ਤੇ ਉਹ ਕਹਿਣ ਲਗੀ:

"ਉਬੀਰ, ਤੂੰ ਬੁੱਢੀ ਏਂ! ਆਪਣੇ ਆਪ ਨੂੰ ਥਕਾਣਾ ਨਹੀਂ ਚਾਹੀਦਾ ਤੈਨੂੰ। ਲਿਆ, ਮੈਂ ਵਢ ਦੇਣੀ ਆਂ ਸ਼ਾਹ ਬਲੂਤ ਦਾ ਦਰਖ਼ਤ।"

"ਨਹੀਂ, ਨਹੀਂ!" ਉਬੀਰ ਨੇ ਕਿਹਾ। "ਮੈਂ ਇਹਨੂੰ ਆਪੇ ਵਢ ਲੈਣੈਂ ਤੇ ਅਲਤੀਨ-ਸਕੇ ਨੂੰ ਖਾ ਜਾਣੈਂ।"

ਪਰ ਲੂੰਮੜੀ ਏਡੀ ਸੌਖੀ ਟਲਣ ਵਾਲੀ ਨਹੀਂ ਸੀ ਤੇ ਉਹ ਕਹਿਣ ਲਗੀ:

"ਸ਼ਾਹ ਬਲੂਤ ਦਾ ਦਰਖ਼ਤ ਵਢ ਮੈਂ ਦੇਣੀ ਆਂ, ਤੇ ਉਹਨੂੰ ਖਾ ਤੂੰ ਲਈਂ।"

ਉਬੀਰ ਨੇ ਲੂੰਮੜੀ ਨੂੰ ਆਪਣਾ ਕੁਹਾੜਾ ਦੇ ਦਿਤਾ, ਆਪ ਸ਼ਾਹ ਬਲੂਤ ਦੇ ਦਰਖ਼ਤ ਥੱਲੇ ਲੇਟ ਗਈ ਤੇ ਉਹਨੂੰ ਇਕਦਮ ਹੀ ਨੀਂਦਰ ਆ ਗਈ। ਸੁੱਤੀ-ਸੁੱਤੀ ਉਹ ਘੁਰਾੜੇ ਮਾਰਨ ਲਗੀ ਤੇ ਉਹਦੇ ਮੂੰਹ ਤੇ ਨਕ ਵਿਚੋਂ ਚੰਘਿਆੜੇ ਤੇ ਧੂੰਆਂ ਨਿਕਲਣ ਲਗਾ।

ਜਦੋਂ ਉਬੀਰ ਸੁੱਤੀ ਹੋਈ ਸੀ, ਲੂੰਮੜੀ ਨੇ ਕੁਹਾੜਾ ਤੇ ਉਹ ਦੰਦ, ਜਿਹੜਾ ਉਬੀਰ ਨੇ ਸਾਣ ਦੇ ਤੌਰ ਤੇ ਵਰਤਿਆ ਸੀ, ਝੀਲ ਵਿਚ ਸੁਟ ਦਿਤਾ, ਤੇ ਸਾਰੇ ਛੌਡੇ ਇੱਕਠੇ ਕਰ, ਉਹਨਾਂ ਨੂੰ ਉਬੀਰ ਦੇ ਕੁਹਾੜੇ ਨਾਲ ਪਏ ਦਰਖ਼ਤ ਦੇ ਵੱਢੇ ਵਿਚ ਜੋੜ ਦਿਤਾ। ਫੇਰ ਉਹਨੇ ਵੱਢੇ ਉਤੇ ਥੁਕਿਆ ਤੇ ਉਹਨੂੰ ਚਟਿਆ, ਤੇ ਛੌਡੇ ਇਕਦਮ ਹੀ ਦਰਖ਼ਤ ਨਾਲ ਪੱਕੇ ਜੁੜ ਗਏ, ਤੇ ਉਹ ਫੇਰ ਸਾਬਤ ਦਾ ਸਾਬਤ ਹੋ ਗਿਆ।

ਤਦ ਲੂੰਮੜੀ ਨੇ ਅਲਤੀਨ-ਸਕੇ ਨੂੰ ਅਲਵਿਦਾ ਆਖੀ ਤੇ ਭਜ ਗਈ।

ਉਬੀਰ ਜਾਗ ਪਈ, ਉਹਨੇ ਸ਼ਾਹ ਬਲੂਤ ਦੇ ਦਰਖ਼ਤ ਉਤੇ ਇਕ ਨਜ਼ਰ ਮਾਰੀ ਤੇ ਆਖਿਆ:

"ਕੀ ਪਈ ਵੇਖਣੀ ਆਂ ਮੈਂ! ਸ਼ਾਹ ਬਲੂਤ ਫੇਰ ਸਾਬਤ ਦਾ ਸਾਬਤ ਏ, ਇੰਜ ਜਿਵੇਂ ਮੈਂ ਇਹਨੂੰ ਕਦੀ ਛੁਹਿਆ ਹੀ ਨਾ ਹੋਵੇ।"

ਤੇ ਉਹ ਲੂੰਮੜੀ ਨੂੰ ਲਾਅਨਤਾਂ ਪਾਣ, ਤੇ ਉਹਨੂੰ, ਜਿਹੜੀਆਂ-ਜਿਹੜੀਆਂ ਵੀ ਉਹ ਸੋਚ ਸਕੀ, ਸਲਵਾਤਾਂ ਸੁਣਾਣ ਲਗ ਪਈ।

ਤਾਂ, ਉਹਨੇ ਇਕ ਵਾਰੀ ਫੇਰ ਥੁਕ ਸੁੱਟੀ, ਤੇ ਇਕ ਕੁਹਾੜਾ ਆ ਗਿਆ। ਉਹਨੇ ਆਪਣੇ ਮੂੰਹ ਵਿਚੋਂ ਇਕ ਹੋਰ ਦੰਦ ਪੁਟਿਆ ਤੇ ਕੁਹਾੜੇ ਨੂੰ ਲਾਣ ਲਗ ਪਈ। ਆਪਣੇ ਕੰਮੀਂ ਲਗੀ ਤੇ ਇਹ ਕਹਿੰਦੀ ਉਹ ਅਲਤੀਨ-ਸਕੇ ਵਲ ਵੇਖਦੀ ਰਹੀ:

"ਸ਼ਾਹ ਬਲੂਤ ਦਾ ਦਰਖ਼ਤ ਮੈਂ ਵਢ ਦੇਣੈਂ ਤੇ ਤੈਨੂੰ ਖਾ ਜਾਣੈਂ।"

ਜਦੋਂ ਉਹਦਾ ਕੁਹਾੜਾ ਤੇਜ਼ ਹੋ ਗਿਆ, ਉਬੀਰ ਸ਼ਾਹ ਬਲੂਤ ਦੇ ਦਰਖ਼ਤ ਨੂੰ ਵੱਢਣ ਲਗ ਪਈ। ਛੌਡੇ ਸਭ ਪਾਸੇ ਉੱਡਣ ਲਗ ਪਏ, ਤੇ ਦਰੱਖ਼ਤ ਹਿੱਲਣ ਤੇ ਕੰਬਣ ਲਗ ਪਿਆ। ਕੁਹਾੜੇ ਦੀ ਇਕ ਸਟ ਹੋਰ ਲਗਣੀ ਸੀ, ਤੇ ਦੱਰਖ਼ਤ ਨੇ ਹੇਠਾਂ ਆ ਪੈਣਾ ਸੀ!

ਚਾਣਚਕ ਹੀ ਇਕ ਹੋਰ ਲੂੰਮੜੀ ਭੱਜੀ-ਭੱਜੀ ਆਈ।

"ਬੇਬੇ, ਬੇਬੇ, ਕੀ ਕਰ ਰਹੀ ਏਂ?" ਉਹਨੇ ਉਬੀਰ ਤੋਂ ਪੁਛਿਆ।

"ਸ਼ਾਹ ਬਲੂਤ ਦਾ ਦਰਖ਼ਤ ਵਢ ਰਹੀ ਆਂ।"

"ਕਿਉਂ ਭਲਾ?"

"ਮੈਂ ਉਤੇ ਬੈਠੇ ਅਲਤੀਨ-ਸਕੇ, ਸੁਨਹਿਰੀ ਸੰਖੀ, ਨੂੰ ਫੜਨਾ ਚਾਹੁਣੀ ਆਂ ਤੇ ਖਾ ਜਾਣਾ।"

ਲੂੰਮੜੀ ਕਹਿਣ ਲਗੀ:

"ਤੈਨੂੰ ਏਨਾ ਜ਼ੋਰ ਨਹੀਂ ਲਾਣਾ ਚਾਹੀਦਾ। ਲਿਆ ਸ਼ਾਹ ਬਲੂਤ ਦਾ ਦਰਖ਼ਤ ਤੈਨੂੰ ਮੈਂ ਵਢ ਦੇਣੀ ਆਂ।"

"ਨਹੀਂ, ਨਹੀਂ," ਉਬੀਰ ਬੁੜਬੁੜਾਈ, "ਮੈਂ ਆਪੇ ਵਢ ਲਵਾਂਗੀ। ਅਲਤੀਨ-ਸਕੇ ਨੂੰ ਮੈਂ ਆਪ ਖਾਣਾ ਚਾਹੁਣੀ ਆਂ।"

"ਤੂੰ ਈ ਖਾਈਂ," ਲੂੰਮੜੀ ਨੇ ਜਵਾਬ ਦਿਤਾ। "ਮੈਂ ਤਾਂ ਸਿਰਫ਼ ਸ਼ਾਹ ਬਲੂਤ ਦਾ ਦਰਖ਼ਤ ਈ ਵੱਢਾਂਗੀ।"

"ਨਹੀਂ!" ਉਬੀਰ ਚਿਲਕੀ। "ਤੈਨੂੰ ਮੈਂ ਆਪਣਾ ਕੁਹਾੜਾ ਨਹੀਂ ਦੇਣਾ। ਇਕ ਹੋਰ ਲੂੰਮੜੀ ਸੀ, ਜਿਨ੍ਹੇ ਮੇਰਾ ਹਥ ਵਟਾਣ ਦਾ ਵਾਇਦਾ ਕੀਤਾ ਸੀ, ਪਰ ਉਹ ਮੈਨੂੰ ਚਾਰ ਗਈ।"

"ਇਸ ਲੂੰਮੜੀ ਦਾ ਰੰਗ ਕੀ ਸੀ?" ਲੂੰਮੜੀ ਨੇ ਪੁਛਿਆ।

"ਲਾਲ।"

"ਬੇਬੇ, ਲਾਲ ਲੂੰਮੜੀਆਂ ਦਾ ਕਦੇ ਵਸਾਹ ਨਾ ਖਾਈਂ," ਲੂੰਮੜੀ ਨੇ ਆਖਿਆ। "ਲਾਲ ਲੂੰਮੜੀਆਂ ਝੂਠੀਆਂ ਹੁੰਦੀਆਂ ਨੇ, ਸਾਰੀਆਂ ਦੀਆਂ ਸਾਰੀਆਂ। ਸਿਰਫ਼ ਸਾਡਾ, ਕਾਲੀਆਂ ਲੂੰਮੜੀਆਂ ਦਾ, ਅਤਬਾਰ ਕਰਨਾ ਚਾਹੀਦੈ।"

ਉਬੀਰ ਨੇ ਤਕਿਆ ਤੇ ਵੇਖਿਆ, ਲੂੰਮੜੀ, ਸਚੀ ਮੁਚੀ ਹੀ, ਕਾਲੇ ਰੰਗ ਵਾਲੀ ਸੀ। ਇਸ ਲਈ ਉਹਨੇ ਲੂੰਮੜੀ ਨੂੰ ਕੁਹਾੜਾ ਦੇ ਦਿਤਾ ਤੇ ਆਪ ਲੇਟ ਗਈ ਤੇ ਇਕਦਮ ਹੀ ਘੁਰਾੜੇ ਮਾਰਨ ਲਗ ਪਈ ਤੇ ਚੰਘਿਆੜੇ ਤੇ ਧੂੰਆਂ ਉਹਦੇ ਮੂੰਹ ਤੇ ਨਕ ਵਿਚੋਂ ਨਿਕਲਣ ਲਗ ਪਿਆ।

ਕਾਲੀ ਲੂੰਮੜੀ ਨੇ ਉਬੀਰ ਦਾ ਕੁਹਾੜਾ ਤੇ ਦੰਦ ਝੀਲ ਵਿਚ ਸੁਟ ਦਿਤਾ, ਛੋਡਿਆਂ ਨੂੰ ਦਰਖ਼ਤ ਵਿਚ ਪਏ ਵੱਢੇ ਵਿਚ ਰਖ ਦਿਤਾ, ਉਹਨਾਂ ਉਤੇ ਥੁਕਿਆ ਤੇ ਉਹਨਾਂ ਨੂੰ ਚਟਿਆ ਤੇ ਹੋਇਆ ਕੀ! ਉਹ ਦਰੱਖ਼ਤ ਨਾਲ ਪੱਕੇ ਜੁੜ ਗਏ ਤੇ ਦਰਖ਼ਤ ਫੇਰ ਸਾਬਤ ਹੋ ਗਿਆ।

ਫੇਰ ਲੂੰਮੜੀ ਨੇ ਅਲਤੀਨ-ਸਕੇ ਨੂੰ ਅਲਵਿਦਾ ਆਖੀ ਤੇ ਭਜ ਗਈ।

ਛੇਤੀ ਹੀ ਪਿਛੋਂ ਉਬੀਰ ਜਾਗ ਪਈ। ਉਹਨੇ ਸ਼ਾਹ ਬਲੂਤ ਦੇ ਦਰਖ਼ਤ ਵਲ ਵੇਖਿਆ ਤੇ ਕੂਕ ਉਠੀ:

"ਕਿਉਂ, ਇਹ ਕੀ ਏ?.. ਸ਼ਾਹ ਬਲੂਤ ਫੇਰ ਸਾਬਤ ਹੋ ਗਿਐ!"

ਉਬੀਰ ਨੇ ਥੁਕ ਸੁੱਟੀ, ਤੇ ਇਕ ਕੁਹਾੜਾ ਆ ਗਿਆ। ਉਹਨੇ ਆਪਣੇ ਮੂੰਹ ਵਿਚੋਂ ਤੀਜਾ ਦੰਦ ਕਢਿਆ ਤੇ ਕੁਹਾੜੇ ਨੂੰ ਲਾਣ ਲਗ ਪਈ, ਤੇ ਜਦੋਂ ਉਹ ਚੰਗਾ ਤੇਜ਼ ਹੋ ਗਿਆ, ਸ਼ਾਹ ਬਲੂਤ ਦੇ ਦਰਖ਼ਤ ਨੂੰ ਫੇਰ ਵੱਢਣ ਲਗ ਪਈ। ਤੇ ਕੰਮੀਂ ਲੱਗੀ ਉਹ ਅਲਤੀਨ-ਸਕੇ ਤੇ ਲੂੰਮੜੀ ਨੂੰ ਸਲਵਾਤਾਂ ਸੁਣਾਂਦੀ ਰਹੀ, ਉਹਨਾਂ ਨੂੰ, ਜਿਹੜੀਆਂ ਵੀ ਉਹਨੂੰ ਸੁਝ ਸਕੀਆਂ, ਭੈੜੀਆਂ ਤੋਂ ਭੈੜੀਆਂ ਗਾਲ੍ਹਾਂ ਕਢਦੀ ਰਹੀ। ਅਖ਼ੀਰ ਸ਼ਾਹ ਬਲੂਤ ਦਾ ਦਰਖ਼ਤ ਅੱਧਾ ਕਟਿਆ ਗਿਆ, ਤੇ ਅਲਤੀਨ-ਸਕੇ ਨੇ ਹੇਠਾਂ ਵੇਖਿਆ ਤੇ ਦਿਲ ਵਿਚ ਸੋਚਣ ਲਗਾ:

"ਉਬੀਰ ਨੇ ਹੁਣ ਮੈਨੂੰ ਫੜ ਲੈਣੈਂ।"

ਚਾਣਚਕ ਹੀ ਇਕ ਚਿੱਟੀ ਲੂੰਮੜੀ ਭੱਜੀ-ਭੱਜੀ ਸ਼ਾਹ ਬਲੂਤ ਦੇ ਦਰਖ਼ਤ ਕੋਲ ਪੁੱਜੀ ਤੇ ਉਬੀਰ ਨੂੰ ਕਹਿਣ ਲਗੀ:

"ਬੇਬੇ, ਲਿਆ ਸ਼ਾਹ ਬਲੂਤ ਦਾ ਦਰਖ਼ਤ ਵੱਢਣ 'ਚ ਤੇਰਾ ਹਥ ਵਟਾਵਾਂ।"

"ਦੂਰ ਹੋ ਜਾ, ਅਜੇ ਜਦੋਂ ਮੌਕਾ ਈ!" ਉਬੀਰ ਚਿਲਕੀ। "ਹੁਣ ਤਕ ਦੋ ਵਾਰੀ ਲੂੰਮੜੀਆਂ ਮੈਨੂੰ ਚਾਰ ਚੁਕੀਆਂ ਨੇ ਤੇ ਭਜ ਗਈਆਂ ਨੇ।"

"ਉਹਨਾਂ ਦਾ ਰੰਗ ਕੀ ਸੀ, ਬੇਬੇ?" ਲੂੰਮੜੀ ਨੇ ਪੁਛਿਆ।

"ਇਕ ਲਾਲ ਸੀ, ਤੇ ਦੂਜੀ ਕਾਲੀ," ਉਬੀਰ ਨੇ ਜਵਾਬ ਦਿਤਾ।

"ਬੇਬੇ, ਲਾਲ ਤੇ ਕਾਲੀਆਂ ਲੂੰਮੜੀਆਂ ਦਾ ਕਦੀ ਵੀ ਵਸਾਹ ਨਹੀਂ ਖਾਣਾ ਚਾਹੀਦਾ," ਲੂੰਮੜੀ ਨੇ ਆਖਿਆ। "ਉਹਨਾਂ ਜਿਹਾ ਵੀ ਝੂਠਾ ਕੋਈ ਹੁੰਦੈ। ਸਿਰਫ਼ ਸਾਡਾ, ਚਿੱਟੀਆਂ ਲੂੰਮੜੀਆਂ ਦਾ, ਅਤਬਾਰ ਕਰਨਾ ਚਾਹੀਦੈ। ਮੈਂ ਨਹੀਂ ਤੈਨੂੰ ਚਾਰਨ ਲਗੀ, ਮੈਂ ਤੇਰਾ ਹਥ ਵਟਾਵਾਂਗੀ।"

ਉਬੀਰ ਨੂੰ ਲੂੰਮੜੀ ਉਤੇ ਅਤਬਾਰ ਆ ਗਿਆ, ਤੇ ਉਹਨੂੰ ਕੁਹਾੜਾ ਫੜਾ ਉਹ ਸੌਂ ਗਈ। ਤੇ ਲੂੰਮੜੀ ਨੇ ਕੁਹਾੜਾ ਤੇ ਉਹ ਦੰਦ, ਜਿਹੜਾ ਉਬੀਰ ਨੇ ਸਾਣ ਬਣਾ ਕੇ ਵਰਤਿਆ ਸੀ, ਝੀਲ ਵਿਚ ਸੁਟ ਦਿਤਾ, ਤੇ ਛੇਤੀ-ਛੇਤੀ ਛੋਡੇ ਇਕੱਠੇ ਕਰ, ਦਰਖ਼ਤ ਵਿਚ ਪਏ ਵੱਢੇ ਵਿਚ ਟਿਕਾ ਦਿਤੇ। ਉਹਨੇ ਉਹਨਾਂ ਉਤੇ ਥੁਕਿਆ ਤੇ ਉਹਨੇ ਉਹਨਾਂ ਨੂੰ ਚਟਿਆ, ਤੇ ਉਹ ਦਰਖ਼ਤ ਨਾਲ ਪੱਕੇ ਜੁੜ ਗਏ।

ਲੂੰਮੜੀ ਨੇ ਅਲਤੀਨ-ਸਕੇ ਨੂੰ ਆਖਿਆ:

"ਅਲਤੀਨ-ਸਕੇ, ਸੁਨਹਿਰੀ ਸੰਖੀ, ਤਿੰਨ ਵਾਰੀ ਮੈਂ ਤੇਰੀ ਮਦਦ ਕੀਤੀ ਏ, ਮੈਂ ਆਪਣੀ ਜਤ ਨੂੰ ਪਹਿਲੋਂ ਕਾਲੀ ਤੇ ਫੇਰ ਚਿੱਟੀ ਮਿੱਟੀ ਨਾਲ ਲਬੇੜਿਆ, ਇਸ ਲਈ ਕਿ ਉਬੀਰ ਮੈਨੂੰ ਪਛਾਣ ਨਾ ਸਕੇ। ਮੈਂ ਤੇਰੇ ਲਈ ਹੋਰ ਕੁਝ ਨਹੀਂ ਕਰ ਸਕਦੀ।"

ਤੇ ਉਹਨੂੰ ਅਲਵਿਦਾ ਆਖ, ਉਹ ਭਜ ਗਈ।

ਛੇਤੀ ਹੀ ਪਿਛੋਂ ਉਬੀਰ ਜਾਗ ਪਈ।

"ਕੀ ਵੇਖਦੀ ਪਈ ਹਾਂ ਮੈਂ?" ਉਹ ਕੂਕੀ। "ਇੰਜ ਲਗਦੈ, ਜਿਵੇਂ ਮੈਂ ਦਰਖ਼ਤ ਨੂੰ ਹਥ ਈ ਨਾ ਲਾਇਆ ਹੋਵੇ।"

ਉਹਨੇ ਥੁਕ ਸੁੱਟੀ, ਤੇ ਇਕ ਕੁਹਾੜਾ ਆ ਗਿਆ। ਉਹਨੇ ਆਪਣਾ ਅਖ਼ੀਰੀ ਦੰਦ ਪੁਟਿਆ ਤੇ ਕੁਹਾੜੇ ਨੂੰ ਲਾਣ ਲਗ ਪਈ, ਤੇ ਜਦੋਂ ਉਹ ਤੇਜ਼ ਹੋ ਗਿਆ, ਸ਼ਾਹ ਬਲੂਤ ਦੇ ਦਰਖ਼ਤ ਨੂੰ ਵੱਢਣ ਲਗ ਪਈ, ਆਪਣੇ ਕੰਮ ਲਗੀ ਇਹ ਬੁੜਬੁੜਾਂਦੀ ਗਈ:

"ਹੁਣ ਮੈਂ ਹੋਰ ਕਿਸੇ ਤੋਂ ਮਦਦ ਨਹੀਂ ਲੈਣੀ! ਮੈਂ 'ਕੱਲਿਆਂ ਈ ਸਾਰ ਲਾਂਗੀ।"

ਛੋਡੇ ਸਭਨਾਂ ਪਾਸੀਂ ਉਡੱਣ ਲਗ ਪਏ, ਤੇ ਸ਼ਾਹ ਬਲੂਤ ਝੂਲਣ ਤੇ ਕਿੜ-ਕਿੜ ਕਰਨ ਲਗ ਪਿਆ ਤੇ ਇੰਜ ਜਾਪਣ ਲਗਾ ਜਿਵੇਂ ਢਹਿ ਪਵੇਗਾ।

ਅਲਤੀਨ-ਸਕਾ ਉਥੇ ਬੈਠਾ ਸੀ, ਤੇ ਉਹਨੂੰ ਦਿਸ ਰਿਹਾ ਸੀ ਕਿ ਉਬੀਰ ਉਹਨੂੰ ਹੁਣ ਸਚੀ ਮੁਚੀ ਹੀ ਕਾਬੂ ਕਰ ਲਵੇਗੀ।

"ਹੁਣ ਕਰਾਂ ਤੇ ਕੀ ਕਰਾਂ?" ਉਹਨੇ ਆਪਣੇ ਤੋਂ ਪੁਛਿਆ।

ਚਾਣਚਕ ਹੀ ਇਕ ਕੋਗੜ-ਕਾਂ ਉਡਦਾ ਆ ਨਿਕਲਿਆ ਤੇ ਸ਼ਾਹ ਬਲੂਤ ਦੇ ਦਰਖ਼ਤ ਦੀ ਟੀਸੀ ਉਤੇ ਆ ਬੈਠਾ।

"ਗਲ ਸੁਣ, ਕੋਗੜ-ਕਾਵਾਂ, ਗਲ ਸੁਣ, ਮੇਰੇ ਚੰਗੇ ਦੋਸਤਾ!" ਅਲਤੀਨ-ਸਕੇ ਨੇ ਮਿੰਨਤ ਕੀਤੀ। "ਤੂੰ ਹਰ ਥਾਂ ਉਡ ਪਹੁੰਚਣੈਂ ਤੇ ਤੂੰ ਹਰ ਥਾਂ ਜਾਣੈਂ। ਉਡ ਕੇ ਸਾਡੇ ਨਵੇਂ ਡੇਰੇ 'ਤੇ ਜਾ, ਮੇਰੇ ਦੋਵਾਂ ਕੁਤਿਆਂ, ਅਕੂਲਾਕ ਤੇ ਅਕਤੀਰਨਾਕ, ਨੂੰ ਲਭ ਲੈ, ਤੇ ਉਹਨਾਂ ਨੂੰ ਆਖ ਛੇਤੀ ਨਾਲ ਆ ਜਾਣ, ਮੈਨੂੰ ਉਹਨਾਂ ਦੀ ਮਦਦ ਚਾਹੀਦੀ ਏ।"

"ਮੈਂ ਨਹੀਂ ਜਾਣ ਲਗਾ!" ਕੋਗੜ-ਕਾਂ ਨੇ ਜਵਾਬ ਦਿਤਾ। "ਉਮੀਦ ਏ, ਉਬੀਰ ਤੈਨੂੰ ਫੜ ਲਏਗੀ, ਤੇ ਫੇਰ ਮੈਨੂੰ ਵੀ ਸ਼ਿਕਾਰ ਦਾ ਹਿੱਸਾ ਮਿਲ ਜਾਏਗਾ।"

ਤੇ ਇਕ ਟਹਿਣੀ ਉਤੇ ਆਰਾਮ ਨਾਲ ਬਹਿ ਉਹ ਉਡੀਕਣ ਲਈ ਟਿਕ ਗਿਆ।

ਅਲਤੀਨ-ਸਕਾ ਨੇ ਚੌਹਾਂ ਪਾਸੇ ਇਹ ਵੇਖਣ ਲਈ ਨਜ਼ਰ ਮਾਰੀ, ਕਿਸੇ ਪਾਸਿਉਂ ਮਦਦ ਦੀ ਉਮੀਦ ਹੋ ਸਕਦੀ ਸੀ ਕਿ ਨਹੀਂ। ਐਨ ਓਸੇ ਵੇਲੇ ਇਕ ਮੈਗਪਾਈ ਉਡਦੀ ਆ ਨਿਕਲੀ।

ਅਲਤੀਨ-ਸਕੇ ਨੇ ਆਖਿਆ:

"ਗਲ ਸੁਣ, ਮੈਗਪਾਈਏ, ਗਲ ਸੁਣ, ਮੇਰੀਏ ਚੰਗੀਏ ਦੋਸਤੇ। ਤੂੰ ਹਰ ਥਾਂ ਉਡ ਪਹੁੰਚਣੀਂ ਏਂ ਤੇ ਤੂੰ ਹਰ ਥਾਂ ਜਾਣੀ ਏਂ। ਉਡ ਕੇ ਸਾਡੇ ਨਵੇਂ ਡੇਰੇ 'ਤੇ ਜਾ ਤੇ ਮੇਰੇ ਕੁਤਿਆਂ, ਅਕੂਲਾਕ ਤੇ ਅਕਤੀਰਨਾਕ, ਨੂੰ ਆਖ, ਛੇਤੀ ਨਾਲ ਆ ਜਾਣ, ਮੈਨੂੰ ਉਹਨਾਂ ਦੀ ਮਦਦ ਚਾਹੀਦੀ ਏ।"

"ਮੈਂ ਨਹੀਂ ਜਾਣ ਲਗੀ!" ਮੈਗਪਾਈ ਨੇ ਜਵਾਬ ਦਿਤਾ। "ਮੈਂ ਚਾਹੁਣੀ ਆਂ, ਉਬੀਰ ਤੈਨੂੰ ਕਾਬੂ ਕਰ ਲਏ, ਤੇ ਫੇਰ ਥੋੜ੍ਹਾ ਬਹੁਤਾ ਸ਼ਿਕਾਰ ਮੇਰੇ ਹਥ ਵੀ ਜ਼ਰੂਰ ਲਗ ਜਾਵੇਗਾ।"

ਅਲਤੀਨ-ਸਕਾ ਬਹੁਤ ਹੀ ਉਦਾਸ ਤੇ ਨਿਮੋਝੂਣਾ ਹੋ ਗਿਆ।

"ਮੇਰਾ ਅਖ਼ੀਰ ਆ ਗਿਐ," ਉਹ ਸੋਚਣ ਲਗਾ।

ਚਾਣਚਕ ਹੀ ਚਿੜੀਆਂ ਦੀ ਇਕ ਡਾਰ ਆ ਨਿਕਲੀ, ਉਹ ਐਨ ਉਹਦੇ ਸਿਰ ਉਤੋਂ ਉਡ ਰਹੀ ਸੀ।

ਅਲਤੀਨ-ਸਕੇ ਨੇ ਆਖਿਆ:

"ਗਲ ਸੁਣੋ, ਚਿੱਟਿਓ ਚਿੜੀਓ, ਗਲ ਸੁਣੋ, ਮੇਰੀਓ ਚੰਗੀਉ ਦੋਸਤੋ! ਉਡ ਕੇ ਸਾਡੇ ਨਵੇਂ ਡੇਰੇ 'ਤੇ ਜਾਓ, ਮੇਰੇ ਕੁਤਿਆਂ, ਅਕੂਲਾਕ ਤੇ ਅਕਤੀਰਨਾਕ, ਨੂੰ ਲਭ ਲੌ ਤੇ ਉਹਨਾਂ ਨੂੰ ਆਖੋ, ਬੁੱਢੀ ਜਾਦੂਗਰਨੀ ਉਬੀਰ ਉਹਨਾਂ ਦੇ ਮਾਲਕ ਨੂੰ ਖਾ ਜਾਣਾ ਚਾਹੁੰਦੀ ਏ।"

"ਲਭ ਲਵਾਂਗੀਆਂ ਨੇ! ਲਭ ਲਵਾਂਗੀਆਂ ਨੇ! ਦਸ ਦਿਆਂਗੀਆਂ ਨੇ! ਦਸ ਦਿਆਂਗੀਆਂ ਨੇ!" ਚਿੜੀਆਂ ਚੂਕੀਆਂ ਤੇ ਉਹ ਤੇਜ਼-ਤੇਜ਼ ਅਲਤੀਨ-ਸਕੇ ਦੇ ਡੇਰੇ ਵਲ ਉਡ ਪਈਆਂ।

ਉਹ ਡੇਰੇ ਵਿਚ ਆਈਆਂ ਤੇ ਉਹਨਾਂ ਵੇਖਿਆ, ਅਲਤੀਨ-ਸਕੇ ਦੇ ਦੋਵੇਂ ਕੁੱਤੇ ਘੂਕ ਸੁੱਤੇ ਹੋਏ ਸਨ। ਉਹ ਆਪਣੇ ਮਾਲਕ ਦੀ ਭਾਲ ਵਿਚ ਨਠਦੇ ਫਿਰੇ ਸਨ ਤੇ ਏਨੇ ਥਕ ਗਏ ਹੋਏ ਸਨ ਕਿ ਹੁਣ ਮੂਧੇ ਹੋਏ ਪਏ ਸਨ। ਚਿੜੀਆਂ ਉਹਨਾਂ ਨੂੰ ਜਗਾਣ ਦੀ ਕੋਸ਼ਿਸ਼ ਕਰਦੀਆਂ ਉਹਨਾਂ ਦੇ ਕੰਨਾਂ ਉਤੇ ਚੁੰਝਾਂ ਮਾਰਨ ਲਗੀਆਂ; ਫੇਰ ਉਹਨਾਂ ਉਚੀ ਸਾਰੀ ਚੂੰ-ਚੂੰ ਤੇ ਫੜ-ਫੜ ਸ਼ੁਰੂ ਕਰ ਦਿਤੀ।

"ਚਲ, ਅਕੂਲਾਕ, ਚਲ, ਅਕਤੀਰਨਾਕ," ਉਹ ਚੂਕੀਆਂ। "ਛੇਤੀ ਕਰੋ ਤੇ ਭਜ ਕੇ ਸ਼ਾਹ ਬਲੂਤ ਦੇ ਓਸ ਵਡੇ ਸਾਰੇ ਦਰਖ਼ਤ ਕੋਲ ਪਹੁੰਚੋ, ਜਿਹੜਾ ਝੀਲ ਕੋਲ ਉਗਿਆ ਹੋਇਐ ਤੇ ਆਪਣੇ ਮਾਲਕ ਨੂੰ ਬਚਾਓ। ਉਬੀਰ ਉਹਨੂੰ ਖਾ ਜਾਣਾ ਚਾਹੁੰਦੀ ਜੇ।"

ਅਕੂਲਾਕ ਤੇ ਅਕਤੀਰਨਾਕ ਤ੍ਰੱਭਕ ਪਏ ਤੇ ਤੇਜ਼ੀ ਨਾਲ ਝੀਲ ਵਲ ਨੂੰ ਹੋ ਪਏ।

ਚਿੜੀਆਂ ਰਾਹ ਉਤੇ ਉਡਦੀਆਂ ਗਈਆਂ ਤੇ ਕੁੱਤੇ, ਭਜਦਿਆਂ ਭਜਦਿਆਂ ਧੂੜ ਦੇ ਬੱਦਲ ਉਡਾਂਦੇ, ਉਹਨਾਂ ਦੇ ਪਿਛੇ-ਪਿਛੇ ਹੋ ਪਏ।

ਉਬੀਰ ਨੇ ਧੂੜ ਵੇਖੀ, ਤੇ ਉਹ ਅਲਤੀਨ-ਸਕੇ ਨੂੰ ਕਹਿਣ ਲਗੀ:

"ਵੇਖ, ਅਲਤੀਨ-ਸਕੇ, ਸੁਨਹਿਰੀ ਸੰਖੀ, ਵੇਖ! ਸੜਕ 'ਤੇ ਉਹ ਧੂੜ ਦੇ ਬੱਦਲ ਕੀ ਨੇ?"

"ਉਹ ਮੇਰੇ ਲਈ ਖੁਸ਼ੀ ਲਿਆ ਰਹੇ ਨੇ ਤੇ ਤੇਰੇ ਲਈ ਦੁਖ!" ਅਲਤੀਨ-ਸਕੇ ਨੇ ਜਵਾਬ ਦਿਤਾ।

ਉਬੀਰ ਨੇ ਕੁਤਿਆਂ ਦੀ ਪੈਰਾਂ ਦੀ ਆਵਾਜ਼ ਸੁਣੀ, ਤੇ ਪੁੱਛਣ ਲਗੀ:

"ਸੁਣਦਾ ਪਿਆ ਏਂ, ਅਲਤੀਨ-ਸਕੇ, ਸੁਨਹਿਰੀ ਸੰਖੀ, ਇਹ ਗੜ-ਗੜ ਕਿਉਂ ਹੋ ਰਹੀ ਏ?"

"ਇਹ ਮੇਰੇ ਲਈ ਖੁਸ਼ੀ ਲਿਆ ਰਹੀ ਏ ਤੇ ਤੇਰੇ ਲਈ ਦੁਖ!" ਅਲਤੀਨ-ਸਕੇ ਨੇ ਜਵਾਬ ਦਿਤਾ।

ਐਨ ਓਸ ਵੇਲੇ ਅਕੂਲਾਕ ਤੇ ਅਕਤੀਰਨਾਕ ਭਜਦੇ ਆ ਪਹੁੰਚੇ। ਉਹ ਉਬੀਰ ਪਿਛੇ ਪੈ ਗਏ ਤੇ ਉਹਨੂੰ ਵੱਢਣ ਤੇ ਟੁੱਕਣ ਲਗ ਪਏ।

ਉਬੀਰ ਡਰ ਗਈ, ਉਹਨੇ ਕੁਹਾੜਾ ਝੀਲ ਵਿਚ ਸੁਟ ਦਿਤਾ ਤੇ ਉਹਦੇ ਮਗਰ ਆਪ ਵੀ ਕੁਦ ਪਈ।

ਕੁਤਿਆਂ ਨੇ ਅਲਤੀਨ-ਸਕੇ ਨੂੰ ਆਖਿਆ:

"ਅਸੀਂ ਉਬੀਰ ਮਗਰ ਟੁੱਬੀ ਮਾਰਨ ਲਗੇ ਹਾਂ, ਤੇ ਤੂੰ ਏਥੇ ਠਹਿਰ ਤੇ ਪਾਣੀ ਵੇਖਦਾ ਰਹੀਂ। ਜੇ ਅਸੀਂ ਉਬੀਰ ਨੂੰ ਮਾਰ ਲਿਆ, ਤਾਂ ਝੀਲ ਦਾ ਪਾਣੀ ਕਾਲਾ ਹੋ ਜਾਏਗਾ; ਜੇ ਉਬੀਰ ਨੇ ਸਾਨੂੰ ਮਾਰ ਲਿਆ, ਤਾਂ ਇਹ ਲਾਲ ਹੋ ਜਾਏਗਾ।"

ਤੇ ਇਹ ਕਹਿ ਉਹ ਟੁੱਬੀ ਮਾਰ ਗਏ। ਝੀਲ ਦਾ ਪਾਣੀ ਉਬਲਣ ਤੇ ਖੌਲਣ ਲਗ ਪਿਆ।

ਅਲਤੀਨ-ਸਕੇ ਨੇ ਵੇਖਿਆ, ਤੇ ਤਕਿਆ, ਉਹ ਲਾਲ ਹੁੰਦਾ ਜਾ ਰਿਹਾ ਸੀ।

"ਉਬੀਰ ਨੇ ਮੇਰੇ ਕੁੱਤੇ ਮਾਰ ਦਿਤੇ ਨੇ!" ਉਹਨੇ ਦਿਲ ਵਿਚ ਸੋਚਿਆ।

ਉਹਨੇ ਫੇਰ ਵੇਖਿਆ ਤੇ ਉਹਨੂੰ ਕੀ ਦਿਸਿਆ! ਪਾਣੀ ਹੁਣ ਕਾਲਾ ਹੋ ਗਿਆ ਸੀ!

ਅਲਤੀਨ-ਸਕੇ ਦੀ ਖੁਸ਼ੀ ਦੀ ਹਦ ਨਾ ਰਹੀ। ਉਹ ਖੁਸ਼ੀ ਨਾਲ ਹੱਸਣ ਲਗ ਪਿਆ ਤੇ ਸ਼ਾਹ ਬਲੂਤ ਦੇ ਦਰਖ਼ਤ ਤੋਂ ਉਤਰ ਆਇਆ, ਤੇ ਅਕੂਲਾਕ ਤੇ ਅਕਤੀਰਨਾਕ ਪਾਣੀ ਵਿਚੋਂ ਨਿਕਲ ਆਏ ਤੇ ਆਪਣੇ ਆਪ ਨੂੰ ਛੰਡਣ ਲਗ ਪਏ।

"ਝੀਲ ਦਾ ਪਾਣੀ ਪਹਿਲੋਂ ਲਾਲ ਕਿਉਂ ਹੋ ਗਿਆ ਸੀ?" ਅਲਤੀਨ-ਸਕੇ ਨੇ ਪੁਛਿਆ।

ਅਕਤੀਰਨਾਕ ਨੇ ਆਖਿਆ:

"ਇਸ ਲਈ ਕਿ ਉਬੀਰ ਸਾਡੇ 'ਤੇ ਭਾਰੂ ਹੋ ਰਹੀ ਸੀ ਤੇ ਏਥੋਂ ਤਕ ਕਿ ਉਹਨੇ ਮੇਰਾ ਇਕ ਕੰਨ ਵੀ ਚੱਬ ਖਾਧਾ। ਪਰ ਛੇਤੀ ਈ ਅਸੀਂ ਉਹਦਾ ਕੰਮ ਤਮਾਮ ਕਰ ਦਿਤਾ।"

ਕੁਤਿਆਂ ਦੇ ਪਿਛੇ-ਪਿਛੇ ਘੋੜਾ ਵੀ ਝੀਲ ਵਿਚੋਂ ਬਾਹਰ ਨਿਕਲ ਆਇਆ।

"ਆ, ਅਲਤੀਨ-ਸਕੇ, ਸੁਨਹਿਰੀ ਸੰਖੀ," ਉਹਨੇ ਆਖਿਆ, "ਮੇਰੀ ਪਿਠ 'ਤੇ ਚੜ੍ਹ ਬਹਿ, ਤੇ ਮੈਂ ਤੈਨੂੰ ਘਰ ਲੈ ਜਾਨਾਂ।"

ਤੇ ਅਲਤੀਨ-ਸਕਾ ਆਪਣੇ ਡੇਰੇ ਸਹੀ-ਸਲਾਮਤ ਪਹੁੰਚ ਗਿਆ। ਉਹਦੇ ਮਾਂ ਪਿਓ ਬਹੁਤ ਖੁਸ਼ ਹੋਏ ਤੇ ਉਨ੍ਹਾਂ ਬਹੁਤ ਵਡੀ ਜ਼ਿਆਫ਼ਤ ਕੀਤੀ, ਤੇ ਆਪਣੇ ਸਭਨਾਂ ਸਾਕਾਂ-ਸੰਬੰਧੀਆਂ, ਤੇ ਆਪਣੇ ਸਾਰੇ ਦੋਸਤਾਂ ਤੇ ਵਾਕਫ਼ਾਂ ਨੂੰ ਸਦਿਆ। ਨੌਂ ਦਿਨ ਉਹ ਖਾਂਦੇ ਰਹੇ ਤੇ ਨੌਂ ਦਿਨ ਉਹ ਪੀਂਦੇ ਰਹੇ, ਤੇ ਪੂਰੇ ਨੌਂ ਦਿਨ ਉਹ ਰੰਗ-ਰਲੀਆਂ ਮਨਾਂਦੇ ਰਹੇ।

# ਜ਼ਾਰਕਿਨ ਖਾਨ ਤੇ ਤੀਰਅੰਦਾਜ਼

**ਕਲਮੀਕ ਪਰੀ-ਕਹਾਣੀ**



ਪਹਿਲੀਆਂ ਵੇਲੇ, ਜ਼ਾਰਕਿਨ ਖਾ ਦੀ ਸਲਤਨਤ ਵਿਚ ਇਕ ਤੀਰਅੰਦਾਜ਼ ਹੁੰਦਾ ਸੀ, ਜਿਹੜਾ ਬਹਾਦਰ, ਸੁਹਣਾ ਤੇ ਤਕੜਾ ਸੀ। ਇਕ ਦਿਨ ਉਹ ਜੰਗਲੀ ਮੁਰਗ਼ਾਬੀਆਂ ਦਾ ਸ਼ਿਕਾਰ ਕਰਨ ਲਈ ਇਕ ਝੀਲ ਦੇ ਕੰਢੇ ਗਿਆ, ਤੇ ਉਹਨੂੰ ਸੁਨਹਿਰੀ ਕਲਗ਼ੀਆਂ ਵਾਲੇ ਤਿੰਨ ਹੰਸ ਦਿੱਸੇ। ਤੀਰਅੰਦਾਜ਼ ਇਕਦਮ ਜ਼ਮੀਨ ਉਤੇ ਪੈ ਗਿਆ, ਆਪਨਾ ਆਪ ਉਹਨੇ ਸਰੂਟਾਂ ਵਿਚ ਲੁਕਾ ਲਿਆ ਤੇ ਉਡੀਕਣ ਲਗਾ।

ਸੁਨਹਿਰੀ ਕਲਗ਼ੀਆਂ ਵਾਲੇ ਤਿੰਨੇ ਹੰਸ ਉਡਦੇ-ਉਡਦੇ ਕੰਢੇ ਉਤੇ ਆ ਗਏ, ਉਹਨਾਂ ਆਪਨੇ ਖੰਭ ਲਾਹ ਲਏ ਤੇ ਤਿੰਨ ਸੁਹਣੀਆਂ ਮੁਟਿਆਰਾਂ ਬਣ ਗਏ; ਮੁਟਿਆਰਾਂ ਨਹਾਉਣ ਲਈ ਪਾਨੀ ਵਿਚ ਵੜ ਗਈਆਂ।

ਤੀਰਅੰਦਾਜ਼ ਰੀਂਗਦਾ-ਰੀਂਗਦਾ ਨੇੜੇ ਆ ਗਿਆ, ਉਹਨੇ ਇਕ ਹੰਸ ਦੇ ਲਾਹੇ ਹੋਏ ਖੰਭ ਚੁਕ ਲਏ ਤੇ ਆਪਨਾ ਆਪ ਉਹਨੇ ਫੇਰ ਸਰੂਟਾਂ ਵਿਚ ਲੁਕਾ ਲਿਆ।

ਹੰਸ-ਮੁਟਿਆਰਾਂ ਨੇ ਨਹਾ ਲਿਆ, ਉਹ ਪਾਨੀ ਵਿਚੋਂ ਬਾਹਰ ਆ ਗਈਆਂ ਤੇ ਉਹਨਾਂ ਵਿਚੋਂ ਦੋਵਾਂ ਨੇ ਇਕਦਮ ਹੀ ਆਪਣੇ ਖੰਭ ਪਾ ਲਏ, ਪਰ ਤੀਜੀ ਨੂੰ ਆਪਨੇ ਖੰਭ ਨਾ ਲੱਭੇ। ਦੋ ਹੰਸ ਉਪਰ ਹਵਾ ਵਿਚ ਉਡ ਪਏ ਤੇ ਆਪਨੀ ਭੈਣ ਦੇ ਖੰਭ ਲੱਭਣ ਲਗ ਪਏ, ਪਰ ਉਹ ਉਹਨਾਂ ਨੂੰ ਕਿਤੇ ਵੀ ਨਾ ਦਿੱਸੇ।

"ਇੰਜ ਈ ਲਿਖਿਆ ਹੋਇਆ ਸੀ, ਭੈਣੇ!" ਉਹ ਕੂਕੇ ਤੇ ਉਡ ਗਏ।

ਹੰਸ-ਮੁਟਿਆਰ ਇੱਕਲੀ ਰਹਿ ਗਈ, ਉਹ ਆਪਨੇ ਖੰਭ ਲਭਦੀ ਤੇ ਅੰਨ੍ਹੇ ਵਾਹ ਹੰਝੂ ਕੇਰਦੀ, ਕੰਢੇ 'ਤੇ ਏਧਰ-ਓਧਰ ਭੱਜਣ ਲਗ ਪਈ।

"ਜੇ, ਜਿਹੜਾ ਮੇਰੇ ਖੰਭ ਲਭ ਲੈਂਦੈ ਤੇ ਮੈਨੂੰ ਮੋੜ ਦੇਂਦੈ, ਗ਼ਰੀਬ ਹੋਇਆ," ਉਹ ਕਹਿਣ ਲਗੀ, "ਮੈਂ ਉਹਨੂੰ ਅਮੀਰ ਬਣਾ ਦਿਆਂਗੀ। ਜੇ ਉਹ ਕੋਝਾ ਹੋਇਆ, ਮੈਂ ਉਹਨੂੰ ਸੁਹਣਾ ਬਣਾ ਦਿਆਂਗੀ। ਮੈਂ ਉਹਨੂੰ ਦੇ ਦਿਆਂਗੀ ਜੁ ਚੀਜ਼ ਵੀ ਉਹਨੇ ਮੰਗੀ... ਹਾਂ, ਮੈਂ ਉਹਦੀ ਹਰ ਖਾਹਸ਼ ਪੂਰੀ ਕਰ ਦਿਆਂਗੀ!"

ਕੰਢੇ ਉਤੇ ਏਧਰ-ਓਧਰ ਭਜਦੀ, ਡਾਢੀ ਡੁਸਕਦੀ, ਉਹ ਇੰਜ ਬੋਲਦੀ ਗਈ।

ਫੇਰ ਤੀਰਅੰਦਾਜ਼ ਸਰੂਟਾਂ ਦੇ ਝੁੰਡ ਪਿਛੋਂ ਨਿਕਲ ਆਇਆ ਤੇ ਕਹਿਣ ਲਗਾ:

"ਹੰਸ-ਮੁਟਿਆਰੇ, ਦੁਖੀ ਨਾ ਹੋ, ਮੇਰੇ ਵਲ ਆ। ਤੇਰੇ ਖੰਭ ਮੇਰੇ ਕੋਲ ਨੇ।"

ਆਪਣੇ ਖੰਭ ਸੁਹਣੇ ਤੀਰਅੰਦਾਜ਼ ਦੇ ਹੱਥਾਂ ਵਿਚ ਵੇਖ, ਹੰਸ-ਮੁਟਿਆਰ ਨੂੰ ਖੁਸ਼ੀ ਚੜ੍ਹ ਗਈ ਤੇ ਉਹ ਸੰਗਦੀ-ਸੰਗਦੀ ਉਹਦੇ ਕੋਲ ਆਈ।

"ਮੇਰਿਆ ਭਰਾਵਾ," ਉਹ ਕਹਿਣ ਲਗੀ, "ਤੂੰ ਨੇਕ ਕੰਮ ਕੀਤੈ, ਮੇਰੇ ਖੰਭ ਲਭ ਕੇ। ਹੁਣ ਇਕ ਨੇਕ ਕੰਮ ਹੋਰ ਕਰ, ਤੇ ਉਹ ਮੈਨੂੰ ਮੋੜ ਦੇ। ਬਦਲੇ 'ਚ, ਤੈਨੂੰ ਜੁ ਕੁਝ ਵੀ ਚਾਹੀਦਾ ਹੋਵੇਗਾ, ਮਿਲ ਜਾਇਗਾ, ਮੈਂ ਤੇਰੀ ਹਰ ਖਾਹਸ਼ ਪੂਰੀ ਕਰਾਂਗੀ।"

"ਮੈਨੂੰ ਤੇਰੀ ਆਪਣੀ ਪਿਆਰੀ ਕਾਇਆ ਤੋਂ ਸਿਵਾ ਹੋਰ ਕੁਝ ਨਹੀਂ ਚਾਹੀਦਾ," ਤੀਰਅੰਦਾਜ਼ ਨੇ ਜਵਾਬ ਦਿਤਾ। "ਮੇਰੇ ਨਾਲ ਵਿਆਹ ਕਰਾਏਂਗੀ?"

ਹੰਸ-ਮੁਟਿਆਰ ਨੇ ਤੀਰਅੰਦਾਜ਼ ਵਲ ਤਕਿਆ ਤੇ ਉਹਨੂੰ ਏਡਾ ਜਵਾਨ, ਉੱਚਾ-ਲੰਮਾ ਤੇ ਸੁਨੱਖਾ ਵੇਖ, ਹੌਲੇ ਜਿਹੇ ਆਖਿਆ:

"ਆਹਖੋ।"

ਫੇਰ ਤੀਰਅੰਦਾਜ਼ ਨੇ ਉਹਦਾ ਹਥ ਫੜ ਲਿਆ, ਉਹਨੂੰ ਆਪਣੇ ਟਪਰੀਵਾਸਾਂ ਦੇ ਡੇਰੇ ਲੈ ਗਿਆ, ਜਿਥੇ ਉਹ ਰਹਿੰਦਾ ਸੀ, ਤੇ ਉਹਦੇ ਨਾਲ ਉਹਨੇ ਵਿਆਹ ਕਰਾ ਲਿਆ। ਘਰ ਵਾਸਤੇ ਉਹਨਾਂ ਕੋਲ ਤੀਰਅੰਦਾਜ਼ ਦਾ 'ਕੀਬੀਤਕਾ' ਹੀ ਸੀ, ਉਹਦਾ ਨਿਗੂਣਾ ਜਿਹਾ ਖ਼ੇਮਾ, ਪਰ ਉਹ ਇਕ ਦੂਜੇ ਨੂੰ ਬਹੁਤ ਹੀ ਪਿਆਰ ਕਰਦੇ ਸਨ, ਤੇ ਉਹਨਾਂ ਤੋਂ ਇਕ ਪਲ ਲਈ ਵੀ ਇਕ ਦੂਜੇ ਦੀਆਂ ਅੱਖਾਂ ਤੋਂ ਓਹਲੇ ਜਾਂ ਇਕ ਦੂਜੇ ਤੋਂ ਵਖ ਨਹੀਂ ਸੀ ਹੋਇਆ ਜਾਂਦਾ।

ਕੁਝ ਸਮਾਂ ਲੰਘ ਗਿਆ, ਤੇ ਜ਼ਾਰਕਿਨ ਖਾਨ ਨੇ ਸੁਣਿਆ, ਉਹਦੇ ਤੀਰਅੰਦਾਜ਼ ਨੇ ਇਕ ਟਾਵੇਂ ਹੀ ਲੱਭਦੇ ਤੇ ਅੱਖਾਂ-ਚੁੰਧਿਆਵੇਂ ਹੁਸਨ ਵਾਲੀ ਔਰਤ ਨਾਲ ਵਿਆਹ ਕਰਾਇਆ ਏ। ਖਾਨ ਇਹ ਪਤਾ ਕਰਨਾ ਚਾਹੁੰਦਾ ਸੀ, ਇਹ ਸਚ ਸੀ ਜਾਂ ਨਹੀਂ, ਤੇ ਉਹ ਆਪ ਤੀਰਅੰਦਾਜ਼ ਦੇ ਖ਼ੇਮੇ ਵਿਚ ਪਹੁੰਚਿਆ ਤੇ ਵੇਖ ਕੇ ਹੈਰਾਨ ਰਹਿ ਗਿਆ। ਉਹਨਾਂ ਨੇ, ਜਿਨ੍ਹਾਂ ਤੀਰਅੰਦਾਜ਼ ਦੀ ਵਹੁਟੀ ਦੀ ਗਲ ਕੀਤੀ ਸੀ, ਵਧਾਅ-ਚੜ੍ਹਾਅ ਤੋਂ ਕੰਮ ਨਹੀਂ ਸੀ ਲਿਆ: ਉਹਨੇ ਏਡਾ ਸੁਹਣਾ ਕਦੀ ਕੋਈ ਵੇਖਿਆ ਹੀ ਨਹੀਂ ਸੀ। ਉਹ ਏਡੀ ਸੁਹਣੀ ਸੀ, ਜਿੱਡੀ ਸੂਰਜ ਦੀ ਧੀ। ਉਹਦੇ ਵਲ ਵੇਖ-ਵੇਖ ਕਿਸੇ ਦੀਆਂ ਅੱਖਾਂ ਨਹੀਂ ਸਨ ਥਕ ਸਕਦੀਆਂ, ਨਾ ਹੀ ਉਹਦੀ ਸਲਤਨਤ ਵਿਚੋਂ ਕੋਈ ਹੋਰ ਉਹਦੇ ਸਾਹਮਣੇ ਰਖੀ ਜਾ ਸਕਦੀ ਸੀ।

ਹੰਸ-ਮੁਟਿਆਰ ਦੇ ਹੁਸਨ ਨਾਲ ਅੱਖਾਂ ਰਜਾ, ਜ਼ਾਰਕਿਨ ਖਾਨ ਆਪਣੇ ਮਹਿਲ ਵਿਚ ਵਾਪਸ ਆਇਆ ਤੇ ਉਹਨੇ ਇਕਦਮ ਹੀ ਆਪਣੇ 'ਦਰਖਾਨ', ਆਪਣੇ ਵਜ਼ੀਰ ਤੇ ਸਲਾਹਕਾਰ, ਸਦ ਘਲੇ, ਉਹਨਾਂ ਨੂੰ ਸਭ ਤੋਂ ਵਧੀਆਂ ਕੁਝ ਖੁਆਇਆ-ਪਿਆਇਆ, ਤੇ ਫੇਰ ਕਹਿਣ ਲਗਾ:

"ਸੁਣੋ ਮੇਰੇ 'ਦਰਖਾਨੋ', ਮੈਂ ਤੁਹਾਡੇ ਤੋਂ, ਜਿਨ੍ਹਾਂ ਨੂੰ ਮੈਂ ਆਪਣੀ ਜਾਨ ਜਿੰਨਾ ਅਜ਼ੀਜ਼ ਸਮਝਨਾਂ, ਸਲਾਹ ਮੰਗਨਾਂ।"

"ਸਲਾਹ ਅਸੀਂ ਦਿਆਂਗੇ, ਖਾਨਾਂ!" 'ਦਰਖਾਨਾਂ' ਨੇ ਇਕ ਆਵਾਜ਼ ਨਾਲ ਜਵਾਬ ਦਿਤਾ।

ਜ਼ਾਰਕਿਨ ਖਾਨ ਨੇ ਆਖਿਆ:

''ਮੇਰੇ ਇਕ ਤੀਰਅੰਦਾਜ਼ ਕੋਲ ਵਹੁਟੀ ਏ, ਜਿਹਦੇ ਜਿਹਾ ਹੁਸਨ ਕਿਸੇ ਕਦੀ ਧਰਤੀ 'ਤੇ ਨਹੀਂ ਵੇਖਿਆ। ਉਹਦਾ ਸਾਨੀ ਨਹੀਂ ਲਭ ਸਕਦਾ; ਉਹਦੇ ਜਿਹੀ ਕੋਈ ਹੋਰ ਨਹੀਂ ਲੱਭੀ ਜਾ ਸਕਦੀ: ਸਭੋ ਮਾਤ ਨੇ ਉਹਦੇ ਅਗੇ।''

ਤੇ ਜ਼ਾਰਕਿਨ ਖਾਨ ਤੀਰਅੰਦਾਜ਼ ਦੀ ਜਵਾਨ ਵਹੁਟੀ ਦੇ ਮਾਨ-ਮੱਤੇ ਕਦ-ਬੁਤ ਤੇ ਸੁਹਣੇ ਨਕਸ਼ਾਂ ਦੀ, ਉਹਦੀ ਮਿੱਠੀ ਆਵਾਜ਼ ਤੇ ਉਹਦੀ ਬਾਂਕੀ ਚਾਲ ਦੀ, ਉਹਦੇ ਨੈਣਾਂ ਤੇ ਉਹਦੇ ਲੰਮੇ, ਗੁੰਦੇ ਕੇਸਾਂ ਦੀ ਗਲ ਕਰਨ ਲਗ ਪਿਆ।

''ਤੇ ਏਡੇ ਟਾਵੇਂ ਦਿਸਦੇ ਹੁਸਨ ਵਾਲੀ ਔਰਤ, ਇੰਜ ਜਿਵੇਂ ਸੂਰਜ ਦੀਆਂ ਕਿਰਨਾਂ ਹੋਣ, ਇਕ ਆਮ ਤੀਰਅੰਦਾਜ਼ ਦੀ ਵਹੁਟੀ ਏ,'' ਅਖ਼ੀਰ ਵਿਚ ਉਹਨੇ ਆਖਿਆ। ''ਮੈਨੂੰ ਸਲਾਹ ਦਿਓ। ਦੱਸੋ, ਮੈਂ ਉਹਨੂੰ ਆਪਣੀ ਕਿਵੇਂ ਬਣਾ ਸਕਨਾਂ।''

ਕੁਝ 'ਦਰਖਾਨਾਂ' ਨੇ ਸੋਚਿਆ ਤੇ ਆਖਿਆ:

''ਉਹਦੇ ਘਰੋਂ ਉਹਨੂੰ ਚੁਰਾ ਲਿਆ ਤੇ ਮਹਿਲ 'ਚ ਉਹਨੂੰ ਲੁਕਾ ਕੇ ਰਖ ਲੈ।''

ਦੂਜਿਆਂ ਨੇ ਡੂੰਘਾ ਸੋਚਿਆ ਤੇ ਆਖਿਆ:

''ਤੀਰਅੰਦਾਜ਼ ਨੂੰ ਮਾਰ ਦੇ ਤੇ ਉਹਨੂੰ ਵਿਆਹ ਲੈ।''

ਕੁਝ ਹੋਰਨਾਂ ਨੇ ਇਹ ਆਖਿਆ:

''ਤੀਰਅੰਦਾਜ਼ ਨੂੰ ਮਾਰ ਨਾ; ਉਹਨੂੰ ਆਪਣੀ ਸਲਤਨਤ 'ਚੋਂ ਕਢ ਦੇ; ਫੇਰ ਉਹਦੀ ਵਹੁਟੀ ਤੂੰ ਬਿਨਾਂ ਮੁਸ਼ਕਲ ਤੋਂ ਲੈ ਸਕਣੈਂ।''

ਜਦੋਂ ਸਾਰਿਆਂ ਨੇ ਬੋਲ ਲਿਆ, ਵਡਾ 'ਦਰਖਾਨ', ਉਹ ਜਿਹੜਾ ਖਾਨ ਦੇ ਸੱਜੇ ਹਥ ਬੈਠਾ ਹੋਇਆ ਸੀ, ਉਠ ਖਲੋਤਾ।

''ਇਹਨਾਂ ਸਾਰੀਆਂ ਸਲਾਹਵਾਂ 'ਚ ਸਿਆਣਪ ਵਾਲੀ ਗਲ ਕੋਈ ਨਹੀਂ,'' ਉਹਨੇ ਕਿਹਾ। ''ਕਿਸੇ ਔਰਤ ਨੂੰ ਉਹਦੇ ਘਰੋਂ ਚੁਰਾ ਲਿਆਣਾ ਤੇ ਉਹਨੂੰ ਚੋਰੀ-ਛੁਪੇ ਖਾਨ ਦੇ ਮਹਿਲ 'ਚ ਰਖਣਾ ਅੱਗਾ-ਪਿੱਛਾ ਸੋਚੇ ਬਿਨਾਂ ਕਰਨ ਵਾਲਾ ਕੰਮ ਏਂ, ਇਸ ਲਈ ਕਿ ਅਵੇਰੇ ਸਵੇਰੇ ਲੋਕਾਂ ਨੂੰ ਇਹਦੀ ਖ਼ਬਰ ਹੋ ਜਾਏਗੀ। ਤੀਰਅੰਦਾਜ਼ ਨੂੰ ਮਾਰ ਦੇਣਾ ਤੇ ਉਹਦੀ ਬੇਵਾ ਨਾਲ ਵਿਆਹ ਕਰ ਲੈਣਾ ਖਤਰਨਾਕ ਏ, ਇਸ ਲਈ ਕਿ ਲੋਕ ਬਗ਼ਾਵਤ ਕਰ ਸਕਦੇ ਨੇ, ਤੇ ਫੇਰ ਮੁਸੀਬਤ ਕਦੀ ਖ਼ਤਮ ਨਹੀਂ ਹੋਣ ਲਗੀ। ਤੀਰਅੰਦਾਜ਼ ਨੂੰ ਸਲਤਨਤ 'ਚੋਂ ਕਢ ਦੇਣਾ ਬੇਵਾਕੂਫ਼ੀ ਏ, ਇਸ ਲਈ ਕਿ ਉਹ ਚੋਰੀ-ਛੁਪੇ ਆ ਜਾਏਗਾ ਤੇ ਆਪਣੀ ਵਹੁਟੀ ਨੂੰ ਲੈ ਜਾਏਗਾ। ਨਹੀਂ, ਸਾਨੂੰ ਜਿਸ ਚੀਜ਼ ਤੋਂ ਕੰਮ ਲੈਣਾ ਚਾਹੀਦੈ, ਉਹ ਏ ਚਲਾਕੀ।''

''ਤਾਂ ਫੇਰ ਤੂੰ ਸਾਨੂੰ ਕੀ ਸਲਾਹ ਦੇਣੈਂ ?'' ਜ਼ਾਰਕਿਨ ਖਾਨ ਨੇ ਪੁਛਿਆ।

ਵਡੇ 'ਦਰਖਾਨ' ਨੇ ਆਖਿਆ:

''ਮੈਂ ਕਿਸੇ ਤੋਂ ਸੁਣਿਐ ਕਿ ਡੁਬਦੇ ਸੂਰਜ ਦੇ ਦੇਸ 'ਚ, ਇਕ ਚੌੜੇ ਦਰਿਆ ਦੇ ਖੜਵੇਂ ਤੇ ਢਾਲਵੇਂ ਕੰਢੇ 'ਤੇ ਇਕ ਸ਼ੇਰਨੀ ਤੇ ਉਹਦੇ ਬੱਚੇ ਰਹਿੰਦੇ ਨੇ। ਕਹਿੰਦੇ ਨੇ ਕਿ ਜਿੰਨੀ ਤੁੰਦ ਤੇ ਖੂੰਖਾਰ ਇਹ ਸ਼ੇਰਨੀ ਏਂ, ਓਨਾ ਧਰਤੀ ਦਾ ਹੋਰ ਕੋਈ ਵੀ ਜਨੌਰ ਨਹੀਂ। ਤੈਨੂੰ, ਮੇਰਿਆ ਖਾਨਾਂ, ਤੀਰਅੰਦਾਜ਼ ਨੂੰ ਹੁਕਮ ਦੇਣਾ ਚਾਹੀਦੈ, ਉਹ ਤੈਨੂੰ ਸ਼ੇਰਨੀ ਦਾ ਕੁਝ ਦੁਧ ਲਿਆ ਕੇ ਦੇਵੇ। ਉਹ ਪਿਛੇ ਨਹੀਂ ਪਰਤਣ ਲਗਾ, ਇਸ ਲਈ ਕਿ ਸ਼ੇਰਨੀ ਉਹਨੂੰ ਜ਼ਰੂਰ ਖਾ ਜਾਵੇਗੀ। ਫੇਰ ਉਹਦੀ ਸੁਹਣੀ ਵਹੁਟੀ ਨੂੰ ਹਾਸਲ ਕਰਨਾ ਤੇਰੇ ਲਈ ਸੌਖਾ ਹੋ ਜਾਵੇਗਾ। ਤੀਰਅੰਦਾਜ਼

ਨੂੰ ਇਸ ਕੰਮ 'ਤੇ ਭੇਜਣਾ ਔਖਾ ਨਹੀਂ ਹੋਣਾ ਚਾਹੀਦਾ, ਇਸ ਲਈ ਕਿ ਉਹਨੂੰ ਖਾਨ ਦਾ ਹੁਕਮ ਨਾ ਮੰਨਣ ਦੀ ਜੁਰੱਅਤ ਨਹੀਂ ਹੋਵੇਗੀ।''

ਵਡੇ 'ਦਰਖਾਨ' ਦੀ ਚਲਾਕੀ ਵਾਲੀ ਤਰਕੀਬ ਆਪ ਜ਼ਾਰਕਿਨ ਖਾਨ ਨੂੰ ਵੀ ਤੇ ਉਹਦੇ ਸਲਾਹਕਾਰਾਂ ਨੂੰ ਵੀ ਚੰਗੀ ਲਗੀ।

''ਤਰਕੀਬ ਇਹ ਸਿਆਣਪ ਵਾਲੀ ਏ,'' ਉਹਨਾਂ ਨੇ ਆਖਿਆ।

ਜ਼ਾਰਕਿਨ ਖਾਨ ਨੇ ਉਵੇਂ ਹੀ ਕੀਤਾ, ਜਿਵੇਂ ਉਹਦੇ 'ਦਰਖਾਨ' ਨੇ ਸਲਾਹ ਦਿਤੀ ਸੀ। ਉਹਨੇ ਡਾਢੇ ਬੀਮਾਰ ਪਏ ਹੋਣ ਦਾ ਪਜ ਪਾਇਆ ਤੇ ਤੀਰਅੰਦਾਜ਼ ਨੂੰ ਸਦ ਘਲਿਆ।

ਤੀਰਅੰਦਾਜ਼ ਆਇਆ, ਤੇ ਖਾਨ ਨੇ ਹਾਇ-ਹਾਇ ਕਰਦਿਆਂ ਉਹਨੂੰ ਆਖਿਆ:

''ਤੂੰ ਆਪ ਈ ਵੇਖ ਸਕਣੈਂ, ਮੈਨੂੰ ਕੋਈ ਡਾਢਾ ਰੋਗ ਲਗ ਗਿਐ। ਮੇਰੀ ਅਹੁਰ ਦਾ ਦਾਰੂ ਡੁਬਦੇ ਸੂਰਜ ਦੇ ਦੇਸ 'ਚੋਂ ਲਭਦੈ। ਓਥੇ, ਇਕ ਚੌੜੇ ਦਰਿਆ ਦੇ ਖੜਵੇਂ ਤੇ ਢਾਲਵੇਂ ਕੰਢੇ 'ਤੇ ਇਕ ਬਹੁਤ ਵਡੀ ਸ਼ੇਰਨੀ ਤੇ ਉਹਦੇ ਬੱਚੇ ਰਹਿੰਦੇ ਨੇ। ਸਿਰਫ਼ ਉਸ ਸ਼ੇਰਨੀ ਦਾ ਦੁਧ ਈ ਮੈਨੂੰ ਫੇਰ ਨਵਾਂ-ਨਰੋਇਆ ਕਰ ਸਕਦੈ। ਫ਼ੌਰਨ ਜਾ ਤੇ ਥੋੜਾ ਜਿਹਾ ਲਿਆ ਦੇ ਮੈਨੂੰ।''

ਤੇ ਜ਼ਾਰਕਿਨ ਖਾਨ ਹੋਰ ਵੀ ਉਚੀ-ਉਚੀ ਹਾਇ-ਹਾਇ ਕਰਨ ਤੇ ਇੰਜ ਪਲਸੇਟੇ ਮਾਰਨ ਲਗ ਪਿਆ, ਜਿਵੇਂ ਉਹਨੂੰ ਤਰਾਟਾਂ ਪੈ ਰਹੀਆਂ ਹੋਣ।

ਤੀਰਅੰਦਾਜ਼ ਆਪਣੇ ਖ਼ੇਮੇ ਵਿਚ ਪਰਤਿਆ ਤੇ ਆਪਣੇ ਆਪ ਨੂੰ ਲੰਮੇ ਸਫ਼ਰ ਲਈ ਤਿਆਰ ਕਰਨ ਲਗਾ। ਉਹਨੇ ਆਪਣੇ ਸਭ ਤੋਂ ਸੁਹਣੇ ਕਪੜੇ ਪਾ ਲਏ ਤੇ ਆਪਣੇ ਆਪ ਨੂੰ ਆਪਣੇ ਸਭ ਤੋਂ ਚੰਗੇ ਹਥਿਆਰਾਂ ਨਾਲ ਲੈਸ ਕਰ ਲਿਆ।

''ਕਿਥੇ ਜਾ ਰਿਹੈਂ ?'' ਉਹਦੀ ਵਹੁਟੀ ਪੁੱਛਣ ਲਗੀ।

''ਖਾਨ ਬਹੁਤ ਈ ਬੀਮਾਰ ਏ। ਉਹ ਵਲ ਤਾਂ ਈ ਹੋ ਸਕਦੈ, ਜੇ ਉਹ ਉਸ ਸ਼ੇਰਨੀ ਦਾ ਦੁਧ ਪੀਵੇ, ਜਿਹੜੀ ਇਕ ਚੌੜੇ ਦਰਿਆ ਦੇ ਖੜਵੇਂ ਕੰਢੇ 'ਤੇ ਰਹਿੰਦੀ ਏ। ਉਹਨੇ ਮੈਨੂੰ ਹੁਕਮ ਦਿਤੈ, ਮੈਂ ਬਿਨਾਂ ਦੇਰ ਕੀਤਿਆਂ ਓਥੇ ਜਾਵਾਂ। ਮੈਂ ਜਾ ਆਪਣੀ ਮਰਜ਼ੀ ਦੇ ਖਿਲਾਫ਼ ਰਿਹਾਂ, ਪਰ ਮੈਂ ਹੁਕਮ-ਅਦੂਲੀ ਨਹੀਂ ਕਰ ਸਕਦਾ।''

ਤੀਰਅੰਦਾਜ਼ ਦੀ ਵਹੁਟੀ ਸਮਝ ਗਈ, ਜ਼ਰੂਰ ਹੀ ਕੋਈ ਗੁੱਝਾ ਮਤਲਬ ਸੀ, ਜਿਸ ਕਰ ਕੇ ਜ਼ਾਰਕਿਨ ਖਾਨ ਉਹਦੇ ਘਰ ਵਾਲੇ ਨੂੰ ਸ਼ੇਰਨੀ ਦਾ ਦੁਧ ਲਿਆਉਣ ਲਈ ਘਲ ਰਿਹਾ ਸੀ; ਉਹ ਸਮਝ ਗਈ, ਜ਼ਾਰਕਿਨ ਖਾਨ ਦੇ ਮਨ ਵਿਚ ਕੋਈ ਚੰਦਰੀ ਵਿਉਂਤ ਸੀ। ਉਹਨੇ ਆਪਣਾ ਪੀਲੇ ਫੁੱਲਾਂ ਵਾਲਾ ਰੁਮਾਲ ਚੁਕਿਆ, ਆਪਣੇ ਘਰ ਵਾਲੇ ਨੂੰ ਫੜਾਇਆ ਤੇ ਉਹਨੂੰ ਕਹਿਣ ਲਗੀ:

''ਇਸ ਰੁਮਾਲ ਨੂੰ ਹਮੇਸ਼ਾ ਆਪਣੇ ਕੋਲ ਰਖੀਂ, ਇਸ ਲਈ ਕਿ ਇਹ ਤੈਨੂੰ ਮੌਤ ਤੋਂ ਬਚਾਏਗਾ। ਜਦੋਂ ਸ਼ੇਰਨੀ ਤੇਰੇ 'ਤੇ ਝਪਟਾ ਮਾਰਨ ਲਗੇ, ਇਹਨੂੰ ਕਢ ਲਈਂ ਤੇ ਹਿਲਾਈਂ, ਤੇ ਉਹ ਇਕਦਮ ਈ ਮਸਕੀਨ ਤੇ ਨਰਮ ਹੋ ਜਾਏਗੀ ਤੇ ਤੈਨੂੰ ਆਪਣਾ ਦੁਧ ਚੋ ਲੈਣ ਦੇਵੇਗੀ। ਉਹ ਮੈਨੂੰ ਜਾਣਦੀ ਏ, ਮੇਰੇ ਘਰ ਰਹੀ ਹੋਈ ਏ ਉਹ।''

ਤੀਰਅੰਦਾਜ਼ ਨੇ ਪੀਲੇ ਫੁੱਲਾਂ ਵਾਲਾ ਰੁਮਾਲ ਲੈ ਲਿਆ, ਘੋੜੇ ਉਤੇ ਕਾਠੀ ਪਾਈ, ਤੇ ਆਪਣੀ ਜਵਾਨ ਘਰ ਵਾਲੀ ਤੋਂ ਵਿਦਾ ਹੋ, ਉਹਨੇ ਘੋੜਾ ਡੁਬਦੇ ਸੂਰਜ ਦੇ ਦੇਸ ਵਲ ਸਿਰਪਟ ਦੌੜਾ ਦਿਤਾ।

ਪਹਾੜੀਆਂ ਤੇ ਖੱਡਾਂ, ਲੂਣੇ ਪਾਣੀ ਵਾਲੀਆਂ ਝੀਲਾਂ ਤੇ ਰੇਤ–ਛਲਾਵੇ ਪਿਛੇ ਛਡਦਾ, ਉਹ ਬਦਲਾਂ ਤੋਂ ਨੀਵਾਂ, ਪਰ ਟਪਰੀਵਾਸਾਂ ਦੇ ਖ਼ੇਮਿਆਂ ਦੀਆਂ ਨੋਕਾਂ ਤੋਂ ਉੱਚਾ, ਉਡਦਾ ਗਿਆ। ਉਹਨੂੰ ਖਾਨ ਦਾ ਹੁਕਮ ਪੂਰਾ ਕਰਨ ਤੇ ਆਪਣੀ ਘਰ ਵਾਲੀ ਕੋਲ ਵਾਪਸ ਪਹੁੰਚਣ ਦੀ ਏਨੀ ਕਾਹਲ ਪਈ ਹੋਈ ਸੀ ਕਿ ਉਹ ਦਿਨੇ ਖਾਣ-ਪੀਣ ਲਈ ਨਾ ਅਟਕਿਆ ਤੇ ਨਾ ਰਾਤੀਂ ਸੌਣ ਲਈ ਤੇ ਉਹਨੂੰ ਦਿਨ ਰਾਤ ਦੀ ਗਿਣਤੀ ਦਾ ਚੇਤਾ ਨਾ ਰਿਹਾ।

ਇਸ ਤਰ੍ਹਾਂ ਉਹ ਕਿੰਨਾ ਹੀ ਚਿਰ ਚਲਦਾ ਗਿਆ, ਤੇ ਅਖ਼ੀਰ ਉਹ ਸਮੁੰਦਰ ਜਿੰਨੇ ਚੌੜੇ ਇਕ ਦਰਿਆ ਦੇ ਅਗੇ ਵਧੇ ਢਾਲਵੇਂ ਕੰਢੇ ਕੋਲ ਪਹੁੰਚ ਪਿਆ। ਏਥੇ ਇਕ ਬਹੁਤ ਵਡੀ ਸ਼ੇਰਨੀ ਤੇ ਉਹਦੇ ਬੱਚੇ ਰਹਿੰਦੇ ਸਨ।

ਸ਼ੇਰਨੀ ਨੇ ਤੀਰਅੰਦਾਜ਼ ਨੂੰ ਓਦੋਂ ਹੀ ਵੇਖ ਲਿਆ ਸੀ, ਜਦੋਂ ਉਹ ਅਜੇ ਪੂਰੀ ਇਕ ਦਿਨ ਦੀ ਅਸਵਾਰੀ ਪਿਛੇ ਸੀ; ਉਹਨੇ ਕੰਨ–ਪਾੜਵੀਂ ਦਹਾੜ ਛੱਡੀ ਤੇ ਅਗੇ ਵਲ ਕੁਦ ਪਈ; ਉਹ ਤੀਰਅੰਦਾਜ਼ ਉਤੇ ਝਪਟਾ ਮਾਰਨਾ ਤੇ ਉਹਦੀ ਬੋਟੀ–ਬੋਟੀ ਕਰ ਦੇਣਾ ਚਾਹੁੰਦੀ ਸੀ। ਪਰ ਤੀਰਅੰਦਾਜ਼ ਨੇ, ਬਿਜਲੀ ਵਰਗੀ ਤੇਜ਼ੀ ਨਾਲ, ਪੀਲੇ ਫੁੱਲਾਂ ਵਾਲਾ ਉਹ ਰੁਮਾਲ ਕਢ ਲਿਆ, ਜਿਹੜਾ ਉਹਨੂੰ ਉਹਦੀ ਘਰ ਵਾਲੀ ਨੇ ਦਿਤਾ ਸੀ, ਤੇ ਉਹਨੂੰ ਹਿਲਾਣ ਲਗਾ। ਸ਼ੇਰਨੀ ਅਹਿਲ ਹੋ ਖਲੋ ਗਈ ਤੇ ਉਹਨੇ ਇਕਦਮ ਦਹਾੜਨਾ ਬੰਦ ਕਰ ਦਿਤਾ।

"ਦਸ ਖਾਂ, ਬਹਾਦਰ ਤੀਰਅੰਦਾਜ਼ਾ, ਇਹ ਰੁਮਾਲ ਕਿਥੋਂ ਲਿਆ ਸਾਈ ?" ਸ਼ੇਰਨੀ ਨੇ ਉਹਦੇ ਤੋਂ ਪੁਛਿਆ।

"ਮੈਨੂੰ ਮੇਰੀ ਘਰ ਵਾਲੀ ਨੇ ਦਿਤਾ ਸੀ," ਤੀਰਅੰਦਾਜ਼ ਨੇ ਜਵਾਬ ਦਿਤਾ।

"ਤੇ ਹੁਣ ਮੈਨੂੰ ਦਸ, ਏਥੇ ਕੀ ਕਰਨ ਆਇਐਂ," ਸ਼ੇਰਨੀ ਬੋਲਦੀ ਗਈ।

"ਮੇਰਾ ਖਾਨ ਡਾਢਾ ਬੀਮਾਰ ਹੋ ਗਿਐ," ਤੀਰਅੰਦਾਜ਼ ਨੇ ਉਹਨੂੰ ਦਸਿਆ, "ਤੇ ਉਹਨੇ ਮੈਨੂੰ ਹੁਕਮ ਦਿਤੈ, ਉਹਨੂੰ ਮੈਂ ਤੇਰਾ ਕੁਝ ਦੁਧ ਲਿਆ ਕੇ ਦੇਵਾਂ।"

"ਜੇ ਇਹ ਗਲ ਏ," ਸ਼ੇਰਨੀ ਨੇ ਆਖਿਆ, "ਤਾਂ ਛੇਤੀ ਨਾਲ ਘੋੜਿਉਂ ਉਤਰ ਆ, ਤੇ ਮੈਂ ਤੈਨੂੰ ਆਪਣਾ ਦੁਧ ਚੋ ਲੈਣ ਦਿਆਂਗੀ। ਤੂੰ ਆਪਣਾ ਪੂਰਾ 'ਬੋਰਤਾਗੋ' * ਦੁਧ ਨਾਲ ਭਰ ਸਕਣੈਂ।"

ਤੀਰਅੰਦਾਜ਼ ਉਤਰਿਆ ਤੇ ਉਹਨੇ ਸ਼ੇਰਨੀ ਦਾ ਦੁਧ ਚੋ ਲਿਆ। ਜਦੋਂ ਉਹਦਾ 'ਬੋਰਤਾਗੋ' ਭਰ ਗਿਆ, ਉਹਨੇ ਉਹਨੂੰ ਆਪਣੀ ਕਾਠੀ ਨਾਲ ਘੁਟ ਕੇ ਬੰਨ੍ਹ ਲਿਆ, ਸ਼ੇਰਨੀ ਦਾ ਸ਼ੁਕਰੀਆ ਅਦਾ ਕੀਤਾ ਤੇ ਉਹਦੀ ਚੰਗੀ ਸਿਹਤ ਦੀ ਦੁਆ ਮੰਗੀ।

"ਤੇਰੀ ਸਿਹਤ ਲਈ ਵੀ ਮੈਂ ਦੁਆ ਮੰਗਣੀ ਆਂ," ਸ਼ੇਰਨੀ ਨੇ ਆਖਿਆ। "ਘਰ ਆਪਣੀ ਵਹੁਟੀ ਕੋਲ ਜਾ, ਆਪਣੇ ਖਾਨ ਨੂੰ ਫੇਰ ਵਲ ਕਰ ਲੈ, ਤੇ ਸ਼ਾਲਾ, ਖੁਸ਼–ਨਸੀਬੀ ਸਦਾ ਤੇਰੇ ਪੈਰ ਚੁੰਮੇ।"

ਤੇ ਇਹ ਆਖ ਸ਼ੇਰਨੀ ਵਾਪਸ ਆਪਣੇ ਬਚਿਆਂ ਕੋਲ ਚਲੀ ਗਈ, ਤੇ ਤੀਰਅੰਦਾਜ਼ ਪਲਾਕੀ ਮਾਰ ਘੋੜੇ ਉਤੇ ਚੜ੍ਹ ਗਿਆ ਤੇ ਘਰ ਵਲ ਹੋ ਪਿਆ।

ਪਹੁੰਚਦਿਆਂ ਸਾਰ ਹੀ ਉਹ 'ਬੋਰਤਾਗੋ' ਖਾਨ ਕੋਲ ਲੈ ਗਿਆ। ਤੇ ਜ਼ਾਰਕਿਨ ਖਾਨ ਸਿਰਫ਼ ਦੁਧ ਦਾ ਇਕ ਘੁਟ ਹੀ ਭਰ ਸਕਿਆ ਤੇ ਆਖ ਸਕਿਆ :

"ਵਾਹ, ਮੈਂ ਫੇਰ ਵਲ ਹੋ ਗਿਆਂ।"

ਇਸ ਪਿਛੋਂ ਉਹਨੇ ਤੀਰਅੰਦਾਜ਼ ਨੂੰ ਜਾਣ ਲਈ ਕਿਹਾ ਤੇ ਇਕਦਮ ਹੀ ਆਪਣੇ 'ਦਰਖਾਨਾਂ' ਨੂੰ ਬੁਲਾ ਇਕਠਿਆਂ ਕੀਤਾ।

---

* ਬੋਰਤਾਗੋ — ਮਸ਼ਕ — **ਅਨੁ :**

"ਮੇਰੇ ਵਡੇ 'ਦਰਖਾਨ' ਨੇ ਸਲਾਹ ਤਾਂ ਮੈਨੂੰ ਸਿਆਣੀ ਦਿਤੀ ਸੀ, ਪਰ ਉਹਦਾ ਫ਼ਾਇਦਾ ਕੁਝ ਨਹੀਂ ਹੋਇਆ," ਉਹਨੇ ਆਖਿਆ। "ਸ਼ੇਰਨੀ ਨੂੰ ਚਾਹੀਦਾ ਸੀ, ਤੀਰਅੰਦਾਜ਼ ਦੀ ਬੋਟੀ-ਬੋਟੀ ਕਰ ਦੇਂਦੀ; ਉਹ ਸਗੋਂ ਘਰ ਸਹੀ-ਸਲਾਮਤ ਮੁੜ ਆਇਐ। ਉਹਨੂੰ ਕਿਹੜੇ ਕੰਮ ਘੱਲਾਂ, ਤਾਂ ਜੁ ਉਹ ਏਥੇ ਵਾਪਸ ਕਦੀ ਵੀ ਨਾ ਆ ਸਕੇ ?"

'ਦਰਖਾਨ' ਸੋਚਣ ਤੇ ਵਿਚਾਰਨ ਲਗ ਪਏ, ਪਰ ਭਾਵੇਂ ਸਿਰ ਉਹਨਾਂ ਚੋਖਾ ਖਪਾਇਆ, ਉਹਨਾਂ ਨੂੰ ਕੁਝ ਵੀ ਨਾ ਸੁਝਿਆ, ਨਾ ਹੀ ਅਕਲ ਵਾਲੀ ਉਹ ਕੋਈ ਗਲ ਆਖ ਸਕੇ।

ਫੇਰ, ਵਡਾ 'ਦਰਖਾਨ', ਜਿਹੜਾ ਖਾਨ ਦੇ ਖੱਬੇ ਹਥ ਬੈਠਾ ਹੋਇਆ ਸੀ, ਉਠਿਆ ਤੇ ਕਹਿਣ ਲਗਾ:

"ਅਸੀਂ ਤੀਰਅੰਦਾਜ਼ ਨੂੰ ਇਹੋ ਜਿਹੀ ਥਾਂ ਭੇਜਿਆ, ਜਿਥੇ ਸਾਡਾ ਖਿਆਲ ਸੀ, ਉਹ ਮਰ-ਮੁਕ ਜਾਏਗਾ। ਜੇ ਇੰਜ ਨਹੀਂ ਹੋਇਆ ਤੇ ਇਹਦਾ ਮਤਲਬ ਇਹੋ ਈ ਏ, ਸਾਨੂੰ ਉਹਦੇ ਤੋਂ ਖਲਾਸੀ ਪਾਣ ਦਾ ਕੋਈ ਤਰੀਕਾ ਨਹੀਂ ਆਂਦਾ। ਮੇਰਾ ਯਕੀਨ ਏ, ਸਾਡੇ ਲਈ ਕਰਨ ਵਾਲੀ ਗਲ ਇਕੋ ਈ ਰਹਿ ਜਾਂਦੀ ਏ: ਹਦ ਦਰਜੇ ਦੇ ਗਏ-ਗੁਜ਼ਰੇ, ਪੱਕੇ ਤੋਂ ਪੱਕੇ ਬਦਮਾਸ਼ਾਂ ਤੇ ਲੁਚਿਆਂ ਨੂੰ ਇੱਕਠੇ ਕਰਨਾ, ਸ਼ਰਾਬ ਕਬਾਬ ਨਾਲ ਉਹਨਾਂ ਦੇ ਢਿਡ ਤੁੜਨੇ ਤੇ ਇਹ ਪਤਾ ਕਰਨ ਦੀ ਕੋਸ਼ਿਸ਼ ਕਰਨਾ ਕਿ ਕੀ ਉਹਨਾਂ ਨੂੰ ਇਹੋ ਜਿਹਾ ਕੋਈ ਤਰੀਕਾ ਆਂਦਾ ਏ, ਜਿਸ ਨਾਲ ਤੀਰਅੰਦਾਜ਼ ਦਾ ਕੰਮ ਤਮਾਮ ਕੀਤਾ ਜਾ ਸਕੇ ਤੇ ਖਾਨ ਦੀ ਉਹਦੇ ਤੋਂ ਸਦਾ ਲਈ ਖਲਾਸੀ ਕਰਾਈ ਜਾ ਸਕੇ।"

"ਵਡੇ 'ਦਰਖਾਨਾ' ਸੱਚੀ ਗਲ ਕੀਤੀ ਏ, ਇਹ ਏ ਜੁ ਸਾਨੂੰ ਕਰਨਾ ਚਾਹੀਦੈ," ਉਹਨਾਂ ਸਾਰਿਆਂ ਰਾਇ ਮਿਲਾਈ।

ਨੀਅਤ ਦਿਨ ਜ਼ਾਰਕਿਨ ਖਾਨ ਤੇ ਉਹਦੇ 'ਦਰਖਾਨਾਂ' ਨੇ ਚੋਰੀ-ਛੁਪੇ ਮਹਿਲ ਵਿਚ ਬਦਮਾਸ਼ਾਂ, ਚੋਰਾਂ, ਧੋਖੇਬਾਜ਼ਾਂ ਤੇ ਦੁਨੀਆਂ ਦੇ ਹਰ ਕਿਸਮ ਦੇ ਗਲ-ਕਟਾਂ ਦਾ ਟੋਲਾ ਬੁਲਾਇਆ। ਉਹਨਾਂ ਦੇ ਢਿਡ ਸ਼ਰਾਬ ਕਬਾਬ ਨਾਲ ਭਰ ਦਿਤੇ ਤੇ ਇਹ ਪਤਾ ਕੱਢਣ ਦੀ ਕੋਸ਼ਿਸ਼ ਕਰਨ ਲਗੇ, ਉਹਨਾਂ ਵਿਚੋਂ ਕੋਈ ਖਾਨ ਦੀ ਉਹਦੇ ਤੀਰਅੰਦਾਜ਼ ਤੋਂ ਖਲਾਸੀ ਕਰਾ ਸਕਦਾ ਸੀ ਕਿ ਨਹੀਂ।

"ਜੇ ਤੁਹਾਡੇ 'ਚ ਕੋਈ ਇਹੋ ਜਿਹਾ ਨਹੀਂ, ਜਿਹੜਾ ਖਾਨ ਦੀ ਮਦਦ ਕਰ ਸਕੇ," ਉਹਨਾਂ ਨੇ ਆਖਿਆ, "ਤਾਂ ਸ਼ਾਇਦ ਤੁਸੀਂ ਕਿਸੇ ਇਕ ਨੂੰ ਜਾਣਦੇ ਹੋਵੋ, ਜਿਹੜਾ ਅੰਦਰੋਂ-ਅੰਦਰੀਂ ਤੀਰਅੰਦਾਜ਼ ਦਾ ਸਫ਼ਾਇਆ ਕਰ ਸਕਦਾ ਹੋਵੇ ?"

ਤੇ ਇਹ ਕਹਿ ਜ਼ਾਰਕਿਨ ਖਾਨ ਤੇ ਉਹਦੇ 'ਦਰਖਾਨ' ਇਸ ਕਵੱਲੇ ਟੋਲੇ ਵਿਚ ਘੁੰਮਣ ਲਗ ਪਏ, ਉਹਨਾਂ ਸੁਣਨ ਲਈ ਕੰਨ ਲਾ ਲਏ, ਲੁੱਚੇ ਤੇ ਬਦਮਾਸ਼ ਜਵਾਬ ਵਿਚ ਕੀ ਕਹਿੰਦੇ ਨੇ। ਪਰ ਜਵਾਬ ਕੋਈ ਨਾ ਮਿਲਿਆ। ਲੁੱਚੇ ਤੇ ਬਦਮਾਸ਼ ਇੰਜ ਚੁਪ ਰਹੇ, ਜਿਵੇਂ ਉਹਨਾਂ ਦੇ ਮੂੰਹ ਉਸ ਮਾਸ ਨਾਲ ਭਰੇ ਹੋਏ ਹੋਣ, ਜਿਹੜਾ ਉਹ ਖਾਂਦੇ ਰਹੇ ਸਨ। ਫੇਰ 'ਦਰਖਾਨਾਂ' ਨੇ ਇਹ ਸਵਾਲ ਮੁੜ ਪੁਛਿਆ, ਤੇ ਲੁੱਚੇ ਤੇ ਬਦਮਾਸ਼ ਫੇਰ ਚੁਪ ਰਹੇ। ਅਚਨਚਕ ਹੀ ਉਹਨਾਂ ਵਿਚੋਂ ਇਕ, ਜਿਹੜਾ ਇਕ ਅੱਖੋਂ ਅੰਨ੍ਹਾਂ ਸੀ ਤੇ ਏਡਾ ਖਚਰਾ ਸ਼ੈਤਾਨ ਸੀ, ਜਿੱਡਾ ਕੋਈ ਹੋ ਸਕਦਾ ਸੀ, ਆਪਣੀ ਥਾਂ ਤੋਂ ਕੁਦ ਖਲੋਤਾ, ਉਹਨੇ ਆਪਣਾ ਚੋਗਾ ਖੋਲ੍ਹ ਧਰਿਆ ਤੇ ਆਪਣੀ ਛਾਤੀ ਉਤੇ ਆਪ ਹੀ ਹੂਰਾ ਜੜਦਿਆਂ, ਕੂਕ ਪਿਆ:

"ਮੈਨੂੰ ਪਤੈ, ਕੀ ਕਰਨਾ ਚਾਹੀਦੈ!"

ਜ਼ਾਰਕਿਨ ਖਾਨ ਬਹੁਤ ਖੁਸ਼ ਹੋਇਆ ਤੇ ਉਚੀ ਸਾਰੀ ਕਹਿਣ ਲਗਾ:

"ਤਾਂ ਬੋਲ ਫੇਰ ਤੇ ਦਸ ਕੀ ਕਰੀਏ!"

ਇਕ ਅਖ ਵਾਲੇ ਆਦਮੀ ਨੇ ਆਖਿਆ :

"ਤੁਹਾਨੂੰ ਚਾਹੀਦੈ, ਤੀਰਅੰਦਾਜ਼ ਨੂੰ ਪਤਾ-ਨਹੀਂ-ਕਿਥੇ ਭੇਜੋ ਤੇ ਉਹਨੂੰ ਹੁਕਮ ਦਿਓ, ਪਤਾ-ਨਹੀਂ-ਕੀ ਲਿਆਵੇ। ਉਹ ਇਹੋ ਜਿਹੀ ਚੀਜ਼ ਲੱਭਣ ਜਾਏਗਾ, ਜਿਦ੍ਹੀ ਕੋਈ ਸ਼ਕਲ ਨਹੀਂ ਹੋਵੇਗੀ, ਕੋਈ ਸੂਰਤ ਨਹੀਂ ਹੋਵੇਗੀ ਤੇ ਕੋਈ ਥਾਂ ਨਹੀਂ ਹੋਵੇਗੀ, ਤੇ ਜਦੋਂ ਉਹਨੂੰ ਉਹ ਨਾ ਲੱਭੀ, ਇਹਨਾਂ ਪਾਸਿਆਂ ਵਲ ਆਣ ਦੀ ਹਿੰਮਤ ਨਹੀਂ ਹੋਣ ਲਗੀ ਸੂ।"

ਜ਼ਾਰਕਿਨ ਖਾਨ ਤੇ ਉਹਦੇ 'ਦਰਖਾਨ' ਇਕ-ਅੱਖੇ ਆਦਮੀ ਦਾ ਸੁਝਾ ਸੁਣ ਖੁਸ਼ ਹੋ ਗਏ, ਤੇ ਉਹਨੂੰ ਇਨਾਮ-ਅਕਰਾਮ ਦੇ, ਉਹਨਾਂ ਘਲ ਦਿਤਾ।

ਤੀਰਅੰਦਾਜ਼ ਨੂੰ ਨਵਾਂ ਹੁਕਮ ਦੇਣ ਦਾ ਕੋਈ ਬਹਾਨਾ ਲੱਭਣ ਲਈ, ਜ਼ਾਰਕਿਨ ਖਾਨ ਨੇ ਇਕ ਵਾਰੀ ਫੇਰ ਡਾਢੇ ਬੀਮਾਰ ਪੈ ਜਾਣ ਦਾ ਪਜ ਪਾਇਆ, ਤੇ ਤੀਰਅੰਦਾਜ਼ ਨੂੰ ਸਦ, ਹਾਇ-ਹਾਇ ਕਰਦਿਆਂ ਤੇ ਹਉਕੇ ਭਰਦਿਆਂ, ਉਹਨੂੰ ਆਖਣ ਲਗਾ :

"ਮੈਂ ਫੇਰ ਬਹੁਤ ਬੀਮਾਰ ਪੈ ਗਿਆਂ, ਤੇ ਮੈਂ ਠੀਕ ਤਾਂ ਈ ਹੋ ਸਕਨਾਂ, ਜੇ ਤੂੰ ਪਤਾ-ਨਹੀਂ-ਕਿਥੇ ਜਾਏਂ ਤੇ ਮੈਨੂੰ ਪਤਾ-ਨਹੀਂ-ਕੀ ਲਿਆ ਕੇ ਦੇਵੇਂ। ਤੇਰੇ ਸਿਵਾ ਇਹ ਹੋਰ ਕੋਈ ਨਹੀਂ ਕਰ ਸਕਦਾ। ਛੇਤੀ ਜਾ ਤੇ ਮੈਨੂੰ ਉਹ ਚੀਜ਼ ਲਿਆ ਕੇ ਦੇ, ਜਿਦ੍ਹੀ ਕੋਈ ਸ਼ਕਲ ਨਹੀਂ, ਸੂਰਤ ਨਹੀਂ ਤੇ ਥਾਂ ਨਹੀਂ।"

"ਪਰ ਮੈਂ ਜਾਵਾਂ ਕਿਥੇ ਤੇ ਲਿਆਵਾਂ ਕੀ?" ਤੀਰਅੰਦਾਜ਼ ਨੇ ਪੁਛਿਆ।

"ਮੈਨੂੰ ਨਹੀਉਂ ਪਤਾ, ਮੈਨੂੰ ਨਹੀਉਂ ਪਤਾ," ਜ਼ਾਰਕਿਨ ਖਾਨ ਨੇ ਆਖਿਆ। "ਮੈਨੂੰ ਸਿਰਫ਼ ਇਹ ਪਤਾ ਏ, ਇਕ ਤੂੰ ਈ ਏਂ, ਜੁ ਇਹਨੂੰ ਕਰ ਸਕਦੈ। ਜੇ ਤੂੰ ਨਾ ਕਰ ਸਕਿਆ, ਮੈਂ ਮਰ ਜਾਵਾਂਗਾ।"

ਤੇ ਉਹ ਪਹਿਲਾਂ ਨਾਲੋਂ ਵੀ ਉਚੀ ਆਹਵਾਂ ਭਰਨ ਤੇ ਇੰਜ ਪਲਸੇਟੇ ਮਾਰਨ ਲਗ ਪਿਆ, ਜਿਵੇਂ ਉਹਨੂੰ ਤਰਾਟਾਂ ਪੈ ਰਹੀਆਂ ਹੋਣ।

ਤੀਰਅੰਦਾਜ਼ ਵਾਪਸ ਆਪਣੇ 'ਕੀਬੀਤਕੇ' ਗਿਆ ਤੇ ਸੋਚਣ ਲਗਾ, ਉਹ ਕਰੇ ਤਾਂ ਕੀ ਕਰੇ। ਤਿੰਨ ਦਿਨ ਤੇ ਤਿੰਨ ਰਾਤਾਂ ਉਹ ਸੋਚੀਂ ਡੁੱਬਾ ਰਿਹਾ। ਦਿਨੇ ਉਹ ਇਕ ਪਹਾੜੀ ਦੀ ਟੀਸੀ ਉਤੇ ਚੜ੍ਹ ਜਾਂਦਾ, ਤੇ ਰਾਤੀਂ ਉਹਨੂੰ ਨੀਂਦਰ ਨਾ ਪੈਂਦੀ ਤੇ ਉਹ ਨਮਦੇ ਦੀ ਆਪਣੀ ਮੋਟੀ ਤਲਾਈ ਉਤੇ ਪਾਸੇ ਪਰਤਦਾ ਤੇ ਵਲ ਖਾਂਦਾ ਰਹਿੰਦਾ। ਉਹਨੇ ਕਿੰਨਾ ਹੀ ਚਿਰ ਸੋਚਿਆ ਤੇ ਜ਼ੋਰ ਲਾ ਕੇ ਸੋਚਿਆ, ਪਰ ਸੁਝ ਉਹਨੂੰ ਕੁਝ ਨਾ ਸਕਿਆ। ਫੇਰ ਵੀ, ਉਹਨੇ ਇਸ ਡਰੋਂ ਕਿ ਉਹਦੀ ਘਰ ਵਾਲੀ ਨੂੰ ਫ਼ਿਕਰ ਨਾ ਲਗ ਜਾਏ, ਉਹਦੇ ਸਾਹਮਣੇ ਇਹਦਾ ਨਾਂ ਤਕ ਨਾ ਲਿਆ।

ਤਿੰਨ ਦਿਨ ਲੰਘ ਗਏ, ਤੇ ਫੇਰ ਤੀਰਅੰਦਾਜ਼ ਨੇ ਆਪਣੇ ਘੋੜੇ ਉਤੇ ਕਾਠੀ ਪਾਈ।

"ਸ਼ਾਇਦ ਜੇ ਮੈਂ ਨਕ ਦੀ ਸੇਧੇ ਚਲਦਾ ਜਾਵਾਂ, ਮੈਂ ਓਥੇ ਪਹੁੰਚ ਪਵਾਂਗਾ, ਜਿਥੇ ਮੈਨੂੰ ਖਾਨ ਭੇਜ ਰਿਹਾ ਏ," ਉਹਨੇ ਦਿਲ ਹੀ ਦਿਲ ਵਿਚ ਸੋਚਿਆ, ਤੇ ਪਲਾਕੀ ਮਾਰ ਘੋੜੇ ਉਤੇ ਚੜ੍ਹਦਿਆਂ, ਵਿਦਾ ਹੋਣ ਲਈ ਉਹਨੇ ਆਪਣੀ ਘਰ ਵਾਲੀ ਨੂੰ ਆਵਾਜ਼ ਮਾਰੀ।

"ਕਿਥੇ ਜਾ ਰਿਹੈਂ?" ਉਹਨੇ ਤੀਰਅੰਦਾਜ਼ ਤੋਂ ਪੁਛਿਆ।

"ਖਾਨ ਫੇਰ ਬੀਮਾਰ ਪੈ ਗਿਐ," ਤੀਰਅੰਦਾਜ਼ ਨੇ ਜਵਾਬ ਦਿਤਾ। "ਮੈਨੂੰ ਹੁਕਮ ਦਿਤਾ ਸੂ, ਪਤਾ-ਨਹੀਂ-ਕੀ ਲੱਭਣ ਲਈ ਪਤਾ-ਨਹੀਂ-ਕਿਥੇ ਜਾਵਾਂ।"

ਇਹ ਸੁਣ ਤੀਰਅੰਦਾਜ਼ ਦੀ ਘਰ ਵਾਲੀ ਆਖਣ ਲਗੀ :

"ਓਥੇ ਤੂੰ ਘੋੜੇ ਚੜ੍ਹ ਨਹੀਂ ਪਹੁੰਚਣ ਲਗਾ, ਚੰਗਾ ਹੋਵੇ, ਜੇ ਪੈਦਲ ਜਾਵੇਂ। ਇਹ ਧਾਗੇ ਦਾ ਗੋਲਾ ਈ। ਤਿੰਨ ਪੈਰ ਪੁਟ, ਤੇ ਫੇਰ ਇਹਨੂੰ ਹੇਠਾਂ ਸੁਟ ਦੇ। ਜਿਹੜੇ ਪਾਸੇ ਵੀ ਇਹ ਰਿੜਦਾ ਜਾਵੇ, ਤੂੰ ਓਸੇ ਪਾਸੇ ਈ ਜਾਣਾ ਹੋਵੇਗਾ। ਇਹ ਸੁਨਹਿਰੀ ਕੰਘੀ ਵੀ ਆ। ਇਹਨੂੰ ਨਾਲ ਲੈ ਜਾ। ਰੋਜ਼ ਸਵੇਰੇ ਇਹਦੇ ਨਾਲ ਆਪਣੇ ਵਾਲ ਵਾਹੀਂ।"

ਤੀਰਅੰਦਾਜ਼ ਆਪਣੀ ਜਵਾਨ ਵਹੁਟੀ ਤੋਂ ਵਿਦਾ ਹੋਇਆ, ਉਹਨੇ ਤਿੰਨ ਪੈਰ ਪੁੱਟੇ ਤੇ ਧਾਗੇ ਦਾ ਗੋਲਾ ਸੁਟ ਦਿਤਾ। ਧਾਗੇ ਦੇ ਗੋਲੇ ਨੇ ਬਹੁਤ ਹੀ ਤੇਜ਼ ਰਿੜਨਾ ਸ਼ੁਰੂ ਕਰ ਦਿਤਾ, ਤੇ ਤੀਰਅੰਦਾਜ਼ ਉਹਦੇ ਪਿਛੇ-ਪਿਛੇ ਟੁਰ ਪਿਆ।

ਉਹ ਉਹਦੇ ਪਿਛੇ-ਪਿਛੇ ਲੂਣੀਆਂ ਦਲਦਲਾਂ ਤੇ ਰੇਤ-ਛਲਾਵਿਆਂ ਉਤੋਂ, ਉਤਾਂਹ ਉੱਚੀਆਂ ਪਹਾੜੀਆਂ ਉਤੇ ਤੇ ਹੇਠਾਂ ਡੂੰਘੀਆਂ ਖੱਡਾਂ ਵਿਚੋਂ, ਝੀਲਾਂ ਤੇ ਡੇਰਿਆਂ ਕੋਲੋਂ, ਸੰਘਣੇ ਸਰੂਟਾਂ ਵਿਚੋਂ, ਟੁਰਦਾ ਗਿਆ। ਦਿਨੇ ਉਹ ਖਾਣ ਲਈ ਨਾ ਅਟਕਦਾ ਤੇ ਰਾਤੀਂ ਉਹ ਨਾ ਸੌਂਦਾ, ਤੇ ਉਹਨੂੰ ਲੰਘਦੇ ਦਿਨਾਂ, ਹਫ਼ਤਿਆਂ ਤੇ ਮਹੀਨਿਆਂ ਦਾ ਹਿਸਾਬ ਹੀ ਨਾ ਰਿਹਾ। ਅਖ਼ੀਰ ਧਾਗੇ ਦਾ ਗੋਲਾ ਰਿੜਦਾ-ਰਿੜਦਾ ਇਕ ਬਹੁਤ ਵਡੇ, ਹਨੇਰੇ ਜੰਗਲ ਵਿਚ ਜਾ ਪਹੁੰਚਿਆ ਤੇ ਤੀਰਅੰਦਾਜ਼ ਜੰਗਲ ਵਿਚ ਆ ਵੜਿਆ ਤੇ ਉਹਦੇ ਪਿਛੇ-ਪਿਛੇ ਹੋ ਪਿਆ। ਉਹ ਦਿਨੇ ਰਾਤੀਂ ਟੁਰਦਾ ਰਿਹਾ, ਨਾ ਉਹਨੇ ਸਾਹ ਲਿਆ, ਨਾ ਸੁੱਤਾ, ਤੇ ਧਾਗੇ ਦਾ ਗੋਲਾ ਅਗੇ ਹੀ ਅਗੇ ਰਿੜਦਾ ਗਿਆ। ਅਖ਼ੀਰ ਉਹ ਨਮਦੇ ਦੇ ਇਕ ਛੋਟੇ ਜਿਹੇ 'ਕੀਬੀਤਕੇ' ਕੋਲ ਆ ਪਹੁੰਚਿਆ ਤੇ ਗਾਇਬ ਹੋ ਗਿਆ, ਇੰਜ ਜਿਵੇਂ ਪੰਘਰ ਹੀ ਗਿਆ ਹੋਵੇ।

"ਹੁਣ ਕੀ ਕਰਾਂ ?" ਤੀਰਅੰਦਾਜ਼ ਨੇ ਆਪਣੇ ਆਪ ਤੋਂ ਪੁਛਿਆ। "ਸ਼ਾਇਦ ਮੈਨੂੰ ਅੰਦਰ ਜਾਣਾ ਚਾਹੀਦੈ।"

ਤੇ ਕਢਾਈ ਵਾਲੇ ਨਮਦੇ ਦਾ ਪਲਤਾ ਚੁਕ, ਉਹ 'ਕੀਬੀਤਕੇ' ਅੰਦਰ ਵੜ ਗਿਆ, ਤੇ ਓਥੇ ਉਹਨੂੰ ਇਕ ਛੋਟੇ ਜਿਹੇ ਕਦ ਦੀ ਔਰਤ ਮਿਲੀ, ਜਿਹੜੀ ਬਹੁਤ ਹੀ ਸੁਹਣੀ ਸੀ।

"ਕੌਣ ਏਂ ਤੂੰ, ਕਿਥੋਂ ਆਇਐਂ ਤੇ ਕਿਥੇ ਜਾ ਰਿਹੈਂ ?" ਔਰਤ ਨੇ ਉਹਨੂੰ ਪੁਛਿਆ।

"ਮੈਂ ਖਾਨ ਦਾ ਤੀਰਅੰਦਾਜ਼ ਹਾਂ," ਉਹਨੇ ਜਵਾਬ ਦਿਤਾ, "ਤੇ ਮੈਂ ਪਤਾ-ਨਹੀਂ-ਕੀ ਲੱਭਣ ਪਤਾ-ਨਹੀਂ-ਕਿਥੇ ਜਾ ਰਿਹਾਂ।"

ਛੋਟੇ ਜਿਹੇ ਕਦ ਵਾਲੀ ਔਰਤ ਨੇ ਉਹਦੇ ਤੋਂ ਹੋਰ ਕੁਝ ਨਾ ਪੁਛਿਆ ਤੇ ਫੇਰ ਉਹਨੂੰ ਕੁਝ ਖਾਣ-ਪੀਣ ਨੂੰ ਘਲ ਦਿਤਾ; ਤੇ ਤੀਰਅੰਦਾਜ਼ ਨੂੰ ਲੰਮੇ ਪੈਂਦਿਆਂ ਹੀ ਨੀਂਦਰ ਆ ਗਈ।

ਸਵੇਰੇ ਉਹ ਉਠਿਆ, ਨਹਾਤਾ ਤੇ ਸੁਨਹਿਰੀ ਕੰਘੀ ਨਾਲ ਆਪਣੇ ਵਾਲ ਵਾਹੁਣ ਲਗ ਪਿਆ, ਤੇ 'ਕੀਬੀਤਕੇ' ਦੀ ਮਾਲਕਨ, ਛੋਟੇ ਕਦ ਵਾਲੀ ਔਰਤ, ਨੇ ਉਹਨੂੰ ਤਕਿਆ ਤੇ ਉਸ ਤੋਂ ਪੁੱਛਣ ਲਗੀ:

"ਇਹ ਸੁਨਹਿਰੀ ਕੰਘੀ ਕਿਥੋਂ ਲਈ ਆ ?"

"ਮੈਨੂੰ ਮੇਰੀ ਘਰ ਵਾਲੀ ਨੇ ਦਿਤੀ ਸੀ," ਤੀਰਅੰਦਾਜ਼ ਨੇ ਜਵਾਬ ਦਿਤਾ।

ਛੋਟੇ ਕਦ ਵਾਲੀ ਔਰਤ ਦੀ ਖ਼ੁਸ਼ੀ ਦੀ ਹਦ ਨਾ ਰਹੀ।

"ਜੇ ਇਹ ਗਲ ਏ," ਉਹ ਕਹਿਣ ਲਗੀ, "ਤਾਂ ਤੂੰ ਮੇਰਾ ਰਿਸ਼ਤੇਦਾਰ ਏਂ, ਤੇਰੀ ਵਹੁਟੀ ਮੇਰੀ ਛੋਟੀ ਭੈਣ ਜੁ ਏ, ਤੂੰ ਇਹ ਮੈਨੂੰ ਕਲ੍ਹ ਕਿਉਂ ਨਹੀਂ ਸੀ ਦਸਿਆ ?"

ਤੇ ਉਹਦੇ ਸਾਹਮਣੇ ਹਰ ਤਰ੍ਹਾਂ ਦੇ ਸੁਆਦੀ ਪਕਵਾਨ ਤੇ ਸ਼ਰਾਬਾਂ ਪਰੋਸਦੀ, ਉਹ ਕਹਿਣ ਲਗੀ:

"ਏਡੇ ਲੰਮੇ ਤੇ ਔਖੇ ਸਫ਼ਰ ਪਿਛੋਂ ਆਪਣੇ ਥਕੇ ਹੋਏ ਪੈਰਾਂ ਨੂੰ ਆਰਾਮ ਦੇ ਲੈ, ਤੇ ਮੇਰੇ ਕੋਲ ਤਿੰਨ ਦਿਨ ਹੋਰ ਰਹਿ।"



12•

ਤੀਰਅੰਦਾਜ਼ ਖੁਸ਼ੀ-ਖੁਸ਼ੀ ਮੰਨ ਗਿਆ ਤੇ ਛੋਟੇ ਕਦ ਵਾਲੀ ਔਰਤ ਦੇ 'ਕੀਬੀਤਕੇ' ਵਿਚ ਤਿੰਨ ਦਿਨ ਹੋਰ ਠਹਿਰ ਪਿਆ।

ਤੀਜੇ ਦਿਨ, ਜਦੋਂ ਤੀਰਅੰਦਾਜ਼ ਨੇ ਆਰਾਮ ਕਰ ਲਿਆ ਸੀ, ਛੋਟੇ ਕਦ ਵਾਲੀ ਔਰਤ ਨੇ ਉਹਨੂੰ ਆਖਿਆ:

"ਹੁਣ ਮੈਨੂੰ ਦਸ, ਤੂੰ ਕਿਥੇ ਜਾ ਰਿਹੈਂ ਤੇ ਕਿਸ ਕੰਮ ਜਾ ਰਿਹੈਂ।"

ਤੀਰਅੰਦਾਜ਼ ਨੇ ਆਖਿਆ:

"ਮੇਰਾ ਖਾਨ ਡਾਢਾ ਬੀਮਾਰ ਪਿਆ ਹੋਇਐ, ਤੇ ਉਹਨੇ ਮੈਨੂੰ ਹੁਕਮ ਦਿਤੈ, ਮੈਂ ਪਤਾ-ਨਹੀਂ-ਕਿਥੇ ਜਾਵਾਂ ਤੇ ਉਹਨੂੰ ਪਤਾ-ਨਹੀਂ-ਕੀ ਲਿਆ ਕੇ ਦੇਵਾਂ। ਇਹ ਕੀ ਚੀਜ਼ ਹੁੰਦੀ ਏ, ਮੈਨੂੰ ਪਤਾ ਨਹੀਂ। ਮੇਰੀ ਘਰ ਵਾਲੀ, ਤੇਰੀ ਛੋਟੀ ਭੈਣ, ਨੇ ਮੈਨੂੰ ਧਾਗੇ ਦਾ ਇਕ ਗੋਲਾ ਦਿਤਾ ਸੀ ਤੇ ਆਖਿਆ ਸੀ, ਉਹਦੇ ਪਿਛੇ-ਪਿਛੇ ਟੁਰੀ ਜਾਵਾਂ, ਤੇ ਇਹ ਮੈਨੂੰ ਤੇਰੇ ਕੋਲ ਲੈ ਆਇਆ। ਪਰ ਹੁਣ ਮੈਂ ਕਿਥੇ ਜਾਣਾ ਏਂ, ਮੈਨੂੰ ਨਹੀਂ ਪਤਾ, ਇਸ ਲਈ ਕਿ ਧਾਗੇ ਦਾ ਗੋਲਾ ਗਾਇਬ ਹੋ ਗਿਐ।"

ਇਹ ਸੁਣ, 'ਕੀਬੀਤਕੇ' ਦੀ ਮਾਲਕਨ, ਛੋਟੇ ਕਦ ਵਾਲੀ ਔਰਤ, ਨੇ ਤੀਰਅੰਦਾਜ਼ ਨੂੰ ਰੇਸ਼ਮੀ ਧਾਗੇ ਦਾ ਇਕ ਗੋਲਾ ਦਿਤਾ ਤੇ ਕਿਹਾ:

"ਧਾਗੇ ਦੇ ਇਸ ਗੋਲੇ ਪਿਛੇ ਟੁਰਿਆ ਜਾ। ਇਹ ਤੈਨੂੰ ਸਾਡੀ ਵਡੀ ਭੈਣ ਕੋਲ ਲੈ ਜਾਏਗਾ। ਸ਼ਾਇਦ ਤੈਨੂੰ ਉਹ ਦਸ ਸਕੇ, ਤੈਨੂੰ ਉਹ ਚੀਜ਼ ਲੱਭਣ ਲਈ ਕਿਥੇ ਜਾਣਾ ਚਾਹੀਦੈ, ਜਿਦ੍ਹੀ ਸ਼ਕਲ ਕੋਈ ਨਹੀਂ, ਸੂਰਤ ਕੋਈ ਨਹੀਂ, ਥਾਂ ਕੋਈ ਨਹੀਂ।"

ਇਸ ਤਰ੍ਹਾਂ ਤੀਰਅੰਦਾਜ਼ ਫੇਰ ਰੇਸ਼ਮੀ ਧਾਗੇ ਦੇ ਗੋਲੇ ਦੇ ਪਿਛੇ-ਪਿਛੇ ਹੋ ਪਿਆ। ਕਈ ਦਿਨ ਤੇ ਕਈ ਰਾਤਾਂ ਉਹ ਟੁਰਦਾ ਗਿਆ ਤੇ ਸਾਹ ਲੈਣ ਲਈ ਇਕ ਪਲ ਵੀ ਨਾ ਅਟਕਿਆ। ਉਹਨੇ ਵਡਾ, ਹਨੇਰਾ ਜੰਗਲ ਪਿਛੇ ਛਡ ਦਿਤਾ ਤੇ ਤੀਹ ਦਿਨ ਤੇ ਤੀਹ ਰਾਤਾਂ ਇਕ ਸਤੈਪੀ-ਮੈਦਾਨ ਪਾਰ ਕਰਦਾ ਰਿਹਾ, ਤੇ ਅਖ਼ੀਰ ਉਹ ਇਕ ਹੋਰ ਜੰਗਲ ਵਿਚ ਪਹੁੰਚਿਆ, ਜਿਹੜਾ ਪਹਿਲੇ ਜੰਗਲ ਜਿੰਨਾ ਹੀ ਵਡਾ ਤੇ ਹਨੇਰਾ ਸੀ।

ਧਾਗੇ ਦਾ ਗੋਲਾ ਦਰਖ਼ਤਾਂ ਤੇ ਝਾੜੀਆਂ ਵਿਚ ਵੜਦਾ ਤੇ ਨਿਕਲਦਾ ਗਿਆ, ਤੇ ਝਾੜੀਆਂ ਨੇ ਤੀਰਅੰਦਾਜ਼ ਦੇ ਹਥ ਤੇ ਪਿੰਡਾ ਝਰੀਟ ਛਡਿਆ, ਉਹ ਉਹਦੇ ਮੂੰਹ ਉਤੇ ਵਜਦੀਆਂ ਰਹੀਆਂ, ਪਰ ਉਹ ਅਟਕੇ ਬਿਨਾਂ ਅਗੇ ਹੀ ਅਗੇ ਟੁਰਦਾ ਗਿਆ।

ਅਖ਼ੀਰ ਧਾਗੇ ਦਾ ਗੋਲਾ, ਜੰਗਲ ਦੇ ਅਧ-ਵਿਚਕਾਰ ਖਲੋਤੇ, ਨਮਦੇ ਦੇ ਇਕ ਨਿਕ-ਮੁਨਿਕੇ 'ਕੀਬੀਤਕੇ' ਦੇ ਬੂਹੇ ਸਾਹਮਣੇ ਰਿੜ੍ਹਦਾ ਆਇਆ ਤੇ ਗਾਇਬ ਹੋ ਗਿਆ।

ਇਕ ਨਿੱਕੇ ਜਿਹੇ ਕਦ ਦੀ ਔਰਤ, ਜਿਹੜੀ ਬਹੁਤ ਹੀ ਸੁਹਣੀ ਸੀ, 'ਕੀਬੀਤਕੇ' ਵਿਚੋਂ ਬਾਹਰ ਆਈ।

"ਕੌਣ ਏਂ ਤੂੰ, ਕਿਥੇ ਆਇਐਂ ਤੇ ਕਿਥੇ ਜਾ ਰਿਹੈਂ?" ਉਹਨੇ ਤੀਰਅੰਦਾਜ਼ ਤੋਂ ਪੁਛਿਆ।

"ਮੈਂ ਰਾਹੀ ਹਾਂ," ਤੀਰਅੰਦਾਜ਼ ਨੇ ਜਵਾਬ ਦਿਤਾ। "ਮੈਂ ਦੂਰੋਂ ਆਇਆਂ ਤੇ ਮੈਂ ਦੂਰ ਜਾ ਰਿਹਾਂ।"

ਨਿੱਕੇ ਜਿਹੇ 'ਕੀਬੀਤਕੇ' ਦੀ ਮਾਲਕਨ, ਨਿੱਕੇ ਜਿਹੇ ਕਦ ਵਾਲੀ ਔਰਤ, ਨੇ ਤੀਰਅੰਦਾਜ਼ ਤੋਂ ਹੋਰ ਕੁਝ ਨਾ ਪੁਛਿਆ, ਉਹਨੂੰ ਅੰਦਰ ਆਉਣ ਦਾ ਸੱਦਾ ਦਿਤਾ, ਉਹਦੇ ਅਗੇ ਖਾਣ-ਪੀਣ ਲਈ ਰਖਿਆ ਤੇ ਉਹਨੂੰ ਸਵਾ ਦਿਤਾ।

ਸਵੇਰੇ ਤੀਰਅੰਦਾਜ਼ ਉਠਿਆ, ਨਹਾਤਾ ਤੇ ਸੁਨਹਿਰੀ ਕੰਘੀ ਨਾਲ ਆਪਣੇ ਵਾਲ ਵਾਹੁਣ ਲਗ ਪਿਆ।

ਨਿੱਕੇ ਜਿਹੇ 'ਕੀਬੀਤਕੇ' ਦੀ ਮਾਲਕਨ, ਨਿੱਕੇ ਜਿਹੇ ਕਦ ਵਾਲੀ ਔਰਤ, ਨੇ ਉਹਨੂੰ ਤਕਿਆ ਤੇ ਉਸ ਤੋਂ ਪੁੱਛਣ ਲਗੀ:

"ਇਹ ਸੁਨਹਿਰੀ ਕੰਘੀ ਕਿਥੋਂ ਲਈ ਆ?"

'ਮੈਨੂੰ ਮੇਰੀ ਘਰ ਵਾਲੀ ਨੇ ਦਿਤੀ ਸੀ," ਤੀਰਅੰਦਾਜ਼ ਨੇ ਜਵਾਬ ਦਿਤਾ।

ਨਿੱਕੇ ਜਿਹੇ ਕਦ ਵਾਲੀ ਔਰਤ ਦਾ ਮੂੰਹ ਖ਼ੁਸ਼ੀ ਨਾਲ ਚਮਕ ਪਿਆ, ਤੇ ਉਹ ਬੋਲੀ:

"ਜੇ ਇਹ ਗਲ ਏ, ਤਾਂ ਤੂੰ ਮੇਰਾ ਰਿਸ਼ਤੇਦਾਰ ਏਂ, ਤੇਰੀ ਵਹੁਟੀ ਮੇਰੀ ਸਭ ਤੋਂ ਛੋਟੀ ਭੈਣ ਜੁ ਹੋਈ। ਇਹ ਤੂੰ ਮੈਨੂੰ ਪਹਿਲੋਂ ਕਿਉਂ ਨਹੀਂ ਸੀ ਦਸਿਆ?"

ਤੇ ਉਹ ਘਰ ਵਿਚ ਜੁ ਕੁਝ ਵੀ ਹੈ ਸੀ, ਸਭ ਤੋਂ ਵਧੀਆ ਪਕਵਾਨ ਤੇ ਸਭ ਤੋਂ ਵਧੀਆ ਸ਼ਰਾਬਾਂ, ਲੈ ਆਈ, ਤੇ ਤੀਰਅੰਦਾਜ਼ ਦੀ ਖਾਤਰ ਕਰਨ ਲਗੀ।

ਜਦੋਂ ਉਹਨੇ ਢਿਡ ਭਰ ਖਾ-ਪੀ ਲਿਆ, ਉਹ ਕਹਿਣ ਲਗੀ:

"ਤੈਨੂੰ ਆਪਣੇ ਥਕੇ ਹੋਏ ਪੈਰਾਂ ਨੂੰ ਚੰਗਾ ਤੇ ਲੰਮਾ ਆਰਾਮ ਦੇਣਾ ਚਾਹੀਦੈ। ਕੁਝ ਚਿਰ ਮੇਰੇ ਕੋਲ ਰਹੋ।"

ਤੇ ਤੀਰਅੰਦਾਜ਼ ਨੇ ਨਿੱਕੇ ਜਿਹੇ ਕਦ ਵਾਲੀ ਔਰਤ ਦੇ 'ਕੀਬੀਤਕੇ' ਵਿਚ ਤਿੰਨ ਦਿਨ ਤੇ ਤਿੰਨ ਰਾਤਾਂ ਗੁਜ਼ਾਰੀਆਂ, ਤੇ ਚੌਥੇ ਦਿਨ ਔਰਤ ਨੇ ਤੀਰਅੰਦਾਜ਼ ਨੂੰ ਆਖਿਆ, ਉਹਨੂੰ ਦੱਸੇ ਉਹ ਕਿੱਥੇ ਤੇ ਕਿਸ ਕੰਮ ਜਾ ਰਿਹਾ ਸੀ।

"ਮੇਰੇ ਤੋਂ ਕਿਸੇ ਗਲ ਦਾ ਲੁਕਾ ਨਾ ਰਖੀਂ," ਉਹਨੇ ਆਖਿਆ।

ਤੀਰਅੰਦਾਜ਼ ਨੇ ਨਿੱਕੇ ਜਿਹੇ ਕਦ ਵਾਲੀ ਔਰਤ ਨੂੰ ਸਾਰਾ ਕੁਝ ਦਸਿਆ, ਉਹ ਕਿਥੇ ਤੇ ਕਿਸ ਕੰਮ ਜਾ ਰਿਹਾ ਸੀ, ਤੇ ਨਿੱਕੇ ਜਿਹੇ ਕਦ ਵਾਲੀ ਔਰਤ ਨੇ ਉਹਦੀ ਕਹਾਣੀ ਸੁਣੀ, ਸਿਰ ਹਿਲਾਇਆ ਤੇ ਕਹਿਣ ਲਗੀ:

"ਤੂੰ ਜਿਹੜੀ ਥਾਂ ਜਾ ਰਿਹੈਂ, ਮੈਨੂੰ ਉਹਦਾ ਅਤਾ-ਪਤਾ ਨਹੀਂ। ਮੈਂ ਆਪਣੇ ਮਦਦਗਾਰਾਂ ਤੋਂ ਪੁਛਣੀ ਆਂ।"

ਤੇ ਉਹਨੇ ਆਪਣਾ ਸੁਨਹਿਰੀ ਸਿੰਙ ਫੜਿਆ, ਆਪਣੇ 'ਕੀਬੀਤਕੇ' ਤੋਂ ਬਾਹਰ ਗਈ ਤੇ ਉਹਨੂੰ ਉਚੀ ਸਾਰੀ ਵਜਾਇਆ।

ਉਹਦੇ ਵਿਚੋਂ ਇਕ ਸੌ ਅਠ ਉਦਾਸੀ ਦੀਆਂ ਸੁਰਾਂ ਤੇ ਬਾਠ ਖ਼ੁਸ਼ੀ ਦੀਆਂ ਸੁਰਾਂ ਨਿਕਲੀਆਂ, ਤੇ ਇਕਦਮ ਹੀ ਉਥੇ ਸਤੈਪੀ ਤੇ ਜੰਗਲ ਦੇ ਸਾਰੇ ਜੰਗਲੀ ਜਾਨਵਰ, ਅਸਮਾਨ ਦੇ ਪੰਛੀ, ਜ਼ਮੀਨ ਹੇਠਲੇ ਕੀੜੇ ਤੇ ਸਭੋ ਜਿਊਂਦੀਆਂ ਚੀਜ਼ਾਂ ਭਜਦੀਆਂ, ਉਡਦੀਆਂ, ਰੀਂਗਦੀਆਂ ਤੇ ਟਪੋਸੀਆਂ ਮਾਰਦੀਆਂ ਆ ਗਈਆਂ। ਉਹ ਆਈਆਂ ਤੇ ਉਹਨਾਂ ਨਿੱਕੇ ਜਿਹੇ 'ਕੀਬੀਤਕੇ' ਦੀ ਮਾਲਕਨ, ਨਿੱਕੇ ਜਿਹੇ ਕਦ ਵਾਲੀ ਔਰਤ, ਦੁਆਲੇ ਝੁਰਮਟ ਪਾ ਲਿਆ।

ਨਿੱਕੇ ਜਿਹੇ ਕਦ ਵਾਲੀ ਔਰਤ ਨੇ ਆਖਿਆ:

"ਪਸ਼ੂਓ ਤੇ ਪੰਛੀਓ, ਤੁਸੀਂ ਜਿਹੜੇ ਹਰ ਥਾਂ ਪਹੁੰਚਦੇ ਹੋ, ਜਿਹੜੇ ਦੂਰ-ਦੂਰ ਤਕ ਦੌੜ ਤੇ ਦੂਰ-ਦੂਰ ਤਕ ਉਡ ਅਪੜਦੇ ਹੋ, ਤੁਹਾਡੇ 'ਚੋਂ ਕੋਈ ਇਹੋ ਜਿਹਾ ਹੈ, ਜਿਹਨੂੰ ਇਹ ਪਤਾ ਹੋਵੇ, ਉਹ ਚੀਜ਼ ਕਿੱਥੇ ਹੁੰਦੀ ਏ ਜਿਦ੍ਹੀ ਸ਼ਕਲ ਨਹੀਂ, ਸੂਰਤ ਨਹੀਂ ਤੇ ਥਾਂ ਨਹੀਂ? ਉਹ ਜਿਹਨੂੰ ਪਤਾ ਏ, ਅਗੇ ਆ ਜਾਏ ਤੇ ਕਹੇ: 'ਮੈਨੂੰ ਪਤੈ', ਤੇ ਉਹ ਜਿਨ੍ਹਾਂ ਨੂੰ ਪਤਾ ਨਹੀਂ ਕਹਿਣ, 'ਸਾਨੂੰ ਨਹੀਂ ਪਤਾ' ਤਾਂ ਫੇਰ ਤੁਸੀਂ ਸਾਰੇ ਵਾਪਸ ਜਾ ਸਕਦੇ ਹੋ, ਜਿਥੋਂ-ਜਿਥੋਂ ਵੀ ਤੁਸੀਂ ਆਏ ਸਾਓ।"

ਪੰਛੀਆਂ ਨੇ ਆਖਿਆ:

"ਸਾਨੂੰ ਨਹੀਂ ਪਤਾ!" ਤੇ ਉਹ ਇਕਦਮ ਉਡ ਗਏ।

ਪਸ਼ੂਆਂ ਨੇ ਕਿਹਾ :

"ਸਾਨੂੰ ਨਹੀਂ ਪਤਾ!" ਤੇ ਇਕਦਮ ਸਤੈਪੀ ਤੇ ਜੰਗਲਾਂ ਨੂੰ ਭਜ ਗਏ।

ਕੀੜਿਆਂ ਤੇ ਕਿਰਮਾਂ ਨੇ ਆਖਿਆ :

"ਸਾਨੂੰ ਨਹੀਂ ਪਤਾ!" ਤੇ ਇਕਦਮ ਰੀਂਗ ਟੁਰੇ।

ਫੇਰ ਨਿੱਕੇ ਜਿਹੇ ਕਦ ਵਾਲੀ ਔਰਤ ਨੇ ਆਪਣਾ ਸਿੰਙ ਚੁਕਿਆ ਤੇ ਇਕ ਵਾਰੀ ਫੇਰ ਵਜਾਇਆ, ਤੇ ਉਹਦੇ ਵਿਚੋਂ ਇਕ ਸੌ ਅਠ ਉਦਾਸੀ ਦੀਆਂ ਤੇ ਬਾਠ ਖੁਸ਼ੀ ਦੀਆਂ ਸੁਰਾਂ ਨਿਕਲੀਆਂ, ਤੇ ਪਾਣੀ ਵਿਚ ਰਹਿੰਦੇ ਸਭਨਾਂ ਜੀਵਾਂ ਨੇ ਉਹਦੇ ਦੁਆਲੇ ਆ ਝੁਰਮਟ ਪਾਇਆ : ਮੱਛੀਆਂ ਤੇ ਕੱਛੂ-ਕੁੰਮਿਆਂ ਨੇ, ਡੱਡੂਆਂ, ਸੱਪਾਂ ਤੇ ਕੇਕੜਿਆਂ ਨੇ।

ਨਿੱਕੇ ਜਿਹੇ 'ਕੀਬੀਤਕੇ' ਦੀ ਮਾਲਕਨ, ਨਿੱਕੇ ਜਿਹੇ ਕਦ ਵਾਲੀ ਔਰਤ, ਨੇ ਆਖਿਆ :

"ਸੱਪੋ ਤੇ ਮੱਛੀਓ, ਤੁਸੀਂ ਜਿਹੜੇ ਹਰ ਥਾਂ ਪਹੁੰਚਦੇ ਹੋ, ਜਿਹੜੇ ਦੁਰਾਡੇ ਪਾਣੀਆਂ 'ਚ ਤਰਦੇ ਫਿਰਦੇ ਹੋ, ਤੁਸੀਂ ਸਾਰਾ ਕੁਝ ਜਾਣਦੇ ਹੋ ਤੇ ਸਾਰਾ ਕੁਝ ਸੁਣਦੇ ਹੋ, ਮੈਨੂੰ ਜਵਾਬ ਦਿਓ : ਤੁਹਾਡੇ 'ਚੋਂ ਕੋਈ ਹੈ, ਜਿਹਨੂੰ ਪਤਾ ਹੋਵੇ, ਉਹ ਚੀਜ਼ ਕਿਥੇ ਹੁੰਦੀ ਏ, ਜਿਦ੍ਹੀ ਕੋਈ ਸ਼ਕਲ ਨਹੀਂ, ਸੂਰਤ ਨਹੀਂ, ਥਾਂ ਨਹੀਂ? ਉਹ ਜਿਹਨੂੰ ਪਤਾ ਏ, ਅਗੇ ਆ ਜਾਏ ਤੇ ਕਹੇ, 'ਮੈਨੂੰ ਪਤੈ,' ਤੇ ਉਹ ਜਿਨ੍ਹਾਂ ਨੂੰ ਪਤਾ ਨਹੀਂ, ਕਹਿਣ, 'ਸਾਨੂੰ ਨਹੀਂ ਪਤਾ', ਤੇ ਫੇਰ ਤੁਸੀਂ ਸਾਰੇ ਵਾਪਸ ਜਾ ਸਕਦੇ ਹੋ, ਜਿਥੋਂ-ਜਿਥੋਂ ਤੁਸੀਂ ਆਏ ਸਾਓ।"

"ਸਾਨੂੰ ਨਹੀਂ ਪਤਾ! ਸਾਨੂੰ ਨਹੀਂ ਪਤਾ! ਸਾਨੂੰ ਨਹੀਂ ਪਤਾ!" ਮੱਛੀਆਂ, ਕੱਛੂ-ਕੁੰਮੇ, ਸੱਪ, ਡੱਡੂ ਤੇ ਕੇਕੜੇ ਕੂਕੇ, ਤੇ ਆਪਣੀਆਂ ਝੀਲਾਂ, ਦਰਿਆਵਾਂ ਤੇ ਦਲਦਲਾਂ ਨੂੰ ਮੁੜ ਗਏ।

ਸਿਰਫ਼ ਇਕ ਵਡਾ ਸਾਰਾ ਕੇਕੜਾ ਨਾ ਗਿਆ। ਉਹ ਪਹਿਲਾਂ ਪਾਣੀ ਵਲ ਰੀਂਗਣ ਲਗਾਂ, ਫੇਰ ਵਾਪਸ 'ਕੀਬੀਤਕੇ' ਵਲ ਤੇ ਫੇਰ ਪਾਣੀ ਵਲ ਨੂੰ ਮੁੜ ਗਿਆ।

ਨਿੱਕੇ ਜਿਹੇ 'ਕੀਬੀਤਕੇ' ਦੀ ਮਾਲਕਨ, ਨਿੱਕੇ ਜਿਹੇ ਕਦ ਵਾਲੀ ਔਰਤ, ਨੇ ਇਹ ਵੇਖ ਕਿ ਕੇਕੜੇ ਤੋਂ ਫ਼ੈਸਲਾ ਨਹੀਂ ਸੀ ਹੋ ਰਿਹਾ, ਉਹ ਕੀ ਕਰੇ, ਕਹਿਣ ਲਗੀ।

"ਤੂੰ ਸਾਰਿਆਂ ਕੇਕੜਿਆਂ ਦਾ ਖਾਨ ਏਂ, ਹੈਂ ਨਾ?"

"ਹਾਂ ਮੈਂ," ਕੇਕੜੇ ਨੇ ਜਵਾਬ ਦਿਤਾ।

"ਕੀ ਪਤਾ ਈ? ਕੀ ਸੁਣਿਆ ਈ? ਕੀ ਕਹਿਣਾ ਚਾਹੁੰਨੈਂ? ਬੋਲ ਸਹੀ ਤੂੰ, ਭਾਵੇਂ ਸਚ ਹੋਵੇ, ਭਾਵੇਂ ਝੂਠ।"

ਕੇਕੜੇ ਨੇ ਆਖਿਆ :

"ਮੈਨੂੰ ਪਤਾ ਨਹੀਂ, ਜੁ ਮੈਂ ਕਹਿ ਰਿਹਾਂ, ਸਚ ਏ ਕਿ ਨਹੀਂ।"

"ਭਾਵੇਂ ਇੰਜ ਈ ਹੋਵੇ, ਪਰ ਜੁ ਤੂੰ ਕਹਿਣੈਂ, ਤੈਨੂੰ ਕਹਿਣਾ ਚਾਹੀਦੈ," ਨਿੱਕੇ ਜਿਹੇ ਕੀਬੀਤਕੇ' ਦੀ ਮਾਲਕਨ, ਨਿੱਕੇ ਜਿਹੇ ਕਦ ਵਾਲੀ ਔਰਤ, ਨੇ ਜ਼ੋਰ ਦਿਤਾ।

"ਹੱਛਾ," ਕੇਕੜਾ ਕਹਿਣ ਲਗਾ," ਉਹ ਜਿਹੜਾ ਉਹ ਚੀਜ਼ ਲਭ ਰਿਹੈ ਜਿਦ੍ਹੀ ਸ਼ਕਲ ਨਹੀਂ, ਸੂਰਤ ਨਹੀਂ, ਥਾਂ ਨਹੀਂ, ਦੱਖਣ ਵਲ ਜਾਵੇ, ਮਹੀਨੇ ਦੇ ਸਫ਼ਰ ਪਿਛੋਂ ਉਹ ਇਕ ਵਡੇ ਸਾਰੇ ਸਮੁੰਦਰ ਕੋਲ ਪਹੁੰਚ ਜਾਵੇਗਾ। ਜੇ ਉਹਦੇ ਕੋਲ ਸਮੁੰਦਰ ਪਾਰ ਨਾ ਕੀਤਾ ਜਾਵੇ, ਉਹ ਪੱਛਮ ਵਲ ਮੁੜ ਜਾਵੇ ਤੇ ਇਕ ਹੋਰ ਮਹੀਨੇ ਦੇ ਸਫ਼ਰ ਪਿਛੋਂ ਉਹ ਇਕ ਪੱਤਣ ਕੋਲ ਪਹੁੰਚ ਪਵੇਗਾ। ਜਦੋਂ ਉਹ ਸਮੁੰਦਰ ਪਾਰ ਕਰ ਲਵੇ ਤੇ ਸਾਹਮਣੇ ਕੰਢੇ

ਪਹੁੰਚ ਜਾਵੇ, ਉਹ ਇਕ ਚੌੜੇ ਰਾਹ ਤੇ ਅਪੜੇਗਾ। ਇਹ ਰਾਹ ਦੱਖਣ ਵਲ ਜਾਂਦੈ। ਜੇ ਉਹ ਇਸ ਰਾਹੇ ਮਹੀਨਾ ਭਰ ਟੁਰਦਾ ਜਾਵੇ, ਉਹਨੂੰ ਆਪਣੇ ਪੂਰਬ ਵਲ ਇਕ ਬਹੁਤ ਵਡਾ ਸੰਘਣਾ ਜੰਗਲ ਦਿੱਸੇਗਾ। ਰਾਹ ਤੋਂ ਦੋ ਪਹੀਆਂ ਵਾਲਾ ਇਕ ਪਿਹਾ ਜੰਗਲ ਵਲ ਜਾਂਦੈ। ਓਥੇ ਰਾਹ ਖ਼ਤਮ ਹੋ ਜਾਂਦੈ। ਉਸ ਤੋਂ ਅਗੇ ਕੀ ਏ, ਮੈਨੂੰ ਪਤਾ ਨਹੀਂ।"

ਤੇ ਇਹ ਆਖ, ਕੇਕੜਾ ਰੀਂਗਦਾ-ਰੀਂਗਦਾ ਆਪਣੀ ਝੀਲ ਵਲ ਚਲਾ ਗਿਆ।

"ਤੇ ਹਾਂ, ਬਹਾਦਰ ਤੀਰਅੰਦਾਜ਼ਾ, ਸੁਣਿਆ ਸਾਈ, ਜੁ ਕੇਕੜਿਆਂ ਦੇ ਖਾਨ ਨੇ ਕਿਹਾ ਸੀ?" ਨਿੱਕੇ ਜਿਹੇ ਕਦ ਵਾਲੀ ਔਰਤ ਨੇ ਪੁਛਿਆ।

"ਸੁਣਿਆ ਸੀ," ਤੀਰਅੰਦਾਜ਼ ਨੇ ਜਵਾਬ ਦਿਤਾ।

"ਤਾਂ ਤੈਨੂੰ ਆਪਣੇ ਰਾਹੇ ਚਲ ਪੈਣਾ ਚਾਹੀਦੈ। ਸ਼ਾਇਦ ਜੁ ਤੂੰ ਢੂੰਡ ਰਿਹੈਂ, ਤੈਨੂੰ ਲਭ ਪਵੇ। ਇਹਦਾ ਹੋਰ ਕਿਸੇ ਨੂੰ ਕੁਝ ਵੀ ਪਤਾ ਨਹੀਂ। ਹੁਣ ਤੋਂ ਤੈਨੂੰ ਆਪਣਾ ਖ਼ਿਆਲ ਆਪ ਰਖਣਾ ਪਵੇਗਾ!"

ਉਹਨੇ ਤੀਰਅੰਦਾਜ਼ ਨੂੰ ਖਾਣ-ਪੀਣ ਦੀਆਂ ਚੀਜ਼ਾਂ ਦਿਤੀਆਂ, ਤਿਆਰੀ ਵਿਚ ਉਹਦਾ ਹਥ ਵਟਾਇਆ, ਤੇ ਤੀਰਅੰਦਾਜ਼ ਉਸ ਤੋਂ ਵਿਦਾ ਹੋ, ਆਪਣੇ ਸਫ਼ਰ ਉਤੇ ਟੁਰ ਪਿਆ।

ਉਹ ਦਿਨ ਪਿਛੋਂ ਦਿਨ, ਅਗੇ ਹੀ ਅਗੇ ਟੁਰਦਾ ਗਿਆ, ਕਦੀ ਇਕ ਪਲ ਤਕ ਨਹੀਂ ਅਟਕਿਆ ਜਦੋਂ ਅਖ਼ੀਰ ਸਮੁੰਦਰ ਕੋਲ ਪਹੁੰਚਿਆ, ਉਹਨੂੰ ਪੂਰਾ ਮਹੀਨਾ ਹੋ ਗਿਆ ਸੀ। ਉਹਨੇ ਉਹਦੇ ਪਾਰ ਵਲ ਝਾਤ ਮਾਰੀ ਤੇ ਇਹ ਮਹਿਸੂਸ ਕਰਦਿਆਂ, ਉਹਨੂੰ ਉਹ ਕਦੀ ਵੀ ਪਾਰ ਨਹੀਂ ਕਰ ਸਕੇਗਾ, ਉਹ ਪੱਛਮ ਵਲ ਹੋ ਪਿਆ ਤੇ ਕੰਢੇ ਦੇ ਨਾਲ-ਨਾਲ ਟੁਰਨ ਲਗ ਪਿਆ। ਮਹੀਨੇ ਭਰ ਦੇ ਸਫ਼ਰ ਪਿਛੋਂ ਉਹ ਇਕ ਪੱਤਣ ਕੋਲ ਪਹੁੰਚਿਆ, ਉਹਨੇ ਸਮੁੰਦਰ ਪਾਰ ਕੀਤਾ ਤੇ ਪਾਰਲੇ ਕੰਢੇ ਵਾਲਾ ਚੌੜਾ ਰਾਹ ਲਭਿਆ ਤੇ ਉਹਦੇ ਉਤੇ ਇਕ ਮਹੀਨਾ ਹੋਰ ਟੁਰਦਾ ਰਿਹਾ। ਅਖ਼ੀਰ ਉਹਨੂੰ ਆਪਣੇ ਸੱਜੇ ਹਥ ਇਕ ਬਹੁਤ ਵਡਾ, ਸੰਘਣਾ ਜੰਗਲ ਦਿਸਿਆ ਤੇ ਉਹ, ਇਕ ਪਲ ਵੀ ਅਟਕਿਆਂ ਬਿਨਾਂ, ਉਸ ਪਾਸੇ ਟੁਰ ਪਿਆ, ਤੇ ਅਖ਼ੀਰ ਉਹ ਇਕ ਚੌੜੇ, ਦੋ ਪਹੀਆਂ ਵਾਲੇ ਪਹੇ 'ਤੇ ਅੱਪੜ ਪਿਆ। ਉਹ ਰਾਹ ਤੋਂ ਮੁੜ ਗਿਆ ਤੇ ਪਹੇ ਉਤੇ ਪੈ ਗਿਆ, ਤੇ ਜਦੋਂ ਛੇਕੜ ਉਹ ਜੰਗਲ ਤਕ ਪਹੁੰਚਿਆਂ, ਤਿੰਨ ਦਿਨ ਤੇ ਤਿੰਨ ਰਾਤਾਂ ਲੰਘ ਚੁਕੀਆਂ ਸਨ।

ਉਹ ਜੰਗਲ ਵਿਚ ਵੜ ਗਿਆ ਤੇ ਉਹਨੇ ਤਕਿਆ, ਦੋ ਪਹੀਆਂ ਵਾਲਾ ਪਿਹਾ ਦਰਖ਼ਤਾਂ ਵਿਚੋਂ ਦੀ ਹੁੰਦਾ ਜਾ ਰਿਹਾ ਸੀ। ਉਹ ਉਹਦੇ ਨਾਲ-ਨਾਲ ਟੁਰਦਾ ਗਿਆ ਜਦੋਂ ਤਕ ਕਿ ਉਹ ਇਕ ਪਾਰ ਨਾ ਕੀਤੇ ਜਾ ਸਕਣ ਵਾਲੇ ਝਾੜ ਕੋਲ ਆ ਇਕਦਮ ਹੀ ਗ਼ਾਇਬ ਨਾ ਹੋ ਗਿਆ। ਫੇਰ ਤੀਰਅੰਦਾਜ਼ ਝਾੜ ਵਿਚੋਂ ਆਪਣਾ ਰਾਹ ਲੱਭਣ ਲਗਾ। ਓਥੋਂ ਦੇ ਦਰਖ਼ਤ ਲੰਮੇ ਤੇ ਹਨੇਰੇ ਸਨ, ਉਹਨਾਂ ਆਪਣੀਆਂ ਟਾਹਣੀਆਂ ਨਾਲ ਅਸਮਾਨ ਇਸ ਤਰ੍ਹਾਂ ਕਜਿਆ ਹੋਇਆ ਸੀ ਕਿ ਸੂਰਜ ਦੀ ਇਕ ਵੀ ਕਿਰਨ ਜਾਂ ਚਾਨਣ ਦੀ ਝਲਕ ਅੰਦਰ ਨਹੀਂ ਸੀ ਆਉਂਦੀ। ਕਿਸੇ ਥਾਂ ਵੀ ਕੋਈ ਡੰਡੀ ਜਾਂਦੀ ਨਹੀਂ ਸੀ ਦਿਸਦੀ: ਨਾ ਅਗੇ ਵਲ, ਨਾ ਹੀ ਸੱਜੇ ਹਥ, ਨਾ ਹੀ ਖੱਬੇ ਹਥ। ਤੀਰਅੰਦਾਜ਼ ਅਟਕ ਗਿਆ ਤੇ ਆਪਣੇ ਆਪ ਨੂੰ ਕਹਿਣ ਲਗਾ:

"ਕਰਾਂ ਤੇ ਕੀ ਕਰਾਂ? ਮੈਂ ਏਨੀ ਦੂਰ ਆ ਗਿਆ ਹੋਇਆਂ ਕਿ ਹੁਣ ਵਾਪਸ ਨਹੀਂ ਜਾ ਸਕਦਾ।"

ਉਹਨੇ ਚੁਪਾਸੀਂ ਨਜ਼ਰ ਮਾਰੀ ਤੇ ਅਚਣਚੇਤੀ ਹੀ ਉਹਨੂੰ ਜ਼ਮੀਨ ਵਿਚ ਇਕ ਮੋਰਾ ਦਿਸਿਆ। ਉਹ ਮੋਰੇ ਵਿਚ ਉਤਰ ਗਿਆ, ਤੇ ਜਦੋਂ ਉਹਨੇ ਵੇਖਿਆ, ਉਹ ਇਕ ਜ਼ਮੀਨ ਹੇਠਾਂ ਬਣੇ ਹੋਏ ਲਾਂਘੇ ਵਿਚ ਖਲੋਤਾ ਸੀ, ਉਹਨੇ ਰਾਹ ਟੋਹ-ਟੋਹ ਅਗੇ ਜਾਣਾ ਸ਼ੁਰੂ ਕੀਤਾ। ਉਹ ਅਗੇ ਹੀ ਅਗੇ ਟੁਰਦਾ ਗਿਆ ਤੇ ਅਖ਼ੀਰ ਇਕ

ਝੁੱਗੀ ਕੋਲ ਪਹੁੰਚਿਆ, ਜਿਹੜੀ ਮਿੱਟੀ ਵਿਚੋਂ ਪੁੱਟੀ ਹੋਈ ਸੀ। ਉਹ ਝੁੱਗੀ ਵਿਚ ਵੜ ਗਿਆ ਤੇ ਚੁਪਾਸੀਂ ਵੇਖਣ ਲਗਾ, ਪਰ ਓਥੇ ਕੋਈ ਵੀ ਨਹੀਂ ਸੀ। ਉਹਨੇ ਕੰਨ ਲਾਏ, ਪਰ ਉਹਨੂੰ ਕੋਈ ਆਵਾਜ਼ ਨਾ ਸੁਣੀਤੀ। ਪਰ ਤਾਂ ਵੀ ਉਹਨੂੰ ਦਿਸ ਰਿਹਾ ਸੀ, ਕੋਈ ਨਾ ਕੋਈ ਉਸ ਥਾਂ 'ਤੇ ਆਉਂਦਾ ਰਹਿੰਦਾ ਸੀ।

"ਪਤਾ ਨਹੀਂ ਕੌਣ ਰਹਿੰਦੇ ਏਥੇ," ਤੀਰਅੰਦਾਜ਼ ਨੇ ਸੋਚਿਆ, "ਪਰ ਮੈਨੂੰ ਧਿਆਨ ਰਖਣਾ ਚਾਹੀਦੈ, ਮਤੇ ਐਵੇਂ ਫਸ-ਫਸਾ ਨਾ ਜਾਵਾਂ।"

ਤੇ ਕੰਧ ਵਿਚ ਇਕ ਡੂੰਘੀ ਮਹਿਰਾਬ ਵੇਖ, ਉਹ ਰੀਂਗ ਉਹਦੇ ਵਿਚ ਵੜ ਗਿਆ ਤੇ ਇਕਦਮ ਡੂੰਘੀ ਨੀਂਦਰੇ ਸੌਂ ਗਿਆ।

ਸੁੱਤਿਆਂ-ਸੁੱਤਿਆਂ ਉਹਨੇ ਗੱਡੇ ਦੇ ਪਹੀਆਂ ਦੀ ਖੜ-ਖੜ ਸੁਣੀ, ਤੇ ਆਵਾਜ਼ ਏਨੀ ਉਚੀ ਸੀ ਕਿ ਉਹਨੂੰ ਪਤਾ ਲਗ ਗਿਆ, ਇਹ ਗੱਡਾ ਕੋਈ ਆਮ ਗੱਡਾ ਨਹੀਂ ਸੀ।

ਉਹਨੇ ਆਪਣੇ ਆਪ ਨੂੰ, ਜਿੰਨੀ ਵੀ ਚੰਗੀ ਤਰ੍ਹਾਂ ਲੁਕਾਇਆ ਜਾ ਸਕਦਾ ਸੀ, ਲੁਕਾ ਲਿਆ, ਉਹ ਇਹ ਸੋਚਦਾ, "ਖ਼ਬਰੇ, ਹੁਣ ਕੀ ਹੋਵੇਗਾ," ਚੂਹੇ ਵਾਂਗ ਅਡੋਲ ਹੋ ਪੈ ਗਿਆ।

ਪਹਿਲੋਂ ਉਹਨੇ ਸੁਣਿਆ, ਗੱਡਾ ਝੁੱਗੀ ਦੇ ਬੂਹੇ ਸਾਹਮਣੇ ਆ ਖਲੋਤਾ ਸੀ, ਤੇ ਫੇਰ ਬਹੁਤ ਹੀ ਡਰਾਉਣੇ ਮੂੰਹ-ਸੁਹਾਂਦਰੇ ਵਾਲਾ ਇਕ ਨੌਜਵਾਨ ਦਿਓ ਅੰਦਰ ਆਣ ਵੜਿਆ। ਉਹਨੇ ਵਧੀਆ ਕਪੜੇ ਪਾਏ ਹੋਏ ਸਨ, ਤੇ ਉਹਦੀ ਪੇਟੀ ਤੋਂ ਕੀਮਤੀ ਹਥਿਆਰ ਲਮਕ ਰਹੇ ਸਨ। ਦਿਓ ਨੇ ਆਪਣੇ ਹਥਿਆਰ ਲਾਹ ਲਏ ਤੇ ਉਹਨਾਂ ਨੂੰ ਕੰਧ ਉਤੇ ਟੰਗ ਦਿਤਾ, ਫੇਰ ਉਹਨੇ ਆਪਣੇ ਕਪੜੇ ਲਾਹ ਲਏ ਤੇ ਉਹਨਾਂ ਨੂੰ ਸਾਹਮਣੀ ਕੰਧ ਉਤੇ ਟੰਗ ਦਿਤਾ। ਉਸ ਪਿਛੋਂ ਉਹ ਚੌਕੜੀ ਮਾਰ ਕੇ ਬਹਿ ਤੇ ਬੋਲਿਆ:

"ਆ, ਮੁਰਜ਼ਿਆ, ਭੁੱਖ ਲਗੀ ਏ ਮੈਨੂੰ!"

ਉਹਦੇ ਮੂੰਹੋਂ ਲਫ਼ਜ਼ ਨਿਕਲੇ ਹੀ ਸਨ ਕਿ ਉਹਦੇ ਸਾਹਮਣੇ ਪੀਲੇ ਫੁੱਲਾਂ ਵਾਲਾ ਇਕ ਮੇਜ਼ਪੋਸ਼ ਵਿਛ ਗਿਆ, ਤੇ ਉਹਦੇ ਉਪਰ ਵਧੀਆ ਤੋਂ ਵਧੀਆ ਪਕਵਾਨ ਤੇ ਸ਼ਰਾਬਾਂ ਤੇ ਚੋਣਵੇਂ ਤੋਂ ਚੋਣਵੇਂ ਫਲ, ਹਰ ਚੀਜ਼ ਜਿਹੜੀ ਸੁਆਦ ਦੇਣ ਵਾਲੀ ਸੀ ਤੇ ਦਿਲ ਨੂੰ ਖ਼ੁਸ਼ ਕਰਨ ਵਾਲੀ, ਪਰੋਸੀ ਗਈ।

ਦਿਓ ਨੇ ਢਿਡ ਭਰ ਕੇ ਖਾ-ਪੀ ਲਿਆ ਤੇ ਫੇਰ ਬੋਲਿਆ:

"ਆ, ਮੁਰਜ਼ਿਆ, ਲੈ ਜਾ ਚੁਕ ਕੇ!"

ਤੇ ਇਕਦਮ ਹੀ ਪੀਲੇ ਫੁੱਲਾਂ ਵਾਲਾ ਮੇਜ਼ਪੋਸ਼, ਸਮੇਤ ਆਪਣੀਆਂ ਤਸ਼ਤਰੀਆਂ, ਜੱਗਾਂ ਤੇ ਪਿਆਲਿਆਂ ਦੇ, ਦੁਨੀਆਂ ਵਿਚੋਂ ਇੰਜ ਗਾਇਬ ਹੋ ਗਿਆ, ਜਿਵੇਂ ਕਿਤੇ ਪੰਘਰ ਹੀ ਗਿਆ ਹੋਵੇ।

ਦਿਓ ਨੇ ਆਪਣੇ ਕਪੜੇ ਪਾ ਲਏ, ਆਪਣੇ ਹਥਿਆਰ ਫੜੇ ਤੇ ਜ਼ਮੀਨ-ਹੇਠਲੀ ਝੁੱਗੀ ਵਿਚੋਂ ਨਿਕਲ ਗਿਆ। ਇਕਦਮ ਹੀ ਦੂਰ-ਮੁਕਦੀ ਗੱਡੇ ਦੇ ਪਹੀਆਂ ਦੀ ਗੜ-ਗੜ ਤੇ ਖੜ-ਖੜ ਸੁਣੀਤੀ: ਦਿਓ ਜਾ ਚੁਕਾ ਸੀ।

ਤੀਰਅੰਦਾਜ਼ ਉਸ ਥਾਂ ਤੋਂ ਰੀਂਗ ਬਾਹਰ ਆਇਆ, ਜਿਥੇ ਉਹ ਲੁੱਕਾ ਹੋਇਆ ਸੀ, ਤੇ ਉਹਨੇ ਦੁਆਲੇ ਵੇਖਿਆ, ਪਰ ਉਹਨੂੰ ਨਾ ਕੋਈ ਚੀਜ਼ ਦਿੱਸੀ ਤੇ ਨਾ ਕੋਈ ਬੰਦਾ। ਉਹ ਖਲੋਤਾ ਰਿਹਾ, ਹੈਰਾਨ ਹੁੰਦਾ ਤੇ ਦਿਲ ਹੀ ਦਿਲ ਵਿਚ ਇਹ ਸੋਚਦਾ:

"ਇਹ ਦਿਓ ਕੌਣ ਸੀ, ਜਿਹੜਾ ਏਥੇ ਆਪਣੇ ਗੱਡੇ 'ਚ ਆਇਆ? ਤੇ ਉਹ ਕੌਣ ਸੀ, ਜਿਨ੍ਹੇ ਉਹਦੇ ਅਗੇ ਉਹ ਸਾਰੇ ਵਧੀਆ ਪਕਵਾਨ ਪਰੋਸੇ? ਤੇ ਜਿਹੜਾ ਖਾਣਾ ਉਹਨੇ ਛੁਹਿਆ ਨਹੀਂ ਸੀ, ਉਹ ਗਾਇਬ ਕਿਥੇ ਹੋ ਗਿਆ? ਮੈਂ ਵੀ ਉਹ ਸਾਰਾ ਕੁਝ ਕਰਨ ਦੀ ਕੋਸ਼ਿਸ਼ ਕਰ ਵੇਖਾਂ, ਜੁ ਉਹਨੇ ਕੀਤਾ ਸੀ।"

ਫੇਰ ਤੀਰਅੰਦਾਜ਼ ਨੇ ਆਪਣੇ ਹਥਿਆਰ ਲਾਹੇ ਤੇ ਉਹਨਾਂ ਨੂੰ ਉਸ ਕਿੱਲੀ ਉਤੇ ਟੰਗ ਦਿਤਾ, ਜਿਹੜੀ ਦਿਓ ਨੇ ਵਰਤੀ ਸੀ; ਉਹਨੇ ਆਪਣੇ ਕਪੜੇ ਲਾਹੇ ਤੇ ਉਹਨਾਂ ਨੂੰ ਉਸ ਦੂਜੀ ਕਿੱਲੀ ਉਤੇ ਟੰਗ ਦਿਤਾ, ਜਿਹੜੀ ਦਿਓ ਨੇ ਵਰਤੀ ਸੀ। ਇਸ ਪਿਛੋਂ ਉਹ ਨਮਦੇ ਦੀ ਸਫ਼ ਉਤੇ ਚੌਕੜੀ ਮਾਰ ਕੇ ਬਹਿ ਗਿਆ ਤੇ ਬੋਲਿਆ:

"ਆ, ਮੁਰਜ਼ਿਆ," ਭੁਖ ਲਗੀ ਏ ਮੈਨੂੰ!"

ਇਕਦਮ ਹੀ ਉਹਦੇ ਸਾਹਮਣੇ ਪੀਲੇ ਫੁੱਲਾਂ ਵਾਲਾ ਇਕ ਮੇਜ਼ਪੋਸ਼ ਵਿਛ ਗਿਆ, ਚੋਣਵੇਂ ਤੋਂ ਚੋਣਵੇਂ ਪਕਵਾਨਾਂ ਤੇ ਵਧੀਆ ਤੋਂ ਵਧੀਆ ਸ਼ਰਾਬਾਂ ਨਾਲ, ਹਰ ਉਸ ਚੀਜ਼ ਨਾਲ ਲਦਿਆ, ਜਿਹੜੀ ਸੁਆਦ ਦੇਣ ਵਾਲੀ ਸੀ ਤੇ ਦਿਲ ਨੂੰ ਖੁਸ਼ ਕਰਨ ਵਾਲੀ।

ਤੀਰਅੰਦਾਜ਼ ਨੇ ਖਾ-ਪੀ ਲਿਆ ਤੇ ਫੇਰ ਬੋਲਿਆ:

"ਮੁਰਜ਼ਿਆ, ਕਿਥੇ ਏਂ? ਆ, ਬਹਿ ਜਾ ਤੇ ਢਿਡ ਭਰ ਕੇ ਖਾ-ਪੀ ਲੈ।"

ਇਹ ਸੁਣ ਮੁਰਜ਼ਾ ਸਾਹਮਣੇ ਆ ਗਿਆ ਤੇ ਇਕਦਮ ਬੈਠ ਗਿਆ ਤੇ ਖਾਣ ਲਗ ਪਿਆ, ਤੇ ਜਦੋਂ ਉਹਨੇ ਮੁਕਾ ਲਿਆ, ਉਹ ਕਹਿਣ ਲਗਾ:

"ਪੂਰੇ ਤੀਹ ਵਰ੍ਹੇ ਮੈਂ ਓਸ ਦਿਓ ਲਈ, ਜਿਹੜਾ ਕੁਝ ਚਿਰ ਹੋਇਆ ਏਥੇ ਸੀ, ਖਾਣਾ-ਪੀਣਾ ਪਰੋਸਦਾ ਰਿਹਾ ਹਾਂ, ਤੇ ਉਹਨੇ ਇਕ ਵਾਰੀ ਵੀ ਮੈਨੂੰ ਆਪਣੇ ਨਾਲ ਖਾਣ-ਪੀਣ ਲਈ ਸੱਦਾ ਨਹੀਂ ਦਿਤਾ। ਤੂੰ ਇੰਜ ਨਹੀਂ ਕੀਤਾ। ਮੈਂ ਤੇਰੇ ਅਗੇ ਇਕੋ ਵਾਰੀ ਪਰੋਸਿਐ, ਤੇ ਤੈਨੂੰ ਮੇਰਾ ਖ਼ਿਆਲ ਆ ਗਿਆ ਤੇ ਤੂੰ ਮੈਨੂੰ ਆਪਣੇ ਖਾਣੇ ਵਿਚ ਹਿੱਸਾ ਵੰਡਾਣ ਲਈ ਸਦ ਲਿਆ। ਤੇਰੇ ਨਾਲ ਮੈਂ ਬਹੁਤਾ ਚੰਗਾ ਰਹਾਂਗਾ। ਮੈਨੂੰ ਆਪਣੇ ਨਾਲ ਲੈ ਜਾ।"

"ਖੁਸ਼ੀ ਨਾਲ ਲਿਜਾਵਾਂਗਾ," ਤੀਰਅੰਦਾਜ਼ ਨੇ ਜਵਾਬ ਦਿਤਾ। "ਬਿਨਾਂ ਜਾਤਿਆਂ, ਹੁਣ ਮੈਨੂੰ ਮਹਿਸੂਸ ਹੋ ਰਿਹੈ, ਮੈਂ ਤੈਨੂੰ ਲਿਆਣ ਤੇ ਢੂੰਡਣ ਲਈ ਈ ਨਿਕਲਿਆ ਸਾਂ ਤੇ ਅਖ਼ੀਰ ਤੂੰ ਮੈਨੂੰ ਇੰਜ ਅਚਣਚੇਤ ਈ ਲਭ ਪਿਆ ਏਂ।"

"ਚੰਗਾ, ਅਜ ਤੋਂ ਮੈਂ ਤੇਰਾ ਹੋਵਾਂਗਾ, ਤੇ ਹਰ ਥਾਂ ਤੇਰੇ ਨਾਲ-ਨਾਲ ਰਹਾਂਗਾ," ਮੁਰਜ਼ੇ ਨੇ ਐਲਾਨ ਕੀਤਾ।

"ਬਹੁਤ ਹੱਛਾ," ਤੀਰਅੰਦਾਜ਼ ਨੇ ਰਾਇ ਮੇਲੀ, "ਇੰਜ ਈ ਸਹੀ।"

ਉਹ ਜ਼ਮੀਨ-ਹੇਠਲੀ ਝੁੱਗੀ ਤੋਂ ਬਾਹਰ ਆ ਗਏ ਤੇ ਇੱਕਠੇ ਟੁਰ ਪਏ, ਮੁਰਜ਼ਾ ਹਰ ਪਲ ਤੀਰਅੰਦਾਜ਼ ਦੇ ਨਾਲ-ਨਾਲ ਰਹਿਣ ਲੱਗਾ, ਪਰ ਰਿਹਾ ਉਹ ਹਰ ਕਿਸੇ ਤੋਂ ਅਦਿਖ ਹੀ।

ਉਹਨਾਂ ਨੂੰ ਰਾਹ ਵਿਚ ਬਹੁਤਾ ਵਕਤ ਲਗਾ ਜਾਂ ਥੋੜਾ ਵਕਤ ਲਗਾ, ਇਹਦੀ ਕਿਸੇ ਨੂੰ ਖਬਰ ਨਹੀਂ, ਪਰ ਚਾਣਚਕ ਹੀ ਉਹਨਾਂ ਨੂੰ ਪਹੀਆਂ ਦੇ ਉਚੀ-ਉਚੀ ਖੜ-ਖੜ ਕਰਨ ਦੀ ਆਵਾਜ਼ ਸੁਣੀਤੀ।

ਮੁਰਜ਼ੇ ਨੇ ਤੀਰਅੰਦਾਜ਼ ਨੂੰ ਆਖਿਆ:

"ਇਹ ਮੇਰਾ ਪਹਿਲਾਂ ਵਾਲਾ ਮਾਲਕ ਆ ਰਿਹੈ, ਆਪਣੇ ਅਠ ਕਾਲੇ ਘੋੜਿਆਂ ਉਤੇ, ਜਿਨ੍ਹਾਂ ਦੇ ਸਿਰਾਂ 'ਤੇ ਚਿੱਟੇ ਤਾਰੇ ਨੇ। ਜ਼ਰੂਰ ਭੁਖ ਲਗੀ ਹੋਏਗੀ ਸੂ, ਤੇ ਮੈਨੂੰ ਆਵਾਜ਼ ਦੇਵੇਗਾ ਪਰੋਸਣ ਲਈ, ਪਰ ਉਹਦੀ ਆਵਾਜ਼ ਦਾ ਜਵਾਬ ਦੇਣ ਲਈ ਓਥੇ ਕੋਈ ਨਹੀਂ ਹੋਣਾ।"

ਉਹ ਅਗੇਂ ਟੁਰਦੇ ਗਏ ਤੇ ਚਿਰਾਕੀਆਂ ਸ਼ਾਮਾਂ ਵੇਲੇ ਇਕ ਅਜਿਹੀ ਥਾਂ ਉਤੇ ਪਹੁੰਚੇ, ਜਿਹੜੀ ਕੁਲ-ਮੁਕੱਲੀ ਤੇ ਵੀਰਾਨ ਲਗਦੀ ਸੀ। ਓਥੇ ਇਕ ਹਨੇਰਾ ਤੇ ਧੁਆਂਖਿਆ ਹੋਇਆ 'ਕੀਬੀਤਕਾ' ਖੜਾ ਸੀ ਤੇ ਉਹਦੇ ਉਤੇ ਪਿਆ ਨਮਦਾ ਘਸਡਿਆ ਤੇ ਛੇਕੋ-ਛੇਕੋ ਹੋਇਆ ਪਿਆ ਸੀ।

ਤੀਰਅੰਦਾਜ਼ 'ਕੀਬੀਤਕੇ' ਅੰਦਰ ਵੜ ਗਿਆ, ਤੇ ਓਥੇ ਉਹਨੂੰ ਇਕ 'ਦਯਾਨਚੀ,' ਇਕ ਦਰਵੇਸ਼, ਦਿਸਿਆ, ਜਿਹੜਾ ਸਿਜਦੇ ਕਰ ਰਿਹਾ ਸੀ ਤੇ ਇਬਾਦਤ ਵਿਚ ਇੰਜ ਡੁੱਬਾ ਹੋਇਆ ਸੀ ਕਿ ਉਹਨੇ ਤੀਰਅੰਦਾਜ਼ ਦੇ ਅੰਦਰ ਆ ਵੜਨ ਵਲ ਉਕਾ ਹੀ ਕੋਈ ਧਿਆਨ ਨਾ ਦਿਤਾ।

''ਪੂਜਨੀਕਾਂ ਦੇ ਪੂਜਨੀਕ 'ਦਯਾਨਚੀ'," ਤੀਰਅੰਦਾਜ਼ ਨੇ ਆਖਿਆ, "ਮੈਂ ਤੈਨੂੰ ਇਕ ਗਲ ਲਈ ਬੇਨਤੀ ਕਰਨਾ ਚਾਹੁਨਾਂ। ਮੈਨੂੰ ਰਾਤ ਆਪਣੇ 'ਕੀਬੀਤਕੇ' 'ਚ ਗੁਜ਼ਾਰ ਲੈਣ ਦੇ।"

'ਦਯਾਨਚੀ' ਨੇ ਆਪਣੀ ਇਬਾਦਤ ਰੋਕੀ ਤੇ ਬੋਲਿਆ:

"ਇਹਨਾਂ ਪਾਸਿਆਂ ਵਲ ਕਦੀ ਕੋਈ ਬੰਦਾ ਨਹੀਂ ਦਿਸਿਆ। ਤੂੰ ਕਿਥੋਂ ਆਇਐਂ ਤੇ ਕਿਥੇ ਜਾ ਰਿਹੈਂ?"

"ਮੈਂ ਆਪਣੇ ਖਾਨ ਦੇ ਹੁਕਮ 'ਤੇ ਦੁਰਾਡੇ ਦੇਸਾਂ ਦੇ ਸਫ਼ਰ 'ਤੇ ਨਿਕਲਿਆ ਹੋਇਆਂ, ਤੇ ਹੁਣ ਮੈਂ ਘਰ ਵਾਪਸ ਜਾ ਰਿਹਾਂ," ਤੀਰਅੰਦਾਜ਼ ਨੇ ਜਵਾਬ ਦਿਤਾ।

'ਦਯਾਨਚੀ' ਨੇ ਆਖਿਆ:

"ਰਾਤ ਏਥੇ ਜੀ ਸਦਕੇ ਗੁਜ਼ਾਰ, ਪਰ ਮੇਰੇ ਕੋਲ ਤੈਨੂੰ ਖਾਣ-ਪੀਣ ਨੂੰ ਪੇਸ਼ ਕਰਨ ਨੂੰ ਕੁਝ ਨਹੀਂ, ਕੋਈ ਮਾਸ ਦਾ ਸ਼ੋਰਬਾ ਨਹੀਂ, ਚਾਹ ਨਹੀਂ, ਉੱਕਾ ਕੁਝ ਨਹੀਂ। ਮੇਰੇ 'ਕੀਬੀਤਕੇ' 'ਚ ਕੋਈ ਭਾਂਡਾ ਜਾਂ ਤਿਪਾਈ ਤਕ ਵੀ ਨਹੀਂ।"

"ਮੈਨੂੰ ਕੋਈ ਚੀਜ਼ ਨਹੀਂ ਚਾਹੀਦੀ," ਤੀਰਅੰਦਾਜ਼ ਨੇ ਜਵਾਬ ਦਿਤਾ। "ਜੁ ਮੈਨੂੰ ਚਾਹੀਦੈ, ਉਹ ਏ ਰਾਤ ਗੁਜ਼ਾਰਨ ਲਈ ਥਾਂ।"

"ਠੀਕ ਏ, ਫੇਰ, ਟਿਕ ਸਕਣੈਂ ਤੂੰ," 'ਦਯਾਨਚੀ' ਨੇ ਆਖਿਆ ਤੇ ਸਿਜਦੇ ਕਰਦਾ ਫੇਰ ਇਬਾਦਤ ਵਿਚ ਰੁਝ ਗਿਆ। ਪਰ ਸੌਣ ਤੋਂ ਐਨ ਪਹਿਲਾਂ ਉਹਨੇ ਆਪਣੀ ਰਸਦ ਕੱਢੀ ਤੇ ਖਾਣ ਲਈ ਬਹਿ ਗਿਆ; ਉਹਦਾ ਖਾਣਾ ਚਟਾਨਾਂ ਦੀਆਂ ਵਿਰਲਾਂ ਵਿਚੋਂ ਇੱਕਠੀਆਂ ਕੀਤੀਆਂ ਰਸਭਰੀਆਂ, ਸੁਕਾਇਆ ਮੇਵਾ ਤੇ ਜੰਗਲ ਤੋਂ ਲਿਆਂਦੇ ਕੰਡਿਆਲੇ ਫਲ ਸਨ।

'ਦਯਾਨਚੀ' ਬੈਠਾ ਖਾ ਰਿਹਾ ਸੀ, ਤੇ ਉਹ ਤੀਰਅੰਦਾਜ਼ ਨੂੰ ਕਹਿਣ ਲਗਾ:

"ਵੇਖਿਆ ਈ, ਮੈਂ ਕੀ ਖਾ ਰਿਹਾਂ? ਏਡਾ ਭੈੜਾ ਖਾਣਾ ਤੈਨੂੰ ਪੇਸ਼ ਕਰਨ ਦੀ ਮੈਨੂੰ ਹਿੰਮਤ ਨਹੀਂ ਹੋ ਰਹੀ। ਨਾਲੇ, ਇਹ ਹੈ ਵੀ ਕਾਫ਼ੀ ਨਹੀਂ। ਮੇਰੇ ਕੋਲ ਫਲ 'ਕੱਠਾ ਕਰਨ ਦਾ ਬਹੁਤ ਵਕਤ ਨਹੀਂ ਹੁੰਦਾ, ਮੈਂ ਇਬਾਦਤ ਜੁ ਕਰਨੀ ਹੁੰਦੀ ਏ।"

ਪਰ ਇਹਦਾ ਤੀਰਅੰਦਾਜ਼ ਉਤੇ ਕੋਈ ਅਸਰ ਨਾ ਹੋਇਆ।

"ਤੂੰ ਆਪਣਾ ਖਾਣਾ ਖਾ," ਉਹਨੇ ਆਖਿਆ, "ਤੇ ਮੈਂ ਆਪਣਾ ਖਾਣਾ ਖਾਵਾਂਗਾ।" ਤੇ ਉਚੀ ਸਾਰੀ ਬੋਲ ਪਿਆ:

"ਆ, ਮੁਰਜ਼ਿਆ, ਭੁਖ ਲਗੀ ਏ ਮੈਨੂੰ!"

ਉਹਦੇ ਮੂੰਹੋਂ ਇਹ ਲਫ਼ਜ਼ ਨਿਕਲੇ ਹੀ ਸਨ ਕਿ ਉਹਦੇ ਸਾਹਮਣੇ ਪੀਲੇ ਫੁੱਲਾਂ ਵਾਲਾ ਇਕ ਕਪੜਾ ਵਿਛ ਗਿਆ, ਜਿਹਦੇ ਉਤੇ ਪਕਵਾਨਾਂ ਦੀਆਂ ਤਸ਼ਤਰੀਆਂ, ਤੇ ਹਰ ਉਹ ਚੀਜ਼ ਪਰੋਸੀ ਪਈ ਸੀ, ਜਹੜੀ ਸੁਆਦ ਦੇਣ ਵਾਲੀ ਸੀ ਤੇ ਦਿਲ ਨੂੰ ਖੁਸ਼ੀ ਦੇਣ ਵਾਲੀ।

ਤੀਰਅੰਦਾਜ਼ ਖਾਣ ਲਈ ਬਹਿ ਗਿਆ ਤੇ 'ਦਯਾਨਚੀ' ਨੂੰ ਕਹਿਣ ਲਗਾ:

"ਤੇ, ਹੁਣ, ਪੂਜਨੀਕਾਂ ਦੇ ਪੂਜਨੀਕ 'ਦਯਾਨਚੀ,' ਮੇਰੇ ਨਾਲ ਸ਼ਰੀਕ ਕਿਉਂ ਨਹੀਂ ਹੁੰਦਾ ਤੇ ਮੇਰਾ ਖਾਣਾ ਕੁਝ ਚਖ ਕੇ ਕਿਉਂ ਨਹੀਂ ਵੇਖਦਾ?"

'ਦਯਾਨਚੀ', ਹੈਰਾਨ ਹੁੰਦਾ, ਤੀਰਅੰਦਾਜ਼ ਦੇ ਨਾਲ ਬਹਿ ਗਿਆ ਤੇ ਖਾਣ ਲਗ ਪਿਆ, ਤੇ ਜੁ ਕੁਝ ਉਹਨੇ ਖਾਧਾ, ਉਹਦੀ ਤਾਰੀਫ਼ ਕਰਨ ਲਗ ਪਿਆ। ਤੇ ਤੀਰਅੰਦਾਜ਼ ਨੇ ਮੁਰਜ਼ੇ ਨੂੰ ਆਵਾਜ਼ ਦਿਤੀ ਤੇ ਉਹਨੂੰ ਵੀ ਦਾਅਵਤ ਵਿਚ ਸ਼ਰੀਕ ਹੋਣ ਲਈ ਸੱਦ ਲਿਆ।

ਜਦੋਂ ਉਹਨਾਂ ਸਾਰਿਆਂ ਨੇ ਢਿਡ ਭਰ ਕੇ ਖਾ ਲਿਆ, ਉਹ ਉਠ ਖਲੋਤੇ, ਤੇ ਤੀਰਅੰਦਾਜ਼ ਬੋਲਿਆ:

"ਚੁਕ ਲੈ, ਮੁਰਜ਼ਿਆ।"

ਤੇ ਇਕਦਮ ਹੀ ਜੁ ਕੁਝ ਵੀ ਪੀਲੇ ਫੁੱਲਾਂ ਵਾਲੇ ਕਪੜੇ ਉਤੇ ਪਿਆ ਸੀ, ਤੇ ਆਪ ਕਪੜਾ ਵੀ, ਗਾਇਬ ਹੋ ਗਿਆ।

'ਦਯਾਨਚੀ' ਜਿਹੜਾ ਆਪਣੇ ਖਾਧੇ ਸੁਆਦੀ ਖਾਣੇ ਤੋਂ ਬਹੁਤ ਖੁਸ਼ ਸੀ, ਤੀਰਅੰਦਾਜ਼ ਦੀਆਂ ਮਿੰਨਤਾਂ ਕਰਨ ਲਗ ਪਿਆ, ਉਹ ਉਹਦੇ ਨਾਲ ਸੌਦਾ ਕਰ ਲਵੇ।

"ਬਹਾਦਰ ਤੀਰਅੰਦਾਜ਼ਾ, ਮਿਹਰਬਾਨੀ ਕਰ ਕੇ ਇਹ ਆਪਣਾ ਮੁਰਜ਼ਾ ਤੇ ਉਹਦਾ ਜਾਦੂ ਦਾ ਕਪੜਾ ਮੈਨੂੰ ਦੇ ਦੇ," ਉਹਨੇ ਹਾੜਾ ਕਢਿਆ। "ਤੈਨੂੰ ਬਦਲੇ 'ਚ ਇਕ ਬਹੁਤ ਵਧੀਆ ਚੀਜ਼ ਮਿਲ ਜਾਏਗੀ।"

"ਨਹੀਂ, ਰਹਿਣ ਦੇ" ਤੀਰਅੰਦਾਜ਼ ਨੇ ਜਵਾਬ ਦਿਤਾ। "ਮੁਰਜ਼ੇ ਦਾ ਮੈਂ ਕਿਸੇ ਕੀਮਤ 'ਤੇ ਵੀ ਸੌਦਾ ਨਹੀਂ ਕਰ ਸਕਦਾ। ਉਹ ਮੈਨੂੰ ਆਪ ਚਾਹੀਦੈ।"

ਪਰ 'ਦਯਾਨਚੀ' ਟਲ ਹੀ ਨਹੀਂ ਸੀ ਰਿਹਾ ਤੇ ਉਹ ਸਾਰੀ ਰਾਤ ਤੀਰਅੰਦਾਜ਼ ਦੀਆਂ ਮਿੰਨਤਾਂ ਕਰਦਾ ਰਿਹਾ।

"ਚਲ, ਬਹਾਦਰ ਤੀਰਅੰਦਾਜ਼ਾ," ਉਹਨੇ ਆਖਿਆ, "ਮੁਰਜ਼ੇ ਦੇ ਵੱਟੇ ਮੈਂ ਤੈਨੂੰ ਕੋਈ ਉਹਦੇ ਨਾਲੋਂ ਵੀ ਕਮਾਲ ਦੀ ਚੀਜ਼ ਦਿਆਂਗਾ।"

"ਮੈਨੂੰ ਦੇ ਕੀ ਸਕਣੈਂ?" ਤੀਰਅੰਦਾਜ਼ ਨੇ ਪੁਛਿਆ।

"ਤੈਨੂੰ ਵਿਖਾਨਾਂ," 'ਦਯਾਨਚੀ' ਨੇ ਆਖਿਆ, ਤੇ ਉਹਨੇ ਇਕ 'ਖਾਦਾਕ', ਲੰਮਾ ਸਾਰਾ ਰੇਸ਼ਮੀ ਰੁਮਾਲ, ਕਢਿਆ, ਤੇ ਤੀਰਅੰਦਾਜ਼ ਨੂੰ ਕਹਿਣ ਲਗਾ, ਉਹਦੇ ਨਾਲ ਬਾਹਰ ਆਵੇ। ਤੀਰਅੰਦਾਜ਼ ਨੇ ਉਵੇਂ ਹੀ ਕੀਤਾ, ਤੇ 'ਦਯਾਨਚੀ' ਨੇ 'ਖਾਦਾਕ' ਨੂੰ ਲਹਿਰਾਇਆ ਤੇ ਬੋਲਿਆ:

"ਬਣ ਜਾਏ, ਮਹਿਲ!"

ਓਸੇ ਹੀ ਪਲ ਉਹਨਾਂ ਦੇ ਸਾਹਮਣੇ ਇਕ ਸ਼ਾਨਦਾਰ ਮਹਿਲ ਬਣ ਗਿਆ, ਉਹਦੀ ਛਤ ਅਸਮਾਨ ਛੁਹੰਦੀ ਲਗਦੀ ਸੀ। ਉਹਦੀ ਖੂਬਸੂਰਤੀ ਇਹੋ ਜਿਹੀ ਸੀ, ਜਿਹੋ ਜਿਹੀ ਪਹਿਲੋਂ ਕਦੀ ਕਿਸੇ ਤੱਕੀ ਨਹੀਂ ਸੀ; ਬਾਹਰੋਂ ਉਹ ਸੋਨੇ ਤੇ ਚਾਂਦੀ ਨਾਲ ਸ਼ਿੰਗਾਰਿਆ ਤੇ ਮੋਗਿਤੀਆਂ, ਮੋਤਿਆਂ ਤੇ ਕੀਮਤੀ ਪਥਰਾਂ ਨਾਲ ਜੜਿਆ ਹੋਇਆ ਸੀ, ਤੇ ਅੰਦਰੋਂ, ਉਹਦੀਆਂ ਥਾਵਾਂ ਤੇ ਸਜਾਵਟਾਂ ਅੱਖਾਂ ਚੁੰਧਿਆ ਦੇਣ ਵਾਲੀਆਂ ਸਨ—ਏਡੀ ਸ਼ਾਨ-ਸ਼ੌਕਤ ਵਡੇ ਤੋਂ ਵਡੇ ਖਾਨਾਂ ਦੇ ਮਹਿਲਾਂ ਦੀ ਵੀ ਨਹੀਂ ਸੀ ਹੁੰਦੀ।

'ਦਯਾਨਚੀ' ਤੀਰਅੰਦਾਜ਼ ਨੂੰ ਕਹਿਣ ਲਗਾ:

"ਬਹਾਦਰ ਤੀਰਅੰਦਾਜ਼ਾ, ਤੂੰ ਨੌਜਵਾਨ ਏਂ, ਤੇ ਤੈਨੂੰ ਮਹਿਲ ਦੀ ਲੋੜ ਪਵੇਗੀ। ਤੇ ਏਧਰ ਮੈਨੂੰ, ਸਿਰਫ਼ ਉਹੀਓ ਚੀਜ਼ ਚਾਹੀਦੀ ਏ, ਜਿਹੜੀ ਜੀਭ ਨੂੰ ਚੰਗੀ ਲਗੀ। ਇਸ ਲਈ ਤੂੰ ਮੇਰਾ 'ਖਾਦਾਕ', ਜਾਦੂ ਦਾ ਰੁਮਾਲ, ਲੈ ਲੈ, ਤੇ ਮੁਰਜ਼ਾ ਤੇ ਉਹਦਾ ਪੀਲੇ ਫੁੱਲਾਂ ਵਾਲਾ ਕਪੜਾ ਮੈਨੂੰ ਲੈ ਲੈਣ ਦੇ।"

"ਨਹੀਂ, ਨਹੀਂ," ਉਹਨੇ ਆਖਿਆ, "ਮੈਂ ਮੁਰਜ਼ਾ ਨਹੀਂ ਛਡ ਸਕਦਾ।"

ਪਰ ਮੁਰਜ਼ੇ ਨੇ ਉਹਦੇ ਕੰਨ ਵਿਚ ਖੁਸਰ-ਫੁਸਰ ਕੀਤੀ:

"ਮੇਰਾ ਸੌਦਾ ਕਰ ਲੈ। ਮਹਿਲ ਤੇਰਾ ਹੋ ਜਾਏਗਾ, ਤੇ ਮੈਂ ਵੀ ਤੇਰਾ ਈ ਹੋਵਾਂਗਾ, ਵੇਖ ਲਈਂ ਤੂੰ।"

ਤੇ ਤੀਰਅੰਦਾਜ਼ ਨੇ ਮੁਰਜ਼ੇ ਦੇ ਕਹੇ ਉਤੇ ਕੰਨ ਧਰੇ ਤੇ 'ਦਯਾਨਚੀ' ਨਾਲ ਸੌਦਾ ਕਰਨਾ ਮੰਨ ਗਿਆ।

ਫੇਰ 'ਦਯਾਨਚੀ' ਨੇ ਆਪਣਾ ਜਾਦੂ ਦਾ ਰੁਮਾਲ ਹਿਲਾਇਆ ਤੇ ਬੋਲਿਆ: "ਗਾਇਬ ਹੋ ਜਾ!" ਤੇ ਇਕਦਮ ਹੀ ਮਹਿਲ ਅਲੋਪ ਹੋ ਗਿਆ।

ਤੇ ਤੀਰਅੰਦਾਜ਼ ਨੇ ਉਹਦੇ ਤੋਂ ਰੁਮਾਲ ਲੈ ਲਿਆ ਤੇ ਬੋਲਿਆ:

"ਹੁਣ ਮੁਰਜ਼ਾ ਤੇਰਾ ਹੋਇਆ।"

ਤੇ 'ਦਯਾਨਚੀ' ਨੂੰ ਅਲਵਿਦਾ ਆਖ ਉਹ ਆਪਣੇ ਰਾਹੇ ਪੈ ਗਿਆ।

ਉਹ ਇਕ ਪਹਾੜੀ ਦੱਰੇ ਕੋਲ ਪਹੁੰਚਿਆ, ਉਹਦੇ ਪਾਸਿਉਂ ਦੇ ਲੰਘ ਗਿਆ ਤੇ ਆਪਣੇ ਆਪ ਨੂੰ ਕਹਿਣ ਲਗਾ:

"ਮੈਂ ਕਾਹਲ ਤੋਂ ਕੰਮ ਲਿਐ। ਮੈਨੂੰ ਇਹ ਵੱਟਾ-ਸੱਟਾ ਨਹੀਂ ਸੀ ਕਰਨਾ ਚਾਹੀਦਾ। ਹੁਣ ਮੇਰੇ ਕੋਲ ਸ਼ਾਨਦਾਰ ਮਹਿਲ ਤਾਂ ਹੈ, ਪਰ ਮੁਰਜ਼ਾ ਕੋਈ ਨਹੀਂ। ਪਤਾ ਨਹੀਂ ਕਿਥੇ ਏ ਉਹ, ਤੇ ਕੀ ਕਰ ਰਿਹੈ?"

ਚਾਣਚਕ ਹੀ ਉਹਨੇ ਆਪ ਮੁਰਜ਼ੇ ਦੀ ਆਵਾਜ਼ ਸੁਣੀ। ਉਹ ਕਹਿ ਰਿਹਾ ਸੀ:

"ਬਹਾਦਰ ਤੀਰਅੰਦਾਜ਼ਾ, ਗ਼ਮ ਨਾ ਕਰ। ਮੈਂ ਤੇਰੇ ਨਾਲ ਹਾਂ। ਮੈਂ ਤੇਰੇ ਤੋਂ ਕਦੀ ਵੀ ਵਖ ਨਹੀਂ ਹੋਣ ਲਗਾ।"

"'ਦਯਾਨਚੀ' ਦਾ ਕੀ ਕੀਤੈ?" ਤੀਰਅੰਦਾਜ਼ ਨੇ ਪੁਛਿਆ।

"ਪਿਆ ਕਰੇ ਇਬਾਦਤਾਂ," ਮੁਰਜ਼ੇ ਨੇ ਜਵਾਬ ਦਿਤਾ। "ਮੈਂ ਉਹਦਾ ਨੌਕਰ ਨਹੀਂ ਬਣਨ ਲਗਾ।"

ਤੀਰਅੰਦਾਜ਼ ਦੀ ਖ਼ੁਸ਼ੀ ਦੀ ਹਦ ਨਾ ਰਹੀ ਤੇ ਉਹ ਅਗੇ ਟੁਰਦਾ ਗਿਆ। ਕਿਸੇ ਵੇਲੇ ਉਹ ਟੁਰਦਾ ਤੇ ਕਿਸੇ ਵੇਲੇ ਉਹ ਭਜ ਪੈਂਦਾ, ਏਡਾ ਉਤਾਵਲਾ ਸੀ, ਉਹ ਘਰ ਆਪਣੀ ਜਵਾਨ ਤੇ ਸੁਹਣੀ ਵਹੁਟੀ ਕੋਲ ਪਹੁੰਚਣ ਨੂੰ। ਉਹ ਅਟਕਿਆਂ ਬਿਨਾਂ ਅਗੇ ਤੇ ਹੋਰ ਅਗੇ ਟੁਰਦਾ ਗਿਆ, ਨਾ ਉਹਨੇ ਦਿਨ ਗਿਣੇ ਤੇ ਨਾ ਰਾਤਾਂ, ਤੇ ਅਖ਼ੀਰ ਉਹ ਸਮੁੰਦਰ ਕੋਲ ਪਹੁੰਚ ਪਿਆ।

"ਜੇ ਸਮੁੰਦਰ ਦਾ ਪੂਰਾ ਚੱਕਰ ਲਾ ਕੇ ਜਾਵਾਂ," ਉਹ ਸੋਚਣ ਲਗਾ, "ਮੈਨੂੰ ਇਕ ਮਹੀਨਾ ਹੋਰ ਸਫ਼ਰ ਕਰਨਾ ਪਵੇਗਾ। ਪਰ ਸ਼ਾਇਦ ਏਥੇ ਮੈਨੂੰ ਕੋਈ ਬੇੜੀ ਵਾਲਾ ਮਿਲ ਪਵੇ।"

ਉਹ ਸਮੁੰਦਰ ਦੇ ਕੰਢੇ-ਕੰਢੇ ਟੁਰਦਾ ਗਿਆ, ਤੇ ਉਹਨੇ ਕੀ ਵੇਖਿਆ, ਇਕ ਵਡਾ ਸਾਰਾ ਜਹਾਜ਼ ਲੰਗਰ ਸੁੱਟੀ ਖੜਾ ਸੀ। ਉਹਦੇ ਉਤੇ ਬਹੁਤ ਸਾਰੇ ਸਿਪਾਹੀ ਚੜ੍ਹੇ ਹੋਏ ਸਨ, ਤੇ ਸਾਰੇ ਪਾਰ ਠਿੱਲਣ ਦੀ ਉਡੀਕ ਕਰ ਰਹੇ ਸਨ। ਤੀਰਅੰਦਾਜ਼ ਨੇੜੇ ਹੋਇਆ ਤੇ ਕਹਿਣ ਲਗਾ:

"ਬਹਾਦਰ ਸਿਪਾਹੀਓ, ਮੈਂ ਦੂਰੋਂ, ਬੜੀ ਦੂਰੋਂ ਆਇਆਂ। ਮੇਰੇ 'ਤੇ ਮਿਹਰਬਾਨੀ ਕਰੋ, ਮੈਨੂੰ ਆਪਣੇ ਨਾਲ ਸਾਹਮਣੇ ਕੰਢੇ ਲੈ ਜਾਓ।"

ਸਿਪਾਹੀਆਂ ਦੇ ਸਰਦਾਰ ਨੇ ਆਖਿਆ:

"ਲੈ ਜਾਂਗੇ ਤੈਨੂੰ, ਚੜ੍ਹ ਆ।"

ਤੀਰਅੰਦਾਜ਼ ਜਹਾਜ਼ ਉਤੇ ਚੜ੍ਹ ਗਿਆ ਤੇ ਸਿਪਾਹੀਆਂ ਨਾਲ ਰਲ ਠਿਲ ਪਿਆ। ਕੁਝ ਚਿਰ ਪਿਛੋਂ ਸਿਪਾਹੀਆਂ ਨੂੰ ਭੁਖ ਲਗ ਪਈ ਤੇ ਉਹ ਖਾਣ ਲਈ ਬਹਿ ਗਏ।

ਤੀਰਅੰਦਾਜ਼ ਨੇ ਆਖਿਆ :

"ਮੈਨੂੰ ਵੀ ਖਾਣ ਨੂੰ ਨਹੀਂ ਦਿਓਗੇ ਕੁਝ ?"

"ਤੇਰਾ ਵੀ ਜਵਾਬ ਨਹੀਂ," ਸਿਪਾਹੀ ਚਿਲਕੇ। "ਤੈਨੂੰ ਅਸੀਂ ਆਪਣੇ ਜਹਾਜ਼ੇ ਚੜ੍ਹ ਲੈਣ ਦਿਤਾ, ਤੇ ਹੁਣ ਨਾਲ ਤੂੰ ਇਹ ਵੀ ਚਾਹੁਣੈਂ, ਤੈਨੂੰ ਖੁਆਈਏ - ਪਿਆਈਏ! ਤੇ ਤੇਰੇ ਤੋਂ ਅਸਾਂ ਲੈਣਾ ਕੀ ਏ ? ਖਾਣ ਨੂੰ ਤੈਨੂੰ ਕੁਝ ਨਹੀਂ ਦੇਣ ਲਗੇ ਅਸੀਂ। ਸਾਨੂੰ ਇਕ - ਇਕ ਬੰਦੇ ਪਿਛੇ ਏਨੀ ਖੁਰਾਕ ਈ ਮਿਲਦੀ ਏ ਕਿ ਅਸੀ ਕਿਸੇ ਨਾਲ ਵੰਡਾ ਨਹੀਂ ਸਕਦੇ।"

ਤੀਰਅੰਦਾਜ਼ ਨੇ ਕਿਹਾ :

"ਤੁਹਾਡੀ ਖੁਰਾਕ ਮਿਣੀ - ਮੇਚੀ ਹੁੰਦੀ ਏ, ਪਰ ਮੇਰੀ ਨਹੀਂ। ਜੇ ਮੈਂ ਚਾਹਵਾਂ, ਤਾਂ ਮੈਂ ਤੁਹਾਨੂੰ ਸਭ ਨੂੰ ਖੁਆ - ਪਿਆ ਸਕਨਾਂ, ਤੇ ਤਾਂ ਵੀ ਤੁਹਾਡੇ ਜਿੰਨੇ ਹੋਰਨਾਂ ਲਈ ਵੀ ਕਾਫ਼ੀ ਕੁਝ ਬਚ ਰਹੇ।"

ਸਿਪਾਹੀਆਂ ਨੂੰ ਅਗ ਲਗ ਗਈ।

"ਸ਼ੇਖੀਖੋਰੇ! ਝੂਠੇ!" ਉਹ ਗੁੱਸੇ ਨਾਲ ਚਿਲਕੇ। ਤੇ ਉਹ ਗਏ ਤੇ ਉਹਨਾਂ ਸਾਰੀ ਗਲ ਆਪਣੇ ਸਰਦਾਰ ਨੂੰ ਜਾ ਸੁਣਾਈ।

"ਮੈਂ ਸੁਣਿਐ, ਤੂੰ ਸ਼ੇਖੀ ਮਾਰਦਾ ਰਿਹੈਂ, ਮੇਰੇ ਸਾਰੇ ਸਿਪਾਹੀਆਂ ਨੂੰ ਤੂੰ ਇਕਦਮ ਖੁਆ - ਪਿਆ ਸਕਣੈਂ ?"

"ਮੈਂ ਸੱਚੀ ਗਲ ਈ ਕਹਿ ਰਿਹਾ ਸਾਂ," ਤੀਰਅੰਦਾਜ਼ ਨੇ ਜਵਾਬ ਦਿਤਾ।

"ਜੇ ਇਹ ਗਲ ਏ, ਤਾਂ ਕਰ ਕੇ ਵਿਖਾ, ਤੇ ਅਸੀਂ ਮੰਨ ਲਵਾਂਗੇ, ਤੂੰ ਈਮਾਨਦਾਰ ਤੇ ਸੱਚਾ ਏਂ। ਪਰ ਜੇ ਤੇਰਾ ਕਿਹਾ ਝੂਠਾ ਨਿਕਲਿਆ, ਤਾਂ ਰਹਿਮ ਦੀ ਆਸ ਨਾ ਰਖੀਂ। ਧੌਣ ਦੁਆਲੇ ਸੰਢੇ ਜਿੱਡਾ ਪੱਥਰ ਬੰਨ੍ਹ ਦਿਆਂਗੇ ਈ ਤੇ ਪਾਣੀ 'ਚ ਸੁਟ ਕੱਢਾਂਗੇ ਤੈਨੂੰ।"

"ਠੀਕ ਏ," ਤੀਰਅੰਦਾਜ਼ ਨੇ ਕਿਹਾ, "ਮੈਂ ਸਾਬਤ ਕਰਨਾਂ, ਮੈਂ ਸਚ ਆਖਿਆ ਸੀ! ਬਹਿ ਜਾਓ, ਸਾਰੇ, ਦੋ ਕਤਾਰਾਂ 'ਚ, ਪਰ ਵੇਖਣਾ ਵਿਚਕਾਰ ਲੰਘਣ ਲਈ ਖੁਲ੍ਹੀ ਥਾਂ ਛਡ ਦੇਣਾ।"

ਜਿਵੇਂ ਤੀਰਅੰਦਾਜ਼ ਨੇ ਕਿਹਾ ਸੀ, ਸਿਪਾਹੀਆਂ ਨੇ ਉਵੇਂ ਹੀ ਕੀਤਾ; ਉਹ ਇਕ ਦੂਜੇ ਦੇ ਆਹਮੋ - ਸਾਹਮਣੇ, ਦੋ ਕਤਾਰਾਂ ਵਿਚ ਬਹਿ ਗਏ, ਤੇ ਉਹ ਏਨੇ ਸਾਰੇ ਸਨ ਕਿ ਕਤਾਰਾਂ ਜਹਾਜ਼ ਦੇ ਇਕ ਸਿਰੇ ਤੋਂ ਦੂਜੇ ਸਿਰੇ ਤਕ ਪਹੁੰਚੀਆਂ ਹੋਈਆਂ ਸਨ।

"ਆ, ਮੁਰਜ਼ਿਆ," ਤੀਰਅੰਦਾਜ਼ ਨੇ ਆਖਿਆ, "ਇਹ ਸਿਪਾਹੀ ਭੁੱਖੇ ਨੇ, ਚੰਗਾ ਖੁਆ - ਪਿਆ ਨੇ!"

ਓਸੇ ਹੀ ਪਲ, ਜਹਾਜ਼ ਦੇ ਇਕ ਸਿਰੇ ਤੋਂ ਦੂਜੇ ਸਿਰੇ ਤਕ, ਦੋਵਾਂ ਕਤਾਰਾਂ ਵਿਚਲੀ ਥਾਂ ਉਤੇ, ਪੀਲੇ ਫੁੱਲਾਂ ਵਾਲਾ ਇਕ ਕਪੜਾ ਵਿਛ ਗਿਆ ਤੇ ਉਹਦੇ ਉਤੇ ਹਰ ਤਰ੍ਹਾਂ ਦੇ ਪਕਵਾਨ ਤੇ ਸ਼ਰਾਬਾਂ, ਬੇਰੀਆਂ ਤੇ ਫਲ, ਗਲ ਕੀ, ਹਰ ਉਹ ਚੀਜ਼ ਪਰੋਸੀ ਪਈ ਸੀ, ਜਿਹੜੀ ਸੁਆਦ ਦੇਣ ਵਾਲੀ ਸੀ ਤੇ ਦਿਲ ਨੂੰ ਖੁਸ਼ੀ ਦੇਣ ਵਾਲੀ।

ਸਿਪਾਹੀਆਂ ਨੇ ਢਿਡ ਭਰ ਕੇ ਖਾਧਾ ਪੀਤਾ, ਪਰ ਖਾਣ ਤੇ ਪੀਣ ਦੀਆਂ ਚੀਜ਼ਾਂ ਨਾ ਘਟੀਆਂ, ਤੇ ਅਜੇ ਵੀ ਏਨਾ ਕੁਝ ਬਚ ਰਿਹਾ ਕਿ ਓਨੇ ਹੀ ਹੋਰ ਜਣਿਆਂ ਨੂੰ ਖੁਆਇਆ - ਪਿਆਇਆ ਜਾ ਸਕਦਾ ਸੀ।

"ਰਜ ਕੇ ਖਾ ਲਿਆ ਜੇ ?" ਤੀਰਅੰਦਾਜ਼ ਨੇ ਪੁਛਿਆ।

"ਆਹਖੋ!" ਸਿਪਾਹੀ ਉਚੀ ਸਾਰੀ ਬੋਲੇ।

"ਚੰਗਾ!" ਤੀਰਅੰਦਾਜ਼ ਬੋਲਿਆ। "ਆ, ਮੁਰਜ਼ਿਆ, ਚੁਕ ਲੈ!"

ਓਸੇ ਹੀ ਪਲ ਹਰ ਚੀਜ਼ ਗਾਇਬ ਹੋ ਗਈ: ਕਪੜਾ ਤੇ ਤਸ਼ਤਰੀਆਂ, ਜਗ ਤੇ ਪਿਆਲੇ।

ਹੈਰਾਨੀ ਨਾਲ ਸਿਪਾਹੀਆਂ ਦੇ ਮੂੰਹ ਖੁਲ੍ਹੇ ਦੇ ਖੁਲ੍ਹੇ ਰਹਿ ਗਏ।

"ਅਸੀਂ ਏਡੀ ਕਮਾਲ ਦੀ ਚੀਜ਼ ਅਗੇ ਕਦੀ ਨਹੀਂ ਵੇਖੀ," ਉਹ ਕਹਿਣ ਲਗੇ।

ਤੇ ਉਹ ਆਪੋ ਵਿਚ ਗੱਲਾਂ ਕਰਨ ਲਗ ਪਏ, ਸੋਚਣ ਦਾ ਜਤਨ ਕਰਨ ਲਗੇ, ਮੁਰਜ਼ੇ ਤੇ ਉਹਦੇ ਜਾਦੂ ਦੇ ਕਪੜੇ ਨੂੰ ਲੈ ਕਿਵੇਂ ਲਿਆ ਜਾਏ।

"ਸਾਡੇ ਅਗੇ ਵੇਚ ਦੇ," ਉਹ ਤੀਰਅੰਦਾਜ਼ ਨੂੰ ਕਹਿਣ ਲਗੇ।

"ਰਹਿਣ ਦਿਓ, ਨਹੀਂ," ਤੀਰਅੰਦਾਜ਼ ਨੇ ਜਵਾਬ ਦਿਤਾ। "ਵਿਕਾਊ ਨਹੀਂ ਉਹ।"

ਤੇ ਭਾਵੇਂ ਉਹਨਾਂ ਕਿੰਨੀਆਂ ਹੀ ਮਿੰਨਤਾਂ ਕੀਤੀਆਂ, ਤੇ ਭਾਵੇਂ ਕਿੰਨਾ ਹੀ ਸੋਨਾ ਕਿਉਂ ਨਾ ਦੇਣਾ ਕੀਤਾ, ਉਹ ਤੀਰਅੰਦਾਜ਼ ਨੂੰ, ਜੁ ਉਹ ਕੁਝ ਕਹਿੰਦੇ ਸਨ, ਕਰਨ ਉਤੇ ਰਾਜ਼ੀ ਨਾ ਕਰ ਸਕੇ।

"ਜੇ ਤੂੰ ਉਹਨੂੰ ਵੇਚਣਾ ਨਹੀਂ ਚਾਹੁੰਦਾ," ਉਹ ਕਹਿਣ ਲਗੇ, "ਤਾਂ ਆ ਫੇਰ ਸੌਦਾ ਕਰ ਲਈਏ। ਅਸੀਂ ਵੱਟੇ 'ਚ ਤੈਨੂੰ ਇਹੋ ਜਿਹੀ ਚੀਜ਼ ਦਿਆਂਗੇ, ਜਿਹੜੀ ਘਟ ਕਮਾਲ ਵਾਲੀ ਨਹੀਂ ਹੋਵੇਗੀ।"

"ਦੇ ਕੀ ਸਕਦੇ ਹੋ ਮੈਨੂੰ?" ਤੀਰਅੰਦਾਜ਼ ਨੇ ਪੁਛਿਆ। "ਕੋਈ ਵੀ ਚੀਜ਼ ਮੇਰੇ ਲਈ ਏਨੀ ਕੀਮਤੀ ਨਹੀਂ, ਜਿੰਨਾ ਮੇਰਾ ਮੁਰਜ਼ਾ। ਮੈਨੂੰ ਉਹਦੀ ਲੋੜ ਹਰ ਚੀਜ਼ ਨਾਲੋਂ ਬਹੁਤੀ ਏ।"

ਸਿਪਾਹੀਆਂ ਨੇ ਸੋਨੇ ਦਾ ਇਕ ਡੰਡਾ ਕਢਿਆ, ਜਿਹਦਾ ਇਕ ਸਿਰਾ ਬਰੀਕ ਸੀ ਤੇ ਇਕ ਸਿਰਾ ਮੋਟਾ, ਤੀਰਅੰਦਾਜ਼ ਨੂੰ ਵਿਖਾਇਆ ਤੇ ਕਹਿਣ ਲਗੇ:

"ਅਸੀਂ ਤੈਨੂੰ ਇਹ ਡੰਡਾ ਦੇ ਦਿਆਂਗੇ। ਇਹ ਜਾਦੂ ਦਾ ਡੰਡਾ ਏ। ਜੇ ਮੋਟਾ ਸਿਰਾ ਜ਼ਮੀਨ ਤੇ ਮਾਰੀਏ, ਤੇ ਏਨੇ ਘੋੜਸਵਾਰ ਸਿਪਾਹੀ ਆ ਨਿਕਲਣਗੇ ਕਿ ਉਹਨਾਂ ਦਾ ਕੋਈ ਅੰਤ-ਸ਼ੁਮਾਰ ਈ ਨਹੀਂ ਹੋਣ ਲਗਾ, ਤੇ ਉਹਨਾਂ 'ਚੋਂ ਹਰ ਇਕ ਨੇ ਚਮਕੀਲੀ ਢਾਲ ਤੇ ਫੌਲਾਦ ਦੀ ਤਲਵਾਰ ਪਾਈ ਹੋਏਗੀ। ਜੇ ਬਰੀਕ ਸਿਰਾ ਜ਼ਮੀਨ 'ਤੇ ਮਾਰੀਏ, ਤਾਂ ਏਨੇ ਤੀਰਅੰਦਾਜ਼ ਆ ਨਿਕਲਣਗੇ ਕਿ ਉਹਨਾਂ ਦਾ ਕੋਈ ਅੰਤ-ਸ਼ੁਮਾਰ ਈ ਨਹੀਂ ਹੋਣ ਲਗਾ, ਤੇ ਉਹਨਾਂ 'ਚੋਂ ਹਰ ਇਕ ਕੋਲ ਇਕ-ਇਕ ਕਮਾਨ ਤੇ ਤੀਰ ਹੋਣਗੇ।"

ਜਾਦੂ ਦਾ ਡੰਡਾ ਵੇਖ, ਮੁਰਜ਼ੇ ਨੇ ਤੀਰਅੰਦਾਜ਼ ਦੇ ਕੰਨ ਵਿਚ ਖੁਸਰ-ਫੁਸਰ ਕੀਤੀ:

"ਬਹਾਦਰ ਤੀਰਅੰਦਾਜ਼ਾ, ਸੌਦਾ ਕਰ ਲੈ ਨੇ, ਕਰ ਲੈ। ਡੰਡਾ ਤੇਰਾ ਹੋ ਜਾਏਗਾ, ਤੇ ਮੈਂ ਵੀ ਤੇਰਾ ਰਹਾਂਗਾ।"

ਤੀਰਅੰਦਾਜ਼ ਨੇ ਉਹਦੇ ਕਹੇ ਉਤੇ ਕੰਨ ਧਰੇ ਤੇ ਮੁਰਜ਼ੇ ਦੇ ਵੱਟੇ ਵਿਚ ਸੋਨੇ ਦਾ ਡੰਡਾ ਲੈ ਲਿਆ।

ਛੇਤੀ ਹੀ ਪਿਛੋਂ ਉਹ ਸਾਹਮਣੇ ਕੰਢੇ ਪਹੁੰਚ ਗਏ ਤੇ ਜਹਾਜ਼ੋਂ ਉਤਰ ਪਏ, ਤੇ ਸਿਪਾਹੀ ਇਕ ਪਾਸੇ ਨਿਕਲ ਗਏ ਤੇ ਤੀਰਅੰਦਾਜ਼ ਦੂਜੇ ਪਾਸੇ।

ਉਹ ਟੁਰਦਾ ਗਿਆ ਤੇ ਆਪਣੇ ਆਪ ਨੂੰ ਕਹਿਣ ਲਗਾ:

"ਇਸ ਵੇਲੇ ਮੇਰਾ ਮੁਰਜ਼ਾ ਕਿਥੇ ਹੋਏਗਾ?"

ਪਰ ਮੁਰਜ਼ੇ ਨੇ ਜਵਾਬ ਨਾ ਦਿਤਾ ਤੇ ਸਾਹਮਣੇ ਨਾ ਆਇਆ।

ਤੀਰਅੰਦਾਜ਼ ਇਕ ਦਿਨ ਹੋਰ ਤੇ ਇਕ ਰਾਤ ਹੋਰ ਟੁਰਦਾ ਗਿਆ ਤੇ ਫੇਰ ਉਹਨੇ ਇਕ ਵਾਰੀ ਮੁੜ ਆਖਿਆ:

"ਮੁਰਜ਼ਿਆ, ਮੇਰੇ ਪਿਆਰੇ ਦੋਸਤਾ, ਕਿਥੇ ਏਂ?"

ਪਰ ਮੁਰਜ਼ੇ ਨੇ ਜਵਾਬ ਨਾ ਦਿਤਾ ਤੇ ਸਾਹਮਣੇ ਨਾ ਆਇਆ। ਤੀਰਅੰਦਾਜ਼ ਅਗੇ ਟੁਰਦਾ ਗਿਆ, ਪਰ ਜਦੋਂ ਦੋ ਦਿਨ ਹੋਰ ਤੇ ਦੋ ਰਾਤਾਂ ਹੋਰ ਲੰਘ ਗਈਆਂ, ਉਹਨੇ ਫੇਰ ਆਪਣੇ ਦੋਸਤ ਨੂੰ ਆਵਾਜ਼ ਦਿਤੀ ਤੇ ਆਖਿਆ:

"ਮੁਰਜ਼ਿਆ, ਕਿਥੇ ਏਂ? ਜਵਾਬ ਦੇ ਮੈਨੂੰ?"

ਪਰ ਮੁਰਜ਼ੇ ਨੇ ਜਵਾਬ ਨਾ ਦਿਤਾ ਤੇ ਸਾਹਮਣੇ ਨਾ ਆਇਆ। ਤੀਰਅੰਦਾਜ਼ ਦਾ ਗ਼ਮ ਨਾਲ ਬੁਰਾ ਹਾਲ ਹੋ ਗਿਆ।

"ਅਖ਼ੀਰ, ਮੈਨੂੰ ਧੋਖਾ ਦੇ ਈ ਗਿਐ," ਉਹ ਆਪਣੇ ਆਪ ਨੂੰ ਆਖਣ ਲਗਾ। "ਮੈਨੂੰ ਉਹਨਾਂ ਸਿਪਾਹੀਆਂ ਨਾਲ ਸੌਦਾ ਨਹੀਂ ਸੀ ਕਰਨਾ ਚਾਹੀਦਾ।"

ਪੰਜਵੇਂ ਦਿਨ ਦੀ ਸ਼ਾਮ ਹੋ ਗਈ, ਤੇ ਤੀਰਅੰਦਾਜ਼ ਨੇ ਆਪਣੇ ਆਪ ਨੂੰ ਕਿਹਾ:

"ਮੈਂ ਉਹਨੂੰ ਇਕੋ ਆਖ਼ਰੀ ਵਾਰ ਆਵਾਜ਼ ਦੇਨਾਂ!" ਤੇ ਉਹ ਉਚੀ ਸਾਰੀ ਬੋਲਿਆ:

"ਮੈਨੂੰ ਜਵਾਬ ਦੇ ਮੁਰਜ਼ਿਆ! ਕਿਥੇ ਵੇਂ?"

ਤੇ ਚਾਣਚਕ ਹੀ ਤੀਰਅੰਦਾਜ਼ ਦੇ ਕੰਨੀਂ ਆਪ ਮੁਰਜ਼ੇ ਦੀ ਆਵਾਜ਼ ਪਈ। ਉਹ ਕਹਿ ਰਿਹਾ ਸੀ:

"ਬਹਾਦਰ ਤੀਰਅੰਦਾਜ਼ਾ, ਗ਼ਮ ਨਾ ਕਰ! ਤੇਰਾ ਮੁਰਜ਼ਾ ਏਥੇ ਤੇਰੇ ਕੋਲ ਏ। ਮੈਂ ਦੁਪਹਿਰੇ ਆਇਆ ਸਾਂ।"

ਤੀਰਅੰਦਾਜ਼ ਦੀ ਖ਼ੁਸ਼ੀ ਦੀ ਹਦ ਨਾ ਰਹੀ। ਉਹ ਜ਼ਮੀਨ ਉਤੇ ਬਹਿ ਗਿਆ ਤੇ ਬੋਲਿਆ:

"ਭੁਖ ਨਾਲ ਮੈਂ ਅਧ-ਮੋਇਆ ਹੋਇਆ ਪਿਆਂ। ਆ ਛੇਤੀ ਨਾਲ ਖਾਈਏ।"

ਇਕ ਦਮ ਹੀ ਹਰ ਤਰ੍ਹਾਂ ਦੀਆਂ ਖਾਣ-ਪੀਣ ਦੀਆਂ ਚੀਜ਼ਾਂ ਨਾਲ ਪਰੋਸਿਆ, ਪੀਲੇ ਫੁੱਲਾਂ ਵਾਲਾ ਕਪੜਾ ਵਿਛ ਗਿਆ। ਤੀਰਅੰਦਾਜ਼ ਤੇ ਮੁਰਜ਼ੇ ਨੇ ਢਿਡ ਭਰ ਕੇ ਖਾਧਾ ਤੇ ਫੇਰ ਅਗੇ ਟੁਰ ਪਏ। ਤੇ ਉਹ ਲੰਮਾ ਸਮਾਂ ਟੁਰਦੇ ਰਹੇ, ਤੇ ਦਿਨ ਰਾਤ ਉਹਨਾਂ ਲਈ ਇਕ ਬਰਾਬਰ ਹੋ ਗਏ, ਪਰ ਅਖ਼ੀਰ ਇਕ ਦਿਨ ਅੱਧੀ ਰਾਤ ਵੇਲੇ ਉਹ ਜ਼ਾਰਕਿਨ ਖਾਨ ਦੀ ਸਲਤਨਤ ਵਿਚ ਪਹੁੰਚ ਪਏ।

ਤੀਰਅੰਦਾਜ਼ ਆਪਣੇ 'ਕੀਬੀਤਕੇ' ਵਿਚ ਜਾ ਵੜਿਆ ਤੇ ਉਹਨੇ ਆਪਣੀ ਵਹੁਟੀ ਨੂੰ ਜਗਾਇਆ।

"ਜਾਗ!" ਉਹਨੇ ਆਖਿਆ। "ਆ ਗਿਆਂ ਮੈਂ।"

ਵਹੁਟੀ ਦੀ ਖ਼ੁਸ਼ੀ ਦੀ ਹਦ ਨਾ ਰਹੀ ਤੇ ਉਹ ਛੇਤੀ ਨਾਲ ਉਠੀ ਤੇ ਉਹਨੇ ਅਗ ਬਾਲੀ।

"ਖ਼ੈਰ-ਖ਼ਰੀਅਤ ਈ ਨਾ?" ਉਹਨੇ ਪੁਛਿਆ।

ਤੇ ਉਹ ਇਕ ਦੂਜੇ ਨੂੰ ਦੱਸਣ ਲਗ ਪਏ, ਉਹਨਾਂ ਇਹ ਲੰਮੇ ਦਿਨ ਕਿਵੇਂ ਲੰਘਾਏ ਸਨ ਤੇ ਕੀ-ਕੁਝ ਹੋਇਆ-ਬੀਤਿਆ ਸੀ।

"ਖਾਨ ਦਾ ਕੀ ਹਾਲ ਏ?" ਤੀਰਅੰਦਾਜ਼ ਨੇ ਪੁਛਿਆ। "ਅਜੇ ਵੀ ਬੀਮਾਰ ਏ ਉਹ?"

"ਤੇਰੇ ਜਾਣ ਪਿਛੋਂ ਪਹਿਲੇ ਦਿਨ ਤੋਂ ਈ," ਵਹੁਟੀ ਨੇ ਜਵਾਬ ਦਿਤਾ, "ਖਾਨ ਠੀਕ ਰਿਹੈ। ਹੁਣ ਤਕ ਕਿੰਨੇ ਵਾਰੀ ਉਹ ਮੇਰੇ ਕੋਲ ਮੈਨੂੰ ਇਹ ਮਨਾਣ ਦੀ ਕੋਸ਼ਿਸ਼ ਕਰਨ ਆ ਚੁਕਿਐ, ਮੈਂ ਉਹਦੀ ਵਹੁਟੀ ਬਣ ਜਾਵਾਂ। ਪਰ ਹਰ ਵਾਰੀ ਜਦੋਂ ਉਹ ਆਇਆ, ਮੈਂ ਉਹਨੂੰ ਕਿਹਾ: 'ਮੇਰੇ ਲਈ ਦੂਜੀ ਵਾਰ ਵਿਆਹ ਕਰਨਾ ਠੀਕ ਨਹੀਂ। ਮੇਰਾ ਘਰ ਵਾਲਾ ਦਵਾਈ ਲੱਭਣ ਗਿਐ, ਜਿਹੜੀ ਤੂੰ ਆਖੀ ਸੀ, ਤੇ ਜਿਥੋਂ ਤਕ ਮੈਨੂੰ ਪਤੈ, ਉਹ ਜਿਊਂਦਾ ਹੋਏਗਾ। ਤੇਰੇ ਨਾਲ ਵਿਆਹ ਮੈਂ ਕਿਵੇਂ ਕਰਾ ਲਾਂ?' ਪਰ ਖਾਨ ਦੁਹਰਾਈ ਜਾਂਦਾ ਰਿਹਾ: 'ਨਹੀਂ, ਤੇਰਾ ਘਰ ਵਾਲਾ ਮਰ ਗਿਐ। ਉਹ ਕਿੰਨਾ ਚਿਰ ਹੋਇਐ, ਮਰ ਗਿਐ।' ਤੇ ਮੈਂ ਉਹਨੂੰ ਆਖਿਆ: 'ਜੇ ਤੂੰ ਚਾਹੁਣੈਂ,

ਤੇਰੇ 'ਤੇ ਯਕੀਨ ਕਰ ਲਵਾਂ, ਮੈਨੂੰ ਉਹਦੀਆਂ ਹੱਡੀਆਂ ਵਿਖਾ। ਜਦੋਂ ਮੈਂ ਵੇਖ ਲਾਂਗੀ, ਮੈਨੂੰ ਪਤਾ ਲਗ ਜਾਏਗਾ, ਤੈਨੂੰ ਕੀ ਜਵਾਬ ਦਿਆਂ।' ਇਹ ਲਫ਼ਜ਼ ਸੁਣ ਖਾਨ ਨੂੰ ਡਾਢਾ ਗੁੱਸਾ ਚੜ੍ਹ ਗਿਆ ਤੇ ਉਹਨੇ ਹੁਕਮ ਜਾਰੀ ਕਰ ਦਿਤਾ, ਮੇਰੇ ਸਾਰੇ ਇੱਜੜ ਤੇ ਮਾਲ-ਅਸਬਾਬ ਖੋਹ ਲਿਆ ਜਾਏ। ਤੇ ਹੁਣ ਸਾਡੇ ਕੋਲ ਸਾਡੇ ਸਖਣੇ 'ਕੀਬੀਤਕੇ' ਤੋਂ ਸਿਵਾ ਹੋਰ ਕੁਝ ਨਹੀਂ ਰਿਹਾ।"

ਜਦੋਂ ਤੀਰਅੰਦਾਜ਼ ਨੇ ਸੁਣ ਲਿਆ ਜੁ ਉਹਦੀ ਵਹੁਟੀ ਨੇ ਕਹਿਣਾ ਸੀ, ਉਹਨੂੰ ਡਾਢਾ ਤਾਅ ਚੜ੍ਹ ਗਿਆ।

"ਚਲ ਖਾਨ ਕੋਲ ਚਲੀਏ!" ਉਹ ਕੜਕਿਆ। "ਮੈਂ ਸਜ਼ਾ ਦਿਆਂਗਾ ਉਹਨੂੰ ਉਹਦੇ ਵਸਾਹ ਘਾਤ ਤੇ ਬੇ-ਕਾਨੂੰਨੇ ਢੰਗਾਂ ਦੀ।"

ਉਹ ਖਾਨ ਦੇ ਮਹਿਲ ਵਲ ਆਏ ਤੇ ਉਹਦੇ ਤੋਂ ਕੁਝ ਫਾਸਲੇ 'ਤੇ ਤੀਰਅੰਦਾਜ਼ ਅਟਕ ਗਿਆ, ਉਹਨੇ ਆਪਣਾ ਜਾਦੂ ਦਾ ਰੁਮਾਲ ਹਿਲਾਇਆ ਤੇ ਬੋਲਿਆ:

"ਇਸ ਥਾਂ 'ਤੇ ਮਹਿਲ ਬਣ ਜਾਏ!"

ਇਕਦਮ ਹੀ ਇਕ ਬਹੁਤ ਵਡਾ ਮਹਿਲ ਬਣ ਗਿਆ, ਏਨਾ ਉਚਾ ਕਿ ਉਹ ਬਦਲਾਂ ਤਕ ਪਹੁੰਚ ਗਿਆ, ਏਡਾ ਆਲੀਸ਼ਾਨ ਤੇ ਸੁਹਣਾ ਕਿ ਖਾਨ ਦਾ ਮਹਿਲ ਉਹਦੇ ਸਾਹਮਣੇ ਢਾਰਾ ਜਿਹਾ ਲਗਦਾ ਸੀ।

ਤੀਰਅੰਦਾਜ਼ ਤੇ ਉਹਦੀ ਵਹੁਟੀ ਮਹਿਲ ਅੰਦਰ ਵੜੇ, ਤੇ ਤੀਰਅੰਦਾਜ਼ ਬੋਲਿਆ:

"ਆ, ਮੁਰਗ਼ਿਆ, ਭੁਖ ਲੱਗੀ ਏ ਸਾਨੂੰ, ਖੁਆ-ਪਿਆ!"

ਉਹਨਾਂ ਢਿਡ ਭਰ ਕੇ ਖਾਧਾ ਤੇ ਫੇਰ ਤੀਰਅੰਦਾਜ਼ ਮਹਿਲ ਵਿਚੋਂ ਬਾਹਰ ਨਿਕਲਿਆ ਤੇ ਉਹਨੇ ਆਪਣੇ ਸੋਨੇ ਦੇ ਡੰਡੇ ਦਾ ਬਰੀਕ ਸਿਰਾ ਜ਼ਮੀਨ ਉਤੇ ਮਾਰਿਆ। ਓਸੇ ਹੀ ਪਲ ਤੀਰ-ਕਮਾਨਾਂ ਨਾਲ ਲੈਸ ਏਨੇ ਆਦਮੀ ਆਣ ਜੁੜੇ ਕਿ ਉਹਨਾਂ ਦਾ ਕੋਈ ਅੰਤ-ਸ਼ੁਮਾਰ ਹੀ ਨਹੀਂ ਸੀ ਉਹ ਮਹਿਲ ਦੇ ਦਰਵਾਜ਼ਿਆਂ ਉਤੇ ਖਲੋ ਗਏ ਤੇ ਤੀਰਅੰਦਾਜ਼ ਦਾ ਹੁਕਮ ਉਡੀਕਣ ਲਗੇ:

ਤੀਰਅੰਦਾਜ਼ ਨੇ ਆਖਿਆ:

"ਜਿੰਨਾ ਚਿਰ ਮੈਂ ਜਾਗਦਾ ਨਹੀਂ ਤੇ ਬਿਸਤਰੇ ਤੋਂ ਉਠਦਾ ਨਹੀਂ, ਕਿਸੇ ਨੂੰ ਵੀ ਅੰਦਰ ਨਾ ਆਣ ਦੇਣਾ।"

ਸਵੇਰੇ, ਖਾਨ ਦੇ ਨੌਕਰਾਂ-ਚਾਕਰਾਂ ਨੇ ਖਾਨ ਦੇ ਮਹਿਲ ਸਾਹਮਣੇ ਉਚਾ ਉਠਦਾ ਇਕ ਬਹੁਤ ਵਡਾ ਤੇ ਆਲੀਸ਼ਾਨ ਮਹਿਲ ਵੇਖਿਆ, ਤੇ ਉਹਨਾਂ ਨੂੰ ਸਮਝ ਨਾ ਪਈ, ਉਹ ਕੀ ਸੀ।

"ਇਹ ਕੀ ਕਰਾਮਾਤ ਏ?" ਉਹ ਪੁੱਛਣ ਲਗੇ। "ਰਾਤੋ ਰਾਤ ਇਹ ਮਹਿਲ ਵਡੇ ਫ਼ਰਿਸ਼ਤੇ ਬੁਰਖਾਨ ਨੇ ਖੜਾ ਕਰ ਦਿਤੈ, ਜਾਂ ਸ਼ੈਤਾਨ ਨੇ ਬਣਾਇਐ?"

ਤੇ ਇਹ ਕੁਝ ਦੱਸਣ ਲਈ ਉਹ ਭੱਜੇ-ਭੱਜੇ ਜ਼ਾਰਕਿਨ ਖਾਨ ਕੋਲ ਗਏ। ਜ਼ਾਰਕਿਨ ਖਾਨ ਬਾਹਰ ਨਿਕਲਿਆ ਤੇ ਉਹਨੇ ਮਹਿਲ ਵਲ ਵੇਖਿਆ ਤੇ ਹੈਰਾਨੀ ਨਾਲ ਉਹਦਾ ਏਡਾ ਬੁਰਾ ਹਾਲ ਹੋ ਗਿਆ ਕਿ ਉਹਦੀ ਸੁਰਤ ਹੀ ਮਾਰੀ ਚੱਲੀ ਸੀ।

"ਇਹ ਕੀ ਏ?" ਉਹ ਪੁੱਛਣ ਲਗਾ। "ਆਪਣੀ ਜ਼ਿੰਦਗੀ 'ਚ ਕਦੀ ਵੀ ਮੈਂ, ਜਿਥੋਂ ਤਕ ਵੀ ਮੈਨੂੰ ਚੇਤਾ ਏ, ਇਹੋ ਜਿਹਾ ਮਹਿਲ ਨਾ ਕਦੀ ਵੇਖਿਆ ਏ ਤੇ ਨਾ ਈ ਕਦੀ ਸੁਣਿਆ ਏ। ਕਿਨ੍ਹੇ ਬਣਾਇਐ ਇਹ ਤੇ ਅੰਦਰ ਕੌਣ ਰਹਿੰਦੈ? ਜਾਓ, ਉਹਨੂੰ ਮੇਰੇ ਕੋਲ ਲਿਆਓ!"

ਖਾਨ ਦੇ ਹਰਕਾਰੇ ਉਹਦਾ ਹੁਕਮ ਪੂਰਾ ਕਰਨ ਲਈ ਟੁਰ ਪਏ।

ਉਹ ਤੀਰਅੰਦਾਜ਼ ਦੇ ਮਹਿਲ ਕੋਲ ਆਏ ਤੇ ਉਹਨਾਂ ਦਰਵਾਜ਼ੇ ਉਤੇ ਖਲੋਤੇ ਦੋ ਉਚੇ-ਲੰਮੇ ਤੇ ਸਖ਼ਤ ਸ਼ਕਲ-ਸੂਰਤ ਵਾਲੇ ਜਣਿਆਂ ਤੋਂ ਪੁਛਿਆ:

"ਮਹਿਲ ਕਿਦ੍ਹਾ ਏ? ਇਹਦੇ ਅੰਦਰ ਕੌਣ ਰਹਿੰਦੈ? ਤੇ ਤੁਸੀਂ ਪਹਿਰਾ ਦੇਣ ਵਾਲੇ ਕੌਣ ਹੋ? ਅਸਮਾਨ ਤੋਂ ਡਿੱਗੇ ਹੋ ਕਿ ਜ਼ਮੀਨ 'ਚੋਂ ਉਗੇ ਹੋ? ਸਾਨੂੰ ਇਕਦਮ ਜਵਾਬ ਦਿਓ!"

ਪਰ ਜਵਾਬ ਵਿਚ ਦੋਵਾਂ ਮੁਹਾਫ਼ਜ਼ਾਂ ਨੇ ਖਾ ਜਾਣ ਵਾਲੇ ਲਹਿਜੇ ਵਿਚ ਪੁਛਿਆ:

"ਤੇ ਤੁਸੀਂ ਕੌਣ ਹੁੰਦੇ ਹੋ ਏਨੇ ਸਵਾਲ ਪੁੱਛੀ ਜਾਣ ਵਾਲੇ?"

"ਅਸੀਂ ਜ਼ੋਰਾਵਰ ਜ਼ਾਰਕਿਨ ਖਾਨ ਦੇ ਏਲਚੀ ਹਾਂ। ਉਹਨੇ ਸਾਨੂੰ ਹੁਕਮ ਦਿਤੈ, ਉਹਨੂੰ ਆ ਕੇ ਦਸੀਏ, ਜੁ ਤੁਹਾਡੇ ਤੋਂ ਪਤਾ ਲਗੇ।"

"ਇਹ ਜ਼ਾਰਕਿਨ ਖਾਨ ਕੌਣ ਏ?" ਮੁਹਾਫ਼ਜ਼ਾਂ ਨੇ ਪੁਛਿਆ। "ਅਸੀਂ ਉਹਦਾ ਕਦੀ ਨਾਂ ਨਹੀਂ ਸੁਣਿਆ ਤੇ ਨਾ ਸੁਣਨਾ ਈ ਚਾਹੁੰਦੇ ਹਾਂ। ਸਾਡੇ ਕੋਲ ਸਾਡਾ ਆਪਣਾ ਖਾਨ ਏਂ, ਤੇ ਉਹ ਮਹਿਲ 'ਚ ਏ, ਸੁੱਤਾ ਪਿਐ। ਹੁਣ ਦਫ਼ਾ ਹੋ ਜਾਓ ਏਥੋਂ, ਅਜੇ ਜਦੋਂ ਮੋਢਿਆਂ 'ਤੇ ਸਿਰ ਸਲਾਮਤ ਜੇ!"

ਏਲਚੀ ਡਰ ਗਏ ਉਹ ਭੱਜੇ-ਭੱਜੇ ਜ਼ਾਰਕਿਨ ਖਾਨ ਕੋਲ ਗਏ ਤੇ ਉਹਨੂੰ ਸਾਰਾ ਕੁਝ ਦਸ ਦਿਤਾ, ਜੁ ਉਹਨਾਂ ਵੇਖਿਆ ਤੇ ਸੁਣਿਆ ਸੀ। ਪਰ ਜ਼ਾਰਕਿਨ ਖਾਨ ਨੂੰ ਵਟ ਚੜ੍ਹ ਗਿਆ ਤੇ ਉਹ ਉਚੀ-ਉੱਚੀ ਤੇ ਗੁੱਸੇ ਨਾਲ ਉਹਨਾਂ ਨੂੰ ਝਿੜਕਣ ਲਗ ਪਿਆ।

"ਮੈਂ ਤੁਹਾਨੂੰ ਮੁਹਾਫ਼ਜ਼ਾਂ ਨਾਲ ਗਲ ਕਰਨ ਨਹੀਂ ਸੀ ਭੇਜਿਆ," ਉਹ ਕਹਿਣ ਲਗਾ। "ਮੈਂ ਤੁਹਾਨੂੰ ਉਹਨਾਂ ਦੇ ਵਾਲੀ ਤੇ ਮਾਲਕ ਨੂੰ ਲਿਆਉਣ ਲਈ ਭੇਜਿਆ ਸੀ।"

ਤੇ ਉਹਨੇ ਦੋਵਾਂ ਏਲਚੀਆਂ ਨੂੰ ਸਖ਼ਤ ਸਜ਼ਾ ਦਿਤੇ ਜਾਣ ਦਾ ਹੁਕਮ ਦੇ, ਆਪਣੇ ਦੋ ਸਭ ਤੋਂ ਚੰਗੇ ਸਿਪਾਹੀ, ਦੋਵੇਂ ਦੇ ਦੋਵੇਂ ਉਚੇ-ਲੰਮੇ ਜਵਾਨ, ਬੁਲਾਏ ਤੇ ਉਹਨਾਂ ਨੂੰ ਕਹਿਣ ਲਗਾ।

"ਓਸ ਮਹਿਲ ਦੇ ਮਾਲਕ ਨੂੰ ਫੜ ਲੋ ਤੇ ਉਹਨੂੰ ਧਰੀਕ ਕੇ ਮੇਰੇ ਕੋਲ ਲੈ ਆਓ!"

ਖਾਨ ਦੇ ਦੋਵੇਂ ਸਿਪਾਹੀ ਮਹਿਲ ਕੋਲ ਆਏ ਤੇ ਉਹਨਾਂ ਦਰਵਾਜ਼ੇ ਖੋਲ੍ਹਣ ਦੀ ਕੋਸ਼ਿਸ਼ ਕੀਤੀ, ਪਰ ਮੁਹਾਫ਼ਜ਼ਾਂ ਨੇ ਉਹਨਾਂ ਨੂੰ ਪਰ੍ਹਾਂ ਧਕ ਦਿਤਾ।

"ਕੌਣ ਹੋ ਤੁਸੀਂ? ਜੇ ਜਾਨ ਚਾਹੀਦੀ ਜੇ, ਤਾਂ ਪਿੱਛੇ ਰਹੋ!" ਉਹਨਾਂ ਕੜਕਾ ਮਾਰਿਆ।

ਜ਼ਾਰਕਿਨ ਖਾਨ ਦੇ ਦੋਵਾਂ ਸਿਪਾਹੀਆਂ ਨੇ ਆਖਿਆ:

"ਸਾਨੂੰ ਇਸ ਲਈ ਨਹੀਂ ਸੀ ਘਲਿਆ ਗਿਆ, ਤੁਹਾਡੇ ਨਾਲ ਗਲਾਂ ਕਰੀਏ। ਸਾਨੂੰ ਇਸ ਮਹਿਲ ਦੇ ਮਾਲਕ ਨੂੰ ਫੜਨ ਤੇ ਉਹਨੂੰ ਆਪਣੇ ਖਾਨ ਅਗੇ ਪੇਸ਼ ਕਰਨ ਲਈ ਭੇਜਿਆ ਗਿਆ ਸੀ।"

ਤੇ ਉਹਨਾਂ ਫੇਰ ਮਹਿਲ ਵਿਚ ਧਕ ਵੜਨ ਦੀ ਕੋਸ਼ਿਸ਼ ਕੀਤੀ। ਪਰ ਮੁਹਾਫ਼ਜ਼ਾਂ ਨੇ ਉਹਨਾਂ ਨੂੰ ਫੜ ਲਿਆ ਤੇ ਉਹਨਾਂ ਨੂੰ ਕੁੱਟਣ ਤੇ ਫੰਡਣ ਲਗ ਪਏ।

"ਤੁਹਾਡਾ ਖਾਨ ਸਾਡੇ ਲਈ ਕੁਝ ਨਹੀਂ!" ਉਹ ਕੜਕੇ। "ਅਸੀਂ ਨਾ ਉਹਨੂੰ ਜਾਣਨੇ ਹਾਂ, ਨਾ ਜਾਣਨਾ ਚਾਹੁੰਨੇ ਹਾਂ।"

ਤੇ ਖਾਨ ਦੇ ਸਿਪਾਹੀਆਂ ਨੂੰ ਕੁਟਾਪਾ ਚਾੜ੍ਹ ਉਹਨਾਂ ਹਿਕ ਕਢਿਆ।

ਸਿਪਾਹੀ, ਲੰਙਾਂਦੇ ਤੇ ਕਰਾਂਹਦੇ, ਆਪਣੇ ਆਪ ਨੂੰ ਘੜੀਸਦੇ ਜ਼ਾਰਕਿਨ ਖਾਨ ਦੀ ਹਜ਼ੂਰੀ ਵਿਚ ਜਾ ਗਏ।

"ਨਹੀਂ ਹੋ ਸਕਦਾ ? ਕਿਉਂ ਭਲਾ ?" ਤੀਰਅੰਦਾਜ਼ ਨੇ ਪੁਛਿਆ।

"ਇਸ ਲਈ ਕਿ ਉਹ ਮਰ ਗਿਐ।"

"ਸਚੀ ? ਮੈਂ ਤਾਂ ਸੁਣਿਐ, ਉਹ ਜਿਊਂਦਾ ਏ ਤੇ ਠੀਕ -ਠਾਕ ਏ।"

"ਉਹ ਪਤਾ-ਨਹੀਂ-ਕੀ ਲੱਭਣ ਲਈ ਪਤਾ-ਨਹੀਂ-ਕਿਥੇ ਗਿਆ ਸੀ," ਜ਼ਾਰਕਿਨ ਖਾਨ ਨੇ ਵਿਆਖਿਆ ਕੀਤੀ। "ਤੇ ਉਹਨੂੰ ਕਿੰਨਾ ਚਿਰ ਪਹਿਲੋਂ ਆ ਜਾਣਾ ਚਾਹੀਦਾ ਸੀ। ਕਿਉਂ ਕਿ ਉਹ ਨਹੀਂ ਆਇਆ, ਉਹ ਜ਼ਰੂਰ ਮਰ ਗਿਆ ਹੋਣਾ ਏਂ।"

"ਪਰ ਉਹਨੂੰ ਪਤਾ-ਨਹੀਂ-ਕਿਥੇ ਕਿਨ੍ਹੇ ਤੇ ਕਿਉਂ ਭੇਜਿਆ ?" ਤੀਰਅੰਦਾਜ਼ ਨੇ ਪੁਛਿਆ।

"ਕਿਸੇ ਨਹੀਂ ਸੀ ਭੇਜਿਆ। ਉਹ ਆਪਣੀ ਮਰਜ਼ੀ ਨਾਲ ਗਿਆ ਸੀ, ਕਿਸ ਕਰ ਕੇ, ਇਹਦੀ ਮੈਨੂੰ ਖ਼ਬਰ ਨਹੀਂ," ਜ਼ਾਰਕਿਨ ਖਾਨ ਨੇ ਜਵਾਬ ਦਿਤਾ।

ਇਹ ਸੁਣ ਤੀਰਅੰਦਾਜ਼ ਨੂੰ ਡਾਢਾ ਸਖ਼ਤ ਗੁੱਸਾ ਚੜ੍ਹ ਗਿਆ।


"ਮੈਂ ਤੈਨੂੰ ਕਿਹਾ ਸੀ, ਤੇਰੀ ਜਾਨ ਬਖ਼ਸ਼ੀ ਕਰ ਦਿਆਂਗਾ, ਪਰ ਤੇਰੇ ਵਰਗਾ ਬੇਸ਼ਰਮ ਹੈ ਈ ਮਰਨ ਦੇ ਕਾਬਲ ਏ," ਉਹਨੇ ਆਖਿਆ। "ਤੂੰ ਸੈਂ ਜਿਨ੍ਹੇ ਤੀਰਅੰਦਾਜ਼ ਨੂੰ ਭੇਜਿਆ ਸੀ। ਤੇ ਉਹ ਵੀ ਇਸ ਕਰ ਕੇ, ਤੂੰ ਉਹਦੇ ਤੋਂ ਉਹਦੀ ਵਹੁਟੀ ਖੋਹਣਾ ਚਾਹੁੰਦਾ ਸੈਂ। ਪਹਿਲੋਂ ਤੂੰ ਬੀਮਾਰ ਹੋਣ ਦਾ ਪਜ ਪਾਇਆ ਤੇ ਉਹਨੂੰ ਕਿਹਾ, ਤੈਨੂੰ ਸ਼ੇਰਨੀ ਦਾ ਦੁਧ ਲਿਆ ਕੇ ਦੇਵੇ। ਤੇ ਜਦੋਂ ਉਹਨੇ ਲਿਆ ਦਿਤਾ, ਤੂੰ ਉਹਨੂੰ ਪਤਾ-ਨਹੀਂ-ਕੀ ਲੱਭਣ ਲਈ ਪਤਾ-ਨਹੀਂ-ਕਿਥੇ ਘਲ ਦਿਤਾ। ਮੇਰੇ ਵਲ ਧਿਆਨ ਨਾਲ ਵੇਖ, ਜੇ ਡਰ ਨਾਲ ਤੂੰ ਬਿਲਕੁਲ ਈ ਅੰਨ੍ਹਾ ਨਹੀਂ ਹੋ ਗਿਆ, ਤਾਂ ਤੈਨੂੰ ਦਿੱਸੇਗਾ ਮੈਂ ਉਹੀਉ ਈ ਤੀਰਅੰਦਾਜ਼ ਹਾਂ... ਮੈਂ ਦੂਰ, ਬਹੁਤ ਦੂਰ ਗਿਆ ਸਾਂ, ਪਤਾ-ਨਹੀਂ-ਕਿਥੇ, ਤੇ ਮੈਂ ਉਹ ਚੀਜ਼ ਲੈ ਆਂਦੀ ਏ, ਜਿਦ੍ਹੀ ਸ਼ਕਲ ਕੋਈ ਨਹੀਂ, ਸੂਰਤ ਕੋਈ ਨਹੀਂ ਤੇ ਥਾਂ ਕੋਈ ਨਹੀਂ। ਮੈਂ ਜਿਊਂਦਾ-ਜਾਗਦਾ ਤੇ ਚੰਗਾ-ਭਲਾ ਹਾਂ। ਤੂੰ ਆਪਣੇ ਬਦ ਮਨਸੂਬੇ 'ਚ ਕਾਮਯਾਬ ਨਹੀਂ ਹੋਇਆ। ਹੁਣ ਇਨਸਾਫ਼ ਤਾਂ ਇਹ ਏ, ਮੈਂ ਤੈਨੂੰ ਮਾਰ ਦੇਵਾਂ।"

ਜ਼ਾਰਕਿਨ ਖਾਨ ਡਰ ਨਾਲ ਕੰਬਣ ਲਗ ਪਿਆ ਤੇ ਤੀਰਅੰਦਾਜ਼ ਦੇ ਕਦਮਾਂ ਉਤੇ ਜਾ ਪਿਆ। ਉਹ ਉਹਦੇ ਸਾਹਮਣੇ ਗੋਡਿਆਂ ਭਾਰ ਰੀਂਗਣ ਤੇ ਜਾਨ ਬਖ਼ਸ਼ੀ ਲਈ ਅਰਜ਼ੋਈਆਂ ਕਰਨ ਲਗਾ। ਤੀਰਅੰਦਾਜ਼ ਨੇ ਜ਼ਾਰਕਿਨ ਖਾਨ ਨੂੰ ਪੈਰ ਨਾਲ ਪਰ੍ਹਾਂ ਧਕ ਦਿਤਾ ਤੇ ਆਖਿਆ:

"ਕਰਤੂਤਾਂ ਤਾਂ ਤੂੰ ਬੜੀਆਂ ਕੀਤੀਆਂ ਹੋਈਆਂ ਨੇ, ਪਰ ਤੈਨੂੰ ਮੈਂ ਮਾਰਨ ਨਹੀਂ ਲਗਾ। ਫੇਰ ਵੀ ਮੈਂ ਤੇਰਾ ਏਥੇ ਹੋਣਾ ਬਰਦਾਸ਼ਤ ਨਹੀਂ ਕਰ ਸਕਦਾ। ਫ਼ੌਰਨ ਦਫ਼ਾ ਹੋ ਜਾ ਤੇ ਇਸ ਸਲਤਨਤ ਤੋਂ ਚੋਖਾ ਦੂਰ ਰਹੀਂ, ਤਾਂ ਜੁ ਹੁਣ ਹੋਰ ਤੂੰ ਕਿਸੇ ਨੂੰ ਨਾ ਦਿੱਸੇਂ।"

"ਮੈਂ ਇਸ ਮਿਹਰ ਲਈ ਤੇਰਾ ਸ਼ੁਕਰੀਆ ਅਦਾ ਕਰਨਾਂ," ਜ਼ਾਰਕਿਨ ਖਾਨ ਨੇ ਕਿਹਾ ਤੇ ਆਪਣਾ ਟੱਬਰ ਨਾਲ ਲੈ, ਹਮੇਸ਼ਾ ਲਈ ਦੇਸੋਂ ਨਿਕਲ ਗਿਆ।

ਜਿਥੋਂ ਤਕ ਬਹਾਦਰ ਤੀਰਅੰਦਾਜ਼ ਦਾ ਸਵਾਲ ਏ, ਉਹਨੇ ਤੇ ਉਹਦੀ ਜਵਾਨ ਵਹੁਟੀ ਨੇ ਟਪਰੀਵਾਸਾਂ ਦੇ ਓਸੇ ਹੀ ਡੇਰੇ ਨੂੰ ਘਰ ਬਣਾ ਲਿਆ, ਤੇ ਉਸ ਪਿਛੋਂ ਉਹ ਹਮੇਸ਼ਾ ਹੀ ਪਿਆਰ ਤੇ ਖੁਸ਼ੀ ਸਹਿਤ ਰਹਿੰਦੇ ਰਹੇ।



# ਹੀਰਿਆਂ ਦਾ ਪਹਾੜ

## ਤੁਰਕਮੇਨੀ ਪਰੀ-ਕਹਾਣੀ

ਕਿਸੇ ਇਕ ਪਿੰਡ ਵਿਚ ਇਕ ਬੁੱਢੀ ਬੇਵਾ ਰਹਿੰਦੀ ਸੀ, ਜਿਹਦਾ ਮਿਰਾਲੀ ਨਾਂ ਦਾ ਇਕ ਪੁੱਤਰ ਹੁੰਦਾ ਸੀ। ਉਹ ਬੜੇ ਗ਼ਰੀਬ ਸਨ। ਬੁੱਢੀ ਉਨ ਤੁੰਬਦੀ ਸੀ, ਕਪੜੇ ਸਿਊਂਦੀ ਤੇ ਧੁਆਈ ਦਾ ਕੰਮ ਕਰਦੀ ਸੀ, ਤੇ ਇਸ ਤਰ੍ਹਾਂ, ਏਨਾ ਕੁ ਕਮਾ ਲੈਂਦੀ ਸੀ ਕਿ ਆਪਣਾ ਤੇ ਆਪਣੇ ਪੁੱਤਰ ਦਾ ਢਿਡ ਭਰ ਸਕੇ।

ਜਦੋਂ ਮਿਰਾਲੀ ਵੱਡਾ ਹੋਇਆ, ਉਹਦੀ ਮਾਂ ਨੇ ਉਹਨੂੰ ਆਖਿਆ:

"ਪੁਤਰਾ, ਹੁਣ ਮੇਰੇ 'ਚ ਕੰਮ ਕਰਨ ਦਾ ਦਮ ਨਹੀਂ ਰਿਹਾ। ਆਪਣੇ ਲਈ ਕਿਸੇ ਨਾ ਕਿਸੇ ਤਰ੍ਹਾਂ ਦਾ ਕੰਮ ਲਭ ਲੈ, ਤੇ ਇੰਜ ਆਪਣਾ ਗੁਜ਼ਾਰਾ ਆਪ ਚਲਾ।"

"ਬਹੁਤ ਹੱਛਾ," ਮਿਰਾਲੀ ਨੇ ਕਿਹਾ, ਤੇ ਉਹ ਰੋਜ਼ੀ ਦੀ ਭਾਲ ਲਈ ਨਿਕਲ ਟੁਰਿਆ। ਉਹ ਇਕ ਥਾਂ ਗਿਆ ਤੇ ਦੂਜੀ ਥਾਂ, ਪਰ ਕਿਸੇ ਵੀ ਥਾਂ ਕਰਨ ਨੂੰ ਉਹਨੂੰ ਕੁਝ ਨਾ ਲੱਭਾ।

ਕੁਝ ਵਕਤ ਪਿਛੋਂ ਉਹ ਇਕ 'ਬੇ' * ਦੀ ਹਵੇਲੀ ਵਿਚ ਪਹੁੰਚਿਆ।

" 'ਬੇ', ਕੋਈ ਮਜ਼ਦੂਰ ਚਾਹੀਦਾ ਈ?"

"ਚਾਹੀਦੈ" 'ਬੇ' ਨੇ ਜਵਾਬ ਦਿਤਾ।

ਤੇ ਉਹਨੇ ਮਿਰਾਲੀ ਨੂੰ ਭਾੜੇ 'ਤੇ ਰਖ ਲਿਆ।

---

* ਬੇ — ਪੁਰਾਣੇ ਤੁਰਕਮੇਨੀਆ ਦਾ ਦੌਲਤਮੰਦ ਤੇ ਕਦੀ-ਕਦੀ ਬਾ-ਖ਼ਤਾਬ ਆਦਮੀ - ਅਨੁ:

ਇਕ ਦਿਨ ਲੰਘ ਗਿਆ, ਤੇ 'ਬੇ' ਨੇ ਨਵੇਂ ਮਜ਼ਦੂਰ ਨੂੰ ਉਕਾ ਕੁਝ ਵੀ ਕਰਨ ਨੂੰ ਨਾ ਕਿਹਾ। ਇਕ ਦਿਨ ਹੋਰ ਲੰਘ ਗਿਆ, ਤੇ 'ਬੇ' ਨੇ ਉਹਨੂੰ ਕਿਸੇ ਵੀ ਕਿਸਮ ਦਾ ਹੁਕਮ ਨਾ ਦਿਤਾ। ਤੀਜਾ ਦਿਨ ਲੰਘ ਗਿਆ, ਤੇ 'ਬੇ' ਨੇ ਉਹਦੇ ਵਲ ਤੱਕਣ ਤਕ ਦੀ ਵੀ ਤਕਲੀਫ਼ ਨਾ ਕੀਤੀ।

ਇਹ ਸਾਰਾ ਕੁਝ ਮਿਰਾਲੀ ਨੂੰ ਬੜਾ ਅਜੀਬ ਲਗਾ। ਉਹ ਸੋਚਣ ਲਗਾ, 'ਬੇ' ਨੇ ਉਹਨੂੰ ਭਾੜੇ ਉਤੇ ਰਖਿਆ ਹੀ ਕਿਉਂ ਸੀ।

ਤੇ ਉਹ ਉਹਦੇ ਕੋਲ ਗਿਆ ਤੇ ਉਸ ਤੋਂ ਪੁੱਛਣ ਲਗਾ:

"ਮਾਲਕ, ਕਰਨ ਨੂੰ ਕੰਮ ਕੋਈ ਮਿਲੇਗਾ ਮੈਨੂੰ?"

"ਹਾਂ, ਹਾਂ," 'ਬੇ' ਨੇ ਜਵਾਬ ਦਿਤਾ, "ਕਲ੍ਹ ਤੂੰ ਮੇਰੇ ਨਾਲ ਚੱਲੀਂ।"

ਅਗਲੇ ਦਿਨ 'ਬੇ' ਨੇ ਮਿਰਾਲੀ ਨੂੰ ਹੁਕਮ ਦਿਤਾ, ਉਹ ਇਕ ਢੱਗਾ ਜ਼ਬ੍ਹਾ ਕਰੇ ਤੇ ਉਹਦੀ ਖਲ ਲਾਹ ਲਵੇ, ਤੇ ਜਦੋਂ ਇਹ ਹੋ ਜਾਏ, ਚਾਰ ਵਡੀਆਂ-ਵਡੀਆਂ ਬੋਰੀਆਂ ਲੈ ਆਵੇ ਤੇ ਸਫ਼ਰ ਲਈ ਦੋ ਊਠ ਤਿਆਰ ਕਰ ਲਵੇ। ਢੱਗੇ ਦੀ ਖਲ ਤੇ ਬੋਰੀਆਂ ਇਕ ਊਠ ਉਤੇ ਲਦ ਦਿਤੀਆਂ ਗਈਆਂ, ਤੇ ਦੂਜੇ ਉਤੇ 'ਬੇ' ਚੜ੍ਹ ਗਿਆ, ਤੇ ਉਹ ਆਪਣੇ ਰਾਹੇ ਪੈ ਗਏ।

ਜਦੋਂ ਉਹ ਇਕ ਦੁਰਾਡੇ ਪਹਾੜ ਦੇ ਹੇਠਾਂ ਪੁੱਜੇ, 'ਬੇ' ਨੇ ਊਠ ਖੜੇ ਕਰ ਲਏ ਤੇ ਮਿਰਾਲੀ ਨੂੰ ਹੁਕਮ ਦਿਤਾ, ਉਹ ਬੋਰੀਆਂ ਤੇ ਢੱਗੇ ਦੀ ਖਲ ਲਾਹ ਲਵੇ। ਮਿਰਾਲੀ ਨੇ ਇੰਜ ਹੀ ਕੀਤਾ, ਤੇ ਫੇਰ 'ਬੇ' ਨੇ ਉਹਨੂੰ ਆਖਿਆ, ਢੱਗੇ ਦੀ ਖਲ ਨੂੰ ਉਲਟਾ ਲਵੇ ਤੇ ਉਹਦੇ ਉਤੇ ਲੇਟ ਜਾਵੇ। ਮਿਰਾਲੀ ਨੂੰ ਸਮਝ ਨਾ ਪਈ, ਇਹ ਕੀਤਾ ਕਾਹਦੇ ਲਈ ਜਾਣਾ ਸੀ, ਪਰ ਉਹ ਹੁਕਮ-ਅਦੂਲੀ ਦੀ ਜੁਰਅਤ ਨਾ ਕਰ ਸਕਿਆ ਤੇ ਉਹਨੇ ਉਵੇਂ ਹੀ ਕੀਤਾ, ਜਿਵੇਂ ਉਹਦੇ ਮਾਲਕ ਨੇ ਉਹਨੂੰ ਆਖਿਆ ਸੀ।

'ਬੇ' ਨੇ, ਮਿਰਾਲੀ ਸਮੇਤ, ਖਲ ਨੂੰ ਵਲ੍ਹੇਟ ਗੰਢ ਬਣਾ ਲਈ, ਉਤੋਂ ਉਹਨੂੰ ਘੁਟ ਕੇ ਬੰਨ੍ਹ ਦਿਤਾ ਤੇ ਆਪ ਇਕ ਚਟਾਨ ਪਿਛੇ ਲੁਕ ਗਿਆ।

ਕੁਝ ਚਿਰ ਪਿਛੋਂ ਦੋ ਸ਼ਿਕਾਰੀ ਪਰਿੰਦੇ ਉਡਦੇ ਆਏ, ਉਹਨਾਂ ਖਲ ਨੂੰ, ਜਿਹਦੇ ਵਿਚੋਂ ਅਜੇ ਤਾਜ਼ਾ ਮਾਸ ਦਾ ਹਵਾੜ ਆਉਂਦੀ ਸੀ, ਚੁੰਜਾਂ ਵਿਚ ਫੜ ਲਿਆ ਤੇ ਆਪਣੇ ਨਾਲ ਇਕ ਅਪਹੁੰਚ ਪਹਾੜ ਦੀ ਟੀਸੀ ਉਤੇ ਲੈ ਗਏ।

ਟੀਸੀ ਉਤੇ ਪਰਿੰਦੇ ਖਲ ਨੂੰ ਚੁੰਜਾਂ ਤੇ ਪੌਂਚੇ ਮਾਰਨ ਤੇ ਏਧਰ-ਓਧਰ ਖਿੱਚਣ ਲਗ ਪਏ। ਖਲ ਪਾਟ ਗਈ, ਮਿਰਾਲੀ ਉਹਦੇ ਵਿਚੋਂ ਬਾਹਰ ਨਿਕਲ ਆਇਆ, ਤੇ, ਉਹਨੂੰ ਵੇਖ, ਪਰਿੰਦੇ ਤਰਹਿ ਗਏ, ਤੇ ਖਲ ਨੂੰ ਨਾਲ ਲਈ, ਉਡ ਗਏ।

ਮਿਰਾਲੀ ਖਲੋ ਗਿਆ ਤੇ ਆਪਣੇ ਆਲੇ-ਦੁਆਲੇ ਵੇਖਣ ਲਗਾ।

'ਬੇ' ਨੇ ਉਹਨੂੰ ਹੇਠੋਂ ਤਕਿਆ ਤੇ ਉਚੀ ਸਾਰੀ ਆਵਾਜ਼ ਦਿਤੀ:

"ਉਥੇ ਖਲੋਤਾ ਕੀ ਕਰ ਰਿਹੈਂ? ਰੰਗੀਨ ਪੱਥਰ ਜਿਹੜੇ ਤੇਰੇ ਪੈਰਾਂ 'ਚ ਪਏ ਨੇ, ਮੇਰੇ ਵਲ ਸੁਟ!"

ਮਿਰਾਲੀ ਨੇ ਨਜ਼ਰ ਮਾਰੀ ਤੇ ਉਹਨੇ ਵੇਖਿਆ, ਸਾਰੀ ਦੀ ਸਾਰੀ ਥਾਂ ਕੀਮਤੀ ਪਥਰਾਂ ਨਾਲ ਪਰੁੱਚੀ ਪਈ ਸੀ: ਉਥੇ ਹੀਰੇ ਤੇ ਲਾਲ ਸਨ, ਨੀਲਮ ਤੇ ਪੰਨੇ ਸਨ ਤੇ ਫ਼ਰੋਜ਼ੇ ਦੇ ਢੇਲੇ...। ਹੀਰੇ ਵਡੇ-ਵਡੇ ਤੇ ਸੁਹਣੇ ਸਨ, ਤੇ ਉਹ ਧੁਪ ਵਿਚ ਡਲਕ ਰਹੇ ਸਨ।

ਮਿਰਾਲੀ ਹੀਰੇ ਇਕੱਠੇ ਕਰਨ ਤੇ ਹੇਠਾਂ 'ਬੇ' ਵਲ ਸੁੱਟਣ ਲਗ ਪਿਆ, ਤੇ 'ਬੇ', ਜਿਵੇਂ ਹੀ ਉਹ ਡਿਗਦੇ, ਛੇਤੀ ਨਾਲ ਚੁਕਦਾ ਗਿਆ। ਉਹਨੇ ਆਪਣੀਆਂ ਦੋ ਵਡੀਆਂ ਬੋਰੀਆਂ ਉਹਦੇ ਨਾਲ ਭਰ ਲਈਆਂ।

ਮਿਰਾਲੀ ਓਦੋਂ ਤਕ ਕੰਮੀਂ ਲਗ ਰਿਹਾ ਜਦੋਂ ਤਕ ਉਹਨੂੰ ਇਕ ਅਜਿਹੀ ਸੋਚ ਨਾ ਆ ਗਈ, ਜਿਹਦੇ ਨਾਲ ਉਹ ਠੰਡਾ-ਠਾਰ ਹੋ ਗਿਆ।

"ਮੈਂ, ਮਾਲਕ, ਏਥੋਂ ਹੇਠਾਂ ਕਿਵੇਂ ਉਤਰਾਂਗਾ?" ਉਹਨੇ 'ਬੇ' ਨੂੰ ਆਵਾਜ਼ ਦਿਤੀ।

"ਮੇਰੇ ਵਲ ਹੋਰ ਪੱਥਰ ਸੁਟ," 'ਬੇ' ਨੇ ਪਰਤਵੀਂ ਆਵਾਜ਼ ਦਿਤੀ, "ਤੇ ਮੈਂ ਤੈਨੂੰ ਦੱਸਾਂਗਾ, ਪਿਛੋਂ, ਪਹਾੜ ਤੋਂ ਕਿਵੇਂ ਉਤਰਨੈਂ।"

ਮਿਰਾਲੀ ਨੇ ਉਹਦਾ ਅਤਬਾਰ ਕਰ ਲਿਆ, ਤੇ ਹੇਠਾਂ ਹੀਰੇ ਸੁਟਦਾ ਗਿਆ।

ਜਦੋਂ ਬੋਰੀਆਂ ਮੂੰਹ ਤਕ ਭਰ ਗਈਆਂ, 'ਬੇ' ਨੇ ਉਹਨਾਂ ਨੂੰ ਊਠਾਂ ਉਤੇ ਲਦ ਲਿਆ।

"ਸੁਣਾ ਓਏ ਪੁਤਰਾ," ਉਹਨੇ ਹਸ ਕੇ ਮਿਰਾਲੀ ਨੂੰ ਆਵਾਜ਼ ਦਿਤੀ। "ਹੁਣ ਸਮਝ ਲਗ ਗਈ ਆ, ਮੈਂ ਆਪਣੇ ਮਜ਼ਦੂਰਾਂ ਨੂੰ ਕਿਸ ਕਿਸਮ ਦਾ ਕੰਮ ਦੇਣੈਂ। ਵੇਖ, ਉਤੇ, ਉਪਰ ਪਹਾੜ 'ਤੇ, ਉਹਨਾਂ 'ਚੋਂ ਕਿੰਨੇ ਕੁ ਨੇ!"

ਤੇ ਇਹ ਕਹਿ 'ਬੇ' ਊਠ ਉਤੇ ਬਹਿ ਚਲਾ ਗਿਆ।

ਮਿਰਾਲੀ ਪਹਾੜ ਉਤੇ ਉਕਾ ਇਕੱਲਾ ਰਹਿ ਗਿਆ। ਉਹ ਹੇਠਾਂ ਉਤਰਨ ਦਾ ਰਾਹ ਲੱਭਣ ਲਗ ਪਿਆ, ਪਰ ਹਰ ਪਾਸੇ ਖੱਡਾਂ ਤੇ ਦੰਦੀਆਂ ਸਨ ਤੇ ਹਰ ਥਾਂ ਬੰਦਿਆਂ ਦੀਆਂ ਹੱਡੀਆਂ ਪਈਆਂ ਸਨ। ਉਹ ਉਹਨਾਂ ਲੋਕਾਂ ਦੀਆਂ ਹੱਡੀਆਂ ਸਨ, ਜਿਹੜੇ ਮਿਰਾਲੀ ਵਾਂਗ 'ਬੇ' ਦੇ ਮਜ਼ਦੂਰ ਰਹੇ ਸਨ।

ਮਿਰਾਲੀ ਨੂੰ ਹੋਲ ਪੈਣ ਲਗਾ।

ਚਾਣਚਕ ਹੀ ਉਹਨੂੰ ਸਿਰ ਉਤੇ ਖੰਭਾਂ ਦੀ ਸਰ-ਸਰ ਸੁਣੀਤੀ, ਤੇ ਇਸ ਤੋਂ ਪਹਿਲਾਂ ਕਿ ਉਹ ਮੂੰਹ ਭੁਆ ਸਕਦਾ, ਇਕ ਬਹੁਤ ਵਡਾ ਉਕਾਬ ਉਹਦੇ ਉਤੇ ਝਪਟ ਪਿਆ। ਉਹ ਮਿਰਾਲੀ ਦੀ ਬੋਟੀ-ਬੋਟੀ ਕਰਨ ਲਗਾ ਸੀ, ਪਰ ਮਿਰਾਲੀ ਨੇ ਸੁਰਤ ਨਹੀਂ ਸੀ ਜਾਣ ਦਿਤੀ, ਤੇ ਉਹਨੇ ਉਕਾਬ ਦੀਆਂ ਲੱਤਾਂ ਨੂੰ ਦੋਵਾਂ ਹੱਥਾਂ ਨਾਲ ਫੜ, ਉਹਨਾਂ ਨੂੰ ਘੁਟ ਕੇ ਪੀਚ ਦਿਤਾ। ਉਕਾਬ ਨੇ ਚੀਕ ਮਾਰੀ, ਹਵਾ ਵਿਚ ਉਡ ਪਿਆ, ਤੇ ਮਿਰਾਲੀ ਨੂੰ ਛੰਡ ਵਗਾਣ ਦੀ ਕੋਸ਼ਿਸ਼ ਕਰਦਾ, ਗੋਲ-ਗੋਲ ਘੁੰਮਣ ਲਗ ਪਿਆ। ਅਖ਼ੀਰ, ਜਦੋਂ ਉਹ ਥਕ ਕੇ ਚੂਰ ਹੋ ਗਿਆ, ਉਹ ਜ਼ਮੀਨ ਉਤੇ ਆ ਪਿਆ, ਤੇ ਜਦੋਂ ਮਿਰਾਲੀ ਨੇ ਆਪਣੀ ਕੱਸ ਢਿੱਲੀ ਕੀਤੀ, ਉਹ ਉਡ ਗਿਆ।

ਇਸ ਤਰ੍ਹਾਂ, ਮਿਰਾਲੀ ਦਾ ਭਿਆਨਕ ਮੌਤ ਤੋਂ ਬਚਾ ਹੋ ਗਿਆ।

ਉਹ ਮੰਡੀ ਵਿਚ ਗਿਆ ਤੇ ਫੇਰ ਕੰਮ ਲੱਭਣ ਲਗ ਪਿਆ। ਚਾਣਚਕ ਹੀ ਉਹਨੇ ਵੇਖਿਆ, 'ਬੇ', ਉਹਦਾ ਪਹਿਲਾ ਮਾਲਕ, ਉਹਦੇ ਵਲ ਆ ਰਿਹਾ ਸੀ।

"'ਬੇ', ਮਜ਼ਦੂਰ ਚਾਹੀਦਾ ਈ?" ਮਿਰਾਲੀ ਨੇ ਉਹਨੂੰ ਪੁਛਿਆ।

ਏਧਰ 'ਬੇ' ਨੂੰ ਖ਼ਿਆਲ ਤਕ ਨਾ ਆਇਆ, ਉਹਦਾ ਕੋਈ ਮਜ਼ਦੂਰ ਜਿਊਂਦਾ ਵੀ ਰਹਿ ਗਿਆ ਹੋਵੇਗਾ— ਅਜੇ ਤਕ ਇੰਜ ਕਦੀ ਨਹੀਂ ਸੀ ਹੋਇਆ—ਤੇ ਮਿਰਾਲੀ ਨੂੰ ਕੋਈ ਹੋਰ ਬੰਦਾ ਸਮਝ, ਉਹਨੂੰ ਉਹਨੇ ਭਾੜੇ ਉਤੇ ਰੱਖ ਲਿਆ ਤੇ ਆਪਣੇ ਨਾਲ ਘਰ ਲੈ ਗਿਆ।

ਛੇਤੀ ਹੀ ਪਿਛੋਂ, 'ਬੇ' ਨੇ ਮਿਰਾਲੀ ਨੂੰ ਹੁਕਮ ਦਿਤਾ, ਉਹ ਇਕ ਢੱਗਾ ਜ਼ਬ੍ਹਾ ਕਰੇ ਤੇ ਉਹਦੀ ਖਲ ਲਾਹ ਲਵੇ, ਤੇ ਜਦੋਂ ਇਹ ਹੋ ਗਿਆ, ਉਹਨੇ ਉਹਨੂੰ ਆਖਿਆ, ਦੋ ਊਠ ਤਿਆਰ ਕਰੇ ਤੇ ਚਾਰ ਬੋਰੀਆਂ ਲੈ ਆਵੇ।

ਉਹ ਓਸੇ ਹੀ ਪਹਾੜ ਦੇ ਹੇਠਾਂ ਪਹੁੰਚੇ, ਤੇ ਅਸਲੋਂ ਪਹਿਲਾਂ ਵਾਂਗ ਹੀ, 'ਬੇ' ਨੇ ਮਿਰਾਲੀ ਨੂੰ ਢੱਗੇ ਦੀ ਖਲ ਉਤੇ ਲੇਟ ਜਾਣ ਤੇ ਆਪਣਾ ਆਪ ਉਹਦੇ ਵਿਚ ਲਪੇਟ ਲੈਣ ਲਈ ਆਖਿਆ।

''ਮੈਨੂੰ ਦਸ, ਇਹ ਕਰਨਾ ਕਿਵੇਂ ਏਂ, ਮੈਨੂੰ ਠੀਕ ਤਰ੍ਹਾਂ ਸਮਝ ਨਹੀਂ ਪਈ,'' ਮਿਰਾਲੀ ਨੇ ਕਿਹਾ।

''ਸਮਝਣ ਵਾਲੀ ਗਲ ਈ ਕਿਹੜੀ ਏ? ਵੇਖ ਇੰਜ ਕਰੀਦੈ,'' 'ਬੇ' ਨੇ ਜਵਾਬ ਦਿਤਾ, ਤੇ ਉਹ ਉਲਟਾਈ ਪਈ ਖਲ ਉਤੇ ਪਸਰ ਗਿਆ।

ਮਿਰਾਲੀ ਨੇ ਇਕਦਮ ਹੀ ਖਲ ਨੂੰ, 'ਬੇ' ਸਮੇਤ, ਵਲ੍ਹੇਟ ਕੇ ਗੰਢ ਬਣਾ ਲਈ, ਉਤੋਂ ਉਹਨੂੰ ਘੁਟ ਕੇ ਬੰਨ੍ਹ ਦਿਤਾ ਤੇ ਆਪ ਪਰ੍ਹਾਂ ਹੋ ਗਿਆ।

''ਠਹਿਰ ਜਾ ਪੁਤਰਾ,'' 'ਬੇ' ਕੁਰਲਾਇਆ। ''ਮੇਰਾ ਕੀ ਹਾਲ ਕੀਤਾ ਈ!''

ਪਰ ਓਸੇ ਪਲ ਦੋ ਸ਼ਿਕਾਰੀ ਪਰਿੰਦੇ ਉਡਦੇ ਆ ਨਿਕਲੇ, ਉਹਨਾਂ ਢੱਗੇ ਦੀ ਖਲ ਨੂੰ ਫੜ ਲਿਆ ਤੇ ਉਹਨੂੰ ਲੈ ਪਹਾੜ ਦੀ ਟੀਸੀ ਉਤੇ ਜਾ ਪਹੁੰਚੇ। ਜਦੋਂ ਉਹ ਟੀਸੀ ਉਤੇ ਪਹੁੰਚ ਪਏ, ਉਹ ਖਲ ਨੂੰ ਆਪਣੀਆਂ ਚੁੰਜਾਂ ਤੇ ਪੌਂਚਿਆਂ ਨਾਲ ਪਾੜਨ ਲਗੇ, ਪਰ 'ਬੇ' ਨੂੰ ਵੇਖ, ਤਰਹਿ ਗਏ ਤੇ ਉਡ ਗਏ। 'ਬੇ' ਨੇ ਖੜੇ ਹੋਣ ਦੀ ਕੀਤੀ।

''ਸੁਣ ਵਾਈ, 'ਬੇ' ਵਕਤ ਜ਼ਾਇਆ ਨਾ ਕਰ, ਮੇਰੇ ਵਲ ਹੀਰੇ ਸੁਟ, ਜਿਵੇਂ ਤੇਰੇ ਵਲ ਮੈਂ ਸੁੱਟੇ ਸਨ,'' ਮਿਰਾਲੀ ਨੇ ਹੇਠੋਂ ਜਵਾਬ ਦਿਤਾ।

'ਬੇ' ਨੇ ਤਾਂ ਹੀ ਉਹਨੂੰ ਪਛਾਣਿਆ, ਤੇ ਉਹ ਸਹਿਮ ਤੇ ਗੁੱਸੇ ਨਾਲ ਕੰਬਣ ਲਗ ਪਿਆ।

''ਪਹਾੜ ਤੋਂ ਕਿਵੇਂ ਉਤਰਿਆ ਸੈਂ,'' ਉਹਨੇ ਮਿਰਾਲੀ ਨੂੰ ਆਵਾਜ਼ ਦਿਤੀ। ''ਛੇਤੀ ਨਾਲ ਜਵਾਬ ਦੇ ਮੈਨੂੰ!''

''ਹੋਰ ਹੀਰੇ ਸੁਟ, ਤੇ ਜਦੋਂ ਮੇਰੇ ਕੋਲ ਕਾਫ਼ੀ ਹੋ ਜਾਣਗੇ, ਤੈਨੂੰ ਦੱਸਾਂਗਾ, ਪਹਾੜ ਤੋਂ ਕਿਵੇਂ ਉਤਰੀਦੈ,'' ਮਿਰਾਲੀ ਨੇ ਜਵਾਬ ਦਿਤਾ।

ਫੇਰ 'ਬੇ' ਹੀਰੇ ਹੇਠਾਂ ਸੁੱਟਣ ਲਗ ਪਿਆ, ਤੇ ਮਿਰਾਲੀ, ਜਿਵੇਂ ਹੀ ਉਹ ਡਿਗਦੇ, ਚੁਕਦਾ ਗਿਆ। ਜਦੋਂ ਬੋਰੀਆਂ ਭਰ ਗਈਆਂ, ਮਿਰਾਲੀ ਨੇ ਉਹਨਾਂ ਨੂੰ ਊਠਾਂ ਉਤੇ ਲਦ ਲਿਆ।

''ਸੁਣ, 'ਬੇ', ਆਪਣੇ ਆਲੇ-ਦੁਆਲੇ ਵੇਖ,'' ਮਿਰਾਲੀ ਨੇ ਉਹਨੂੰ ਆਵਾਜ਼ ਦਿਤੀ। ''ਉਹਨਾਂ ਲੋਕਾਂ ਦੀਆਂ ਹੱਡੀਆਂ, ਜਿਨ੍ਹਾਂ ਨੂੰ ਤੂੰ ਮੌਤ ਦੇ ਮੂੰਹ 'ਚ ਸੁਟਿਆ, ਹਰ ਥਾਂ ਖਿਲਰੀਆਂ ਪਈਆਂ ਨੇ। ਉਹਨਾਂ ਤੋਂ ਕਿਉਂ ਨਹੀਂ ਪੁਛ ਲੈਂਦਾ, ਪਹਾੜ ਤੋਂ ਕਿਵੇਂ ਉਤਰੀਦੈ? ਮੈਂ ਤਾਂ ਘਰ ਜਾ ਰਿਹਾਂ।''

ਤੇ ਊਠਾਂ ਦੇ ਮੂੰਹ ਭੁਆ, ਮਿਰਾਲੀ ਆਪਣੀ ਮਾਂ ਦੇ ਘਰ ਵਲ ਹੋ ਪਿਆ।

'ਬੇ', ਡਰਾਵੇ ਦੇਂਦਾ ਤੇ ਮਿੰਨਤਾਂ ਕਰਦਾ, ਪਹਾੜ ਦੀ ਟੀਸੀ ਉਤੇ ਏਧਰ-ਓਧਰ ਭੱਜਣ ਲਗਾ, ਪਰ ਕੋਈ ਫ਼ਾਇਦਾ ਨਾ ਹੋਇਆ, ਕਿਉਂ ਜੁ ਉਹਨੂੰ ਸੁਣਨ ਵਾਲਾ ਓਥੇ ਹੈ ਕੌਣ ਸੀ?!

# ਲਾਲਚੀ ਕਾਜ਼ੀ

ਤਾਜਿਕ ਪਰੀ-ਕਹਾਣੀ





ਮੰਨੋ ਭਾਵੇਂ ਨਾ ਮੰਨੋ, ਇਕ ਵਾਰੀ ਇਕ ਬਹੁਤ ਗ਼ਰੀਬ ਆਦਮੀ ਹੁੰਦਾ ਸੀ, ਜਿਹੜਾ ਮਿਹਨਤ ਤਾਂ ਹਡ-ਭੰਨਵੀਂ ਕਰਦਾ ਸੀ, ਪਰ ਰਹਿੰਦਾ ਗ਼ਰੀਬ ਦਾ ਗ਼ਰੀਬ ਹੀ ਸੀ। ਇਸ ਲਈ ਉਹਨੇ ਮਤਾ ਪਕਾਇਆ, ਉਹ ਆਪਣਾ ਇਲਾਕਾ ਛਡ ਮਿਹਨਤ-ਮਜ਼ਦੂਰੀ ਲਈ ਕਿਸੇ ਦੁਰਾਡੇ ਸ਼ਹਿਰ ਜਾਵੇ। ਉਹ ਆਪਣੇ ਟੱਬਰ ਤੋਂ ਵਿਦਾ ਹੋਇਆ ਤੇ ਚਲ ਪਿਆ।

ਉਹਨੂੰ ਰਾਹ ਵਿਚ ਬਹੁਤਾ ਵਕਤ ਲਗਾ, ਜਾਂ ਥੋੜਾ ਵਕਤ ਲਗਾ, ਇਹਦੀ ਖ਼ਬਰ ਕਿਸੇ ਨੂੰ ਨਹੀਂ, ਪਰ ਅਖ਼ੀਰ ਉਹ ਉਸ ਸ਼ਹਿਰ ਅੱਪੜ ਪਿਆ, ਜਿਥੇ ਉਹਨੇ ਜਾਣਾ ਸੀ, ਤੇ ਇਕਦਮ ਹੀ ਕੰਮ ਦੀ ਭਾਲ ਵਿਚ ਘਰੋ-ਘਰੀ ਜਾਣ ਲਗ ਪਿਆ। ਜੁ ਕੁਝ ਵੀ ਉਹਦੇ ਹਥ ਲਗਦਾ, ਉਹ ਕਰਦਾ, ਉਹਨੇ ਕਦੀ ਵੀ ਕਿਸੇ ਵੀ ਕੰਮ ਤੋਂ ਇਨਕਾਰ ਨਾ ਕੀਤਾ, ਭਾਵੇਂ ਉਹ ਕਿੰਨਾ ਵੀ ਸਖ਼ਤ ਕਿਉਂ ਨਾ ਹੁੰਦਾ। ਉਹਨੂੰ ਜਿਹੜਾ ਕੰਮ ਵੀ ਕਰਨ ਨੂੰ ਕਿਹਾ ਜਾਂਦਾ, ਉਹ ਉਹਨੂੰ ਦਿਲ ਨਾਲ ਕਰਨ ਲਗ ਪੈਂਦਾ, ਤੇ ਹਰ ਚੀਜ਼ ਪੂਰੀ ਤਰ੍ਹਾਂ ਤੇ ਚੰਗੀ ਤਰ੍ਹਾਂ ਕਰਦਾ।

ਉਹ ਜਿੰਨੇ ਪੈਸੇ ਵੀ ਕਮਾਂਦਾ, ਉਹਨਾਂ ਵਿਚੋਂ ਉਹ ਸਿਰਫ਼ ਓਨੇ ਹੀ ਖਰਚ ਕਰਦਾ, ਜਿੰਨੇ ਰੋਟੀ ਖ਼ਰੀਦਣ ਲਈ ਚਾਹੀਦੇ ਹੁੰਦੇ, ਤੇ ਬਾਕੀ ਦੇ ਪੈਸੇ ਉਹ ਇਕ ਨਿੱਕੀ ਜਿਹੀ ਗੁੱਥੀ ਵਿਚ ਪਾ ਛਡਦਾ, ਤੇ ਦਿਲ ਹੀ ਦਿਲ ਵਿਚ ਕਹਿੰਦਾ:

"ਮੈਂ ਥੋੜਾ ਜਿਹਾ ਹੋਰ ਕੰਮ ਕਰਾਂਗਾ, ਹੋਰ ਪੈਸੇ ਜੋੜ ਲਵਾਂਗਾ ਤੇ ਫੇਰ ਆਪਣੇ ਟੱਬਰ ਕੋਲ ਪਰਤ ਜਾਵਾਂਗਾ।"

ਇਸ ਤਰ੍ਹਾਂ, ਉਹਨੇ ਕਿੰਨੇ ਹੀ ਵਰ੍ਹੇ ਜਾਨ ਤੋੜ ਕੇ ਕੰਮ ਕੀਤਾ ਤੇ ਪੂਰੇ ਇਕ ਹਜ਼ਾਰ 'ਟਾਂਗੇ'* ਜੋੜ

*ਟਾਂਗਾ — ਪੁਰਾਣੇ ਵਕਤਾਂ ਦਾ ਇਕ ਤਾਜਿਕ ਸਿੱਕਾ — ਅਨੁ:

ਲਏ। ਤੇ ਕਿਉਂ ਜੁ ਇਹ ਇਕ ਗ਼ਰੀਬ ਆਦਮੀ ਲਈ ਬਹੁਤ ਵਡੀ ਰਕਮ ਸੀ, ਉਹ ਇਹਦੀਆਂ ਸੋਚਾਂ ਸੋਚਣ ਤੇ ਫ਼ਿਕਰ ਕਰਨ ਲਗ ਪਿਆ। ਉਹ ਆਪਣੇ ਆਪ ਨੂੰ ਕਹਿੰਦਾ:

"ਜੇ ਕਦੀ ਕਿਸੇ ਤਰ੍ਹਾਂ ਮੇਰੇ ਪੈਸੇ ਗੁਆਚ ਗਏ ਤਾਂ ?.. ਇਹਨਾਂ ਨੂੰ ਆਪਣੇ ਨਾਲ-ਨਾਲ ਲਈ ਫਿਰਨਾ ਬੇਵਕੂਫ਼ੀ ਏ ਇਸ ਲਈ ਕਿ ਇਹ ਮੇਰੇ ਤੋਂ ਗੁਆਚ ਸਕਦੇ ਨੇ; ਨਾਲੇ, ਇਹਨਾਂ ਦਾ ਕਿਸੇ ਚੋਰ ਨੂੰ ਵੀ ਪਤਾ ਲਗ ਸਕਦੈ ਤੇ ਉਹ ਫਿਰ ਮੈਨੂੰ ਮਾਰ ਸਕਦੈ ਤੇ ਲੁਟ ਸਕਦੈ। ਪੈਸਿਆਂ ਨੂੰ ਆਪਣੇ ਟਿਕਾਣੇ ਲੁਕਾ ਦੇਣ ਨਾਲ ਵੀ ਕੁਝ ਨਹੀਂ ਬਣਨ ਲਗਾ, ਇਸ ਲਈ ਕਿ ਇਹ ਓਥੋਂ ਵੀ ਗ਼ਾਇਬ ਹੋ ਸਕਦੇ ਨੇ। ਕੋਈ ਮੈਨੂੰ ਲੁਕਾਂਦਾ ਵੇਖ ਸਕਦੈ, ਤੇ ਦੁਨੀਆਂ ਵਿਚ ਖਚਰੇ ਤੇ ਬਦ ਲੋਕਾਂ ਦੀ ਘਾਟ ਨਹੀਂ। ਮੈਥੋਂ ਮੇਰੇ ਪੈਸੇ ਜਾਂਦੇ ਰਹਿਣਗੇ ਤੇ ਮੈਨੂੰ ਆਪਣੇ ਟੱਬਰ ਕੋਲ ਖਾਲੀ ਹੱਥੀਂ ਮੁੜਨਾ ਪਵੇਗਾ..."

ਉਹ ਇੰਜ ਸੋਚ ਰਿਹਾ ਸੀ ਤੇ ਉਹਨੂੰ ਸੁਝ ਨਹੀਂ ਸੀ ਰਿਹਾ, ਉਹ ਕੀ ਕਰੇ। ਪਰ ਅਖ਼ੀਰ ਉਹਨੇ ਆਪਣੇ ਹਜ਼ਾਰ 'ਟਾਂਗੇ' ਰੱਖਣ ਲਈ ਕਾਜ਼ੀ ਨੂੰ ਦੇਣ ਦਾ ਮਤਾ ਪਕਾਇਆ।

"ਕਹਿੰਦੇ ਨੇ, ਉਹ ਈਮਾਨਦਾਰ ਤੇ ਨੇਕ ਆਦਮੀ ਏ," ਉਹ ਦਿਲ ਵਿਚ ਕਹਿਣ ਲਗਾ। "ਮੇਰੇ ਪੈਸੇ ਉਹਦੇ ਕੋਲ ਮਹਿਫ਼ੂਜ਼ ਰਹਿਣਗੇ। ਜਦੋਂ ਮੈਂ ਘਰ ਆਪਣੇ ਜੀਆਂ ਕੋਲ ਜਾਣ ਦੀ ਧਾਰੀ, ਮੈਂ ਵਾਪਸ ਲੈ ਲਵਾਂਗਾ।"

ਗ਼ਰੀਬ ਆਦਮੀ ਨੇ ਆਪਣੇ ਆਪ ਨੂੰ ਇਸ ਤਰ੍ਹਾਂ ਸਮਝਾਇਆ, ਤੇ ਇਸੇ ਖ਼ਿਆਲ ਨਾਲ ਹੀ ਉਹ ਕਾਜ਼ੀ ਨੂੰ ਮਿਲਣ ਗਿਆ। ਕਾਜ਼ੀ ਨੇ ਉਹਨੂੰ ਆਪਣੇ ਕੋਲ ਆਉਣ ਦਿਤਾ ਤੇ ਪੁਛਿਆ, ਉਹਨੂੰ ਕੀ ਕੰਮ ਸੀ।

"ਬਹੁਤ ਈ ਅਦਬ-ਜੋਗ ਕਾਜ਼ੀ, ਮੈਂ ਆਪਣੇ ਪੈਸੇ ਤੇਰੇ ਕੋਲ ਰਖਣਾ ਚਾਹੁਨਾਂ; ਮੈਨੂੰ ਇਸ ਤੋਂ ਬਹੁਤੀ ਮਹਿਫ਼ੂਜ਼ ਥਾਂ ਹੋਰ ਕੋਈ ਨਹੀਂ ਲਭਦੀ। ਜਿੰਨਾ ਚਿਰ ਮੈਂ ਇਸ ਸ਼ਹਿਰ 'ਚ ਰਹਿ ਤੇ ਕੰਮ ਕਰ ਰਿਹਾਂ, ਮਿਹਰਬਾਨੀ ਕਰਕੇ ਇਹਨਾਂ ਨੂੰ ਆਪਣੇ ਕੋਲ ਰਖ।"

ਕਾਜ਼ੀ ਨੇ ਪੈਸਿਆਂ ਵਾਲੀ ਗੁੱਥੀ ਫੜ ਲਈ ਤੇ ਗੰਭੀਰਤਾ ਨਾਲ ਕਹਿਣ ਲਗਾ:

"ਜਿਵੇਂ ਤੂੰ ਕਹਿ ਰਿਹੈਂ, ਮੈਨੂੰ ਕਰ ਕੇ ਬਹੁਤ ਖ਼ੁਸ਼ੀ ਹੋਵੇਗੀ। ਗਲ ਤੂੰ ਸਚ ਈ ਕੀਤੀ ਏ। ਤੈਨੂੰ ਆਪਣੇ ਪੈਸੇ ਰੱਖਣ ਲਈ ਇਸ ਤੋਂ ਮਹਿਫ਼ੂਜ਼ ਥਾਂ ਨਹੀਂ ਸੀ ਲਭ ਸਕਦੀ।"

ਗ਼ਰੀਬ ਆਦਮੀ ਚਲਾ ਗਿਆ, ਤੇ ਕਾਜ਼ੀ ਨੇ ਪੈਸੇ ਗਿਣੇ ਤੇ ਉਹਨਾਂ ਨੂੰ ਇਕ ਵਡੇ ਸਾਰੇ ਗੱਲੇ ਵਿਚ ਰਖ ਦਿਤਾ।

ਕੁਝ ਵਕਤ ਲੰਘ ਗਿਆ ਤੇ ਪੈਸਿਆਂ ਦਾ ਮਾਲਕ ਵਾਪਸ ਆਪਣੇ ਟੱਬਰ ਕੋਲ ਜਾਣ ਲਈ ਤਿਆਰ ਹੋਣ ਲਗਾ। ਉਹ ਕਾਜ਼ੀ ਕੋਲ ਆਇਆ ਤੇ ਉਹਨੂੰ ਕਹਿਣ ਲਗਾ:

"ਬਹੁਤ ਈ ਅਦਬ-ਜੋਗ ਕਾਜ਼ੀ, ਮੇਰੇ ਪੈਸੇ ਮੈਨੂੰ ਮੋੜ ਦੇ, ਭਲਕੇ ਮੈਂ ਇਸ ਸ਼ਹਿਰੋਂ ਜਾ ਰਿਹਾਂ।"

ਕਾਜ਼ੀ ਨੇ ਉਹਦੇ ਵਲ ਤਕਿਆ।

"ਕਿਹੜੇ ਪੈਸੇ ਕਹਿ ਰਿਹੈਂ?" ਉਹਨੇ ਪੁਛਿਆ।

"ਬਹੁਤ ਈ ਅਦਬ-ਜੋਗ ਕਾਜ਼ੀ, ਇਕ ਹਜ਼ਾਰ 'ਟਾਂਗੇ' ਜਿਹੜੇ ਮੈਂ ਤੇਰੇ ਕੋਲ ਰਖੇ ਸਨ।"

"ਦਮਾਗ਼ ਖ਼ਰਾਬ ਹੋ ਗਿਐ ਤੇਰਾ!" ਕਾਜ਼ੀ ਕੜਕਿਆ। "ਮੈਨੂੰ ਕੋਈ ਪੈਸੇ ਤੂੰ ਦਿਤੇ ਕਦੋਂ ਸਨ? ਕਮਾਲ ਦੀ ਗਲ ਕੀਤੀ ਆ, ਸਚੀ! ਇਕ ਹਜ਼ਾਰ 'ਟਾਂਗੇ'! ਤੇਰੇ ਵਡ-ਵਡੇਰਿਆਂ ਦੀਆਂ ਸਤ ਪੀੜ੍ਹੀਆਂ ਨੇ ਵੀ ਇਕ ਸੌ 'ਟਾਂਗੇ' ਵੀ ਤੱਕੇ ਨਹੀਂ ਹੋਣੇ! ਤੈਨੂੰ ਪੂਰੇ ਹਜ਼ਾਰ 'ਟਾਂਗੇ' ਲਭ ਕਿਥੋਂ ਜਾਣੇ ਸਨ?"

ਗ਼ਰੀਬ ਆਦਮੀ ਨੇ ਕਾਜ਼ੀ ਨੂੰ ਚੇਤੇ ਕਰਾਣ ਦੀ ਕੋਸ਼ਿਸ਼ ਕੀਤੀ, ਉਹਨੇ ਉਹਨੂੰ ਪੈਸੇ ਕਦੋਂ ਲਿਆ ਕੇ ਦਿਤੇ ਸਨ ਤੇ ਉਹਨਾਂ ਦੀਆਂ ਆਪੋ ਵਿਚ ਕੀ ਗੱਲਾਂ ਹੋਈਆਂ ਸਨ। ਪਰ ਕਾਜ਼ੀ ਸੁਣਨ ਵਿਚ ਹੀ ਨਹੀਂ ਸੀ ਆਉਂਦਾ। ਉਹਨੇ ਪੈਰ ਜ਼ਮੀਨ ਉਤੇ ਮਾਰੇ ਤੇ ਆਪਣੇ ਨੌਕਰਾਂ ਨੂੰ ਸਦਿਆ।

"ਇਹ ਆਦਮੀ ਧੋਖੇਬਾਜ਼ ਏ!" ਉਹ ਚਿਲਕਿਆ। "ਇਹਨੂੰ ਕੁੱਟੋ, ਠੁੱਡੇ ਮਾਰੋ ਤੇ ਘਰੋਂ ਬਾਹਰ ਕਢ ਦਿਓ।"

ਕਾਜ਼ੀ ਦੇ ਨੌਕਰ ਗ਼ਰੀਬ ਆਦਮੀ ਉਤੇ ਟੁਟ ਪਏ, ਉਹਨਾਂ ਉਹਨੂੰ ਬੇ-ਤਰਸੀ ਨਾਲ ਕੁਟਿਆ ਤੇ ਘਰੋਂ ਬਾਹਰ ਕਢ ਦਿਤਾ।

ਗ਼ਰੀਬ ਆਦਮੀ, ਰੋਂਦਾ-ਧੋਂਦਾ, ਠੇਡੇ ਖਾਂਦਾ ਬਾਹਰ ਸੜਕ ਉਤੇ ਟੁਰ ਪਿਆ।

"ਮੇਰੀ ਸਾਰੀ ਮਿਹਨਤ ਖੂਹ-ਖਾਤੇ ਪੈ ਗਈ ਏ! ਮੇਰੇ ਪੈਸੇ ਰੁੜ੍ਹ ਗਏ ਨੇ!" ਉਹ ਦਿਲਗੀਰੀ ਨਾਲ ਮੁੜ-ਘਿੜ ਬੋਲੀ ਜਾਂਦਾ। "ਲਾਲਚੀ ਕਾਜ਼ੀ ਸਾਰੇ ਦੇ ਸਾਰੇ ਖਾ ਗਿਐ!"

ਐਨ ਓਸੇ ਵੇਲੇ ਕੋਲੋਂ ਇਕ ਔਰਤ ਲੰਘੀ। ਗ਼ਰੀਬ ਆਦਮੀ ਦਾ ਰੋਣਾ-ਧੋਣਾ ਸੁਣ, ਉਹ ਉਹਨੂੰ ਮਿਹਣਾ ਮਾਰਦੀ ਕਹਿਣ ਲਗੀ:

"ਕੀ ਹੋ ਗਿਆ ਈ, ਭਰਾਵਾ? ਦਾੜ੍ਹੀ ਤੇ ਦਸਤਾਰ ਵਾਲਾ ਏਡੀ ਉਮਰ ਦਾ ਆਦਮੀ ਏਂ ਤੂੰ, ਬੱਚੇ ਵਾਂਗ ਕਿਉਂ ਵਿਲਕੀ ਜਾ ਰਿਹੈਂ?"

ਗ਼ਰੀਬ ਆਦਮੀ ਨੇ ਉਦਾਸੀ ਨਾਲ ਆਖਿਆ:

"ਭੈਣੇਂ, ਜੇ ਕਦੀ ਤੈਨੂੰ ਪਤਾ ਹੋਵੇ, ਮੇਰੇ ਨਾਲ ਕਿਵੇਂ ਧੋਖਾ ਖੇਡਿਆ ਗਿਐ! ਸਾਲਾਂ ਬੱਧੀ ਮੈਂ ਲਕ ਤੋੜਦਾ ਰਿਹਾਂ, ਮੈਂ ਕਦੀ ਢਿਡ ਭਰ ਕੇ ਨਹੀਂ ਖਾਧਾ ਤੇ ਕਦੀ ਪੂਰਾ ਸੁੱਤਾ ਨਹੀਂ, ਤੇ ਡਾਢੇ ਜੱਫ਼ਰ ਜਾਲ ਮੈਂ ਇਕ ਹਜ਼ਾਰ 'ਟਾਂਗੇ' ਜੋੜ ਸਕਿਆ। ਹੁਣ ਮੈਂ ਗੁਆ ਬੈਠਾ ਉਹਨਾਂ ਨੂੰ। ਜੇ ਤੈਨੂੰ ਪਤਾ ਲਗੇ, ਇਹ ਕਿਵੇਂ ਹੋਇਐ, ਤੂੰ ਮੈਨੂੰ ਮਿਹਣੇ ਨਾ ਮਾਰੇਂ।"

"ਮੈਨੂੰ ਦਸ ਕਿਵੇਂ ਹੋਇਐ," ਔਰਤ ਨੇ ਆਖਿਆ।

ਤੇ ਗ਼ਰੀਬ ਆਦਮੀ ਨੇ ਉਹਨੂੰ ਦਸਿਆ, ਉਹਦੇ ਪੈਸੇ ਕਿਵੇਂ ਲੁਟ ਲਏ ਗਏ ਸਨ।

"ਤੇ ਲੋਕੀ ਕਹਿੰਦੇ ਨੇ ਕਿ ਕਾਜ਼ੀ ਈਮਾਨਦਾਰ ਤੇ ਪਾਕਬਾਜ਼ ਏ!" ਕੁੜ੍ਹੱਤਣ ਨਾਲ ਉਹ ਅਗੋਂ ਬੋਲਿਆ।

"ਦਿਲਗੀਰ ਨਾ ਹੋ, ਸਾਰਾ ਕੁਝ ਚਲਾ ਨਹੀਂ ਗਿਆ," ਉਹ ਕਹਿਣ ਲਗੀ। "ਮੇਰੇ ਨਾਲ ਆ, ਮੈਂ ਕੋਈ ਤਰਕੀਬ ਸੋਚਾਂਗੀ।"

ਉਹ ਔਰਤ ਦੇ ਘਰ ਗਏ, ਤੇ ਔਰਤ ਨੇ ਓਥੇ ਪਈ ਇਕ ਵਡੀ ਸਾਰੀ ਸੰਦੂਕੜੀ ਫੜੀ ਤੇ ਆਪਣੇ ਛੋਟੇ ਜਿਹੇ ਪੁੱਤਰ ਨੂੰ ਕਹਿਣ ਲਗੀ:

"ਮੈਂ ਇਸ ਆਦਮੀ ਨਾਲ ਕਾਜ਼ੀ ਕੋਲ ਜਾ ਰਹੀ ਹਾਂ। ਕੁਝ ਦੂਰ ਰਹਿ ਸਾਡੇ ਪਿੱਛੇ-ਪਿੱਛੇ ਆ ਜਾ, ਪਰ ਬਹੁਤਾ ਨੇੜੇ ਨਾ ਹੋਈਂ। ਵੇਖੀਂ ਤੈਨੂੰ ਕੋਈ ਤਕ ਨਾ ਲਵੇ। ਜਦੋਂ ਅਸੀਂ ਕਾਜ਼ੀ ਦੇ ਘਰ ਪਹੁੰਚ ਜਾਈਏ, ਲੁਕ ਜਾਈਂ ਤੇ ਓਦੋਂ ਤਕ ਉਡੀਕੀਂ, ਜਦੋਂ ਤਕ ਕਾਜ਼ੀ ਇਸ ਆਦਮੀ ਨੂੰ ਪੈਸੇ ਨਹੀਂ ਦੇਂਦਾ। ਜਦੋਂ ਦਿੱਸੀ, ਕਾਜ਼ੀ ਇਹ ਸੰਦੂਕੜੀ ਫੜਨ ਲਈ ਹਥ ਅਗੇ ਕਰ ਰਿਹਾ ਏ, ਭੱਜਾ-ਭੱਜਾ ਆਈਂ ਤੇ ਆਖੀਂ: 'ਅੱਬਾ ਆਪਣੇ ਊਠਾਂ ਤੇ ਮਾਲ-ਅਸਬਾਬ ਨਾਲ ਆ ਗਿਐ'"

"ਹੱਛਾ, ਜਿਵੇਂ ਤੂੰ ਕਿਹੈ, ਮੈਂ ਉਵੇਂ ਈ ਕਰਾਂਗਾ।,' ਮੁੰਡੇ ਨੇ ਆਖਿਆ।

ਔਰਤ ਨੇ ਸੰਦੂਕੜੀ ਸਿਰ ਉਤੇ ਰਖ ਲਈ ਤੇ ਉਹ ਤੇ ਗ਼ਰੀਬ ਆਦਮੀ ਕਾਜ਼ੀ ਦੇ ਘਰ ਵਲ ਹੋ ਪਏ, ਤੇ ਔਰਤ ਦਾ ਪੁੱਤਰ ਕੁਝ ਫ਼ਾਸਲੇ ਉਤੇ ਉਹਨਾਂ ਦੇ ਪਿੱਛੇ-ਪਿੱਛੇ ਆਣ ਲਗਾ।

ਉਹ ਕਾਜ਼ੀ ਦੇ ਘਰ ਪਹੁੰਚ ਗਏ, ਤੇ ਔਰਤ ਗ਼ਰੀਬ ਆਦਮੀ ਨੂੰ ਕਹਿਣ ਲਗੀ:

"ਮੈਂ ਪਹਿਲਾਂ ਜਾਵਾਂਗੀ, ਤੇ ਤੂੰ ਮੇਰੇ ਪਿਛੋਂ ਆ ਜਾਈਂ।"

ਉਹ ਘਰ ਅੰਦਰ ਚਲੀ ਗਈ, ਤੇ ਕਾਜ਼ੀ ਨੇ ਉਹਦੇ ਵਲ ਤੇ ਉਹਦੇ ਸਿਰ ਉਤੇ ਰਖੀ ਵਡੀ ਸਾਰੀ ਸੰਦੂਕੜੀ ਵਲ ਵੇਖਿਆ ਤੇ ਕਹਿਣ ਲਗਾ:

"ਆ ਭੈਣੇਂ, ਕਿਵੇਂ ਆਈ ਏਂ?"

ਔਰਤ ਨੇ ਆਖਿਆ:

"ਬਹੁਤ ਈ ਅਦਬ-ਜੋਗ ਕਾਜ਼ੀ, ਸ਼ਾਇਦ ਤੈਨੂੰ ਮੇਰਾ ਪਤਾ ਏ? ਮੈਂ ਦੌਲਤਮੰਦ ਸੁਦਾਗਰ ਰਹੀਮ ਦੀ ਬੀਵੀ ਹਾਂ। ਮੇਰਾ ਖਾਵੰਦ ਕਾਫ਼ਲਾ ਲੈ ਦੁਰਾਡੇ ਦੇਸੀਂ ਗਿਆ ਹੋਇਆ, ਤੇ ਉਹ ਖ਼ਬਰੇ ਕਦੋਂ ਪਰਤੇ। ਕਿੰਨੀਆਂ ਈ ਰਾਤਾਂ ਤੋਂ ਮੈਂ ਚੈਨ ਨਾਲ ਸੌਂ ਨਹੀਂ ਸਕੀ। ਚੋਰ ਮੇਰੇ ਘਰ ਦੁਆਲੇ ਘਾਤ ਲਈ ਬੈਠੇ ਨੇ, ਤੇ ਮੈਨੂੰ ਯਕੀਨ ਏ, ਉਹ ਸਾਨੂੰ ਲੁੱਟਣ ਦੀਆਂ ਤਰਕੀਬਾਂ ਸੋਚ ਰਹੇ ਨੇ। ਇਸ ਸੰਦੂਕੜੀ 'ਚ ਸਾਡੇ ਸਾਰੇ ਪੈਸੇ, ਤੇ ਨਾਲੇ ਸਾਡਾ ਸਾਰਾ ਸੋਨਾ ਤੇ ਹੀਰੇ-ਜਵਾਹਰ ਨੇ। ਇਹ ਏਨੀ ਭਾਰੀ ਏ ਕਿ ਮੈਂ ਇਹਨੂੰ ਏਥੇ ਡਾਢੀ ਮੁਸ਼ਕਲ ਨਾਲ ਲਿਆਈ ਹਾਂ। ਮੈਂ ਚਾਹੁਣੀ ਹਾਂ, ਤੂੰ ਇਹਨੂੰ ਆਪਣੇ ਕੋਲ ਮਹਿਫ਼ੂਜ਼ ਰਖੇਂ। ਜਦੋਂ ਮੇਰਾ ਖਾਵੰਦ ਪਰਤਦੈ, ਉਹ ਆਪੇ ਆ ਕੇ ਲੈ ਜਾਵੇਗਾ।"

ਕਾਜ਼ੀ ਨੇ ਸੰਦੂਕੜੀ ਚੁੱਕੀ ਤੇ ਜਦੋਂ ਉਹਨੂੰ ਮਹਿਸੂਸ ਹੋਇਆ ਉਹ ਕਿੰਨੀ ਭਾਰੀ ਸੀ, ਲਾਲਚ ਨਾਲ ਉਹਦੇ ਹਥ ਕੰਬਣ ਲਗ ਪਏ।

"ਇਸ ਸੰਦੂਕੜੀ 'ਚ ਚਾਲੀ ਪੰਜਾਹ ਹਜ਼ਾਰ 'ਟਾਂਗੇ' ਰਕਮ ਏ," ਉਹਨੇ ਸੋਚਿਆ, "ਤੇ ਨਾਲੇ ਕਿੰਨੇ ਹੀ ਹੀਰੇ-ਜਵਾਹਰ। ਮੈਂ ਸੁਣਿਆ ਹੋਇਐ, ਰਹੀਮ ਬਹੁਤ ਈ ਦੌਲਤਮੰਦ ਸੁਦਾਗਰ ਏ..." ਤੇ ਔਰਤ ਵਲ ਮੂੰਹ ਕਰ ਉਹ ਕਹਿਣ ਲਗਾ: "ਠੀਕ ਏ, ਭੈਣੇਂ, ਤੇਰਾ ਖਜ਼ਾਨਾ ਮੈਂ ਰਖ ਲਾਂਗਾ। ਯਕੀਨ ਰਖ, ਇਹ ਮੇਰੇ ਕੋਲ ਮਹਿਫ਼ੂਜ਼ ਰਹੇਗਾ। ਤੇ ਤੈਨੂੰ ਸਭ ਕੁਝ ਵਾਪਸ ਮਿਲ ਜਾਏਗਾ, ਇਕ-ਇਕ 'ਟਾਂਗੇ' ਤਕ।"

ਪਰ ਔਰਤ ਨੇ ਸੰਦੂਕੜੀ ਕਾਜ਼ੀ ਦੇ ਹੱਥਾਂ ਵਿਚੋਂ ਵਾਪਸ ਲੈ ਲਈ।

"ਮੈਨੂੰ ਸਾਰੇ ਦਾ ਸਾਰਾ ਸਚੀ ਮੁਚੀ ਈ ਵਾਪਸ ਮਿਲ ਜਾਏਗਾ?" ਉਹਨੇ ਆਖਿਆ।

"ਭੈਣੇਂ, ਇਹਦਾ ਸ਼ਕ ਨਾ ਰਖ!" ਕਾਜ਼ੀ ਬੋਲਿਆ। "ਸ਼ਹਿਰ ਦੇ ਸਾਰੇ ਲੋਕਾਂ ਨੂੰ ਮੇਰੀ ਈਮਾਨਦਾਰੀ ਤੇ ਪਾਕਬਾਜ਼ੀ ਦੀ ਖ਼ਬਰ ਏ।"

ਓਸੇ ਪਲ ਗ਼ਰੀਬ ਆਦਮੀ ਅੰਦਰ ਆ ਵੜਿਆ। ਕਾਜ਼ੀ ਨੇ ਉਹਨੂੰ ਤਕਿਆ ਤੇ ਉਹਦੀ ਖ਼ੁਸ਼ੀ ਦੀ ਹਦ ਨਾ ਰਹੀ।

"ਰਬ ਨੇ ਇਸ ਆਦਮੀ ਨੂੰ ਮੇਰੇ ਕੋਲ ਆਪ ਭੇਜਿਐ," ਉਹ ਦਿਲ ਵਿਚ ਸੋਚਣ ਲਗਾ। "ਇਸ ਔਰਤ ਅਗੇ ਆਪਣੀ ਈਮਾਨਦਾਰੀ ਸਾਬਤ ਕਰਨ ਦਾ ਇਸ ਤੋਂ ਚੰਗਾ ਮੌਕਾ ਹੋਰ ਕੋਈ ਨਹੀਂ। ਮੈਂ ਇਸ ਭਿਖਾਰੀ ਨੂੰ ਉਹਦੇ ਇਕ ਹਜ਼ਾਰ 'ਟਾਂਗੇ' ਦੇ ਦੇਨਾਂ ਤੇ ਬਦਲੇ 'ਚ ਪੈਸੇ ਤੇ ਹੀਰੇ-ਜਵਾਹਰਾਂ ਦੀ ਭਰੀ ਸੰਦਕੜੀ ਲੈ ਲੈਨਾਂ। ਏਨੇ ਜੋਗੀ ਇਹ ਹੈ ਏ, ਹਾ-ਹਾ!"

ਤੇ ਕਾਜ਼ੀ ਨੇ ਔਰਤ ਵਲ ਮੂੰਹ ਕੀਤਾ ਤੇ ਕਹਿਣ ਲਗਾ:

"ਮੈਂ ਫੇਰ ਕਹਿਨਾਂ, ਭੈਣੇਂ, ਕਾਜ਼ੀ ਦੇ ਘਰ ਤੋਂ ਬਹੁਤੀ ਮਹਿਫ਼ੂਜ਼ ਤੇ ਭਰੋਸੇ ਦੇ ਕਾਬਲ ਹੋਰ ਕੋਈ ਥਾਂ ਨਹੀਂ। ਤੇਰੀ ਸੰਦੂਕੜੀ ਏਥੇ ਕਿਤੇ ਜ਼ਿਆਦਾ ਮਹਿਫ਼ੂਜ਼ ਹੋਵੇਗੀ, ਤੇਰੇ ਇਹਨੂੰ ਆਪਣੇ ਈ ਘਰ ਰੱਖਣ ਨਾਲੋਂ। ਕਿਸੇ ਵੀ ਵਕਤ, ਜਦੋਂ ਤੇਰਾ ਖਾਵੰਦ ਵਾਪਸ ਆ ਜਾਵੇ, ਜਾਂ ਜਦੋਂ ਕਦੀ ਤੂੰ ਆਪ ਚਾਹਵੇਂ, ਆਪਣੀ ਸੰਦੂਕੜੀ ਤੂੰ ਲਿਜਾ ਸਕਨੀ ਏਂ।"

ਕਾਜ਼ੀ ਦੇ ਨੌਕਰਾਂ-ਚਾਕਰਾਂ ਤੇ ਹੋਰ ਸਾਰਿਆਂ ਨੇ ਜਿਹੜੇ ਬੈਠਕ ਵਿਚ ਮੌਜੂਦ ਸਨ, ਆਪਣੇ ਸਿਰ ਇੰਜ ਹਿਲਾਏ, ਜਿਵੇਂ ਕਹਿ ਰਹੇ ਹੋਣ, ਕਾਜ਼ੀ ਸਚੀ ਮੁਚੀ ਹੀ ਸਚ ਬੋਲ ਰਿਹਾ ਸੀ ਤੇ ਉਹਦੇ ਹਰ ਲਫ਼ਜ਼ ਉਤੇ ਅੰਤਬਾਰ ਕੀਤਾ ਜਾ ਸਕਦਾ ਸੀ।

ਤੇ ਕਾਜ਼ੀ, ਇੰਜ ਪਜ ਪਾਂਦਿਆਂ, ਜਿਵੇਂ ਗ਼ਰੀਬ ਆਦਮੀ ਦੀ ਮੌਜੂਦਗੀ ਦਾ ਅਹਿਸਾਸ ਉਹਨੂੰ ਹੁਣੇ ਹੀ ਹੋਇਆ ਹੋਵੇ, ਬੋਲ ਉਠਿਆ:

"ਇਹ ਲੈ, ਇਹ ਬੰਦਾ ਈ, ਜਿਨ੍ਹੇ ਆਪਣੀ ਸਾਰੀ ਬੱਚਤ, ਇਕ ਹਜ਼ਾਰ 'ਟਾਂਗੇ', ਮੇਰੇ ਕੋਲ ਰਖੀ। ਇਹ ਅਜ ਸਵੇਰੇ ਮੇਰੇ ਕੋਲ ਆਇਆ ਤੇ ਪੈਸੇ ਮੰਗਣ ਲਗਾ। ਪਰ ਮੈਂ ਇਹਨੂੰ ਪਛਾਣਿਆਂ ਨਾ, ਮੈਂ ਗ਼ਲਤੀ ਨਾਲ ਇਹਨੂੰ ਚੋਰ ਸਮਝ ਲਿਆ ਤੇ ਇਹਨੂੰ ਪੈਸੇ ਵਾਪਸ ਦੇਣ ਤੋਂ ਇਨਕਾਰ ਕਰ ਦਿਤਾ। ਜੇ ਕੋਈ, ਜਿਹੜਾ ਇਹਨੂੰ ਜਾਣਦਾ ਹੋਵੇ, ਇਹਦੀ ਜ਼ਾਮਨੀ ਦੇ ਦੇਵੇ, ਮੈਂ ਇਹਦੇ ਪੈਸੇ ਇਹਨੂੰ ਇਕਦਮ ਮੋੜ ਦਿਆਂਗਾ।"

ਔਰਤ ਨੇ ਆਖਿਆ:

"ਬਹੁਤ ਈ ਅਦਬ-ਜੋਗ ਕਾਜ਼ੀ, ਅਸੀਂ ਇਸ ਗ਼ਰੀਬ ਆਦਮੀ ਨੂੰ ਦੋ ਸਾਲਾਂ ਤੋਂ ਜਾਣਦੇ ਹਾਂ। ਉਹ ਇਸ ਸ਼ਹਿਰ ਦੂਰੋਂ ਆਇਆ ਸੀ, ਤੇ ਉਸ ਵਕਤ ਤੋਂ ਈ ਸਖ਼ਤ ਮਿਹਨਤ ਕਰ ਰਿਹੈ। ਇਹ ਕੁਝ ਚਿਰ ਸਾਡੇ ਘਰ ਵੀ ਕੰਮ ਕਰਦਾ ਰਿਹਾ। ਅਤਬਾਰ ਕਰੀਂ, ਜੇ ਮੈਂ ਤੈਨੂੰ ਇਹ ਕਹਾਂ, ਇਹਨੇ ਪੈਸੇ ਕਮਾਣ ਨਾਲੋਂ ਬਹੁਤਾ ਕੁਝ ਕੀਤੈ। ਇਹਦੇ ਹੱਥਾਂ ਨੂੰ ਗੰਢਾਂ ਐਵੇਂ ਨਹੀਂ ਪੈ ਗਈਆਂ।"

ਕਾਜ਼ੀ ਨਰਮ ਤੋਂ ਨਰਮ ਮੁਸਕਰਾਹਟ ਨਾਲ ਬੋਲਿਆ:

"ਹੂੰ, ਜਾਣਨੀ ਏਂ ਤੂੰ ਇਸ ਆਦਮੀ ਨੂੰ! ਤਾਂ ਫੇਰ ਢਿਲ-ਮਠ ਦੀ ਲੋੜ ਨਹੀਂ। ਮੇਰੇ ਕੋਲ ਆ, ਭਰਾਵਾ, ਤੇ ਆਪਣੇ ਹਜ਼ਾਰ 'ਟਾਂਗੇ' ਲੈ ਲੈ। ਫ਼ੌਰਨ ਲੈ ਲੈ ਨੇ।"

ਕਾਜ਼ੀ ਨੇ ਆਪਣੇ ਗੱਲੇ ਵਿਚ ਹਥ ਪਾਇਆ, ਕੁਝ ਪੈਸੇ ਕੱਢੇ, ਤੇ ਇਕ ਹਜ਼ਾਰ 'ਟਾਂਗੇ' ਗਿਣ, ਉਹਨਾਂ ਨੂੰ ਉਹਦੇ ਮਾਲਕ ਦੀ ਨਜ਼ਰ ਕਰ ਦਿਤਾ।

"ਤੇ ਹਾਂ, ਭੈਣੇਂ, ਹੁਣ ਤੂੰ ਆਪ ਵੇਖ ਲਿਐ, ਮੇਰੇ ਕੋਲ ਦੂਜੇ ਲੋਕਾਂ ਦੇ ਪੈਸੇ ਕਿੰਨੇ ਮਹਿਫ਼ੂਜ਼ ਨੇ ਤੇ ਮੇਰੇ ਤੇ ਅਤਬਾਰ ਕੀਤਾ ਜਾ ਸਕਦੈ ਕਿ ਮੈਂ ਉਹ ਉਹਨਾਂ ਦੇ ਮਾਲਕਾਂ ਨੂੰ ਮੋੜ ਦੇਨਾਂ," ਕਾਜ਼ੀ ਨੇ ਕਾਹਲੀ-ਕਾਹਲੀ ਆਖਿਆ। "ਆਪਣੀ ਸੰਦੂਕੜੀ ਏਥੇ ਛਡ ਜਾ ਤੇ ਚੈਨ ਨਾਲ ਆਪਣੇ ਘਰ ਜਾ।"

ਤੇ ਉਹਨੇ ਸੰਦੂਕੜੀ ਲਈ ਆਪਣੇ ਹਥ ਅਗੇ ਕੀਤੇ। ਉਸੇ ਪਲ ਔਰਤ ਦਾ ਮੁੰਡਾ ਗਲੀ ਵਿਚੋਂ ਭੱਜਾ-ਭੱਜਾ ਆਇਆ।

"ਅੰਮਾਂ," ਉਹਨੇ ਆਵਾਜ਼ ਦਿਤੀ। "ਛੇਤੀ ਨਾਲ ਘਰ ਆ! ਅੱਬਾ ਉਠਾਂ ਤੇ ਮਾਲ-ਅਸਬਾਬ ਨਾਲ ਵਾਪਸ ਆ ਗਿਐ ਤੇ ਤੈਨੂੰ ਉਡੀਕ ਰਿਹੈ।"

"ਓਏ! ਮੇਰਾ ਖਾਵੰਦ ਵਾਪਸ ਆ ਗਿਐ, ਇਸ ਲਈ ਹੁਣ ਮੈਨੂੰ ਚੋਰਾਂ ਤੋਂ ਡਰਨ ਦੀ ਲੋੜ ਨਹੀਂ,"

ਔਰਤ ਹਸ ਕੇ ਕਹਿਣ ਲਗੀ। "ਉਹ ਆਪਣੇ ਖ਼ਜ਼ਾਨੇ ਦੀ ਹਿਫ਼ਾਜ਼ਤ ਅਦਬ-ਜੋਗ ਕਾਜ਼ੀ ਦੀ ਮਦਦ ਤੋਂ ਬਿਨਾਂ ਈ ਕਰ ਲਵੇਗਾ।"

ਤੇ ਇਹ ਲਫ਼ਜ਼ ਕਹਿ ਔਰਤ ਨੇ ਆਪਣੀ ਸੰਦੂਕੜੀ ਫੜ ਲਈ, ਉਹਨੂੰ ਆਪਣੇ ਸਿਰ ਉਤੇ ਰਖ ਲਿਆ ਤੇ ਗ਼ਰੀਬ ਆਦਮੀ ਦੇ ਨਾਲ ਕਾਜ਼ੀ ਦੇ ਘਰੋਂ ਨਿਕਲ ਆਈ।

"ਭਰਾਵਾ, ਮਾਯੂਸ ਕਦੀ ਨਹੀਂ ਹੋਣਾ ਚਾਹੀਦੈ," ਉਹਨੇ ਆਖਿਆ। "ਚੇਤੇ ਰਖ, ਕੋਈ ਵੀ ਅਜਿਹਾ ਧੋਖੇਬਾਜ਼ ਤੇ ਲੁੱਚਾ ਜਿਊਂਦਾ ਨਹੀਂ, ਜਿਦ੍ਹੀਆਂ ਚਲਾਕੀਆਂ ਹਰ ਵਾਰ ਚਲ ਜਾਂਦੀਆਂ ਹੋਣ। ਆਪਣੇ ਟਬੱਰ ਕੋਲ ਵਾਪਸ ਜਾ ਤੇ ਅਮਨ-ਚੈਨ ਨਾਲ ਰਹੋ। ਤੰ ਪ੍ਰਦੇਸੀਂ ਗਿਰਦੌਰੀ ਕਾਫ਼ੀ ਕਰ ਲਈ ਏ। ਆਪਣਾ ਮਿਹਨਤ ਨਾਲ ਕਮਾਇਆ ਪੈਸਾ ਖਰਚ ਕਰ ਤੇ ਮਜ਼ੇ ਉਡਾ।"


ਤੇ ਇਕ ਦੂਜੇ ਨੂੰ ਅਲਵਿਦਾ ਆਖ, ਉਹ ਆਪੋ-ਆਪਣੇ ਰਾਹੇ ਪੈ ਗਏ।

ਤੇ ਏਧਰ ਕਾਜ਼ੀ ਦਾ, ਹੁਣ ਜਦੋਂ ਉਹ ਇਕੱਲਾ ਰਹਿ ਗਿਆ, ਗੁੱਸੇ ਨਾਲ ਬੁਰਾ ਹਾਲ ਹੋ ਗਿਆ। ਉਹਨੇ ਆਪਣੀ ਦਾੜ੍ਹੀ ਖਿੱਚੀ, ਪੈਰ ਜ਼ਮੀਨ ਉਤੇ ਮਾਰੇ ਤੇ ਉਹ ਏਨਾ ਕ੍ਰਿੱਝ ਤੇ ਦੁਖ ਗਿਆ ਕਿ ਉਹਨੂੰ ਸੁੱਝੇ ਹੀ ਨਾ, ਆਪਣਾ ਕੀ ਬਣਾਏ।

"ਬਦਨਸੀਬ ਆਦਮੀ ਹਾਂ ਮੈਂ ਵੀ!" ਉਹ ਅਫ਼ਸੋਸ ਦੇ ਲਹਿਜੇ ਵਿਚ ਮੁੜ-ਘਿੜ ਕਹਿੰਦਾ। "ਕਿੱਡੀ ਤਬਾਹੀ ਆਣ ਮਚੀ ਏ! ਬਦ-ਦੁਆ ਲੱਗੇ ਸੁਦਾਗਰ ਰਹੀਮ ਨੂੰ! ਉਹ ਇਕ ਘੰਟੇ, ਇਕੋ ਈ ਘੰਟੇ, ਪਿਛੋਂ ਕਿਉਂ ਨਾ ਪਹੁੰਚ ਸਕਿਆ! ਓਦੋਂ ਤਕ ਸਾਰਾ ਕੰਮ ਹੋ ਗਿਆ ਹੋਣਾ ਸੀ, ਖਜ਼ਾਨੇ ਵਾਲੀ ਸੰਦੂਕੜੀ ਮੇਰੀ ਹੋ ਗਈ ਹੋਣੀ ਸੀ। ਮੇਰੀ ਦੌਲਤ ਦੂਣ-ਸਵਾਈ ਹੋ ਜਾਣੀ ਸੀ। ਮੇਰਾ ਵੱਡਾ ਗੱਲਾ ਨਕੋ-ਨਕ ਭਰ ਜਾਣਾ ਸੀ। ਮੈਨੂੰ ਇਹ ਕਦੀ ਨਹੀਂ ਭੁੱਲਣ ਲਗਾ, ਕਦੀ ਵੀ ਨਹੀਂ! ਮੇਰੇ ਨਸੀਬੇ ਦੁਖ ਏ! ਮੇਰੇ ਨਸੀਬੇ ਦੁਖ ਏ!"

# ਸਿਆਣੇ ਭਰਾ

## ਉਜ਼ਬੇਕ ਪਰੀ-ਕਹਾਣੀ



ਇਕ ਵਾਰੀ ਇਕ ਗ਼ਰੀਬ ਆਦਮੀ ਹੁੰਦਾ ਸੀ, ਜਿਹਦੇ ਤਿੰਨ ਪੁੱਤਰ ਸਨ। ਉਹ ਆਪਣੇ ਪੁਤਰਾਂ ਨੂੰ ਅਕਸਰ ਕਿਹਾ ਕਰਦਾ:

"ਬਚਿਉ! ਸਾਡੇ ਕੋਲ ਇੱਜੜ ਕੋਈ ਨਹੀਂ ਤੇ ਸੋਨਾ ਕੋਈ ਨਹੀਂ, ਸਾਡੇ ਕੋਲ ਕੁਝ ਵੀ ਨਹੀਂ। ਇਸ ਲਈ ਤੁਹਾਨੂੰ ਹੋਰ ਤਰਾਂ ਦੇ ਖਜ਼ਾਨੇ 'ਕੱਠੇ ਕਰਨੇ ਚਾਹੀਦੇ ਨੇ: ਤੁਹਾਨੂੰ ਬਹੁਤਾ ਕੁਝ ਸਮਝਣ ਤੇ ਬਹੁਤਾ ਕੁਝ ਜਾਣਨ ਦੀ ਜਾਚ ਸਿਖਣੀ ਚਾਹੀਦੀ ਏ। ਅਖੋਂ ਕੁਝ ਨਹੀਂ ਲੰਘਣ ਦੇਣਾ ਚਾਹੀਦਾ। ਵਡੇ-ਵਡੇ ਇੱਜੜਾਂ ਦੀ ਥਾਂ ਤੁਹਾਡੇ ਕੋਲ ਤੇਜ਼ ਦਮਾਗ਼ ਹੋਵੇਗਾ, ਤੇ ਸੋਨੇ ਦੀ ਥਾਂ ਤੇਜ਼ ਸੂਝ। ਇਹੋ ਜਿਹੀ ਦੌਲਤ ਨਾਲ ਤੁਸੀਂ ਕਦੀ ਵੀ ਘਾਟਾ ਨਹੀਂ ਖਾਉਗੇ, ਤੇ ਤੁਹਾਡੀ ਹਾਲਤ ਦੂਜਿਆਂ ਨਾਲੋਂ ਮਾੜੀ ਨਹੀਂ ਰਹਿਣ ਲਗੀ।"

ਬਹੁਤ ਵਕਤ ਲੰਘ ਗਿਆ ਜਾਂ ਥੋੜਾ ਵਕਤ ਲੰਘ ਗਿਆ, ਤੇ ਬੁੱਢਾ ਗੁਜ਼ਰ ਗਿਆ। ਭਰਾ ਜੁੜ ਬੈਠੇ, ਉਹਨਾਂ ਸਲਾਹ ਕੀਤੀ ਤੇ ਫੇਰ ਕਹਿਣ ਲਗੇ:

"ਏਥੇ ਸਾਡੇ ਕਰਨ ਨੂੰ ਕੁਝ ਨਹੀਂ। ਚਲੋ ਸਫ਼ਰ ਕਰੀਏ ਤੇ ਦੁਨੀਆਂ ਵੇਖੀਏ। ਲੋੜ ਪਈ ਤੇ ਅਸੀਂ ਹਮੇਸ਼ਾ ਈ ਆਜੜੀਆਂ ਤੇ ਖੇਤ-ਮਜ਼ਦੂਰਾਂ ਦਾ ਕੰਮ ਕਰ ਸਕਦੇ ਹਾਂ। ਜਿਥੇ ਵੀ ਹੋਏ, ਅਸੀਂ ਭੁੱਖੇ ਨਹੀਂ ਮਰਨ ਲਗੇ।"

ਤੇ ਉਹ ਤਿਆਰ ਹੋ ਗਏ ਤੇ ਆਪਣੇ ਰਾਹੇ ਪੈ ਗਏ।

ਉਹਨਾਂ ਸੁੰਨੀਆਂ ਵਾਦੀਆਂ ਪਾਰ ਕੀਤੀਆਂ ਤੇ ਉਚੇ-ਉਚੇ ਪਹਾੜਾਂ ਉਤੋਂ ਲੰਘੇ, ਤੇ ਪੂਰੇ ਚਾਲ੍ਹੀ ਦਿਨ ਤੁਰਦੇ ਰਹੇ।

ਹੁਣ ਤਕ ਉਹ ਆਪਣੀ ਸਾਰੀ ਰਸਦ ਮੁਕਾ ਚੁਕੇ ਸਨ ਤੇ ਥੱਕੇ-ਟੁੱਟੇ ਪਏ ਸਨ ਤੇ ਅਜੇ ਵੀ ਸੜਕ ਖ਼ਤਮ ਹੁੰਦੀ ਨਹੀਂ ਸੀ ਦਿਸਦੀ। ਉਹ ਸਾਹ ਲੈਣ ਲਈ ਅਟਕ ਗਏ, ਤੇ ਪਿਛੋਂ ਫੇਰ ਟੁਰ ਪਏ।

ਅਖ਼ੀਰ, ਉਹਨਾਂ ਨੂੰ ਅਗੇ ਦਰਖ਼ਤ, ਮੁਨਾਰੇ ਤੇ ਮਕਾਨ ਦਿੱਸਣ ਲਗ ਪਏ—ਉਹ ਇਕ ਵਡੇ ਸਾਰੇ ਸ਼ਹਿਰ ਪਹੁੰਚਣ ਵਾਲੇ ਸਨ।

ਭਰਾਵਾਂ ਦੀ ਖੁਸ਼ੀ ਦੀ ਹਦ ਨਾ ਰਹੀ ਤੇ ਉਹ ਹੋਰ ਤੇਜ਼ ਟੁਰਨ ਲਗ ਪਏ।

"ਸਭ ਤੋਂ ਭੈੜਾ ਕੁਝ ਸਾਡੇ ਪਿਛੇ ਰਹਿ ਗਿਐ ਤੇ ਸਭ ਤੋਂ ਚੰਗਾ ਕੁਝ ਸਾਡੇ ਅਗੇ ਏ," ਉਹਨਾਂ ਆਖਿਆ।

ਉਹ ਸ਼ਹਿਰ ਕੋਲ ਪਹੁੰਚਣ ਵਾਲੇ ਸਨ ਕਿ ਸਭ ਤੋਂ ਵਡਾ ਭਰਾ ਅਚਣਚੇਤ ਹੀ ਅਟਕ ਗਿਆ, ਉਹਨੇ ਜ਼ਮੀਨ ਵਲ ਵੇਖਿਆ ਤੇ ਬੋਲਿਆ:

''ਕੁਝ ਚਿਰ ਹੋਇਐ, ਏਥੋਂ ਇਕ ਵਡਾ ਸਾਰਾ ਊਠ ਲੰਘਿਐ।''

ਉਹ ਕੁਝ ਰਾਹ ਅਗੇ ਗਏ, ਤੇ ਵਿਚਲਾ ਭਰਾ ਅਟਕ ਗਿਆ, ਤੇ ਸੜਕ ਦੇ ਦੋਵਾਂ ਪਾਸੇ ਵੇਖ ਕਹਿਣ ਲਗਾ:

''ਊਠ ਦੀ ਇਕ ਅਖ ਮਾਰੀ ਹੋਈ ਏ।''

ਉਹ ਹੋਰ ਅਗੇ ਟੁਰਦੇ ਗਏ, ਤੇ ਛੋਟੇ ਭਰਾ ਨੇ ਆਖਿਆ:

''ਊਠ 'ਤੇ ਇਕ ਔਰਤ ਤੇ ਇਕ ਛੋਟਾ ਬੱਚਾ ਚੜ੍ਹੇ ਹੋਏ ਸਨ।

''ਠੀਕ ਏ,'' ਦੋਵਾਂ ਵਡੇ ਭਰਾਵਾਂ ਨੇ ਆਖਿਆ, ਤੇ ਤਿੰਨੇ ਫੇਰ ਅਗੇ ਟੁਰ ਪਏ।

ਕੁਝ ਚਿਰ ਪਿਛੋਂ ਉਹਨਾਂ ਨੂੰ ਇਕ ਘੋੜਸਵਾਰ ਆ ਰਲਿਆ। ਸਭ ਤੋਂ ਵਡੇ ਭਰਾ ਨੇ ਉਹਦੇ ਵਲ ਤਕਿਆ ਤੇ ਪੁੱਛਣ ਲਗਾ:

''ਘੋੜਸਵਾਰਾ, ਕੋਈ ਗੁਆਚੀ ਚੀਜ਼ ਤਾਂ ਨਹੀਂ ਲਭ ਰਿਹਾ?''

ਘੋੜਸਵਾਰ ਨੇ ਆਪਣੇ ਘੋੜੇ ਦੀ ਲਗਾਮ ਖਿਚ ਲਈ।

''ਆਹਖੋ, ਲਭ ਰਿਹਾਂ,'' ਉਹਨੇ ਜਵਾਬ ਦਿਤਾ।

''ਕੋਈ ਊਠ ਗੁਆਚ ਗਿਆ ਈ?'' ਸਭ ਤੋਂ ਵਡੇ ਭਰਾ ਨੇ ਪੁਛਿਆ।

''ਆਹਖੋਂ, ਊਠ ਈ ਗੁਆਚੈ,'' ਉਹਨੇ ਜਵਾਬ ਦਿਤਾ।

''ਵਡਾ ਸਾਰਾ ਊਠ ਸੀ?''

''ਆਹਖੋਂ।''

''ਤੇ ਉਹਦੀ ਖੱਬੀ ਅਖ ਮਾਰੀ ਹੋਈ ਸੀ?'' ਵਿਚਲਾ ਭਰਾ ਬੋਲ ਪਿਆ।

''ਆਹਖੋਂ।''

''ਤੇ ਉਹਦੇ 'ਤੇ ਇਕ ਔਰਤ ਤੇ ਛੋਟਾ ਜਿਹਾ ਬੱਚਾ ਨਹੀਂ ਸੀ ਚੜ੍ਹੇ ਹੋਏ?'' ਸਭ ਤੋਂ ਛੋਟੇ ਭਰਾ ਨੇ ਪੁਛਿਆ।

ਘੋੜਸਵਾਰ ਨੇ ਭਰਾਵਾਂ ਵਲ ਸ਼ਕ ਦੀ ਨਜ਼ਰ ਨਾਲ ਵੇਖਿਆ ਤੇ ਬੋਲਿਆ:

''ਹੱਛਾ, ਤੇ ਤੁਸੀਂ ਹੋ, ਜਿਨ੍ਹਾਂ ਕੋਲ ਮੇਰਾ ਊਠ ਏ! ਬੋਲੋ, ਕੀ ਕੀਤਾ ਜੇ ਉਹਦਾ।''

''ਤੇਰਾ ਊਠ ਅਸੀਂ ਕਦੀ ਤਕਿਆ ਈ ਨਹੀਂ,'' ਭਰਾਵਾਂ ਨੇ ਜਵਾਬ ਦਿਤਾ।

''ਤਾਂ ਫੇਰ, ਤੁਹਾਨੂੰ ਉਹਦਾ ਏਨਾ ਪਤਾ ਕਿਸ ਤਰ੍ਹਾਂ ਲਗ ਗਿਐ?''

''ਸਾਨੂੰ ਆਪਣੀਆਂ ਅੱਖਾਂ ਵਰਤਣ ਤੇ ਮਾਮਲੇ ਨੂੰ ਸਮਝਣ ਦੀ ਜਾਚ ਆਉਂਦੀ ਏ,'' ਭਰਾਵਾਂ ਨੇ ਜਵਾਬ ਦਿਤਾ। ''ਛੇਤੀ ਕਰ ਤੇ ਉਸ ਪਾਸੇ ਘੋੜਾ ਦੁੜਾ, ਤੇ ਊਠ ਲਭ ਪਏਗਾ ਈ।''

''ਨਹੀਂ,'' ਊਠ ਦਾ ਮਾਲਕ ਆਖਣ ਲਗਾ। ''ਮੈਂ ਉਸ ਪਾਸੇ ਨਹੀਂ ਚਲਿਆ। ਮੇਰਾ ਊਠ ਤੁਹਾਡੇ ਕੋਲ ਏ, ਤੇ ਤੁਹਾਨੂੰ ਉਹ ਮੈਨੂੰ ਮੋੜਨਾ ਪਏਗਾ।''

''ਅਸੀਂ ਤਾਂ ਤੇਰੇ ਊਠ ਨੂੰ ਤਕਿਆ ਤਕ ਵੀ ਨਹੀਂ,'' ਭਰਾ ਕੂਕ ਉਠੇ।

ਪਰ ਘੋੜਸਵਾਰ ਸੁਣਨ ਵਿਚ ਹੀ ਨਹੀਂ ਸੀ ਆਉਂਦਾ। ਉਹਨੇ ਆਪਣੀ ਤਲਵਾਰ ਧੂਹ ਲਈ, ਤੇ ਉਹਨੂੰ ਅੰਨ੍ਹੇ ਵਾਹ ਘੁਮਾਂਦਿਆਂ, ਉਹਨੇ ਭਰਾਵਾਂ ਨੂੰ ਹੁਕਮ ਦਿਤਾ, ਉਹਦੇ ਅਗੇ-ਅਗੇ ਟੁਰ ਪੈਣ। ਇਸ ਤਰ੍ਹਾਂ, ਉਹ ਉਹਨਾਂ ਨੂੰ ਸਿੱਧਾ, ਦੇਸ ਦੇ ਹਾਕਮ, ਪਾਤਸ਼ਾਹ, ਦੇ ਮਹਿਲ ਲੈ ਗਿਆ। ਉਹਨੇ ਭਰਾਵਾਂ ਨੂੰ ਮੁਹਾਫ਼ਜ਼ਾਂ ਦੀ ਨਿਗਰਾਨੀ ਵਿਚ ਛਡ ਦਿਤਾ ਤੇ ਆਪ ਸਿੱਧਾ ਪਾਤਸ਼ਾਹ ਕੋਲ ਜਾ ਪਹੁੰਚਿਆ।

"ਮੈਂ ਆਪਣੇ ਇੱਜੜ ਪਹਾੜਾਂ ਨੂੰ ਲਿਜਾ ਰਿਹਾ ਸਾਂ," ਉਹ ਕਹਿਣ ਲਗਾ, "ਤੇ ਮੇਰੀ ਬੀਵੀ ਤੇ ਮੇਰਾ ਛੋਟਾ ਜਿਹਾ ਬੱਚਾ ਇਕ ਵਡੇ ਸਾਰੇ ਊਠ 'ਤੇ ਬੈਠੇ ਮੇਰੇ ਪਿਛੇ ਆ ਰਹੇ ਸਨ। ਕਿਸੇ ਤਰ੍ਹਾਂ, ਉਹ ਪਿਛੇ ਰਹਿ ਗਏ, ਸੜਕੋਂ ਉਕ ਗਏ ਤੇ ਰਾਹ ਭੁਲ ਗਏ। ਮੈਂ ਉਹਨਾਂ ਨੂੰ ਲੱਭਣ ਗਿਆ, ਤੇ ਤਿੰਨ ਬੰਦਿਆਂ ਨੂੰ ਜਾ ਰਲਿਆ, ਜਿਹੜੇ ਪੈਦਲ ਜਾ ਰਹੇ ਸਨ। ਮੈਨੂੰ ਯਕੀਨ ਏ, ਇਹਨਾਂ ਬੰਦਿਆਂ ਨੇ ਮੇਰਾ ਊਠ ਚੁਰਾ ਲਿਐ, ਤੇ ਮੈਨੂੰ ਬਹੁਤ ਹੀ ਡਰ ਏ, ਇਹਨਾਂ ਮੇਰੀ ਬੀਵੀ ਤੇ ਬੱਚੇ ਨੂੰ ਕਤਲ ਕਰ ਦਿਤੈ।"

"ਇਹ ਖ਼ਿਆਲ ਕਿਉਂ ਆਇਆ ਈ?" ਜਦੋਂ ਉਸ ਆਦਮੀ ਨੇ ਗਲ ਮੁਕਾ ਲਈ, ਪਾਤਸ਼ਾਹ ਨੇ ਪੁਛਿਆ।

"ਮੇਰੇ ਇਕ ਵੀ ਲਫ਼ਜ਼ ਕਹੇ ਬਿਨਾਂ, ਇਹਨਾਂ ਬੰਦਿਆਂ ਨੇ ਮੈਨੂੰ ਆਪ ਦਸ ਦਿਤਾ, ਊਠ ਵਡਾ ਸਾਰਾ ਸੀ ਤੇ ਉਹਦੀ ਇਕ ਅਖ ਮਾਰੀ ਹੋਈ ਸੀ ਤੇ ਉਹਦੇ 'ਤੇ ਇਕ ਔਰਤ ਤੇ ਇਕ ਬੱਚਾ ਚੜ੍ਹਿਆ ਹੋਇਆ ਸੀ।"

ਪਾਤਸ਼ਾਹ ਨੇ ਇਕ ਪਲ ਸੋਚਿਆ।

"ਜੇ, ਜਿਵੇਂ ਤੂੰ ਕਹਿ ਰਿਹੈਂ, ਤੂੰ ਉਹਨਾਂ ਨੂੰ ਕੁਝ ਨਹੀਂ ਸੀ ਦਸਿਆ, ਤੇ ਤਾਂ ਵੀ ਉਹ ਤੇਰੇ ਊਠ ਨੂੰ ਏਨੀ ਚੰਗੀ ਤਰ੍ਹਾਂ ਬਿਆਨ ਕਰ ਸਕੇ ਸਨ," ਉਹਨੇ ਕਿਹਾ, "ਤਾਂ ਉਹਨਾਂ ਸਚੀ ਮੁਚੀ ਹੀ ਚੁਰਾਇਆ ਹੋਣੈਂ ਉਹ। ਜਾ, ਚੋਰਾਂ ਨੂੰ ਅੰਦਰ ਲੈ ਆ।"

ਊਠ ਦਾ ਮਾਲਕ ਬਾਹਰ ਗਿਆ, ਤੇ ਛੇਤੀ ਹੀ ਤਿੰਨ ਭਰਾਵਾਂ ਨੂੰ ਲੈ ਵਾਪਸ ਆ ਗਿਆ।

"ਜਵਾਬ ਦਿਓ, ਚੋਰੋ!" ਪਾਤਸ਼ਾਹ ਨੇ ਕਿਹਾ, "ਜਵਾਬ ਦਿਓ ਮੈਨੂੰ! ਇਸ ਆਦਮੀ ਦੇ ਊਠ ਨੂੰ ਕੀ ਕੀਤਾ ਜੇ?"

"ਅਸੀਂ ਚੋਰ ਨਹੀਂ ਤੇ ਅਸੀਂ ਇਹਦਾ ਊਠ ਕਦੀ ਤਕਿਆ ਵੀ ਨਹੀਂ ਹੋਇਆ," ਭਰਾਵਾਂ ਨੇ ਜਵਾਬ ਦਿਤਾ।

ਪਾਤਸ਼ਾਹ ਨੇ ਆਖਿਆ:

"ਤੁਸੀਂ ਮਾਲਕ ਦੇ ਤੁਹਾਨੂੰ ਕੁਝ ਵੀ ਦੱਸਣ ਤੋਂ ਬਿਨਾਂ ਉਹਨੂੰ ਊਠ ਦਾ ਸਾਰਾ ਕੁਝ ਦਸ ਦਿਤਾ। ਤੁਹਾਨੂੰ ਜੁਰੱਅਤ ਕਿਵੇਂ ਪੈ ਰਹੀ ਏ ਇਹ ਕਹਿਣ ਦੀ, ਤੁਸੀਂ ਨਹੀਂ ਚੁਰਾਇਆ।"

"ਪਾਤਸ਼ਾਹ, ਇਹਦੇ 'ਚ ਹੈਰਾਨੀ ਵਾਲੀ ਗਲ ਕੋਈ ਨਹੀਂ!" ਭਰਾਵਾਂ ਨੇ ਜਵਾਬ ਦਿਤਾ। "ਅਸੀਂ ਛੋਟੇ ਹੁੰਦਿਆਂ ਤੋਂ ਗਿੱਝੇ ਹੋਏ ਹਾਂ, ਨਜ਼ਰੋਂ ਕੁਝ ਨਾ ਲੰਘਣ ਦਈਏ। ਅਸੀਂ ਵੇਖਣ ਤੇ ਸੋਚਣ-ਸਮਝਣ ਦੀ ਜਾਚ ਸਿੱਖਣ ਲਈ ਚੋਖਾ ਵਕਤ ਲਾਇਐ। ਇਸੇ ਕਰ ਕੇ, ਊਠ ਨੂੰ ਕਦੀ ਤਕਿਆਂ ਬਿਨਾਂ, ਅਸੀਂ ਦਸ ਸਕੇ, ਉਹ ਕਿਹੋ ਜਿਹਾ ਸੀ।"

ਪਾਤਸ਼ਾਹ ਹੱਸ ਪਿਆ।

"ਜਿਹੜੀ ਚੀਜ਼ ਕਦੀ ਕਿਸੇ ਤੱਕੀ ਨਾ ਹੋਵੇ, ਉਹਦੇ ਬਾਰੇ ਏਨਾ ਇਲਮ ਹੋ ਸਕਦਾ ਏ?"

"ਹੋ ਸਕਦੈ," ਭਰਾਵਾਂ ਨੇ ਜਵਾਬ ਦਿਤਾ।

"ਚੰਗਾ, ਚੰਗਾ, ਵੇਖਣੇ ਹਾਂ, ਸਚ ਬੋਲ ਰਹੇ ਕਿ ਨਹੀਂ।"

ਤੇ ਪਾਤਸ਼ਾਹ ਨੇ ਆਪਣੇ ਵਜ਼ੀਰ ਨੂੰ ਸਦਿਆ ਤੇ ਉਹਦੇ ਕੰਨ ਵਿਚ ਕੁਝ ਆਖਿਆ।

ਵਜ਼ੀਰ ਇਕਦਮ ਮਹਿਲ ਤੋਂ ਬਾਹਰ ਚਲਾ ਗਿਆ, ਪਰ ਉਹ ਛੇਤੀ ਹੀ ਦੋ ਨੌਕਰਾਂ ਨੂੰ ਨਾਲ ਲੈ ਵਾਪਸ ਆ ਗਿਆ; ਨੌਕਰਾਂ ਨੇ ਇਕ ਰੇੜ੍ਹੀ ਉਤੇ ਇਕ ਵਡੀ ਸਾਰੀ ਪੇਟੀ ਰਖੀ ਹੋਈ ਸੀ। ਪੇਟੀ ਨੂੰ ਧਿਆਨ ਨਾਲ

ਇਹੋ ਜਿਹੀ ਥਾਂ ਉਤੇ ਰਖਦਿਆਂ, ਜਿਥੋਂ ਉਹ ਪਾਤਸ਼ਾਹ ਨੂੰ ਦਿਸ ਸਕੇ, ਉਹ ਪਰ੍ਹਾਂ ਹੋ ਗਏ। ਭਰਾ ਦੂਰੋਂ ਵੇਖਦੇ ਖਲੋਤੇ ਰਹੇ। ਉਹਨਾਂ ਧਿਆਨ ਨਾਲ ਤਕਿਆ, ਪੇਟੀ ਕਿਥੋਂ ਲਿਆਂਦੀ ਗਈ ਸੀ, ਕਿਵੇਂ ਪਹੁੰਚਾਈ ਗਈ ਸੀ ਤੇ ਫ਼ਰਸ਼ ਉਤੇ ਕਿਸ ਤਰ੍ਹਾਂ ਰਖੀ ਗਈ ਸੀ।

"ਚਲੋ, ਚੋਰੋ, ਸਾਨੂੰ ਦੱਸੋ ਇਸ ਪੇਟੀ 'ਚ ਕੀ ਏ," ਪਾਤਸ਼ਾਹ ਨੇ ਮੰਗ ਕੀਤੀ।

"ਪਾਤਸ਼ਾਹ, ਅਸੀਂ ਤੁਹਾਨੂੰ ਪਹਿਲਾਂ ਕਹਿ ਚੁਕੇ ਹਾਂ, ਅਸੀਂ ਚੋਰ ਨਹੀਂ," ਸਭ ਤੋਂ ਵਡੇ ਭਰਾ ਨੇ ਆਖਿਆ। "ਪਰ, ਜੇ ਤੁਸੀਂ ਚਾਹੁੰਦੇ ਹੋ, ਤਾਂ ਮੈਂ ਤੁਹਾਨੂੰ ਦਸ ਸਕਨਾਂ, ਉਸ ਪੇਟੀ 'ਚ ਕੀ ਏ। ਪੇਟੀ 'ਚ ਇਕ ਛੋਟੀ ਜਿਹੀ ਗੋਲ ਚੀਜ਼ ਏ।"

"ਅਨਾਰ ਏ," ਵਿਚਲਾ ਭਰਾ ਬੋਲ ਪਿਆ।

"ਆਹਖੋ, ਤੇ ਉਹ ਪੂਰਾ ਪਕਿਆ ਹੋਇਆ ਨਹੀਂ," ਸਭ ਤੋਂ ਛੋਟੇ ਭਰਾ ਨੇ ਅਗੋਂ ਆਖਿਆ।

ਉਹਨਾਂ ਦਾ ਕਿਹਾ ਸੁਣ, ਪਾਤਸ਼ਾਹ ਨੇ ਹੁਕਮ ਦਿਤਾ, ਪੇਟੀ ਉਹਦੇ ਨੇੜੇ ਲਿਆਂਦੀ ਜਾਵੇ, ਤੇ ਨੌਕਰ ਉਹਨੂੰ ਫ਼ੌਰਨ ਅਗੇ ਲਿਆਣੋਂ ਨਾ ਉਕੇ। ਫੇਰ ਪਾਤਸ਼ਾਹ ਨੇ ਉਹਨਾਂ ਨੂੰ ਹੁਕਮ ਦਿਤਾ, ਪੇਟੀ ਖੋਲ੍ਹ ਦੇਣ, ਤੇ ਜਦੋਂ ਉਹ ਖੋਲ੍ਹ ਦਿਤੀ ਗਈ, ਉਹਨੇ ਉਹਦੇ ਅੰਦਰ ਵੇਖਿਆ। ਜਦੋਂ ਉਹਨੇ ਪੇਟੀ ਵਿਚ ਇਕ ਅਣ-ਪੱਕਾ ਅਨਾਰ ਪਿਆ ਵੇਖਿਆ, ਤਾਂ ਉਹ ਕੋਈ ਹੈਰਾਨ ਹੋ ਗਿਆ! ਅਸ਼-ਅਸ਼ ਕਰਦਿਆਂ, ਪਾਤਸ਼ਾਹ ਨੇ ਅਨਾਰ ਕਢਿਆ ਤੇ, ਜਿਹੜੇ ਓਥੇ ਹਾਜ਼ਰ ਸਨ, ਸਭ ਨੂੰ ਵਿਖਾਇਆ। ਫੇਰ, ਗੁਆਚੇ ਊਠ ਦੇ ਮਾਲਕ ਵਲ ਮੂੰਹ ਕਰ ਉਹ ਕਹਿਣ ਲਗਾ:

"ਇਹਨਾਂ ਬੰਦਿਆਂ ਨੇ ਸਾਬਤ ਕਰ ਦਿਤੈ, ਉਹ ਚੋਰ ਨਹੀਂ। ਇਹ ਸਚੀ ਮੁਚੀ ਈ ਸਿਆਣੇ ਨੇ। ਜਾ ਤੇ ਆਪਣੇ ਊਠ ਨੂੰ ਕਿਤੋਂ ਹੋਰ ਢੂੰਡ।"

ਜਿੰਨੇ ਵੀ ਪਾਤਸ਼ਾਹ ਕੋਲ ਹਾਜ਼ਰ ਸਨ, ਭਰਾਵਾਂ ਦੀ ਸਿਆਣਪ ਵੇਖ ਦੰਗ ਰਹਿ ਗਏ, ਪਰ ਓਨਾਂ ਦੰਗ ਕੋਈ ਵੀ ਨਾ ਹੋਇਆ, ਜਿੰਨਾ ਆਪ ਪਾਤਸ਼ਾਹ। ਉਹਨੇ ਹੁਕਮ ਦਿਤਾ, ਹਰ ਕਿਸਮ ਦੇ ਪਕਵਾਨ ਲਿਆਂਦੇ ਜਾਣ ਤੇ ਉਹ ਭਰਾਵਾਂ ਦੀ ਖਾਤਰ ਕਰਨ ਲਗ ਪਿਆ।

"ਤੁਹਾਡਾ ਕੋਈ ਕਸੂਰ ਨਹੀਂ," ਉਹਨੇ ਆਖਿਆ। "ਤੁਸੀਂ ਜਿਥੇ ਵੀ ਜਾਣਾ ਚਾਹੁੰਦੇ ਹੋ, ਜਾ ਸਕਦੇ ਹੋ। ਪਰ ਪਹਿਲੋਂ ਤੁਸੀਂ ਮੈਨੂੰ ਹਰ ਚੀਜ਼ ਦੱਸੋ, ਜਿਵੇਂ-ਜਿਵੇਂ ਉਹ ਹੋਈ ਸੀ। ਤੁਹਾਨੂੰ ਕਿਵੇਂ ਪਤਾ ਲਗਾ ਕਿ ਇਸ ਆਦਮੀ ਦਾ ਊਠ ਗੁਆਚ ਗਿਆ ਸੀ ਤੇ ਤੁਸੀਂ ਇਹ ਕਿਵੇਂ ਦਸ ਸਕੇ, ਊਠ ਇਸ ਤਰ੍ਹਾਂ ਦਾ ਸੀ?"

ਸਭ ਤੋਂ ਵਡੇ ਭਰਾ ਨੇ ਆਖਿਆ:

"ਊਠ ਮਿੱਟੀ ਉਤੇ ਜਿਹੜੇ ਵਡੇ-ਵਡੇ ਨਿਸ਼ਾਨ ਛਡ ਗਿਆ, ਉਸ ਤੋਂ ਮੈਨੂੰ ਪਤਾ ਲਗਾ, ਏਥੋਂ ਇਕ ਬਹੁਤ ਵਡਾ ਊਠ ਲੰਘਿਆ ਏ। ਜਦੋਂ ਮੈਂ ਵੇਖਿਆ, ਆਦਮੀ ਜਿਹੜਾ ਸਾਨੂੰ ਸੜਕ 'ਤੇ ਪਿਛੋਂ ਆ ਰਲਿਆ ਏ, ਚੌਹਾਂ ਪਾਸੇ ਵੇਖੀ ਜਾ ਰਿਹੈ, ਮੈਨੂੰ ਇਕਦਮ ਪਤਾ ਲਗ ਗਿਆ, ਉਹ ਕੀ ਲਭ ਰਿਹਾ ਸੀ।"

"ਬਹੁਤ ਹੱਛਾ!" ਪਾਤਸ਼ਾਹ ਨੇ ਆਖਿਆ। "ਤੇ ਤੁਹਾਡੇ 'ਚੋਂ ਕਿੰਨੇ ਦਸਿਆ ਸੀ, ਊਠ ਦੀ ਖੱਬੀ ਅਖ ਮਾਰੀ ਹੋਈ ਸੀ? ਅਖ ਦਾ ਮਾਰਿਆ ਹੋਣਾ ਸੜਕ 'ਤੇ ਨਿਸ਼ਾਨ ਨਹੀਂ ਛਡ ਜਾਂਦਾ।"

"ਮੈਨੂੰ ਇਹਦਾ ਪਤਾ ਲਗ ਗਿਆ, ਕਿਉਂਕਿ ਸਾਰੀ ਦੀ ਸਾਰੀ ਘਾਹ ਸੜਕ ਦੇ ਸੱਜੇ ਪਾਸੇ ਵਾਲੀ ਚੱਬੀ ਪਈ ਸੀ, ਪਰ ਖੱਬੇ ਪਾਸੇ ਵਾਲੀ ਘਾਹ ਛੁਹੀ ਨਹੀਂ ਸੀ ਗਈ," ਵਿਚਲੇ ਭਰਾ ਨੇ ਜਵਾਬ ਦਿਤਾ।

"ਕਮਾਲ ਕਰ ਦਿਤੀ ਆ!" ਪਾਤਸ਼ਾਹ ਨੇ ਆਖਿਆ। "ਤੇ ਤੁਹਾਡੇ 'ਚੋਂ ਕਿੰਨੇ ਬੁਝਿਆ ਸੀ, ਊਠ 'ਤੇ ਇਕ ਔਰਤ ਤੇ ਬੱਚਾ ਬੈਠਾ ਹੋਇਆ ਸੀ?"

"ਮੈਂ ਬੁਝਿਆ ਸੀ," ਸਭ ਤੋਂ ਛੋਟੇ ਭਰਾ ਨੇ ਜਵਾਬ ਦਿਤਾ। "ਮੈਂ ਇਕ ਥਾਂ ਵੇਖੀ ਜਿਥੇ ਊਠ ਨੇ ਗੋਡੇ ਟੇਕੇ ਸਨ, ਤੇ ਨੇੜੇ ਈ ਰੇਤੇ 'ਤੇ ਮੈਂ ਇਕ ਔਰਤ ਦੀ ਜੁੱਤੀ ਦਾ ਨਿਸ਼ਾਨ ਵੇਖਿਆ। ਦੂਜੇ, ਉਹਦੇ ਤੋਂ ਛੋਟੇ ਨਿਸ਼ਾਨਾਂ ਤੋਂ ਮੈਨੂੰ ਪਤਾ ਲਗਾ, ਔਰਤ ਦੇ ਨਾਲ ਇਕ ਬੱਚਾ ਸੀ।"

"ਠੀਕ ਏ, ਤੇ ਤੂੰ ਸਚ ਆਖਿਐ," ਪਾਤਸ਼ਾਹ ਨੇ ਕਿਹਾ। "ਪਰ ਤੁਹਾਨੂੰ ਇਹ ਪਤਾ ਕਿਵੇਂ ਲਗਾ, ਪੇਟੀ 'ਚ ਇਕੋ ਅਣ-ਪੱਕਾ ਅਨਾਰ ਏ? ਇਹਦੀ ਤਾਂ ਮੈਨੂੰ ਉਕਾ ਸਮਝ ਨਹੀਂ ਆ ਰਹੀ।"

ਸਭ ਤੋਂ ਵਡੇ ਭਰਾ ਨੇ ਆਖਿਆ:

"ਜਿਸ ਤਰ੍ਹਾਂ ਦੋ ਨੌਕਰਾਂ ਨੇ ਪੇਟੀ ਅੰਦਰ ਲਿਆਂਦੀ, ਉਸ ਤੋਂ ਜ਼ਾਹਿਰ ਸੀ, ਉਹ ਭਾਰੀ ਨਹੀਂ ਸੀ। ਜਦੋਂ ਉਹ ਉਹਨੂੰ ਫ਼ਰਸ਼ 'ਤੇ ਰਖ ਰਹੇ ਸਨ, ਮੇਰੇ ਕੰਨੀਂ ਕਿਸੇ ਗੋਲ ਚੀਜ਼ ਦੀ, ਜੁ ਬਹੁਤੀ ਵਡੀ ਨਹੀਂ ਸੀ, ਤੇ ਇਕ ਤੋਂ ਦੂਜੇ ਸਿਰੇ ਤਕ ਰਿੜ ਰਹੀ ਸੀ, ਖੜ-ਖੜ ਦੀ ਆਵਾਜ਼ ਪਈ।"

ਵਿਚਲੇ ਭਰਾ ਨੇ ਕਿਹਾ:

"ਤੇ ਮੈਂ ਅੰਦਾਜ਼ਾ ਲਾਇਆ, ਕਿਉਂਕਿ ਪੇਟੀ ਬਾਗ਼ ਤੋਂ ਲਿਆਂਦੀ ਗਈ ਸੀ ਤੇ ਉਹਦੇ 'ਚ ਕੋਈ ਇਕ ਗੋਲ ਚੀਜ਼ ਸੀ, ਇਸ ਲਈ ਉਹ ਚੀਜ਼ ਜ਼ਰੂਰ ਈ ਅਨਾਰ ਹੋਣੀ ਏ। ਇਸ ਲਈ ਕਿ ਤੁਹਾਡੇ ਮਹਿਲ ਕੋਲ ਅਨਾਰਾਂ ਦੇ ਦਰਖ਼ਤ ਬਹੁਤ ਲਗੇ ਹੋਏ ਨੇ।"

"ਬਹੁਤ ਹੱਛਾ!" ਪਾਤਸ਼ਾਹ ਨੇ ਕਿਹਾ ਤੇ ਉਹਨੇ ਸਭ ਤੋਂ ਛੋਟੇ ਭਰਾ ਵਲ ਮੂੰਹ ਕੀਤਾ।

"ਪਰ ਤੂੰ ਇਹ ਕਿਵੇਂ ਦਸ ਸਕਿਆ, ਅਨਾਰ ਪੱਕਾ ਨਹੀਂ ਸੀ?"

"ਹੁਣ ਸਾਲ ਦਾ ਇਹੋ ਜਿਹਾ ਵਕਤ ਏ," ਸਭ ਤੋਂ ਛੋਟੇ ਭਰਾ ਨੇ ਜਵਾਬ ਦਿਤਾ, "ਜਦੋਂ ਅਜੇ ਸਾਰੇ ਦੇ ਸਾਰੇ ਅਨਾਰ ਹਰੇ ਨੇ। ਤੁਸੀਂ ਆਪ ਤਕ ਸਕਦੇ ਹੋ।"

ਤੇ ਉਹਨੇ ਖੁਲ੍ਹੀ ਬਾਰੀ ਵਲ ਇਸ਼ਾਰਾ ਕੀਤਾ।


ਪਾਤਸ਼ਾਹ ਨੇ ਬਾਰੀ ਵਿਚੋਂ ਬਾਹਰ ਤਕਿਆ ਤੇ ਉਹਨੇ ਵੇਖਿਆ, ਉਹਦੇ ਬਾਗ਼ ਦੇ ਅਨਾਰਾਂ ਦੇ ਦਰਖ਼ਤਾਂ ਨੂੰ ਹਰਾ ਫਲ ਲੱਗਾ ਹੋਇਆ ਸੀ।

ਪਾਤਸ਼ਾਹ ਭਰਾਵਾਂ ਦੀ ਵੇਖਣ-ਚਾਖਣ ਦੀ ਅਨੋਖੀ ਤਾਕਤ ਤੇ ਤੇਜ਼ ਸੂਝ ਉਤੇ ਅਸ਼-ਅਸ਼ ਕਰ ਉਠਿਆ।

"ਤੁਸੀਂ ਪੈਸੇ ਤੇ ਦੁਨੀਆਂ ਦੀਆਂ ਚੀਜ਼ਾਂ ਵਲੋਂ ਦੌਲਤਮੰਦ ਭਾਵੇਂ ਨਾ ਹੋਵੋ, ਪਰ ਸਿਆਣਪ ਵਲੋਂ ਤੁਸੀਂ ਸਗੋਂ ਮੁਚੀ ਈ ਦੌਲਤਮੰਦ ਹੋ!" ਉਹਨੇ ਆਖਿਆ।

# ਸਭ ਤੋਂ ਵਡਾ ਕੌਣ ਸੀ ?

## ਕਿਰਗੀਜ਼ ਪਰੀ-ਕਹਾਣੀ



ਬੜੇ ਚਿਰਾਂ ਦੀ ਗਲ ਏ, ਕਿਸੇ ਇਕ ਪਿੰਡ ਵਿਚ ਤਿੰਨ ਭਰਾ ਰਹਿੰਦੇ ਹੁੰਦੇ ਸਨ, ਜਿਨ੍ਹਾਂ ਕੋਲ ਇਕ ਸਾਂਝਾ ਡਬ-ਖੜੱਬਾ ਢੱਗਾ ਹੁੰਦਾ ਸੀ।

ਇਕ ਦਿਨ ਭਰਾਵਾਂ ਨੇ ਵਖ ਹੋਣ ਤੇ ਅਡ-ਅਡ ਰਹਿਣ ਦਾ ਮਤਾ ਪਕਾਇਆ। ਪਰ ਇਕ ਢੱਗਾ ਉਹਨਾਂ ਤਿੰਨਾਂ ਵਿਚਕਾਰ ਵੰਡਿਆ ਕਿਵੇਂ ਜਾਂਦਾ? ਪਹਿਲੋਂ ਉਹਨਾਂ ਸੋਚਿਆ, ਉਹਨੂੰ ਵੇਚ ਦਿਤਾ ਜਾਵੇ, ਪਰ ਇਲਾਕੇ ਵਿਚ ਉਹਨਾਂ ਨੂੰ ਕੋਈ ਵੀ ਏਡਾ ਮਾਲਦਾਰ ਬੰਦਾ ਨਾ ਲੱਭਾ, ਜਿਹੜਾ ਉਹਨੂੰ ਖਰੀਦ ਸਕਦਾ। ਫੇਰ ਉਹਨਾਂ ਸੋਚਿਆ, ਢੱਗੇ ਨੂੰ ਜ਼ਬ੍ਹਾ ਕਰ ਲਿਆ ਜਾਏ ਤੇ ਗੋਸ਼ਤ ਆਪੋ ਵਿਚ ਵੰਡ ਲਿਆ ਜਾਏ, ਪਰ ਉਹ ਇੰਜ ਵੀ ਨਾ ਕਰ ਸਕੇ, ਇਸ ਲਈ ਕਿ ਉਹਨਾਂ ਨੂੰ ਢੱਗੇ ਦਾ ਦੁਖ ਲਗਦਾ ਸੀ। ਤੇ ਇਸ ਗਲ ਉਤੇ ਉਹ ਰਾਜ਼ੀ ਨਹੀਂ ਸਨ ਹੁੰਦੇ ਕਿ ਢੱਗਾ ਉਹਨਾਂ ਵਿਚੋਂ ਕਿਸੇ ਇਕ ਨੂੰ ਦੇ ਦਿਤਾ ਜਾਵੇ।

ਇਸ ਲਈ ਉਹਨਾਂ ਕਿਸੇ ਸਿਆਣੇ ਕੋਲ ਜਾਣ ਦਾ ਫ਼ੈਸਲਾ ਕੀਤਾ, ਇਸ ਖਿਆਲ ਨਾਲ ਕਿ ਸ਼ਾਇਦ ਉਹ ਮਾਮਲਾ ਨਿਪਟਾ ਸਕੇ।

"ਜਿਵੇਂ ਸਿਆਣੇ ਨੇ ਆਖਿਆ, ਉਵੇਂ ਅਸੀਂ ਕਰਾਂਗੇ," ਉਹ ਕਹਿਣ ਲਗੇ, ਤੇ ਢੱਗੇ ਨੂੰ ਨਾਲ ਲੈ ਸਿਆਣੇ ਦੇ ਪਿੰਡ ਵਲ ਹੋ ਪਏ। ਸਭ ਤੋਂ ਵਡਾ ਭਰਾ ਢੱਗੇ ਦੇ ਸਿਰ ਕੋਲ ਟੁਰ ਰਿਹਾ ਸੀ, ਵਿਚਲਾ ਭਰਾ ਢੱਗੇ ਦੇ ਪਾਸੇ ਕੋਲ, ਤੇ ਸਭ ਤੋਂ ਛੋਟਾ ਭਰਾ, ਢੱਗੇ ਨੂੰ ਸੋਟੀ ਨਾਲ ਹਿਕਦਾ, ਉਹਦੇ ਪਿੱਛੇ-ਪਿੱਛੇ ਆ ਰਿਹਾ ਸੀ।

ਸਰਘੀ ਵੇਲੇ ਉਹਨਾਂ ਨੂੰ ਇਕ ਘੋੜਸਵਾਰ ਆਣ ਰਲਿਆ। ਉਹਨੇ ਸਭ ਤੋਂ ਛੋਟੇ ਭਰਾ ਨੂੰ ਬੰਦਗੀ ਕੀਤੀ ਤੇ ਪੁੱਛਣ ਲਗਾ, ਉਹ ਢੱਗੇ ਨੂੰ ਕਿਥੇ ਲਿਜਾ ਰਿਹਾ ਸੀ। ਸਭ ਤੋਂ ਛੋਟੇ ਭਰਾ ਨੇ ਉਹਨੂੰ ਸਭ ਕੁਝ ਬਾਰੇ ਸਾਰਾ ਕੁਝ ਦਸਿਆ ਤੇ ਆਖਿਆ:

"ਅਸੀਂ ਢੱਗੇ ਨੂੰ ਸਿਆਣੇ ਕੋਲ ਲਿਜਾ ਰਹੇ ਹਾਂ, ਉਹ ਸਾਡਾ ਮਾਮਲਾ ਨਿਪਟਾਏਗਾ। ਅਸੀਂ ਉਹਦੀ ਸਲਾਹ 'ਤੇ ਚੱਲਾਂਗੇ।"

ਤੇ ਘੋੜਸਵਾਰ ਨੂੰ ਅਲਵਿਦਾ ਆਖਦਿਆਂ, ਉਹ ਅਗੋਂ ਕਹਿਣ ਲਗਾ:

"ਛੇਤੀ ਈ ਤੂੰ ਮੇਰੇ ਵਿਚਲੇ ਭਰਾ ਨੂੰ ਜਾ ਰਲੇਂਗਾ। ਉਹ ਢੱਗੇ ਦੇ ਪਾਸੇ ਨਾਲ ਟੁਰ ਰਿਹੈ। ਉਹਨੂੰ ਮੇਰੀ ਸਲਾਮ ਆਖੀਂ ਤੇ ਕਹੀਂ, ਢੱਗੇ ਨੂੰ ਹਿਕਦਾ ਜਾਏ। ਅਸੀਂ ਸਿਆਣੇ ਦੇ ਪਿੰਡ ਰਾਤ ਪੈਣ ਤੋਂ ਪਹਿਲਾਂ ਪਹੁੰਚਣ।"

"ਬਹੁਤ ਹੱਛਾ," ਘੋੜਸਵਾਰ ਨੇ ਆਖਿਆ, ਤੇ ਆਪਣੇ ਘੋੜੇ ਨੂੰ ਦੁੜਕੀਏ ਪਾਂਦਿਆਂ, ਉਹ ਅਗੇ ਨਿਕਲ ਗਿਆ।

ਦੁਪਹਿਰ ਵੇਲੇ ਉਹ ਵਿਚਲੇ ਭਰੇ ਨੂੰ ਆ ਰਲਿਆ, ਜਿਹੜਾ ਡਬ-ਖੜੱਬੇ ਢੱਗੇ ਦੇ ਪਾਸੇ ਦੇ ਨਾਲ-ਨਾਲ ਟੁਰ ਰਿਹਾ ਸੀ।

ਘੋੜਸਵਾਰ ਨੇ ਉਹਨੂੰ ਬੰਦਗੀ ਕੀਤੀ ਤੇ ਆਖਣ ਲਗਾ:

"ਤੇਰੇ ਛੋਟੇ ਭਰਾ ਨੇ ਤੈਨੂੰ ਸਲਾਮ ਘੱਲੀ ਏ ਤੇ ਆਖਿਆ ਏ, ਜੇ ਤੂੰ ਓਥੇ ਜਿਥੇ ਤੂੰ ਜਾ ਰਿਹੈਂ, ਰਾਤ ਪੈਣ ਤੋਂ ਪਹਿਲਾਂ ਪਹੁੰਚਣਾ ਚਾਹੁਣੈਂ, ਤਾਂ ਢੱਗੇ ਨੂੰ ਹਿੱਕੀ ਜਾਈਂ।"

ਵਿਚਲੇ ਭਰਾ ਨੇ ਘੋੜਸਵਾਰ ਦਾ ਸ਼ੁਕਰੀਆ ਅਦਾ ਕੀਤਾ ਤੇ ਉਹਨੂੰ ਕਹਿਣ ਲਗਾ:

"ਜਦੋਂ ਤੂੰ ਢਗੇ ਦੇ ਸਿਰ ਤਕ ਪਹੁੰਚੇਂ, ਮੇਰੇ ਵਡੇ ਭਰਾ ਨੂੰ ਮੇਰਾ ਸਲਾਮ ਦਈਂ ਤੇ ਉਹਨੂੰ ਕਹੀਂ, ਢੱਗੇ ਨੂੰ ਤੇਜ਼ ਹਿਕਦਾ ਜਾਏ। ਅਸੀਂ ਸਿਆਣੇ ਦੇ ਪਿੰਡ ਛੇਤੀ ਤੋਂ ਛੇਤੀ ਪਹੁੰਚਣੈਂ।"

ਘੋੜਸਵਾਰ ਅਗੇ ਨਿਕਲ ਗਿਆ, ਤੇ ਜਦੋਂ ਉਹ ਢੱਗੇ ਦੇ ਸਿਰ ਕੋਲ ਪਹੁੰਚਿਆ ਤੇ ਉਹਨੇ ਵਡੇ ਭਰਾ ਨੂੰ ਦੋ ਛੋਟੇ ਭਰਾਵਾਂ ਦੀ ਸਲਾਮ ਤੇ ਸੁਨੇਹੇ ਦਿਤੇ, ਸ਼ਾਮ ਪੈ ਚੁਕੀ ਸੀ।

"ਮੈਂ ਕੁਝ ਨਹੀਂ ਕਰ ਸਕਦਾ," ਸਭ ਤੋਂ ਵਡਾ ਭਰਾ ਕਹਿਣ ਲਗਾ। "ਘੁਸਮੁਸਾ ਹੁਣੇ ਈ ਹੋ ਗਿਐ। ਸਾਨੂੰ ਢੱਗੇ ਨੂੰ ਹਿੱਕਣਾ ਬੰਦ ਕਰਨਾ ਤੇ ਰਾਤ ਸੜਕ ਕੰਢੇ ਈ ਗੁਜ਼ਾਰਨੀ ਪੈਣੀ ਏਂ।"

ਘੋੜਸਵਾਰ ਨਾ ਰੁਕਿਆ ਤੇ ਅਗੇ ਨਿਕਲ ਗਿਆ।

ਭਰਾਵਾਂ ਨੇ ਰਾਤ ਸਤੋਂਪੀ ਵਿਚ ਗੁਜ਼ਾਰੀ, ਤੇ ਆਪਣੇ ਢੱਗੇ ਨੂੰ ਅਗੇ ਹਿਕਦੇ ਅਗਲੀ ਸਵੇਰੇ ਫੇਰ ਟੁਰ ਪਏ। ਤਾਂ, ਅਚਣਚੇਤ ਹੀ ਇਕ ਡਾਢੀ ਭਿਆਣਕ ਘਟਨਾ ਵਾਪਰ ਪਈ। ਇਕ ਬਹੁਤ ਵਡੇ ਉਕਾਬ ਨੇ ਅਸਮਾਨ ਤੋਂ ਝਪਟਾ ਮਾਰਿਆ, ਢੱਗੇ ਨੂੰ ਆਪਣੇ ਪੰਜਿਆਂ ਵਿਚ ਫੜ ਲਿਆ, ਚੁਕ ਉਹਨੂੰ ਬਦਲਾਂ ਵਿਚ ਲੈ ਗਿਆ ਤੇ ਦੂਰ ਉਡ ਗਿਆ।

ਭਰਾ ਕੁਝ ਚਿਰ ਅਫ਼ਸੋਸ ਕਰਦੇ ਤੇ ਦੁਖ ਮਨਾਂਦੇ ਰਹੇ, ਤੇ ਫੇਰ, ਖਾਲੀ ਹੱਥੀਂ, ਘਰ ਪਰਤ ਗਏ।

ਏਧਰ ਢੱਗੇ ਨੂੰ ਪੰਜਿਆਂ ਵਿਚ ਫੜੀ, ਉਕਾਬ ਅਸਮਾਨ ਵਿਚ ਉਡਦਾ ਗਿਆ। ਛੇਤੀ ਹੀ ਉਹਨੂੰ, ਹੇਠਾਂ ਇਕ ਚਰਾਂਦ ਵਿਚ, ਬਕਰੀਆਂ ਦਾ ਇਕ ਇੱਜੜ, ਤੇ ਉਹਦੇ ਵਿਚੋਂ ਇਕ ਬਕਰਾ ਦਿਸਿਆ, ਜਿਸ ਦੇ ਸਿੰਙ ਸਭ ਤੋਂ ਲੰਮੇ ਸਨ। ਉਕਾਬ ਨੇ ਹੇਠਾਂ ਵਲ ਝੋਕ ਮਾਰੀ, ਬਕਰੇ ਦੇ ਸਿੰਙਾਂ ਉਤੇ ਆ ਬੈਠਾ ਤੇ ਉਹਦੇ ਚੌਹੀਂ ਪਾਸੇ ਹੱਡੀਆਂ ਖਿਲਾਰਦਾ, ਢੱਗੇ ਨੂੰ ਖਾਣ ਲਗ ਪਿਆ।

ਚਾਣਚਕ ਹੀ ਬਹੁਤ ਸਖ਼ਤ ਮੀਂਹ ਵੱਸਣ ਲਗ ਪਿਆ, ਤੇ ਆਜੜੀ ਤੇ ਉਹਦੀਆਂ ਬਕਰੀਆਂ ਦੇ ਇੱਜੜ ਉਸੇ ਹੀ ਬਕਰੇ ਦੀ ਦਾੜ੍ਹੀ ਹੇਠ ਆ ਓਟ ਲਈ।

ਚਾਣਚਕ ਹੀ ਆਜੜੀ ਨੂੰ ਖੱਬੀ ਅਖ ਵਿਚ ਡਾਢੀ ਸਖ਼ਤ ਪੀੜ ਮਹਿਸੂਸ ਹੋਣ ਲਗ ਪਈ।

"ਅਖ 'ਚ ਕੋਈ ਤੀਲਾ ਪੈ ਗਿਆ," ਉਹਨੇ ਸੋਚਿਆ।

ਸ਼ਾਮ ਵੇਲੇ ਆਜੜੀ ਆਪਣੇ ਇੱਜੜ ਨੂੰ ਹਿਕ ਪਿੰਡ ਲੈ ਗਿਆ। ਉਹਦੀ ਅਖ ਦੀ ਪੀੜ ਬਹੁਤ ਵਧ ਗਈ ਹੋਈ ਸੀ, ਤੇ ਉਹ ਚੀਕਾਂ ਮਾਰਦਾ ਮਿੰਨਤਾਂ ਕਰਨ ਲਗਾ:

"ਪਿੰਡ ਵਾਲਿਓ, ਛੇਤੀ ਨਾਲ ਹਕੀਮ ਬੁਲਾਓ! ਉਹ ਮੇਰੀ ਅਖ 'ਚ ਚਾਲ੍ਹੀ ਬੇੜੀਆਂ 'ਚ ਬਹਿ ਠਿਲ ਪੈਣ ਤੇ ਤੀਲਾ ਲਭ ਲੈਣ। ਮੈਨੂੰ ਇਕ ਪਲ ਵੀ ਚੈਨ ਨਹੀਂ ਲੈਣ ਦੇ ਰਿਹਾ।"

ਤੇ ਪਿੰਡ ਵਾਲੇ ਗਏ ਤੇ ਉਹਨਾਂ ਚਾਲ੍ਹੀ ਹਕੀਮ ਲੱਭੇ ਤੇ ਉਹਨਾਂ ਨੂੰ ਕਹਿਣ ਲਗੇ:

"ਸਾਡੇ ਆਜੜੀ ਦੀ ਅਖ 'ਚ ਠਿਲ ਪਵੋ। ਤੀਲਾ ਲਭ ਲਵੋ ਤੇ ਇਹਦੀ ਪੀੜ ਖ਼ਤਮ ਕਰ ਦਿਓ। ਪਰ ਖ਼ਿਆਲ ਇਹ ਰਖਣਾ, ਅਖ ਨੂੰ ਸਟ ਨਾ ਲਗ ਜਾਏ ਸੂ।"

ਚਾਲ੍ਹੀ ਹਕੀਮ ਆਪਣੀਆਂ ਚਾਲ੍ਹੀ ਬੇੜੀਆਂ ਵਿਚ ਠਿਲ ਪਏ, ਤੇ ਉਹਨਾਂ ਤੀਲਾ ਲਭ ਲਿਆ, ਜਿਹੜਾ ਅਸਲ ਵਿਚ ਤੀਲਾ ਨਹੀਂ, ਢੱਗੇ ਦੇ ਮੋਢੇ ਦੀ ਹੱਡੀ ਸੀ। ਉਹ ਆਜੜੀ ਦੀ ਅਖ ਵਿਚ ਆ ਵੜੀ ਸੀ, ਜਦੋਂ ਉਹਨੇ ਬਕਰੇ ਦੀ ਦਾੜ੍ਹੀ ਹੇਠ ਮੀਂਹ ਤੋਂ ਓਟ ਲਈ ਹੋਈ ਸੀ।

ਜਦੋਂ ਆਜੜੀ ਦੀ ਅਖ ਵਿਚ ਪੀੜ ਹੋਣੀ ਬੰਦ ਹੋ ਗਈ, ਹਕੀਮ ਸਾਰੇ ਚਲੇ ਗਏ, ਤੇ ਢੱਗੇ ਦੇ ਮੋਢੇ ਦੀ ਹੱਡੀ ਪਿੰਡੋਂ ਦੂਰ ਬਾਹਰ ਲਿਜਾਈ ਤੇ ਸੁਟ ਦਿਤੀ ਗਈ।

ਛੇਤੀ ਹੀ ਪਿਛੋਂ, ਜਿਥੇ ਮੋਢੇ ਦੀ ਹੱਡੀ ਪਈ ਸੀ, ਉਥੋਂ ਕੁਝ ਟਪਰੀਵਾਸ ਲੰਘ ਰਹੇ ਸਨ। ਰਾਤ ਪੈ ਰਹੀ ਸੀ, ਵਡਿਆਂ ਨੇ ਆਪੋ ਵਿਚ ਗਲ ਕੀਤੀ ਤੇ ਉਹਨਾਂ ਅਟਕ ਪੈਣ ਤੇ ਧੂਣੀ ਬਾਲਣ ਦਾ ਮਤਾ ਪਕਾਇਆ।

"ਇਹ ਲੂਣੀ ਦਲਦਲ ਸਭ ਤੋਂ ਚੰਗੀ ਤੇ ਮਹਿਫ਼ੂਜ਼ ਥਾਂ ਏ, ਸਾਡੇ ਰਾਤ ਗੁਜ਼ਾਰ ਸਕਣ ਲਈ," ਉਹਨਾਂ ਆਖਿਆ।

ਪਰ ਜਦੋਂ ਉਹ ਸਾਰੇ ਟਿਕ ਗਏ ਤੇ ਸੌਣ ਲਈ ਤਿਆਰ ਹੋਣ ਲਗੇ, ਚਾਣਚਕ ਹੀ ਜ਼ਮੀਨ ਕੰਬਣ ਤੇ ਹਿੱਲਣ ਲਗ ਪਈ। ਟਪਰੀਵਾਸ ਸਹਿਮ ਗਏ, ਤੇ ਉਹਨਾਂ, ਕਾਹਲੀ-ਕਾਹਲੀ ਆਪਣਾ ਮਾਲ-ਅਸਬਾਬ ਆਪਣੇ ਗਡਿਆਂ ਉਤੇ ਲਦ, ਆਪਣੇ ਘੋੜੇ ਜੋ ਲਏ ਤੇ ਛੇਤੀ ਨਾਲ ਨਿਕਲ ਟੁਰੇ।

ਉਹਨਾਂ ਦਾ ਸਹਿਮ ਦਿਨ ਚੜ੍ਹਨ ਉਤੇ ਹੀ ਲੱਥਾ ਤੇ ਉਹਨਾਂ ਆਪਣਾ ਡੇਰਾ ਲਾ ਲਿਆ। ਇਸ ਪਿਛੋਂ ਵਡਿਆਂ ਨੇ ਚਾਲ੍ਹੀ ਘੋੜਸਵਾਰ ਭੁਚਾਲ ਵਾਲੀ ਥਾਂ ਇਹ ਪਤਾ ਕਰਨ ਲਈ ਘੱਲੇ, ਓਥੇ ਹੋਇਆ ਕੀ ਸੀ।

ਚਾਲ੍ਹੀ ਘੋੜਸਵਾਰ ਛੇਤੀ ਹੀ ਅੱਪੜ ਪਏ, ਤੇ ਉਹਨਾਂ ਵੇਖਿਆ, ਜਿਸ ਚੀਜ਼ ਨੂੰ ਉਹਨਾਂ ਰਾਤੀਂ ਲੂਣੀ ਦਲਦਲ ਸਮਝ ਲਿਆ ਸੀ, ਅਸਲ ਵਿਚ ਇੱਕ ਬਹੁਤ ਵਡੀ ਹੱਡੀ ਸੀ — ਕਿਸੇ ਢੱਗੇ ਦੇ ਮੋਢੇ ਦੀ ਹੱਡੀ ਜਿਸ ਨੂੰ, ਉਹਨਾਂ ਦੇ ਵੇਖਦਿਆਂ-ਵੇਖਦਿਆਂ ਵੀ, ਇਕ ਲੂੰਮੜੀ ਚਬ ਰਹੀ ਸੀ।

"ਤੇ ਏਨੇ ਕੰਬਾਈ ਸੀ ਜ਼ਮੀਨ!" ਘੋੜਸਵਾਰ ਕੂਕ ਉਠੇ। ਉਹਨਾਂ ਨਿਸ਼ਾਨਾ ਬੰਨ੍ਹਿਆ, ਤੀਰ ਛੱਡੇ ਤੇ ਲੂੰਮੜੀ ਨੂੰ ਮਾਰ ਦਿਤਾ।

ਇਸ ਪਿਛੋਂ ਉਹ ਉਹਦੀ ਖਲ ਲਾਹੁਣ ਲਗ ਪਏ। ਪਰ ਉਹ ਸਿਰਫ਼ ਇਕੋ ਪਾਸੇ ਵਾਲੀ ਖਲ ਹੀ ਲਾਹ ਸਕੇ ਤੇ ਦੂਜਾ ਪਾਸਾ ਉਹਨਾਂ ਨੂੰ ਅਣ-ਲੱਥਾ ਹੀ ਛਡਣਾ ਪਿਆ, ਕਿਉਂ ਜੁ ਭਾਵੇਂ ਉਹਨਾਂ ਕਿੰਨਾ ਹੀ ਜ਼ੋਰ ਲਾਇਆ, ਉਹਨਾਂ ਤੋਂ ਲੂੰਮੜੀ ਉਲਟਾਈ ਨਾ ਜਾ ਸਕੀ।

ਘੋੜਸਵਾਰ ਆਪਣੇ ਡੇਰੇ ਵਾਪਸ ਆ ਗਏ ਤੇ ਉਹਨਾਂ ਵਡਿਆਂ ਨੂੰ ਸਾਰੀ ਗਲ ਸੁਣਾਈ, ਤੇ ਵੱਡੇ ਸੋਚਣ ਲਗੇ, ਕੀ ਕੀਤਾ ਜਾਵੇ।

ਐਨ ਉਸੇ ਹੀ ਵੇਲੇ ਇਕ ਜਵਾਨ ਔਰਤ ਉਹਨਾਂ ਕੋਲ ਆਈ ਤੇ ਕਹਿਣ ਲਗੀ:

"ਮਿਹਰਬਾਨੀ ਕਰਕੇ ਲੂੰਮੜੀ ਦੀ ਖਲ ਦਾ ਉਹ ਟੋਟਾ ਮੈਨੂੰ ਦੇ ਦਿਓ, ਜਿਹੜਾ ਤੁਹਾਡੇ ਘੋੜਸਵਾਰ ਲਿਆਏ ਨੇ, ਮੈਂ ਆਪਣੇ ਨਵੇਂ ਹੋਏ ਬਾਲ ਦੀ ਟੋਪੀ ਬਣਾਣੀ ਏਂ।"

"ਬਹੁਤ ਹੱਛਾ," ਵਡਿਆਂ ਨੇ ਆਖਿਆ, "ਲੈ ਜਾ।"

ਔਰਤ ਨੇ ਆਪਣੇ ਬਾਲ ਦੇ ਸਿਰ ਦਾ ਮੇਚਾ ਲਿਆ ਤੇ ਲੂੰਮੜੀ ਦੀ ਖਲ ਵਿਚੋਂ ਉਹਦੇ ਲਈ ਟੋਪੀ ਕੱਟਣ ਲਗ ਪਈ। ਪਰ ਉਹਨੂੰ ਛੇਤੀ ਹੀ ਦਿਸ ਪਿਆ, ਖਲ ਏਨੀ ਕੁ ਸੀ ਕਿ ਅੱਧੀ ਟੋਪੀ ਬਣ ਸਕੇਗੀ। ਇਸ ਲਈ ਉਹ ਫੇਰ ਵਡਿਆਂ ਕੋਲ ਗਈ ਤੇ ਉਹਨਾਂ ਤੋਂ ਲੂੰਮੜੀ ਦੀ ਖਲ ਦਾ ਦੂਜਾ ਅਧ ਮੰਗਣ ਲਗੀ।

ਤਾਂ ਚਾਲ੍ਹੀ ਘੋੜਸਵਾਰਾਂ ਨੇ ਮੰਨਿਆ, ਉਹ ਲੂੰਮੜੀ ਨੂੰ ਉਲਟਾ ਨਹੀਂ ਸਨ ਸਕੇ ਤੇ ਦੂਜੇ ਪਾਸੇ ਦੀ ਖਲ ਨਹੀਂ ਸਨ ਲਾਹ ਸਕੇ।

"ਜੇ ਲੂੰਮੜੀ ਦੀ ਅੱਧੀ ਖਲ ਨਾਲ ਆਪਣੇ ਬੱਚੇ ਦੀ ਟੋਪੀ ਨਹੀਉਂ ਬਣਦੀ," ਉਹ ਔਰਤ ਨੂੰ ਆਖਣ ਲਗੇ, "ਤਾਂ ਚੰਗਾ ਹੋਵੇ ਜੇ ਆਪ ਚਲੀ ਜਾਵੇਂ ਤੇ ਲੂੰਮੜੀ ਦੇ ਦੂਜੇ ਪਾਸੇ ਦੀ ਖਲ ਆਪ ਲਾਹ ਲਿਆਵੇਂ।"

ਔਰਤ ਨੇ ਆਪਣੇ ਮੁੰਡੇ ਨੂੰ ਚੁਕਿਆ ਤੇ ਉਥੇ ਗਈ ਜਿਥੇ ਉਹ ਲੂੰਮੜੀ ਨੂੰ ਛਡ ਆਏ ਸਨ। ਉਕਾ ਕੋਈ ਜ਼ੋਰ ਲਾਏ ਬਿਨਾਂ, ਉਹਨੇ ਲੂੰਮੜੀ ਨੂੰ ਪਰਤਾ ਲਿਆ, ਉਹਦੇ ਦੂਜੇ ਪਾਸੇ ਦੀ ਖਲ ਲਾਹ ਲਈ ਤੇ ਖਲ ਦੇ ਦੋ ਅੱਧਾਂ ਨਾਲ ਆਪਣੇ ਬਾਲ ਨੂੰ ਟੋਪੀ ਬਣਾ ਦਿਤੀ।

ਤੇ ਹੁਣ ਇਕ ਗਲ ਏ, ਜਿਹੜੀ ਅਸੀਂ ਤੁਹਾਡੇ ਤੋਂ ਪੁਛਣਾ ਚਾਹੁੰਦੇ ਹਾਂ: ਤੁਹਾਡੇ ਖਿਆਲ ਵਿਚ ਸਭ ਤੋਂ ਵਡਾ ਕੌਣ ਸੀ—

ਕੀ ਇਹ ਢੱਗਾ ਸੀ?

ਚੇਤੇ ਰਖਣਾ ਕਿ ਇਹਦੀ ਪੂਛਲ ਤੇ ਸਿਰ ਤਕ ਪਹੁੰਚਣ ਲਈ ਇਕ ਘੋੜਸਵਾਰ ਨੂੰ ਪੂਰਾ ਦਿਨ ਲਗ ਗਿਆ ਸੀ।

ਕੀ ਇਹ ਉਕਾਬ ਸੀ?

ਚੇਤੇ ਰਖਣਾ ਕਿ ਉਹ ਢੱਗੇ ਨੂੰ ਆਪਣੇ ਨਾਲ ਅਸਮਾਨੇਂ ਲੈ ਗਿਆ ਸੀ।

ਕੀ ਇਹ ਬਕਰਾ ਸੀ?

ਚੇਤੇ ਰਖਣਾ ਕਿ ਉਹ ਇਹਦੇ ਸਿੰਙ ਹੀ ਸਨ, ਜਿਨ੍ਹਾਂ ਉਤੇ ਉਕਾਬ ਬੈਠਾ ਸੀ ਤੇ ਜਿੱਥੇ ਉਹਨੇ ਢੱਗੇ ਨੂੰ ਖਾਧਾ ਸੀ।

ਕੀ ਇਹ ਆਜੜੀ ਸੀ?

ਚੇਤੇ ਰਖਣਾ ਕਿ ਉਹਦੀ ਅਖ ਵਿਚ ਚਾਲ੍ਹੀ ਹਕੀਮ ਚਾਲੀ ਬੇੜੀਆਂ ਵਿਚ ਠਿੱਲੇ ਸਨ?

ਕੀ ਇਹ ਲੂੰਮੜੀ ਸੀ?

ਚੇਤੇ ਰਖਣਾ ਕਿ ਉਹਨੇ ਢੱਗੇ ਦੇ ਮੌਢੇ ਦੀ ਹੱਡੀ ਨੂੰ ਮੂੰਹ ਮਾਰ ਭੁਚਾਲ ਲੈ ਆਂਦਾ ਸੀ।

ਕੀ ਇਹ ਬਾਲ ਸੀ?

ਚੇਤੇ ਰਖਣਾ ਕਿ ਉਹ ਏਡਾ ਵਡਾ ਸੀ ਕਿ ਉਹਦੀ ਟੋਪੀ ਲੂੰਮੜੀ ਦੀ ਪੂਰੀ ਖਲ ਤੋਂ ਬਣੀ ਸੀ।

ਜਾਂ ਕੀ ਉਹ ਔਰਤ ਸੀ, ਜਿਹਦਾ ਦਿਉਆਂ ਜਿੱਡਾ ਬਾਲ ਸੀ?

ਸੋਚੋ, ਦਮਾਗ ਲਾ ਕੇ ਸੋਚੋ, ਤੇ, ਸ਼ਾਇਦ, ਤੁਸੀਂ ਸਾਨੂੰ ਦਸ ਸਕੋ।

# ਅਲਦਾਰ-ਕੋਸੇ ਤੇ ਸ਼ਿਗਾਏ-ਬੇ

ਕਜ਼ਾਖ਼ ਪਰੀ-ਕਹਾਣੀ



ਪਹਿਲੀਆਂ ਵੇਲੇ, ਸਤੈਪੀ-ਮੈਦਾਨ ਵਿਚ ਅਲਦਾਰ-ਕੋਸੇ ਨਾਂ ਦਾ ਇਕ ਗ਼ਰੀਬ ਆਦਮੀ ਹੁੰਦਾ ਸੀ। ਇਕ ਘੋੜੇ ਤੋਂ ਸਿਵਾ ਉਹਦੇ ਕੋਲ ਹੋਰ ਕੁਝ ਨਹੀਂ ਸੀ, ਪਰ ਹੁਸ਼ਿਆਰ ਉਹ ਬਹੁਤ ਸੀ ਤੇ ਕਿੰਨੇ ਸਾਰੇ ਕਰਤਬ ਤੇ ਮਜ਼ਾਕ ਉਹ ਹਮੇਸ਼ਾ ਹੀ ਕਰ ਕੇ ਵਿਖਾ ਸਕਦਾ ਸੀ।

ਤੇ ਏਧਰ ਓਸੇ ਹੀ ਸਤੈਪੀ ਵਿਚ ਸ਼ਿਗਾਏ-ਬੇ ਨਾਂ ਦਾ ਇਕ ਦੌਲਤਮੰਦ ਆਦਮੀ ਹੁੰਦਾ ਸੀ। ਸ਼ਿਗਾਏ-ਬੇ ਬਹੁਤ ਕੰਜੂਸ ਸੀ। ਸੱਚੀ ਗਲ ਇਹ ਏ, ਉਹਦੀ ਕੰਜੂਸੀ ਉਹਦੀ ਅਮੀਰੀ ਨੂੰ ਵੀ ਮਾਤ ਪਾਂਦੀ ਸੀ। ਉਹਦੇ ਸ਼ੂਮ ਹੋਣ ਦੀ ਹਦ ਇਹ ਸੀ ਕਿ ਉਹ ਆਏ-ਗਏ ਅਗੇ ਰੋਟੀ ਦਾ ਟੁਕ ਜਾਂ ਪਾਣੀ ਦੀ ਬੂੰਦ ਤਕ ਵੀ ਨਹੀਂ ਸੀ ਰਖਦਾ।

ਇਕ ਦਿਨ ਹੁਸ਼ਿਆਰ ਤੇ ਖਚਰੇ ਅਲਦਾਰ-ਕੋਸੇ ਨੇ ਸ਼ਿਗਾਏ-ਬੇ ਨੂੰ ਸਬਕ ਸਿਖਾਣ ਦਾ ਮਤਾ ਪਕਾ ਲਿਆ।

ਉਹ ਆਪਣੇ ਘੋੜੇ ਉਤੇ ਚੜ੍ਹ ਬੈਠਾ ਤੇ ਸ਼ਿਗਾਏ-ਬੇ ਨੂੰ ਮਿਲਣ ਲਈ ਚਲ ਪਿਆ। ਜਦੋਂ ਉਹਦੇ ਦੋਸਤਾਂ ਤੇ ਗਵਾਂਢੀਆਂ ਨੂੰ ਪਤਾ ਲਗਾ, ਅਲਦਾਰ-ਕੋਸੇ ਕਿਥੇ ਜਾ ਰਿਹਾ ਸੀ, ਉਹਨਾਂ ਦਾ ਹਾਸਾ ਛੁਟ ਪਿਆ:

"ਠਹਿਰ ਜਾ ਤੂੰ, ਅਲਦਾਰ-ਕੋਸੇ," ਉਹ ਆਖਣ ਲਗੇ। "ਸ਼ਿਗਾਏ-ਬੇ ਤੇਰੀ ਸ਼ਾਹਾਨਾ ਜ਼ਿਆਫ਼ਤ ਕਰੇਗਾ। ਭੇਡ ਦੇ ਗੋਸ਼ਤ ਤੇ ਵਧੀਆ ਤੋਂ ਵਧੀਆ 'ਏਰਾਨ' * ਨਾਲ ਢਿਡ ਭਰ ਜਾਏਗਾ ਤੇਰਾ।"

"ਪਰਵਾਹ ਨਾ ਕਰੋ," ਅਲਦਾਰ-ਕੋਸੇ ਨੇ ਜਵਾਬ ਦਿਤਾ, "ਵੇਖ ਲਵਾਂਗੇ।"

---

* **ਏਰਾਨ** — ਖਮੀਰੇ ਕੀਤੇ ਦੁਧ ਤੋਂ ਬਣਾਈ ਪੀਣ ਦੀ ਇਕ ਚੀਜ਼ — **ਅਨੁ:**

ਉਹ ਸ਼ਿਗਾਏ-ਬੇ ਦਾ 'ਯੁਰਤਾ' ਲਭਦਾ, ਸਤੈਪੀ ਵਿਚ ਕਿੰਨੇ ਹੀ ਦਿਨ ਘੋੜਾ ਦੁੜਾਂਦਾ ਫਿਰਿਆ, ਪਰ ਜਿਥੇ ਕਿਤੇ ਵੀ ਉਹ ਗਿਆ, ਉਹਨੂੰ ਦਸਿਆ ਗਿਆ:

"ਸ਼ਿਗਾਏ-ਬੇ ਨੂੰ ਏਥੇ ਨਾ ਲਭਦਾ ਫਿਰ। ਉਹ ਸਾਡੇ ਸਭ ਤੋਂ ਲਾਂਭੇ, ਕਿਤੇ ਬਹੁਤ ਦੂਰ ਚਲਾ ਗਿਐ।"

ਅਲਦਾਰ-ਕੋਸੇ ਲਈ ਘੋੜੇ ਨੂੰ ਅਗੇ ਲਿਜਾਈ ਜਾਣ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ ਸੀ। ਅਖ਼ੀਰ ਉਹਨੂੰ ਸਤੈਪੀ ਵਿਚ ਖਲੋਤਾ ਇਕ ਕਲ-ਮਕੱਲਾ 'ਯੁਰਤਾ' ਦਿਸ ਪਿਆ। ਉਹਦੇ ਚੌਹਾਂ ਪਾਸੇ ਸੰਘਣੇ ਸਰੂਟ ਸਨ।

"ਸ਼ਿਗਾਏ-ਬੇ ਸਰੂਟਾਂ ਵਿਚਾਲੇ ਕਿਸੇ ਗੱਲੇ ਈ ਆ ਵਸਿਆ ਹੋਇਐ," ਅਲਦਾਰ-ਕੋਸੇ ਆਪਣੇ ਆਪ ਨੂੰ ਕਹਿਣ ਲਗਾ।

ਤੇ, ਸਚੀ ਗਲ ਇਹ ਸੀ ਕਿ ਉਹ ਠੀਕ ਹੀ ਕਹਿ ਰਿਹਾ ਸੀ; ਇੰਜ ਇਸ ਲਈ ਕੀਤਾ ਗਿਆ ਸੀ ਕਿ ਜੇ ਕੋਈ ਓਪਰਾ ਆਦਮੀ ਨੇੜੇ ਆ ਰਿਹਾ ਹੋਵੇ ਤਾਂ ਘਰ ਦੇ ਮਾਲਕ ਤੇ ਉਹਦੇ ਟੱਬਰ ਨੂੰ ਪਹਿਲੋਂ ਹੀ ਪਤਾ ਲਗ ਜਾਵੇ। ਸਰੂਟਾਂ ਦੀ ਸਰ-ਸਰ ਨਾਲ ਉਹਨਾਂ ਨੂੰ ਆਉਣ ਵਾਲੇ ਦੀ ਖ਼ਬਰ ਹੋ ਜਾਂਦੀ ਸੀ, ਤੇ ਫੇਰ ਉਹ ਘਰ ਦੀਆਂ ਖਾਣ-ਪੀਣ ਦੀਆਂ ਸਭੋ ਚੀਜ਼ਾਂ ਲੁਕਾ ਦੇਂਦੇ ਸਨ, ਤਾਂ ਜੁ ਆਉਣ ਵਾਲੇ ਨੂੰ ਖੁਆਣਾ-ਪਿਆਣਾ ਨਾ ਪਵੇ।

ਹੁਸ਼ਿਆਰ ਅਲਦਾਰ-ਕੋਸੇ ਨੇ ਇਹ ਚਲਾਕੀ ਇਕਦਮ ਹੀ ਬੁਝ ਲਈ, ਤੇ ਉਹ ਕੋਈ ਢੰਗ ਸੋਚਣ ਲਗਾ, ਜਿਸ ਨਾਲ ਉਹ ਸਰੂਟਾਂ ਵਿਚੋਂ ਖੜਾਕ ਕੀਤੇ ਬਿਨਾਂ ਲੰਘ ਜਾਏ ਤੇ ਸੁਣਾਈ ਦਿਤੇ ਬਿਨਾਂ ਸ਼ਿਗਾਏ-ਬੇ ਦੇ 'ਯੁਰਤੇ' ਪਹੁੰਚ ਪਵੇ।

ਪਰ ਭਾਵੇਂ ਉਹਨੇ ਕਿੰਨਾ ਹੀ ਸੋਚਿਆ, ਉਹਨੂੰ ਕੋਈ ਇਹੋ ਜਿਹਾ ਢੰਗ ਨਾ ਸੁਝ ਸਕਿਆ। ਫੇਰ ਉਹਨੂੰ ਇਕ ਚਲਾਕੀ ਵਾਲੀ ਤਰਕੀਬ ਅਹੁੜੀ।

ਆਪਣੇ ਘੋੜੇ ਨੂੰ ਇਕ ਪਾਸੇ ਲਿਜਾ, ਉਹ ਛੋਟੇ-ਛੋਟੇ ਪਥਰ ਤੇ ਗੀਟੇ ਇੱਕਠੇ ਕਰਨ ਲਗ ਪਿਆ, ਤੇ ਜਿੰਨਾ ਚਿਰ ਉਹਨੇ ਬਹੁਤ ਸਾਰੇ ਇਕੱਠੇ ਨਾ ਕਰ ਲਏ, ਓਨਾ ਚਿਰ ਉਹ ਨਾ ਅਟਕਿਆ। ਇਸ ਪਿਛੋਂ ਉਹ ਹਨੇਰਾ ਪੈਣ ਦੀ ਉਡੀਕ ਕਰਨ ਲਗਾ ਤੇ ਫੇਰ ਪੱਥਰਾਂ ਨੂੰ ਇਕ-ਇਕ ਕਰਕੇ ਸਰੂਟਾਂ ਵਿਚ ਸੁੱਟਣ ਲਗ ਪਿਆ।

ਉਹਨੇ ਇਕ ਪੱਥਰ ਸੁਟਿਆ ਤੇ ਸਰੂਟ ਝੂਲਣ ਤੇ ਸਰਸਰਾਣ ਲਗੇ। ਸ਼ਿਗਾਏ-ਬੇ ਛੇਤੀ ਨਾਲ 'ਯੁਰਤੇ' ਵਿਚੋਂ ਨਿਕਲਿਆ। ਉਹਨੇ ਆਪਣੇ ਦੁਆਲੇ ਵੇਖਿਆ ਤੇ ਇਕ ਪਲ ਕੰਨ ਲਾਈ ਰਖੇ।

"ਕੌਣ ਏਂ?" ਉਹਨੇ ਆਵਾਜ਼ ਦਿਤੀ।

ਕਿਸੇ ਨੇ ਵੀ ਜਵਾਬ ਨਾ ਦਿਤਾ, ਤੇ ਸ਼ਿਗਾਏ-ਬੇ ਵਾਪਸ ਆਪਣੇ 'ਯੁਰਤੇ' ਵਿਚ ਚਲਾ ਗਿਆ।

ਫੇਰ ਅਲਦਾਰ-ਕੋਸੇ ਨੇ ਇਕ ਪੱਥਰ ਹੋਰ ਸੁਟਿਆ। ਸਰੂਟ ਪਹਿਲਾਂ ਵਾਂਗ ਹੀ ਸਰਸਰਾਏ, ਤੇ ਸ਼ਿਗਾਏ-ਬੇ ਫੇਰ 'ਯੁਰਤੇ' ਵਿਚੋਂ ਬਾਹਰ ਭੱਜਾ ਆਇਆ। ਉਹਨੇ ਆਪਣੇ ਚੌਹਾਂ ਪਾਸੇ ਵੇਖਿਆ, ਪਰ ਉਹਨੂੰ ਕੋਈ ਵੀ ਨਾ ਦਿਸਿਆ।

"ਜ਼ਰੂਰ ਹਵਾ ਸਰੂਟਾਂ ਨੂੰ ਹਿਲਾ ਰਹੀ ਹੋਣੀ ਏਂ," ਸ਼ਿਗਾਏ-ਬੇ ਨੇ ਆਪਣੇ ਆਪ ਨੂੰ ਆਖਿਆ, ਤੇ ਉਹਨੇ 'ਯੁਰਤੇ' ਵਿਚੋਂ ਬਾਹਰ ਭੱਜਾ ਆਉਣਾ ਛਡ ਦਿਤਾ।

ਅਲਦਾਰ-ਕੋਸੇ ਇਸੇ ਵੇਲੇ ਦੀ ਹੀ ਉਡੀਕ ਕਰ ਰਿਹਾ ਸੀ। ਉਹਨੇ ਆਪਣੇ ਘੋੜੇ ਨੂੰ ਲਗਾਮ ਤੋਂ ਫੜਿਆ ਤੇ ਸਰੂਟਾਂ ਵਿਚੋਂ ਚੋਰੀ-ਚੋਰੀ ਕੰਜੂਸ ਦੇ 'ਯੁਰਤੇ' ਤਕ ਪਹੁੰਚਣ ਲਗਾ। ਉਹ ਇਕ ਪੈਰ ਪੁਟਦਾ, ਅਟਕ ਜਾਂਦਾ ਤੇ ਕੁਝ ਚਿਰ ਉਡੀਕਦਾ, ਫੇਰ ਇਕ ਹੋਰ ਪੈਰ ਪੁਟਦਾ ਤੇ ਫੇਰ ਅਟਕ ਜਾਂਦਾ ਤੇ ਮੁੜ ਉਡੀਕਣ ਲਗਦਾ।

ਇਸ ਤਰ੍ਹਾਂ ਉਹ 'ਯੁਰਤੇ' ਦੇ ਬੂਹੇ ਤਕ ਪਹੁੰਚਣ ਵਿਚ ਕਾਮਯਾਬ ਹੋ ਗਿਆ।

ਉਹਨੇ ਮੋਟੇ ਨਮਦੇ ਦੀ ਚਿਕ ਚੁੱਕੀ ਤੇ ਅੰਦਰ ਝਾਤੀ ਮਾਰੀ। 'ਯੁਰਤਾ' ਹਰ ਤਰ੍ਹਾਂ ਦੀਆਂ ਚੀਜ਼ਾਂ ਨਾਲ ਤੂੜਿਆ ਪਿਆ ਸੀ: ਹਰ ਥਾਂ ਗਲੀਚੇ ਤੇ ਗੱਦੇ ਪਏ ਸਨ, ਤੇ ਭਾਰੀਆਂ ਚਾਦਰਾਂ ਵਾਲੇ ਗੱਲੇ ਇਕ ਦੂਜੇ ਉਤੇ ਰਖੇ ਹੋਏ ਸਨ। ਤੇ ਫ਼ਰਸ਼ ਦੇ ਅਧ-ਵਿਚਕਾਰ, ਚੁਲ੍ਹੇ ਕੋਲ, ਸ਼ਿਗਾਏ-ਬੇ ਆਪਣੇ ਟੱਬਰ ਨਾਲ ਬੈਠਾ ਸੀ। ਅਗ ਉਤੇ ਟੰਗੀ ਪਈ ਇਕ ਵਡੀ ਸਾਰੀ ਹਾਂਢੀ ਵਿਚ ਭੇਡ ਦਾ ਗੋਸ਼ਤ ਉਬਲ ਰਿਹਾ ਸੀ, ਤੇ ਸ਼ਿਗਾਏ-ਬੇ ਉਹਨੂੰ ਵੇਖ ਰਿਹਾ ਸੀ ਤੇ ਕਦੀ-ਕਦੀ ਚਖ ਕੇ ਤਕ ਰਿਹਾ ਸੀ, ਉਹ ਚੜ੍ਹ ਗਿਆ ਸੀ ਜਾਂ ਨਹੀਂ। ਨਾਲੋ-ਨਾਲ ਹੀ ਉਹ ਇਕ ਆਂਦਰ ਵਿਚ ਕੀਮਾ ਭਰਦਾ, ਸਾਸੇਜ ਬਣਾ ਰਿਹਾ ਸੀ, ਸ਼ਿਗਾਏ-ਬੇ ਦੀ ਵਹੁਟੀ ਆਟਾ ਗੁੰਨ ਰਹੀ ਸੀ, ਉਹਦੀ ਧੀ ਇਕ ਮੱਘ ਦੇ ਖੰਭ ਲਾਹ ਰਹੀ ਸੀ, ਤੇ ਉਹਦਾ ਨੌਕਰ ਅਗ ਉਤੇ ਭੇਡ ਦਾ ਸਿਰ ਭੁੰਨ ਰਿਹਾ ਸੀ।

ਓਸੇ ਪਲ ਅਲਦਾਰ-ਕੋਸੇ ਅਚਣਚੇਤ ਹੀ ਅੰਦਰ ਵੜ ਆਇਆ।

"ਸ਼ੁਭ ਸ਼ਾਮ," ਉਹਨੇ ਆਖਿਆ।

ਓਸੇ ਹੀ ਬਿੰਦ ਸ਼ਿਗਾਏ-ਬੇ ਨੇ ਭਾਂਡੇ ਦਾ ਢੱਕਣ ਠਾਹ ਕਰ ਕੇ ਬੰਦ ਕਰ ਦਿਤਾ ਤੇ ਘੜੰਮ ਕਰਦਾ ਸਾਸੇਜ ਉਤੇ ਜਾ ਪਿਆ, ਉਹਦੀ ਵਹੁਟੀ ਆਟੇ ਉਤੇ ਬਹਿ ਗਈ, ਉਹਦੀ ਧੀ ਨੇ ਮੱਘ ਨੂੰ ਆਪਣੀ ਸਕਰਟ ਦੀ ਕੰਨੀ ਨਾਲ ਕਜ ਲਿਆ, ਤੇ ਉਹਦੇ ਨੌਕਰ ਨੇ ਭੇਡ ਦਾ ਸਿਰ ਪਿਠ ਪਿਛੇ ਲੁਕਾ ਲਿਆ।

ਸ਼ਿਗਾਏ-ਬੇ ਨੇ ਅਲਦਾਰ-ਕੋਸੇ ਨੂੰ ਸਲਾਮ ਆਖੀ ਤੇ ਫੇਰ ਉਹਨੂੰ ਕਹਿਣ ਲਗਾ:

"ਸੁਣਾ ਫੇਰ, ਸਤੈਪੀ ਦੀਆਂ ਕੀ ਖ਼ਬਰਾਂ ਨੇ?"

"ਸਤੈਪੀ 'ਚ ਸੁਆਦ ਦੇਣ ਵਾਲਾ ਏਨਾ ਕੁਝ ਏ ਤੇ ਬੁੱਝਣ-ਪੁੱਛਣ ਵਾਲਾ ਏਨਾ ਕੁਝ ਕਿ ਉਹਦੀ ਤੈਨੂੰ ਗਲ ਸੁਣਾਂਦਿਆਂ ਬਹੁਤ ਚਿਰ ਲਗ ਜਾਏਗਾ।"

"ਜੇ ਤੂੰ ਮੈਨੂੰ ਸਾਰਾ ਕੁਝ ਨਹੀਂ ਸੁਣਾ ਸਕਦਾ, ਤਾਂ ਘਟੋ-ਘਟ ਮੈਨੂੰ ਕੁਝ ਤਾਂ ਸੁਣਾ।"

"ਹੱਛਾ, ਜਦੋਂ ਮੈਂ ਤੇਰੇ 'ਯੁਰਤੇ' ਵਲ ਆ ਰਿਹਾ ਸਾਂ, ਮੈਂ ਇਕ ਵਡਾ ਸਾਰਾ, ਮੋਟਾ ਸਪ ਰੀਂਗਦਾ ਜਾਂਦਾ ਤਕਿਆ, ਉਹ ਉਸ ਸਾਸੇਜ ਨਾਲੋਂ ਵੀ ਵਡਾ ਸੀ, ਜਿਸ 'ਤੇ ਤੂੰ ਬੈਠ ਗਿਆ ਸੈਂ, ਜਦੋਂ ਮੈਂ ਅੰਦਰ ਵੜਿਆ ਸਾਂ।"

ਸ਼ਿਗਾਏ-ਬੇ ਨੇ ਮੂੰਹ ਭੈੜਾ ਬਣਾ ਲਿਆ, ਪਰ ਆਖਿਆ ਕੁਝ ਨਾ, ਤੇ ਅਲਦਾਰ-ਕੋਸੇ ਬੋਲਦਾ ਗਿਆ।

"ਬੇ, ਅਤਬਾਰ ਆ ਜਾਈਗਾ," ਉਹਨੇ ਕਿਹਾ "ਜੇ ਮੈਂ ਤੈਨੂੰ ਦੱਸਾਂ ਕਿ ਇਸ ਸਪ ਦਾ ਸਿਰ ਏਨਾ ਵਡਾ ਤੇ ਕਾਲਾ-ਕਾਲਾ ਸੀ, ਜਿੱਡਾ ਉਹ ਭੇਡ ਦਾ ਸਿਰ, ਜਿਹੜਾ ਤੇਰਾ ਨੌਕਰ ਹੁਣੇ ਈ ਅਗੇ 'ਤੇ ਭੁੰਨ ਰਿਹਾ ਸੀ ਤੇ ਜਿਹੜਾ ਉਹਨੇ ਪਿਠ ਪਿਛੇ ਲੁਕਾ ਲਿਆ ਸੀ?"

ਸ਼ਿਗਾਏ-ਬੇ ਨੇ ਫੇਰ ਭੈੜਾ ਮੂੰਹ ਬਣਾ ਲਿਆ, ਪਰ ਕਿਹਾ ਕੁਝ ਨਾ, ਤੇ ਚਲਾਕ ਅਲਦਾਰ-ਕੋਸੇ ਆਪਣੀ ਕਹਾਣੀ ਸੁਣਾਂਦਾ ਗਿਆ:

"ਇਹ ਸਪ ਰੀਂਗ ਰਿਹਾ ਤੇ ਸ਼ੂਕ ਰਿਹਾ ਸੀ, ਉਸ ਹਾਂਢੀ ਵਾਂਗੂ, ਜਿਦ੍ਹੇ 'ਚ ਤੇਰਾ ਗੋਸ਼ਤ ਚੜ੍ਹ ਰਿਹੈ। ਮੈਂ ਘੋੜੇ ਤੋਂ ਛਾਲ ਕਢ ਮਾਰੀ, ਇਕ ਭਾਰਾ ਪੱਥਰ ਚੁਕਿਆ ਤੇ ਪੂਰਾ ਜ਼ੋਰ ਲਾ ਸਪ ਨੂੰ ਦੇ ਮਾਰਿਆ। ਉਹਦੀ ਸਿਰੀ ਫਿਸ ਗਈ ਤੇ ਉਸ ਗੁੰਜੇ ਹੋਏ ਆਟੇ ਵਾਂਗ ਜਾਪਣ ਲਗੀ, ਜਿਸ 'ਤੇ ਤੇਰੀ ਵਹੁਟੀ ਬੈਠੀ ਹੋਈ ਏ। ਸਤੈਪੀ 'ਚ ਮੈਂ ਇਹੋ-ਇਹੋ ਜਿਹੀਆਂ ਕਮਾਲ ਦੀਆਂ ਚੀਜ਼ਾਂ ਵੇਖੀਆਂ। ਜੇ ਮੈਂ ਝੂਠ ਬੋਲਿਆ ਹੋਵੇ, ਤਾਂ ਰਬ

ਕਹੇ ਮੇਰਾ ਵੀ ਉਹੀਓ ਹਾਲ ਹੋਵੇ ਜਿਹੜਾ ਉਸ ਮੱਘ ਦਾ ਹੋਇਐ, ਜਿਦ੍ਹੇ ਤੇਰੀ ਧੀ ਨੇ ਹੁਣੇ-ਹੁਣੇ ਖੰਬ ਪੁੱਟੇ ਨੇ।"

ਸ਼ਿਗਾਏ-ਬੇ ਨੂੰ ਝੁਣਝਣੀ ਛਿੜ ਗਈ, ਉਹ ਬਹੁਤ ਹੀ ਖਿਝ ਗਿਆ, ਪਰ ਉਹਨੇ ਇਕ ਲਫ਼ਜ਼ ਵੀ ਨਾ ਆਖਿਆ, ਤੇ ਨਾ ਹੀ ਉਹਨੇ ਖਾਣ ਨੂੰ ਕੁਝ ਅਲਦਾਰ-ਕੋਸੇ ਅਗੇ ਰਖਿਆ।

ਅਲਦਾਰ-ਕੋਸੇ ਤੇ ਸ਼ਿਗਾਏ-ਬੇ ਬੈਠੇ ਦੇਰ ਤਕ ਗੱਲਾਂ ਕਰਦੇ ਰਹੇ, ਤੇ ਮਾਸ ਹਾਂਢੀ ਵਿਚ ਉਬਲਦਾ ਤੇ ਸੁਰ-ਸੁਰ ਕਰਦਾ ਰਿਹਾ, ਇਕ ਸੁਆਦਲੀ ਹੁਆੜ 'ਯੁਰਤੇ' ਵਿਚ ਭਰ ਗਈ।

ਅਲਦਾਰ-ਕੋਸੇ ਨੂੰ ਰਾਹ ਵਿਚ ਚੋਖਾ ਚਿਰ ਲਗਾ ਸੀ, ਤੇ ਉਹਨੂੰ ਭੁਖ ਲਗੀ ਹੋਈ ਸੀ, ਤੇ ਉਹ ਲਲਚਾਂਦੇ ਦਿਲ ਨਾਲ, ਹਾਂਢੀ ਵਲ ਤਕਦਾ ਰਿਹਾ। ਸ਼ਿਗਾਏ-ਬੇ ਨੇ ਉਹਨੂੰ ਇੰਜ ਕਰਦਿਆਂ ਵੇਖ ਲਿਆ ਤੇ ਬੋਲਿਆ:

"ਉਬਲਦੀ ਰਹੋ, ਮੇਰੀਏ ਹਾਂਢੀਏ, ਅੱਧਾ ਸਾਲ ਉਬਲਦੀ ਰਹੋ!"

ਇਹ ਸੁਣ, ਅਲਦਾਰ-ਕੋਸੇ ਨੇ ਛੇਤੀ ਨਾਲ ਆਪਣੇ ਬੂਟ ਲਾਹੇ, ਲੰਮਾ ਪੈ ਗਿਆ, ਉਹਨੇ ਉਬਾਸੀ ਲਈ ਤੇ ਬੋਲ ਪਿਆ:

"ਆਰਾਮ ਕਰੋ, ਮੇਰੇ ਬੂਟੋ, ਦੋ ਸਾਲ ਆਰਾਮ ਕਰੋ!"

ਇਹ ਵੇਖ ਕਿ ਉਹਦੇ ਪ੍ਰਾਹੁਣੇ ਦੀ ਜਾਣ ਦੀ ਨੀਅਤ ਨਹੀਂ ਸੀ, ਸ਼ਿਗਾਏ-ਬੇ ਨੇ ਆਪ ਰੋਟੀ ਖਾਧੇ ਬਿਨਾਂ ਹੀ ਸੌਂ ਜਾਣ ਦਾ ਫ਼ੈਸਲਾ ਕੀਤਾ।

ਫੇਰ ਗੋਸ਼ਤ ਵਾਲੀ ਹਾਂਢੀ ਨੂੰ ਤਿਪਾਈ ਉਤੇ ਛਡ, ਹਰ ਕੋਈ ਗਲੀਚੇ ਉਤੇ ਲੇਟ ਗਿਆ।

"ਜਿਵੇਂ ਈ ਅਲਦਾਰ-ਕੋਸੇ ਸੌਂ ਜਾਂਦੈ," ਸ਼ਿਗਾਏ-ਬੇ ਨੇ ਦਿਲ ਵਿਚ ਸੋਚਿਆ, "ਮੈਂ ਟੱਬਰ ਨੂੰ ਜਗਾ ਲਵਾਂਗਾ, ਤੇ ਅਸੀਂ ਕੁਝ ਗੋਸ਼ਤ ਖਾ ਲਾਂਗੇ।"

"ਜਿਵੇਂ ਈ ਸ਼ਿਗਾਏ-ਬੇ ਸੌਂ ਜਾਂਦੈ," ਅਲਦਾਰ-ਕੋਸੇ ਨੇ ਦਿਲ ਵਿਚ ਸੋਚਿਆ, "ਮੈਂ ਢਿਡ ਭਰ ਕੇ ਖਾਵਾਂਗਾ। ਜਦੋਂ ਹਾਂਢੀ 'ਚ ਗੋਸ਼ਤ ਚੜ੍ਹਿਆ ਪਿਆ ਹੋਵੇ, ਭੁੱਖਾ ਮੈਂ ਕਿਉਂ ਰਹਾਂ!"

ਦੋਵਾਂ ਵਿਚੋਂ ਪਹਿਲੋਂ ਨੀਂਦਰ ਸ਼ਿਗਾਏ-ਬੇ ਨੂੰ ਆਈ। ਉਹ ਕੁਝ ਚਿਰ ਲੇਟਿਆ ਰਿਹਾ, ਤੇ ਫੇਰ ਉਹਦੀਆਂ ਅੱਖਾਂ ਮੀਟੀਆਂ ਗਈਆਂ ਤੇ 'ਯੁਰਤਾ' ਉਹਦੇ ਘੁਰਾੜਿਆਂ ਨਾਲ ਭਰ ਗਿਆ।

ਅਲਦਾਰ-ਕੋਸੇ ਉਠਿਆ, ਉਹਨੇ ਹਾਂਢੀ ਵਿਚੋਂ ਗੋਸ਼ਤ ਕਢਿਆ, ਉਹਨੂੰ ਖਾ ਲਿਆ ਤੇ ਫੇਰ ਉਹਨੇ ਹਾਂਢੀ ਵਿਚ ਸ਼ਿਗਾਏ-ਬੇ ਦੇ ਪੁਰਾਣੇ ਬੂਟ ਸੁਟ ਦਿਤੇ। ਇਸ ਪਿਛੋਂ ਉਹਨੇ ਹਾਂਢੀ ਬੰਦ ਕਰ ਦਿਤੀ, ਫੇਰ ਲੇਟ ਗਿਆ ਤੇ ਇਹ ਵੇਖਣ ਲਈ ਉਡੀਕਣ ਲਗਾ, ਕੀ ਹੁੰਦਾ ਏ।

ਕੁਝ ਚਿਰ ਪਿਛੋਂ ਸ਼ਿਗਾਏ-ਬੇ ਜਾਗ ਪਿਆ, ਉਹਨੇ ਪਲ ਕੁ ਲਈ ਕੰਨ ਲਾਏ, ਅਲਦਾਰ-ਕੋਸੇ ਵਲ ਵੇਖਿਆ, ਤੇ ਇਹ ਸੋਚ ਕਿ ਉਹ ਸੁੱਤਾ ਹੋਇਆ ਏ, ਉਹਨੇ ਅਛੋਪਲੇ ਹੀ ਆਪਣੀ ਵਹੁਟੀ ਤੇ ਧੀ ਨੂੰ ਜਗਾਇਆ।

"ਜਾਗੋ, ਜਾਗ ਪਵੋ ਹੁਣ!" ਉਹ ਕਹਿਣ ਲਗਾ। "ਜਦੋਂ ਅਲਦਾਰ-ਕੋਸੇ ਸੁੱਤਾ ਹੋਇਐ, ਕੁਝ ਗੋਸ਼ਤ ਖਾ ਲਈਏ ਅਸੀਂ।"

ਸ਼ਿਗਾਏ-ਬੇ ਨੇ ਢੱਕਣ ਚੁਕਿਆ, ਆਪਣੇ ਬੂਟ ਕੱਢੇ ਤੇ ਉਹਨਾਂ ਨੂੰ ਛੁਰੀ ਨਾਲ ਕਟ ਲਿਆ। ਉਹ ਖਾਣ ਲਗ ਪਏ, ਚਬਦੇ ਗਏ ਤੇ ਚਬਦੇ ਗਏ, ਪਰ ਉਹਨਾਂ ਤੋਂ ਟੁਕੜੇ ਤੋੜੇ ਨਾ ਗਏ। ਕੀ ਗਲ ਸੀ, ਗੋਸ਼ਤ ਏਨਾ ਸਖ਼ਤ ਕਿਉਂ ਸੀ?

"ਇਹ ਸਭ ਓਸ ਨਿਕੰਮੇ ਅਲਦਾਰ-ਕੋਸੇ ਦਾ ਕਸੂਰ ਏ," ਸ਼ਿਗਾਏ-ਬੇ ਨੇ ਆਪਣੀ ਵਹੁਟੀ ਨੂੰ ਆਖਿਆ।

''ਉਹਦੇ ਕਰ ਕੇ ਈ ਗੋਸ਼ਤ ਏਨਾ ਸਖ਼ਤ ਹੋ ਗਿਐ। ਪਰ, ਕੋਈ ਗਲ ਨਹੀਂ। ਜਦੋਂ ਉਹ ਚਲਾ ਜਾਏਗਾ, ਇਹਨੂੰ ਓਦੋਂ ਤਕ ਪਕਾਵਾਂਗੇ, ਜਦੋਂ ਤਕ ਨਰਮ ਨਹੀਂ ਹੋ ਜਾਂਦਾ ਤੇ ਫੇਰ ਖਾਵਾਂਗੇ। ਤੇ ਹੁਣ ਬੋਟੀਆਂ ਨੂੰ ਲਵੋ ਤੇ ਵਾਪਸ ਹਾਂਡੀ 'ਚ ਪਾ ਦਿਓ।''

ਸ਼ਿਗਾਏ–ਬੇ ਦੀ ਵਹੁਟੀ ਨੇ ਚਮੜੇ ਦੇ ਟੁਕੜੇ ਇਕੱਠੇ ਕਰ ਲਏ ਤੇ ਉਹਨਾਂ ਨੂੰ ਹਾਂਡੀ ਵਿਚ ਪਾ ਦਿਤਾ। ਉਸ ਪਿਛੋਂ ਸ਼ਿਗਾਏ–ਬੇ ਨੇ ਉਹਨੂੰ ਆਖਿਆ, ਅਗ ਬਾਲੇ ਤੇ ਉਹਨੂੰ ਕਲ ਵਾਲੇ ਆਟੇ ਦੀਆਂ ਕੁਝ ਟਿੱਕੀਆਂ ਬਣਾ ਦੇਵੇ।

ਜਦੋਂ ਟਿੱਕੀਆਂ ਤਿਆਰ ਹੋ ਗਈਆਂ, ਸ਼ਿਗਾਏ–ਬੇ ਨੇ, ਉਹਨਾਂ ਦੇ ਠੰਡੇ ਹੋਣ ਦੀ ਉਡੀਕ ਕੀਤੇ ਬਿਨਾਂ, ਛੇਤੀ ਨਾਲ ਆਪਣੀ ਕਛ ਵਿਚ ਪਾਣ ਦੀ ਕੀਤੀ ਤੇ ਆਪਣੇ ਇੱਜੜ ਉਤੇ ਇਕ ਨਜ਼ਰ ਮਾਰਨ ਲਈ ਬਾਹਰ ਸਤੈਪੀ ਵਿਚ ਨਿਕਲ ਗਿਆ।

ਉਹ 'ਯੁਰਤੇ' ਵਿਚੋਂ ਨਿਕਲਿਆ ਹੀ ਸੀ ਕਿ ਅਲਦਾਰ–ਕੋਸੇ ਉਹਦੇ ਮਗਰ–ਮਗਰ ਹੋ ਪਿਆ। ਉਹ ਭੱਜਾ–ਭੱਜਾ ਉਹਦੇ ਕੋਲ ਪਹੁੰਚਿਆ ਤੇ ਕਹਿਣ ਲਗਾ:

''ਵਾਹ, ਸ਼ਿਗਾਏ–ਬੇ, ਕਿੱਡੀ ਚੰਗੀ ਗਲ ਏ, ਮੈਂ ਜਾਗ ਪਿਆ, ਨਹੀਂ ਤਾਂ ਤੇਰੇ ਤੋਂ ਰੁਖ਼ਸਤ ਹੋਏ ਬਿਨਾਂ ਈ ਜਾਣਾ ਪੈਣਾ ਸੀ ਮੈਨੂੰ। ਮੈਂ ਅਜ ਘਰ ਜਾ ਰਿਹਾਂ।''

ਉਹਨੇ ਬਾਹਵਾਂ ਸ਼ਿਗਾਏ–ਬੇ ਦੇ ਗਲ ਵਿਚ ਪਾ ਲਈਆਂ ਤੇ ਉਹਨੂੰ ਆਪਣੇ ਨਾਲ ਘੁਟਿਆ, ਤੇ ਗਰਮ–ਗਰਮ ਟਿੱਕੀਆਂ ਨੇ ਕੰਜੂਸ ਨੂੰ ਲੂਹ ਛਡਿਆ। ਪਹਿਲੋਂ ਪਹਿਲ ਤਾਂ ਸ਼ਿਗਾਏ–ਬੇ ਨੇ ਪੀੜ ਸਹਾਰ ਲਈ, ਪਰ ਫੇਰ ਜਦੋਂ ਉਹਦੇ ਤੋਂ ਹੋਰ ਨਾ ਸਹਾਰੀ ਗਈ, ਉਹ ਕੂਕ ਉਠਿਆ:

''ਉਹ! ਉਹ! ਮੈਨੂੰ ਸਾੜਦੀਆਂ ਪਈਆਂ ਨੇ! ਮੈਨੂੰ ਸਾੜਦੀਆਂ ਪਈਆਂ ਨੇ!''

ਤੇ ਉਹਨਾਂ ਨੂੰ ਕਛ ਵਿਚੋਂ ਕਢਦਿਆਂ ਉਹ ਕੂਕਿਆ:

''ਕੁੱਤੇ ਪਏ ਖਾਣ ਨੇ!''

''ਛਡ ਵੀ, ਸ਼ਿਗਾਏ–ਬੇ,'' ਅਲਦਾਰ–ਕੋਸੇ ਨੇ ਆਖਿਆ, ''ਆਪਣੇ ਕੁਤਿਆਂ ਨੂੰ ਗਰਮ–ਗਰਮ ਟਿੱਕੀਆਂ ਕਿਉਂ ਖੁਆਏਂ! ਕੁਝ ਮੈਨੂੰ ਈ ਖੁਆ ਦੇ ਖਾਂ!''

ਤੇ ਉਹਨੇ ਟਿੱਕੀਆਂ ਫੜ ਲਈਆਂ ਤੇ ਖਾ ਗਿਆ।

''ਤੇਰੀ ਵਹੁਟੀ ਟਿੱਕੀਆਂ ਬੜੀਆਂ ਸੁਹਣੀਆਂ ਬਣਾਂਦੀ ਏ, ਸ਼ਿਗਾਏ–ਬੇ,'' ਅਲਦਾਰ–ਕੋਸੇ ਨੇ ਆਖਿਆ। ''ਮੈਂ ਏਨੇ ਚਿਰ ਤੋਂ ਏਡੀਆਂ ਚੰਗੀਆਂ ਟਿੱਕੀਆਂ ਨਹੀਂ ਖਾਧੀਆਂ।''

ਸ਼ਿਗਾਏ–ਬੇ ਨੇ ਕੋਈ ਜਵਾਬ ਨਾ ਦਿਤਾ, ਤੇ ਭਾਵੇਂ ਭੁਖ ਉਹਨੂੰ ਲਗੀ ਹੋਈ ਸੀ, ਉਹ ਘੋੜੇ ਚੜ੍ਹ ਸਤੈਪੀ ਨੂੰ ਨਿਕਲ ਗਿਆ।

ਸ਼ਾਮੀਂ ਉਹ ਘਰ ਪਰਤਿਆ, ਤੇ ਉਹਨੇ ਕੀ ਵੇਖਿਆ! ਅਲਦਾਰ–ਕੋਸੇ ਉਹਦੇ 'ਯੁਰਤੇ' ਵਿਚ ਬੈਠਾ ਸੀ।

''ਮੈਥੋਂ ਰੁਖ਼ਸਤ ਨਹੀਂ ਸੈਂ ਹੋ ਗਿਐ? ਮੈਂ ਸੋਚਿਆ ਸੀ, ਤੂੰ ਜਾ ਰਿਹੈਂ,'' ਸ਼ਿਗਾਏ–ਬੇ ਨੇ ਆਖਿਆ।

''ਜਾ ਮੈਂ ਰਿਹਾ ਸਾਂ, ਪਰ ਫੇਰ ਮੈਂ ਖ਼ਿਆਲ ਬਦਲ ਲਿਆ,'' ਅਲਦਾਰ–ਕੋਸੇ ਨੇ ਜਵਾਬ ਦਿਤਾ। ''ਮੇਰਾ ਏਥੇ ਤੇਰੇ 'ਯੁਰਤੇ' 'ਚ ਬੜਾ ਦਿਲ ਲਗੈ।''

ਸ਼ਿਗਾਏ–ਬੇ ਨੇ ਖਿਝ ਨਾਲ ਘੂਰੀ ਵੱਟੀ, ਪਰ ਕੀਤਾ ਕੁਝ ਨਹੀਂ ਸੀ ਜਾ ਸਕਦਾ; ਉਹ ਆਪਣੇ ਪ੍ਰਾਹੁਣੇ ਨੂੰ ਘਰੋਂ ਬਾਹਰ ਨਹੀਂ ਸੀ ਕਢ ਸਕਦਾ।

ਅਗਲੀ ਸਵੇਰੇ ਸ਼ਿਗਾਏ–ਬੇ ਫੇਰ ਸਤੈਪੀ ਨੂੰ ਜਾਣ ਲਈ ਤਿਆਰ ਹੋਣ ਲਗਾ, ਤੇ ਉਹਨੇ ਆਪਣੀ ਵਹੁਟੀ ਨੂੰ ਆਖਿਆ :

"ਮੈਨੂੰ ਨਾਲ ਲੈ ਜਾਣ ਲਈ ਇਕ ਕੁੱਪਾ 'ਏਰਾਨ' ਦਾ ਦੇ–ਦੇ, ਪਰ ਵੇਖੀਂ ਅਲਦਾਰ–ਕੋਸੇ ਤੈਨੂੰ ਤਕ ਨਾ ਲਵੇ।"

ਸ਼ਿਗਾਏ–ਬੇ ਦੀ ਵਹੁਟੀ ਨੇ ਚਮੜੇ ਦਾ ਇਕ ਵਡਾ ਸਾਰਾ ਕੁੱਪਾ 'ਏਰਾਨ' ਨਾਲ ਭਰ ਦਿਤਾ, ਤੇ ਉਹਨੂੰ ਫੜਾ ਦਿਤਾ, ਤੇ ਸ਼ਿਗਾਏ–ਬੇ ਨੇ ਕੁੱਪੇ ਨੂੰ ਆਪਣੇ ਚੋਲੇ ਦੇ ਪਲਤੇ ਹੇਠ ਲੁਕਾ ਲਿਆ ਤੇ 'ਯੁਰਤੇ' ਤੋਂ ਬਾਹਰ ਨਿਕਲ ਆਇਆ।

"ਐਤਕੀਂ ਸਭ ਕੁਝ ਠੀਕ–ਠਾਕ ਰਹੇਗਾ," ਉਹਨੇ ਦਿਲ 'ਚ ਆਖਿਆ।

ਪਰ ਹੋਣਾ ਇੰਜ ਨਹੀਂ ਸੀ। ਇਸ ਲਈ ਕਿ ਅਲਦਾਰ–ਕੋਸੇ ਇਕਦਮ ਹੀ ਬਾਹਰ ਭੱਜਾ–ਭੱਜਾ ਆਇਆ ਤੇ ਉਹਨੇ ਉਹਦੇ ਗਲ ਬਾਹਵਾਂ ਪਾ ਲਈਆਂ। ਉਹਨੇ ਸ਼ਿਗਾਏ–ਬੇ ਨੂੰ ਏਨਾ ਜ਼ੋਰ ਦਾ ਘੁਟਿਆ ਕਿ 'ਏਰਾਨ' ਦਾ ਕੁੱਪਾ ਉਲਟ ਗਿਆ, ਤੇ 'ਏਰਾਨ' ਸ਼ਿਗਾਏ–ਬੇ ਦੇ ਚੋਲੇ ਉਤੇ ਡੁਲ ਗਈ।

ਗੁੱਸੇ ਨਾਲ ਪਾਗਲ ਹੋ, ਸ਼ਿਗਾਏ–ਬੇ ਨੇ ਕੁੱਪਾ ਫੜ ਲਿਆ, ਉਹਨੂੰ ਅਲਦਾਰ–ਕੋਸੇ ਦੇ ਹੱਥਾਂ ਵਿਚ ਧਕ ਦਿਤਾ ਤੇ ਕੂਕ ਉਠਿਆ :

"ਪੀ ਲੈ! ਪੀ ਲੈ!"

"ਪੀ ਲੈਨਾਂ, ਮੈਨੂੰ ਤੂੰ ਕਹਿ ਜੁ ਰਿਹੈਂ," ਅਲਦਾਰ–ਕੋਸੇ ਨੇ ਜਵਾਬ ਦਿਤਾ। "ਮੈਂ ਨਾਂਹ ਕਰ ਕੇ ਤੈਨੂੰ ਗੁੱਸੇ ਨਹੀਂ ਕਰਨਾ ਚਾਹੁੰਦਾ।"

ਤੇ ਉਹ ਸਾਰੀ ਦੀ ਸਾਰੀ 'ਏਰਾਨ' ਪੀ ਗਿਆ।

ਇਕ ਵਾਰੀ ਫੇਰ ਸ਼ਿਗਾਏ–ਬੇ ਸਤੈਪੀ ਨੂੰ ਭੁੱਖਮ–ਭਾਣਾ ਗਿਆ, ਤੇ ਚਲਾਕ ਅਲਦਾਰ–ਕੋਸੇ 'ਯੁਰਤੇ' ਵਿਚ ਆ ਗਿਆ ਤੇ ਉਹਦੀ ਵਹੁਟੀ ਤੇ ਧੀ ਨਾਲ ਗੱਲਾਂ ਕਰਨ ਲਗ ਪਿਆ।

ਅਲਦਾਰ–ਕੋਸੇ ਕੰਜੂਸ ਦੇ ਘਰ ਕਿੰਨੇ ਹੀ ਦਿਨ ਰਿਹਾ। ਭਾਵੇਂ ਸ਼ਿਗਾਏ–ਬੇ ਨੇ ਕਿੱਡੀ ਵੀ ਚਲਾਕੀ ਤੋਂ ਕੰਮ ਕਿਉਂ ਨਾ ਲਿਆ, ਤੇ ਭਾਵੇਂ ਉਹਨੇ ਕਿਹੜੀਆਂ ਵੀ ਤਰਕੀਬਾਂ ਕਿਉਂ ਨਾ ਸੋਚੀਆਂ, ਉਹ ਆਪਣੇ ਪ੍ਰਾਹੁਣੇ ਨੂੰ ਭੁਚਲਾ ਨਾ ਸਕਿਆ। ਚਾਹੁੰਦਿਆਂ ਨਾ ਚਾਹੁੰਦਿਆਂ ਉਹਨੂੰ ਅਲਦਾਰ–ਕੋਸੇ ਨੂੰ ਖੁਆਣਾ–ਪਿਆਣਾ ਪੈ ਰਿਹਾ ਸੀ।

ਸਵੇਰ ਤੋਂ ਰਾਤ ਤਕ ਸ਼ਿਗਾਏ–ਬੇ ਕੋਈ ਢੰਗ ਸੋਚਦਾ ਰਿਹਾ ਜਿਸ ਨਾਲ ਉਹ ਆਪਣੇ ਪ੍ਰਾਹੁਣੇ ਨੂੰ ਆਪਣੇ 'ਯੁਰਤੇ' ਤੋਂ ਕਢ ਸਕਦਾ ਤੇ ਉਹਦੇ ਤੋਂ ਬਦਲਾ ਲੈ ਸਕਦਾ। ਉਹ ਸੋਚਦਾ ਗਿਆ, ਸੋਚਦਾ ਗਿਆ ਤੇ ਅਖ਼ੀਰ ਉਹਨੂੰ ਸੁਝ ਪਿਆ, ਉਹਨੇ ਕੀ ਕਰਨਾ ਸੀ।

ਅਲਦਾਰ–ਕੋਸੇ ਉਹਦੇ ਕੋਲ ਘੋੜੇ ਉਤੇ ਆਇਆ ਸੀ, ਜਿਹਦੇ ਮੱਥੇ ਉਤੇ ਇਕ ਚਿੱਟਾ ਤਾਰਾ ਸੀ, ਤੇ ਸ਼ਿਗਾਏ–ਬੇ ਨੇ ਹੁਣ ਘੋੜੇ ਨੂੰ ਮਾਰ ਦੇਣ ਦੀ ਧਾਰ ਲਈ। ਉਹ ਜਦੋਂ ਕਦੀ ਵੀ ਘੋੜੇ ਕੋਲੋਂ ਲੰਘ ਰਿਹਾ ਹੁੰਦਾ, ਉਹਨੂੰ ਧਿਆਨ ਨਾਲ ਵੇਖਦਾ, ਤੇ ਉਹਦੀ ਤਕਣੀ ਵਿਚ ਖਾਰ–ਖੁਣਸ ਹੁੰਦੀ।

ਅਲਦਾਰ–ਕੋਸੇ ਨੇ ਇਹ ਚੀਜ਼ ਵੇਖ ਲਈ, ਤੇ ਉਸ ਸ਼ਾਮੀਂ ਉਹਨੇ ਕੁਝ ਕਾਲਖ ਲਈ ਤੇ ਆਪਣੇ ਘੋੜੇ ਦੇ ਸਿਰ ਦੇ ਚਿੱਟੇ ਤਾਰੇ ਉਤੇ ਮਲ ਦਿਤੀ, ਤੇ ਨਾਲ ਹੀ ਉਹਨੇ ਸ਼ਿਗਾਏ–ਬੇ ਦੇ ਸਭ ਤੋਂ ਵਧੀਆ ਘੋੜੇ ਦੇ ਸਿਰ ਉਤੇ ਕੁਝ ਚਿੱਟੀ ਮਿੱਟੀ ਲਿੰਬ ਦਿਤੀ। ਉਹ 'ਯੁਰਤੇ' ਅੰਦਰ ਚਲਾ ਗਿਆ ਤੇ ਸੌਂ ਗਿਆ।

ਰਾਤ ਵੇਲੇ ਸ਼ਿਗਾਏ – ਬੇ 'ਯੁਰਤੇ' ਵਿਚੋਂ ਨਿਕਲਿਆ, ਉਹਨੇ ਆਪਣੇ ਘੋੜਿਆਂ ਵਿਚੋਂ ਉਹ ਘੋੜਾ ਚੁਣ ਲਿਆ, ਜਿਹਦੇ ਮੱਥੇ ਉਤੇ ਚਿੱਟਾ ਤਾਰਾ ਸੀ, ਉਹਨੂੰ ਮਾਰ ਦਿਤਾ, ਤੇ ਉੱਚੀ – ਉਚੀ ਰੌਲਾ ਪਾਣ ਲਗ ਪਿਆ:

"ਉਫ਼, ਉਫ਼, ਅਲਦਾਰ – ਕੋਸੇ, ਭੈੜੇ ਦਿਨ ਆ ਗਏ ਨੇ ਤੇਰੇ! ਘੋੜੇ ਤੇਰੇ ਨਾਲ ਕੁਝ ਡਾਢਾ ਬੁਰਾ ਹੋ ਗਿਐ!"

ਅਲਦਾਰ – ਕੋਸੇ 'ਯੁਰਤੇ' ਤੋਂ ਬਾਹਰ ਤਕ ਨਾ ਨਿਕਲਿਆ।

"ਸ਼ਿਗਾਏ – ਬੇ, ਬਹੁਤਾ ਦਿਲ 'ਤੇ ਨਾ ਲਾ," ਉਹ ਕਹਿਣ ਲਗਾ, "ਰੌਲਾ ਨਾ ਪਾ। ਏਡੀ ਕੋਈ ਗਲ ਨਹੀਂ। ਘੋੜੇ ਨੂੰ ਵਢ ਲੈ, ਤੇ ਤੇਰੇ ਤੇ ਮੇਰੇ ਕੋਲ ਖਾਣ ਨੂੰ ਗੋਸ਼ਤ ਚੋਖਾ ਹੋ ਜਾਵੇਗਾ।"

ਇਹ ਸੁਣ, ਸ਼ਿਗਾਏ – ਬੇ ਦਾ ਖੁਸ਼ੀ ਨਾਲ ਹਾਸਾ ਛੁਟ ਪਿਆ, ਉਹ ਇਸ ਗਲ ਉਤੇ ਬਹੁਤ ਖੁਸ਼ ਸੀ ਕਿ ਅਖ਼ੀਰ ਉਹਨੇ ਆਪਣੇ ਘ੍ਰਿਣਤ ਪ੍ਰਾਹੁਣੇ ਤੋਂ ਬਦਲਾ ਲੈ ਲਿਆ ਸੀ।

ਇਹ ਉਹਨੂੰ ਸਵੇਰੇ ਹੀ ਦਿਸਿਆ, ਉਹਨੇ ਆਪਣਾ ਸਭ ਤੋਂ ਵਧੀਆ ਘੋੜਾ ਵਢ ਕੇ ਰਖ ਦਿਤਾ ਸੀ।

ਸ਼ਿਗਾਏ – ਬੇ ਗੁੱਸੇ ਨਾਲ ਸੜ – ਭੁਜ ਗਿਆ, ਪਰ ਚਾਰਾ ਵੀ ਕੀ ਸੀ; ਤੇ ਉਹਨੂੰ ਗੋਸ਼ਤ ਪਕਾਣਾ ਤੇ ਅਲਦਾਰ – ਕੋਸੇ ਨਾਲ ਵੰਡਾਣਾ ਪਿਆ।

ਪਰ ਸਚੀ ਮੁਚੀ ਹੀ, ਅਖ਼ੀਰ ਅਲਦਾਰ–ਕੋਸੇ ਸ਼ਿਗਾਏ – ਬੇ ਕੋਲ ਰਹਿ – ਰਹਿ ਅਕ ਪਿਆ। ਉਹਨੇ ਆਪਣੇ ਪਿੰਡ ਵਾਪਸ ਚਲੇ ਜਾਣ ਤੇ ਆਪਣੇ ਨਾਲ ਸ਼ਿਗਾਏ – ਬੇ ਦੀ ਧੀ ਲੈ ਜਾਣ ਦਾ ਮਤਾ ਪਕਾਇਆ।

"ਜੇ ਮੈਂ ਇਹਨੂੰ ਆਪਣੀ ਵਹੁਟੀ ਬਣਾ ਲਵਾਂ, ਤਾਂ ਕਿਤੇ ਚੰਗਾ ਰਹੇਗਾ ਸੂ," ਉਹਨੇ ਸੋਚਿਆ। "ਸ਼ਿਗਾਏ - ਬੇ ਜਿਹੇ ਪਿਓ ਦੇ ਘਰ ਰਹਿੰਦਿਆਂ – ਰਹਿੰਦਿਆਂ, ਇਹ ਵੀ ਉਹਦੇ ਵਾਂਗ ਕੰਜੂਸ ਹੋ ਜਾਵੇਗੀ।"

ਤੇ ਸ਼ਿਗਾਏ – ਬੇ ਦੀ ਧੀ ਦਾ ਨਾਂ ਬਿਜ਼ – ਬੁਲਦੂਕ ਸੀ, ਤੇ ਪਹਿਲੀ ਵਾਰ ਤਕਦਿਆਂ ਹੀ, ਉਹਨੂੰ ਮੌਜੀ ਤੇ ਬੇ-ਪਰਵਾਹ ਸੁਭਾ ਵਾਲਾ ਅਲਦਾਰ – ਕੋਸੇ ਚੰਗਾ ਲਗਾ ਸੀ ਤੇ ਉਹ ਚੋਰੀ – ਚੋਰੀ ਉਹਦੇ ਵਲ ਵੇਖਦੀ ਰਹੀ ਸੀ।

ਇਕ ਦਿਨ ਸਵੇਰੇ, ਜਦੋਂ ਸ਼ਿਗਾਏ-ਬੇ, ਨਿਤ ਵਾਂਗ, ਘੋੜੇ ਉਤੇ ਬਹਿ ਸਤੈਪੀ ਨੂੰ ਜਾਣ ਹੀ ਵਾਲਾ ਸੀ, ਤੇ ਘੋੜੇ ਉਤੇ ਚੜ੍ਹ ਬੈਠਾ ਹੋਇਆ ਸੀ, ਅਲਦਾਰ -- ਕੋਸੇ ਉਹਦੇ ਕੋਲ ਆਇਆ।

"ਹੱਛਾ, ਸ਼ਿਗਾਏ – ਬੇ, ਮੈਂ ਚੋਖਾ ਚਿਰ ਤੇਰਾ ਪ੍ਰਾਹੁਣਾ ਬਣਿਆ ਰਿਹਾਂ। ਹੁਣ ਵਕਤ ਆ ਗਿਐ, ਮੈਂ ਘਰ ਜਾਵਾਂ। ਜਦੋਂ ਤੂੰ ਰਾਤੀਂ ਵਾਪਸ ਘਰ ਆਵੇਂਗਾ, ਤੇਰੇ 'ਯੁਰਤੇ' 'ਚ ਖੁਲ੍ਹ ਈ ਖੁਲ੍ਹ ਹੋ ਜਾਏਗੀ।"

ਸ਼ਿਗਾਏ – ਬੇ ਨੇ ਸੁਣਿਆ, ਤੇ ਉਹਨੂੰ ਜਿਵੇਂ ਆਪਣੇ ਸੁਣੇ ਉਤੇ ਅਤਬਾਰ ਹੀ ਨਾ ਆਇਆ।

"ਸਿਰਫ਼ ਮੈਨੂੰ ਆਪਣੀ ਬਿਜ਼ * ਦੇ – ਦੇ," ਅਲਦਾਰ – ਕੋਸੇ ਬੋਲੀ ਗਿਆ, "ਜਾਣ ਤੋਂ ਪਹਿਲਾਂ ਮੈਂ ਆਪਣੇ ਬੂਟ ਮਰੰਮਤ ਕਰਨੇ ਨੇ। ਅਸਲੋਂ ਟੁੱਟੇ ਪਏ ਨੇ।"

"ਠੀਕ ਏ, ਠੀਕ ਏ," ਸ਼ਿਗਾਏ – ਬੇ ਕਹਿਣ ਲਗਾ। "ਬਿਜ਼ ਲੈ – ਲੈ, ਆਪਣੇ ਬੂਟ ਠੀਕ ਕਰ ਲੈ ਤੇ ਦਫ਼ਾ ਹੋ ਜਾ। ਹੋ ਗਿਐ ਵਕਤ ਹੁਣ!"

ਤੇ ਇਹ ਕਹਿ ਉਹ ਸਤੈਪੀ ਨੂੰ ਨਿਕਲ ਗਿਆ।

ਤੇ ਏਧਰ ਅਲਦਾਰ – ਕੋਸੇ 'ਯੁਰਤੇ' ਅੰਦਰ ਆਇਆ ਤੇ ਸ਼ਿਗਾਏ – ਬੇ ਦੀ ਵਹੁਟੀ ਨੂੰ ਕਹਿਣ ਲਗਾ:

---

* ਬਿਜ਼ — ਆਰ — ਅਨੁ:

"ਹੱਛਾ, ਤੇ ਭਲੀਏ ਲੋਕੇ, ਬਿਜ਼–ਬੂਲਦੂਕ ਨੂੰ ਤਿਆਰ ਕਰ ਦੇ, ਮੇਰੇ ਨਾਲ ਜਾ ਰਹੀ ਏ ਉਹ।"

"ਦਮਾਗ ਖ਼ਰਾਬ ਹੋ ਗਿਆ ਈ?" ਸ਼ਿਗਾਏ–ਬੇ ਦੀ ਵਹੁਟੀ ਬੋਲ ਪਈ। "ਤੂੰ ਸੋਚਣੈਂ, ਸ਼ਿਗਾਏ–ਬੇ ਬਿਜ਼ ਤੇਰੇ ਵਰਗੇ ਮੰਗਤੇ ਦੇ ਹਵਾਲੇ ਕਰ ਦੇਵੇਗਾ?"

"ਉਹਨੇ ਮੈਨੂੰ ਪਹਿਲਾਂ ਈ ਹਵਾਲੇ ਕਰ ਦਿਤੀ ਏ। ਜੇ ਅਤਬਾਰ ਨਹੀਉਂ ਆਉਂਦਾ, ਤਾਂ ਆਪ ਉਹਦੇ ਤੋਂ ਪੁਛ ਲੈ।"

ਸ਼ਿਗਾਏ–ਬੇ ਦੀ ਵਹੁਟੀ ਭੱਜੀ–ਭੱਜੀ 'ਯੁਰਤੇ' ਤੋਂ ਬਾਹਰ ਗਈ ਤੇ ਉਹਨੇ ਆਪਣੇ ਖਾਵੰਦ ਨੂੰ ਆਵਾਜ਼ ਦਿਤੀ:

"ਸ਼ਿਗਾਏ–ਬੇ! ਸ਼ਿਗਾਏ–ਬੇ! ਸਚ ਏ, ਤੂੰ ਬਿਜ਼ ਅਲਦਾਰ–ਕੋਸੇ ਨੂੰ ਦੇਣ ਦਾ ਵਾਇਦਾ ਕੀਤੈ?"

"ਸਚ ਏ, ਸਚ ਏ!" ਸ਼ਿਗਾਏ–ਬੇ ਨੇ ਜਵਾਬ ਵਿਚ ਆਵਾਜ਼ ਦਿਤੀ। "ਉਹਨੂੰ ਮੇਰੀ ਬਿਜ਼ ਦੇ–ਦੇ ਤੇ ਘਰੋਂ ਨਿਕਲ ਜਾਣ ਦੇ ਸੂ!"

ਤੇ ਇਹ ਲਫ਼ਜ਼ ਕਹਿ, ਸ਼ਿਗਾਏ–ਬੇ ਨੇ ਘੋੜੇ ਨੂੰ ਛਾਂਟਾ ਮਾਰਿਆ ਤੇ ਸਤੈਪੀ ਵਲ ਨੂੰ ਨਿਕਲ ਗਿਆ।

ਸ਼ਿਗਾਏ–ਬੇ ਦੀ ਵਹੁਟੀ ਨੂੰ ਉਹਦੀ ਹੁਕਮ–ਅਦੂਲੀ ਦੀ ਹਿੰਮਤ ਨਹੀਂ ਸੀ। ਉਹਨੇ ਆਪਣੀ ਧੀ ਨੂੰ ਤਿਆਰ ਕੀਤਾ ਤੇ ਉਹਨੂੰ 'ਯੁਰਤੇ' ਤੋਂ ਬਾਹਰ ਲੈ ਆਈ। ਅਲਦਾਰ–ਕੋਸੇ ਨੇ ਕੁੜੀ ਨੂੰ ਘੋੜੇ ਉਤੇ ਬਿਠਾ ਲਿਆ, ਜਿਹਦੇ ਸਿਰ ਉਤੇ ਚਿੱਟਾ ਤਾਰਾ ਸੀ, ਤੇ ਸ਼ਿਗਾਏ–ਬੇ ਦੇ 'ਯੁਰਤੇ' ਨੂੰ ਦੂਰ ਪਿਛਾਂਹ ਛਡਦੇ, ਉਹ ਪਰ੍ਹਾਂ ਨਿਕਲ ਗਏ।


ਜਦੋਂ ਉਹ ਘੋੜੇ ਚੜ੍ਹੇ ਇੱਕਠੇ ਜਾ ਰਹੇ ਸਨ, ਅਲਦਾਰ–ਕੋਸੇ ਨੇ ਕੁੜੀ ਨੂੰ ਆਖਿਆ:

"ਤੂੰ ਚੰਗੇ ਲੋਕਾਂ 'ਚ ਰਹੇਂਗੀ ਤੇ ਆਪ ਵੀ ਚੰਗੀ ਹੋ ਜਾਵੇਂਗੀ।"

ਸ਼ਾਮੀਂ, ਸ਼ਿਗਾਏ–ਬੇ ਆਪਣੇ 'ਯੁਰਤੇ' ਨੂੰ ਪਰਤਿਆ। ਜਦੋਂ ਉਹਨੂੰ ਪਤਾ ਲਗਾ, ਉਹਦੇ ਪਿਛੋਂ ਕੀ ਹੋ ਗਿਆ ਸੀ, ਉਹ ਗੁੱਸੇ ਨਾਲ ਲਾਲ–ਪੀਲਾ ਹੋ ਗਿਆ, ਪਲਾਕੀ ਮਾਰ ਆਪਣੇ ਘੋੜੇ ਉਤੇ ਚੜ੍ਹ ਬੈਠਾ ਤੇ ਉਹਨਾਂ ਦੇ ਪਿਛੇ ਹੋ ਪਿਆ। ਉਹਨੇ ਸਾਰਾ ਸਤੈਪੀ ਗਾਹ ਮਾਰਿਆ, ਪਰ ਉਹਨੂੰ ਅਲਦਾਰ–ਕੋਸੇ ਕਿਤੋਂ ਨਾ ਲਭਾ ਤੇ ਉਹ ਖਾਲੀ ਹੱਥੀਂ ਮੁੜ ਆਇਆ।

# ਬੋਰੋਲਦੋਈ-ਮੇਰਗੇਨ ਤੇ ਉਹਦਾ ਬਹਾਦਰ ਪੁੱਤਰ

**ਅਲਤਾਈ ਪਰੀ – ਕਹਾਣੀ**



ਪਹਿਲੀਆਂ ਵਿਚ, ਬੀਤ ਗਏ ਸਮੇਂ, ਨੀਲੇ ਅਲਤਾਈ ਪਹਾੜਾਂ ਵਿਚ ਅਲਮੀਸ ਨਾਂ ਦਾ ਇਕ ਆਦਮ-ਖੋਰ ਦਿਓ ਰਹਿੰਦਾ ਸੀ।

ਅਲਮੀਸ ਦੀਆਂ ਲੰਮੀਆਂ ਕਾਲੀਆਂ ਮੁੱਛਾਂ ਸਨ, ਜਿਹੜੀਆਂ ਉਹ, ਲਗਾਮਾਂ ਵਾਂਗ, ਮੋਢਿਆਂ ਉਤੇ ਸੁੱਟੀ ਰਖਦਾ ਸੀ। ਉਹਦੀ ਦਾੜ੍ਹੀ ਉਹਦੇ ਗੋਡਿਆਂ ਤਕ ਪਹੁੰਚਦੀ ਸੀ। ਅੱਖਾਂ ਉਹਦੀਆਂ ਲਾਲ ਸੂਹੀਆਂ ਸਨ। ਦੰਦ ਉਹਦੇ ਲੰਮੇ ਤੇ ਤੇਜ਼ ਸਨ। ਉਂਗਲਾਂ ਉਤੇ ਨਹੁੰਆਂ ਦੀ ਥਾਂ ਉਹਦੇ ਤੇਜ਼-ਤੇਜ਼ ਪੰਜੇ ਸਨ। ਤੇ ਉਹਦਾ ਸਾਰਾ ਪਿੰਡਾ ਮੋਟੇ-ਮੋਟੇ ਵਾਲਾਂ ਨਾਲ ਕਜਿਆ ਹੋਇਆ ਸੀ।

ਅਲਮੀਸ ਤੁੰਦ, ਖੂੰਖਾਰ ਤੇ ਬੇ-ਤਰਸ ਸੀ। ਉਹ ਜੰਗਲ ਵਿਚ ਸ਼ਿਕਾਰੀਆਂ ਨੂੰ ਤੇ ਪਿੰਡਾਂ ਵਿਚ ਜ਼ਨਾਨੀਆਂ ਨੂੰ ਆ ਪੈਂਦਾ, ਤੇ ਨਾ ਉਹ ਬੁਢਿਆਂ ਨੂੰ ਛਡਦਾ, ਨਾ ਛੋਟੇ-ਛੋਟੇ ਬਚਿਆਂ ਨੂੰ। ਉਹ ਕਾਬੂ-ਆਇਆਂ ਉਤੇ ਝਪਟ ਪੈਂਦਾ ਤੇ ਉਹਨਾਂ ਨੂੰ ਖਾ ਜਾਂਦਾ।

ਅਲਮੀਸ ਏਨਾ ਜ਼ੋਰਾਵਰ ਤੇ ਖਚਰਾ ਸੀ ਕਿ ਕਿਸੇ ਨੂੰ ਵੀ ਉਹਦੇ ਨਾਲ ਲੜਨ ਦੀ ਹਿੰਮਤ ਨਹੀਂ ਸੀ ਪੈਂਦੀ। ਜਿਵੇਂ ਹੀ ਅਲਮੀਸ ਦਿਸਦਾ, ਲੋਕੀ ਭਜ ਨਿਕਲਦੇ ਤੇ ਲੁੱਕਣ ਦਾ ਜਤਨ ਕਰਦੇ। ਉਹਨਾਂ ਨੂੰ ਹੋਰ ਕੁਝ ਕਰਨਾ ਸੁਝਦਾ ਹੀ ਨਹੀਂ ਸੀ।

"ਅਲਮੀਸ ਸਾਡੇ ਨਾਲੋਂ ਤਗੜਾ ਤੇ ਹੁਸ਼ਿਆਰ ਏ," ਉਹ ਕਹਿੰਦੇ। "ਉਹਨੂੰ ਕੋਈ ਵੀ ਹਰਾ ਨਹੀਂ ਸਕਦਾ, ਉਹਨੂੰ ਕੋਈ ਭੁਚਲਾ ਨਹੀਂ ਸਕਦਾ। ਸਾਨੂੰ ਜਰਨ ਤੇ ਦੜ ਵੱਟੀ ਰੱਖਣ ਦੀ ਜਾਚ ਸਿਖਣੀ ਚਾਹੀਦੀ ਏ।"

ਤੇ ਇਸ ਤਰ੍ਹਾਂ ਉਹ ਜਰਦੇ ਰਹੇ ਤੇ ਉਹਨਾਂ ਦੜ ਵੱਟੀ ਰੱਖੀ।

ਕਿਸੇ ਇਕ ਪਿੰਡ ਵਿਚ ਬੋਰੋਲਦੋਈ-ਮੇਰਗੇਨ ਨਾਂ ਦਾ ਇਕ ਸ਼ਿਕਾਰੀ ਰਹਿੰਦਾ ਸੀ। ਉਹ ਤਗੜਾ ਸੀ, ਉਹ ਬਹਾਦਰ ਸੀ ਤੇ ਉਹ ਹੁਸ਼ਿਆਰ ਸੀ। ਕੁਝ ਲੋਕ ਸ਼ਿਕਾਰ ਖੇਡਣ ਜਾਂਦੇ ਨੇ ਤੇ ਖਾਲੀ ਹਥ ਮੁੜ ਆਂਦੇ ਨੇ।

ਪਰ ਬੋਰੋਲਦੋਈ – ਮੇਰਗੇਨ ਖਾਲੀ ਹਥ ਨਹੀਂ ਸੀ ਮੁੜਦਾ। ਉਹ ਹਮੇਸ਼ਾ ਹੀ ਭਰੇ ਬੁਗਚੇ ਨਾਲ ਮੁੜਦਾ: ਉਹ ਲੂੰਮੜੀਆਂ ਤੇ ਸੇਬਲਾਂ ਤੇ ਅਰਮੀਨਾਂ ਤੇ ਗਾਲ੍ਹੜ ਲਿਅਉਂਦਾ। ਉਹਨੇ ਸਾਰੇ ਹੀ ਜੰਗਲ ਤੇ ਸਾਰੇ ਹੀ ਪਹਾੜ ਗਾਹੇ ਹੋਏ ਸਨ। ਕਿਸੇ ਜਾਨਵਰ ਨੇ ਉਹਨੂੰ ਕਦੀ ਛੁਹਿਆ ਨਹੀਂ ਸੀ, ਉਹਨੂੰ ਕਦੀ ਕੋਈ ਸਟ – ਫੇਟ ਨਹੀਂ ਸੀ ਲਗੀ, ਉਹਦਾ ਦਮਾਗ ਤੇਜ਼ ਸੀ, ਨਜ਼ਰ ਤਿੱਖੀ ਸੀ ਤੇ ਬਾਂਹ ਉਹਦੀ ਵਿਚ ਜ਼ੋਰ ਸੀ।

ਇਕ ਦਿਨ ਅਲਮੀਸ ਪਹਾੜਾਂ ਤੋਂ ਬੋਰੋਲਦੋਈ – ਮੇਰਗੇਨ ਦੇ ਪਿੰਡ ਆ ਗਿਆ। ਸਹਿਮੇ ਲੋਕ ਏਧਰ – ਓਧਰ ਭੱਜਣ ਲਗੇ, ਉਹਨਾਂ ਨੂੰ ਪਤਾ ਨਾ ਲਗੇ, ਉਹ ਲੁੱਕਣ ਕਿਥੇ। ਤੇ ਅਲਮੀਸ ਨੇ ਇਕ ਬੱਚੇ ਨੂੰ ਫੜ ਲਿਆ ਤੇ ਵਾਪਸ ਪਹਾੜਾਂ ਨੂੰ ਚਲਾ ਗਿਆ।

ਜਦੋਂ ਅਜੇ ਉਹ ਨੇੜੇ ਸੀ, ਪਿੰਡ ਵਾਲਿਆਂ ਨੂੰ, ਖੁਸਰ – ਫੁਸਰ ਕਰਨ ਤੋਂ ਸਿਵਾ, ਬੋਲਣ ਦੀ ਹਿੰਮਤ ਹੀ ਨਾ ਪਈ। ਪਰ ਜਦੋਂ ਉਹ ਚਲਾ ਗਿਆ ਹੋਇਆ ਸੀ, ਉਹ ਉੱਚੀ – ਉਚੀ ਗੱਲਾਂ ਕਰਨ ਤੇ ਰੋਣ ਲਗ ਪਏ।

"ਦਿਓ ਅਗੋਂ ਕਿਦ੍ਹਾ ਬੱਚਾ ਲੈ ਜਾਵੇਗਾ?" ਸਿਸਕੀਆਂ ਭਰਦਿਆਂ ਮਾਵਾਂ ਕੂਕੀਆਂ, ਤੇ ਬੱਚੇ ਰੀਂ – ਰੀਂ ਕਰਦੇ ਤੇ ਆਦਮੀ ਮੱਥਾ ਵਟਦੇ ਤੇ ਚੁਪ ਰਹਿੰਦੇ।

ਫੇਰ ਬੋਰੋਲਦੋਈ – ਮੇਰਗੇਨ ਬੋਲਿਆ ਤੇ ਕਹਿਣ ਲਗਾ:

"ਅਥਰੂ ਵਹਾਣਾ ਤੇ ਲੁੱਕਣ ਦੀ ਕੋਸ਼ਿਸ਼ ਕਰਨਾ ਬੇ-ਫ਼ਾਇਦਾ ਏ। ਸਾਨੂੰ ਅਲਮੀਸ ਨੂੰ ਖ਼ਤਮ ਕਰਨਾ ਪਵੇਗਾ, ਤਾਂ ਈ ਅਸੀਂ ਸਹਿਮ ਤੋਂ ਬਿਨਾਂ ਰਹਿ ਸਕਾਂਗੇ।"

ਤੇ ਆਦਮੀਆਂ ਨੇ ਜਵਾਬ ਦਿਤਾ:

"ਅਸੀਂ ਅਲਮੀਸ ਨੂੰ ਹਰਾ ਤੇ ਉਸ ਤੋਂ ਆਪਣੀ ਖਲਾਸੀ ਕਰਾ ਕਿਵੇਂ ਸਕਦੇ ਹਾਂ? ਅਸੀਂ ਪੰਛੀ ਨਹੀਂ, ਕਿ ਉਪਰ ਅਸਮਾਨ 'ਚ ਉਡ ਜਾਈਏ, ਨਾ ਅਸੀਂ ਮੱਛੀਆਂ ਹਾਂ ਕਿ ਪਾਣੀ 'ਚ ਲੁਕ ਜਾਈਏ। ਸਾਡਾ ਲਾਹਣਤੀ ਦਿਓ ਦੇ ਪੰਜਿਆਂ ਤੇ ਦੰਦਾਂ ਨਾਲ ਮਰ ਮੁਕ ਜਾਣਾ ਲਿਖਿਆ ਹੋਇਐ।"

ਬੋਰੋਲਦੋਈ – ਮੇਰਗੇਨ ਡਾਢਾ ਉਦਾਸ ਤੇ ਜੀ – ਭਿਆਣਾ ਹੋ ਗਿਆ। ਉਹਨੇ ਆਪਣੇ ਪੁੱਤਰ ਵਲ ਤਕਿਆ ਤੇ ਦਿਲ ਵਿਚ ਕਹਿਣ ਲਗਾ:

"ਮੇਰਾ ਪੁੱਤਰ ਦੁਨੀਆਂ 'ਚ ਇਸ ਕਰਕੇ ਨਹੀਂ ਆਇਆ ਕਿ ਅਲਮੀਸ ਆਪਣੇ ਤੇਜ਼ ਦੰਦਾਂ ਨਾਲ ਉਹਦੀਆਂ ਬੋਟੀਆਂ ਕਰ ਛੱਡੇ। ਤੇ ਨਾ ਈ ਬਾਕੀ ਦੇ ਹੋਰ ਸਾਡੇ ਬੱਚੇ ਇਸ ਲਈ ਜੰਮੇ ਨੇ। ਨਹਿਸ਼ ਆਦਮ ਖੋਰ ਅਲਮੀਸ ਵਾਲਾ ਕੰਮ ਮੁਕਾਣਾ ਤੇ ਮਾਵਾਂ ਦਾ ਦੁਖ ਦੂਰ ਕਰਨਾ ਪਵੇਗਾ।"

ਪਰ ਇਹ ਕੀਤਾ ਕਿਵੇਂ ਜਾਵੇ?

ਅਲਮੀਸ ਨੂੰ ਲੜਾਈ ਲਈ ਵੰਗਾਰਨ ਦਾ ਸਵਾਲ ਨਹੀਂ ਸੀ ਉਠਦਾ: ਅਲਮੀਸ ਏਨਾ ਤਕੜਾ ਸੀ ਕਿ ਇਕ ਬੰਦੇ ਦੀ ਤਾਂ ਗਲ ਹੀ ਛੱਡੋ, ਉਹ ਉਹਨਾਂ ਸਾਰਿਆਂ ਨੂੰ ਖਤਮ ਕਰ ਸਕਦਾ ਸੀ। ਨਾਲੇ, ਪਿੰਡ ਵਾਲਿਆਂ ਨੇ ਉਹਦੇ ਨਾਲ ਲੜਨ ਉਤੇ ਰਾਜ਼ੀ ਨਹੀਂ ਸੀ ਹੋਣਾ। ਅਲਮੀਸ ਨੇ ਉਹਨਾਂ ਨੂੰ ਤਰਾਹਿਆ ਤੇ ਦਬਾਇਆ ਹੋਇਆ ਸੀ, ਉਹਨੇ ਉਹਨਾਂ ਨੂੰ ਹੌਸਲੇ ਤੇ ਜਿਗਰੇ ਤੋਂ ਵਾਂਝਾ ਕੀਤਾ ਹੋਇਆ ਸੀ। ਅਲਮੀਸ ਨੂੰ ਭੁਚਲਾਇਆ ਵੀ ਨਹੀਂ ਸੀ ਜਾ ਸਕਦਾ: ਉਹ ਖਤਰੇ ਤੋਂ ਹਮੇਸ਼ਾ ਹੀ ਖ਼ਬਰਦਾਰ ਰਹਿੰਦਾ ਸੀ, ਤੇ ਹਮੇਸ਼ਾ ਹੀ ਸਭੋ ਕੁਝ ਬੁਝ ਲੈਂਦਾ ਸੀ।

ਬੋਰੋਲਦੋਈ – ਮੇਰਗੇਨ ਲੋਕਾਂ ਦੀ ਅਲਮੀਸ ਤੋਂ ਖਲਾਸੀ ਕਰਾਣ ਦੀਆਂ ਸੋਚਾਂ ਸੋਚਦਾ ਇਕ ਪਲ ਵੀ ਚੈਨ ਨਾਲ ਨਾ ਬੈਠਾ। ਉਹ ਸੋਚਦਾ ਗਿਆ, ਸੋਚਦਾ ਗਿਆ, ਉਹ ਬੜਾ ਚਿਰ, ਬੜਾ ਹੀ ਚਿਰ, ਸੋਚਦਾ ਰਿਹਾ ਤੇ ਅਖੀਰ ਉਹਨੂੰ ਸੁਝ ਪਿਆ, ਉਹਨੇ ਕੀ ਕਰਨਾ ਸੀ।

ਪਰ ਇਹ ਹੈ ਕੀ ਸੀ, ਉਹਨੇ ਕਿਸੇ ਨੂੰ ਵੀ ਨਾ ਦਸਿਆ।

ਉਹਨੇ ਆਪਣਾ ਸਭ ਤੋਂ ਪੱਕਾ ਕਮਾਨ ਤੇ ਆਪਣੇ ਸਭ ਤੋਂ ਤੇਜ਼ ਤੀਰ ਚੁਕੇ, ਤੇ ਆਪਣੇ ਪੁੱਤਰ ਨੂੰ ਪੁੱਛਣ ਲਗਾ:

"ਦਿਲ 'ਚ ਹਿੰਮਤ ਹੈ ਈ ?"

"ਹੈ ਵੇ!" ਮੁੰਡੇ ਨੇ ਜਵਾਬ ਦਿਤਾ।

"ਦਿਲ 'ਚ ਲੋਕਾਂ ਲਈ ਦਰਦ ਹੈ ਈ ?"

"ਹੈ ਵੇ।"

"ਤਾਂ ਆ ਮੇਰੇ ਨਾਲ। ਵਾਟ ਸਾਡੀ ਲੰਮੀ ਏਂ, ਤੇ ਕੰਮ ਸਾਡਾ ਡਰਾਉਣਾ। ਪਰ ਜਾਣਾ ਅਸੀਂ ਜ਼ਰੂਰ ਏ। ਕੁਝ ਮੇਰੇ ਤੋਂ ਪੁਛਣਾ ਚਾਹੁਣੈਂ ?"

ਪਰ ਮੁੰਡੇ ਨੇ ਸਿਰ ਹਿਲਾ ਦਿਤਾ, ਤੇ ਸ਼ਿਕਾਰੀ ਤੇ ਉਹਦਾ ਪੁੱਤਰ ਚੁਪ-ਚਾਪ ਟੁਰ ਪਏ, ਉਹਨਾਂ ਪਹਾੜਾਂ ਵਲ ਹੋ ਪਏ, ਜਿਹੜੀਆਂ ਅਲਮੀਸ ਦਾ ਲਾਂਘਾ ਸਮਝੀਆਂ ਜਾਂਦੀਆਂ ਸਨ।

ਉਹ ਇਕ ਸੰਘਣੇ ਜੰਗਲ ਵਿਚੋਂ ਲੰਘੇ, ਪਥਰੀਲੇ ਢਲਾਣਾਂ ਉਤੇ ਚੜ੍ਹੇ ਤੇ ਰਾਹ ਵਿਖਾਣ ਲਈ ਕਿਸੇ ਪਹੇ ਤਕ ਦੀ ਹੋਂਦ ਤੋਂ ਬਿਨਾਂ ਵੀ ਉਹ ਅਗੇ ਟੁਰਦੇ ਗਏ ਤੇ ਅਖ਼ੀਰ ਇਕ ਖੁਲ੍ਹੀ ਥਾਂ ਪਹੁੰਚ ਪਏ।

ਉਥੇ ਦਰਖ਼ਤ ਦਾ ਇਕ ਉਚਾ ਸਾਰਾ ਠੁੰਡ ਖੜਾ ਸੀ ਤੇ ਉਹਦੇ ਕੋਲ ਕੁਝ ਝਾੜੀਆਂ ਤੇ ਦਰਖ਼ਤ ਉਗੇ ਹੋਏ ਸਨ। ਕਿਤੇ ਨਾ ਕੋਈ ਜਾਨਵਰ ਦਿਸਦਾ ਸੀ, ਨਾ ਕੋਈ ਪੰਛੀ।

ਬੋਰੋਲਦੋਈ-ਮੇਰਗੇਨ ਖਲੋ ਗਿਆ, ਉਹਨੇ ਆਪਣੇ ਸ਼ਿਕਾਰ ਵਾਲੇ ਕਪੜੇ ਲਾਹੇ ਤੇ ਉਹ ਦਰਖ਼ਤ ਦੇ ਠੁੰਡ ਨੂੰ ਪਾ ਦਿਤੇ। ਉਹਦਾ ਪੁੱਤਰ ਉਹਦੇ ਵਲ ਚੁਪ-ਚਾਪ ਵੇਖਦਾ ਰਿਹਾ ਤੇ ਉਹਨੇ ਕੋਈ ਵੀ ਸਵਾਲ ਨਾ ਪੁਛਿਆ। ਪਿਉ ਨੇ ਠੁੰਡ ਦੇ ਕੋਲ ਕਰ ਕੇ ਧੂਣੀ ਬਾਲੀ, ਤੇ ਤਾਂ ਵੀ ਮੁੰਡਾ ਵੇਖਦਾ ਰਿਹਾ ਤੇ ਮੂੰਹੋਂ ਕੁਝ ਨਾ ਬੋਲਿਆ।

ਸ਼ਿਕਾਰੀ ਨੇ ਆਪਣੇ ਪੁੱਤਰ ਨੂੰ ਆਖਿਆ:

"ਏਥੇ ਧੂਣੀ ਕੋਲ ਬਹਿ ਜਾ, ਤੇ ਭਾਵੇਂ ਕੀ ਪਿਆ ਹੋਵੇ, ਭੱਜੀਂ ਨਾ।"

"ਨਹੀਂ ਭੱਜਾਂਗਾ।"

"ਜੁ ਕੁਝ ਹੋਵੇਗਾ, ਦਹਿਸ਼ ਪਾ ਦੇਗਾ ਤੈਨੂੰ।"

"ਨਹੀਂ ਪਾਏਗਾ।"

"ਚੰਗਾ, ਫੇਰ, ਬਹਿ ਜਾ ਤੇ ਉਡੀਕ।"

ਮੁੰਡਾ ਧੂਣੀ ਕੋਲ ਬਹਿ ਗਿਆ, ਤੇ ਪਿਓ ਨੇ ਆਪਣਾ ਕਮਾਨ ਤੇ ਤੀਰ ਫੜੇ ਤੇ ਆਪਣੇ ਆਪ ਨੂੰ ਝਾੜੀਆਂ ਵਿਚ ਲੁਕਾ ਲਿਆ। ਉਹਨਾਂ ਦੋਵਾਂ ਦੇ ਸਿਵਾ ਓਥੇ ਹੋਰ ਕੋਈ ਨਹੀਂ ਸੀ, ਤੇ ਸਭ ਕੁਝ ਚੁਪ-ਚਾਪ ਤੇ ਅਡੋਲ ਸੀ।

ਇਸ ਤਰ੍ਹਾਂ ਉਹ ਕਿੰਨਾ ਹੀ ਚਿਰ ਬੈਠੇ ਰਹੇ।

ਚਾਣਚਕ ਹੀ ਡਾਹਣੀਆਂ ਦੇ ਤਿੜਕਣ ਤੇ ਡਾਹਣਾਂ ਦੇ ਟੁੱਟਣ ਦੀ ਆਵਾਜ਼ ਆਈ, ਤੇ ਦਰਖ਼ਤਾਂ ਵਿਚੋਂ ਆਪ ਅਲਮੀਸ ਨਿਕਲ ਆਇਆ। ਉਹਦੀਆਂ ਕਾਲੀਆਂ ਮੁੱਛਾਂ ਉਹਦੇ ਮੋਢਿਆਂ ਉਤੇ ਪਈਆਂ ਸਨ, ਅੱਖਾਂ ਉਹਦੀਆਂ ਲਾਲ ਸੂਹੀਆਂ ਸਨ ਤੇ ਉਹ ਆਪਣ ਤੇਜ਼ ਦੰਦ ਕਰੀਚ ਰਿਹਾ ਸੀ। ਜਦੋਂ ਉਹਨੇ ਧੂਣੀ ਕੋਲ ਮੁੰਡੇ ਨੂੰ ਵੇਖਿਆ, ਉਹ ਖੁਸ਼ੀ ਨਾਲ ਗੜਕ ਪਿਆ:

"ਮੈਂ ਮਾਸ ਲਈ ਪਿੰਡ ਜਾ ਰਿਹਾ ਸਾਂ, ਤੇ ਮਾਸ ਮੈਨੂੰ ਏਥੇ ਉਡੀਕ ਰਿਹਾ ਏ!"

ਫੇਰ ਉਹਨੇ ਦਰਖ਼ਤ ਦੇ ਠੁੰਡ ਵਲ ਵੇਖਿਆ, ਤੇ ਉਹਨੂੰ ਸ਼ਿਕਾਰੀ ਸਮਝ, ਹਸ ਕੇ ਆਖਣ ਲਗਾ:

"ਸੁਣਾ, ਸ਼ਿਕਾਰੀਆ, ਵੇਖ ਮੈਨੂੰ ਆਪਣੇ ਪੁੱਤਰ ਨੂੰ ਖਾਂਦਿਆਂ! ਉਹਨੂੰ ਬਚਾਣ ਦੀ ਹਿੰਮਤ ਨਾ ਕਰੀਂ।"

ਤੇ ਇਹ ਕਹਿ ਅਲਮੀਸ ਧੂਣੀ ਵਲ ਭਜਿਆ। ਭੱਜਣ ਵੇਲੇ ਉਹਦੀ ਦਾੜ੍ਹੀ ਹਵਾ ਵਿਚ ਵਹਿ ਰਹੀ ਸੀ। ਉਹਦੇ ਲੰਮੇ ਪਸ਼ਮ ਦੇ ਕੋਟ ਦੇ ਪਲਤੇ ਖੁਲ੍ਹ ਗਏ। ਅਲਮੀਸ ਨੇ ਮੁੰਡੇ ਨੂੰ ਫੜਨਾ ਚਾਹਿਆ, ਪਰ ਮੁੰਡਾ ਠੁੰਡ ਦੇ ਪਿਛੇ ਦੌੜ ਗਿਆ। ਉਹ ਉਹਦੇ ਪਿਛੇ ਭਜਿਆ, ਪਰ ਮੁੰਡਾ ਦੇ ਦੁਆਲੇ ਦੌੜਦਾ ਗਿਆ, ਤੇ ਦਿਓ ਉਹਨੂੰ ਫੜ ਨਾ ਸਕਿਆ।

ਹੁਣ ਬੋਰੋਦਲੋਈ – ਮੇਰਗੇਨ ਨੇ ਨਿਸ਼ਾਨਾ ਬੰਨ੍ਹਿਆ, ਇਕ ਤੀਰ ਛਡਿਆ ਤੇ ਉਹ ਅਲਮੀਸ ਨੂੰ ਛਾਤੀ ਦੇ ਅਧ – ਵਿਚਕਾਰ ਵੱਜਾ। ਪੀੜ ਨਾਲ ਅਲਮੀਸ ਚੀਕਾਂ ਮਾਰਨ ਲਗ ਪਿਆ। ਉਹਦੀਆਂ ਚੀਕਾਂ ਏਨੀਆਂ ਉਚੀਆਂ ਸਨ ਕਿ ਰੌਲੇ ਨਾਲ ਦਰਖ਼ਤ ਲਿਫ ਗਏ, ਤੇ ਚਟਾਨਾਂ ਤਿੜਕ ਗਈਆਂ ਤੇ ਪਹਾੜਾਂ ਤੋਂ ਹੇਠ ਰਿੜ੍ਹ ਆਈਆਂ।

ਤੇ ਬੋਰੋਲਦੋਈ – ਮੇਰਗੇਨ ਦੈਂਤ ਨੂੰ ਇਕ ਪਿਛੋਂ ਦੂਜਾ ਤੀਰ ਮਾਰਦਾ ਗਿਆ।

ਅਲਮੀਸ ਨੂੰ ਕਹਿਰ ਚੜ੍ਹ ਗਿਆ ਤੇ ਉਹ ਦਰਖ਼ਤ ਦੇ ਠੁੰਡ ਵਲ ਭੱਜਾ, ਜਿਹਨੂੰ ਸ਼ਿਕਾਰੀ ਦੇ ਕਪੜੇ ਪੁਆਏ ਗਏ ਹੋਏ ਸਨ। ਉਹ ਉਹਨੂੰ ਚੱਬਣ ਤੇ ਟੁੱਕਣ ਲਗ ਪਿਆ, ਪਰ ਚਾਣਚਕ ਹੀ ਉਹ ਧੜੰਮ ਕਰਦਾ ਜ਼ਮੀਨ ਉਤੇ ਆ ਪਿਆ। ਬੋਰੋਲਦੋਈ – ਮੇਰਗੇਨ ਉਹਦੇ ਕੋਲ ਆਇਆ ਤੇ ਉਹਨੇ ਵੇਖਿਆ, ਅਲਮੀਸ ਮਰ ਚੁਕਾ ਸੀ।

ਬੋਰੋਲਦੋਈ – ਮੇਰਗੇਨ ਨੇ ਆਪਣੇ ਪੁੱਤਰ ਤੋਂ ਨਾ ਪੁਛਿਆ ਕਿ ਉਹਨੂੰ ਡਰ ਲਗਾ ਸੀ ਕਿ ਨਹੀਂ। ਉਹਨੇ ਉਹਨੂੰ ਸਿਰਫ਼ ਇਕੋ ਲਫ਼ਜ਼ ਹੀ ਕਿਹਾ:

"ਆ!"

ਤੇ ਫੇਰ ਦੋਵੇਂ ਪਿੰਡ ਵਲ ਚਲ ਪਏ।

ਜਦੋਂ ਉਹ ਪਿੰਡ ਪੁੱਜੇ, ਬੋਰੋਲਦੋਈ – ਮੇਰਗੇਨ ਨੇ ਲੋਕਾਂ ਨੂੰ ਕਿਹਾ:

"ਸਾਡੇ ਬੱਚੇ ਅਮਨ – ਚੈਨ ਨਾਲ ਵਡੇ ਹੋਣਗੇ। ਉਹਨਾਂ ਦੀਆਂ ਮਾਵਾਂ ਸਹਿਮੋਂ ਬਿਨਾਂ ਜੀਣਗੀਆਂ। ਅਲਮੀਸ ਮਰ ਚੁਕਿਐ, ਉਹਨੂੰ ਮਾਰ ਦਿਤਾ ਗਿਐ।"

"ਕਿਨੇ ਮਾਰਿਐ ਉਹਨੂੰ?" ਲੋਕਾਂ ਨੇ ਪੁਛਿਆ।

"ਮੈਂ ਮਾਰਿਐ।"

"ਆਪਣੇ ਛੋਟੇ ਜਿਹੇ ਪੁੱਤਰ ਨੂੰ ਨਾਲ ਕਿਉਂ ਲੈ ਗਿਆ ਸੈਂ?"

"ਉਹਨੇ ਅਲਮੀਸ ਲਈ ਤਮ੍ਹੇ ਦਾ ਕੰਮ ਦਿਤਾ।"

"ਪਰ ਅਲਮੀਸ ਉਹਦੀ ਬੋਟੀ – ਬੋਟੀ ਨਹੀਂ ਸੀ ਕਰ ਸਕਦਾ?"


"ਕਰ ਸਕਦਾ ਸੀ।"

ਤੇ ਇਕ ਵੀ ਹੋਰ ਲਫ਼ਜ਼ ਆਖੇ ਬਿਨਾਂ, ਬੋਰੋਲਦੋਈ – ਮੇਰਗੇਨ ਆਪਣੇ ਘਰ ਅੰਦਰ ਵੜ ਗਿਆ।

ਤੇ ਇਸ ਤਰ੍ਹਾਂ ਨੀਲੇ ਅਲਤਾਈ ਪਹਾੜਾਂ ਦੇ ਲੋਕਾਂ ਦੀ ਆਪਣੇ ਪੁਰਾਣੇ ਤੇ ਬੇ-ਤਰਸ ਵੈਰੀ ਤੋਂ ਖਲਾਸੀ ਕਰਾਈ ਗਈ।

## ਫ਼ਰਨ-ਮੁਟਿਆਰ

**ਯਾਕੂਤ ਪਰੀ-ਕਹਾਣੀ**



ਕਹਿੰਦੇ ਨੇ ਕਿ ਇਕ ਸਵੇਰੇ ਪੰਜਾਂ ਗਾਵਾਂ ਦੀ ਮਾਲਕਨ, ਛੋਟੇ ਕਦ ਦੀ ਇਕ ਬੁੱਢੀ, ਉਠੀ ਤੇ ਬਾਹਰ ਪੈਲੀਆਂ ਨੂੰ ਗਈ।

ਇਕ ਵਾਰੀ ਚੋੜੀ ਪੈਲੀ ਵਿਚ ਉਹਨੇ ਇਕ ਘੋੜੇ ਦੀ ਪੂਛ ਦੀ ਸ਼ਕਲ ਦਾ ਬੂਟਾ, ਪੰਜ ਕਰੂੰਬਲਾਂ ਵਾਲੀ ਇਕ ਫ਼ਰਨ, ਵੇਖੀ, ਉਹਨੇ ਬੂਟੇ ਨੂੰ, ਜੜੋਂ, ਕਿਸੇ ਵੀ ਕਰੂੰਬਲ ਨੂੰ ਤੋੜਿਆਂ ਬਿਨਾਂ ਪੁਟ ਲਿਆ, ਉਹਨੂੰ ਆਪਣੇ 'ਯੁਰਤੇ' ਵਿਚ ਲੈ ਆਈ ਤੇ ਆਪਣੀ ਸਰਾਹਣੇ ਉਤੇ ਰਖ ਦਿਤਾ। ਤਾਂ ਉਹ ਫੇਰ ਬਾਹਰ ਚਲੀ ਗਈ ਤੇ ਆਪਣੀਆਂ ਗਾਵਾਂ ਦੀ ਧਾਰ ਕੱਢਣ ਬਹਿ ਗਈ।

ਉਹ ਓਥੇ ਬੈਠੀ ਸੀ, ਤੇ ਚਾਣਚਕ ਹੀ ਉਹਦੇ ਕੰਨੀਂ 'ਯੁਰਤੇ' ਵਿਚੋਂ ਟੱਲੀਆਂ ਦੀ ਟੁਣ-ਟੁਣ ਪਈ। ਬੁੱਢੀ ਨੇ ਆਪਣੀ ਦੁਧ ਵਾਲੀ ਦੋਹਣੀ ਰਖ ਦਿਤੀ, ਕਾਹਲੀ ਵਿਚ ਉਹਦੇ ਤੋਂ ਦੁਧ ਡੁਲ ਗਿਆ। ਉਹ ਭੱਜੀ-ਭੱਜੀ 'ਯੁਰਤੇ' ਵਿਚ ਗਈ ਤੇ ਆਲੇ-ਦੁਆਲੇ ਵੇਖਣ ਲਗੀ, ਪਰ ਹਰ ਚੀਜ਼ ਸਗਵੀਂ ਦੀ ਸਗਵੀਂ ਸੀ: ਸਰਾਹਣੇ ਉਤੇ ਘੋੜੇ ਦੀ ਪੂਛ ਦੀ ਸ਼ਕਲ ਦਾ ਬੂਟਾ ਪਿਆ ਸੀ, ਕਿਸੇ ਵੀ ਹੋਰ ਫ਼ਰਨ ਵਰਗੀ ਫ਼ਰਨ। ਬੁੱਢੀ ਫੇਰ ਬਾਹਰ ਚਲੀ ਗਈ ਤੇ ਆਪਣੀਆਂ ਗਾਵਾਂ ਦੀ ਧਾਰ ਕੱਢਣ ਬਹਿ ਗਈ, ਤੇ ਚਾਣਚਕ ਹੀ ਉਹਨੂੰ ਫੇਰ ਟੱਲੀਆਂ ਦੀ ਟੁਣ-ਟੁਣ ਸੁਣੀਤੀ। ਕਾਹਲੀ ਵਿਚ ਦੁਧ ਡੋਲ੍ਹਦੀ, ਉਹ ਭੱਜੀ-ਭੱਜੀ 'ਯੁਰਤੇ' ਵਿਚ ਗਈ ਤੇ ਉਹਨੇ ਕੀ ਵੇਖਿਆ, ਉਹਦੇ ਬਿਸਤਰੇ ਉਤੇ ਇਕ ਅਚਰਜ ਸੁਹਜ ਵਾਲੀ ਮੁਟਿਆਰ ਬੈਠੀ ਸੀ। ਮੁਟਿਆਰ ਦੀਆਂ ਅੱਖਾਂ ਮੋਤੀਆਂ ਵਾਂਗ ਚਮਕਦੀਆਂ ਸਨ ਤੇ ਉਹਦੇ ਭਰਵੱਟੇ ਜਿਵੇਂ ਦੋ ਕਾਲੀਆਂ ਸੇਬਲਾਂ ਸਨ। ਫ਼ਰਨ ਮੁਟਿਆਰ ਬਣ ਗਈ ਹੋਈ ਸੀ!

ਛੋਟੇ ਕਦ ਵਾਲੀ ਬੁੱਢੀ ਦੀ ਖੁਸ਼ੀ ਦੀ ਹਦ ਨਾ ਰਹੀ।

ਉਹ ਮੁਟਿਆਰ ਨੂੰ ਕਹਿਣ ਲਗੀ:

"ਮੇਰੇ ਕੋਲ ਰਹੋ ਤੇ ਮੇਰੀ ਧੀ ਬਣ ਜਾ।"

ਤੇ ਇਸ ਤਰ੍ਹਾਂ ਦੋਵੇਂ 'ਯੁਰਤੇ' ਵਿਚ ਇੱਕਠੀਆਂ ਰਹਿਣ ਲਗ ਪਈਆਂ।

ਇਕ ਦਿਨ ਖਰਜ਼ੀਤ – ਬੇਰਗੇਨ ਨਾਂ ਦਾ ਇਕ ਨੌਜਵਾਨ ਸ਼ਿਕਾਰੀ ਤਾਇਗਾ * ਵਿਚ ਸ਼ਿਕਾਰ ਖੇਡਣ ਗਿਆ। ਉਹਨੂੰ ਇਕ ਚਿੱਟੀ ਗਾਲ੍ਹੜ ਦਿੱਸੀ ਤੇ ਉਹਨੇ ਉਹਨੂੰ ਇਕ ਤੀਰ ਮਾਰਿਆ। ਉਹ ਸਵੇਰ ਸਾਰ ਤੋਂ ਲੈ ਕੇ ਸੂਰਜ ਡੁੱਬਣ ਤਕ ਤੀਰ ਛਡਦਾ ਰਿਹਾ, ਪਰ ਉਹ ਇਕ ਵਾਰੀ ਵੀ ਗਾਲ੍ਹੜ ਦਾ ਨਿਸ਼ਾਨਾ ਨਾ ਬਣਾ ਸਕਿਆ।

ਗਾਲ੍ਹੜ ਟਪੋਸੀਆਂ ਮਾਰਦੀ ਕੇਲੋਂ ਦੇ ਇਕ ਰੁਖ ਉਤੇ ਚੜ੍ਹ ਗਈ, ਕੇਲੋਂ ਤੋਂ ਉਹਨੇ ਇਕ ਬਰਚ – ਰੁਖ ਉਤੇ ਛਾਲ ਕਢ ਮਾਰੀ ਤੇ ਓਥੋਂ ਇਕ ਲਾਰਚ – ਰੁਖ ਉਤੇ ਤੇ ਛੋਟੇ ਕਦ ਵਾਲੀ ਬੁੱਢੀ ਦੇ 'ਯੁਰਤੇ' ਕੋਲ ਪਹੁੰਚ ਉਹ ਇਕ ਚੀੜ੍ਹ ਦੇ ਰੁਖ ਉਤੇ ਆ ਬੈਠੀ।

ਖਰਜ਼ੀਤ – ਬੇਰਗੇਨ ਭੱਜਾ – ਭੱਜਾ ਚੀੜ੍ਹ ਦੇ ਰੁਖ ਕੋਲ ਆਇਆ ਤੇ ਉਹਨੇ ਇਕ ਤੀਰ ਹੋਰ ਛਡਿਆ, ਪਰ ਗਾਲ੍ਹੜ ਫੇਰ ਭਜ ਨਿਕਲੀ, ਤੇ ਤੀਰ ਛੋਟੇ ਕਦ ਵਾਲੀ ਬੁੱਢੀ ਦੇ 'ਯੁਰਤੇ' ਦੀ ਧੂੰਏ ਵਾਲੀ ਮੋਰੀ ਵਿਚ ਜਾ ਪਿਆ!

"ਮੈਨੂੰ ਤੀਰ ਚਾਹੀਦੈ, ਬੇਬੇ, ਉਹ ਮੋੜ ਦੇ ਮੈਨੂੰ!" ਖਰਜ਼ੀਤ – ਬੇਰਗੇਨ ਨੇ ਉਚੀ ਸਾਰੀ ਆਵਾਜ਼ ਦਿਤੀ, ਪਰ ਛੋਟੇ ਕਦ ਵਾਲੀ ਬੁੱਢੀ ਬਾਹਰ ਨਾ ਨਿਕਲੀ ਤੇ ਉਹਨੇ ਕੋਈ ਜਵਾਬ ਨਾ ਦਿਤਾ।

ਖਰਜ਼ੀਤ – ਬੇਰਗੇਨ ਨੂੰ ਡਾਢਾ ਗੁੱਸਾ ਚੜ੍ਹ ਗਿਆ, ਰੋਹ ਨਾਲ ਉਹਦੇ ਮੂੰਹ ਲਾਲ ਹੋ ਗਿਆ ਤੇ ਉਹ 'ਯੁਰਤੇ' ਅੰਦਰ ਭਜਿਆ।

ਓਥੇ, ਉਹਦੇ ਸਾਹਮਣੇ, ਇਕ ਸੁਹਣੀ ਮੁਟਿਆਰ ਬੈਠੀ ਸੀ। ਉਹ ਏਡੇ ਹੁਸਨ ਵਾਲੀ ਸੀ ਕਿ ਖਰਜ਼ੀਤ – ਬੇਰਗੇਨ ਦਾ ਅੰਦਰ ਦਾ ਸਾਹ ਅੰਦਰ ਰਹਿ ਗਿਆ ਤੇ ਉਹਨੂੰ ਘੇਰਨੀ ਆ ਗਈ। ਇਕ ਵੀ ਲਫ਼ਜ਼ ਬੋਲੇ ਬਿਨਾਂ, ਉਹ ਬਾਹਰ ਭਜ ਨਿਕਲਿਆ, ਪਲਾਕੀ ਮਾਰ ਘੋੜੇ ਉਤੇ ਚੜ੍ਹ ਗਿਆ ਤੇ ਉਹਨੂੰ ਸਿਰਪਟ ਘਰ ਵਲ ਦੁੜਾ ਦਿਤਾ।

"ਮੇਰੇ ਮਾਪਿਓ," ਉਹਨੇ ਆਖਿਆ," ਪੰਜਾਂ ਗਊਆਂ ਦੀ ਮਾਲਕਨ, ਛੋਟੇ ਕਦ ਵਾਲੀ ਬੁੱਢੀ, ਕੋਲ 'ਯੁਰਤੇ' ਵਿਚ ਡਾਢੀ ਸੁਹਣੀ ਕੁੜੀ ਏ। ਉਹਦੇ ਵਲ ਵਿਚੋਲਿਆਂ ਨੂੰ ਭੇਜੋ, ਮੈਂ ਉਹਨੂੰ ਵਹੁਟੀ ਬਣਾਣਾ ਚਾਹੁਨਾਂ।"

ਖਰਜ਼ੀਤ – ਬੇਰਗੇਨ ਦੇ ਪਿਓ ਨੇ ਕੁੜੀ ਲਈ ਇਕਦਮ ਹੀ ਨੌਂ ਘੋੜਿਆਂ ਉਤੇ ਨੌਂ ਬੰਦੇ ਘਲ ਦਿਤੇ।

ਵਿਚੋਲੇ ਛੋਟੇ ਕਦ ਵਾਲੀ ਬੁੱਢੀ ਦੇ 'ਯੁਰਤੇ' ਵਿਚ ਆਏ, ਉਹਨਾਂ ਕੁੜੀ ਨੂੰ ਵੇਖਿਆ। ਉਹ ਏਡੇ ਹੁਸਨ ਵਾਲੀ ਸੀ ਕਿ ਉਹਨਾਂ ਦਾ ਅੰਦਰ ਦਾ ਸਾਹ ਅੰਦਰ ਹੀ ਰਹਿ ਗਿਆ। ਫੇਰ, ਜਦੋਂ ਉਹਨਾਂ ਦੀ ਸੁਰਤ ਪਰਤ ਆਈ, ਉਹ ਸਾਰੇ, ਸਿਵਾਇ ਇਕ ਤੋਂ, ਜਿਹੜਾ ਉਹਨਾਂ ਵਿਚੋਂ ਸਭ ਤੋਂ ਬੁੱਢਾ ਤੇ ਸਭ ਤੋਂ ਵਧ ਇੱਜ਼ਤ – ਮਾਨ ਵਾਲਾ ਸੀ, 'ਯੁਰਤੇ' ਵਿਚੋਂ ਚਲੇ ਗਏ।

"ਛੋਟੇ ਕਦ ਵਾਲੀਏ ਬੁੱਢੀਏ," ਉਹਨੇ ਆਖਿਆ, "ਇਹ ਮੁਟਿਆਰ ਖਰਜ਼ੀਤ – ਬੇਰਗੇਨ ਨੂੰ ਦੇ ਦੇਵੇਂਗੀ, ਉਹਦੀ ਵਹੁਟੀ ਬਣਨ ਲਈ?"

"ਦੇ ਦਿਆਂਗੀ," ਛੋਟੇ ਕਦ ਵਾਲੀ ਬੁੱਢੀ ਨੇ ਆਖਿਆ।

ਫੇਰ ਉਹਨਾਂ ਮੁਟਿਆਰ ਨੂੰ ਪੁਛਿਆ, ਉਹ ਰਜ਼ਾਮੰਦ ਸੀ ਜਾਂ ਨਹੀਂ, ਤੇ ਮੁਟਿਆਰ ਨੇ ਆਖਿਆ, ਉਹ ਰਜ਼ਾਮੰਦ ਸੀ।

---

* **ਤਾਇਗਾ** — ਸੰਘਣਾ ਜੰਗਲ — **ਸੰ:**

"ਵਹੁਟੀ ਲਈ ਤੁਹਾਨੂੰ ਚੋਖਾ ਕੁਝ ਤਾਰਨਾ ਪਵੇਗਾ," ਛੋਟੇ ਕਦ ਵਾਲੀ ਬੁੱਢੀ ਨੇ ਆਖਿਆ। "ਤੁਹਾਨੂੰ ਏਨੀਆਂ ਗਾਵਾਂ ਤੇ ਘੋੜੇ ਮੈਨੂੰ ਦੇਣੇ ਪੈਣਗੇ, ਜਿੰਨੇ ਮੇਰੀ ਪੈਲੀ 'ਚ ਸਮਾ ਸਕਣ।"

ਗਾਵਾਂ ਤੇ ਘੋੜੇ ਛੇਤੀ ਹੀ ਛੋਟੇ ਕਦ ਵਾਲੀ ਬੁੱਢੀ ਦੀ ਪੈਲੀ ਵਿਚ ਹਿਕ ਲਿਆਂਦੇ ਗਏ, ਤੇ ਉਹ ਏਨੇ ਸਾਰੇ ਸਨ ਕਿ ਉਹਨਾਂ ਦਾ ਸ਼ੁਮਾਰ ਹੀ ਨਹੀਂ ਸੀ ਹੋ ਸਕਦਾ।

ਫੇਰ ਉਹਨਾਂ ਮੁਟਿਆਰ ਨੂੰ ਨਵੇਂ ਸੁਹਣੇ ਕਪੜੇ ਪੁਆਏ, ਉਹਨੂੰ ਛੇਤੀ–ਛੇਤੀ ਤੇ ਚੰਗੀ ਤਰ੍ਹਾਂ ਤਿਆਰ ਕੀਤਾ। ਉਹਨਾਂ ਇਕ ਡੱਬਾ ਘੋੜਾ ਲਿਆਂਦਾ, ਘੋੜੇ ਨੂੰ ਚਾਂਦੀ ਦੀ ਲਗਾਮ ਪਾਈ, ਉਹਦੇ ਉਤੇ ਉਹਨਾਂ ਇਕ ਚਾਂਦੀ ਦੀ ਕਾਠੀ ਰੱਖੀ ਤੇ ਉਹਦੇ ਪਾਸੇ ਨਾਲ ਚਾਂਦੀ ਦਾ ਇਕ ਛਾਂਟਾ ਲਮਕਾ ਦਿਤਾ। ਖਰਜ਼ੀਤ–ਬੇਰਗੇਨ ਨੇ ਆਪਣੀ ਵਹੁਟੀ ਦਾ ਹਥ ਫੜ ਲਿਆ, ਉਹਨੂੰ ਬਾਹਰ ਲੈ ਆਇਆ, ਡੱਬੇ ਘੋੜੇ ਉਤੇ ਬਿਠਾ ਦਿਤਾ, ਤੇ ਉਹਦੇ ਨਾਲ ਘਰ ਵਲ ਹੋ ਪਿਆ।

ਉਹ ਘੋੜੇ ਚੜ੍ਹੇ ਜਾ ਰਹੇ ਸਨ, ਜਦੋਂ ਅਚਣਚੇਤ ਹੀ ਖਰਜ਼ੀਤ–ਬੇਰਗੇਨ ਨੂੰ ਰਾਹ ਵਿਚ ਇਕ ਲੂੰਮੜੀ ਦਿਸ ਪਈ। ਖਰਜ਼ੀਤ–ਬੇਰਗੇਨ ਤੋਂ ਰਿਹਾ ਨਾ ਗਿਆ, ਤੇ ਉਹ ਕਹਿਣ ਲਗਾ:

"ਮੈਂ ਲੂੰਮੜੀ ਦੇ ਪਿਛੇ ਜਾ ਰਿਹਾਂ, ਪਰ ਛੇਤੀ ਈ ਵਾਪਸ ਆ ਜਾਵਾਂਗਾ। ਤੇ ਤੂੰ ਏਸੇ ਰਾਹ 'ਤੇ ਈ ਚਲੀ ਜਾਈਂ, ਓਸ ਥਾਂ ਤਕ, ਜਿਥੇ ਇਹਦੇ ਦੋ ਹਿੱਸੇ ਹੋ ਦੋ ਪਾਸੇ ਨਿਕਲ ਜਾਂਦੇ ਨੇ। ਪੂਰਬ ਵਾਲੇ ਪਾਸੇ ਸੇਬਲ ਦੀ ਖਲ ਟੰਗੀ ਹੋਈ ਹੋਵੇਗੀ ਤੇ ਪੱਛਮ ਵਾਲੇ ਪਾਸੇ—ਚਿੱਟੀ ਧੌਣ ਵਾਲੇ ਰਿਛ ਦੀ ਖਲ। ਪੱਛਮ ਵਾਲੇ ਰਾਹ ਵਲ ਨਾ ਮੁੜੀਂ। ਓਸ ਰਾਹ ਜਾਈਂ ਜਿਧਰ ਤੈਨੂੰ ਸੇਬਲ ਦੀ ਖਲ ਦਿੱਸੇ।"

ਤੇ ਇਹ ਕਹਿ ਉਹਨੇ ਘੋੜਾ ਸਿਰਪਟ ਦੌੜਾ ਦਿਤਾ।

ਮੁਟਿਆਰ ਇਕੱਲੀ ਹੋ ਗਈ, ਤੇ ਠੀਕ ਵਕਤ ਪਿਛੋਂ ਉਹ ਦੁਰਾਹੇ 'ਤੇ ਪਹੁੰਚ ਪਈ। ਪਰ ਉਹ ਓਥੇ ਪਹੁੰਚੀ ਹੀ ਸੀ ਕਿ ਉਹਨੂੰ ਖਰਜ਼ੀਤ–ਬੇਰਗੇਨ ਦੀ ਹਦਾਇਤ ਭੁਲ ਗਈ। ਉਹ ਉਸ ਰਾਹ ਵਲ ਮੁੜ ਗਈ ਜਿਧਰ ਰਿਛ ਦੀ ਖਲ ਟੰਗੀ ਹੋਈ ਸੀ ਤੇ ਛੇਤੀ ਹੀ ਉਹ ਲੋਹੇ ਦੇ ਇਕ ਵਡੇ ਸਾਰੇ 'ਯੁਰਤੇ' ਕੋਲ ਪਹੁੰਚ ਪਈ।

'ਯੁਰਤੇ' ਵਿਚੋਂ, ਲੋਹੇ ਦਾ ਵੇਸ ਪਾਈ, ਅਠਵੇਂ ਸ਼ੈਤਾਨ ਦੀ ਧੀ ਨਿਕਲੀ। ਉਹਦੀ ਇਕੋ ਲਤ ਸੀ, ਉਹ ਵੀ ਮਰੁੰਡੀ–ਤਰੁੰਡੀ ਹੋਈ, ਇਕੋ ਬਾਂਹ ਸੀ, ਉਹ ਵੀ ਲਤ ਵਾਂਗ ਹੀ ਮਰੁੰਡੀ–ਤਰੁੰਡੀ ਹੋਈ, ਉਹਦੇ ਮੱਥੇ ਦੇ ਅਧ–ਵਿਚਕਾਰ ਇਕ ਕੋਝੀ, ਬੇ–ਨੂਰ ਅਖ ਸੀ, ਇਕ ਲੰਮੀ ਕਾਲੀ ਜੀਭ ਸੀ, ਜਿਹੜੀ ਉਹਦੀ ਛਾਤੀ ਤਕ ਲਮਕੀ ਹੋਈ ਸੀ।

ਸ਼ੈਤਾਨ ਦੀ ਧੀ ਨੇ ਮੁਟਿਆਰ ਨੂੰ ਫੜ ਲਿਆ, ਉਹਨੂੰ ਉਹਦੇ ਘੋੜੇ ਤੋਂ ਧਰੂਹ ਲਿਆ, ਉਹਦੇ ਮੂੰਹ ਦਾ ਮਾਸ ਲਾਹ ਲਿਆ ਤੇ ਉਹਨੂੰ ਆਪਣੇ ਮੂੰਹ ਉਤੇ ਲਾ ਲਿਆ; ਫੇਰ ਉਹਨੇ ਕੁੜੀ ਦੇ ਸਾਰੇ ਸੁਹਣੇ ਕਪੜੇ ਖਿਚ ਲਾਹੇ ਤੇ ਉਹਨਾਂ ਨੂੰ ਆਪ ਪਾ, ਉਹਨੇ ਮੁਟਿਆਰ ਨੂੰ 'ਯੁਰਤੇ' ਤੋਂ ਪਾਰ ਸੁਟ ਦਿਤਾ। ਇਸ ਪਿਛੋਂ, ਉਹ ਡੱਬੇ ਘੋੜੇ ਉਤੇ ਚੜ੍ਹ ਬੈਠੀ ਤੇ ਪੂਰਬ ਵਲ ਹੋ ਪਈ।

ਜਦੋਂ ਉਹ ਖਰਜ਼ੀਤ–ਬੇਰਗੇਨ ਦੇ ਪਿਓ ਦੇ ਘਰ ਦੇ ਨੇੜੇ ਪਹੁੰਚਣ ਵਾਲੀ ਸੀ, ਖਰਜ਼ੀਤ–ਬੇਰਗੇਨ ਉਹਦੇ ਨਾਲ ਆਣ ਰਲਿਆ। ਪਰ ਉਹਨੂੰ ਨਾ ਕੁਝ ਦਿਸਿਆ ਤੇ ਉਹਨੇ ਨਾ ਕੁਝ ਬੁਝਿਆ।

ਖਰਜ਼ੀਤ–ਏਰਗੇਨ ਦੇ ਸਾਰੇ ਰਿਸ਼ਤੇਦਾਰ ਵਹੁਟੀ ਨੂੰ ਅਗੋਂ ਮਿਲਣ ਲਈ ਇਕੱਠੇ ਹੋਏ ਪਏ ਸਨ। ਨੌਂ ਸੁਹਣੇ ਮੁੰਡੇ ਤੇ ਅਠ ਕੁੜੀਆਂ ਉਹਨੂੰ ਅਗੋਂ ਲੈਣ ਲਈ ਘੋੜਾ ਬੰਨ੍ਹਣ ਵਾਲੀ ਥਾਂ ਉਤੇ ਆਈਆਂ।

ਕੁੜੀਆਂ ਆਪੋ ਵਿਚ ਗੱਲਾਂ ਕਰਨ ਲਗੀਆਂ। ਉਹਨਾਂ ਆਖਿਆ:

''ਵਹੁਟੀ ਨੇ ਬਸ ਮੂੰਹ ਖੋਲ੍ਹਣਾ ਏਂ ਤੇ ਇਕ ਬੋਲ ਬੋਲਣਾ ਏਂ ਤੋਂ ਸੁਹਣੇ ਤੇ ਸੁਹਣੇ ਮੋਤੀ ਝੜ ਪੈਣੇ ਤੇ ਜ਼ਮੀਨ 'ਤੇ ਖਿਲਰ ਜਾਣੇ ਨੇ।''

ਤੇ ਉਹ ਮੋਤੀਆਂ ਨੂੰ ਪਰੋਣ ਲਈ ਧਾਗਾ ਲੈ ਆਈਆਂ।

ਮੁੰਡੇ ਆਪੋ ਵਿਚ ਗੱਲਾਂ ਕਰਨ ਲਗ ਪਏ, ਤੇ ਉਹਨਾਂ ਆਖਿਆ :

''ਵਹੁਟੀ ਨੇ ਇਕੋ ਪੈਰ ਈ ਪੁਟਣਾ ਏ, ਤੇ ਜਿਥੋਂ ਕਿਤੋਂ ਵੀ ਉਹ ਲੰਘੀ, ਉਹਦੇ ਪਿਛੇ-ਪਿਛੇ ਕਾਲੀਆਂ ਸੇਬਲਾਂ ਨੇ ਟੁਰ ਪੈਣੈਂ।''

ਤੇ ਉਹ ਸੇਬਲਾਂ ਨੂੰ ਫੁੰਡਣ ਲਈ ਤਿਆਰ ਰਹਿਣ ਵਾਸਤੇ ਆਪਣੇ ਤੀਰ-ਕਮਾਨ ਲੈ ਆਏ।

ਪਰ ਜਦੋਂ ਵਹੁਟੀ ਬੋਲਣ ਲਗੀ, ਉਹਦੇ ਮੂੰਹ ਵਿਚੋਂ ਡੱਡੂ ਨਿਕਲੇ, ਤੇ ਜਦੋਂ ਉਹਨੇ ਇਕ ਕਦਮ ਚੁਕਿਆ, ਰੋਡੇ ਨਿਉਲੇ ਉਹਦੇ ਮਗਰ ਭਜ ਪਏ।

ਸਾਰੇ ਜਿਹੜੇ ਵਹੁਟੀ ਨੂੰ ਲੈਣ ਆਏ ਹੋਏ ਸਨ, ਹੱਕੇ-ਬੱਕੇ ਰਹਿ ਗਏ ਤੇ ਅੰਦਰੋ-ਅੰਦਰੀਂ ਉਦਾਸ ਹੋ ਗਏ।

ਪਰ ਉਹਨਾਂ ਘੋੜਾ ਬੰਨ੍ਹਣ ਵਾਲੀ ਥਾਂ ਤੋਂ ਲਾੜ੍ਹੇ ਦੇ 'ਯੁਰਤੇ' ਤਕ ਹਰੀ ਘਾਹ ਦਾ ਗਲੀਚਾ ਵਿਛਾ ਦਿਤਾ, ਤੇ ਵਹੁਟੀ ਦਾ ਹਥ ਫੜ, ਉਹਨੂੰ ਓਧਰ ਲੈ ਗਏ।

ਵਹੁਟੀ 'ਯੁਰਤੇ' ਅੰਦਰ ਵੜੀ ਤੇ ਉਹਨੇ ਤਿੰਨ ਲਵੇ ਲਾਰਚ-ਰੁਖਾਂ ਦੀਆਂ ਬੂੰਬਲਾਂ ਨਾਲ ਚੁਲ੍ਹੇ ਵਿਚ ਅਗ ਬਾਲੀ।

ਇਸ ਪਿਛੋਂ ਵਿਆਹ ਦੀ ਜ਼ਿਆਫ਼ਤ ਹੋਈ, ਹਰ ਕਿਸੇ ਨੇ ਖਾਧਾ ਤੇ ਪੀਤਾ, ਖੇਡਾਂ ਖੇਡੀਆਂ ਤੇ ਮੌਜਾਂ
ਮਾਣੀਆਂ। ਕਿਸੇ ਵੀ ਨਾ ਬੁਝਿਆ ਕਿ ਉਹ ਅਸਲ ਵਹੁਟੀ ਉਕਾ ਨਹੀਂ ਸੀ।

ਇਸ ਤੋਂ ਛੇਤੀ ਹੀ ਪਿਛੋਂ ਛੋਟੇ ਕਦ ਵਾਲੀ ਬੁੱਢੀ ਆਪਣੀਆਂ ਗਾਵਾਂ ਦੀ ਧਾਰ ਕੱਢਣ ਲਈ ਪੈਲੀ ਵਿਚ
ਇਸ ਤੋਂ ਛੇਤੀ ਹੀ ਪਿਛੋਂ ਛੋਟੇ ਕਦ ਵਾਲੀ ਬੁੱਢੀ ਆਪਣੀਆਂ ਗਾਵਾਂ ਦੀ ਧਾਰ ਕੱਢਣ ਲਈ ਪੈਲੀ ਵਿਚ
ਆਈ, ਤੇ ਉਹਨੇ ਵੇਖਿਆ, ਓਸੇ ਪਹਿਲਾਂ ਵਾਲੀ ਥਾਂ ਉਤੇ ਹੀ, ਇਕ ਘੋੜੇ ਦੀ ਪੂਛਲ ਦੀ ਸ਼ਕਲ ਵਾਲਾ
ਬੂਟਾ ਉਗਿਆ ਹੋਇਆ ਸੀ ਜਿਹਦੀਆਂ ਪੰਜ ਕਰੂੰਬਲਾਂ ਸਨ, ਤੇ ਬੂਟਾ ਪਹਿਲੇ ਨਾਲੋਂ ਵੀ ਸਿੱਧਾ ਤੇ ਸੁਹਲ ਸੀ।

ਛੋਟੇ ਕਦ ਵਾਲੀ ਬੁੱਢੀ ਨੇ ਬੂਟੇ ਨੂੰ ਜੜ੍ਹ ਸਮੇਤ ਪੁਟ ਲਿਆ, ਉਹਨੂੰ ਆਪਣੇ 'ਯੁਰਤੇ' ਅੰਦਰ ਲੈ ਗਈ
ਤੇ ਆਪਣੇ ਸਰਾਹਣੇ ਉਤੇ ਰਖ ਦਿਤਾ। ਫੇਰ ਉਹ ਵਾਪਸ ਪੈਲੀ ਵਿਚ ਚਲੀ ਗਈ ਤੇ ਆਪਣੀਆਂ ਗਾਵਾਂ ਦੀ
ਧਾਰ ਕੱਢਣ ਲਗ ਪਈ। ਚਾਣਚਕ ਹੀ ਉਹਨੂੰ 'ਯੁਰਤੇ' ਵਿਚੋਂ ਟੱਲੀਆਂ ਦੀ ਟੁਣ-ਟੁਣ ਸੁਣੀਤੀ। ਉਹ ਅੰਦਰ
ਗਈ ਤੇ ਉਹਨੇ ਕੀ ਵੇਖਿਆ, ਅਸਲੋਂ ਉਹੀਓ ਹੀ ਮੁਟਿਆਰ ਬੈਠੀ ਸੀ ਤੇ ਪਹਿਲਾਂ ਨਾਲੋਂ ਵੀ ਸੁਹਣੀ ਲਗ
ਰਹੀ ਸੀ।

''ਏਥੇ ਕਿਵੇਂ ਏਂ ਤੂੰ, ਵਾਪਸ ਕਿਉਂ ਆ ਗਈ ਏਂ ?'' ਛੋਟੇ ਕਦ ਵਾਲੀ ਬੁੱਢੀ ਨੇ ਪੁਛਿਆ।

''ਮਾਏ,'' ਕੁੜੀ ਨੇ ਜਵਾਬ ਦਿਤਾ, ''ਜਦੋਂ ਖਰਜ਼ੀਤ-ਬੇਰਗੇਨ ਤੇ ਮੈਂ ਉਹਦੇ 'ਯੁਰਤੇ' ਨੂੰ ਜਾ ਰਹੇ ਸਾਂ,
ਉਹਨੇ ਮੈਨੂੰ ਦਸਿਆ, ਉਹ ਘੋੜਾ ਇਕ ਲੂੰਮੜੀ ਪਿਛੇ ਪਾਣ ਲਗਾ ਏ ਤੇ ਮੈਂ ਉਸ ਰਾਹੇ ਚਲਦੇ ਜਾਣਾ ਏ
ਜਿਥੇ ਸੇਬਲ ਦੀ ਖਲ ਟੰਗੀ ਹੋਈ ਏ ਤੇ ਮੈਂ ਕਿਸੇ ਵੀ ਹਾਲੇ ਰਾਹ ਦੇ ਉਸ ਪਾਸੇ ਨਹੀਂ ਮੁੜਨਾ, ਜਿੱਧਰ ਰਿਛ
ਦੀ ਖਲ ਟੰਗੀ ਹੋਈ ਏ। ਪਰ ਮੈਂ ਉਹਦੀ ਕਿਹਾ ਭੁਲ ਗਈ, ਗ਼ਲਤ ਰਾਹ 'ਤੇ ਪੈ ਗਈ ਤੇ ਛੇਤੀ
ਈ ਲੋਹੇ ਦੇ ਇਕ 'ਯੁਰਤੇ' ਕੋਲ ਪਹੁੰਚ ਪਈ। ਮੈਨੂੰ ਅਠਵੇਂ ਸ਼ੈਤਾਨ ਦੀ ਧੀ ਮਿਲ ਪਈ ਤੇ ਪੰਜੇ ਮਾਰ-ਮਾਰ
ਉਹਨੇ ਮੇਰੇ ਮੂੰਹ ਦਾ ਮਾਸ ਲਾਹ ਲਿਆ ਤੇ ਆਪਣੇ ਮੂੰਹ 'ਤੇ ਚੜ੍ਹਾ ਲਿਆ। ਫੇਰ ਉਹਨੇ ਮੇਰੇ ਸਾਰੇ ਸੁਹਣੇ

ਕਪੜੇ ਲਾਹ ਲਏ, ਤੇ ਉਹਨਾਂ ਨੂੰ ਆਪ ਪਾ, ਉਹਨੇ ਮੈਨੂੰ ਲੋਹੇ ਦੇ 'ਯੁਰਤੇ' ਦੇ ਪਾਰ ਸੁਟ ਦਿਤਾ। ਇਸ ਪਿਛੋਂ ਉਹ ਮੇਰੇ ਡੱਬੇ ਘੋੜੇ ਉਤੇ ਚੜ੍ਹ ਗਈ ਤੇ ਨਿਕਲ ਟੁਰੀ। ਕੁਝ ਚਿੱਟੇ ਕੁਤਿਆਂ ਨੇ ਮੈਨੂੰ ਆਪਣੇ ਜਬਾੜਿਆਂ 'ਚ ਫੜ ਲਿਆ, ਤੇ ਧਰੂੰਹਦੇ-ਧਰੂੰਹਦੇ ਮੈਨੂੰ ਤੇਰੇ 'ਯੁਰਤੇ' ਕੋਲ ਇਕ ਵਡੀ ਸਾਰੀ ਪੈਲੀ 'ਚ ਲੈ ਆਏ, ਤੇ ਮੈਂ ਘੋੜੇ ਦੀ ਪੂਛਲ ਦੀ ਸ਼ਕਲ ਵਾਲੇ ਬੂਟੇ ਦੇ ਰੂਪ 'ਚ ਫੇਰ ਜਿਊਂ ਪਈ। ਹਾਇ, ਨੀ ਮਾਏ, ਦਸ ਮੈਂ ਫੇਰ ਕਦੀ ਮਿਲ ਸਕਾਂਗੀ ਖਰਜ਼ੀਤ-ਬੇਰਗੇਨ ਨੂੰ?"

ਛੋਟੇ ਕਦ ਵਾਲੀ ਬੁੱਢੀ ਨੇ ਉਹਦੀ ਕਹਾਣੀ ਸੁਣੀ, ਤੇ ਉਹਨੂੰ ਧਰਵਾਸ ਦੇਣ ਦਾ ਜਤਨ ਕਰਨ ਲਗੀ।

"ਦੁਖੀ ਨਾ ਹੋ, ਮਿਲੇਂਗੀ ਤੂੰ ਉਹਨੂੰ," ਬੁੱਢੀ ਨੇ ਆਖਿਆ। "ਤੇ ਏਨਾ ਚਿਰ ਪਹਿਲਾਂ ਵਾਂਗ ਮੇਰੇ ਕੋਲ ਰਹੋ ਤੇ ਮੇਰੀ ਧੀ ਬਣ ਜਾ।"

ਤੇ ਇਸ ਤਰ੍ਹਾਂ ਫ਼ਰਨ-ਮੁਟਿਆਰ ਇਕ ਵਾਰੀ ਫੇਰ ਛੋਟੇ ਕਦ ਵਾਲੀ ਬੁੱਢੀ ਦੇ 'ਯੁਰਤੇ' ਵਿਚ ਰਹਿਣ ਲਗ ਪਈ।

ਡੱਬੇ ਘੋੜੇ ਨੂੰ ਪਤਾ ਲਗ ਗਿਆ ਕਿ ਫ਼ਰਨ-ਮੁਟਿਆਰ ਜਿਊਂ ਪਈ ਏ ਤੇ ਉਹ ਖਰਜ਼ੀਤ-ਬੇਰਗੇਨ ਦੇ ਪਿਓ ਨੂੰ ਮਨੁਖੀ ਆਵਾਜ਼ ਵਿਚ ਕਹਿਣ ਲਗਾ:

"ਸੁਣ, ਖਰਜ਼ੀਤ-ਬੇਰਗੇਨ ਵਹੁਟੀ ਨੂੰ ਏਥੇ ਲਿਆਂਦਿਆਂ ਉਹਨੂੰ 'ਕਲਿਆਂ ਛਡ ਗਿਆ ਸੀ, ਤੇ ਉਹਨੂੰ ਅਗੇ ਆਪਣੇ ਆਪ ਆਣਾ ਪਿਆ ਸੀ। ਜਦੋਂ ਉਹ ਦੁਰਾਹੇ 'ਤੇ ਪਹੁੰਚੀ ਸੀ, ਉਹ ਉਸ ਪਾਸੇ ਮੁੜ ਪਈ ਸੀ, ਜਿਥੇ ਰਿਛ ਦੀ ਖਲ ਟੰਗੀ ਹੋਈ ਸੀ ਤੇ ਲੋਹੇ ਦੇ ਇਕ 'ਯੁਰਤੇ' ਕੋਲ ਪਹੁੰਚ ਪਈ ਸੀ। ਅਠਵੇਂ ਸ਼ੈਤਾਨ ਦੀ ਧੀ ਭਜਦੀ ਬਾਹਰ ਆ ਗਈ ਸੀ, ਉਹਨੇ ਉਹਦੇ ਮੂੰਹ ਦਾ ਮਾਸ ਲਾਹ ਲਿਆ ਤੇ ਆਪਣੇ ਮੂੰਹ 'ਤੇ ਚੜ੍ਹਾ ਲਿਆ ਸੀ, ਉਹਦੇ ਸੁਹਣੇ ਕਪੜੇ ਲਾਹ ਲਏ ਤੇ ਉਹ ਆਪ ਪਾ ਲਏ ਸਨ, ਤੇ ਫੇਰ ਉਹਨੂੰ ਉਹਨੇ ਲੋਹੇ ਦੇ 'ਯੁਰਤੇ' ਤੋਂ ਪਾਰ ਸੁਟ ਦਿਤਾ ਸੀ। ਹੁਣ ਤੇਰੇ 'ਯੁਰਤੇ' 'ਚ ਸ਼ੈਤਾਨ ਦੀ ਧੀ ਰਹਿੰਦੀ ਏ ਤੇ ਤੇਰੀ ਨੂੰਹ ਬਣੀ ਹੋਈ ਏ। ਤੇ ਜਿਥੋਂ ਤਕ ਮੇਰੀ ਅਸਲੀ ਮਾਲਕਨ ਦਾ ਸਵਾਲ ਏ, ਉਹ ਫੇਰ ਜਿਊਂ ਪਈ ਏ। ਤੈਨੂੰ ਚਾਹੀਦੈ, ਉਹਨੂੰ ਆਪਣੇ 'ਯੁਰਤੇ' ਲੈ ਆਵੇਂ, ਤੇ ਆਪਣੇ ਪੁੱਤਰ ਨਾਲ ਉਹਦਾ ਵਿਆਹ ਕਰੇਂ, ਨਹੀਂ ਤਾਂ ਹਾਲਤ ਖਰਾਬ ਹੋ ਜਾਏਗੀ ਆ। ਸ਼ੈਤਾਨ ਦੀ ਧੀ ਤੇਰੇ ਚੁਲ੍ਹਾ ਤੇ 'ਯੁਰਤਾ' ਢਾਹ ਦੇਵੇਗੀ, ਤੇਰੀ ਜ਼ਿੰਦਗੀ ਮੁਸੀਬਤ ਬਣਾ ਦੇਵੇਗੀ ਤੇ ਤੁਹਾਨੂੰ ਸਾਰਿਆਂ ਨੂੰ ਮਾਰ ਦੇਵੇਗੀ।"

ਇਹ ਸੁਣ, ਬੁੱਢਾ ਭੱਜਾ-ਭੱਜਾ 'ਯੁਰਤੇ' ਅੰਦਰ ਗਿਆ।

"ਪੁਤਰਾ, ਆਪਣੀ ਵਹੁਟੀ ਕਿਥੋਂ ਲਿਆਂਦੀ ਸਾਈ?" ਉਹਨੇ ਖਰਜ਼ੀਤ-ਬੇਰਗੇਨ ਤੋਂ ਪੁਛਿਆ। "ਕੌਣ ਏ ਉਹ?"

"ਉਹ ਪੰਜ ਗਊਆਂ ਦੀ ਮਾਲਕਨ, ਛੋਟੇ ਕਦ ਵਾਲੀ ਬੁੱਢੀ, ਦੀ ਧੀ ਏ," ਖਰਜ਼ੀਤ-ਬੇਰਗੇਨ ਨੇ ਜਵਾਬ ਦਿਤਾ।

ਪਿਓ ਨੇ ਆਖਿਆ:

"ਡੱਬਾ ਘੋੜਾ ਮੇਰੇ ਅਗੇ ਸ਼ਿਕਾਇਤ ਕਰਦਾ ਰਿਹੈ। ਉਹ ਕਹਿੰਦੈ, ਜਦੋਂ ਤੂੰ ਵਹੁਟੀ ਨੂੰ ਏਥੇ ਲਿਆ ਰਿਹਾ ਸੈਂ, ਤੇ ਉਹਨੂੰ 'ਕੱਲੀ ਛਡ ਗਿਆ ਸੈਂ ਤੇ ਜਦੋਂ ਉਹ ਦੁਰਾਹੇ ਕੋਲ ਪਹੁੰਚੀ, ਉਹ ਉਸ ਰਾਹੇ ਪੈ ਗਈ, ਜਿਨ੍ਹੇ ਉਹਨੂੰ ਲੋਹੇ ਦੇ ਇਕ 'ਯੁਰਤੇ' ਕੋਲ ਪਹੁੰਚਾ ਦਿਤੇ। ਅਠਵੇਂ ਸ਼ੈਤਾਨ ਦੀ ਧੀ ਨੇ ਉਹਨੂੰ ਘੋੜਿਉਂ ਧਰੂਹ ਲਿਆ। ਪੰਜੇ ਮਾਰ-ਮਾਰ ਉਹਦੇ ਮੂੰਹ ਦਾ ਮਾਸ ਲਾਹ ਲਿਆ ਤੇ ਆਪਣੇ ਮੂੰਹ ਉਤੇ ਚੜ੍ਹਾ ਲਿਆ, ਉਹਨੇ ਉਹਦੇ



ਸਾਰੇ ਸੁਹਣੇ ਕਪੜੇ ਪਾ ਲਏ। ਸ਼ੈਤਾਨ ਦੀ ਧੀ ਨੇ ਸਾਡੇ ਸਾਰਿਆਂ ਨਾਲ ਫ਼ਰੇਬ ਖੇਡਿਐ, ਉਹਨੇ ਏਥੇ ਆਪਣਾ
ਘਰ ਚਲਿੱਤਰ ਨਾਲ ਬਣਾਇਐ... ਛੋਟੇ ਕਦ ਵਾਲੀ ਬੁੱਢੀ ਕੋਲ ਜਾ ਤੇ ਆਪਣੀ ਵਹੁਟੀ ਦੀ ਮਿੰਨਤ ਕਰ,
ਉਹ ਸਾਡੇ ਵਲ ਪਰਤ ਆਵੇ। ਉਹਨੂੰ ਏਥੇ ਲੈ ਆ। ਜਿਥੋਂ ਤਕ ਸ਼ੈਤਾਨ ਦੀ ਧੀ ਦਾ ਸਵਾਲ ਏ, ਉਹਨੂੰ
ਜੰਗਲੀ ਘੋੜੇ ਦੀ ਪੂਛਲ ਨਾਲ ਬੰਨ੍ਹ ਦੇ ਤੇ ਘੋੜੇ ਨੂੰ ਹਿਕ ਬਾਹਰ ਖੁਲ੍ਹੇ ਮੈਦਾਨ 'ਚ ਲੈ ਜਾ। ਉਹਦੀਆਂ
ਹੱਡੀਆਂ ਮੈਦਾਨ 'ਚ ਖਲੇਰ ਦੇਣ ਸੂ! ਨਹੀਂ ਤਾਂ ਉਹ ਸਾਨੂੰ ਸਾਰਿਆਂ ਨੂੰ ਮਾਰ ਦੇਵੇਗੀ—ਆਦਮੀਆਂ ਨੂੰ ਵੀ
ਤੇ ਇੱਜੜਾਂ ਨੂੰ ਵੀ।''

ਸ਼ੈਤਾਨ ਦੀ ਧੀ ਨੇ ਉਹਦੀ ਗਲ ਸੁਣ ਲਈ ਤੇ ਸਹਿਮ ਤੇ ਗੁੱਸੇ ਨਾਲ ਕਾਲੀ ਪੈ ਗਈ।

ਖਰਜ਼ੀਤ–ਬੇਰਗੇਨ ਨੇ ਉਹਦੀ ਗਲ ਸੁਣੀ ਤੇ ਉਹ ਗੁੱਸੇ ਨਾਲ ਲਾਲ ਹੋ ਗਿਆ। ਉਹਨੇ ਸ਼ੈਤਾਨ ਦੀ
ਧੀ ਨੂੰ ਫੜ ਲਿਆ, ਉਹਨੂੰ ਲੱਤੋਂ ਘਸੀਟ 'ਯੁਰਤੇ' ਵਿਚੋਂ ਕਢ ਲਿਆ ਤੇ ਜੰਗਲੀ ਘੋੜੇ ਦੀ ਪੂਛ ਨਾਲ ਬੰਨ੍ਹ
ਦਿਤਾ।

ਘੋੜਾ ਸਿਰਪਟ ਖੁਲ੍ਹੇ ਮੈਦਾਨ ਵਲ ਦੌੜ ਪਿਆ. ਉਹਨੇ ਸ਼ੈਤਾਨ ਦੀ ਧੀ ਨੂੰ ਦੁਲੱਤੀਆਂ ਮਾਰੀਆਂ ਤੇ
ਮਧੋਲਿਆ, ਤੇ ਉਹਦਾ ਕਾਲਾ ਪਿੰਡਾ ਕੀੜਿਆਂ ਤੇ ਸੱਪਾਂ ਦਾ ਢੇਰ ਬਣ ਗਿਆ, ਤੇ ਉਹ ਖਰਜ਼ੀਤ–ਬੇਰਗੇਨ
ਤੇ ਉਹਦੇ ਪਿਉ ਨੇ ਇਕੱਠੇ ਕਰ ਲਏ ਤੇ ਸਾੜ ਦਿਤੇ।

ਇਸ ਪਿਛੋਂ ਖਰਜ਼ੀਤ–ਬੇਰਗੇਨ ਘੋੜੇ ਚੜ੍ਹ ਛੋਟੇ ਕਦ ਵਾਲੀ ਬੁੱਢੀ ਦੇ ਯੁਰਤੇ ਵਲ ਹੋ ਪਿਆ। ਉਹ
ਘੋੜਾ ਬੰਨ੍ਹਣ ਵਾਲੀ ਥਾਂ ਆਪਣੇ ਘੋੜੇ ਉਤੋਂ ਕੁਦ ਪਿਆ, ਤੇ ਛੋਟੇ ਕਦ ਵਾਲੀ ਬੁੱਢੀ ਨੇ ਉਹਨੂੰ ਵੇਖ ਲਿਆ
ਤੇ ਉਹ ਛੇਤੀ ਨਾਲ ਆਪਣੇ 'ਯੁਰਤੇ' ਵਿਚੋਂ ਨਿਕਲੀ। ਉਹਨੂੰ ਡਾਢੀ ਖੁਸ਼ੀ ਚੜ੍ਹ ਗਈ, ਇੰਜ ਜਿਵੇਂ
ਕੋਈ ਅਜਿਹਾ, ਜਿਹਨੂੰ ਗੁਆਚ ਗਿਆ ਸਮਝ ਲਿਆ ਗਿਆ ਹੋਵੇ, ਫੇਰ ਲਭ ਪਿਆ ਹੋਵੇ, ਜਾਂ ਇੰਜ ਜਿਵੇਂ
ਕੋਈ ਅਜਿਹਾ, ਜਿਹਨੂੰ ਗੁਜ਼ਰ ਗਿਆ ਸਮਝ ਲਿਆ ਗਿਆ ਹੋਵੇ, ਫੇਰ ਜਿਊਂ ਪਿਆ ਹੋਵੇ। ਘੋੜਾ ਬੰਨ੍ਹਣ ਵਾਲੀ
ਥਾਂ ਤੋਂ 'ਯੁਰਤੇ' ਤਕ ਉਹਨੇ ਹਰੀ ਘਾਹ ਦਾ ਗਲੀਚਾ ਵਿਛਾਇਆ ਤੇ ਉਹਨੇ ਆਪਣੀ ਸਭ ਤੋਂ ਚੰਗੀ ਤੇ ਪਲੀ
ਹੋਈ ਭੇਡ ਤੇ ਵਧ ਤੋਂ ਵਧ ਮਾਸ ਵਾਲਾ ਘੋੜਾ ਵਢਿਆ ਤੇ ਵਿਆਹ ਦੀ ਜ਼ਿਆਫ਼ਤ ਦੀ ਤਿਆਰੀ ਕਰਨ ਲਗੀ।

ਤੇ ਏਧਰ ਫ਼ਰਨ–ਮੁਟਿਆਰ ਨੇ ਖਰਜ਼ੀਤ–ਬੇਰਗੇਨ ਵਲ ਵੇਖਿਆ ਤੇ ਉਹਦਾ ਰੋਣਾ ਨਿਕਲ ਆਇਆ।

''ਕਿਉਂ ਆਇਐਂ ਮੇਰੇ ਕੋਲ?'' ਮੁਟਿਆਰ ਨੇ ਉਹਦੇ ਤੋਂ ਪੁਛਿਆ। ''ਤੂੰ ਅਠਵੇਂ ਸ਼ੈਤਾਨ ਦੀ ਧੀ ਨੂੰ
ਮੇਰਾ ਲਹੂ ਡੋਲ੍ਹ ਲੈਣ, ਮੇਰਾ ਸੁਹਣਾ ਮਾਸ ਚੂੰਡ ਲੈਣ ਦਿਤਾ ਤੇ ਮੇਰਾ ਪਿੰਡਾ ਚਿੱਟੇ ਕੁਤਿਆਂ ਦਾ ਹਵਾਲੇ ਕਰ
ਦਿਤਾ। ਹੁਣ ਏਥੇ ਤੂੰ ਕਿਵੇਂ ਆ ਸਕਣੈਂ? ਦੁਨੀਆਂ 'ਚ ਏਨੀਆਂ ਮੁਟਿਆਰਾਂ ਨੇ, ਜਿੰਨੀਆਂ ਪੰਛੀਆਂ ਦੇ ਬਹਿਣ
ਦੀਆਂ ਥਾਵਾਂ ਦੁਨੀਆਂ 'ਚ ਏਨੀਆਂ ਔਰਤ ਨੇ, ਜਿੰਨੀਆਂ ਮੱਛੀਆਂ ਵੀ ਨਹੀਂ। ਜਾ ਤੇ ਆਪਣੀ ਵਹੁਟੀ ਉਹਨਾਂ
'ਚੋਂ ਲਭ। ਮੈਂ ਨਹੀਂ ਤੇਰੇ ਨਾਲ ਵਿਆਹ ਕਰਾਣ ਲਗੀ।''

''ਮੈਂ ਅਠਵੇਂ ਸ਼ੈਤਾਨ ਦੀ ਧੀ ਦੇ ਹਵਾਲੇ ਤੈਨੂੰ ਕਦੀ ਨਹੀਂ ਸੀ ਕੀਤਾ'' ਖਰਜ਼ੀਤ–ਬੇਰਗੇਨ ਨੇ ਆਖਿਆ।
''ਮੈਂ ਤੈਨੂੰ ਚਿੱਟੇ ਕੁਤਿਆਂ ਦੇ ਹਵਾਲੇ ਕਦੀ ਨਹੀਂ ਸੀ ਕੀਤਾ। ਜਦੋਂ ਮੈਂ ਤਾਇਗਾ 'ਚ ਲੂੰਮੜੀ ਪਿਛੇ ਘੋੜਾ ਪਾਇਆ
ਸੀ, ਮੈਂ ਤੈਨੂੰ ਵਿਖਾਇਆ ਸੀ, ਤੂੰ ਕਿਹੜੇ ਰਾਹੇ ਜਾਣਾ ਏਂ। ਮੈਂ ਤੈਨੂੰ ਇਹ ਨਹੀਂ ਸੀ ਆਖਿਆ, ਜਾ ਤੇ ਆਪਣੀ
ਮੌਤ ਦੇ ਮੂੰਹ 'ਚ ਜਾ ਪੈ।''

ਛੋਟੇ ਕਦ ਵਾਲੀ ਬੁੱਢੀ ਨੇ ਆਪਣੀ ਸੱਜੀ ਅਖ ਦੇ ਅਥਰੂ ਪੂੰਝੇ, ਉਹਨੇ ਆਪਣੀ ਖੱਬੀ ਅਖ ਦੇ ਅਥਰੂ
ਪੂੰਝੇ ਤੇ ਫ਼ਰਨ–ਮੁਟਿਆਰ ਤੇ ਖਰਜ਼ੀਤ–ਬੇਰਗੇਨ ਦੇ ਵਿਚਕਾਰ ਬਹਿ ਗਈ।

ਛੋਟੇ ਕਦ ਵਾਲੀ ਬੁੱਢੀ ਨੇ ਆਖਿਆ :

"ਇਹ ਕਿਵੇਂ ਹੋਇਆ ਕਿ ਤੂੰ ਜਿਹੜੀ ਮਰ ਗਈ ਸੈਂ ਤੇ ਜਿਹੜੀ ਫੇਰ ਜਿਊਂ ਪਈ, ਤੂੰ ਜਿਹੜੀ ਗੁਆਚ ਗਈ ਸੈਂ ਤੇ ਫੇਰ ਲਭ ਪਈ, ਇਹ ਕਿਵੇਂ ਹੋਇਆ ਕਿ ਤੂੰ ਖੁਸ਼ੀਆਂ ਨਹੀਂ ਮਨਾਂਦੀ ? ਤੁਹਾਨੂੰ ਇਕ ਦੂਜੇ ਨਾਲ ਪਹਿਲਾਂ ਵਾਂਗ ਈ ਪਿਆਰ ਕਰਨਾ ਚਾਹੀਦੈ, ਤੁਹਾਨੂੰ ਸੱਜਣਤਾਈ ਤੇ ਅਮਨ-ਚੈਨ ਨਾਲ ਰਹਿਣਾ ਚਾਹੀਦੈ। ਦੋਵੇਂ ਤੁਸੀਂ, ਮੇਰੇ ਕਹੇ 'ਤੇ ਕੰਨ ਧਰੋ ਜਿਵੇਂ ਮੈਂ ਕਹਿੰਦੀ ਆਂ, ਉਵੇਂ ਈ ਕਰੋ।"

ਮੁਟਿਆਰ ਮੰਨ ਗਈ ਤੇ ਪੋਲੇ ਜਿਹੇ ਕਹਿਣ ਲਗੀ :

"ਚੰਗਾ, ਜਿਵੇਂ ਤੂੰ ਕਹਿਣੀ ਏਂ, ਮੈਂ ਉਵੇਂ ਈ ਕਰਾਂਗੀ, ਮੈਂ ਮੁਆਫ਼ ਕਰ ਦਿਆਂਗੀ ਤੇ ਭੁਲ ਜਾਵਾਂਗੀ।"

ਤੇ ਇਹ ਸੁਣ ਖਰਜ਼ੀਤ-ਬੇਰਗੇਨ ਉਠ ਖਲੋਤਾ ਤੇ ਨੱਚਣ ਲਗ ਪਿਆ, ਲੁੱਡੀ ਪਾਣ ਤੇ ਫ਼ਰਨ-ਮੁਟਿਆਰ ਨੂੰ ਗਲੇ ਲਾਣ ਤੇ ਚੁੰਮਣ ਲਗ ਪਿਆ।

ਫੇਰ ਉਹਨਾਂ ਡੱਬੇ ਘੋੜੇ ਉਤੇ ਚਾਂਦੀ ਦੀ ਕਾਠੀ ਪਾਈ ਤੇ ਉਹਦੇ ਮੂੰਹ ਵਿਚ ਚਾਂਦੀ ਦੀ ਲਗਾਮ ਦਿਤੀ; ਉਹਨਾਂ ਉਹਦੇ ਉਤੇ ਚਾਂਦੀ ਦੀ ਝੁਲ ਪਾਈ, ਤੇ ਉਹਦੇ ਪਾਸੇ ਨਾਲ ਚਾਂਦੀ ਦਾ ਇਕ ਛਾਂਟਾ ਲਮਕਾ ਦਿਤਾ। ਤੇ ਫ਼ਰਨ-ਮੁਟਿਆਰ ਨੂੰ ਵਧੀਆ ਤੋਂ ਵਧੀਆ ਵੇਸ ਪੁਆਏ ਗਏ, ਤੇ ਉਹ ਤੇ ਖਰਜ਼ੀਤ-ਬੇਰਗੇਨ ਆਪਣੇ ਰਾਹੇ ਪੈ ਗਏ।

ਉਹਨਾਂ ਨੂੰ ਬੜਾ, ਬੜਾ ਹੀ ਚਿਰ ਲਗਾ। ਸਿਆਲਾਂ ਦੀ ਸੂਹ ਉਹਨਾਂ ਨੂੰ ਪੈਣ ਵਾਲੀ ਬਰਫ਼ ਤੋਂ ਲਗੀ, ਹੁਨਾਲੇ ਦੀ ਸੂਹ ਉਹਨਾਂ ਨੂੰ ਪੈਣ ਵਾਲੇ ਮੀਂਹ ਤੋਂ ਲਗੀ, ਪਤਝੜ ਦੀ ਸੂਹ ਉਹਨਾਂ ਨੂੰ ਉਸ ਕੁਹਰੇ ਤੋਂ ਲਗੀ, ਜਿਹੜਾ ਪੈਲੀਆਂ ਉਤੇ ਪਸਰਿਆ ਪਿਆ ਸੀ। ਉਹ ਅਗੇ ਤੇ ਅਗੇ ਚਲਦੇ ਗਏ, ਤੇ ਅਖ਼ੀਰ ਉਹ ਖਰਜ਼ੀਤ-ਬੇਰਗੇਨ ਦੇ 'ਯੁਰਤੇ' ਵਿਚ ਪਹੁੰਚ ਪਏ।

ਖਰਜ਼ੀਤ-ਬੇਰਗੇਨ ਦੇ ਸਾਰੇ ਰਿਸ਼ਤੇਦਾਰ, ਉਹਦੇ ਨੌਂ ਦੇ ਨੌਂ ਭਰਾ, ਵਹੁਟੀ ਨੂੰ ਅਗੋਂ ਲੈਣ ਆਏ। ਘੋੜਾ ਬੰਨ੍ਹਣ ਵਾਲੀ ਥਾਂ ਤੋਂ ਲੈ ਕੇ 'ਯੁਰਤੇ' ਤਕ ਉਹਨਾਂ ਹਰੀ ਘਾਹ ਦਾ ਗਲੀਚਾ ਵਿਛਾ ਦਿਤਾ।

"ਜਦੋਂ ਵਹੁਟੀ ਆਵੇਗੀ," ਉਹ ਆਪੋ ਵਿਚ ਕਹਿਣ ਲਗੇ, "ਉਹ ਇਕ ਪੈਰ ਧਰੇਗੀ ਤੇ ਫੇਰ ਇਕ ਹੋਰ ਧਰੇਗੀ, ਤੇ ਜਿਥੇ ਕਿਤੇ ਵੀ ਉਹ ਜਾਏਗੀ, ਉਹਦੀਆਂ ਪੈੜਾਂ 'ਚੋਂ ਸੇਬਲਾਂ ਕੁਦ ਨਿਕਲਣਗੀਆਂ।"

ਤੇ ਇਸ ਖਿਆਲ ਨਾਲ ਉਹ ਤੀਰ-ਕਮਾਨ ਬਣਾਣ ਲਗ ਪਏ ਤੇ ਉਹਨਾਂ ਏਨੀ ਮਿਹਨਤ ਕੀਤੀ ਕਿ ਉਹਨਾਂ ਦੇ ਹੱਥਾਂ ਦੀਆਂ ਤਲੀਆਂ ਤੋਂ ਮਾਸ ਲਹਿ ਗਿਆ।

ਤੇ ਖਰਜ਼ੀਤ-ਬੇਰਗੇਨ ਦੀਆਂ ਅਠ ਭੈਣਾਂ ਧਾਗਾ ਕੱਤਣ ਲਗੀਆਂ, ਤੇ ਉਹਨਾਂ ਵੀ ਏਡੀ ਮਿਹਨਤ ਕੀਤੀ ਕਿ ਉਹਨਾਂ ਦੀਆਂ ਉਂਗਲਾਂ ਤੋਂ ਮਾਸ ਲਹਿ ਗਿਆ। ਉਹ ਵਹੁਟੀ ਨੂੰ ਉਡੀਕਣ ਲਗੀਆਂ ਤੇ ਆਪੋ ਵਿਚ ਕਹਿਣ ਲਗੀਆਂ :

"ਜਦੋਂ ਉਹ ਆਵੇਗੀ, ਉਹ ਰੁਪਹਿਲੀ ਆਵਾਜ਼ 'ਚ ਗਲ ਕਰੇਗੀ ਤੇ ਉਹਦੇ ਮੂੰਹੋਂ ਕੀਮਤੀ ਲਾਲ ਮੋਤੀ ਝੜਨਗੇ।"

ਫੇਰ ਖਰਜ਼ੀਤ-ਬੇਰਗੇਨ ਆਪਣੀ ਵਹੁਟੀ ਨਾਲ ਅਪੜਿਆ, ਤੇ ਦੋ ਭੈਣਾਂ ਨੇ ਉਹਨਾਂ ਦੇ ਘੋੜੇ ਕਿਲਿਆਂ ਨਾਲ ਬੰਨ੍ਹ ਦਿਤੇ। ਉਹਨਾਂ ਵਹੁਟੀ ਨੂੰ ਬਾਹਵਾਂ ਵਿਚ ਲੈ ਲਿਆ ਤੇ ਹੇਠਾਂ ਉਤਾਰ ਲਿਆ। ਵਹੁਟੀ ਰੁਪਹਿਲੀ ਆਵਾਜ਼ ਵਿਚ ਬੋਲੀ ਤੇ ਉਹਦੇ ਮੂੰਹੋਂ ਲਾਲ ਮੋਤੀ ਝੜਨ ਲਗੇ, ਤੇ ਕੁੜੀਆਂ ਮੋਤੀ ਚੁੱਗਣ ਤੇ ਧਾਗੇ ਵਿਚ

ਪਰੋਣ ਲਗੀਆਂ। ਵਹੁਟੀ 'ਯੁਰਤੋ' ਵਲ ਟੁਰੀ, ਤੇ ਉਹਦੀਆਂ ਪੈੜਾਂ ਵਿਚੋਂ ਕਾਲੀਆਂ ਸੇਬਲਾਂ ਭਜ ਨਿਕਲੀਆਂ, ਤੇ ਨੌਜਵਾਨਾਂ ਨੇ ਆਪਣੇ ਤੀਰ-ਕਮਾਨ ਫੜੇ ਤੇ ਸੇਬਲਾਂ ਨੂੰ ਫੁੰਡਣ ਲਗ ਪਏ।

ਵਹੁਟੀ 'ਯੁਰਤੋ' ਅੰਦਰ ਵੜੀ ਤੇ ਉਹਨੇ ਤਿੰਨ ਲਵੇ ਲਾਰਚ-ਰੁਖਾਂ ਦੀਆਂ ਬੂੰਬਲਾਂ ਨਾਲ, ਚੁਲ੍ਹੇ ਵਿਚ ਅੱਗ ਬਾਲੀ।


ਵਿਆਹ ਦੀ ਜ਼ਿਆਫ਼ਤ ਹੋਈ। ਸਾਰੇ ਪਿੰਡਾਂ ਤੋਂ ਆਏ ਮਹਿਮਾਨ ਇਕੱਠੇ ਹੋਏ। ਉਹਨਾਂ ਵਿਚ ਗਵੱਯੇ ਸਨ, ਨੱਚਾਰ ਸਨ, ਕਿੱਸੇ ਸੁਣਾਣ ਵਾਲੇ ਤੇ ਕੁਸ਼ਤੀਆਂ ਕਰਨ ਵਾਲੇ ਤੇ ਬਾਜ਼ੀਆਂ ਲਾਣ ਵਾਲੇ ਵੀ।

ਜ਼ਿਆਫ਼ਤ ਤਿੰਨ ਦਿਨ ਹੁੰਦੀ ਰਹੀ, ਤੇ ਫੇਰ ਮੁਕ ਗਈ, ਤੇ ਮਹਿਮਾਨ ਘੋੜਿਆਂ ਉਤੇ ਤੇ ਪੈਦਲ, ਘਰੋ-ਘਰੀ ਚਲੇ ਗਏ।

ਤੇ ਖਰਜ਼ੀਤ-ਬੇਰਗੇਨ ਤੇ ਉਹਦੀ ਵਹੁਟੀ ਨੇ ਰਲ ਕੇ ਘਰ ਬਣਾਇਆ। ਉਹ ਸੱਜਣਤਾਈ ਤੇ ਅਮਨ-ਚੈਣ ਨਾਲ ਰਹਿੰਦੇ ਰਹੇ, ਉਹ ਖੁਸ਼ੀ-ਖੁਸ਼ੀ ਰਹਿੰਦੇ ਰਹੇ ਤੇ ਚੋਖਾ ਚਿਰ ਜਿਊਂਦੇ ਰਹੇ, ਤੇ ਕਿਹਾ ਜਾਂਦਾ ਏ ਕਿ ਉਹਨਾਂ ਦੇ ਪੋਤਰੇ-ਦੋਹਤਰੇ ਅਜੇ ਵੀ ਰਹਿ ਰਹੇ ਹਨ।

# ਸੋਨੇ ਦਾ ਪਿਆਲਾ

## ਬੁਰਯਾਤ ਪਰੀ-ਕਹਾਣੀ



ਕਹਿੰਦੇ ਨੇ, ਬੜਾ ਹੀ ਚਿਰ ਹੋਇਆ, ਪੁਰਾਣੇ ਜ਼ਮਾਨੇ ਵਿਚ, ਸੰਨਦ ਨਾਂ ਦਾ ਇਕ ਜ਼ੋਰਾਵਰ ਖਾਨ ਹੁੰਦਾ ਸੀ।

ਇਕ ਦਿਨ ਉਹਨੇ ਆਪਣੇ ਆਪ ਤੇ ਆਪਣੇ ਲੋਕਾਂ ਨੂੰ ਨਵਿਆਂ ਇਲਾਕਿਆਂ ਵਿਚ ਲਿਜਾਣ ਦਾ ਫ਼ੈਸਲਾ ਕੀਤਾ, ਜਿਥੇ ਡੇਰੇ ਲਾਣ ਦੀਆਂ ਥਾਵਾਂ ਪਹਿਲਾਂ ਨਾਲੋਂ ਚੰਗੀਆਂ ਤੇ ਚਰਾਂਦਾਂ ਪਹਿਲਾਂ ਨਾਲੋਂ ਭਰਵੀਆਂ ਸਨ। ਪਰ ਉਹਨਾਂ ਇਲਾਕਿਆਂ ਦੀ ਵਾਟ ਲੰਮੀ ਤੇ ਔਖੀ ਸੀ।

ਚੱਲਣ ਤੋਂ ਪਹਿਲਾਂ, ਸੰਨਦ ਖਾਨ ਨੇ ਹੁਕਮ ਦਿਤਾ ਕਿ ਸਾਰੇ ਬੁਢਿਆਂ ਨੂੰ ਮਾਰ ਦਿਤਾ ਜਾਵੇ।

"ਬੁਢੇ ਰਾਹ 'ਚ ਸਾਡੇ ਲਈ ਬੋਝ ਬਣਨਗੇ," ਉਹਨੇ ਆਖਿਆ। "ਸਾਡੇ ਨਾਲ ਇਕ ਵੀ ਬੁੱਢਾ ਜਾਂ ਬੁੱਢੀ ਨਹੀਂ ਹੋਣੀ ਚਾਹੀਦੀ, ਇਕ ਵੀ ਜਿਉਂਦਾ ਨਹੀਂ ਛਡਣਾ ਚਾਹੀਦੈ। ਜਿਹੜਾ ਮੇਰਾ ਹੁਕਮ ਨਹੀਂ ਮੰਨੇਗਾ, ਉਹਨੂੰ ਸਖ਼ਤ ਸਜ਼ਾ ਦਿਤੀ ਜਾਵੇਗੀ।"

ਹੁਕਮ ਡਾਢੇ ਕਹਿਰ ਵਾਲਾ ਸੀ, ਤੇ ਲੋਕਾਂ ਦੇ ਦਿਲ ਉਦਾਸੀ ਨਾਲ ਭਰ ਗਏ। ਪਰ ਚਾਰਾ ਕੋਈ ਨਹੀਂ ਸੀ, ਉਹਨਾਂ ਨੂੰ ਉਵੇਂ ਹੀ ਕਰਨਾ ਪੈਣਾ ਸੀ ਜਿਵੇਂ ਖਾਨ ਦੀ ਮਰਜ਼ੀ ਸੀ। ਉਹ ਸਾਰੇ ਖਾਨ ਤੋਂ ਡਰਦੇ ਸਨ ਤੇ ਉਹਨਾਂ ਨੂੰ ਉਹਦੀ ਹੁਕਮ-ਅਦੂਲੀ ਦੀ ਹਿੰਮਤ ਨਹੀਂ ਸੀ ਪੈਂਦੀ।

ਸੰਨਦ ਖਾਨ ਦੀ ਰਿਆਇਆ ਵਿਚੋਂ ਇਕ ਆਦਮੀ, ਸੀਰੇਨ ਨਾਂ ਦੇ ਇਕ ਨੌਜਵਾਨ, ਨੇ ਕਸਮ ਖਾਧੀ ਕਿ ਉਹ ਆਪਣੇ ਬੁੱਢੇ ਪਿਓ ਨੂੰ ਨਹੀਂ ਮਾਰੇਗਾ।

ਪੁੱਤਰ ਤੇ ਪਿਓ ਨੇ ਰਾਇ ਮੇਲੀ ਕਿ ਸੀਰੇਨ ਬੁੱਢੇ ਨੂੰ ਚਮੜੇ ਦੀ ਇਕ ਵਡੀ ਸਾਰੀ ਛਟ ਵਿਚ ਲੁਕਾ ਲਵੇਗਾ, ਤੇ ਉਹਨੂੰ ਸੰਨਦ ਖਾਨ ਤੇ ਹੋਰ ਹਰ ਕਿਸੇ ਤੋਂ ਚੋਰੀ, ਨਵੇਂ ਇਲਾਕਿਆਂ ਨੂੰ ਲੈ ਜਾਏਗਾ। ਜਿਥੋਂ ਤਕ ਇਹ ਸਵਾਲ ਸੀ ਕਿ ਅਗੋਂ ਜਾ ਕੇ ਕੀ ਬਣੇਗਾ, ਉਹਨਾਂ ਸੋਚਿਆ, ਵੇਖੀ-ਡਿੱਠੀ ਜਾਵੇਗੀ...

ਸੰਨਦ ਖਾਨ ਨੇ ਪੁਰਾਣਾ ਡੇਰਾ ਛਡ ਦਿਤਾ ਤੇ ਆਪਣੇ ਲੋਕਾਂ ਤੇ ਇੱਜੜਾਂ ਨੂੰ ਨਾਲ ਲੈ ਉਤਰ ਵਲ ਦੁਰਾਡੇ ਇਲਾਕਿਆਂ ਨੂੰ ਹੋ ਪਿਆ। ਤੇ ਉਹਨਾਂ ਦੇ ਨਾਲ, ਸੀਰੇਨ ਦੇ ਘੋੜੇ ਉਤੇ ਰਖੀ ਚਮੜੇ ਦੀ ਇਕ ਵਡੀ ਸਾਰੀ ਛਟ ਵਿਚ ਉਹਦਾ ਬੁੱਢਾ ਪਿਓ ਵੀ ਗਿਆ। ਸੀਰੇਨ, ਦੂਜਿਆਂ ਤੋਂ ਲੁਕਾ-ਛੁਪਾ ਆਪਣੇ ਪਿਓ ਨੂੰ ਖਾਣ-ਪੀਣ ਨੂੰ ਦੇਂਦਾ, ਤੇ ਜਦੋਂ ਕਦੀ ਵੀ ਉਹ ਡੇਰਾ ਲਾਂਦੇ, ਉਹ ਸ਼ਾਹ ਹਨੇਰਾ ਪੈਣ ਤਕ ਉਡੀਕਦਾ, ਛਟ ਦੀਆਂ

ਗੁਢਾਂ ਖੋਲ੍ਹਦਾ ਤੇ ਬੁੱਢ ਨੂੰ ਬਾਹਰ ਕਢ ਲੈਂਦਾ ਤੇ ਜੁ ਉਹ ਆਰਾਮ ਕਰ ਸਕੇ ਤੇ ਆਪਣੇ ਪੀੜ ਕਰ ਰਹੇ ਅੰਗਾਂ ਨੂੰ ਨਿੱਸਲ ਕਰ ਸਕੇ।

ਇਸ ਤਰ੍ਹਾਂ, ਉਹ ਕਿੰਨਾ ਹੀ ਚਿਰ ਚਲਦੇ ਗਏ ਤੇ ਅਖ਼ੀਰ ਇਕ ਵਡੇ ਸਾਰੇ ਸਮੁੰਦਰ ਦੇ ਕੰਢੇ ਪਹੁੰਚ ਪਏ।

ਖਾਨ ਦਾ ਇਕ ਨੌਕਰ ਪਾਣੀ ਦੇ ਸਿਰੇ ਤਕ ਗਿਆ ਤੇ ਉਹਨੂੰ ਸਮੁੰਦਰ ਦੀ ਤਹਿ ਵਿਚ ਕੋਈ ਚੀਜ਼ ਦਿੱਸੀ, ਜਿਹੜੀ ਚਮਕਾਂ ਤੇ ਡਲਕਾਂ ਮਾਰ ਰਹੀ ਸੀ। ਉਹਨੇ ਹੋਰ ਧਿਆਨ ਨਾਲ ਵੇਖਿਆ ਤੇ ਤਕਿਆ ਕਿ ਉਹ ਬਹੁਤ ਹੀ ਅਨੋਖੀ ਸ਼ਕਲ ਵਾਲਾ ਸੋਨੇ ਦਾ ਇਕ ਵਡਾ ਸਾਰਾ ਪਿਆਲਾ ਸੀ। ਇਕਦਮ ਖਾਨ ਕੋਲ ਪਰਤ, ਉਹਨੇ ਉਹਨੂੰ ਦਸਿਆ ਕਿ ਕੰਢੇ ਦੇ ਕੋਲ ਕਰ ਕੇ ਸਮੁੰਦਰ ਵਿਚ ਸੋਨੇ ਦਾ ਇਕ ਕੀਮਤੀ ਪਿਆਲਾ ਪਿਆ ਹੋਇਆ ਸੀ।

ਸੰਨਦ ਖਾਨ ਨੇ, ਦੂਜੀ ਵਾਰ ਸੋਚਿਆਂ ਬਿਨਾਂ, ਹੁਕਮ ਜਾਰੀ ਕਰ ਦਿਤਾ ਕਿ ਪਿਆਲਾ ਲਿਆ ਕੇ ਇਕਦਮ ਉਹਨੂੰ ਪੇਸ਼ ਕੀਤਾ ਜਾਵੇ। ਪਰ ਸਮੁੰਦਰ ਵਿਚ ਟੁੱਬੀ ਮਾਰਨ ਦੀ ਹਿੰਮਤ ਕਿਸੇ ਨੂੰ ਪੈ ਨਹੀਂ ਸੀ ਰਹੀ ਤੇ ਨਾ ਹੀ ਕੋਈ ਇਹਦੇ ਲਈ ਤਿਆਰ ਸੀ, ਇਸ ਲਈ ਖਾਨ ਨੇ ਹੁਕਮ ਦਿਤਾ, ਪਰਚੀਆਂ ਪਾਈਆਂ ਜਾਣ।

ਪਰਚੀ ਖਾਨ ਦੇ ਇਕ ਆਪਣੇ ਹੀ ਆਦਮੀ ਦੀ ਨਿਕਲੀ। ਉਸ ਆਦਮੀ ਨੇ ਟੁੱਬੀ ਮਾਰੀ, ਪਰ ਉਹ ਫੇਰ ਉਪਰ ਕਦੀ ਨਾ ਆਇਆ।

ਉਹਨਾਂ ਫੇਰ ਪਰਚੀਆਂ ਪਾਈਆਂ, ਤੇ ਜਿਸ ਆਦਮੀ ਦੀ ਪਰਚੀ ਨਿਕਲੀ, ਉਹ ਇਕ ਖੜਵੀਂ ਚਟਾਨ ਦੀ ਟੀਸੀ ਤੋਂ ਸਮੁੰਦਰ ਵਿਚ ਕੁਦਿਆ, ਪਰ ਉਹ ਵੀ ਫੇਰ ਕਦੀ ਨਾ ਦਿਸਿਆ।

ਇਸ ਤਰ੍ਹਾਂ ਸੰਨਦ ਖਾਨ ਦੇ ਕਿੰਨਿਆਂ ਹੀ ਲੋਕਾਂ ਦੀਆਂ ਜਾਨਾਂ ਜਾਂਦੀਆਂ ਰਹੀਆਂ।

ਪਰ ਬੇ-ਤਰਸ ਖਾਨ ਨੂੰ ਆਪਣੀ ਇਹ ਮੁਹਿੰਮ ਛੱਡਣ ਦਾ ਖਿਆਲ ਇਕ ਪਲ ਲਈ ਵੀ ਨਾ ਆਇਆ। ਉਹਦੇ ਹੁਕਮ ਅਨੁਸਾਰ, ਉਹਦੇ ਲੋਕ, ਨਾਂਹ-ਨੁਕਰ ਕੀਤੇ ਬਿਨਾਂ, ਅੱਗੜ-ਪਿੱਛੜ, ਸਮੁੰਦਰ ਵਿਚ ਟੁੱਬੀਆਂ ਮਾਰਦੇ ਤੇ ਖ਼ਤਮ ਹੁੰਦੇ ਗਏ।

ਅਖ਼ੀਰ ਪਿਆਲੇ ਵਾਸਤੇ ਟੁੱਬੀ ਮਾਰਨ ਲਈ ਸੀਰੇਨ ਦੀ ਵਾਰੀ ਆ ਗਈ। ਟੁੱਬੀ ਮਾਰਨ ਤੋਂ ਪਹਿਲਾਂ ਸੀਰੇਨ ਆਪਣੇ ਪਿਓ ਤੋਂ ਰੁਖ਼ਸਤ ਹੋਣ ਉਸ ਥਾਂ ਗਿਆ, ਜਿਥੇ ਉਹਨੇ ਉਹਨੂੰ ਲੁਕਾਇਆ ਹੋਇਆ ਸੀ।

''ਅਲਵਿਦਾ, ਅੱਬਾ,'' ਸੀਰੇਨ ਨੇ ਕਿਹਾ। ''ਅਸੀਂ ਦੋਵੇਂ, ਤੂੰ ਤੇ ਮੈਂ, ਮਰਨ ਲਗੇ ਹਾਂ।''

''ਹੋਇਆ ਕੀ ਏ? ਕਿਉਂ ਮਰਨਾ ਏਂ ਤੂੰ?'' ਬੁੱਢੇ ਨੇ ਪੁਛਿਆ।

ਫੇਰ ਸੀਰੇਨ ਨੇ ਦਸਿਆ ਕਿ ਪਿਆਲੇ ਲਈ ਸਮੁੰਦਰ ਦੀ ਤਹਿ ਵਿਚ ਟੁੱਬੀ ਮਾਰਨ ਲਈ ਉਹਦਾ ਨਾਂ ਨਿਕਲ ਆਇਆ ਸੀ।

''ਪਰ ਜਿਨ੍ਹਾਂ-ਜਿਨ੍ਹਾਂ ਵੀ ਟੁੱਬੀ ਮਾਰੀ ਏ, ਉਹਨਾਂ 'ਚੋਂ ਇਕ ਵੀ ਫੇਰ ਉਪਰ ਨਹੀਂ ਆਇਆ,'' ਉਹ ਕਹਿਣ ਲਗਾ। ''ਇਸ ਤਰ੍ਹਾਂ, ਖਾਨ ਦੇ ਹੁਕਮ 'ਤੇ ਮੈਂ ਸਮੁੰਦਰ 'ਚ ਮਰ ਜਾਣੈਂ ਤੇ ਤੂੰ ਏਥੇ ਲਭ ਪੈਣੈਂ ਤੇ ਉਹਦੇ ਨੌਕਰਾਂ ਤੈਨੂੰ ਮਾਰ ਦੇਣੈਂ।''

ਬੁੱਢੇ ਨੇ ਉਹਦੀ ਸਾਰੀ ਗਲ ਸੁਣੀ ਤੇ ਬੋਲਿਆ:

''ਜੇ ਇੰਜ ਈ ਹੋਇਆ, ਤਾਂ ਤੁਸੀਂ ਸੋਨੇ ਦਾ ਪਿਆਲਾ ਹਾਸਲ ਕੀਤੇ ਬਿਨਾਂ ਈ ਸਮੁੰਦਰ 'ਚ ਡੁਬ ਜਾਓਗੇ। ਪਿਆਲਾ ਸਮੁੰਦਰ ਦੀ ਤਹਿ 'ਚ ਉਕਾ ਨਹੀਂ। ਉਹ ਪਹਾੜ ਦਿਸਦਾ ਈ, ਸਮੁੰਦਰ ਤੋਂ ਨੇੜੇ ਈ? ਹਾਂ, ਤੇ

ਸੋਨੇ ਦਾ ਪਿਆਲਾ ਉਹਦੀ ਟੀਸੀ 'ਤੇ ਏ। ਜਿਹਨੂੰ ਤੁਸੀਂ ਪਿਆਲਾ ਸਮਝਦੇ ਹੋ, ਉਹ ਉਹਦਾ ਸਿਰਫ਼ ਅਕਸ ਏ। ਤੁਹਾਨੂੰ ਕਿਸੇ ਨੂੰ ਇਹ ਗਲ ਕਿਉਂ ਨਾ ਸੁੱਝੀ ?''

''ਮੈਂ ਕੀ ਕਰਾਂ ?'' ਸੀਰੇਨ ਨੇ ਪੁਛਿਆ।

''ਪਹਾੜ 'ਤੇ ਚੜ੍ਹ ਜਾ, ਪਿਆਲਾ ਲਭ ਲੈ ਤੇ ਖਾਨ ਨੂੰ ਪਹੁੰਚਾ ਦੇ। ਪਿਆਲੇ ਨੂੰ ਲਭਣਾ ਮੁਸ਼ਕਲ ਨਹੀਂ ਹੋਣਾ ਚਾਹੀਦਾ। ਪਿਆਲਾ ਡਲਕਦੈ ਤੇ ਇਸ ਤਰ੍ਹਾਂ ਉਹਨੂੰ ਦੂਰੋਂ ਈ ਵੇਖਿਆ ਜਾ ਸਕਦੈ। ਪਰ, ਹੋ ਸਕਦੈ, ਉਹ ਏਡੀ ਅਪਹੁੰਚ ਚਟਾਨ ਉਤੇ ਹੋਵੇ, ਜਿਸ ਉਤੇ ਤੇਰੇ ਤੋਂ ਚੜ੍ਹਿਆ ਨਾ ਜਾ ਸਕੇ। ਜੇ ਇੰਜ ਹੋਵੇ ਤਾਂ ਤੈਨੂੰ ਇਹ ਕਰਨਾ ਚਾਹੀਦੈ: ਓਦੋਂ ਤਕ ਉਡੀਕ ਜਦੋਂ ਤਕ ਹਰਨੋਟੇ ਚਟਾਨ ਉਤੇ ਨਾ ਆ ਨਿਕਲਣ ਤੇ ਉਹਨਾਂ ਨੂੰ ਤ੍ਰਭਕਾ ਦੇਣ ਦਾ ਕੋਈ ਢੰਗ ਲਭ। ਹਰਨੋਟੇ ਭਜ ਉਠਣਗੇ ਤੇ ਕਾਹਲੀ 'ਚ ਪਿਆਲੇ ਨੂੰ ਧਕ ਡੇਗਣਗੇ। ਫੇਰ ਤੂੰ ਵਕਤ ਉਕਾ ਨਾ ਗਵਾਈਂ ਤੇ ਪਿਆਲੇ ਨੂੰ ਛੇਤੀ ਨਾਲ ਫੜਨ ਦੀ ਕਰੀਂ, ਨਹੀਂ, ਤਾਂ ਉਹ ਡੂੰਘੀ, ਹਨੇਰੀ ਖੱਡ 'ਚ ਜਾ ਪਵੇਗਾ।''

ਸੀਰੇਨ ਨੇ ਆਪਣੇ ਪਿਓ ਦਾ ਸ਼ੁਕਰੀਆ ਅਦਾ ਕੀਤਾ ਤੇ ਇਕਦਮ ਹੀ ਪਹਾੜ ਵਲ ਹੋ ਪਿਆ।

ਪਹਾੜ ਦੀ ਟੀਸੀ ਉਤੇ ਚੜ੍ਹਨਾ ਸੌਖਾ ਨਹੀਂ ਸੀ। ਸੀਰੇਨ ਝਾੜੀਆਂ, ਰੁਖਾਂ ਤੇ ਤਿਖੇ ਕਿੰਗਰਿਆਂ ਵਾਲੀਆਂ ਚਟਾਨਾਂ ਨੂੰ ਫੜਦਾ ਗਿਆ, ਤੇ ਉਹਦੇ ਮੂੰਹ ਤੇ ਹੱਥਾਂ ਉਤੇ ਇੰਜ ਝਰੀਟਾਂ ਪੈ ਗਈਆਂ ਕਿ ਲਹੂ ਸਿੰਮਣ ਲਗ ਪਿਆ, ਤੇ ਉਹਦੇ ਕਪੜੇ ਪਾਟ ਗਏ। ਅਖ਼ੀਰ, ਉਹਨੂੰ ਟੀਸੀ ਤਕ ਪਹੁੰਚਦਿਆਂ ਹੀ ਸੋਨੇ ਦਾ ਪਿਆਲਾ ਦਿਸ ਪਿਆ। ਉਹ ਡਾਢਾ ਸੁਹਣਾ ਸੀ। ਉਹ ਇਕ ਉੱਚੀ ਤੇ ਅਪਹੁੰਚ ਚਟਾਨ ਉਤੇ ਪਿਆ ਸੀ, ਤੇ ਚਮਕ ਤੇ ਡਲਕ ਰਿਹਾ ਸੀ।

ਸੀਰੇਨ ਨੂੰ ਦਿਸ ਪਿਆ ਕਿ ਉਹ ਚਟਾਨ ਉਤੇ ਕਦੀ ਵੀ ਨਹੀਂ ਚੜ੍ਹ ਸਕਣ ਲਗਾ। ਤੇ ਉਹ ਆਪਣੇ ਪਿਓ ਦੇ ਆਖੇ ਉਤੇ ਚਲਦਾ, ਹਰਨੋਟਿਆਂ ਦੇ ਆ ਨਿਕਲਣ ਦੀ ਉਡੀਕ ਕਰਨ ਲਗਾ।

ਉਹਨੂੰ ਬਹੁਤਾ ਚਿਰ ਨਾ ਉਡੀਕਣਾ ਪਿਆ। ਛੇਤੀ ਹੀ ਬਹੁਤ ਸਾਰੇ ਹਰਨੋਟੇ ਚਟਾਨ ਉਤੇ ਆ ਨਿਕਲੇ। ਉਹ ਅਡੋਲ ਹੇਠਾਂ ਟਕ ਲਾ ਖਲੋ ਗਏ। ਸੀਰੇਨ ਨੇ ਉਚੀ ਸਾਰੀ ਕੂਕ ਮਾਰੀ। ਹਰਨੋਟੇ ਤ੍ਰੱਭਕ ਪਏ ਤੇ ਚਟਾਨ ਉਤੇ ਏਧਰ–ਓਧਰ ਭੱਜਣ ਲਗੇ, ਤੇ ਉਹਨਾਂ ਸੋਨੇ ਦੇ ਪਿਆਲੇ ਨੂੰ ਧਕ ਦਿਤਾ। ਪਿਆਲਾ ਥੱਲੇ ਰਿੜ੍ਹਦਾ ਆਇਆ ਤੇ ਸੀਰੇਨ ਨੇ ਡਿਗਦੇ-ਡਿਗਦੇ ਨੂੰ ਚੁਸਤੀ ਨਾਲ ਫੜ ਲਿਆ।

ਖ਼ੁਸ਼ੀ–ਖ਼ੁਸ਼ਾਈਂ ਤੇ ਚਾਈਂ–ਚਾਈਂ ਉਹ ਪਿਆਲੇ ਨੂੰ ਹੱਥਾਂ ਵਿਚ ਫੜੀ, ਪਹਾੜ ਤੋਂ ਉਤਰਿਆ, ਸੰਨਦ ਖਾਨ ਕੋਲ ਗਿਆ ਤੇ ਪਿਆਲੇ ਨੂੰ ਉਹਦੇ ਅਗੇ ਰਖ ਦਿਤਾ।

''ਇਸ ਪਿਆਲੇ ਨੂੰ ਸਮੁੰਦਰ ਦੀ ਤਹਿ 'ਚੋਂ ਕਿਵੇਂ ਕਢਿਐ ਤੂੰ ?'' ਖਾਨ ਨੇ ਉਹਦੇ ਤੋਂ ਪੁਛਿਆ।

''ਮੈਨੂੰ ਇਹ ਓਥੋਂ ਨਹੀਂ ਲੱਭਾ,'' ਸੀਰੇਨ ਨੇ ਜਵਾਬ ਦਿਤਾ, ''ਉਹ ਪਰ੍ਹਾਂ ਵਾਲੇ ਪਹਾੜ ਦੀ ਟੀਸੀ ਤੋਂ ਲਭਿਐ। ਜੁ ਸਾਨੂੰ ਸਮੁੰਦਰ 'ਚ ਦਿਸਦਾ ਸੀ, ਉਹ ਇਹਦਾ ਅਕਸ ਈ ਸੀ।''

''ਇਹ ਤੈਨੂੰ ਕਿਨੇ ਦਸਿਆ ਸੀ ?'' ਖਾਨ ਨੇ ਪੁਛਿਆ।

''ਮੈਨੂੰ ਆਪ ਸੁਝਿਆ ਸੀ,'' ਸੀਰੇਨ ਨੇ ਜਵਾਬ ਦਿਤਾ।

ਖਾਨ ਨੇ ਉਹਦੇ ਤੋਂ ਹੋਰ ਕੁਝ ਨਾ ਪੁਛਿਆ ਤੇ ਉਹਨੂੰ ਜਾਣ ਦਿਤਾ।

ਅਗਲੇ ਦਿਨ ਸੰਨਦ ਖਾਨ ਤੇ ਉਹਦੇ ਲੋਕ ਅਗੇ ਟੁਰ ਪਏ।

ਉਹ ਕਿੰਨਾ ਹੀ ਚਿਰ ਚਲਦੇ ਗਏ ਤੇ ਅਖ਼ੀਰ ਉਹ ਇਕ ਬਹੁਤ ਵਡੇ ਥਲ ਵਿਚ ਪਹੁੰਚ ਪਏ। ਏਥੇ

ਸੂਰਜ ਨੇ ਜ਼ਮੀਨ ਨੂੰ ਤਪਾਇਆ ਹੋਇਆ ਸੀ ਤੇ ਸਾਰੀ ਘਾਹ ਸਾੜ ਸੁੱਟੀ ਸੀ। ਨੇੜੇ-ਤੇੜੇ ਕਿਤੇ ਦਰਿਆ ਕੋਈ ਨਹੀਂ ਸੀ, ਏਥੋਂ ਤਕ ਕਿ ਕੋਈ ਨਦੀ ਤਕ ਵੀ ਨਹੀਂ ਸੀ। ਆਦਮੀਆਂ ਤੇ ਪਸ਼ੂਆਂ ਦਾ ਡਾਢੀ ਤਿਹ ਨਾਲ ਬੁਰਾ ਹਾਲ ਹੋਣ ਲਗਾ। ਸੰਨਦ ਖਾਨ ਨੇ ਪਾਣੀ ਦੀ ਭਾਲ ਲਈ ਸਾਰਿਆਂ ਪਾਸਿਆਂ ਵਲ ਘੋੜਸਵਾਰ ਘੱਲੇ, ਪਰ ਭਾਵੇਂ ਉਹਨਾਂ ਕਿੰਨੀ ਵੀ ਕੋਸ਼ਿਸ਼ ਕਿਉਂ ਨਾ ਕੀਤੀ, ਉਹਨਾਂ ਨੂੰ ਪਾਣੀ ਕੋਈ ਨਾ ਲਭ ਸਕਿਆ, ਕਿਉਂ ਜੁ ਚੌਹਾਂ ਪਾਸੇ ਸੁੱਕੀ, ਭੁਜੀ ਹੋਈ ਜ਼ਮੀਨ ਸੀ। ਲੋਕਾਂ ਨੂੰ ਸਹਿਮ ਪੈ ਰਿਹਾ ਸੀ। ਉਹਨਾਂ ਨੂੰ ਸੁਝ ਨਹੀਂ ਸੀ ਰਿਹਾ, ਕੀ ਕਰਨ ਜਾਂ ਕਿਥੇ ਜਾਣ।

ਸੀਰੇਨ ਚੋਰੀ-ਚੋਰੀ ਓਥੇ ਗਿਆ, ਜਿਥੇ ਉਹਨੇ ਆਪਣੇ ਪਿਓ ਨੂੰ ਛਡਿਆ ਹੋਇਆ ਸੀ।

"ਅੱਬਾ, ਦਸ, ਅਸੀਂ ਕੀ ਕਰੀਏ?" ਉਹਨੇ ਪੁਛਿਆ। "ਅਸੀਂ ਸਾਰੇ ਤਿਹ ਨਾਲ ਮਰ ਰਹੇ ਹਾਂ, ਤੇ ਇਸੇ ਤਰ੍ਹਾਂ ਮਾਲ-ਡੰਗਰ ਵੀ।"

ਬੁੱਢੇ ਨੇ ਆਖਿਆ:

"ਤਿੰਨ ਸਾਲਾਂ ਦੀ ਗਾਂ ਖੁਲ੍ਹੀ ਛਡ ਦਿਓ ਤੇ ਉਹਨੂੰ ਧਿਆਨ ਨਾਲ ਤਕਦੇ ਰਹੋ। ਜਿਥੇ ਕਿਤੇ ਉਹ ਅਟਕ ਪਵੇ ਤੇ ਜ਼ਮੀਨ ਸੁੰਘਣ ਲਗ ਪਵੇ, ਓਥੋਂ ਪੁੱਟਣ ਲਗ ਪਵੋ।"

ਸੀਰੇਨ ਭੱਜਾ-ਭੱਜਾ ਗਿਆ ਤੇ ਉਹਨੇ ਤਿੰਨਾਂ ਵਰ੍ਹਿਆਂ ਦੀ ਇਕ ਗਾਂ ਖੋਲ੍ਹ ਛੱਡੀ, ਤੇ ਗਾਂ ਨੇ ਸਿਰ ਨੀਵਾਂ ਪਾ ਲਿਆ ਤੇ ਥਾਉਂ-ਥਾਈਂ ਘੁੰਮਣ ਲਗੀ। ਅਖ਼ੀਰ ਉਹ ਅਟਕ ਗਈ ਤੇ ਤਪਦੀ ਜ਼ਮੀਨ ਉਤੇ ਨਾਸਾਂ ਸੁੜਕਣ ਲਗੀ।

"ਏਥੋਂ ਪੁੱਟੋ," ਸੀਰੇਨ ਨੇ ਆਖਿਆ।

ਲੋਕੀ ਪੁੱਟਣ ਲਗ ਪਏ, ਤੇ ਉਹਨਾਂ ਨੂੰ ਛੇਤੀ ਹੀ ਜ਼ਮੀਨ ਹੇਠਾਂ ਇਕ ਵਡਾ ਸਾਰਾ ਚਸ਼ਮਾ ਲਭ ਪਿਆ। ਠੰਡਾ, ਸਾਫ਼ ਪਾਣੀ ਬਾਹਰ ਫੁਟ ਪਿਆ, ਤੇ ਜ਼ਮੀਨ ਉਤੇ ਵਹਿ ਆਇਆ। ਹਰ ਕਿਸੇ ਨੇ ਢਿਡ ਭਰ ਕੇ ਪੀਤਾ, ਤੇ ਉਹਦਾ ਦਿਲ ਖੁਸ਼ ਹੋ ਗਿਆ ਤੇ ਹੌਸਲਾ ਵਧ ਗਿਆ।

ਸੰਨਦ ਖਾਨ ਨੇ ਸੀਰੇਨ ਨੂੰ ਆਪਣੇ ਕੋਲ ਬੁਲਾਇਆ ਤੇ ਉਹਦੇ ਤੋਂ ਪੁਛਿਆ:

"ਇਸ ਸੁੱਕੀ ਥਾਂ 'ਤੇ ਜ਼ਮੀਨ-ਹੇਠਲਾ ਚਸ਼ਮਾ ਤੈਨੂੰ ਕਿਵੇਂ ਲਭ ਪਿਆ?"

"ਮੈਨੂੰ ਕੁਝ ਅਲਾਮਤਾਂ ਦਿੱਸੀਆਂ, ਜਿਨ੍ਹਾਂ ਤੋਂ ਮੈਨੂੰ ਪਤਾ ਲਗਾ ਪਿਆ, ਇਹ ਕਿਥੇ ਸੀ," ਸੀਰੇਨ ਨੇ ਜਵਾਬ ਦਿਤਾ।

ਲੋਕਾਂ ਨੇ ਕੁਝ ਹੋਰ ਪੀਤਾ, ਆਰਾਮ ਕੀਤਾ ਤੇ ਫੇਰ ਅਗੇ ਚਲ ਪਏ। ਉਹ ਕਿੰਨੇ ਹੀ ਦਿਨ ਚਲਦੇ ਰਹੇ, ਤੇ ਫੇਰ ਉਹ ਅਟਕ ਪਏ ਤੇ ਉਹਨਾਂ ਡੇਰਾ ਲਾ ਲਿਆ। ਚਾਣਚਕ ਹੀ ਰਾਤ ਵੇਲੇ ਡਾਢਾ ਸਖ਼ਤ ਮੀਂਹ ਪੈਣਾ ਸ਼ੁਰੂ ਹੋ ਗਿਆ ਤੇ ਧੂਣੀ ਬੁਝ ਗਈ। ਭਾਵੇਂ ਉਹਨਾਂ ਕਿੰਨਾ ਹੀ ਜ਼ੋਰ ਲਾਇਆ, ਲੋਕਾਂ ਤੋਂ ਅਗ ਫੇਰ ਨਾ ਬਾਲੀ ਗਈ। ਉਹ ਹੱਡਾਂ ਤੀਕ ਠਰ ਤੇ ਭਿੱਜ ਗਏ, ਤੇ ਉਹਨਾਂ ਨੂੰ ਸੁਝ ਨਹੀਂ ਸੀ ਰਿਹਾ, ਉਹ ਕੀ ਕਰਨ।

ਫੇਰ ਕਿਸੇ ਇਕ ਨੂੰ ਦਿਸਿਆ, ਜੁ ਇਕ ਦੁਰਾਡੇ ਪਹਾੜ ਦੀ ਟੀਸੀ ਉਤੇ ਬਲਦੀ ਧੂਣੀ ਦੀ ਲੋ ਜਾਪਦੀ ਸੀ।

ਸੰਨਦ ਖਾਨ ਨੇ ਇਕਦਮ ਹੁਕਮ ਦਿਤਾ ਕਿ ਪਹਾੜ ਤੋਂ ਅਗ ਲਿਆਂਦੀ ਜਾਏ।

ਲੋਕੀ ਖਾਨ ਦਾ ਹੁਕਮ ਪੂਰਾ ਕਰਨ ਲਈ ਭੱਜੇ। ਪਹਿਲੋਂ ਇਕ, ਫੇਰ ਦੂਜਾ ਤੇ ਫੇਰ ਤੀਜਾ ਪਹਾੜੇ ਚੜ੍ਹਿਆ। ਉਹਨਾਂ ਸਭਨਾਂ ਨੂੰ ਅਗ ਲਭ ਪਈ, ਜਿਹੜੀ ਇਕ ਬਹੁਤ ਵਡੇ ਸਪਰੂਸ-ਰੁਖ ਦੀਆਂ ਸੰਘਣੀਆਂ

ਟਹਿਣੀਆਂ ਹੇਠ ਬਲ ਰਹੀ ਸੀ, ਤੇ ਇਕ ਸ਼ਿਕਾਰੀ ਵੀ, ਜਿਹੜਾ ਕੋਲ ਬੈਠਾ ਅਗ ਸੇਕ ਰਿਹਾ ਸੀ। ਉਹ ਸਾਰੇ ਆਪਣੇ ਨਾਲ ਇਕ–ਇਕ ਬਲਦੀ ਲੱਕੜ ਲੈ ਗਏ, ਪਰ ਉਹਨਾਂ ਵਿਚੋਂ ਕੋਈ ਵੀ ਉਹਨੂੰ ਡੇਰੇ ਤਕ ਨਾ ਪਹੁੰਚਾ ਸਕਿਆ। ਸਖ਼ਤ ਮੀਂਹ ਨੇ ਲਾਟ ਨੂੰ ਬੁਝਾ ਦਿਤਾ।

ਸੰਨਦ ਖਾਨ ਨੂੰ ਡਾਢਾ ਗੁੱਸਾ ਚੜ੍ਹ ਗਿਆ ਤੇ ਉਹਨੇ ਹੁਕਮ ਦਿਤਾ ਕਿ ਉਹਨਾਂ ਸਾਰਿਆਂ ਨੂੰ, ਜਿਹੜੇ ਅਗ ਲੈਣ ਗਏ ਸਨ ਤੇ ਉਹਦੇ ਬਿਨਾਂ ਪਰਤੇ ਸਨ, ਮਾਰ ਦਿਤਾ ਜਾਏ।

ਜਦੋਂ ਅਗ ਲਿਆਉਣ ਲਈ ਸੀਰੇਨ ਦੀ ਵਾਰੀ ਆਈ, ਉਹ ਰੀਂਗ ਉਸ ਥਾਂ 'ਤੇ ਪਹੁੰਚਿਆ, ਜਿਥੇ ਉਹਨੇ ਆਪਣੇ ਪਿਓ ਨੂੰ ਲੁਕਾਇਆ ਹੋਇਆ ਸੀ ਤੇ ਉਹਦੇ ਤੋਂ ਪੁੱਛਣ ਲਗਾ:

''ਅੱਬਾ, ਕੀ ਕਰਾਂ? ਪਹਾੜ ਤੋਂ ਡੇਰੇ ਅਗ ਲਿਆਂਦੀ ਕਿਵੇਂ ਜਾਵੇ?''

ਬੁੱਢੇ ਨੇ ਆਖਿਆ:

''ਬਲਦੀਆਂ ਲਕੜੀਆਂ ਨਾ ਲਈਂ — ਉਹ ਰਾਹ 'ਚ, ਧੁਖਣ ਲਗ ਪੈਣਗੀਆਂ ਜਾਂ ਮੀਂਹ ਨਾਲ ਬੁਝ ਜਾਣਗੀਆਂ। ਆਪਣੇ ਨਾਲ ਇਕ ਵਡਾ ਸਾਰਾ ਭਾਂਡਾ ਲੈ ਜਾ ਤੇ ਉਹਨੂੰ ਭਖ਼ਦੇ ਅੰਗਿਆਰਾਂ ਨਾਲ ਪੂਰਾ ਭਰ ਲਈਂ। ਅਗ ਡੇਰੇ ਤਕ ਤੂੰ ਸਿਰਫ਼ ਏਸ ਤਰ੍ਹਾਂ ਲਿਆ ਸਕੇਂਗਾ।''

ਸੀਰੇਨ ਨੇ ਉਵੇਂ ਹੀ ਕੀਤਾ, ਜਿਵੇਂ ਉਹਨੂੰ ਉਹਦੇ ਪਿਓ ਨੇ ਆਖਿਆ ਸੀ, ਤੇ ਉਹ ਪਹਾੜ ਤੋਂ ਭਖ਼ਦੇ ਅੰਗਿਆਰਾਂ ਦਾ ਭਾਂਡਾ ਭਰ ਕੇ ਲੈ ਆਇਆ। ਲੋਕਾਂ ਨੇ ਅੱਗਾਂ ਬਾਲ ਲਈਆਂ, ਆਪਣੇ ਆਪ ਨੂੰ ਸੁਕਾ ਤੇ ਨਿੱਘਾ ਕਰ ਲਿਆ ਤੇ ਆਪਣੀ ਰੋਟੀ ਪਕਾ ਲਈ।

ਜਦੋਂ ਸੰਨਦ ਖਾਨ ਨੂੰ ਪਤਾ ਲਗਾ, ਉਹਨਾਂ ਨੂੰ ਅਗ ਲਿਆ ਕੇ ਦੇਣ ਵਾਲਾ ਕੌਣ ਸੀ, ਉਹਨੇ ਹੁਕਮ ਦਿਤਾ ਕਿ ਸੀਰੇਨ ਉਹਦੇ ਅਗੇ ਪੇਸ਼ ਹੋਵੇ।

''ਇਹ ਕਿਵੇਂ ਹੋਇਆ ਕਿ ਤੂੰ ਜਿਹਨੂੰ, ਪਤਾ ਸੀ, ਅਗ ਕਿਵੇਂ ਲਿਆਈ ਜਾ ਸਕਦੀ ਏ, ਚੁਪ ਰਿਹਾ?'' ਉਹ ਕੜਕਿਆ। ''ਤੂੰ ਇਕਦਮ ਈ ਕਿਉਂ ਨਾ ਬੋਲ ਪਿਆ?''

''ਇਸ ਲਈ ਕਿ ਲਿਆਉਣ ਦੀ ਜਾਚ ਮੈਨੂੰ ਆਪ ਵੀ ਨਹੀਂ ਸੀ ਆਉਂਦੀ,'' ਸੀਰੇਨ ਨੇ ਉਹਨੂੰ ਦਸਿਆ।

''ਪਰ ਲਿਆ ਤਾਂ ਵੀ ਤੂੰ ਸਕਿਆ। ਇੰਜ ਕਿਸ ਤਰ੍ਹਾਂ ਹੋਇਆ?'' ਖਾਨ ਪੁੱਛੀ ਗਿਆ।

ਤੇ ਉਹ ਆਪਣੇ ਸਵਾਲ ਸੀਰੇਨ ਦੇ ਮੂੰਹ ਉਤੇ ਇੰਜ ਦਬਾ–ਦਬ ਮਾਰਦਾ ਗਿਆ ਕਿ ਸੀਰੇਨ ਨੇ ਅਖ਼ੀਰ ਇਕਬਾਲ ਕਰ ਲਿਆ ਕਿ ਉਹ ਖਾਨ ਦੇ ਹੁਕਮ ਆਪਣੇ ਪਿਓ ਦੀਆਂ ਸਿਆਣੀਆਂ ਸਲਾਹਵਾਂ ਦਾ ਸਦਕਾ ਪੂਰੇ ਕਰ ਸਕਿਆ ਸੀ।

''ਪਿਓ ਕਿਥੇ ਏ ਤੇਰਾ?'' ਖਾਨ ਨੇ ਪੁਛਿਆ।

ਸੀਰੇਨ ਨੇ ਕਿਹਾ:

''ਮੈਂ ਉਹਨੂੰ ਚਮੜੇ ਦੀ ਇਕ ਵਡੀ ਸਾਰੀ ਛਟ 'ਚ ਪਾ ਤੋੜ ਨਾਲ ਲੈ ਕੇ ਆਇਆਂ।''

ਫੇਰ ਸੰਨਦ ਖਾਨ ਨੇ ਹੁਕਮ ਦਿਤਾ ਕਿ ਬੁੱਢੇ ਨੂੰ ਉਹਦੇ ਸਾਹਮਣੇ ਪੇਸ਼ ਕੀਤਾ ਜਾਵੇ, ਤੇ ਉਹ ਉਹਨੂੰ ਕਹਿਣ ਲਗਾ:

''ਮੈਂ ਆਪਣਾ ਹੁਕਮ ਮੰਸੂਖ਼ ਕਰਦਾ ਹਾਂ। ਬੁੱਢੇ ਨੌਜਵਾਨ ਲਈ ਬੋਝ ਨਹੀਂ ਹੁੰਦੇ। ਉਮਰ ਕੋਲ ਸਿਆਣਪ ਹੁੰਦੀ ਏ। ਤੈਨੂੰ ਹੁਣ ਲੁੱਕਣ ਦੀ ਲੋੜ ਨਹੀਂ, ਤੂੰ ਬਾਕੀਆਂ ਨਾਲ ਖੁਲ੍ਹੇ ਆਮ ਚਲ ਸਕਣੈਂ।''

# ਪੌਣਾਂ ਦਾ ਸਾਈਂ, ਕੋਤੂਰਾ

**ਨੇਨੇਤਸ ਪਰੀ-ਕਹਾਣੀ**



ਇਕ ਵਾਰੀ, ਟਪਰੀਵਾਸਾਂ ਦੇ ਕਿਸੇ ਡੇਰੇ ਵਿਚ ਇਕ ਬੁੱਢਾ ਆਪਣੀਆਂ ਤਿੰਨ ਧੀਆਂ ਨਾਲ ਰਹਿੰਦਾ ਹੁੰਦਾ ਸੀ। ਸਭ ਤੋਂ ਛੋਟੀ ਧੀ ਤਿੰਨਾਂ ਵਿਚੋਂ ਸਭ ਤੋਂ ਚੰਗੇ ਦਿਲ ਵਾਲੀ ਤੇ ਸਿਆਣੀ ਸੀ।

ਬੁੱਢਾ ਬੜਾ ਗ਼ਰੀਬ ਸੀ। ਉਹਦਾ 'ਚੂਮ', ਖੱਲਾਂ ਦਾ ਖ਼ੇਮਾ, ਪਾਟਾ-ਪੁਰਾਣਾ ਤੇ ਛੇਕੋ-ਛੇਕ ਸੀ। ਪਾਣ ਨੂੰ ਗਰਮ ਕਪੜੇ ਬਹੁਤ ਘਟ ਸਨ। ਜਦੋਂ ਕੱਕਰ ਡਾਢਾ ਸਖ਼ਤ ਪੈਂਦਾ, ਬੁੱਢਾ ਆਪਣੀਆਂ ਤਿੰਨ ਧੀਆਂ ਨਾਲ ਅਗ ਕੋਲ ਗੁੱਛਾ-ਮੁੱਛਾ ਹੋ ਬਹਿੰਦਾ ਤੇ ਨਿੱਘਾ ਰਹਿਣ ਦਾ ਜਤਨ ਕਰਦਾ। ਰਾਤੀਂ, ਸੌਣ ਤੋਂ ਪਹਿਲਾਂ, ਉਹ ਅਗ ਬੁਝਾ ਦੇਂਦੇ, ਤੇ ਫੇਰ ਉਹ ਸਵੇਰ ਤਕ ਠੰਡ ਨਾਲ ਕੰਬਦੇ ਰਹਿੰਦੇ।

ਇਕ ਵਾਰੀ, ਭਰ ਸਿਆਲੀਂ, ਤੁੰਦਰਾ ਵਿਚ ਇਕ ਭਿਆਣਕ ਬਰਫ਼-ਝੱਖੜ ਝੁਲ ਪਿਆ। ਹਵਾ ਇਕ ਦਿਨ ਝੁਲਦੀ ਰਹੀ, ਦੂਜੇ ਦਿਨ ਝੁਲਦੀ ਰਹੀ ਤੇ ਉਹ ਤੀਜੇ ਦਿਨ ਝੁਲਦੀ ਰਹੀ, ਤੇ ਇੰਜ ਲਗਦਾ ਸੀ ਕਿ ਸਾਰੇ ਦੇ ਸਾਰੇ 'ਚੂਮ' ਕਿਤੇ ਦੂਰ ਉਡ ਜਾਣਗੇ। ਲੋਕਾਂ ਨੂੰ ਮੂੰਹ ਬਾਹਰ ਕੱਢਣ ਦੀ ਹਿੰਮਤ ਨਹੀਂ ਸੀ ਪੈ ਰਹੀ ਤੇ ਉਹ ਭੁੱਖੇ-ਭਾਣੇ ਤੇ ਠਰੂ-ਠਰੂ ਕਰਦੇ, ਆਪਣੇ 'ਚੂਮਾਂ' ਵਿਚ ਬੈਠੇ ਰਹੇ।

ਇਸੇ ਤਰ੍ਹਾਂ, ਬੁੱਢਾ ਤੇ ਉਹਦੀਆਂ ਤਿੰਨ ਧੀਆਂ ਵੀ ਬੈਠੀਆਂ ਸਨ। ਉਹ 'ਚੂਮ' ਵਿਚ ਬੈਠੇ ਸਨ ਤੇ ਉਹਨਾਂ ਝੁਲਦੇ ਝੱਖੜ ਉਤੇ ਕੰਨ ਲਾਏ ਹੋਏ ਸਨ। ਤੇ ਬੁੱਢਾ ਆਖਣ ਲਗਾ:

"ਇਸ ਝੱਖੜ 'ਚੋਂ ਬੈਠੇ-ਬੈਠੇ ਅਸੀਂ ਬਚ ਨਹੀਂ ਸਕਦੇ। ਇਹ ਪੌਣਾਂ ਦੇ ਸਾਈਂ, ਕੋਤੂਰਾ, ਨੇ ਝੁਲਾਇਐ। ਜ਼ਰੂਰ ਗੁੱਸਾ ਚੜ੍ਹਿਆ ਹੋਏਗਾ ਸੂ, ਉਡੀਕ ਰਿਹਾ ਹੋਏਗਾ, ਅਸੀਂ ਉਹਦੇ ਲਈ ਸੁਚੱਜੀ ਵਹੁਟੀ ਘੱਲੀਏ। ਤੈਨੂੰ, ਮੇਰੀਏ ਵਡੀਏ ਧੀਏ, ਕੋਤੂਰੇ ਕੋਲ ਜਾਣਾ ਚਾਹੀਦੈ, ਨਹੀਂ ਤਾਂ ਸਾਡੇ ਸਾਰੇ ਲੋਕੀ ਮਰ-ਮੁਕ ਜਾਣਗੇ। ਤੂੰ ਜਾ ਤੇ ਮਿੰਨਤ ਕਰ ਸੂ, ਝੱਖੜ ਬੰਦ ਕਰ ਦੇਵੇ।"

"ਜਾਵਾਂ ਕਿਵੇਂ ਮੈਂ?" ਕੁੜੀ ਨੇ ਪੁਛਿਆ। "ਮੈਨੂੰ ਰਾਹ ਦਾ ਪਤਾ ਨਹੀਂ।"

"ਮੈਂ ਤੈਨੂੰ ਛੋਟੀ ਜਿਹੀ ਸਲੈਜ ਦੇਨਾਂ। ਇਹਨੂੰ ਇਸ ਤਰ੍ਹਾਂ ਰਖ ਦਈਂ ਕਿ ਇਹ ਹਵਾ ਦੇ ਸਾਹਮਣੇ ਹੋ ਜਾਏ, ਉਹਨੂੰ ਥੋੜਾ ਜਿਹਾ ਧਕ ਦਈਂ ਤੇ ਉਹਦੇ ਪਿਛੇ-ਪਿਛੇ ਹੋ ਪਈਂ। ਹਵਾ ਤੇਰੇ ਕੋਟ ਦੀਆਂ ਤਣੀਆਂ ਖੋਲ੍ਹ ਦੇਵੇਗੀ, ਪਰ ਤੂੰ ਉਹਨਾਂ ਨੂੰ ਬੰਨ੍ਹਣ ਲਈ ਅਟਕੀਂ ਨਾ। ਬਰਫ਼ ਤੇਰੇ ਬੂਟਾਂ 'ਚ ਵੜ ਜਾਵੇਗੀ, ਪਰ ਤੂੰ

ਉਹਨੂੰ ਝਾੜਨ ਲਈ ਖਲੋਈਂ ਨਾ। ਓਦੋਂ ਤਕ ਕਿਤੇ ਨਾ ਠਹਿਰੀਂ, ਜਦੋਂ ਤਕ ਤੂੰ ਇਕ ਉਚੇ ਪਹਾੜ ਕੋਲ ਨਹੀਂ ਪਹੁੰਚ ਜਾਂਦੀ। ਪਹਾੜ 'ਤੇ ਚੜ੍ਹ ਜਾਈਂ ਤੇ ਜਦੋਂ ਤੂੰ ਟੀਸੀ ਉਤੇ ਪਹੁੰਚ ਜਾਵੇਂ, ਫੇਰ ਤੂੰ ਬੂਟਾਂ 'ਚੋਂ ਬਰਫ਼ ਝਾੜਨ ਤੇ ਕੋਟ ਦੀਆਂ ਤਣੀਆਂ ਬੰਨ੍ਹਣ ਲਈ ਠਹਿਰ ਸਕਣੀ ਏਂ। ਹੌਲੀ-ਹੌਲੀ ਇਕ ਨਿੱਕਾ ਜਿਹਾ ਪੰਛੀ ਉਡਦਾ-ਉਡਦਾ ਤੇਰੇ ਕੋਲ ਆਏਗਾ ਤੇ ਤੇਰੇ ਮੋਢੇ 'ਤੇ ਆ ਬਹੇਗਾ। ਉਹਨੂੰ ਉਡਾਈਂ ਨਾ, ਉਹਦੇ ਨਾਲ ਮਿਹਰ ਤੋਂ ਕੰਮ ਲਵੀਂ ਤੇ ਉਹਨੂੰ ਪਿਆਰ ਕਰੀਂ। ਫੇਰ ਸਲੈਜ 'ਚ ਬਹਿ ਜਾਈਂ ਤੇ ਪਹਾੜ ਤੋਂ ਹੇਠਾਂ ਚਲੀ ਜਾਵੀਂ। ਸਲੈਜ ਤੈਨੂੰ ਸਿੱਧੀ ਕੋਤੂਰੇ ਦੇ 'ਚੂਮ' ਦੇ ਬੂਹੇ 'ਤੇ ਪਹੁੰਚਾ ਦੇਵੇਗੀ। 'ਚੂਮ' ਅੰਦਰ ਵੜ ਜਾਈਂ, ਪਰ ਕਿਸੇ ਚੀਜ਼ ਨੂੰ ਛੁਹੀਂ ਨਾ, ਬਸ ਬੈਠ ਜਾਈਂ ਤੇ ਉਡੀਕੀਂ। ਜਦੋਂ ਕੋਤੂਰਾ ਆਵੇ, ਜੁ ਕੁਝ ਵੀ ਉਹ ਤੈਨੂੰ ਕਰਨ ਲਈ ਕਹੇ, ਕਰੀਂ।"

ਸਭ ਤੋਂ ਵਡੀ ਧੀ ਨੇ ਆਪਣੀਆਂ ਪਸ਼ਮਾਂ ਪਾ ਲਈਆਂ, ਆਪਣੇ ਪਿਓ ਦੀ ਦਿਤੀ ਸਲੈਜ ਨੂੰ ਉਹਨੇ ਇਸ ਤਰ੍ਹਾਂ ਰਖ ਦਿਤਾ ਕਿ ਉਹ ਹਵਾ ਦੇ ਸਾਹਮਣੇ ਹੋ ਗਈ, ਤੇ ਇਕ ਵਾਰੀ ਧਕ ਉਹਨੇ ਉਹਨੂੰ ਅਗੇ ਵਲ ਠੇਲ ਦਿਤਾ।

ਉਹ ਉਹਦੇ ਪਿਛੇ-ਪਿਛੇ ਕੁਝ ਕੁ ਵਾਟ ਗਈ, ਤੇ ਉਹਦੇ ਕੋਟ ਦੀਆਂ ਤਣੀਆਂ ਖੁਲ੍ਹ ਗਈਆਂ, ਬਰਫ਼ ਉਹਦੇ ਬੂਟਾਂ ਵਿਚ ਵੜ ਗਈ ਤੇ ਉਹਨੂੰ ਡਾਢੀ ਸਖ਼ਤ ਠੰਡ ਲਗਣ ਲਗ ਪਈ। ਉਹਨੇ ਉਵੇਂ ਨਾ ਕੀਤਾ, ਜਿਵੇਂ ਕਰਨ ਲਈ ਉਹਨੂੰ ਉਹਦੇ ਪਿਓ ਨੇ ਆਖਿਆ ਸੀ, ਸਗੋਂ ਅਟਕ ਗਈ ਤੇ ਆਪਣੇ ਕੋਟ ਦੀਆਂ ਤਣੀਆਂ ਬੰਨ੍ਹਣ ਲਗ ਪਈ ਤੇ ਆਪਣੇ ਬੂਟਾਂ ਵਿਚੋਂ ਬਰਫ਼ ਝਾੜਨ ਲਗ ਪਈ। ਇਸ ਪਿਛੋਂ ਉਹ ਫੇਰ ਅਗੇ ਟੁਰ ਪਈ, ਓਧਰ ਜਿਧਰੋਂ ਹਵਾ ਆ ਰਹੀ ਸੀ। ਉਹ ਕਿੰਨਾ ਚਿਰ ਟੁਰਦੀ ਰਹੀ ਤੇ ਅਖ਼ੀਰ ਉਹਨੂੰ ਇਕ ਉੱਚਾ ਸਾਰਾ ਪਹਾੜ ਦਿਸਿਆ। ਉਹ ਪਹਾੜ ਉਤੇ ਚੜ੍ਹੀ ਹੀ ਸੀ ਕਿ ਇਕ ਛੋਟਾ ਜਿਹਾ ਪੰਛੀ ਉਡਦਾ-ਉਡਦਾ ਉਹਦੇ ਕੋਲ ਆਇਆ ਤੇ ਉਹਦੇ ਮੋਢੇ ਉਤੇ ਬਹਿਣ ਲਗਾ। ਪਰ ਸਭ ਤੋਂ ਵਡੀ ਧੀ ਨੇ ਉਹਨੂੰ ਚਿਕ ਦੇਣ ਲਈ ਹਥ ਮਾਰੇ ਤੇ ਪੰਛੀ ਕੁਝ ਚਿਰ ਉਹਦੇ ਉਤੇ ਚੱਕਰ ਲਾਂਦਾ ਰਿਹਾ ਤੇ ਫੇਰ ਉਡ ਗਿਆ। ਸਭ ਤੋਂ ਵਡੀ ਧੀ ਆਪਣੀ ਸਲੈਜ ਵਿਚ ਬਹਿ ਗਈ ਤੇ ਪਹਾੜ ਤੋਂ ਠਿਲ ਪਈ, ਤੇ ਸਲੈਜ ਇਕ ਵਡੇ ਸਾਰੇ 'ਚੂਮ' ਅਗੇ ਆਣ ਖਲੋਤੀ।

ਕੁੜੀ ਅੰਦਰ ਵੜ ਗਈ ਤੇ ਉਹਨੇ ਆਪਣੇ ਦੁਆਲੇ ਵੇਖਿਆ ਤੇ ਪਹਿਲੀ ਚੀਜ਼ ਜਿਹੜੀ ਉਹਨੇ ਵੇਖੀ, ਉਹ ਸੀ ਹਿਰਨ ਦੇ ਭੁੱਜੇ ਹੋਏ ਮਾਸ ਦਾ ਇਕ ਬਹੁਤ ਵਡਾ ਟੋਟਾ। ਉਹਨੇ ਅਗ ਬਾਲੀ, ਆਪਣੇ ਆਪ ਨੂੰ ਨਿਘਿਆਂ ਕੀਤਾ ਤੇ ਮਾਸ ਤੋਂ ਚਰਬੀ ਦੀਆਂ ਬੋਟੀਆਂ ਤੋੜਨ ਲਗ ਪਈ। ਉਹ ਇਕ ਬੋਟੀ ਤੋੜਦੀ ਤੇ ਖਾ ਲੈਂਦੀ, ਤੇ ਫੇਰ ਇਕ ਹੋਰ ਤੋੜ ਲੈਂਦੀ ਤੇ ਉਹਨੂੰ ਵੀ ਖਾ ਲੈਂਦੀ ਤੇ ਜਦੋਂ ਚਾਣਚਕ ਹੀ ਉਹਨੇ ਕਿਸੇ ਦੇ 'ਚੂਮ' ਵਲ ਆਉਣ ਦੀ ਆਵਾਜ਼ ਸੁਣੀ, ਉਹਨੇ ਢਿਡ ਭਰ ਕੇ ਖਾ ਲਿਆ ਹੋਇਆ ਸੀ। ਖਲ ਜਿਹੜੀ ਬੂਹੇ ਉਤੇ ਟੰਗੀ ਹੋਈ ਸੀ, ਚੁੱਕੀ ਗਈ, ਤੇ ਇਕ ਜਵਾਨ ਦਿਓ ਅੰਦਰ ਆਣ ਵੜਿਆ। ਇਹ ਆਪ ਕੋਤੂਰਾ ਸੀ। ਉਹਨੇ ਸਭ ਤੋਂ ਵਡੀ ਧੀ ਵਲ ਵੇਖਿਆ ਤੇ ਕਹਿਣ ਲਗਾ:

"ਕਿਥੋਂ ਆਈਂ ਏ, ਤੀਵੀਏਂ, ਤੇ ਏਥੇ ਕੀ ਚਾਹੀਦਾ ਈ?"

"ਮੇਰੇ ਪਿਓ ਨੇ ਮੈਨੂੰ ਤੇਰੇ ਕੋਲ ਘੱਲਿਐ," ਸਭ ਤੋਂ ਵਡੀ ਧੀ ਨੇ ਜਵਾਬ ਦਿਤਾ।

"ਕਿਉਂ ਘਲਿਆ ਸੂ ਤੈਨੂੰ?"

"ਇਸ ਲਈ ਕਿ ਤੂੰ ਮੈਨੂੰ ਆਪਣੀ ਵਹੁਟੀ ਬਣਾ ਲਵੇਂ।"

"ਮੈਂ ਬਾਹਰ ਸ਼ਿਕਾਰ 'ਤੇ ਗਿਆ ਹੋਇਆ ਸਾਂ ਤੇ ਮੈਂ ਕੁਝ ਮਾਸ ਲਿਆਂਦੈ। ਉਠ ਖਲੋ ਤੇ ਮੇਰੇ ਲਈ ਚਾੜ੍ਹ ਦੇ," ਕੋਤੂਰੇ ਨੇ ਆਖਿਆ।

ਸਭ ਤੋਂ ਵਡੀ ਧੀ ਨੇ ਉਵੇਂ ਹੀ ਕੀਤਾ, ਜਿਵੇਂ ਉਹਨੂੰ ਕਿਹਾ ਗਿਆ ਸੀ, ਤੇ ਜਦੋਂ ਮਾਸ ਤਿਆਰ ਹੋ ਗਿਆ, ਕੋਤੂਰੇ ਨੇ ਉਹਨੂੰ ਆਖਿਆ, ਮਾਸ ਨੂੰ ਭਾਂਡੇ ਵਿਚੋਂ ਕਢ ਲਵੇ ਤੇ ਉਹਦੇ ਦੋ ਹਿੱਸੇ ਕਰ ਲਵੇ।

"ਤੂੰ ਤੇ ਮੈਂ ਮਾਸ ਦਾ ਇਕ ਹਿੱਸਾ ਖਾਵਾਂਗੇ," ਉਹ ਕਹਿਣ ਲਗਾ। "ਦੂਜਾ ਹਿੱਸਾ ਲਕੜੀ ਦੀ ਤਸ਼ਤਰੀ 'ਚ ਪਾ ਲੈ ਤੇ ਇਹਨੂੰ ਗਵਾਂਢ ਦੇ 'ਚੂਮ' ਲੈ ਜਾ। ਆਪ 'ਚੂਮ' ਦੇ ਅੰਦਰ ਨਾ ਜਾਈਂ, ਪਰ ਬਾਹਰ ਬੂਹੇ 'ਤੇ ਉਡੀਕੀਂ। ਤੇ ਇਕ ਬੁੱਢੀ ਬਾਹਰ ਤੇਰੇ ਕੋਲ ਆਏਗੀ। ਉਹਨੂੰ ਮਾਸ ਦੇ ਦਈਂ ਤੇ ਓਨਾ ਚਿਰ ਉਡੀਕੀਂ, ਜਿੰਨਾ ਚਿਰ ਉਹ ਖਾਲੀ ਤਸ਼ਤਰੀ ਵਾਪਸ ਨਹੀਂ ਲੈ ਆਂਦੀ।"

ਸਭ ਤੋਂ ਵਡੀ ਧੀ ਨੇ ਮਾਸ ਚੁਕਿਆ ਤੇ ਬਾਹਰ ਚਲੀ ਗਈ। ਹਵਾ ਚਾਂਗਰ ਰਹੀ ਸੀ, ਤੇ ਬਰਫ਼ ਪੈ ਰਹੀ ਸੀ, ਤੇ ਕਾਲਾ ਸ਼ਾਹ ਹਨੇਰਾ ਸੀ। ਏਡੇ ਝੱਖੜ ਵਿਚ ਕਿਸੇ ਨੂੰ ਕੋਈ ਚੀਜ਼ ਕਿਵੇਂ ਲਭ ਸਕਦੀ ਸੀ!.. ਸਭ ਤੋਂ ਵਡੀ ਧੀ ਕੁਝ ਅਗੇ ਗਈ, ਅਟਕ ਗਈ, ਉਹਨੇ ਕੁਝ ਚਿਰ ਸੋਚਿਆ ਤੇ ਫੇਰ ਉਹਨੇ ਮਾਸ ਬਰਫ਼ ਵਿਚ ਸੁਟ ਦਿਤਾ। ਉਸ ਪਿਛੋਂ ਉਹ ਖਾਲੀ ਤਸ਼ਤਰੀ ਲੈ ਵਾਪਸ ਕੋਤੂਰੇ ਕੋਲ ਆ ਗਈ।

ਕੋਤੂਰੇ ਨੇ ਉਹਦੇ ਵਲ ਤਕਿਆ ਤੇ ਬੋਲਿਆ:

"ਗਵਾਂਢੀਆਂ ਨੂੰ ਮਾਸ ਦੇ ਦਿਤਾ ਈ?"

"ਆਹਖੋਂ, ਦੇ ਦਿਤੈ," ਸਭ ਤੋਂ ਵਡੀ ਧੀ ਨੇ ਜਵਾਬ ਦਿਤਾ।

"ਮੈਨੂੰ ਤਸ਼ਤਰੀ ਵਿਖਾ, ਮੈਂ ਤਕਣਾ ਚਾਹੁਨਾਂ, ਮਾਸ ਦੇ ਬਦਲੇ ਉਹਨਾਂ ਤੈਨੂੰ ਕੀ ਦਿਤੈ," ਉਹਨੇ ਉਹਨੂੰ ਆਖਿਆ।

ਸਭ ਤੋਂ ਵਡੀ ਧੀ ਨੇ ਕੋਤੂਰੇ ਨੂੰ ਖਾਲੀ ਤਸ਼ਤਰੀ ਵਿਖਾਈ, ਪਰ ਕੋਤੂਰੇ ਨੇ ਕੁਝ ਨਾ ਕਿਹਾ। ਉਹਨੇ ਆਪਣੇ ਹਿੱਸੇ ਦਾ ਮਾਸ ਖਾਧਾ ਤੇ ਸੌਂ ਗਿਆ।

ਸਵੇਰੇ ਉਹ ਉਠਿਆ, ਹਿਰਨ ਦੀਆਂ ਕੁਝ ਅਣ-ਕਮਾਈਆਂ ਖੱਲਾਂ 'ਚੂਮ' ਅੰਦਰ ਲਿਆਇਆ ਤੇ ਕਹਿਣ ਲਗਾ:

"ਜਦੋਂ ਮੈਂ ਸ਼ਿਕਾਰ ਖੇਡਣ ਗਿਆ ਹੋਵਾਂਗਾ, ਇਹਨਾਂ ਖੱਲਾਂ ਨੂੰ ਕਮਾ ਲਈਂ ਤੇ ਇਹਨਾਂ 'ਚੋਂ ਮੈਨੂੰ ਇਕ ਨਵਾਂ ਕੋਟ, ਨਵੇਂ ਬੂਟ ਤੇ ਨਵੇਂ ਦਸਤਾਨੇ ਬਣਾ ਦਈਂ। ਜਦੋਂ ਮੈਂ ਵਾਪਸ ਆਵਾਂਗਾ, ਮੈਂ ਉਹਨਾਂ ਨੂੰ ਪਾਵਾਂਗਾ ਤੇ ਵੇਖਾਂਗਾ, ਤੂੰ ਹੱਥਾਂ ਦੀ ਸੁਚੱਜੀ ਏਂ ਜਾਂ ਨਹੀਂ।"

ਤੇ ਇਹ ਕਹਿ, ਕੋਤੂਰਾ ਤੁੰਦਰਾ ਵਿਚ ਸ਼ਿਕਾਰ ਖੇਡਣ ਚਲਾ ਗਿਆ, ਤੇ ਸਭ ਤੋਂ ਵਡੀ ਧੀ ਕੰਮ ਲਗ ਗਈ। ਚਾਣਚਕ ਹੀ ਬੂਹੇ ਉਤੋਂ ਖਲ ਦਾ ਪਰਦਾ ਚੁਕਿਆ ਗਿਆ, ਤੇ ਇਕ ਧੌਲੇ ਸਿਰ ਵਾਲੀ ਬੁੱਢੀ ਅੰਦਰ ਆਈ।

"ਬੱਚੀਏ, ਮੇਰੀ ਅਖ 'ਚ ਕੁਝ ਪੈ ਗਿਐ," ਉਹ ਕਹਿਣ ਲਗੀ। "ਵੇਖ ਖਾਂ, ਕਢ ਸਕਣੀ ਏਂ।"

"ਮੇਰੇ ਕੋਲ ਤੇਰੇ ਨਾਲ ਸਿਰ ਖਪਾਣ ਨੂੰ ਵਕਤ ਨਹੀਂ," ਸਭ ਤੋਂ ਵਡੀ ਧੀ ਨੇ ਜਵਾਬ ਦਿਤਾ, "ਮੈਂ ਕੰਮ 'ਚ ਰੁੱਝੀ ਹੋਈ ਆਂ।"

ਬੁੱਢੀ ਨੇ ਕੁਝ ਨਾ ਆਖਿਆ, ਪਰ ਉਹਨੇ ਮੂੰਹ ਦੂਜੇ ਪਾਸੇ ਕਰ ਲਿਆ ਤੇ 'ਚੂਮ' ਵਿਚੋਂ ਚਲੀ ਗਈ। ਸਭ ਤੋਂ ਵਡੀ ਧੀ ਇੱਕਲੀ ਰਹਿ ਗਈ। ਉਹਨੇ ਖੱਲਾਂ ਨੂੰ ਕਾਹਲੀ-ਕਾਹਲੀ ਕਮਾਇਆ, ਤੇ ਉਹਨਾਂ ਨੂੰ ਇਕ ਚਾਕੂ ਨਾਲ ਕੱਟਣ ਲਗ ਪਈ, ਕੰਮ ਨੂੰ ਸ਼ਾਮ ਤਕ ਮੁਕਾਣ ਲਈ ਕਾਹਲ ਕਰਨ ਲਗੀ। ਸਚੀ ਮੁਚੀ, ਉਹਨੂੰ ਏਨੀ ਕਾਹਲ ਪਈ ਹੋਈ ਸੀ ਕਿ ਉਹਨੇ ਕਪੜਿਆਂ ਨੂੰ ਸੁਹਣੀ ਤਰ੍ਹਾਂ ਬਣਾਣ ਦੀ ਨਹੀਂ, ਸਗੋਂ ਉਹਨਾਂ ਨੂੰ ਛੇਤੀ

ਤੋਂ ਛੇਤੀ ਮੁਕਾਣ ਦੀ ਕੋਸ਼ਿਸ਼ ਕੀਤੀ। ਉਹਦੇ ਕੋਲ ਸਿਊਣ ਨੂੰ ਸੂਈ ਕੋਈ ਨਹੀਂ ਸੀ, ਤੇ ਕੰਮ ਮੁਕਾਣ ਨੂੰ ਸਿਰਫ਼ ਇਕੋ ਦਿਨ ਸੀ, ਤੇ ਕੁਝ ਵੀ ਬਣਾਨ ਲਈ ਉਹ ਇਸ ਤੋਂ ਵਧ ਕੁਝ ਨਹੀਂ ਸੀ ਕਰ ਸਕਦੀ।

ਸ਼ਾਮੀਂ ਕੋਤੂਰਾ ਸ਼ਿਕਾਰ ਤੋਂ ਵਾਪਸ ਆਇਆ।

"ਮੇਰੇ ਨਵੇਂ ਕਪੜੇ ਤਿਆਰ ਨੇ ?" ਉਹਨੇ ਉਹਦੇ ਤੋਂ ਪੁਛਿਆ।

"ਤਿਆਰ ਨੇ," ਸਭ ਤੋਂ ਵਡੀ ਧੀ ਨੇ ਜਵਾਬ ਦਿਤਾ।

ਕੋਤੂਰੇ ਨੇ ਕਪੜੇ ਫੜੇ, ਤੇ ਆਪਣੇ ਹਥ ਉਹਨਾਂ ਉਤੇ ਫੇਰੇ, ਤੇ ਖੱਲਾਂ ਏਨੀ ਭੈੜੀ ਤਰ੍ਹਾਂ ਕਮਾਈਆਂ ਗਈਆਂ ਹੋਈਆਂ ਸਨ ਕਿ ਛੁਹਣ ਨਾਲ ਉਹ ਖਰ੍ਹਵੀਆਂ ਲਗੀਆਂ। ਉਹਨੇ ਤਕਿਆ, ਤੇ ਉਹਨੂੰ ਦਿਸਿਆ ਕਿ ਕਪੜੇ ਸਫ਼ਾਈ ਨਾਲ ਨਹੀਂ ਸਨ ਕੱਟੇ ਹੋਏ, ਲਾ-ਪਰਵਾਹੀ ਨਾਲ ਸੀਤੇ ਗਏ ਸਨ ਤੇ ਉਹਨੂੰ ਬਹੁਤ ਹੀ ਛੋਟੇ ਸਨ।

ਇਹ ਵੇਖ ਉਹਨੂੰ ਡਾਢਾ ਗੁੱਸਾ ਚੜ੍ਹ ਗਿਆ, ਤੇ ਉਹਨੇ ਸਭ ਤੋਂ ਵਡੀ ਧੀ ਨੂੰ 'ਚੂਮ' ਵਿਚੋਂ ਬਾਹਰ ਸੁਟ ਦਿਤਾ। ਉਹਨੇ ਉਹਨੂੰ ਦੂਰ, ਬਹੁਤ ਹੀ ਦੂਰ, ਸੁਟ ਘਤਿਆ ਤੇ ਉਹ ਬਰਫ਼ ਦੇ ਢੇਰ ਵਿਚ ਡਿਗ ਪਈ ਤੇ ਓਥੇ ਪਈ ਰਹੀ ਤੇ ਅਖ਼ੀਰ ਯਖ਼ ਹੋ ਕੇ ਮਰ ਗਈ।

ਤੇ ਹਵਾ ਦੀਆਂ ਚਾਂਗਰਾਂ ਪਹਿਲਾਂ ਨਾਲੋਂ ਵੀ ਤੁੰਦ ਹੋ ਗਈਆਂ।

ਬੁੱਢਾ ਆਪਣੇ 'ਚੂਮ' ਵਿਚ ਬੈਠਾ ਰਿਹਾ, ਤੇ ਦਿਨੇ ਰਾਤੀਂ ਹਵਾ ਦਾ ਚਾਂਗਰਨਾ ਤੇ ਝੱਖੜ ਦਾ ਝੁਲਣਾ ਸੁਣਦਾ ਰਿਹਾ, ਤੇ ਕਹਿਣ ਲਗਾ:

"ਸਭ ਤੋਂ ਵਡੀ ਧੀ ਮੇਰੇ ਆਖੇ 'ਤੇ ਨਹੀਂ ਚੱਲੀ, ਜਿਵੇਂ ਮੈਂ ਉਹਨੂੰ ਕਿਹਾ ਸੀ, ਉਹਨੇ ਉਵੇਂ ਨਹੀਂ ਕੀਤਾ। ਇਸੇ ਕਰ ਕੇ ਹਵਾ ਨੇ ਚਾਂਗਰਨਾ ਬੰਦ ਨਹੀਂ ਕੀਤਾ। ਕੋਤੂਰਾ ਗੁੱਸੇ ਏ। ਦੂਜੀਏ ਧੀਏ, ਤੈਨੂੰ ਉਹਦੇ ਕੋਲ ਜਾਣਾ ਪਵੇਗਾ।"

ਬੁੱਢੇ ਨੇ ਇਕ ਛੋਟੀ ਜਿਹੀ ਸਲੈਜ ਬਣਾਈ, ਉਹਨੇ ਦੂਜੀ ਧੀ ਨੂੰ ਐਨ ਉਹੀਓ ਕੁਝ ਦਸਿਆ, ਜੁ ਉਹਨੇ ਸਭ ਤੋਂ ਵਡੀ ਧੀ ਨੂੰ ਦਸਿਆ ਸੀ, ਤੇ ਉਹਨੂੰ ਉਹਨੇ ਕੋਤੂਰੇ ਵਲ ਘਲ ਦਿਤਾ। ਤੇ ਉਹ ਆਪ ਆਪਣੀ ਸਭ ਤੋਂ ਛੋਟੀ ਧੀ ਨਾਲ 'ਚੂਮ' 'ਚ ਰਹਿ ਗਿਆ, ਤੇ ਝੱਖੜ ਦੇ ਬੰਦ ਹੋਣ ਦੀ ਉਡੀਕ ਕਰਨ ਲਗਾ।

ਦੂਜੀ ਧੀ ਨੇ ਸਲੈਜ ਨੂੰ ਇਸ ਤਰ੍ਹਾਂ ਰਖ ਦਿਤਾ ਕਿ ਉਹਦਾ ਮੂੰਹ ਹਵਾ ਵਲ ਹੋ ਗਿਆ, ਤੇ ਉਹਨੂੰ ਥੋੜ੍ਹਾ ਜਿਹਾ ਧਕ, ਉਹ ਉਹਦੇ ਪਿਛੇ ਟੁਰ ਪਈ। ਟੁਰਦੀ-ਟੁਰਦੀ ਦੇ ਕੋਟ ਦੀਆਂ ਤਣੀਆਂ ਖੁਲ੍ਹ ਗਈਆਂ ਤੇ ਬਰਫ਼ ਉਹਦੇ ਬੂਟਾਂ ਵਿਚ ਵੜ ਗਈ। ਉਹਨੂੰ ਡਾਢੀ ਠੰਡ ਲੱਗਣ ਲਗੀ, ਤੇ ਆਪਣੇ ਪਿਓ ਦੀ ਹਦਾਇਤ ਭੁਲ, ਉਹਨੇ ਬਰਫ਼ ਬੂਟਾਂ ਵਿਚੋਂ ਝਾੜ ਸੁੱਟੀ ਤੇ ਆਪਣੇ ਕੋਟ ਦੀਆਂ ਤਣੀਆਂ ਉਸ ਵੇਲੇ ਤੋਂ ਪਹਿਲਾਂ ਬੰਨ੍ਹ ਲਈਆਂ ਜਿਸ ਵੇਲੇ ਬੰਨ੍ਹਣ ਲਈ ਉਹਨੇ ਉਹਨੂੰ ਆਖਿਆ ਸੀ।

ਉਹ ਪਹਾੜ ਕੋਲ ਆਈ ਤੇ ਉਹਦੇ ਉਤੇ ਚੜ੍ਹ ਗਈ, ਤੇ ਛੋਟੇ ਜਿਹੇ ਪੰਛੀ ਨੂੰ ਵੇਖ, ਉਹਨੇ ਹਥ ਹਿਲਾ ਉਹਨੂੰ ਚਿਕ ਦਿਤਾ। ਫੇਰ ਉਹ ਆਪਣੀ ਸਲੈਜ ਵਿਚ ਬਹਿ ਗਈ ਤੇ ਪਹਾੜ ਤੋਂ ਠਿਲਦੀ ਸਿੱਧੀ ਕੋਤੂਰੇ ਦੇ 'ਚੂਮ' ਕੋਲ ਪਹੁੰਚ ਪਈ।

ਉਹ ਚੂਮ ਅੰਦਰ ਵੜ ਗਈ, ਉਹਨੇ ਅਗ ਬਾਲੀ ਤੇ ਢਿਡ ਭਰ ਕੇ ਹਿਰਨ ਦਾ ਮਾਸ ਖਾਧਾ ਤੇ ਕੋਤੂਰੇ ਦੀ ਉਡੀਕ ਵਿਚ ਬਹਿ ਗਈ।

ਕੋਤੂਰਾ ਆਪਣੇ ਸ਼ਿਕਾਰ ਤੋਂ ਵਾਪਸ ਆਇਆ, ਉਹਨੇ ਦੂਜੀ ਧੀ ਨੂੰ ਵੇਖਿਆ ਤੇ ਉਹਨੂੰ ਪੁੱਛਣ ਲਗਾ:

"ਮੇਰੇ ਕੋਲ ਕਿਉਂ ਆਈ ਏਂ ?"

"ਮੈਨੂੰ ਤੇਰੇ ਕੋਲ ਮੇਰੇ ਪਿਓ ਨੇ ਭੇਜਿਐ," ਦੂਜੀ ਧੀ ਨੇ ਜਵਾਬ ਦਿਤਾ।

"ਕਿਉਂ ਭੇਜਿਆ ਸੂ ਤੈਨੂੰ ?"

"ਇਸ ਲਈ ਕਿ ਤੂੰ ਮੈਨੂੰ ਆਪਣੀ ਵਹੁਟੀ ਬਣਾ ਲਵੇਂ।"

"ਤਾਂ ਫੇਰ ਓਥੇ ਕਿਉਂ ਬੈਠੀ ਹੋਈ ਏਂ ? ਮੈਨੂੰ ਭੁਖ ਲਗੀ ਹੋਈ ਏ, ਛੇਤੀ ਕਰ ਤੇ ਮੈਨੂੰ ਕੁਝ ਮਾਸ ਬਣਾ ਦੇ।"

ਜਦੋਂ ਮਾਸ ਤਿਆਰ ਹੋ ਗਿਆ, ਕੋਤੂਰੇ ਨੇ ਦੂਜੀ ਧੀ ਨੂੰ ਹੁਕਮ ਦਿਤਾ, ਉਹਨੂੰ ਭਾਂਡੇ ਵਿਚੋਂ ਕਢ ਲਵੇ ਤੇ ਦੋ ਹਿਸਿਆਂ ਵਿਚ ਕਟ ਲਵੇ।

"ਅੱਧਾ ਮਾਸ ਤੂੰ ਤੇ ਮੈਂ ਖਾਵਾਂਗੇ," ਕੋਤੂਰੇ ਨੇ ਆਖਿਆ। "ਤੇ ਬਾਕੀ ਦਾ ਹਿੱਸਾ ਤੂੰ ਓਸ ਲਕੜੀ ਦੀ ਤਸ਼ਤਰੀ 'ਚ ਪਾ ਲੈ ਤੇ ਇਹਨੂੰ ਗਵਾਂਢ ਵਾਲੇ 'ਚੂਮ' ਲੈ ਜਾ। ਆਪ 'ਚੂਮ' ਦੇ ਅੰਦਰ ਦਾ ਵੜੀਂ, ਪਰ ਉਹਦੇ ਨੇੜੇ ਖਲੋ ਜਾਈਂ ਤੇ ਆਪਣੀ ਤਸ਼ਤਰੀ ਦੇ ਬਾਹਰ ਵਾਪਸ ਲਿਆ ਦਿਤੇ ਜਾਣ ਤਕ ਉਡੀਕੀਂ।"

ਦੂਜੀ ਧੀ ਨੇ ਮਾਸ ਚੁਕ ਲਿਆ ਤੇ ਬਾਹਰ ਚਲੀ ਗਈ। ਹਵਾ ਚਾਂਗਰ ਰਹੀ ਸੀ ਤੇ ਬਰਫ਼ ਘੂਕ, ਤੇ ਕੁਝ ਵੀ ਲਭਣਾ–ਬੁਝਣਾ ਔਖਾ ਸੀ। ਇਸ ਲਈ ਉਹਦਾ ਹੋਰ ਅਗੇ ਜਾਣ ਨੂੰ ਦਿਲ ਨਾ ਕੀਤਾ, ਉਹਨੇ ਮਾਸ ਨੂੰ ਬਰਫ਼ ਉਤੇ ਸੁਟ ਦਿਤਾ, ਓਥੇ ਕੁਝ ਚਿਰ ਖਲੋਤੀ ਰਹੀ ਤੇ ਫੇਰ ਕੋਤੂਰੇ ਕੋਲ ਵਾਪਸ ਚਲੀ ਗਈ।

"ਉਹਨਾਂ ਨੂੰ ਮਾਸ ਦੇ ਦਿਤਾ ਈ ?" ਕੋਤੂਰੇ ਨੇ ਪੁਛਿਆ।

"ਆਹਖੋ, ਦੇ ਦਿਤੈ," ਦੂਜੀ ਧੀ ਨੇ ਜਵਾਬ ਦਿਤਾ।

"ਤੂੰ ਆ ਬੜੀ ਛੇਤੀ ਗਈ ਏਂ। ਮੈਨੂੰ ਤਸ਼ਤਰੀ ਵਿਖਾ, ਮੈਂ ਵੇਖਣਾ ਚਾਹੁਨਾਂ, ਉਹਨਾਂ ਤੈਨੂੰ ਮਾਸ ਦੇ ਬਦਲੇ 'ਚ ਕੀ ਦਿਤੈ।"

ਦੂਜੀ ਧੀ ਨੇ ਉਵੇਂ ਹੀ ਕੀਤਾ, ਜਿਵੇਂ ਕਰਨ ਲਈ ਉਹਨੂੰ ਕਿਹਾ ਗਿਆ, ਤੇ ਕੋਤੂਰੇ ਨੇ ਖਾਲੀ ਤਸ਼ਤਰੀ ਵਲ ਨਜ਼ਰ ਮਾਰੀ, ਪਰ ਮੂੰਹੋਂ ਕੁਝ ਨਾ ਕਿਹਾ ਤੇ ਸੌਂ ਗਿਆ। ਸਵੇਰੇ ਉਹ ਹਿਰਨ ਦੀਆਂ ਕੁਝ ਅਣ–ਕਮਾਈਆਂ ਖੱਲਾਂ ਲੈ ਆਇਆ ਤੇ ਦੂਜੀ ਧੀ ਨੂੰ ਕਹਿਣ ਲਗਾ, ਉਵੇਂ ਹੀ ਜਿਵੇਂ ਉਹਨੇ ਉਹਦੀ ਭੈਣ ਨੂੰ ਕਿਹਾ ਸੀ, ਸ਼ਾਮ ਤਕ ਉਹਨੂੰ ਨਵੇਂ ਕਪੜੇ ਬਣਾ ਦੇਵੇ।

"ਕੰਮ ਲਗ ਜਾ," ਉਹਨੇ ਆਖਿਆ। "ਸ਼ਾਮੀਂ ਮੈਂ ਵੇਖਾਂਗਾ, ਤੂੰ ਕਿੰਨੀ ਚੰਗੀ ਤਰ੍ਹਾਂ ਸਿਊਂ ਸਕਣੀ ਏਂ।"

ਇਹ ਕਹਿ ਕੋਤੂਰਾ ਸ਼ਿਕਾਰ ਖੇਡਣ ਚਲਾ ਗਿਆ। ਤੇ ਦੂਜੀ ਧੀ ਕੰਮ ਲਗ ਗਈ। ਉਹਨੂੰ ਬਹੁਤ ਕਾਹਲ ਪਈ ਹੋਈ ਸੀ, ਕਿਉਂ ਜੁ ਉਹਨੇ ਕਿਸੇ ਨਾ ਕਿਸੇ ਤਰ੍ਹਾਂ ਸ਼ਾਮ ਤਕ ਸਾਰਾ ਕੁਝ ਮੁਕਾਣਾ ਸੀ। ਚਾਣਚਕ ਹੀ ਇਕ ਧੌਲੇ ਸਿਰ ਵਾਲੀ ਬੁੱਢੀ 'ਚੂਮ' ਵਿਚ ਆਣ ਵੜੀ।

"ਬਚੀਏ, ਮੇਰੀ ਅੱਖ 'ਚ ਤੀਲਾ ਪੈ ਗਿਐ," ਉਹਨੇ ਆਖਿਆ। "ਇਹਨੂੰ ਕਢ ਦੇ, ਆ, ਮੇਰੇ ਆਪਣੇ ਤੋਂ ਨਹੀਂ ਨਿਕਲਦਾ।"

"ਮੇਰੇ ਕੋਲ ਤੇਰੇ ਇਸ ਪੁਰਾਣੇ ਤੀਲੇ ਨਾਲ ਸਿਰ ਖਪਾਣ ਲਈ ਵਿਹਲ ਨਹੀਂ!" ਦੂਜੀ ਧੀ ਨੇ ਜਵਾਬ ਦਿਤਾ। "ਚਲੀ ਜਾ ਤੇ ਮੈਨੂੰ ਆਪਣਾ ਕੰਮ ਕਰਨ ਦੇ।"

ਤੇ ਬੁੱਢੀ ਨੇ ਜਵਾਬ ਵਿਚ ਕੁਝ ਨਾ ਕਿਹਾ ਤੇ ਇਕ ਵੀ ਲਫ਼ਜ਼ ਬੋਲੇ ਬਿਨਾਂ ਚਲੀ ਗਈ। ਜਦੋਂ ਰਾਤ ਪਈ, ਕੋਤੂਰਾ ਆਪਣੇ ਸ਼ਿਕਾਰ ਤੋਂ ਵਾਪਸ ਆਇਆ।

"ਮੇਰੇ ਕਪੜੇ ਤਿਆਰ ਨੇ?" ਉਹਨੇ ਪੁਛਿਆ।

"ਆਹਖੋ, ਤਿਆਰ ਨੇ," ਦੂਜੀ ਧੀ ਨੇ ਜਵਾਬ ਦਿਤਾ।

"ਲਿਆ ਫੇਰ, ਮੈਨੂੰ ਪਾ ਕੇ ਵੇਖਣ ਦੇ।"

ਕੋਤੂਰੇ ਨੇ ਕਪੜੇ ਪਾਏ, ਤੇ ਉਹਨੇ ਵੇਖਿਆ ਉਹ ਸਫ਼ਾਈ ਨਾਲ ਨਹੀਂ ਸਨ ਕੱਟੇ ਗਏ, ਤੇ ਉਹਨੂੰ ਬਹੁਤ ਛੋਟੇ ਸਨ, ਤੇ ਸਿਊਣਾਂ ਸਾਰੀਆਂ ਹੀ ਡਿੰਗ-ਪੜਿੰਗੀਆਂ ਸਨ। ਕੋਤੂਰੇ ਨੂੰ ਡਾਢਾ ਗੁੱਸਾ ਚੜ੍ਹ ਗਿਆ, ਉਹਨੇ ਦੂਜੀ ਧੀ ਨੂੰ ਵੀ ਓਥੇ ਸੁਟ ਦਿਤਾ, ਜਿਥੇ ਉਹਨੇ ਉਹਦੀ ਭੈਣ ਨੂੰ ਸੁਟਿਆ ਸੀ, ਤੇ ਉਹ ਵੀ ਯਖ਼ ਹੋ ਮਰ ਗਈ।

ਤੇ ਬੁੱਢਾ ਆਪਣੀ ਸਭ ਤੋਂ ਛੋਟੀ ਧੀ ਨਾਲ ਆਪਣੇ 'ਚੂਮ' ਵਿਚ ਬੈਠਾ ਸੀ ਤੇ ਝੱਖੜ ਦੇ ਮੱਠੇ ਪੈ ਜਾਣ ਦੀ ਨਿਸਫਲ ਉਡੀਕ ਕਰ ਰਿਹਾ ਸੀ। ਹਵਾ ਪਹਿਲਾਂ ਨਾਲੋਂ ਵੀ ਤੁੰਦ ਸੀ, ਤੇ ਇੰਜ ਲਗਦਾ ਸੀ, ਜਿਵੇਂ 'ਚੂਮ' ਕਿਸੇ ਪਲ ਵੀ ਉਡ-ਪੁਡ ਜਾਵੇਗਾ।

"ਮੇਰੀਆਂ ਧੀਆਂ ਨੇ ਮੇਰੇ ਆਖੇ 'ਤੇ ਕੰਨ ਨਹੀਂ ਧਰੇ," ਬੁੱਢੇ ਨੇ ਆਖਿਆ। "ਉਹਨਾਂ ਹਾਲਤ ਪਹਿਲਾਂ ਨਾਲੋਂ ਵੀ ਖ਼ਰਾਬ ਕਰ ਦਿਤੀ ਏ, ਕੋਤੂਰੇ ਨੂੰ ਗੁੱਸਾ ਚੜ੍ਹਾ ਦਿਤਾ ਨੇ। ਤੂੰ ਬਾਕੀ ਰਹਿ ਗਈ ਮੇਰੀ ਆਖਰੀ ਧੀ ਏਂ, ਪਰ ਮੈਨੂੰ ਤਾਂ ਵੀ ਤੈਨੂੰ ਕੋਤੂਰੇ ਕੋਲ ਭੇਜਣਾ ਪਵੇਗਾ, ਇਸ ਆਸ ਨਾਲ ਕਿ ਉਹ ਤੈਨੂੰ ਆਪਣੀ ਵਹੁਟੀ ਬਣਾ ਲਵੇਗਾ। ਜੇ ਮੈਂ ਨਹੀਂ ਘਲਦਾ, ਸਾਡੇ ਲੋਕ ਭੁਖ ਨਾਲ ਮਰ ਜਾਣਗੇ। ਇਸ ਲਈ, ਧੀਏ, ਤਿਆਰ ਹੋ ਜਾ ਤੇ ਚਲ ਪੌ।"

ਤੇ ਉਹਨੇ ਉਹਨੂੰ ਦਸਿਆ, ਕਿਥੇ ਜਾਣਾ ਸੀ ਤੇ ਕੀ ਕਰਨਾ ਸੀ।

ਸਭ ਤੋਂ ਛੋਟੀ ਧੀ 'ਚੂਮ' ਵਿਚੋਂ ਬਾਹਰ ਆਈ, ਉਹਨੇ ਸਲੈਜ ਨੂੰ ਇਸ ਤਰ੍ਹਾਂ ਰਖਿਆ ਕਿ ਉਹਦਾ ਮੂੰਹ ਹਵਾ ਵਲ ਹੋ ਗਿਆ, ਤੇ, ਇਕ ਵਾਰੀ ਧਕ, ਉਹਨੂੰ ਉਹਨੇ ਅਗੇ ਠੇਲ ਦਿਤਾ। ਹਵਾ ਚਾਂਗਰ ਤੇ ਗੜਕ ਰਹੀ ਸੀ, ਸਭ ਤੋਂ ਛੋਟੀ ਧੀ ਨੂੰ ਡੇਗ ਦੇਣ ਦੀ ਕੋਸ਼ਿਸ਼ ਕਰ ਰਹੀ ਸੀ, ਤੇ ਬਰਫ਼ ਉਹਦੀਆਂ ਅੱਖਾਂ ਵਿਚ ਵਜ ਰਹੀ ਸੀ, ਇਸ ਤਰ੍ਹਾਂ ਕਿ ਉਹਨੂੰ ਕੁਝ ਦਿਸ ਹੀ ਨਹੀਂ ਸੀ ਰਿਹਾ।

ਪਰ ਸਭ ਤੋਂ ਛੋਟੀ ਧੀ ਝੱਖੜ ਵਿਚ ਅਗੇ ਵਧਦੀ ਗਈ, ਉਹਨੇ ਪਿਓ ਦੀ ਹਦਾਇਤ ਦਾ ਇਕ ਲਫ਼ਜ਼ ਵੀ ਨਾ ਭੁਲਾਇਆ ਤੇ ਉਹ ਹਰ ਚੀਜ਼ ਐਨ ਉਵੇਂ ਕਰਦੀ ਗਈ, ਜਿਵੇਂ ਕਰਨ ਲਈ ਉਹਨੇ ਉਹਨੂੰ ਆਖਿਆ ਸੀ। ਉਹਦੇ ਕੋਟ ਦੀਆਂ ਤਣੀਆਂ ਖੁਲ੍ਹ ਗਈਆਂ, ਪਰ ਉਹ ਉਹਨਾਂ ਨੂੰ ਬੰਨ੍ਹਣ ਲਈ ਨਾ ਅਟਕੀ। ਬਰਫ਼ ਉਹਦੇ ਬੂਟਾਂ ਵਿਚ ਵੜ ਗਈ, ਪਰ ਉਹ ਉਹਨੂੰ ਝਾੜਨ ਲਈ ਨਾ ਖਲੋਤੀ। ਡਾਢੀ ਠੰਡ ਸੀ ਤੇ ਹਵਾ ਬਹੁਤ ਤੇਜ਼ ਸੀ, ਪਰ ਉਹ ਨਾ ਅਟਕੀ ਤੇ ਅਗੇ ਹੀ ਅਗੇ ਟੁਰਦੀ ਗਈ। ਜਦੋਂ ਉਹ ਪਹਾੜ ਕੋਲ ਪੁੱਜੀ ਤੇ ਉਹਦੇ ਉਤੇ ਚੜ੍ਹ ਗਈ, ਉਹ ਤਾਂ ਹੀ ਅਟਕੀ ਤੇ ਆਪਣੇ ਬੂਟਾਂ ਵਿਚੋਂ ਬਰਫ਼ ਝਾੜਨ ਤੇ ਆਪਣੇ ਕੋਟ ਦੀਆਂ ਤਣੀਆਂ ਬੰਨ੍ਹਣ ਲਗੀ। ਫੇਰ ਇਕ ਛੋਟਾ ਜਿਹਾ ਪੰਛੀ ਉਡਦਾ-ਉਡਦਾ ਉਹਦੇ ਕੋਲ ਆਇਆ ਤੇ ਉਹਦੇ ਮੋਢੇ ਉਤੇ ਬਹਿ ਗਿਆ। ਪਰ ਸਭ ਤੋਂ ਛੋਟੀ ਧੀ ਨੇ ਪੰਛੀ ਨੂੰ ਪਰ੍ਹਾਂ ਨਾ ਛਿਕ ਦਿਤਾ। ਉਹਨੇ, ਸਗੋਂ, ਉਹਨੂੰ ਲਾਡ ਕੀਤਾ ਤੇ ਥਾਪੜਿਆ। ਜਦੋਂ ਪੰਛੀ ਉਡ ਗਿਆ, ਸਭ ਤੋਂ ਛੋਟੀ ਧੀ ਆਪਣੀ ਸਲੈਜ ਵਿਚ ਬਹਿ ਗਈ ਤੇ ਪਹਾੜ ਤੋਂ ਠਿਲ ਸਿੱਧੀ ਕੋਤੂਰੇ ਦੇ 'ਚੂਮ' ਕੋਲ ਜਾ ਪੁੱਜੀ।

ਉਹ 'ਚੂਮ' ਅੰਦਰ ਚਲੀ ਗਈ ਤੇ ਉਡੀਕਣ ਲਗੀ। ਚਾਣਚਕ ਹੀ ਬੂਹੇ ਉਤੇ ਟੰਗੀ ਖਲ ਚੁੱਕੀ ਗਈ ਤੇ ਇਕ ਨੌਜਵਾਨ ਦਿਓ ਅੰਦਰ ਆਇਆ। ਜਦੋਂ ਉਹਨੇ ਸਭ ਤੋਂ ਛੋਟੀ ਧੀ ਨੂੰ ਵੇਖਿਆ, ਉਹ ਹਸ ਪਿਆ ਤੇ ਬੋਲਿਆ:

"ਮੇਰੇ ਕੋਲ ਕਿਉਂ ਆਈਂ ਏਂ ?"

"ਮੇਰੇ ਪਿਓ ਨੇ ਭੇਜਿਐ," ਸਭ ਤੋਂ ਛੋਟੀ ਧੀ ਨੇ ਜਵਾਬ ਦਿਤਾ।

"ਕਿਉਂ ਭੇਜਿਆ ਸੂ ?"

"ਝੱਖੜ ਬੰਦ ਕਰਨ ਲਈ ਤੈਨੂੰ ਮਿੰਨਤ ਕਰਨ ਵਾਸਤੇ, ਇਸ ਲਈ ਕਿ ਜੇ ਤੂੰ ਝੱਖੜ ਬੰਦ ਨਾ ਕੀਤਾ, ਸਾਡੇ ਸਾਰੇ ਲੋਕੀ ਮਰ ਜਾਣਗੇ।"

"ਓਥੇ ਕਿਉਂ ਬੈਠੀ ਹੋਈ ਏਂ ? ਅਗ ਕਿਉਂ ਨਹੀਂ ਬਾਲਦੀ ਤੇ ਕੁਝ ਮਾਸ ਕਿਉਂ ਨਹੀਂ ਚਾੜ੍ਹਦੀ ?" ਕੋਤੂਰੇ ਨੇ ਆਖਿਆ। "ਮੈਨੂੰ ਭੁਖ ਲਗੀ ਹੋਈ ਏ, ਤੇ ਭੁਖ ਤੈਨੂੰ ਵੀ ਲਗੀ ਹੋਈ ਹੋਣੀ ਏਂ, ਮੈਂ ਵੇਖਿਐ, ਜਦੋਂ ਦੀ ਤੂੰ ਆਈ ਏਂ, ਤੂੰ ਖਾਧਾ ਕੁਝ ਨਹੀਂ।"

ਸਭ ਤੋਂ ਛੋਟੀ ਧੀ ਨੇ ਛੇਤੀ-ਛੇਤੀ ਮਾਸ ਚਾੜ੍ਹਿਆ, ਉਹਨੂੰ ਭਾਂਡੇ ਵਿਚੋਂ ਕਢਿਆ ਤੇ ਕੋਤੂਰੇ ਨੂੰ ਦਿਤਾ, ਤੇ ਕੋਤੂਰੇ ਨੇ ਕੁਝ ਕੁ ਖਾਧਾ ਤੇ ਫੇਰ ਉਹਨੂੰ ਆਖਿਆ ਕਿ ਉਹ ਅੱਧਾ ਮਾਸ ਗਵਾਂਢ ਵਾਲੇ 'ਚੂਮ' ਲੈ ਜਾਵੇ।

ਸਭ ਤੋਂ ਛੋਟੀ ਧੀ ਨੇ ਮਾਸ ਦੀ ਤਸ਼ਤਰੀ ਫੜੀ ਤੇ ਬਾਹਰ ਚਲੀ ਗਈ। ਹਵਾ ਉਚੀ-ਉਚੀ ਗੜ੍ਹਕ ਰਹੀ ਸੀ, ਬਰਫ ਚੱਕਰਾ ਤੇ ਘੂਕਰ ਖਾ ਰਹੀ ਸੀ। ਉਹਨੇ ਕਿੱਧਰ ਜਾਣਾ ਸੀ ? ਗਵਾਂਢੀਆਂ ਦਾ 'ਚੂਮ' ਕਿਥੇ ਲੱਭਣਾ ਸੀ ? ਉਹ ਕੁਝ ਚਿਰ ਖਲੋ ਗਈ, ਸੋਚਣ ਲਗੀ, ਤੇ ਫੇਰ ਉਹ ਝੱਖੜ ਵਿਚ ਚਲ ਪਈ, ਉਹਨੂੰ ਆਪ ਵੀ ਨਹੀਂ ਸੀ ਸੁਝ ਰਿਹਾ, ਉਹ ਕਿੱਧਰ ਜਾ ਰਹੀ ਸੀ।

ਚਾਣਚਕ ਹੀ ਉਹਦੇ ਸਾਹਮਣੇ ਉਹੀਓ ਛੋਟਾ ਜਿਹਾ ਪੰਛੀ ਆ ਨਿਕਲਿਆ, ਜਿਹੜਾ ਪਹਾੜ ਉਤੇ ਉਹਦੇ ਕੋਲ ਉਡਦਾ ਆਇਆ ਸੀ। ਹੁਣ ਉਹ ਉਹਦੇ ਮੂੰਹ ਦੇ ਕੋਲ ਤੇਜ਼-ਤੇਜ਼ ਉੱਡਣ ਲਗਾ, ਸਭ ਤੋਂ ਛੋਟੀ ਧੀ ਨੇ ਪੰਛੀ ਦੇ ਮਗਰ-ਮਗਰ ਜਾਣ ਦਾ ਮਤਾ ਪਕਾਇਆ। ਪੰਛੀ ਜਿਸ ਪਾਸੇ ਵੀ ਗਿਆ, ਉਹ ਉਸੇ ਪਾਸੇ ਹੀ ਟੁਰਦੀ ਗਈ। ਉਹ ਅਗੇ ਹੀ ਅਗੇ ਚਲਦੀ ਗਈ, ਤੇ ਅਖ਼ੀਰ, ਕੁਝ ਦੂਰ, ਇਕ ਪਾਸੇ ਕਰਕੇ, ਉਹਨੂੰ ਦਿਸਿਆ, ਜੁ ਕਿਸੇ ਲਾਟ ਦਾ ਲਿਸ਼ਕਾਰਾ ਲਗਦਾ ਸੀ। ਸਭ ਤੋਂ ਛੋਟੀ ਧੀ ਦੀ ਖ਼ੁਸ਼ੀ ਦੀ ਹਦ ਨਾ ਰਹੀ, ਤੇ ਉਹ ਇਹ ਸੋਚਦੀ ਕਿ 'ਚੂਮ' ਓਥੇ ਹੋਵੇਗਾ, ਉਸ ਪਾਸੇ ਹੋ ਪਈ। ਪਰ ਜਦੋਂ ਉਹ ਨੇੜੇ ਪੁੱਜੀ, ਉਹਨੇ ਵੇਖਿਆ ਕਿ ਜਿਸ ਚੀਜ਼ ਨੂੰ ਉਹਨੇ 'ਚੂਮ' ਸਮਝਿਆ ਸੀ, ਇਕ ਵਡਾ ਸਾਰਾ ਟਿੱਲਾ ਸੀ, ਜਿਹਦੇ ਵਿਚੋਂ ਧੂੰਆ ਕੁੰਡਲ ਖਾਂਦਾ ਉਪਰ ਆ ਰਿਹਾ ਸੀ। ਸਭ ਤੋਂ ਛੋਟੀ ਧੀ ਟਿੱਲੇ ਦੇ ਆਲੇ-ਦੁਆਲੇ ਫਿਰੀ ਤੇ ਉਹਨੇ ਉਹਨੂੰ ਆਪਣਾ ਪੈਰ ਚੋਭਿਆ, ਤੇ ਚਾਣਚਕ ਹੀ ਉਹਦੇ ਸਾਹਮਣੇ ਇਕ ਬੂਹਾ ਖੁਲ੍ਹ ਗਿਆ। ਇਕ ਧੌਲੇ ਸਿਰ ਵਾਲੀ ਬੁੱਢੀ ਨੇ ਬੂਹੇ ਵਿਚੋਂ ਬਾਹਰ ਤਕਿਆ ਤੇ ਬੋਲੀ:

"ਕੌਣ ਏਂ ਤੂੰ ? ਕੀ ਕਰਨ ਆਈਂ ਏਂ ?"


"ਮੈਂ, ਬੇਬੇ, ਤੇਰੇ ਲਈ ਕੁਝ ਮਾਸ ਲਿਆਂਦੈ," ਸਭ ਤੋਂ ਛੋਟੀ ਧੀ ਨੇ ਜਵਾਬ ਦਿਤਾ। "ਕੋਤੂਰੇ ਮੈਨੂੰ ਆਖਿਆ ਸੀ, ਤੈਨੂੰ ਦੇ ਆਵਾਂ।"

"ਕੋਤੂਰਾ, ਕਿਹਾ ਸਾਈ ? ਹੱਛਾ, ਤਾਂ ਮੈਂ ਲੈ ਲੈਣੀ ਹਾਂ। ਤੇ ਤੂੰ ਏਥੇ, ਬਾਹਰ, ਉਡੀਕੀਂ।"

ਸਭ ਤੋਂ ਛੋਟੀ ਧੀ ਟਿੱਲੇ ਕੋਲ ਖਲੋ ਗਈ ਤੇ ਉਡੀਕਣ ਲਗੀ। ਉਹ ਕਿੰਨਾ ਹੀ ਚਿਰ ਉਡੀਕਦੀ ਰਹੀ। ਅਖ਼ੀਰ, ਦਰਵਾਜ਼ਾ ਫੇਰ ਖੁਲ੍ਹਿਆ, ਤੇ ਬੁੱਢੀ ਨੇ ਬਾਹਰ ਵੇਖਿਆ ਤੇ ਲਕੜੀ ਦੀ ਤਸ਼ਤਰੀ ਉਹਦੇ ਹਥ ਫੜਾ ਦਿਤੀ। ਤਸ਼ਤਰੀ ਵਿਚ ਕੁਝ ਢੇਰ ਕੀਤਾ ਹੋਇਆ ਸੀ, ਪਰ ਕੁੜੀ ਨੂੰ ਪਤਾ ਨਾ ਲਗਾ, ਉਹ ਕੀ ਸੀ। ਉਹਨੇ ਤਸ਼ਤਰੀ ਲੈ ਲਈ ਤੇ ਉਹਨਾਂ ਲੈ ਵਾਪਸ ਕੋਤੂਰੇ ਕੋਲ ਆ ਗਈ।

# ਮੁਟਿਆਰ ਤੇ ਚੰਨ-ਮਨੁਖ

**ਚੁਕਚੀ ਪਰੀ-ਕਹਾਣੀ**



ਇਕ ਵਾਰੀ ਚੁਕਚੀਆਂ ਵਿਚ ਇਕ ਆਦਮੀ ਹੁੰਦਾ ਸੀ, ਜਿਹਦਾ ਸਿਰਫ਼ ਇਕੋ ਬੱਚਾ ਸੀ, ਇਕ ਧੀ। ਮੁਟਿਆਰ ਆਪਣੇ ਪਿਓ ਦੀ ਸਭ ਤੋਂ ਚੰਗੀ ਸਹਾਇਕ ਸੀ। ਉਹ ਹਰ ਹੁਨਾਲਾ ਡੇਰੇ ਤੋਂ ਬਹੁਤ ਦੂਰ ਗੁਜ਼ਾਰਦੀ, ਆਪਣੇ ਪਿਓ ਦੇ ਹਿਰਨਾਂ ਦੇ ਇੱਜੜ ਦੀ ਸੰਭਾਲ ਕਰਦੀ, ਤੇ ਹਰ ਸਿਆਲੇ ਉਹ ਇੱਜੜ ਨੂੰ ਹੋਰ ਵੀ ਅਗੇ ਲੈ ਜਾਂਦੀ। ਸਿਰਫ਼ ਕਦੀ-ਕਦਾਈਂ ਹੀ ਉਹ ਖਾਣ-ਪੀਣ ਦੀਆਂ ਚੀਜ਼ਾਂ ਲਈ ਆਪਣੇ ਹਿਰਨ ਉਤੇ ਡੇਰੇ ਨੂੰ ਆਉਂਦੀ।

ਇਕ ਰਾਤੀਂ, ਜਦੋਂ ਉਹ ਡੇਰੇ ਵਲ ਆ ਰਹੇ ਸਨ, ਹਿਰਨ ਨੇ ਆਪਣੇ ਸਿਰ ਚੁਕਿਆ ਤੇ ਉਪਰ ਅਸਮਾਨ ਵਲ ਵੇਖਿਆ।

"ਵੇਖੀਂ! ਵੇਖੀਂ!" ਉਹ ਕੂਕਿਆ।

ਮੁਟਿਆਰ ਨੇ ਉਪਰ ਧਿਆਨ ਕੀਤਾ ਤੇ ਉਹਨੇ ਵੇਖਿਆ ਚੰਨ-ਮਨੁਖ ਦੋ ਟੋਂਡੀਅਰਾਂ ਵਾਲੀ ਸਲੈਜ ਉਤੇ ਚੜ੍ਹਿਆ ਅਸਮਾਨ ਤੋਂ ਹੇਠਾਂ ਉਤਰ ਰਿਹਾ ਸੀ।

"ਕਿਥੇ ਤੇ ਕਿਸ ਕੰਮ ਜਾ ਰਿਹੈ?" ਮੁਟਿਆਰ ਨੇ ਪੁਛਿਆ।

"ਤੈਨੂੰ ਚੁਕ ਲੈ ਜਾਣਾ ਚਾਹੁੰਦੈ," ਹਿਰਨ ਨੇ ਜਵਾਬ ਦਿਤਾ।

ਮੁਟਿਆਰ ਬਹੁਤ ਡਰ ਗਈ।

"ਮੈਂ ਕਰਾਂ ਤੇ ਕੀ ਕਰਾਂ? ਮੈਨੂੰ ਸਚੀ ਮੁਚੀ ਈ ਨਾ ਚੁਕ ਕੇ ਲੈ ਜਾਏ!" ਉਹ ਕੂਕੀ।

ਇਕ ਲਫ਼ਜ਼ ਵੀ ਬੋਲੇ ਬਿਨਾਂ ਹਿਰਨ ਆਪਣੇ ਖੁਰ ਨਾਲ ਬਰਫ਼ ਕਰਾਹਲਣ ਲਗਾ ਤੇ ਅਖ਼ੀਰ ਉਹਨੇ ਇਕ ਮਘੋਰਾ ਬਣਾ ਲਿਆ।

"ਆ, ਇਸ ਮਘੋਰੇ 'ਚ ਵੜ ਜਾ, ਛੇਤੀ ਕਰ!" ਉਹ ਬੋਲਿਆ।

ਮੁਟਿਆਰ ਮਘੋਰੇ ਵਿਚ ਵੜ ਗਈ ਤੇ ਹਿਰਨ ਖੁਰਾਂ ਨਾਲ ਉਹਦੇ ਉਤੇ ਬਰਫ਼ ਸੁੱਟਣ ਲਗ ਪਿਆ। ਛੇਤੀ ਹੀ ਮੁਟਿਆਰ ਅਲੋਪ ਹੋ ਗਈ ਹੋਈ ਸੀ ਤੇ ਓਥੇ ਬਰਫ਼ ਦਾ ਇਕ ਟਿੱਬਾ ਰਹਿ ਗਿਆ ਸੀ, ਜਿਸ ਤੋਂ ਪਤਾ ਲਗਦਾ ਸੀ, ਉਹ ਪਹਿਲੋਂ ਕਿਹੜੀ ਥਾਂ ਸੀ।

ਚੰਨ-ਮਨੁਖ ਅਸਮਾਨ ਤੋਂ ਉਤਰ ਆਇਆ, ਉਹਨੇ ਆਪਣੇ ਰੇਂਡੀਅਰ ਖਲ੍ਹਾਰੇ ਤੇ ਸਲੈਜ ਵਿਚੋਂ ਨਿਕਲਿਆ। ਉਹ ਮੁਟਿਆਰ ਦੀ ਭਾਲ ਵਿਚ ਚੌਹਾਂ ਪਾਸੇ ਘੁੰਮਣ ਲਗਾ, ਆਪਣੇ ਚੁਗਿਰਦੇ ਵੇਖਣ ਲਗਾ। ਪਰ ਮੁਟਿਆਰ ਉਹਨੂੰ ਨਾ ਲੱਭੀ। ਏਥੋਂ ਤਕ ਕਿ ਉਹ ਟਿੱਬੇ ਤਕ ਵੀ ਗਿਆ ਤੇ ਉਹਨੇ ਉਹਦੀ ਟੀਸੀ ਵਲ ਤਕਿਆ, ਪਰ ਉਹਨੂੰ ਇਕ ਪਲ ਵੀ ਨਾ ਸੁਝਿਆ, ਉਹ ਕੀ ਸੀ।

"ਅਜੀਬ ਗਲ ਏ!" ਚੰਨ-ਮਨੁਖ ਨੇ ਆਖਿਆ। "ਮੁਟਿਆਰ ਕਿਥੇ ਜਾ ਸਕੀ ਹੋਏਗੀ? ਮੈਥੋਂ ਲੱਭੀ ਨਹੀਂ ਜਾ ਰਹੀ। ਮੇਰਾ ਖਿਆਲ ਏ, ਹੁਣ ਮੈਂ ਚਲਾ ਜਾਨਾਂ ਤੇ ਪਿਛੋਂ ਫੇਰ ਉਤਰ ਆਵਾਂਗਾ। ਓਦੋਂ ਉਹ ਮੈਨੂੰ ਜ਼ਰੂਰ ਲਭ ਪਵੇਗੀ ਤੇ ਨਾਲ ਲੈ ਜਾਂਗਾ ਉਹਨੂੰ।"

ਇਹ ਕਹਿ, ਉਹ ਆਪਣੀ ਸਲੈਜ ਵਿਚ ਬਹਿ ਗਿਆ, ਤੇ ਉਹਦੇ ਰੇਂਡੀਅਰ ਉਹਨੂੰ ਅਸਮਾਨ ਵਿਚ ਲੈ ਗਏ।

ਉਹ ਅਜੇ ਗਿਆ ਹੀ ਸੀ ਕਿ ਹਿਰਨ ਨੇ ਬਰਫ਼ ਨੂੰ ਖੁਰਚ ਪਰ੍ਹਾਂ ਸੁਟ ਦਿਤਾ, ਤੇ ਕੁੜੀ ਮਘੋਰੇ ਵਿਚੋਂ ਨਿਕਲ ਆਈ।

"ਚਲ ਛੇਤੀ-ਛੇਤੀ ਡੇਰੇ ਨੂੰ ਚਲੀਏ!" ਉਹ ਕਹਿਣ ਲਗੀ। "ਨਹੀਂ ਤਾਂ ਚੰਨ-ਮਨੁਖ ਮੈਨੂੰ ਵੇਖ ਲਵੇਗਾ ਤੇ ਫੇਰ ਹੇਠਾਂ ਆ ਜਾਵੇਗਾ। ਮੈਂ ਉਹਦੇ ਤੋਂ ਦੂਜੀ ਵਾਰ ਨਹੀਂ ਲੁਕ ਸਕਣ ਲਗੀ।"

ਉਹ ਆਪਣੀ ਸਲੈਜ ਵਿਚ ਬਹਿ ਗਈ ਤੇ ਹਿਰਨ ਉਹਨੂੰ ਬਿਜਲੀ ਦੀ ਤੇਜ਼ੀ ਨਾਲ ਉਡਾ ਕੇ ਲੈ ਗਿਆ। ਉਹ ਛੇਤੀ ਹੀ ਡੇਰੇ ਪਹੁੰਚ ਪਏ, ਤੇ ਕੁੜੀ ਆਪਣੇ ਪਿਓ ਦੇ 'ਚੂਮ' ਅੰਦਰ ਭਜ ਗਈ। ਪਰ ਉਹਦਾ ਪਿਓ ਬਾਹਰ ਗਿਆ ਹੋਇਆ ਸੀ। ਹੁਣ ਉਹਦੀ ਕੌਣ ਮਦਦ ਕਰਦਾ? ਹਿਰਨ ਕਹਿਣ ਲਗਾ:

"ਤੈਨੂੰ ਲੁਕ ਜਾਣਾ ਚਾਹੀਦੈ, ਚੰਨ-ਮਨੁਖ ਸਾਡੇ ਪਿਛੇ ਆ ਰਿਹਾ ਹੋਣੈਂ।"

"ਮੈਂ ਕਿਥੇ ਲੁੱਕਾਂ?" ਮੁਟਿਆਰ ਨੇ ਪੁਛਿਆ।

"ਮੈਂ ਤੈਨੂੰ ਕੁਝ ਬਣਾ ਦੇਨਾਂ — ਸ਼ਾਇਦ, ਇਕ ਪੱਥਰ," ਹਿਰਨ ਨੇ ਆਖਿਆ।

"ਨਹੀਂ, ਇਹ ਠੀਕ ਨਹੀਂ ਰਹਿਣ ਲਗਾ, ਉਹ ਮੈਨੂੰ ਲਭ ਲਵੇਗਾ।"

"ਹਥੌੜਾ।"

"ਇਹ ਵੀ ਠੀਕ ਨਹੀਂ ਰਹਿਣ ਲਗਾ।"

"ਬਾਂਸ।"

"ਨਹੀਂ"

"ਬੂਹੇ 'ਤੇ ਲਮਕਦੀ ਖਲ ਦਾ ਵਾਲ।"

"ਨਹੀਂ, ਨਹੀਂ।"

"ਫੇਰ ਕੀ? ਅੱਛਾ, ਮੈਂ ਤੈਨੂੰ ਦੀਵਾ ਬਣਾ ਦੇਨਾਂ।"

"ਠੀਕ ਏ।"

"ਚੰਗਾ, ਸੁੰਗੜ ਬਹਿ।"

ਮੁਟਿਆਰ ਸੁੰਗੜ ਗਈ। ਹਿਰਨ ਨੇ ਜ਼ਮੀਨ ਉਤੇ ਖੁਰ ਮਾਰਿਆ ਤੇ ਮੁਟਿਆਰ ਦੀਵਾ ਬਣ ਗਈ। ਉਹ ਏਨਾ ਤੇਜ਼ ਬਲ ਰਿਹਾ ਸੀ ਕਿ ਸਾਰੇ 'ਚੂਮ' ਵਿਚ ਰੌਸ਼ਨੀ ਹੋ ਗਈ ਸੀ।

ਏਧਰ ਚੰਨ-ਮਨੁਖ ਮੁਟਿਆਰ ਨੂੰ ਉਹਦੇ ਹਿਰਨਾਂ ਵਿਚੋਂ ਢੂੰਡਦਾ ਰਿਹਾ ਸੀ, ਤੇ ਹੁਣ ਉਹ ਡਾਢੀ ਤੇਜ਼ ਰਫ਼ਤਾਰ ਨਾਲ ਡੇਰੇ ਵਲ ਆ ਨਿਕਲਿਆ ਸੀ।

ਉਹਨੇ ਆਪਣੇ ਰੇਂਡੀਅਰਾਂ ਨੂੰ ਕਿੱਲੇ ਨਾਲ ਬੰਨ੍ਹ ਦਿਤਾ, 'ਚੂਮ' ਅੰਦਰ ਵੜ ਆਇਆ ਤੇ ਮੁਟਿਆਰ ਨੂੰ ਫੇਰ ਲੱਭਣ ਲਗ ਪਿਆ। ਉਹਨੇ ਹਰ ਥਾਂ ਵੇਖਿਆ, ਪਰ ਉਹ ਉਹਨੂੰ ਨਾ ਲੱਭੀ। ਉਹਨੇ ਉਹਨਾਂ ਬਾਂਸਾਂ ਵਿਚਾਲੇ ਵੇਖਿਆ, ਜਿਨ੍ਹਾਂ ਸਹਾਰੇ 'ਚੂਮ' ਦੀ ਛਤ ਖੜੀ ਸੀ, ਉਹਨੇ ਹਰ ਭਾਂਡੇ, ਖੱਲਾਂ ਦੇ ਹਰ ਵਾਲ, ਮੰਜਿਆਂ ਹੇਠ ਪਈ ਹਰ ਡਾਹਣੀ, ਫ਼ਰਸ਼ ਉਤੇ ਪਏ ਮਿਟੀ ਦੇ ਹਰ ਢੇਲੇ, ਦਾ ਮੁਆਇਨਾ ਕੀਤਾ, ਪਰ ਮੁਟਿਆਰ ਕਿਤੋਂ ਨਾ ਲੱਭੀ।

ਤੇ ਦੀਵਾ ਉਹਨੇ ਗੌਲਿਆ ਹੀ ਨਾ, ਭਾਵੇਂ ਉਹ ਤੇਜ਼-ਤੇਜ਼ ਚਮਕ ਰਿਹਾ ਸੀ। ਚੰਨ-ਮਨੁਖ ਆਪ ਵੀ ਓਨਾ ਹੀ ਚਮਕੀਲਾ ਸੀ।

"ਅਜੀਬ ਗਲ ਏ," ਚੰਨ-ਮਨੁਖ ਨੇ ਆਖਿਆ। "ਕਿਥੇ ਚਲੀ ਗਈ ਹੋਵੇਗੀ? ਮੈਨੂੰ ਵਾਪਸ ਅਸਮਾਨੇ ਜਾਣਾ ਪਵੇਗਾ।"

ਉਹ 'ਚੂਮ' ਵਿਚੋਂ ਬਾਹਰ ਨਿਕਲ ਗਿਆ ਤੇ ਰੇਂਡੀਅਰਾਂ ਨੂੰ ਖੋਲ੍ਹਣ ਲਗ ਪਿਆ। ਉਹ ਆਪਣੀ ਸਲੈਜ ਵਿਚ ਬਹਿ ਗਿਆ ਹੋਇਆ ਸੀ ਤੇ ਚੱਲਣ ਹੀ ਵਾਲਾ ਸੀ ਕਿ ਮੁਟਿਆਰ ਬੂਹੇ ਉਤੇ ਲਗੀ ਖਲ ਦੇ ਪਲਤੇ ਕੋਲ ਭੱਜੀ-ਭੱਜੀ ਆਈ। ਆਪਣੇ ਲਕ ਤਕ ਬਾਹਰ ਉੜ, ਉਹਨੇ ਉਚੀ ਸਾਰੀ ਖ਼ੁਸ਼ੀ ਦਾ ਹਾਸਾ ਛਣਕਾਇਆ।

"ਏਥੇ ਵਾਂ ਮੈਂ! ਏਥੇ ਵਾਂ ਮੈਂ!" ਉਹਨੇ ਚੰਨ-ਮਨੁਖ ਨੂੰ ਆਵਾਜ਼ ਦਿਤੀ।

ਚੰਨ-ਮਨੁਖ ਨੇ ਆਪਣੇ ਰੇਂਡੀਅਰਾਂ ਨੂੰ ਛਡ ਦਿਤਾ ਤੇ 'ਚੂਮ' ਅੰਦਰ ਵਲ ਨੂੰ ਭਜਿਆ। ਪਰ ਮੁਟਿਆਰ ਫੇਰ ਦੀਵਾ ਬਣ ਗਈ ਹੋਈ ਸੀ।

ਚੰਨ-ਮਨੁਖ ਉਹਨੂੰ ਲੱਭਣ ਲਗ ਪਿਆ। ਉਹਨੇ ਹਰ ਡਾਹਣੀ ਤੇ ਹਰ ਪੱਤਾ, ਖੱਲਾਂ ਦਾ ਹਰ ਵਾਲ ਤੇ ਮਿੱਟੀ ਦਾ ਹਰ ਢੇਲਾ ਵੇਖਿਆ-ਚਾਖਿਆ, ਪਰ ਮੁਟਿਆਰ ਉਹਨੂੰ ਨਾ ਲਭ ਸਕੀ।

ਕਿੱਡੀ ਅਜੀਬ ਗਲ ਸੀ? ਉਹ ਹੋ ਕਿਥੇ ਸਕਦੀ ਸੀ? ਉਹ ਅਲੋਪ ਕਿਥੇ ਹੋ ਗਈ ਸੀ? ਇੰਜ ਜਾਪ ਰਿਹਾ ਸੀ ਕਿ ਉਹਨੂੰ ਉਹਦੇ ਬਿਨਾਂ ਹੀ ਵਾਪਸ ਪਰਤਣਾ ਪੈਣਾ ਸੀ।

ਪਰ ਉਹ ਅਜੇ 'ਚੂਮ' ਵਿਚੋਂ ਨਿਕਲਿਆ ਹੀ ਸੀ ਤੇ ਰੇਂਡੀਅਰਾਂ ਨੂੰ ਖੋਲ੍ਹਣ ਹੀ ਲਗਾ ਸੀ ਕਿ ਮੁਟਿਆਰ ਪਲਤੇ ਥਲਿਉਂ ਬਾਹਰ ਵਲ ਨੂੰ ਉੜੀ।

"ਏਥੇ ਵਾਂ ਮੈਂ! ਏਥੇ ਵਾਂ ਮੈਂ!" ਉਹਨੇ ਹਾਸਾ ਹਸਦਿਆਂ ਆਵਾਜ਼ ਦਿਤੀ।

ਚੰਨ-ਮਨੁਖ 'ਚੂਮ' ਅੰਦਰ ਭਜਿਆ ਤੇ ਉਹਨੂੰ ਵੇਰ ਲੱਭਣ ਲਗ ਪਿਆ। ਉਹ ਕਿੰਨਾ ਹੀ ਚਿਰ ਲਭਦਾ ਰਿਹਾ, ਉਹਨੇ ਹਰ ਚੀਜ਼ ਫਰੋਲ ਮਾਰੀ, ਤੇ ਹਰ ਚੀਜ਼ ਉਲਟਾ-ਉਲਟਾ ਵੇਖੀ, ਪਸ ਲਭ ਉਹ ਉਹਨੂੰ ਨਾ ਸਕਿਆ।

ਉਹ ਲਭਦਾ-ਲਭਦਾ ਏਨਾ ਥਕ ਗਿਆ ਕਿ ਉਹ ਪਤਲਾ ਤੇ ਨਿਤਾਣਾ ਹੋ ਗਿਆ। ਉਹਦੇ ਕੋਲ ਆਪਣੀਆਂ ਲੱਤਾਂ ਹੀ ਨਹੀਂ ਸਨ ਹਿਲਾਈਆਂ ਜਾ ਰਹੀਆਂ ਤੇ ਬਾਹਵਾਂ ਹੀ ਨਹੀਂ ਸਨ ਚੁਕੀਆਂ ਜਾ ਰਹੀਆਂ।

ਮੁਟਿਆਰ ਨੂੰ ਹੁਣ ਉਹਦਾ ਡਰ ਨਹੀਂ ਸੀ ਰਿਹਾ। ਉਹਨੇ ਆਪਣਾ ਠੀਕ ਰੂਪ ਧਾਰ ਲਿਆ, ਛਾਲਾਂ ਮਾਰਦੀ 'ਚੂਮ' ਵਿਚੋਂ ਨਿਕਲੀ, ਚੰਨ-ਮਨੁਖ ਨੂੰ ਉਹਨੇ ਪਿਠ ਭਰਨੇ ਸੁਟ ਲਿਆ ਤੇ ਰੱਸੀ ਨਾਲ ਉਹਦੇ ਹਥ ਪੈਰ ਬੰਨ ਦਿਤੇ।

'ਉਫ਼!" ਚੰਨ-ਮਨੁਖ ਕਰਾਹਿਆ। "ਮੈਨੂੰ ਪਤੈ, ਤੂੰ ਮੈਨੂੰ ਮਾਰ ਦੇਣੈਂ! ਤਾਂ ਫੇਰ ਮਾਰ ਦੇ ਮੈਨੂੰ! ਠੀਕ

ਏ, ਮੈਂ ਹੈ ਈ ਇਸ ਕਾਬਲ ਹਾਂ, ਸਾਰਾ ਮੇਰਾ ਆਪਣਾ ਕਸੂਰ ਏ। ਮੈਂ ਤੈਨੂੰ ਧਰਤੀ ਤੋਂ ਚੁਕ ਲਿਜਾਣਾ ਚਾਹੁੰਦਾ ਸਾਂ। ਪਰ ਇਸ ਤੋਂ ਪਹਿਲਾਂ ਕਿ ਮੈਂ ਮਰਾਂ, ਮੇਰੇ ਉਤੇ ਖੱਲਾਂ ਪਾ ਦੇ, ਤੇ ਮੈਨੂੰ ਨਿੱਘਾ ਹੋ ਲੈਣ ਦੇ, ਮੈਨੂੰ ਡਾਢੀ ਠੰਡ ਲਗ ਰਹੀ ਏ..."

ਮੁਟਿਆਰ ਦੀ ਹੈਰਾਨੀ ਦੀ ਹਦ ਨਾ ਰਹੀ।

"ਤੈਨੂੰ—ਠੰਡ ਲਗ ਰਹੀ ਏ?" ਉਹ ਕਹਿਣ ਲਗੀ। "ਕਿਉਂ ਭਲਾ, ਤੂੰ ਬਾਹਰ ਖੁਲ੍ਹ 'ਚ ਰਹਿਣੈਂ, ਤੇਰਾ ਘਰ ਕੋਈ ਨਹੀਂ, ਤੇਰਾ 'ਚੂਮ' ਕੋਈ ਨਹੀਂ, ਤੂੰ ਖੁਲ੍ਹਾਂ ਦਾ ਰਹਿਣ ਵਾਲੈਂ, ਤੇ ਤੈਨੂੰ ਰਹਿਣਾ ਵੀ ਓਥੇ ਈ ਚਾਹੀਦੈ। ਤੈਨੂੰ ਮੇਰੀਆਂ ਖੱਲਾਂ ਦੀ ਕੀ ਲੋੜ ਏ!"

ਫੇਰ ਚੰਨ-ਮਨੁਖ ਮੁਟਿਆਰ ਦੀਆਂ ਮਿੰਨਤਾਂ ਕਰਨ ਲਗ ਪਿਆ, ਤੇ ਉਹ ਉਹਦੇ ਨਾਲ ਇਸ ਤਰ੍ਹਾਂ ਬੋਲਿਆ:

"ਇਸ ਲਈ ਕਿ ਮੇਰਾ ਘਰ–ਘਾਟ ਕੋਈ ਨਹੀਂ, ਤੇ ਕਦੀ ਮੇਰਾ ਹੋਣਾ ਵੀ ਨਹੀਂ, ਮੈਨੂੰ ਅਸਮਾਨੀਂ ਫਿਰਨ ਲਈ ਛਡ ਦੇ। ਮੈਂ ਕੋਈ ਚੀਜ਼ ਹੋਵਾਂਗਾ, ਜਿਹਨੂੰ, ਤੇਰੇ ਲੋਕ ਵੇਖਿਆ ਕਰਨਗੇ, ਕੋਈ ਚੀਜ਼, ਜਿਹੜੀ ਉਹਨਾਂ ਨੂੰ ਖ਼ੁਸ਼ੀ ਦਿਆ ਕਰੇਗੀ। ਮੈਨੂੰ ਛਡ ਦੇ ਤੇ ਮੈਂ ਤੇਰੇ ਲੋਕਾਂ ਲਈ ਚਾਨਣ–ਮੁਨਾਰਾ ਬਣਾਂਗਾ ਤੇ ਤੂੰਦਰਾ ਦੇ ਆਰ–ਪਾਰ ਉਹਨਾਂ ਨੂੰ ਰਾਹ ਵਿਖਾਵਾਂਗਾ। ਮੈਨੂੰ ਛਡ ਦੇ, ਤੇ ਮੈਂ ਰਾਤ ਨੂੰ ਦਿਨ ਬਣਾ ਦਿਆਂਗਾ! ਮੈਨੂੰ ਛਡ ਦੇ, ਤੇ ਮੈਂ ਤੇਰੇ ਲੋਕਾਂ ਲਈ ਸਾਲ ਮਾਪਿਆ ਕਰਾਂਗਾ। ਪਹਿਲੋਂ ਮੈਂ ਬੁੱਢੇ ਢੱਗੇ ਵਾਲਾ ਚੰਨ ਹੋਵਾਂਗਾ, ਫੇਰ ਵਛੇਰਿਆਂ ਦੇ ਸੂਣ ਵਾਲਾ ਚੰਨ ਹੋਵਾਂਗਾ, ਫੇਰ ਪਾਣੀਆਂ ਵਾਲਾ ਚੰਨ, ਫੇਰ ਪਤਿਆਂ ਵਾਲਾ ਚੰਨ, ਫੇਰ ਨਿਘ ਵਾਲਾ ਚੰਨ, ਤੇ ਫੇਰ ਹਿਰਨ-ਸਿੰਙਾਂ ਦੇ ਝੜਨ ਵਾਲਾ ਚੰਨ ਤੇ ਫੇਰ ਜੰਗਲੀ ਹਿਰਨਾਂ ਵਿਚ ਪਿਆਰ ਵਾਲਾ ਚੰਨ, ਫੇਰ ਪਹਿਲੇ ਸਿਆਲ ਵਾਲਾ ਚੰਨ, ਤੇ ਫੇਰ ਛੋਟੇ ਹੋ ਰਹੇ ਦਿਨਾਂ ਵਾਲਾ ਚੰਨ।"

"ਤੇ ਜੇ ਤੈਨੂੰ ਮੈਂ ਛਡ ਦਿਆਂ ਤੇ ਤੂੰ ਫੇਰ ਤਕੜਾ ਹੋ ਜਾਏਂ ਤੇ ਤੇਰੇ ਹੱਥਾਂ ਤੇ ਪੈਰਾਂ 'ਚ ਜ਼ੋਰ ਆ ਜਾਏ —ਤੂੰ ਮੈਨੂੰ ਚੁਕ ਲਿਜਾਣ ਲਈ ਅਸਮਾਨ ਤੋਂ ਹੇਠਾਂ ਨਹੀਂ ਆਏਂਗਾ?"

"ਨਹੀਂ, ਨਹੀਂ, ਕਦੀ ਵੀ ਨਹੀਂ। ਮੈਂ ਤੇਰੇ ਵਲ ਦਾ ਰਾਹ ਤਕ ਵੀ ਭੁਲਾ ਦੇਣ ਦੀ ਕੋਸ਼ਿਸ਼ ਕਰਾਂਗਾ। ਤੂੰ ਮੇਰੇ ਤੋਂ ਬਹੁਤ ਈ ਹੁਸ਼ਿਆਰ ਏ। ਮ ਫੇਰ ਅਸਮਾਨ ਤੋਂ ਕਦੀ ਵੀ ਨਹੀਂ ਉਤਰਨ ਲਗਾ। ਤੂੰ ਮੈਨੂੰ ਛਡ ਦੇ ਸਹੀ, ਤੇ ਮੈਂ ਧਰਤੀ ਤੇ ਅਸਮਾਨ ਨੂੰ ਰੁਸ਼ਨਾ ਦਿਆਂਗਾ!"

ਤੇ ਮੁਟਿਆਰ ਨੇ ਚੰਨ-ਮਨੁਖ ਨੂੰ ਛਡ ਦਿਤਾ ਤੇ ਉਹ ਉਪਰ ਅਸਮਾਨ ਵਿਚ ਚੜ੍ਹ ਗਿਆ ਤੇ ਉਹਨੇ ਧਰਤੀ ਉਤੇ ਰੌਸ਼ਨੀ ਦਾ ਹੜ੍ਹ ਲੈ ਆਂਦਾ।

## ਪਾਠਕ ਨੂੰ

ਜੇ ਤੁਸੀਂ ਸਾਨੂੰ ਲਿਖੋ ਤੇ ਦੱਸੋ, ਇਸ ਕਿਤਾਬ ਬਾਰੇ ਤੁਹਾਡਾ ਕੀ ਖਿਆਲ ਹੈ, ਕਿਤਾਬ ਦਾ ਅਨੁਵਾਦ, ਡੀਜ਼ਾਈਨ ਤੇ ਛਪਾਈ ਤੁਹਾਨੂੰ ਕਿਹੋ ਜਿਹੀ ਲਗੀ ਹੈ, ਤਾਂ ਅਸੀਂ ਤੁਹਾਡੇ ਬਹੁਤ ਹੀ ਸ਼ੁਕਰਗੁਜ਼ਾਰ ਹੋਵਾਂਗੇ। ਆਪਣੀਆਂ ਅੱਗੋਂ ਜਾ ਕੇ ਛਾਪੀਆਂ ਜਾਣ ਵਾਲੀਆਂ ਕਿਤਾਬਾਂ ਬਾਰੇ ਤੁਹਾਡੇ ਸੁਝਾਵਾਂ ਦਾ ਵੀ ਅਸੀਂ ਸੁਆਗਤ ਕਰਾਂਗੇ। ਸਾਡਾ ਪਤਾ ਹੈ:

ਪ੍ਰਗਤੀ ਪ੍ਰਕਾਸ਼ਨ,
੨੧, ਜ਼ੂਬੋਵਸਕੀ ਬੁਲੇਵਾਰਦ,
ਮਾਸਕੋ, ਸੋਵੀਅਤ ਯੂਨੀਅਨ